| 10. | Hissar | ... | 4 |
| 11. | Rohtak | .. | 3 |

| | | | |
|---|---|---|---|
| 12. | Hoshiarpur | ... | 11 |
| 13. | Gurdaspur | ... | 3 |
| 14. | Lahaul and Spiti | ... | 3 |
| | Total | | 60 |

## QUESTION OF PRIVILEGE

**Mr. Speaker :** There is a privilege motion by Shri Om Parkash Agnihotri. He may please read it out.

**Shri Om Parkash Agnihotri :** I have not got a copy of it.

**Mr. Speaker :** Then it reads—

> "According to the standing order of the Government, officers of certain categories i. e. upto Deputy Secretary are entitled to stay at the Circuit House at Simla. But when the Members of the Assembly are on duty i. e. when they go there to attend a meeting, they are not permitted to stay there. This action of the Government by not permitting the members of the Assembly to stay in the Circuit House has adversely affected the superior position and prestige of the legislators. With a view to restore the Privilege of the Members, I move this motion".

This motion is kept pending. I would like the Minister for Parliamentary Affairs to discuss the matter with me. After that I will give my ruling.

## ADJOURNMENT MOTIONS/CALL ATTENTION NOTICES

**श्री अध्यक्ष :** मेरे पास कुछ एडजर्नमैंट मोशन्ज और काल एटैंशन मोशन्ज आई हैं। आप सब जानते हैं कि आज गवर्नर के अड्रैस पर बहस शुरू होगी और इस पर बहस 4 दिन चलेगी। इस के बाद बजट पर डिस्कश्न 5, 6 दिन चलेगी । इस के बाद डिमांडज़ पर डिस्कशन होगी । इस तरह से तीन स्टेजिज पर डिस्कशन होगी। माननीय सदस्यों को अपने प्वायंटस् रेज़ करने के लिये 13, 15 दिन मिलेंगे और उस वक्त यह सब चीजें अपनी स्पीच में रैफर कर सकते हैं। इस लिये इस बिना पर एडजर्नमैण्ट मोशन्ज और काल एटैंशन मोशन्ज इस स्टेज पर डिसअलाओ की हैं। लेकिन एक चीज़ और वाज़ह कर देना चाहता हूं कि अगर डिस्कशन के दौरान माननीय सदस्यो ने जो प्वायंटस रेज़ किये और उन का जवाब गवर्नमेंट न दिया तो इन हालात में अगर माननीय सदस्य उस चीज के बारे में कोई मोशन चाहे, काल एटेंशन मोशन हो, या दूसरी कोई मोशन हो, देगा तो उस की इजाज़त दे दूंगा ।

(I have received a number of notices of Call Attention and adjournment motions. As the hon. Members are aware today, the discussion on Governor's Address will commence and will continue for four days. After that the Budget Estimates for 1966-67 will remain under discussion for five or six days. This will be followed by discussion on Demands for Grants. The hon. Members would, therefore, get 13 to 15 days for raising these points. They can refer these matters during the course of their speeches,

[Mr. Speaker]

So on this ground these adjournment and Call attention motions are disallowed at this stage. But I would like to make one thing clear and that is that if such matters even when brought to the notice of the Government during the discussions, were not adequately answered then in that case, if an hon. Member would give a notice of an adjournment or a call attention motion on that subject, I would duly consider it and allow it.)

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਆਪ ਨੇ ਅਜ ਅਖਬਾਰ ਵਿਚ ਪੜ੍ਹਿਆ ਹੋਵੇਗਾ ਕਿ ਲੋਕ ਸਭਾ ਦੇ ਸਪੀਕਰ ਸਾਹਿਬ ਨੇ ਕੇਰਲ ਦੀ ਫੂਡ ਕਰਾਇਸਿਜ਼ ਦੇ ਬਾਰੇ ਐਡਜਰਨਮੈਂਟ ਮੋਸ਼ਨ ਐਡਮਿਟ ਕਰ ਲਈ ਹੈ ਜਦੋਂ ਕਿ ਪਾਰਲੀਮੈਂਟ ਵਿਚ ਵੀ ਰਾਸ਼ਟਰਪਤੀ ਦੇ ਐਡਰੈਸ ਉਤੇ ਬਜਟ ਉਤੇ ਡਿਸਕਸ਼ਨ ਅਤੇ ਡਿਮਾਂਡਜ਼ ਉਤੇ ਵੀ ਡਿਸਕਸ਼ਨ ਹੋਈ ਹੈ। ਇਸ ਲਈ, ਜਿਹੜਾ ਤੁਸੀਂ ਰੂਲਿੰਗ ਦਿਤਾ ਹੈ, ਉਹ ਵਾਜਿਬ ਨਹੀਂ ਹੈ।

**Mr. Speaker :** Do not compare the situation here with that of Kerala.

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੇ 4, 5 ਮਨਿਸਟਰਾਂ ਨੇ ਮਰਹੂਮ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਮੈਮੋਰੀਅਲ ਲਈ 50 ਹਜ਼ਾਰ ਰੁਪਿਆ ਆਪਣੇ ਡਿਸਕਰੀਸ਼ਨਰੀ ਫੰਡ ਵਿਚੋਂ ਦਿਤਾ ਹੈ।

ਸਪੀਕਰ ਸਾਹਿਬ, ਮਰਹੂਮ ਚੀਫ ਮਨਿਸਟਰ ਦੇ ਅਗੇਂਸਟ ਰਾਸ਼ਟਰਪਤੀ ਨੇ ਇਕ ਕਮਿਸ਼ਨ appoint ਕੀਤਾ ਸੀ। ਉਸ ਨੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੂੰ ਦੋਸ਼ੀ ਠਹਿਰਾਇਆ ਸੀ, ਸਾਡੀ ਸਰਕਾਰ ਨੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੂੰ ਡਿਫੈਂਡ ਕਰਨ ਦੇ ਮੌਕੇ ਲੱਖਾਂ ਰੁਪਏ ਜ਼ਾਇਆ ਕੀਤੇ ਅਤੇ ਹੁਣ ਸਰਕਾਰ ਨੇ ਲੋਕਾਂ ਦੇ ਪੈਸੇ ਨੂੰ ਨਾਜਾਇਜ਼ ਤੌਰ ਤੇ ਉਸ ਦੀ ਯਾਦਗਾਰ ਬਣਾਉਣ ਵਿਚ ਜ਼ਾਇਆ ਕਰਨ ਦਾ ਤਹੱਈਆ ਕਰ ਲਿਆ ਹੈ। ਇਸ ਲਈ, ਮੈਂ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸ ਐਡਜਰਨਮੈਂਟ ਮੋਸ਼ਨ ਨੂੰ ਐਡਮਿਟ ਕਰਕੇ ਡਿਸਕਸ਼ਨ ਕਰਨ ਦੀ ਇਜਾਜ਼ਤ ਦਿਤੀ ਜਾਵੇ (ਸ਼ੋਰ) (ਵਿਘਨ)।

**डा० बलदेव प्रकाश :** आन ए प्वायंट आफ आर्डर, सर। स्पीकर साहिब, आपने हाउस के प्रोसीजर के बारे में बताया है। हमें तो इस प्रोसीजर के बारे में पता है। लेकिन स्पीकर साहिब, यह बहुत अहम मामला है। इस मसले पर हमारे कहने पर प्रैजीडेंट आफ इंडिया ने एक कमीशन नियुक्त किया था। उस कमीशन ने मरहूम सरदार प्रताप सिंह कैरों को दोषी ठहराया। उसे चीफ मनिस्टरशिप से ज़बरदस्ती इस्तीफा देने के लिये मजबूर किया। वह कुरप्ट चीफ मिनिस्टर साबित हुआ। ऐसे हालात में अगर उस के बारे में कोई मैमोरियल बनाया गया तो इस से कुरप्शन को ही बढ़ावा मिलेगा और अन्य लोगों को कुरप्शन करने में उत्साह मिलेगा। दूसरी बात मैं यह अर्ज़ करना चाहता हूं कि पहले ही उस को शील्ड करने के लिये सरकार ने लाखों रुपये गरीब जनता के द्वारा टैक्स के रूप में दिये, बिना सोचे समझे खर्च कर दिए और ज़ाया किए। लेकिन अब कुछ

हमारे स्टेट के मिनिस्टरों ने अपने डिस्क्रीशनरी फंडज़ में से 50 हज़ार रुपये जो कि गरीब जनता की कमाई से टैक्स के द्वारा वसूल किए हैं, वह रुपये सरदार प्रताप सिंह कैरों के मैमोरियल पर खर्च किये जा रहे हैं। मैं समझता हूं कि सरकार यह कोई अच्छी कंवैंशन लागू नहीं कर रही है। इस लिये यह मामला बहुत ही अहम है। और इस पर हाउस में डिस्कशन करने की इजाज़त जरूर होनी चाहिए।

**Mr. Speaker :** please take your seat.

**चौधरी देवी लाल :** आन ए प्वायंट आफ आर्डर, सर। आप ने जनरल प्रोसीजर के बारे में बताया और कहा कि यह मामला गवर्नर के एड्रैस में और बजट की डिस्कशन करते समय उठाया जा सकता है। स्पीकर साहिब, यह बहुत ही अहम सवाल है। इस सवाल का पंजाब की एडमिनिस्ट्रेशन से सीधा सम्बन्ध है। स्पीकर साहिब, जैसा कि डाक्टर बलदेव प्रकाश ने फरमाया कि स्वर्गीय प्रताप सिंह कैरों दास कमीशन के द्वारा कुरप्ट चीफ मिनिस्टर साबित हुए और उसे इस्तीफा देने के लिये मजबूर किया। इस के बाद हमारे चीफ मिनिस्टर साहिब, उस दास कमीशन की रिपोर्ट को गीता के बराबर का दर्जा देते रहे हो और उसे आज पंजाब का हीरो तसव्वर किया जा रहा हो तो वह चीज आपस में कैसे मेल खाती है। कुछ मंत्रियों ने अपने डिस्क्रीशनरी अमाउंटस में सरदार प्रताप सिंह कैरों के मैमोरियल के लिये रुपए दिए हैं। यह निहायत ही नावाजिब चीज़ है। इस तरह हर एम. एल. ए. मिनिस्टर बनने की कोशिश करेगा और कुरप्शन करने की कोशिश करेगा क्योंकि उस को पता है कि बाद में उस का भी मैमोरियल इसी ढंग से बन सकेगा। इस लिये ऐसी बात हरगज नहीं होनी चाहिए। यह बहुत-ही अहम मामला है और इस पर डिस्कशन करने की इजाजत हाउस में देनी चाहिए ताकि इस पर डिटेल्ज में डिस्कश्न कर सके और सरकार को जनता के खून और पसीने से कमाए हुए पैसे नाजायज़ तौर पर खर्च करने से रोक सके।

**कामरेड राम प्यारा :** आन ए प्वायंट आफ आर्डर; सर। स्पीकर साहिब, कामरेड शमशेर सिंह जोश ने फरमाया है कि लोक सभा में श्री अध्यक्ष ने फूड सिच्युएशन पर एडजर्नमेंट मोशन पर डिसकशन करने की इजाजत दी है जबकि वहां पर राष्ट्रपति के अभिभाषण पर, बजट पर डिस्कशन, और डिमांडज़ पर भी डिस्कशन होगी। मैं अर्ज करना चाहता हूं कि हमारे कहने पर और कोशिशों के बावजूद राष्ट्रपति ने सरदार प्रताप सिंह कैरों के विरुद्ध दास कमीशन नियुक्त किया और उस के द्वारा वह दोषी ठहराए गए। ऐसा कमीशन 18 साल की पिछली हिस्टरी में पहला है। हम ने कुरप्शन के चार्जिज़ लगाए और वह साबित हुए। स्पीकर साहिब, इस सूबे में पहले ही सरदार प्रताप सिंह कैरों को डिफैंड करने के लिये काफी रुपया जाया किया गया और अब उस की यादगार में एक मैमोरियल बनाया जा रहा है और वहां पर हमारी सरकार लोगों के पैसे को नाजायज तौर पर खर्च कर रही है। इस लिये यह मामला बहुत ही संगीन है। इस पर हाउस में डिस्कशन करने की इजाजत होनी चाहिए ताकि हम सरकार को इस बारे में खर्च करने के लिये मजबूर कर सकें।

**Mr Speaker :** Please take your seat.

**ਸਰਦਾਰ ਲਛਮਣ ਸਿੰਘ** ਗਿੱਲ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਤੁਹਾਡੀ ਰੂਲਿੰਗ ਵਿਚ ਕਾਫੀ ਵਜ਼ਨ ਹੈ। ਆਪ ਜੀ ਦਾ ਮਨਸ਼ਾ ਇਹ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਵਕਤ ਮੈਂਬਰਾਂ ਨੂੰ ਆਮ ਡਿਸਕਸ਼ਨ ਲਈ ਮਿਲਣਾ ਚਾਹੀਦਾ ਹੈ। ਲੇਕਿਨ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਨੇ—ਮਰਹੂਮ ਚੀਫ ਮਨਿਸਟਰ ਨੇ ਦਾਸ ਕਮੀਸ਼ਨ ਐਪੁਆਇੰਟ ਕੀਤਾ ਸੀ ਅਤੇ ਬਾਅਦ ਵਿਚ ਉਹ ਚੀਫ ਮਨਿਸਟਰ ਦੋਸ਼ੀ ਠਹਿਰਾ ਦਿਤਾ ਸੀ। ਸਰਕਾਰ ਨੇ ਮਰਹੂਮ ਚੀਫ ਮਨਿਸਟਰ ਨੂੰ ਕੇਸ ਵਿਚ ਡਿਫੈਂਡ ਕਰਨ ਲਈ ਲੱਖਾਂ ਰੁਪਏ ਜ਼ਾਇਆ ਕੀਤੇ। ਇਸ ਦੇ ਅਲਾਵਾ ਸਾਡੇ ਚੀਫ ਮਨਿਸਟਰ ਸਾਹਿਬ ਨੇ ਦਾਸ ਕਮੀਸ਼ਨ ਦੀ ਰਿਪੋਰਟ ਦੇ ਬਾਰੇ ਬਹੁਤ ਕੁਝ ਕਿਹਾ। ਦਰ ਅਸਲ ਇਸ ਕਮੀਸ਼ਨ ਨੇ ਸਾਡੇ ਦੇਸ਼ ਦੀ ਐਡਮਿਨਿਸਟਰੇਸ਼ਨ ਨੂੰ ਐਲਰਟ ਕਰਨ ਲਈ ਇਕ ਅਹਿਮ ਪਾਰਟ ਪਲੇ ਕੀਤਾ। ਸਪੀਕਰ ਸਾਹਿਬ, ਇਕ ਅਜਿਹੇ ਮਨਿਸਟਰ ਸਾਹਿਬ ਨੇ ਆਪਣੀ ਡਿਸਕਰੀਸ਼ਨਰੀ ਫੰਡ ਵਿਚੋਂ ਪੈਸਾ ਇਸ ਕੰਮ ਲਈ ਦਿਤਾ ਜਿਸ ਨੇ ਸਾਡੇ ਨਾਲ ਮਿਲਕੇ ਮਰਹੂਮ ਚੀਫ ਮਨਿਸਟਰ ਦੇ ਬਰਖਲਾਫ ਸ਼ਹਾਦਤਾਂ ਦਿਤੀਆਂ ਅਤੇ ਉਸ ਨੂੰ ਚੀਫ ਮਨਿਸਟਰੀ ਤੋਂ ਚਲਦਾ ਕੀਤਾ। ਇਹ ਬਹੁਤ ਹੀ ਨਾਵਾਜਿਬ ਗੱਲ ਹੈ। ਇਸ ਤਰ੍ਹਾਂ ਸਰਕਾਰ ਦਾ ਰੁਪਿਆ ਨਾਜਾਇਜ਼ ਤੌਰ ਤੇ ਜ਼ਾਇਆ ਕੀਤਾ ਜਾ ਰਿਹਾ ਹੈ। ਇਹ ਬਹੁਤ ਅਹਿਮ ਮਸਲਾ ਹੈ। ਇਸ ਲਈ ਇਸ ਮੋਸ਼ਨ ਨੂੰ ਐਡਮਿਟ ਕਰਕੇ ਉਸ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ।

**ਟ੍ਰਾਂਸਪੋਰਟ ਅਤੇ ਚੋਣ ਮੰਤਰੀ** (ਸਰਦਾਰ ਗੁਰਦਿਆਲ ਸਿੰਘ) : ਸਪੀਕਰ ਸਾਹਿਬ, ਜਿਥੋਂ ਤਕ ਇਥੋਂ ਦੀ ਫੂਡ ਪਰਾਬਲਮ ਦਾ ਸਬੰਧ ਹੈ, ਉਸ ਦੇ ਬਾਰੇ ਤੁਹਾਡੀ ਰੂਲਿੰਗ ਉਤੇ ਸਭ ਕੁਝ ਨਿਰਭਰ ਹੈ।

ਸਪੀਕਰ ਸਾਹਿਬ, ਮਾਨਯੋਗ ਮੈਂਬਰਾਂ ਨੇ ਮਰਹੂਮ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਮੈਮੋਰੀਅਲ ਦੇ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਮੈਂ ਸਮਝਦਾ ਹਾਂ ਕਿ ਸਰਦਾਰ ਪ੍ਰਤਾਪ ਸਿੰਘ ਕੈਰੋਂ ਤਸ਼ੱਦਦ ਦੇ ਨਾਲ ਖਤਮ ਕੀਤੇ ਗਏ ਲੇਕਿਨ ਮੈਂ ਇਸ ਗਲ ਦੇ ਨਾਲ ਮੁਤਫਿਕ ਨਹੀਂ ਕਿ ਹੁਣ ਵੀ ਵਾਇਲੈਂਸ ਦੇ ਨਾਲ ਕੰਡੈਮ ਕੀਤਾ ਜਾਵੇ ਅਤੇ ਅੱਗੇ ਨੂੰ ਵੀ ਇਸੇ ਤਰ੍ਹਾਂ ਕੰਡੈਮ ਕਰਦੇ ਰਹੀਏ। ਉਹ ਇਸ ਦੁਨੀਆਂ ਵਿਚ ਮੌਜੂਦ ਨਹੀਂ। ਇਸ ਲਈ ਉਨ੍ਹਾਂ ਦਾ ਜ਼ਿਕਰ ਕਰਨਾ ਕੋਈ ਵਾਜਿਬ ਗੱਲ ਨਹੀਂ ਕਿਉਂਕਿ ਜਿਸ ਦੇ ਨਾਲ ਝਗੜਾ ਸੀ ਉਹ ਹੀ ਇਸ ਦੁਨੀਆਂ ਵਿਚ ਮੌਜੂਦ ਨਹੀਂ।

ਸਪੀਕਰ ਸਾਹਿਬ, ਜਿਥੋਂ ਤਕ ਮੇਰਾ ਸਰਦਾਰ ਪਰਤਾਪ ਸਿੰਘ ਕੈਰੋਂ ਲਈ ਮੈਮੋਰੀਅਲ ਲਈ ਫੰਡ ਦੇਣ ਦਾ ਸਵਾਲ ਹੈ ਉਸ ਦੇ ਬਾਰੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਮੈਂ ਇਸ ਬਾਰੇ ਕੋਈ ਰੁਪਿਆ ਨਹੀਂ ਦਿਤਾ। (ਸ਼ੋਰ) (ਵਿਘਨ)

ਸਪੀਕਰ ਸਾਹਿਬ, ਇਤਫਾਕ ਦੇ ਨਾਲ ਕਿਸੇ ਸਕੂਲ ਦਾ ਨਾਂ ਕੈਰੋਂ ਦੇ ਨਾਂ ਦੇ ਨਾਲ ਸਬੰਧ ਰਖਦਾ ਹੋਵੇ ਅਤੇ ਉਸ ਸਕੂਲ ਵਿਚ 5, 6 ਮੀਲਾਂ ਤੋਂ ਬੱਚੇ ਵਿਦਿਆ ਹਾਸਲ ਕਰਨ ਲਈ ਆਉਂਦੇ ਹੋਣ। ਇਸ ਦੇ ਨਾਲ ਨਜ਼ਦੀਕ ਦੇ ਇਲਾਕਿਆਂ ਨੂੰ ਲਾਭ ਹੁੰਦਾ ਹੋਵੇ ਤਾਂ ਮੈਨੂੰ ਆਪਣੇ ਡਿਸਕਰੀਸ਼ਨਰੀ ਫੰਡਜ਼ ਵਿਚੋਂ ਰੁਪਿਆ ਦੇਣ ਲਈ ਕੋਈ ਉਜ਼ਰ ਨਹੀਂ ਹੈ। ਮਨਿਸਟਰ ਡਿਸਕਰੀਸ਼ਨਰੀ ਅਮਾਊਂਟ ਇਕ ਪਰਪਜ਼ ਲਈ ਦੇ ਸਕਦਾ ਹੈ। ਮੈਂ ਫਿਰ ਵਾਜ਼ਿਹ ਕਰ ਦੇਣਾ ਚਾਹੁੰਦਾ ਹਾਂ ਕਿ ਅਗਰ ਇਲਾਕੇ ਦੇ ਲੋਕ ਸਰਦਾਰ ਪਰਤਾਪ ਸਿੰਘ ਕੈਰੋਂ ਲਈ ਆਪਣੇ ਪੈਸਿਆਂ ਤੋਂ ਮੈਮੋਰੀਅਲ ਤਿਆਰ ਕਰਨਾ ਚਾਹੁੰਦੇ ਹੋਣ ਤਾਂ ਅਸੀਂ ਉਨ੍ਹਾਂ ਨੂੰ ਰੋਕ ਨਹੀਂ ਸਕਦੇ।

ਡਿਸਕਰੀਸ਼ਨਰੀ ਗਰਾਂਟ ਬਾਰੇ ਇਨ੍ਹਾਂ ਸਾਹਮਣੇ ਬੈਠੇ ਸਾਥੀਆਂ ਵਲੋਂ ਇਸ ਤਰ੍ਹਾਂ ਗਲਤ ਮਲਤ ਦੱਸੀ ਜਾਣਾ ਔਰ ਅਖਬਾਰਾਂ ਵਿਚ ਨਿਕਲਵਾਇਆ ਜਾਣਾ ਗਲਤ ਗੱਲ ਹੈ। ਉਥੇ ਇਲਾਕੇ ਦੇ ਲੋਕਾਂ ਨੇ ਐਨਾਊਂਸ ਕੀਤਾ ਕਿ ਅਸੀਂ ਆਪਣੇ ਵਲੋਂ ਉਨ੍ਹਾਂ ਦਾ ਮੈਮੋਰੀਅਲ ਬਣਾਉਣਾ ਚਾਹੁੰਦੇ ਹਾਂ

ਜਿਥੋਂ ਤਕ ਤੁਅੱਲਕ ਹੈ ਉਸ ਗੱਲ ਦਾ ਜਿਹਦੀ ਐਨਾਊਂਸਮੈਂਟ ਚੌਧਰੀ ਰਣਬੀਰ ਸਿੰਘ ਨੇ ਕੀਤੀ ਜੋ ਮੇਰੇ ਆਨਰੇਬਲ ਦੋਸਤ ਕਰਦੇ ਨੇ ਇਹ ਹੋ ਨਹੀਂ ਸਕਦਾ ਕਿ ਅਸੀਂ ਉਨ੍ਹਾਂ ਨੂੰ ਐਵਾਇਡ ਕਰੀਏ ਲੇਕਿਨ ਮੈਮੋਰੀਅਲ ਵਾਸਤੇ ਕੋਈ ਐਨਾਊਂਸਮੈਂਟ ਨਹੀਂ ਕੀਤੀ। ਗੱਲ ਇਹ ਹੈ ਕਿ ਅਗਰ ਸਕੂਲ ਜਾਂ ਕਾਲਿਜ ਵਾਸਤੇ ਡਿਸਕਰੀਸ਼ਨਰੀ ਗਰਾਂਟ ਵਿਚੋਂ ਪੈਸਾ ਦਿਤਾ ਜਾਵੇ ਫਿਰ ਉਹ ਭਾਵੇਂ ਕੈਰੋਂ ਪਿੰਡ ਵਿਚ ਹੋਵੇ ਜਾਂ ਤਰਨ ਤਾਰਨ ਵਿਚ ਤਾਂ ਕੋਈ ਇਤਰਾਜ਼ ਵਾਲੀ ਗੱਲ ਨਹੀਂ । (At this stage there were voices of Points of order and the Hon. Speaker called upon the Minister for Public Works to speak.)

**ਕਾਮਰੇਡ ਬਾਬੂ ਸਿੰਘ ਮਾਸਟਰ** : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਂ ਕੁਝ ਬੇਨਤੀ ਕਰਨਾ ਚਾਹੁੰਦਾ ਹਾਂ। ਪਹਿਲੀ ਗੱਲ ਤਾਂ ਇਹ ਹੈ ਕਿ ਪਾਰਲੀਮੈਂਟ ਵਿਚ ਵੀ ਐਡਜਰਨਮੈਂਟ ਮੋਸ਼ਨ ਬਾਰੇ ਸਾਰੀ ਆਪੋਜ਼ੀਸ਼ਨ ਨੇ ਯੂਨਾਨੀਮਸਲੀ ਮੰਗ ਕੀਤੀ ਸੀ ਔਰ ਇਥੇ ਵੀ ਸਾਰੀ ਆਪੋਜ਼ੀਸ਼ਨ ਇਸ ਗੱਲ ਉਤੇ ਯੂਨਾਨੀਮਸ ਹੈ। ਇਸ ਲਈ ਤੁਹਾਨੂੰ ਇਹ ਐਡਜਰਨਮੈਂਟ ਮੋਸ਼ਨ ਐਡਮਿਟ ਕਰਨੀ ਹੀ ਚਾਹੀਦੀ ਹੈ।

ਦੂਸਰੀ ਗੱਲ ਇਹ ਹੈ ਕਿ ਸਾਡੇ ਪੰਜਾਬੀਆਂ ਦੀ ਮੈਮੋਰੀ ਇਤਨੀ ਵੀਕ ਨਹੀਂ ਔਰ ਇਸ ਗੱਲ ਦਾ ਸਾਨੂੰ ਬੜਾ ਦੁਖ ਹੁੰਦਾ ਹੈ ਕਿ ਇਥੇ ਇਕ ਬੜੀ ਇਨ ਐਫੀਸੈਂਟ ਮਨਿਸਟਰੀ ਬੈਠੀ ਹੋਈ ਹੈ। ਅੱਜ ਤੋਂ ਕੁਝ ਦੇਰ ਪਹਿਲਾਂ ਤਾਂ ਇਸ ਕਦਰ ਕੀਤਾ ਗਿਆ ਸੀ ਕਿ ਜਿਥੇ ਵੀ ਕਿਤਾਬਾਂ ਵਿਚ ਪਰਤਾਪ ਸਿੰਘ ਕਰੋਂ ਦੀ ਤਸਵੀਰ ਛਪੀ ਸੀ ਉਸ ਨੂੰ ਉਥੋਂ ਫੜਵਾ ਦਿਤਾ ਗਿਆ, ਜਿਥੇ ਕਿਤੇ ਡੀ. ਸੀ. ਦੇ ਦਫਤਰ ਤੋਂ ਬਾਹਰ ਜਾਂ ਚੋਰਾਹੇ ਵਿਚ ਪਰਤਾਪ ਸਿੰਘ ਕੈਰੋਂ ਦੀ ਤਸਵੀਰ ਲਗੀ ਹੋਈ ਸੀ ਉਸ ਨੂੰ ਡੀਮਾਲਿਸ਼ ਕੀਤਾ ਗਿਆ ਸੀ ਲੇਕਿਨ ਅੱਜ ਉਹੀ ਮਨਿਸਟਰ ਸਾਹਿਬਾਨ ਆਪਣੇ ਸਟੇਟ ਐਕਸਚੈਕਰ ਵਿਚੋਂ ਹਜ਼ਾਰਾਂ ਰੁਪਏ ਉਸੇ ਪਰਤਾਪ ਸਿੰਘ ਕੈਰੋਂ ਦੀ ਯਾਦ ਨੂੰ ਕਾਇਮ ਕਰਨ ਵਾਸਤੇ ਲਗਾ ਰਹੇ ਹਨ। ਇਹ ਠੀਕ ਹੈ ਕਿ ਅਗਰ ਉਨ੍ਹਾਂ ਦੀ ਉਨ੍ਹਾਂ ਪ੍ਰਤੀ ਸ਼ਰਧਾ ਹੈ ਤਾਂ ਆਪਣੀ ਪਰਸਨਲ ਪ੍ਰਾਪਰਟੀ ਵਿਚੋਂ ਖਰਚ ਕਰਕੇ ਉਥੇ ਪੈਸਾ ਲਗਾ ਲੈਣ, ਫਰਮਾਂ ਦੇ ਦੇਣ, ਆਪਣਾ ਆਸਾਸਾ ਦੇ ਦੇਣ ਲੇਕਿਨ ਸਟੇਟ ਐਕਸਚੈਕਰ ਵਿਚੋਂ ਇਹ ਪੈਸਾ ਨਹੀਂ ਦਿਤਾ ਜਾਣਾ ਚਾਹੀਦਾ (*Interruptions*)

ਤੀਸਰੀ ਗਲ, ਸਪੀਕਰ ਸਾਹਿਬ, ਇਹ ਹੈ ਕਿ ਕੈਰੋਂ ਦੇ ਕਤਲ ਵਾਲਾ ਕੇਸ ਅਜੇ ਤਕ ਵੀ ਚਲ ਰਿਹਾ ਹੈ। ਤੁਸੀਂ ਆਪ ਕਹਿੰਦੇ ਹੋ ਕਿ ਜਿਹੜਾ ਝਗੜੇ ਵਾਲਾ ਕੇਸ ਹੋਵੇ, ਸਬ-ਜੁਡਿਸ ਕੇਸ ਹੋਵੇ। ਉਹ ਨਹੀਂ ਛੇੜਨਾ ਚਾਹੀਦਾ। ਇਸ ਪੱਖ ਵਲੋਂ ਵੀ ਉਨ੍ਹਾਂ ਨੂੰ ਅਜੇ ਇਹ ਮਸਲਾ ਨਹੀਂ ਸੀ ਛੇੜਨਾ ਚਾਹੀਦਾ ਔਰ ਸਰਕਾਰੀ ਖਜ਼ਾਨੇ ਵਿਚੋਂ ਇਸ ਮਕਸਦ ਲਈ ਪੈਸਾ ਨਹੀਂ ਸੀ ਦੇਣਾ ਚਾਹੀਦਾ।

(*Interruptions and noise*)

**Mr. Speaker :** Order please.

**ਸਰਦਾਰ ਗੁਰਚਰਨ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੇਰੇ ਕੋਲ ਅਖਬਾਰ ਦੀ ਕਟਿੰਗ ਹੈ ਜਿਸ ਵਿਚ ਇਸ ਦਾ ਜ਼ਿਕਰ ਆਇਆ ਹੈ। (*Interruptions, noise*)

**Mr, Speaker :** Shri Tandon, Order please,

ਮੈਂ ਆਨਰੇਬਲ ਮੈਂਬਰਜ਼ ਤੋਂ ਇਹ ਉਮੀਦ ਕਰਾਂਗਾ ਕਿ ਜਦ ਕੋਈ ਆਨਰੇਬਲ ਮੈਂਬਰ ਜਾਂ ਕੋਈ ਆਨਰੇਬਲ

[ਸ਼੍ਰੀ ਸਪੀਕਰ]

ਮਨਿਸਟਰ ਬੋਲ ਰਿਹਾ ਹੋਵੇ ਤਾਂ ਇੰਟਰਪਟ ਕਰਨ ਦੀ ਕੋਸ਼ਿਸ਼ ਨਾ ਕੀਤੀ ਜਾਵੇ ਜਿਸ ਤਰੀਕੇ ਨਾਲ ਸ਼੍ਰੀ ਟੰਡਨ ਜਾਂ ਸਰਦਾਰ ਲਛਮਣ ਸਿੰਘ ਨੇ ਹੁਣ ਇੰਟਰਪਸ਼ਨਜ਼ ਕੀਤੀਆਂ ਹਨ ਇਹ ਮੁਨਾਸਬ ਨਹੀਂ । ਹਰ ਇਕ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਹੈ। ਬਾਕੀ ਮਨਿਸਟਰਜ਼ ਨੂੰ ਵੀ ਪਤਾ ਹੈ ਕਿ ਕਿਹੜੇ ਮੌਕੇ ਕਿਹੜੀ ਗਲ ਕਹਿਣੀ ਹੈ। ਇਸ ਲਈ, ਹੁਣ ਇਸ ਗਲ ਦਾ ਖਿਆਲ ਰਖਣਾ ਚਾਹੀਦਾ ਹੈ ਕਿ ਅਗਰ ਇਕ ਨੂੰ ਇੰਟਰਪਟ ਕੀਤਾ ਗਿਆ ਤਾਂ ਦੂਜੇ ਵੀ ਇੰਟਰਪਟ ਕਰ ਸਕਦੇ ਹਨ। ਇਸ ਤਰ੍ਹਾਂ ਕਰਨ ਨਾਲ ਆਰਡਰ ਨਹੀਂ ਚਲ ਸਕੇਗਾ ਔਰ ਕਾਰਵਾਈ ਨਹੀਂ ਚਲ ਸਕੇਗੀ। ਅਗਰ ਤੁਸੀਂ ਇਸ ਮੂਡ ਵਿਚ ਨਹੀਂ ਕਿ ਕਾਰਵਾਈ ਚਲਾਈ ਜਾਵੇ ਤਾਂ ਹਾਊਸ ਐਡਜਰਨ ਕੀਤਾ ਜਾ ਸਕਦਾ ਹੈ (ਸਰਦਾਰ ਲਛਮਣ ਸਿੰਘ ਗਿੱਲ ਵਲੋਂ ਵਿਘਨ) ਸਰਦਾਰ ਲਛਮਣ ਸਿੰਘ, ਆਰਡਰ ਪਲੀਜ਼।

(I would expect from the hon. Members that whenever an hon. Member or a Minister is in possession of the House, they would refrain from making any attempt to interrupt him. The manner in which Shri Tandon and Sardar Lachhman Singh indulged in interruptions, was not proper. Every body gets an opportunity to have his say at the proper time. As to the Ministers, they are fully aware of what to say or what not to say and at what time. Now, therefore, it may he borne in mind that if one is interrupted, the others can retaliate. But by doing so, the order in the House can not be maintained nor can the proceedings be carried on smoothly. If the hon. Members are not interested in the smooth working of the House, it can be adjourned. (Interruption by Sardar Lachhman Singh Gill) Order please.)

**ਸਰਦਾਰ ਲਛਮਣ ਸਿੰਘ ਗਿੱਲ** : ਮੈਂ ਤੁਹਾਡੀ ਤਵੱਜੁਹ ਦਿਵਾਉਣ ਲਗਾ ਸਾਂ।

**ਸ਼੍ਰੀ ਸਪੀਕਰ** : ਮੇਰੀ ਤਵੱਜੁਹ ਹੈ। (I am already attentive.)

**ਸਰਦਾਰ ਗੁਰਚਰਨ ਸਿੰਘ** : ਸਪੀਕਰ ਸਾਹਿਬ, ਢਿਲੋਂ ਸਾਹਿਬ ਨੇ ਜਸਟੀਫਾਈ ਕਰਨ ਦੀ ਕੋਸ਼ਿਸ਼ ਕੀਤੀ ਹੈ ਕਾਲਜ ਸਕੂਲਾਂ ਬਾਰੇ ਵਲ ਫੇਰ ਪਾ ਕੇ। ਲੇਕਿਲ ਅਜ ਕਲ ਦੇ ਇਹੋ ਜਿਹੇ ਸਮੇਂ ਵਿਚ ਜਦੋਂ ਕਿ ਮੁਲਕ ਵਿਚ ਹਰ ਕਿਸਮ ਦਾ ਕਾਲ ਸਮਝਿਆ ਜਾ ਰਿਹਾ ਹੈ, ਅਜਿਹਾ ਸਟੈਪ ਨਹੀਂ ਸੀ ਚੁਕਿਆ ਜਾਣਾ ਚਾਹੀਦਾ। ਭਾਵੇਂ ਉਹ ਸ਼ਖਸ ਮਰ ਗਿਆ ਹੈ ਔਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਹੁਣ ਉਸ ਦੇ ਖਿਲਾਫ ਕੁਝ ਨਹੀਂ ਕੀਤਾ ਜਾਣਾ ਚਾਹੀਦਾ ਲੇਕਿਨ ਇਹ ਗੱਲ ਭੁਲਾਈ ਨਹੀਂ ਸੀ ਜਾ ਸਕਦੀ ਕਿ ਸਿਰਫ ਅਸਾਂ ਹੀ ਨਹੀਂ ਸਗੋਂ ਖੁਦ ਕਾਂਗਰਸ ਬੈਂਚਿਜ਼ ਵਲੋਂ ਤਰ੍ਹਾਂ ਤਰ੍ਹਾਂ ਦੇ ਕੇਸਿਜ਼ ਪੇਸ਼ ਕੀਤੇ ਗਏ ਦਾਸ ਕਮੀਸ਼ਨ ਦੇ ਸਾਹਮਣੇ ਇਹ ਸਾਬਤ ਕਰਨ ਲਈ ਕਿ ਸਰਦਾਰ ਪਰਤਾਪ ਸਿੰਘ ਦੇ ਜਿਹੜੇ ਕੰਮ ਸਨ ਉਹ ਚੰਗੇ ਨਹੀਂ ਸਨ ਉਨ੍ਹਾਂ ਵਿਚ ਥਾਂ ਥਾਂ ਤੇ ਕੁਰਪੱਸ਼ਨ ਸੀ..........

**Mr. Speaker**: You are making a lengthy speech.

**ਸਰਦਾਰ ਗੁਰਚਰਨ ਸਿੰਘ** : ਸਪੀਕਰ ਸਾਹਿਬ, ਇਹ ਸਾਬਤ ਹੋ ਗਿਆ ਹੈ, ਹਿੰਦੁਸਤਾਨ ਦੀ ਹਾਈਐਸ੍ਟ ਜੁਡੀਸ਼ਰੀ ਦਾ ਇਹ ਫੈਸਲਾ ਹੈ ਜਿਸ ਵਿਚ ਸਰਦਾਰ ਪਰਤਾਪ ਸਿੰਘ ਨੂੰ ਕੁਰੱਪਸ਼ਨ ਬਾਰੇ ਦੋਸ਼ੀ ਕਰਾਰ ਦਿਤਾ ਗਿਆ। ਅਜ ਅਜਿਹੇ ਵੇਲੇ ਇਹ ਕਿਵੇਂ ਡੀਨਾਈ ਕਰ ਸਕਦੇ ਹਨ ਕਿ ਇਹ

ਜਿਸ ਬਾਰੇ ਐਡਜਰਨਮੈਂਟ ਮੋਸ਼ਨ ਹੈ ਇਹ ਗਲਤ ਹੈ? ਮੇਰੇ ਪਾਸ ਇਕ ਅਖਬਾਰ ਦੀ ਕਟਿੰਗ ਹੈ ਉਸ ਵਿਚ ਲਿਖੀਆ ਹੈ Kairon memorial plan announced . . .

**ਟ੍ਰਾਂਸਪੋਰਟ ਅਤੇ ਚੋਣ ਮੰਤਰੀ :** ਇਹ ਅਖਬਾਰ ਹੀ ਹੈ, ਕੋਈ ਗਜ਼ਟ ਤਾਂ ਨਹੀਂ।

**ਸਰਦਾਰ ਗੁਰਚਰਨ ਸਿੰਘ :** ਇਸ ਵਿਚ ਦਿਲੋਂ ਸਾਹਿਬ ਦਾ ਨਾਂ ਵੀ ਦਿਤਾ ਹੋਇਆ ਹੈ। ਚੌਧਰੀ ਰਣਬੀਰ ਸਿਘ, ਚੌਧਰੀ ਚਾਂਦ ਰਾਮ ਅਤੇ ਹੋਰ ਮਿਨਿਸਟਰਾਂ ਦੇ ਨਾਂ ਦਿਤੇ ਹੋਏ ਹਨ ਕਿ 50,000 ਰੁਪਿਆ ਇਨ੍ਹਾਂ ਨੇ ਕੈਰੋਂ ਮੈਮੋਰੀਅਲ ਲਈ ਐਨਾਊਂਸ ਕੀਤਾ ਹੈ। ਸਪੀਕਰ ਸਾਹਿਬ, ਇਸ ਬਾਰੇ ਮੈਂ ਇਕ ਮਿਸਾਲ ਦੇਣੀ ਚਾਹੁੰਦਾ ਹਾਂ। ਸਾਡੇ ਇਲਾਕੇ ਵਿਚ ਇਕ ਬੜਾ ਵੱਡਾ ਡਾਕੂ ਹੁੰਦਾ ਸੀ ਕੁੰਡਾ ਡਾਕੂ। ਉਸ ਨੇ ਪਹਿਲਾਂ ਬਹੁਤ ਸਾਰੇ ਡਾਕੇ ਮਾਰੇ ਹੋਏ ਸਨ। ਇਕ ਡਾਕਾ ਮਾਰਿਆ ਤੇ ਗੁਰ-ਦੁਆਰਾ ਬਣਵਾ ਦਿਤਾ। ਲੋਕ ਉਸ ਦੀ ਬੜੀ ਪ੍ਰਸੰਸਾ ਕਰਨ ਲਗ ਪਏ ਕਿ ਉਸ ਨੇ ਇਕ ਬੜਾ ਧਰਮ ਦਾ ਕੰਮ ਕੀਤਾ ਹੈ। ਬੜਾ ਧਾਰਮਿਕ ਆਦਮੀ ਹੈ ਲੇਕਿਨ ਜਿਹੜੇ ਪਹਿਲੇ ਲੱਖਾਂ ਘਰ ਉਸ ਨੇ ਲੁਟ ਲਏ ਸੀ ਉਨ੍ਹਾਂ ਵਲ ਉਨ੍ਹਾਂ ਦਾ ਧਿਆਨ ਨਾ ਗਿਆ। ਇਹੋ ਹਾਲਤ ਕੈਰੋਂ ਬਾਰੇ ਹੈ ਉਹੀ ਲੋਕ ਜਿਹੜੇ ਉਸ ਦੇ ਖਿਲਾਫ ਗੱਲਾਂ ਕਰਦੇ ਸਨ। ਹੁਣ ਉਸ ਦੇ ਪਾਪਾਂ ਨੂੰ ਛੁਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਮੈਂ ਤਾਂ ਇਹੀ ਸਮਝਦਾ ਹਾਂ ਕਿ ਐਸਾ ਕਰਨਾ ਤਾਂ ਉਸ ਦੀ ਵੀ ਉਸੇ ਡਾਕੂ ਵਾਂਗ ਸ਼ਲਾਘਾ ਹੈ। (Voices of Shame, Shame from the Opposition. There was noise in the House and the hon. Speaker called upon the Minister for Public Works, Chaudhri Ranbir Singh to speak.)

**Comrade Ram Piara :** I rise on a Point of Order, Sir.

**Public Works Minister :** I am not on a Point of Order, Sir. But I have a right to speak on any issue.

**ਸ਼੍ਰੀ ਸਪੀਕਰ :** ਕਾਮਰੇਡ ਰਾਮ ਪਿਆਰਾ ਜੀ, ਅਗਰ ਪੁਆਇੰਟ ਆਫ ਆਰਡਰ ਉਤੇ ਤੁਸਾਂ ਜ਼ਿਆਦਾ ਇਨਸਿਸਟ ਕੀਤਾ ਤਾਂ ਮੈਂ ਸਟਰਿਕਟਲੀ ਪੁਆਇੰਟ ਆਫ ਆਰਡਰ ਤੇ ਹੀ ਬੋਲਣ ਦੀ ਇਜਾਜ਼ਤ ਦੇਵਾਂਗਾ, ਸਪੀਚ ਨਹੀਂ ਕਰਨ ਦੇਵਾਂਗਾ। ਜੇ ਪੁਆਇੰਟ ਆਫ ਆਰਡਰ ਦੀ ਆੜ ਲੈ ਕੇ ਸਪੀਚ ਕਰਨੀ ਸ਼ੁਰੂ ਕਰ ਦਿਤੀ ਤਾਂ ਜਿਥੇ ਮੈਂ ਰੋਕਾਂਗਾ ਤੁਹਾਨੂੰ ਰੁਕਣਾ ਪਏਗਾ। ਮੈਂ ਸਿਰਫ ਰੈਲੇਵੈਂਟ ਪੁਆਇੰਟ ਆਫ ਆਰਡਰ ਹੀ ਕਰਨ ਦੇਵਾਂਗਾ। ਕੋਈ ਪ੍ਰੋਸੀਜਰ ਬਾਰੇ ਗੱਲ ਹੈ ਤਾਂ ਬੇਸ਼ਕ ਪੁਆਇੰਟ ਆਫ ਆਰਡਰ ਰੇਜ਼ ਕਰ ਲਉ, ਸਪੀਚ ਦੀ ਇਜਾਜ਼ਤ ਨਹੀਂ ਦਿਤੀ ਜਾਵੇਗੀ। (Addessing Com. Ram Piara) (If the hon. Member insists on raising his point of order, I would allow him on the condition to strictly confine himself to the point of order and not make a speech. If he starts making a speech under the pretext of a point of order, he will have to stop, when I ask him to do so. I would permit him to raise only the relevant point of order. If any procedural matter is involved, then he is at liberty to raise a point of order but he will not be permitted to make a speech.)

**ਕਾਮਰੇਡ ਰਾਮ ਪਿਆਰਾ :** ਜਨਾਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸਰਦਾਰ ਗੁਰਦਿਆਲ ਸਿੰਘ ਹੋਰਾਂ ਨੇ ਕਿਹਾ ਹੈ ਕਿ ਇਹ ਰੁਪਿਆ ਸਕੂਲਾਂ ਵਾਸਤੇ ਹੈ, ਸੜਕਾਂ ਵਾਸਤੇ ਹੈ।

[ਕਾਮਰੇਡ ਰਾਮ ਪਿਆਰਾ]

ਮੈਂ ਤੁਹਾਡੀ ਰੂਲਿੰਗ ਚਾਹੁੰਦਾ ਹਾਂ ਕਿ ਇਹ ਗਲ ਉਨ੍ਹਾਂ ਨੇ ਸਰਦਾਰ ਗੁਰਦਿਆਲ ਸਿੰਘ ਢਿਲੋਂ ਵਲੋਂ ਕਹੀ ਹੈ ਜਾਂ ਸਾਰੀ ਗੌਰਮਿੰਟ ਵਲੋਂ ਕਹੀ ਹੈ ? (*Interruptions*)

**Mr. Speaker :** Chaudhri Ranbir Singh.

**ਸਰਦਾਰ ਲਛਮਣ ਸਿੰਘ ਗਿਲ :** ਬੱਸ ਆਪੇ ਆਪਣੀ ਛਾਤੀ ਪਿਟੀ ਚਲੋ।

**ਸ੍ਰੀ ਸਪੀਕਰ :** ਸਰਦਾਰ ਲਛਮਣ ਸਿੰਘ ਜੀ, ਤੁਸੀਂ ਆਪਣੇ ਆਪ ਨੂੰ ਕੰਟਰੋਲ ਨਹੀਂ ਕਰ ਸਕਦੇ ? (Cannot Sardar Lachhman Singh control himself ?)

**लोक कर्म मंत्री** (चौधरी रणबीर सिंह) : अध्यक्ष महोदय, प्रजातन्त्र में विचारों का मतभेद होना लाजमी है। वैसे भी मतभेद रह सकता है और रहना चाहिए। कई दोस्त हैं, जैसा कि अभी अभी आप ने सुना, जिन्होंने सरदार प्रताप सिंह के विचारों की बाबत कुछ अच्छी बुरी बातें कहीं।

**डा० बलदेव प्रकाश :** विचारों की बाबत नहीं, उस की कुरप्शन के बारे में।

**श्री अध्यक्ष :** डाक्टर बलदेव प्रकाश जी, आप से उम्मीद नहीं की जा सकती कि इस तरह से इन्ट्रप्ट करें। (It was not expected of the hon. Dr. Baldev Parkash that he would interrupt like this.)

**डा० बलदेव प्रकाश :** विचारों के बारे में कोई मतभेद नहीं। सवाल तो कुरप्शन का है (विघ्न)

**लोक कर्म मंत्री :** सब बातों का जवाब दूंगा, आप सुनने का हौसला रखें। तो, अध्यक्ष महोदय, मेरा विश्वास है कि दास कमिशन की रिपोर्ट इस बात का सबूत है कि सरदार प्रताप सिंह एक दयानतदार इनसान था (आपोज़ीशन की तरफ से शेम शेम की आवाज़ें) अध्यक्ष महोदय, मैं डाक्टर मंगल सेन, डाक्टर बलदेव प्रकाश या चौधरी देवी लाल या दूसरे साथियों के विचार आप के सामने नहीं रख रहा। मैं तो अपने विचार आप के सामने रखने जा रहा हूं। जिस प्रकार से प्रजातन्त्र में उन को अधिकार हैं उसी प्रकार से मुझे भी राजनैतिक और दूसरे अधिकार प्राप्त हैं। इस लिये मैं कहूंगा कि वह साथी किसी के बारे में अपनी राए दे सकते हैं।

**डा० बलदेव प्रकाश :** कागज़ नहीं, कुरप्शन के बारे में।

लोक कर्म मन्त्री : अध्यक्ष महोदय, जैसा कि मैं ने पहले कहा, जहां तक दास कमिशन की रिपोर्ट का सम्बन्ध है, कुछ भाईयों ने सरदार प्रताप सिंह के बारे में कुछ अलज़ाम लगाए थे। एक एक अलज़ाम के ऊपर दास कमिशन ने अपने विचार प्रकट किए और सिर्फ एक बात के सम्बन्ध में सरदार प्रताप सिंह को सीधे तौर पर उन्होंने कुछ दोषी ठहराया. . .

**श्री अध्यक्ष :** आप लम्बी बातों में न जाएं। ब्रीफ सी बात करिए और स्पीच न करें। (He need not go into the details. He should state things briefly and not make a speech.) (विघ्न)

**लोक कर्म मंत्री :** अध्यक्ष महोदय, यदि आप मुझे इजाज़त देंगे तो मैं अपनी बात कहूंगा। (विघ्न)

**श्री अध्यक्ष :** ब्रीफली कहिये। (Please be brief.))

**मंत्री :** आप की आज्ञा से मैं बहुत थोड़े शब्दों में अपनी बात सदन के सामने रखूंगा। दास कमिशन की रिपोर्ट का जिक्र किया गया।

**श्री अध्यक्ष :** देखिये इस वक्त न तो दास कमिशन रिपोर्ट के मैरिट्स पर बहस हो रही है और न ही ऐडजर्नमैंट मोशन पर बहस हो रही है। एक ऐडजर्नमैंट मोशन पर प्वायंटस आफ आर्डर को ऐक्सटैंड करते करते इस बात पर जो इधर से आबज़रवेशन्ज़ हुई सरदार प्रताप सिंह या दास कमिशन रिपोर्ट के बारे में उन का आप ने अपने तरीके से जवाब दे दिया है। इस वक्त दास कमिशन या उस की रिपोर्ट के मैरिट्स में जाने का औकेयन नहीं हैं। जो बात कही गई है उस के बारे में आप चाहें तो एक दो मिनट में कुछ कह लें। (Please listen. At present neither the Dass Commission report is under discussion, nor is any adjournment motion being discussed. The points of order raised in connection with an adjournment motion were stretched to making observations on Sardar Partap Singh and Dass Commission Report by this side of the House and the hon. Minister has given a reply in his own way. Now this is not the occasion to go into the merits of the Dass Commission or its report. He may have his say in a minute or two on whatever has been said on this matter.)

**लोक कर्म मंत्री :** मैं थोड़े ही शब्दों में आप की इजाजत से यह कहूंगा कि मैं यह मानता हूं कि दास कमिशन रिपोर्ट सरदार प्रताप सिंह की इमानदारी का सबूत है। (विघ्न) (शोर)

स्पीकर साहिब, जहां तक डिस्क्रीशनरी फंड का ताल्लुक है मैं निवेदन करूंगा कि कैरों गांव में 8/2 को पंजाब के लाखों भाई इकट्ठे थे जिन्होंने यह खाहिश जाहिर की कि सरदार प्रताप सिंह की याद में कैरों के हायर सैकण्डरी स्कूल को कालिज बना दिया जाए। इस काम के लिये लोगों की तरफ़ से एक लाख रुपया देने का एलान भी दिया गया। (तालियां) उस समय मैं ने भी इस स्कूल को सरदार प्रताप सिंह की याद में कालिज बनाने के लिये अपने डिस्क्रीशनरी फंड में से दस हज़ार रुपया देने का ऐलान किया था। (आपोजीशन की तरफ से आवाजें) शेम शेम। इस के अलावा अपनी जेब से भी मैं ने 1100 रुपया देने का ऐलान किया था। (तालियां) और मैं फख्र के साथ कह सकता हूं कि जो कार्यवाही मैं ने की वह सही है। (आपोज़ीशन की तरफ से आवाजें) गलत है।)

**श्री बलरामजी दास टंडन :** आन ए प्वायंट आफ आर्डर, सर। स्पीकर साहिब, प्वायंट आफ आर्डर यह है और यह वह बात है कि जिस पर सारी आपोजीशन ने स्ट्रैस अपौन किया है कि जो लोग इस काम में श्रद्धा रखते हों वह बेशक इस के लिये लाखों रुपया इकट्ठा करें, अपनी जेब से भी जो चाहें दें लेकिन सवाल यह है कि जिस पब्लिक फंड का कस्टोडियन मिनिस्टर साहिब को बनाया गया है (विघ्न) उस में से, कुरप्शन के मैमो-

[श्री बलराम जी दास टंडन]

रियल बनाने के लिये इजाजत नहीं दी जा सकती। यह हाउस इस काम के लिये रुपया नहीं दे सकता। यह अपनी जेब में से दें। (विघ्न)

**लोक कर्म मंत्री** : आन ए प्वायंट आफ आडर, सर। अध्यक्ष महोदय, अभी अभी जो माननीय सदस्य ने उस मैमोरियल को कुरप्शन की यादगार कहा है, मेरी प्रार्थना है कि वह शब्द इस कार्यवाही में से हटा दिये जाएं। (आपोजीशन की तरफ से शोर)।

**श्री अध्यक्ष** : आर्डर प्लीज़। देखिए काल अटैनशन मोशन और ऐडजर्नमैंट मोशन के ऐडमिट होने या न होने के बारे में काफी बात चीत हुई है और सिवाए सरदार, गुरनामसिंह के सभी ग्रुप लीडर्ज़ ने अपनी बात कही। अब सरदार गुरनाम सिंह के बाद इस पर बहस नहीं होगी। ऐडमिट होने या न होने के बारे में जो आखिरी फैसला होगा वह मैं आप को बता दूंगा। (Order please. Quite a lot has been said about the admissibility or otherwise of the Call Attention Notice and the Adjournment Motion and excepting Sardar Gurnam Singh, all the group leaders have expressed their views on the subject. Now after Sardar Gurnam Singh has stated his view point, no further discussion on it will be allowed. As regards the final decision about its admissibility or otherwise, that I will convey to you.)

**चौधरी देवी लाल** : आन ए प्वायंट आफ आर्डर, सर। जो ऐडजर्नमैंट मोशन का सवाल है वह और भी जरूरी हो गया है। मैं आप की रूलिंग चाहता हूं। वज़ीर साहिब ने कहा कि उन्होंने दस हज़ार रुपया दिया और .....

**श्री अध्यक्ष** : रिपीट न करें। (Please avoid repetition.)

**चौधरी देवी लाल** : मैं आप की रूलिंग चाहता हूं। जहां तक 1100 रुपये का ताल्लुक है यह दें। प्रदेश कुरप्शन कमेटी चाहे जितना रुपया दे। मगर जहां तक सरकार के खजाने का ताल्लुक है उस में से नहीं दिया जाना चाहिए (विघ्न) इस बात पर ऐडजर्नमैंट मोशन ऐडमिट की जाए ताकि हम यह साबित कर सकें कि यह मिसयूज़ आफ पावर है या नहीं। (विघ्न)

**चौधरी नेत राम** : आन ए प्वायंट आफ आर्डर, सर। मैं इस मामले में आप की राय जानना चाहता हूं। पंजाब की जनता ने महसूस किया कि यहां पर सरकार की तरफ से भ्रष्टाचार हो रहा हैं (विघ्न) पंजाब की जनता ने पंजाब सरकार पर आरोप लगाया कि यहां की कांग्रेस सरकार भ्रष्ट है, केन्द्र सरकार ने दास कमिशन बैठाया। नतीजा यह हुआ कि पंजाब सरकार भ्रष्टाचार साबित हुई और तब यह नई सरकार बनी और यह सरकार आज उसी भ्रष्टाचार की यादगार बनाने के लिये सरकार का 50 हजार रुपया लगा रही है (आपोजीशन की तरफ से आवाजें : शेम, शेम) अब आप यह राय दें कि यह कांग्रेसी सरकार भ्रष्ट है या नहीं। (आपोजीशन की तरफ से तालियां)।

**मुख्य संसद सचिव** : आन ए प्वाइन्ट आफ आर्डर, सर मैं आप की रूलिंग इस बात पर चाहता हूं कि जो हाऊस का आध घंटा वक्त इस तरह ज़ाया हुआ है (विघ्न) (शोर) लैट मी हैव माई से।

**श्री अध्यक्ष** : आप कह रहे हैं कि आध घंटा हाऊस का वक्त ज़ाया हुआ है तो इस में मिनिस्टर साहिब भी बोले हैं तो आप सोच लीजिए कि किस ने हाऊस का वक्त ज़ाया किया है। (The hon. Chief Parliamentary Secretary has stated that half on hour of the House has been wasted. During this period some Ministers have also spoken. So he should think over as to who is responsible for this.)

**मुख्य संसद सचिव** : मैं तो, स्पीकर साहिब, आपकी रूलिंग चाहता हूं कि क्या आप ने एडजरनमेंट मोशन को एडमिट कर लिया है जिस पर हाऊस का आध घंटा वक्त ज़ाया हुआ है और दूसरा यह कि जिन मैम्बर साहिबान ने प्वाइन्ट आफ आर्डर किए हैं और इस प्रिविलिज को मिसयूज़ किया है क्योंकि आप के हुक्म के मुताबिक वह प्वाइन्ट आफ आर्डर न थे क्या ऐसे प्वायंट आफ आर्डर को एक्सपंज कर दिया जाएगा ?

**श्री अध्यक्ष** : प्लीज़ टेक योअर सीट। यह मुनासिब नहीं कि आप हाऊस की जो प्रोसीडिन्गज़ हो चुकी हैं उन पर किसी तरह का रिफ्लैक्शन करें और कहें कि हाऊस का वक्त ज़ाया हुआ है (The hon. Chief Parliamentary Secretary may please take his seat. It is not proper that he should cast reflection of any kind on the proceedings of the House which have already taken place and say that the time of the House has been wasted. (विरोधी दल की ओर से : शेम शेम)
He may please withdraw these words.

**मुख्य संसद सचिव** : जनाब मेरी अर्ज़ यह है (विघ्न) (आवाजें -विदडरा फस्ट)।

**Mr. Speaker:** Please withdraw those words first.

**मुख्य संसद सचिव** : आप मेरी अर्ज़ तो पहले सुन लीजिए। आप पहले रूलिंग दें कि क्या हाऊस का वक्त ज़ाया हुआ है या नहीं और फिर मैं विदडरा करूंगा। और क्या मोशन आप ने एडमिट किया है या नहीं और अगर मोशन एडमिट नहीं किया तो हाऊस का वक्त ज़रूर ज़ाया हुआ है मैं इस बात को पूरे ज़ोर से कह सकता हूं। (विघ्न) (शोर)

**Shri Balramji Dass Tandon :** He is challenging your authority, Sir.

**श्री अध्यक्ष** : आर्डर प्लीज़।

श्री मंगल सैन, आप भी चेयर को चैलेंज करते हैं तो इन्होंने भी करना शुरू कर दिया है। लेकिन मैं गरग साहिब को बताना चाहता हूं कि जो प्रोसीडिन्गज़ हाऊस में हो जाएं

[श्री अध्यक्ष]

और जिन की स्पीकर इजाज़त दे दे उस के बारे में यह कहना कि हाऊस का टाइम ज़ाया हो गया है मुनासिब नहीं आप ने 'जो टाइम वेस्ट हुआ है' के लफज़ इस्तेमाल किये हैं उन्हें आप वापिस ले लें और हाऊस की किसी प्रोसीडिंग्ज पर इस तरह के कुमैन्ट नहीं होने चाहिएं। ( Order please. Since Shri Mangal Sein challenges the Chair at times, he (the Chief Parliamentary Secretary) too has started doing so. But I would like to tell Shri Garg that it is not proper to say that the time of the House has been wasted on proceedings which have already taken place and which were permitted by the Speaker. He should withdraw the words used by him that the time of the House has been wasted. Any comments on the proceedings of the House should be avoided.)

**चीफ पार्लियामेंटरी सक्रेटरी** : जनाब, मैं ने जो हाऊस का टाइम ज़ाया होने के लफज़ कहे हैं उन्हें वापिस लेता हूं।

मेरी विनती यह है कि जहां तक प्वाइंट आफ आर्डर का ताल्लुक है इस को मिसयूज़ किया जाता है और इस तरह हाऊस का टाइम ज़ाया होता है और हाऊस की कोई कारवाई नहीं चल सकती इस लिये जो प्वाइन्ट आफ आर्डर नहीं थे उन्हें डिसअलौ करना चाहिए, (विघ्न) (शोर)।

**डा० बलदेव प्रकाश** : आन ए प्वाइन्ट आफ आर्डर, सर। चीफ पार्लियामेंटरी सैक्रेटरी ने दो दफा इस हाऊस की इन्सलट की है पहली दफा यह कह कर कि हाऊस का टाइम ज़ाया हुआ है हालांकि आप की इजाज़त से हाऊस की प्रोसीडिंग्ज़ चली थीं और इस आगस्ट हाऊस में पब्लिक के नुमाइन्दों को अपनी फीलिंगज़ को हाऊस में रखने का हक होता है। इस तरह कह कर यह गुस्ताखी कर रहे हैं और दूसरा यह कह कर कि प्वाइंट आफ आर्डर में टाइम वेस्ट किया गया है और इस को मिसयूज़ किया गया है यह कह कर इन्होंने दूसरी बार फिर गुस्ताखी की है। प्वाइन्ट आफ आर्डर रेज़ करना तो मैम्बर साहिबान का एक प्रिविलिज है और कोई भी मैम्बर जब चाहे विवस्था प्रश्न पूछ सकता है यह एक बेसिक और एलीमेंटरी नालेज है अगर चीफ़ पार्लियामेंटरी सैक्रेटरी साहिब को इन बातों का भी पता नहीं तो इन्हें किस मैरिट की बिना पर पार्लियामेंटरी सैक्रेटरी बनाया गया है? (विघ्न) तो मैं यह कहना चाहता हूं कि जो प्रोसीडिंगज़ आप की इजाज़त से चलीं और जिस को आप ने रैलेवेंट करार दिया है उस के बारे में इन्होंने कहा है कि हाऊस का टाइम ज़ाया हुआ है यह इन्होंने दूसरी गुस्ताखी की है। अगर इस तरह का एलीमेंट हाऊस में हो जिन्हें ऐसी बातों का भी ज्ञान न हो तो हाऊस का डीकोरम कैसे रह सकता है।

**Transport and Elections Minister :** Mr. Speaker, I am very sorry that there has been so much unnecessary debate over it and a lot of heat generated. I would request you to kindly see that the matter is dropped now. It may, however, be discussed on some other occasion. The Das Commission has

been referred to from the other side. So my colleague also spoke on that, otherwise we have no right to comment on it. Secondly, a point has also been raised about the schools. I may state that there are no Rules prohibiting the giving of discretionary grant to schools, no matter whether they are situated in village Kairon or somewhere else. Thirdly, I do admit that I was a great opponent of Sardar Partap Singh Kairon. But, now when he is no more, all controversies should end, and we should not bring in any politics. There is no doubt that he was murdered in broad day light. That act of violence must be condemned by one and all be they his friends or enemies. To say that a memorial for him should not be raised, is not proper.

**श्री जगन्नाथ** : ग्रान ए प्वाइन्ट ग्राफ ग्रार्डर, सर । . . .

**श्री ग्रध्यक्ष** : ग्राप को ग्रच्छी कनवैनशन्ज़ कायम करनी चाहिए । ग्रगर कोई ग्रुप लीडर खड़ा हो तो उस को इन्ट्रप्ट किया जाए तो इस तरह हाऊस का डेकोरम नहीं रहता । (The hon. Member should set up good conventions. If a group leader, who is in possession of the House, is interrupted, this detracts the dignity of the House.)

**श्री जगन्नाथ** : मुझे सब पता है जी मैं तो प्वायंट ग्राफ ग्रार्डर करना चाहता हूं ।

**श्री ग्रध्यक्ष** : ग्राप को तो लैफ्ट ग्रौर राइट हिट करने की ग्रौर लूज़ली बातें करने की ग्रादत है ग्राप को ऐसा नहीं करना चाहिए । (It has become a habit with the hon. Member to hit right and left and talk loosely. He should avoid this.)

**श्री जगन्नाथ** : ग्राप भी कैरों के चमचे रहे हैं इसलिये ग्राप ऐसा कहते हैं । (शोर) (विघ्न) ।

**Mr. Speaker** : I do not recognise this.

**Chief Parliamentary Secretary** : These words may be expunged, Sir.

**Mr. Speaker** : No, let them remain. Will Shri Jagan Nath please withdraw these words ?

**श्री जगन्नाथ** : मैं यह लफज़ वापिस लेता हूं । लेकिन मैंने टाइम ज़रूर लेना है ।

**श्री ग्रध्यक्ष**: टाइम किस को देना है ग्रौर कब देना है यह मेरा राईट है । (It is my right to determine when and to whom time is to be given.)

**श्री जगन्नाथ** : मगर यह भी तो मेरा राईट है कि मुझे टाइम मिले ।

**Mr Speaker** : All right. The hon. Member should speak strictly on a point of order. I will not allow him to go beyond that.

**श्री जगन्नाथ** : मेरा प्वायंट ग्राफ ग्रार्डर यह है, स्पीकर साहिब, कि ग्राज यह कैरों साहिब का मैमोरियल बनाने लग पड़े हैं मगर कैरों साहिब की ग्राखरी इच्छा की तरफ इन्होंने कोई ध्यान नहीं दिया । 13 ग्रप्रैल, 1964 की ग्राप मेरी स्पीच देखें जिस में मैंने कहा था कि कैरों साहिब ग्रापका मैमोरियल बनाऊंगा । इस के जवाब में उन्होंने कहा था कि पहले मैं तेरा मैमोरियल बनाऊंगा फिर देखा जायेगा । इस लिये मेरा कहना तो यही है कि जब तक उन की ग्राखरी इच्छा पूरी ना हो यह मैमोरियल बनाया ही न जाये ।

**लोक कर्म मंत्री**: स्पीकर साहिब, इनके मैमोरियल के लिये मैं अपनी जेब से 5/- रुपए देता हूं। (हंसी)

**Pandit Chiranji Lal Sharma :** The other Ministers should also follow suit.....

इन के साथ ही 5–5/- की कंट्रिब्यूशन को सारे मिनिस्टरों को फालो करना चाहिये।

**परिवहन तथा निर्वाचन मंत्री** : श्री जगन्नाथ मेरे तो पुराने दोस्त हैं। जितनी वह कंट्रिब्यूशन करेंगे उतनी मैं कर दूंगा।

**Sardar Gurnam Singh :** Mr. Speaker, Sir. I am a signatory ...

**चौधरी नेत राम** : मेरी प्रार्थना यह है कि सरदार गुरनाम सिंह जी की मांग तो पंजाबी सूबा की है। मगर वह भाषण अंग्रेज़ी में कर रहे हैं। इन्हें कहो कि वह पंजाबी में बोलें ताकि हमें भी कोई फायदा हो।

**Sardar Gurnam Singh :** Mr. Speaker, Sir, I am a signatory to this adjournment motion because it is based on a very fundamental principle. I need not go into the details of the things which are known to you, Sir, as also to the Hon. House that on a petition by the opposition Parties the President of India appointed a Commission to enquire into the corruption of the late Chief Minister. So far as his murder is concerned, we condemned it at the appropriate occasion and we condemn it again and we say that it is the duty of this Government to prosecute his murderers and take them to a successful prosecution. We are one with them. But as for his memorial to be raised out of the public fund tax payers' fund we strongly oppose it. The reasons are these. Sir, I am very sorry the Minister for Parliamentary Affairs made an effort to give a twist to mix it up with a school at Kairon. You, Sir, yourself were present in the meeting, as reported by the Press. I leave it to you to judge whether what he has stated here on the floor of the House are the correct things or wrong. But I give credit to Mr. Ranbir Singh who did admit that the money given out of his discretionary fund was for the raising of memorial to the late Mr. Partap Singh Kairon. I give him credit. But I am sorry for his presumptuousness where he tried to give his judgement over Mr. Das's Report. We are not concerned with this. We are concerned with two or three points. A commission of enquiry was appointed at the instance of Opposition Parties to go into the complaints. The Commission was no less a person than the retired Chief Justice of India, Mr. Justice Das. He gave certain findings and as a consequence of those findings the late Chief Minister was forced to resign by the Congress High Command and the Central Government. As a consequence of that he resigned. Well, the matter ended. As far as Mr. Kairon is concerned, we have forgotten these things and we wanted to forget them. But the internal politics of the Congress Party does not allow the matter to rest. There is a vocal section and names are given here which is being wooed by various groups of the Treasury Benches in order to please them and to win their votes. Here are the names of the Ministers who have announced the donation for the raising of the memorial.......

**Mr. Speaker :** Please be brief.

**Sardar Gurnam Singh :** I am coming to the vital question only. I have left it to the Hon. Speaker to see that because he was present there. The Chief Minister is reported to have said that Government have allocated Rs. 25,000 to the Agriculture University of Ludhiana for giving scholarships and stipends to research students to perpetuate Mr. Kairon's memory.

Similarly, Sardar Gurdial Singh Dhillon, Mr. Ranbir Singh, Mr. Kapur Singh Mr. Ajmer Singh and Mr. Chand Ram, all Ministers of this Government, announced a donation of Rs. 50,000 out of their discretionary funds for, raising a suitable memorial to the late Mr. Kairon.

(Voices from the Opposition : Shame).

It is not a question of Kairon school into the intricacies of which the Minister for Parliamentary Affairs wanted us to take. So, Sir, it is obvious that out of tax payers' money the Ministers of Punjab have announced to give Rs. 75,000 for raising memorial to Mr. Kairon. We feel that it is not raising of memorial. This Government is responsible for perpetuating corruption in this State. This is their responsibility. We wish, Sir, you had admitted the adjournment motion and I still request you to keep it pending and think over it and give us time to discuss this matter further. But we have no effective method at this time to dis-associate ourselves from this action of the Government except the one which we are going to follow without any disrespect to the Chair. We want to get away from the House for a little while to dis-associate ourselves from the Punjab Government's this questionable action in giving money for the memorial of Mr. Kairon. We therefore, Sir, without any disrespect to you, I again say 'without any disrespect to you', walk out of this House.

---

**Walk-out**

(At this stage all the Members of the opposition staged a walk-out).

**श्री अध्यक्ष** : मेरा ऐडजर्नमैण्ट मोशन्ज़ और काल अटैनशन्ज के बारे में वही रूलिंग है जो पहले था। (My ruling regarding the Call Attention Notice and adjournment motions, which was given earlier, stands.)

## GOVERNOR'S ADDRESS

(Copy laid on the Table of the House).

**Mr. Speaker :** In pursuance of Rule 18 of the Rules of Procedure and conduct of Business in the Punjab Legislative Assembly I have to report that the Governor was pleased to address both the Houses of the State Legislature assembled together on th 14th February, 1966, under Article 176(1) of the Constitution.

A copy of the Address is laid on the Table of the House.

ਸਾਥੀਓ,

ਵਿਧਾਨ ਮੰਡਲ ਦੇ ਇਸ ਅਹਿਮ ਸਾਲਾਨਾ ਸੈਸ਼ਨ ਤੇ ਮੈਂ ਆਪ ਜੀ ਨੂੰ ਜੀ ਆਇਆਂ ਕਹਿੰਦ ਹਾਂ। ਅੱਜ ਅਸੀਂ ਸ਼ੋਕਮਈ ਵਾਤਾਵਰਨ ਵਿਚ, ਬੜੇ ਭਾਰੇ ਮਨਾਂ ਨਾਲ ਇਕੱਤਰ ਹੋ ਰਹੇ ਹਾਂ, ਕਿਉਂਜੋ ਸਾਰਾ ਰਾਸ਼ਟਰ ਅਜੇ ਆਪਣੇ ਹਰਦਿਲ-ਅਜ਼ੀਜ਼ ਸਵਰਗਵਾਸੀ ਪ੍ਰਧਾਨ ਮੰਤਰੀ, ਸ੍ਰੀ ਲਾਲ ਬਹਾਦਰ ਸ਼ਾਸਤਰੀ ਜੀ ਦੇ ਬੇਵਕਤ ਵਿਛੋੜੇ ਕਾਰਨ ਦੁਖੀ ਹੈ। ਸਵਰਗਵਾਸੀ ਪ੍ਰਧਾਨ ਮੰਤਰੀ ਕਰੋੜਾਂ ਦੇਸ਼ਵਾਸੀਆਂ ਦੇ ਸੁਪਨੇ-ਸੱਧਰਾਂ ਦੀ ਸਾਕਾਰ ਮੂਰਤੀ ਸਨ। ਉੱਨੀ ਮਹੀਨਿਆਂ ਦੇ ਥੋੜ੍ਹੇ ਜਿਹੇ ਸਮੇਂ ਅੰਦਰ ਆਪ ਜੀ ਨੇ ਸੰਸਾਰ ਭਰ ਦੇ ਪ੍ਰਸਿੱਧ ਸਿਆਸਤਦਾਨਾਂ ਵਿਚ ਆਪਣੀ ਥਾਂ ਬਣਾ ਲਈ ਅਤੇ ਦੇਸ਼-ਵਾਸੀਆਂ ਦੇ ਹਿਰਦੇ ਵਿਚ ਵੀ ਵੱਡੇ ਹੌਸਲੇ, ਭਰੋਸੇ ਤੇ ਸਵੈਮਾਨ ਦੀ ਜੋਤ ਜਗਾ ਦਿੱਤੀ। ਆਪ ਜੀ ਦੀ ਦ੍ਰਿੜ੍ਹਤਾ ਅਤੇ ਨਿਰਮਾਣਤਾ ਨੇ ਦੇਸ਼ਵਾਸੀਆਂ ਨੂੰ ਮੋਹ ਲਿਆ। ਦੇਸ਼ ਦੇ ਗਲ ਧੱਕੇ ਨਾਲ ਮੜ੍ਹੇ ਗਏ ਯੁੱਧ ਵਿਚ ਆਪ ਨੇ ਰਾਸ਼ਟਰ ਦੀ ਅਗਵਾਈ ਕਰਦਿਆਂ ਸਫ਼ਲਤਾ ਦੀਆਂ ਸਿਖਰਾਂ ਛੂਹੀਆਂ ਅਤੇ ਉਸ ਉਪਰੰਤ ਸ਼ਾਂਤੀ ਦੀ ਵੇਦੀ ਤੇ ਆਪਣੇ ਪ੍ਰਾਣਾਂ ਦਾ ਬਲੀਦਾਨ ਦੇ ਦਿੱਤਾ। ਗਵਾਂਢੀ

ਦੇਸ਼ ਪਾਕਿਸਤਾਨ ਨਾਲ ਮਿਲ ਕੇ ਕੀਤਾ ਗਿਆ ਤਾਸ਼ਕੰਦ ਐਲਾਨ ਕੇਵਲ ਇਕ ਸਿਆਸੀ ਸਮਝੌਤਾ ਹੀ ਨਹੀਂ, ਸਗੋਂ ਉਹ ਤਾਂ ਇਸ ਗੱਲ ਦਾ ਪਰਤੱਖ ਸਬੂਤ ਹੈ ਕਿ ਅਸੀਂ ਆਪਣੀਆਂ ਸਾਰੀਆਂ ਸਮੱਸਿਆਵਾਂ ਸ਼ਾਂਤੀ ਨਾਲ ਹਲ ਕਰਨ ਦੇ ਚਾਹਵਾਨ ਹਾਂ। ਮੇਰਾ ਵਿਸ਼ਵਾਸ ਹੈ ਕਿ ਅਸੀਂ ਸਾਰੇ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਸੱਚੇ ਦਿਲੋਂ ਚਲਦੇ ਰਹਾਂਗੇ

ਅਸੀਂ ਸਾਰੇ ਜੋ ਇਥੇ ਇਕੱਤਰ ਹੋਏ ਹਾਂ, ਇਕ ਤਰ੍ਹਾਂ ਨਾਲ ਸੰਸਥਾ ਦੇ ਰੂਪ ਵਿਚ ਲੋਕਰਾਜ, ਧਰਮ-ਨਿਰਪਖਤਾ ਅਤੇ ਨਿਆਂ ਦੇ ਆਦਰਸ਼ਾਂ ਦੀ ਪ੍ਰਤੀਨਿਧਤਾ ਕਰਦੇ ਹਾਂ। ਇਹ ਆਦਰਸ਼ ਸਾਨੂੰ ਬਹੁਤ ਪਿਆਰੇ ਹਨ ਅਤੇ ਅਸੀਂ ਇਨ੍ਹਾਂ ਦੀ ਪੂਰਤੀ ਲਈ ਪੂਰਾ ਤ੍ਰਾਣ ਲਗਾ ਦੇਵਾਂਗੇ। ਜਿਸ ਗੌਰਵ ਅਤੇ ਵਿਸ਼ਵਾਸ ਨਾਲ ਸਾਡੀ ਕੌਮ ਨੇ ਨਵੇਂ ਪ੍ਰਧਾਨ ਮੰਤਰੀ ਜੀ ਨੂੰ ਆਪਣਾ ਨੇਤਾ ਪਰਵਾਨ ਕੀਤਾ ਹੈ, ਉਹ ਸਾਡੀਆਂ ਸਿਆਸੀ ਸੰਸਥਾਵਾਂ ਦੀ ਖੁਲ-ਦਿਲੀ ਅਤੇ ਰਵਾਇਤਾਂ ਦੀ ਸਵੱਛਤਾ ਦਾ ਸੂਚਕ ਹੈ। ਮੈਨੂੰ ਵਿਸ਼ਵਾਸ ਹੈ ਕਿ ਅਸੀਂ ਆਪਣੇ ਨਵੇਂ ਪ੍ਰਧਾਨ ਮੰਤਰੀ ਜੀ ਨੂੰ ਆਪਣਾ ਪੂਰਾ ਸਹਿਯੋਗ ਦਿਆਂਗੇ। ਦੇਸ਼ ਦੇ ਬਹੁਤ ਸਾਰੇ ਵੱਡੇ ਵੱਡੇ ਕੰਮਾਂ ਨੂੰ ਸਫਲਤਾ ਸਹਿਤ ਨਜਿੱਠਣ ਵਿਚ ਸਾਡੀਆਂ ਸ਼ੁਭ-ਇੱਛਾਵਾਂ ਉਨ੍ਹਾਂ ਦੇ ਨਾਲ ਹਨ। (cheers)

2. ਸ੍ਰੀ ਨਰ ਹਰੀ ਵਿਸ਼ਨੂੰ ਗਾਡਗਿਲ ਦੇ ਸਵਰਗਵਾਸ ਹੋਣ ਨਾਲ ਸਾਨੂੰ ਇਕ ਹੋਰ ਬੜਾ ਵੱਡਾ ਸਦਮਾ ਹੋਇਆ ਹੈ। ਰਾਜਪਾਲ ਦੇ ਰੂਪ ਵਿਚ ਆਪ ਜੀ ਨੇ ਚਾਰ ਸਾਲ ਤੋਂ ਵਧ ਸਮੇਂ ਲਈ ਰਾਜ ਦੀਆਂ ਸਰਗਰਮੀਆਂ ਦੀ ਸਯੋਗ ਅਗਵਾਈ ਕੀਤੀ। ਉਹ ਇਕ ਨਿਧੜਕ ਵਿਚਾਰ-ਵਾਨ ਅਤੇ ਮਹਾਨ ਦੇਸ਼-ਭਗਤ ਸਨ। ਸਾਨੂੰ ਆਪਣੇ ਪ੍ਰਸਿੱਧ ਸਾਇੰਸਦਾਨ ਡਾਕਟਰ ਭਾਭਾ ਅਤੇ ਹੋਰ ਬਹੁਤ ਸਾਰੇ ਵਿਅਕਤੀਆਂ ਦੀ ਅਫ਼ਸੋਸਨਾਕ ਹਵਾਈ ਹਾਦਸੇ ਵਿਚ ਮ੍ਰਿਤੂ ਹੋ ਜਾਣ ਤੇ ਗਹਿਰਾ ਦੁੱਖ ਹੈ। ਸਾਲ ਦੇ ਦੌਰਾਨ ਬਦਕਿਸਮਤੀ ਨਾਲ ਸਾਨੂੰ ਵਿਧਾਨ ਮੰਡਲ ਦੇ ਦੋ ਮੈਂਬਰਾਂ, ਕਾਮਰੇਡ ਦੀਦਾਰ ਸਿੰਘ ਅਤੇ ਸ੍ਰੀ ਹਰਿੰਦਰ ਸਿੰਘ ਸਿਰੋਹੀ ਦਾ ਵੀ ਵਿਛੋੜਾ ਬਰਦਾਸ਼ਤ ਕਰਨਾ ਪਿਆ ਹੈ। ਅਸੀਂ ਉਨ੍ਹਾਂ ਦੀ ਯਾਦ ਭੁਲਾ ਨਹੀਂ ਸਕਾਂਗੇ।

3. ਪਿਛਲੇ ਸਾਲ ਵਿਚ ਸਾਨੂੰ ਸੰਕਟ ਤੇ ਬਿਪਤਾ ਦਾ ਸਾਹਮਣਾ ਕਰਨਾ ਪਿਆ। ਸਾਡੇ ਦੇਸ਼ ਦੀਆਂ ਸਰਹੱਦਾਂ ਉੱਤੇ ਜਦੋਂ ਪਾਕਿਸਤਾਨੀ ਧਾੜਵੀਆਂ ਨੇ ਹੱਲਾ ਬੋਲ ਦਿੱਤਾ ਤਾਂ ਰਾਜ ਸਰਕਾਰ ਨੂੰ ਅਤਿਅੰਤ ਕਠਨ ਤੇ ਨਾਜ਼ਕ ਹਾਲਤ ਦਾ ਟਾਕਰਾ ਕਰਨਾ ਪਿਆ। ਜਿੱਥੇ ਸਾਡੀਆਂ ਹਥਿਆਰਬੰਦ ਫੌਜਾਂ ਨੇ ਆਪਣੀ ਦਲੇਰੀ, ਬਹਾਦਰੀ ਤੇ ਕੁਰਬਾਨੀ ਦੀ ਰਵਾਇਤ ਨੂੰ ਕਾਇਮ ਰਖਦਿਆਂ ਸਾਡੇ ਇਤਿਹਾਸ ਵਿਚ ਸਨਹਿਰੀ ਕਾਂਡ ਲਿਖਿਆ, ਉੱਥੇ ਸਾਰੇ ਪੰਜਾਬੀਆਂ ਨੇ, ਅਰਥਾਤ ਕਿਸਾਨਾਂ, ਵਪਾਰੀਆਂ, ਕਾਰੀਗਰਾਂ ਅਤੇ ਇਸਤਰੀਆਂ ਤਕ ਨੇ ਵੀ, ਸਮੇਂ ਦੀ ਵੰਗਾਰ ਨੂੰ ਕਬੂਲ ਕਰ ਕੇ ਬੜੀ ਹਿੰਮਤ, ਹੌਸਲੇ ਅਤੇ ਸਹਿਨਸ਼ੀਲਤਾ ਦਾ ਬੇਮਿਸਾਲ ਸਬੂਤ ਪੇਸ਼ ਕੀਤਾ। ਉਨ੍ਹਾਂ ਨੇ ਫੌਜ ਅਤੇ ਪੁਲਿਸ ਦੀ ਵਿਤੋਂ ਵੱਧ ਸਹਾਇਤਾ ਕੀਤੀ। ਹਰ ਵਰਗ ਦੇ ਸਰਕਾਰੀ ਕਰਮਚਾਰੀਆਂ ਨੇ ਵੀ ਆਪੋ ਆਪਣਾ ਕੰਮ ਜੀ-ਜਾਨ ਨਾਲ ਪੂਰਾ ਕੀਤਾ। ਦੁਸ਼ਮਨ ਨਾਲ ਲੋਹਾ ਲੈਣ ਲਈ ਅਤੇ ਉਸ ਦੇ ਛਾਤਾ-ਫੌਜੀਆਂ ਨੂੰ ਪਕੜਨ ਲਈ ਸਾਡੀ ਫੌਜ, ਪੁਲਿਸ ਤੇ ਹੋਮਗਾਰਡ ਵਾਸਤੇ ਸਪਲਾਈ ਲਾਈਨ ਚਾਲੂ ਰਖਣ ਲਈ ਟਰੱਕ ਡਰਾਈਵਰਾਂ, ਕੰਡਕਟਰਾਂ ਅਤੇ ਕਲੀਨਰਾਂ ਨੇ ਸਿਰਧੜ ਦੀ ਬਾਜ਼ੀ ਲਾ ਕੇ ਜਿਸ ਲਗਨ, ਉਤਸ਼ਾਹ ਤੇ ਜੁਰੱਅਤ ਨਾਲ ਸੇਵਾ ਕੀਤੀ ਉਹ ਅਤਿਅੰਤ ਸ਼ਲਾਘਾ-ਯੋਗ ਹੈ। ਪੰਜਾਬ ਰੱਖਿਆ ਅਤੇ ਸੁਰੱਖਿਆ ਸਹਾਇਤਾ ਫੰਡ ਵਾਸਤੇ ਲਗ ਭਗ ਚਾਰ ਕਰੋੜ ਰੁਪਏ ਦੀ ਰਕਮ ਇਕੱਠੀ ਕਰਨ ਲਈ ਜੋ ਅਣਥਕ ਯਤਨ ਕੀਤੇ ਗਏ, ਮੈਂ ਉਨ੍ਹਾਂ ਦਾ ਵੀ ਜ਼ਿਕਰ ਕਰਨਾ ਚਾਹੁੰਦਾ ਹਾਂ। ਹਰੇਕ ਪੰਜਾਬੀ ਨੇ ਦੇਸ਼-ਪਿਆਰ ਦੇ ਜਜ਼ਬੇ ਵਿਚ ਖੀਵਿਆਂ ਹੋ ਕੇ ਜੋ ਤਿਲਫੁਲ ਇਸ ਫੰਡ ਵਿਚ ਭੇਟ ਕੀਤਾ ਹੈ, ਅਸੀਂ ਉਨ੍ਹਾਂ ਦੇ ਰਿਣੀ ਹਾਂ।

4. ਆਜ਼ਾਦੀ ਮਿਲਣ ਉਪਰੰਤ ਇਨ੍ਹਾਂ ਨਾਜ਼ਕ ਮੌਕਿਆਂ ਤੇ ਸਾਡਾ ਕਰਤੱਵ ਬਣਦਾ ਹੈ ਕਿ ਅਸੀਂ ਰਾਸ਼ਟਰ ਪਿਤਾ ਗਾਂਧੀ ਜੀ ਦੀ ਯਾਦ ਵਿਚ ਜੁੜੀਏ ਅਤੇ ਉਨ੍ਹਾਂ ਪ੍ਰਤੀ ਆਪਣਾ ਰਿਣ ਚੁਕਾਉਣ ਦੀ ਪ੍ਰਤੱਗਿਆ ਕਰੀਏ, ਕਿਉਂਜੋ ਆਜ਼ਾਦੀ ਤੇ ਏਕਤਾ ਲਈ ਅਸੀਂ ਉਨ੍ਹਾਂ ਦੇ ਦੇਣਦਾਰ ਹਾਂ। ਕੁਝ ਸਮੇਂ ਮਗਰੋਂ ਉਨ੍ਹਾਂ ਦਾ ਸੌ ਸਾਲਾ ਜਨਮਦਿਨ ਮਨਾਉਣ ਦੀਆਂ ਤਿਆਰੀਆਂ ਸ਼ੁਰੂ ਹੋ ਜਾਣਗੀਆਂ ਅਤੇ ਸਾਨੂੰ ਸਾਰਿਆਂ ਨੂੰ ਇਸ ਉਤਸਵ ਦੀ ਸਫਲਤਾ ਵਾਸਤੇ ਵਧ ਚੜ੍ਹ ਕੇ ਹਿੱਸਾ ਪਾਉਣਾ ਚਾਹੀਦਾ ਹੈ।

ਛੇਤੀ ਹੀ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਤਿੰਨ ਸੌ ਸਾਲਾ ਜਨਮ ਦਿਨ ਵੀ ਮਨਾਵਾਂਗੇ ਅਤੇ ਸਾਡੀ ਸਰਕਾਰ ਇਸ ਕੰਮ ਵਿਚ ਖੁਲ੍ਹੇ ਦਿਲ ਨਾਲ ਹਿੱਸਾ ਲਵੇਗੀ। ਇਸ ਸ਼ੁਭ ਅਵਸਰ ਦੀ ਉਚੇਰੀ ਮਹਾਨਤਾ ਹੈ, ਕਿਉਂਜੋ ਅਸੀਂ ਉਸ ਮਹਾਨ ਯੋਧੇ ਨੂੰ ਆਪਣੀ ਸ਼ਰਧਾਂਜਲੀ ਭੇਟ ਕਰਾਂਗੇ, ਜਿਨ੍ਹਾਂ ਨੇ ਦੇਸ਼ ਦੀ ਆਨ ਸ਼ਾਨ ਨੂੰ ਕਾਇਮ ਰਖਣ ਵਾਸਤੇ ਆਪਣਾ ਸਰਬੰਸ ਕੁਰਬਾਨ ਕਰ ਦਿਤਾ ਅਤੇ ਲੋਕਾਂ ਵਿਚ ਦੇਸ਼-ਪਿਆਰ ਤੇ ਰਾਸ਼ਟਰਵਾਦ ਦਾ ਜ਼ਬਰਦਸਤ ਜਜ਼ਬਾ ਪੈਦਾ ਕੀਤਾ ਪਿਛਲੇ ਦਿਨਾਂ ਵਿਚ ਗੁਰੂ ਸਾਹਿਬ ਦੇ ਪਵਿੱਤਰ ਸ਼ਸਤਰਾਂ ਦਾ ਸਵਾਗਤ ਅਤੇ ਦਰਸ਼ਨ ਕਰਨ ਲਈ ਸਾਰੇ ਲੋਕਾਂ ਨੇ ਜਿਵੇਂ ਹੁਮ ਹੁਮਾ ਕੇ ਉਤਸ਼ਾਹ ਤੇ ਉਮਾਹ ਪ੍ਰਗਟ ਕੀਤਾ ਹੈ ਉਹ ਗੁਰੂ ਜੀ ਮਹਾਰਾਜ ਦੀ ਯਾਦ ਪ੍ਰਤੀ ਪੰਜਾਬੀਆਂ ਦੀ ਸੱਚੀ ਸੁੱਚੀ ਸ਼ਰਧਾ ਦਾ ਬੇਨਜ਼ੀਰ ਸਬੂਤ ਸੀ। ਇਹ ਪਵਿੱਤਰ ਸ਼ਸਤਰ, ਸਾਡੀ ਬੇਨਤੀ ਤੇ ਹੀ ਭਾਰਤ ਸਰਕਾਰ ਨੇ ਏਨੇ ਲੰਮੇ ਸਮੇਂ ਬਾਅਦ ਇੰਗ-ਲੈਂਡ ਤੋਂ ਵਾਪਸ ਲਿਆਂਦੇ ਹਨ।

**ਆਮ ਪ੍ਰਬੰਧ, ਪੁਲਿਸ, ਹੋਮ ਗਾਰਡ ਅਤੇ ਸਿਵਲ ਰੱਖਿਆ**

5. ਪਾਕਿਸਤਾਨ ਨਾਲ ਇਸ ਲੜਾਈ ਦੇ ਦੌਰਾਨ, ਅਸਾਂ ਹਰੇਕ ਥਾਂ ਤੁਰਤ ਹੀ ਆਪਣੇ ਆਮ ਪ੍ਰਬੰਧ ਨੂੰ ਚੰਗੇਰਾ ਬਣਾ ਕੇ ਰੱਖਿਆ ਦੀਆਂ ਲੋੜਾਂ ਦੇ ਅਨੁਸਾਰ ਢਾਲ ਲਿਆ। ਸਰਹੱਦਾਂ ਤੇ ਤੈਨਾਤ ਸਾਰੀ ਦੀ ਸਾਰੀ ਪੰਜਾਬ ਹਥਿਆਰਬੰਦ ਪੁਲਿਸ ਨੂੰ ਫੌਜ ਦੀ ਕਮਾਂਡ ਹੇਠ ਕਰ ਦਿੱਤਾ ਗਿਆ। ਸਾਡੀ ਹਥਿਆਰਬੰਦ ਪੁਲਿਸ ਨੇ ਬਹੁਤ ਸਾਰੀਆਂ ਥਾਵਾਂ ਤੇ ਫੌਜ ਦੇ ਮੋਢੇ ਨਾਲ ਮੋਢਾ ਜੋੜ ਕੇ ਲੜਾਈ ਕੀਤੀ। ਇਸ ਲਈ ਲੜਾਈ ਵਿਚ ਪੁਲਿਸ ਦੇ 66 ਆਦਮੀ ਸ਼ਹੀਦ ਹੋਏ ਅਤੇ 133 ਜ਼ਖਮੀ ; 17 ਆਦਮੀ ਲਾ-ਪਤਾ ਹਨ ਅਤੇ 18 ਆਦਮੀਆਂ ਨੂੰ ਜੰਗੀ ਕੈਦੀ ਬਣਾ ਲਿਆ ਗਿਆ। ਇਸ ਤੋਂ ਇਲਾਵਾ ਦੁਸ਼ਮਨ ਦੀ ਬੰਬਾਰੀ ਨਾਲ ਹੋਮ ਗਾਰਡ ਦੇ 14 ਆਦਮੀ ਮਾਰੇ ਗਏ। ਜਦ ਦੁਸ਼ਮਨ ਦੇ ਛਾਤਾ-ਫੌਜੀ ਅਚਾਨਕ ਉਤਰਨ ਲਗ ਪਏ ਤਾਂ ਸਾਡੇ ਲਈ ਇਕ ਗੰਭੀਰ ਸਮੱਸਿਆ ਪੈਦਾ ਹੋ ਗਈ। ਭਾਵੇਂ ਉਹ ਬਹੁਤ ਵਧੀਆ ਕਿਸਮ ਦੇ ਆਟੋਮੈਟਿਕ ਹਥਿਆਰਾਂ ਨਾਲ ਲੈਸ ਸਨ, ਫਿਰ ਵੀ ਸਾਡੀ ਪੁਲਿਸ, ਹੋਮ ਗਾਰਡ ਤੇ ਸਥਾਨਕ ਲੋਕਾਂ ਨੇ ਉਨ੍ਹਾਂ ਨਾਲ ਬੜੀ ਚੰਗੀ ਤਰ੍ਹਾਂ ਨਿਪਟ ਲਿਆ ਅਤੇ ਦੇਸ਼ ਖ਼ਾਤਰ ਆਪਣੀ ਜਾਨ ਦੀ ਜ਼ਰਾ ਜਿੰਨੀ ਵੀ ਪਰਵਾਹ ਨਾ ਕਰਦੇ ਹੋਏ ਬੜੀ ਦਲੇਰੀ ਦਾ ਸਬੂਤ ਦਿੱਤਾ। ਦੁਸ਼ਮਨ ਦੇ 172 ਛਾਤਾ-ਫੌਜੀਆਂ ਵਿਚੋਂ 136 ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ 22 ਜਾਨੋਂ ਮਾਰ ਦਿੱਤੇ ਗਏ। ਜਿਨ੍ਹਾਂ ਥਾਵਾਂ ਨੂੰ ਦੁਸ਼ਮਨ ਨੁਕਸਾਨ ਪੁਚਾ ਸਕਦਾ ਸੀ, ਉਨ੍ਹਾਂ ਦੀ ਮੁਨਾਸਿਬ ਹਿਫਾਜ਼ਤ ਕੀਤੀ ਗਈ। ਸਿਵਲ-ਆਵਾਜਾਈ ਨੂੰ ਹੋਰ ਪਾਸੇ ਵੱਲ ਬਦਲ ਕੇ ਅਹਿਮ ਸੜਕਾਂ ਨੂੰ ਖਾਲੀ ਰਖਣ ਵਿਚ ਲੋਕਾਂ ਤੇ ਪੁਲਿਸ ਨੇ ਪੂਰਾ ਪੂਰਾ ਸਹਿਯੋਗ ਦਿਤਾ। ਅਜਿਹੀ ਹਾਲਤ ਕਾਰਣ ਪੁਲਿਸ ਦੇ ਸਿਰ ਆ ਪਈ ਇਸ ਔਖੀ ਡਿਊਟੀ ਦੇ ਬਾਵਜੂਦ, ਅਮਨ ਅਮਾਨ ਦੀ ਹਾਲਤ ਪੂਰੇ ਕਾਬੂ ਵਿਚ ਰਹੀ। ਉਂਜ ਵੀ, ਇਸ ਸਾਲ, ਸਮੁੱਚੇ ਤੌਰ ਤੇ ਜੁਰਮਾਂ ਦੀਆਂ ਵਾਰਦਾਤਾਂ ਘਟ ਹੀ ਹੋਈਆਂ ਹਨ। ਇਸ ਗੱਲ ਦਾ ਸਿਹਰਾ ਲੋਕਾਂ ਦੇ ਸਿਰ ਹੀ ਹੈ ਕਿਉਂਕਿ ਅਜਿਹੀ ਨਾਜ਼ਕ ਹਾਲਤ ਵਿਚ, ਹਰ ਪੱਖ ਦੇ ਲੋਕਾਂ ਨੇ ਪਿਆਰ ਤੇ ਮੇਲ-ਮਿਲਾਪ ਕਾਇਮ ਰਖਿਆ।

ਆਪਣੇ ਪਿਛਲੇ ਤਜਰਬੇ ਦੀ ਰੋਸ਼ਨੀ ਵਿਚ, ਸਾਨੂੰ ਸਿਵਲ ਰੱਖਿਆ ਦੇ ਕੰਮ ਨੂੰ ਇਸ ਢੰਗ ਨਾਲ ਸੰਗਠਤ ਕਰਨਾ ਪਵੇਗਾ ਅਤੇ ਇਸ ਵਿਚ ਹੋਰ ਵਾਧਾ ਕਰਨਾ ਪਵੇਗਾ ਕਿ ਇਹ ਅਜਿਹੇ ਸੰਕਟ-ਕਾਲ ਦੀਆਂ ਲੋੜਾਂ ਤੇ ਪੂਰਾ ਉਤਰ ਸਕੇ। ਸਰਹੱਦ ਅਤੇ ਹੋਰਨਾਂ ਥਾਵਾਂ ਤੇ ਰੱਖਿਆ ਸਬੰਧੀ ਸਾਡੀਆਂ ਜੋ ਵਿਸ਼ੇਸ਼ ਲੋੜਾਂ ਹਨ, ਉਨ੍ਹਾਂ ਬਾਰੇ ਕੇਂਦਰੀ ਸਰਕਾਰ ਨੂੰ ਭਲੀ ਭਾਂਤ ਸੂਚਿਤ ਕਰ ਦਿਤਾ ਗਿਆ ਹੈ।

**ਜਵਾਨਾਂ, ਪੰਜਾਬ ਹਥਿਆਰਬੰਦ ਪੁਲਿਸ ਦੇ ਕਰਮਚਾਰੀਆਂ, ਹੋਮਗਾਰਡ ਅਤੇ ਸਿਵਲ ਡਰਾਈਵਰਾਂ ਆਦਿ ਨੂੰ ਸਹਾਇਤਾ**

6. ਦੇਸ਼ ਦੀ ਰੱਖਿਆ ਲਈ ਸਾਡੇ ਜਵਾਨਾਂ, ਜਲ-ਸੈਨਕਾਂ ਅਤੇ ਹਵਾਬਾਜ਼ਾਂ ਨੇ ਜਿਹੜੀਆਂ ਬੇਮਿਸਾਲ ਕੁਰਬਾਨੀਆਂ ਕੀਤੀਆਂ, ਉਨ੍ਹਾਂ ਦੀ ਪ੍ਰਸੰਸਾ ਵਜੋਂ ਰਾਜ ਸਰਕਾਰ ਨੇ ਲੜਾਈ ਵਿਚ ਸ਼ਹੀਦ ਅਤੇ ਨਾਕਾਰਾ ਹੋਏ ਫੌਜੀਆਂ ਦੇ ਪਰਵਾਰਾਂ ਵਾਸਤੇ 2,000 ਤੋਂ 5,000 ਰੁਪਏ ਤਕ ਦੀਆਂ ਮਾਣ-ਅਰਥੀ ਗਰਾਂਟਾਂ ਮਨਜ਼ੂਰ ਕੀਤੀਆਂ ਹਨ। ਜਵਾਨਾਂ ਦੇ ਪਰਵਾਰਾਂ ਨੂੰ ਸੱਤ ਸਾਲਾਂ ਵਾਸਤੇ ਵਧੀ ਹੋਈ ਪਰਵਾਰ ਪੈਨਸ਼ਨ, ਆਖਰੀ ਤਨਖਾਹ ਦੀ ਰਕਮ ਦੇ 2/3 ਦੇ ਬਰਾਬਰ, ਮਿਲੇਗੀ। ਇਸ ਦੇ ਬਾਅਦ ਉਨ੍ਹਾਂ ਦੇ ਬੱਚਿਆਂ ਨੂੰ ਮੁੱਢਲੀ ਸਿਖਿਆ ਵਾਸਤੇ 10 ਰੁਪਏ ਮਾਹਵਾਰ ਤੋਂ ਲੈ ਕੇ, ਬਦੇਸ਼ਾਂ ਵਿਚ ਉਚੇਰੀ ਸਿਖਿਆ ਲਈ ਵਧ ਤੋਂ ਵਧ 250 ਰੁਪਏ ਮਾਹਵਾਰ ਤਕ, ਗਰਾਂਟਾਂ ਵੀ ਦਿੱਤੀਆਂ ਜਾਣਗੀਆਂ। ਅਸਾਂ ਇਹ ਵੀ ਫੈਸਲਾ ਕੀਤਾ ਹੈ ਕਿ ਹਾਲ ਦੀ ਲੜਾਈ ਵਿਚ ਸ਼ਹੀਦ ਜਾਂ ਨਾਕਾਰਾ ਹੋਏ ਸੈਨਕਾਂ ਦੇ ਬੱਚਿਆਂ ਨੂੰ, ਜਿਹੜੇ ਇਸ ਸਮੇਂ ਜਾਂ ਇਸ ਤੋਂ ਬਾਅਦ ਭਾਰਤ ਦੇ ਕਿਸੇ ਵੀ ਸੈਨਿਕ ਸਕੂਲ ਅਤੇ ਪਬਲਿਕ ਸਕੂਲ, ਨਾਭਾ ਵਿਚ ਦਾਖ਼ਲ ਹੋਣ, ਪੂਰੇ ਵਜ਼ੀਫੇ ਦਿੱਤੇ ਜਾਣ। ਜੰਗੀ ਕੈਦੀਆਂ ਦੇ ਪਰਵਾਰਾਂ ਨੂੰ ਵੀ 500 ਰੁਪਏ ਪਰਵਾਰ ਪ੍ਰਤੀ ਮਾਨ-ਅਰਥੀ ਗਰਾਂਟਾਂ ਦਿੱਤੀਆਂ ਗਈਆਂ ਹਨ ਅਤੇ ਹਰੇਕ ਨਾਬਾਲਗ ਅਤੇ ਆਸ੍ਰਤ ਬੱਚੇ ਨੂੰ 60 ਰੁਪਏ ਦਾ ਭੱਤਾ ਦਿੱਤਾ ਗਿਆ ਹੈ। ਇਸ ਤਰ੍ਹਾਂ ਦੀ ਸਹਾਇਤਾ ਛੇ ਮਹੀਨੇ ਤਕ ਉਨ੍ਹਾਂ ਕਰਮਚਾਰੀਆਂ ਦੇ ਪਰਵਾਰਾਂ ਨੂੰ ਵੀ ਦਿੱਤੀ ਗਈ ਹੈ ਜਿਹੜੇ ਲਾਪਤਾ ਹਨ ਅਤੇ ਬਾਅਦ ਵਿਚ ਜੇ ਉਨ੍ਹਾਂ ਦੇ ਸ਼ਹੀਦ ਜਾਂ ਨਾਕਾਰਾ ਹੋਣ ਦਾ ਐਲਾਨ ਕੀਤਾ ਗਿਆ ਤਾਂ ਉਨ੍ਹਾਂ ਨੂੰ ਸ਼ਹੀਦ ਜਾਂ ਨਾਕਾਰਾ ਜਵਾਨਾਂ ਦੇ ਪਰਵਾਰਾਂ ਵਾਂਗ ਹੀ ਪੂਰੀ ਇਮਦਾਦ ਦਿੱਤੀ ਜਾਵੇਗੀ। ਮਾਣ-ਅਰਥੀ ਗਰਾਂਟਾਂ ਦੀ ਇਹ ਇਮਦਾਦ ਪੰਜਾਬ ਹਥਿਆਰਬੰਦ ਪੁਲਿਸ ਦੇ ਸ਼ਹੀਦ ਅਤੇ ਨਾਕਾਰਾ ਕਰਮਚਾਰੀਆਂ ਦੇ ਪਰਵਾਰਾਂ ਨੂੰ ਵੀ ਦਿੱਤੀ ਗਈ ਹੈ। ਇਸ ਤੋਂ ਇਲਾਵਾ, ਜਿਨ੍ਹਾਂ ਮਾਪਿਆਂ ਦਾ ਇਕਲੌਤਾ ਲੜਕਾ ਜਾਂ ਤਿੰਨ ਜਾਂ ਤਿੰਨ ਤੋਂ ਵਧ ਲੜਕੇ ਫੌਜ ਵਿਚ ਹਨ ਜਾਂ ਜਿਨ੍ਹਾਂ ਨੇ ਮੌਜੂਦਾ ਸੰਕਟ-ਕਾਲ ਵਿਚ ਫੌਜ ਵਿਚ ਕੰਮ ਕੀਤਾ ਹੈ, ਉਨ੍ਹਾਂ ਨੂੰ ਜੰਗੀ ਜਗੀਰਾਂ ਦਿੱਤੀਆਂ ਜਾ ਰਹੀਆਂ ਹਨ।

ਪਰ, ਇਸ ਸਿਲਸਿਲੇ ਵਿਚ ਇਹ ਗੱਲ ਜ਼ਰੂਰੀ ਹੈ ਕਿ ਸਰਕਾਰ ਆਪਣੀ ਹਥਿਆਰਬੰਦ ਫੌਜ ਦੇ ਕਰਮ-ਚਾਰੀਆਂ ਦਾ ਖਿਆਲ ਕੇਵਲ ਲੜਾਈ ਦੇ ਦਿਨਾਂ ਵਿਚ ਹੀ ਨਾ ਰੱਖੇ, ਸਗੋਂ ਬਾਦ ਵਿੱਚ ਵੀ ਉਨ੍ਹਾਂ ਦੀ ਦੇਖ ਭਾਲ ਕਰੇ। ਇਸ ਲਈ ਰਾਜ ਸਰਕਾਰ ਨੇ ਸਾਬਕਾ ਫੌਜੀਆਂ ਨੂੰ ਚੰਗੀਆਂ ਅਸਾਮੀਆਂ ਤੇ ਲਾਉਣ ਦੇ ਮਨੋਰਥ ਨਾਲ ਰੋਜ਼ਗਾਰ ਦੇ ਸਾਧਨ ਲੱਭਣ ਵਾਸਤੇ ਇਕ ਚੋਣ ਅਤੇ ਸਲਾਹਕਾਰ ਕਮੇਟੀ ਬਣਾਈ ਹੈ। ਆਸ ਹੈ ਕਿ ਇਹ ਕਮੇਟੀ ਸਰਕਾਰ ਨੂੰ ਨਿੱਜੀ ਕਾਰੋਬਾਰ ਦੇ ਖੇਤਰ ਅਤੇ ਸੈਨਿਕ ਤਾਲਮੇਲ ਸੰਸਥਾ ਵਿਚਕਾਰ ਵਧੇਰੇ ਮਿਲਵਰਤਨ ਕਾਇਮ ਕਰਨ ਦੇ ਯੋਗ ਬਣਾਵੇਗੀ।

ਇਸ ਸੰਕਟ ਕਾਲ ਵਿਚ ਸੇਵਾ ਕਰਦਿਆਂ ਸ਼ਹੀਦ ਹੋਏ ਡਰਾਈਵਰਾਂ, ਕੰਡਕਟਰਾਂ ਅਤੇ ਕਲੀਨਰਾਂ ਦੇ ਕੰਮ ਅਤੇ ਕੁਰਬਾਨੀ ਦੀ ਸ਼ਲਾਘਾ ਕਰਦਿਆਂ ਸਰਕਾਰ ਨੇ ਇਨ੍ਹਾਂ ਬਹਾਦਰਾਂ ਦੇ ਪਰਵਾਰਾਂ ਨੂੰ 5,000 ਰੁਪਏ ਪਰਵਾਰ ਪ੍ਰਤੀ ਅਦਾ ਕੀਤੇ ਹਨ।

**ਬੇਘਰ ਹੋਏ ਲੋਕਾਂ ਦੀ ਸਹਾਇਤਾ, ਉਨ੍ਹਾਂ ਨੂੰ ਮੁੜ ਵਸਾਉਣਾ ਅਤੇ ਨੁਕਸਾਨ ਲਈ ਮੁਆਵਜ਼ਾ**

7. ਜਿਹੜੇ ਲੋਕ ਜੰਗ ਕਾਰਨ ਬੇਘਰ ਹੋ ਗਏ, ਦੁਸ਼ਮਨ ਦੀ ਬੰਬਾਰੀ ਦਾ ਸ਼ਿਕਾਰ ਬਣੇ ਅਤੇ ਜਿਹੜੇ ਲੋਕਾਂ ਨੂੰ ਹੋਰ ਨੁਕਸਾਨ ਉਠਾਉਣਾ ਪਿਆ, ਉਨ੍ਹਾਂ ਨੂੰ ਸਹਾਇਤਾ ਦੇਣ ਵਲ ਵੀ

ਰਾਜ ਸਰਕਾਰ ਨੇ ਪੂਰਾ ਧਿਆਨ ਦਿੱਤਾ ਹੈ। ਇਸ ਜੰਗ ਵਿਚ ਲਗ ਭਗ 50,000 ਵਿਅਕਤੀ, ਜਿਨ੍ਹਾਂ ਵਿਚ ਬੱਚੇ ਵੀ ਸ਼ਾਮਲ ਹਨ, ਬੇਘਰ ਹੋ ਗਏ ਅਤੇ ਇਨ੍ਹਾਂ ਸਾਰਿਆਂ ਲਈ ਫ਼ੌਰੀ ਸਹਾਇਤਾ ਦਾ ਪ੍ਰਬੰਧ ਕਰਨ ਵਾਸਤੇ ਤਰਨ ਤਾਰਨ, ਪੱਟੀ, ਅਬੋਹਰ ਅਤੇ ਮਲੋਟ ਵਿਖੇ ਸਹਾਇਤਾ ਕੈਂਪ ਅਤੇ ਅੰਮ੍ਰਿਤਸਰ, ਫ਼ੀਰੋਜ਼ਪੁਰ, ਫ਼ਾਜ਼ਿਲਕਾ, ਡੇਰਾ ਬਾਬਾ ਨਾਨਕ ਤੇ ਚੰਡੀਗੜ੍ਹ ਵਿਖੇ ਸਹਾਇਤਾ ਕੇਂਦਰ ਖੋਲ੍ਹੇ ਗਏ। ਕੈਂਪਾਂ ਵਿਚ ਲਗ ਭਗ 5,000 ਵਿਅਕਤੀ ਤੰਬੂਆਂ ਵਿਚ ਰਹਿ ਰਹੇ ਹਨ। ਇਨ੍ਹਾਂ ਕੈਂਪਾਂ ਵਿਚ ਰਹਿਣ ਵਾਲਿਆਂ ਵਿਚੋਂ ਹਰੇਕ ਬਾਲਗ ਨੂੰ ਹਰ ਮਹੀਨੇ 16 ਕਿਲੋਗਰਾਮ ਕਣਕ ਤੇ ਰਾਸ਼ਨ ਦੀਆਂ ਹੋਰ ਚੀਜ਼ਾਂ ਦੇ ਬਦਲੇ 18 ਰੁਪਏ ਨਕਦ ਅਤੇ ਹਰੇਕ ਬੱਚੇ ਨੂੰ 10 ਕਿਲੋਗਰਾਮ ਕਣਕ ਤੇ 9 ਰੁਪਏ ਨਕਦ ਦਿਤੇ ਜਾ ਰਹੇ ਹਨ। ਇਹ ਸਹਾਇਤਾ 45,000 ਹੋਰ ਵਿਅਕਤੀਆਂ ਨੂੰ ਵੀ ਦਿੱਤੀ ਜਾ ਰਹੀ ਹੈ ਜੋ ਆਪਣੇ ਰਿਸ਼ਤੇਦਾਰਾਂ ਜਾਂ ਦੋਸਤਾਂ ਨਾਲ ਰਹਿ ਰਹੇ ਹਨ। 26,000 ਤੋਂ ਵਧ ਰਜ਼ਾਈਆਂ ਕੰਬਲ ਅਤੇ ਲਗ ਭਗ 16,000 ਦਰੀਆਂ ਵੀ ਦਿੱਤੀਆਂ ਗਈਆਂ ਹਨ। ਇਨ੍ਹਾਂ ਬੇਘਰ ਹੋਏ ਵਿਅਕਤੀਆਂ ਨੂੰ 8.48 ਲੱਖ ਰੁਪਏ ਦੀ ਹੋਰ ਰਕਮ ਵੰਡੀ ਗਈ ਹੈ ਤਾਂ ਜੋ ਉਹ ਆਪਣੇ ਲਈ ਕਪੜਿਆਂ ਦਾ ਇਕ ਜੋੜਾ ਖਰੀਦ ਸਕਣ। ਇਨ੍ਹਾਂ ਕੈਂਪਾਂ ਨੂੰ 'ਕੇਅਰ' (CARE) ਸਕੀਮ ਅਧੀਨ ਦੁੱਧ ਸਪਲਾਈ ਕੀਤਾ ਜਾ ਰਿਹਾ ਹੈ ਅਤੇ ਮੁਨਾਸਬ ਡਾਕਟਰੀ ਤੇ ਸਿਖਿਆ ਸਹੂਲਤਾਂ ਵੀ ਦਿੱਤੀਆਂ ਜਾ ਰਹੀਆਂ ਹਨ।

ਇਨ੍ਹਾਂ ਬੇਘਰ ਹੋਏ ਲੋਕਾਂ ਤੋਂ ਇਲਾਵਾ, ਜਿਨ੍ਹਾਂ ਨੂੰ ਸਭ ਤੋਂ ਵਧ ਨੁਕਸਾਨ ਪੁੱਜਾ ਹੈ, ਸਰਹੱਦੀ ਜ਼ਿਲ੍ਹਿਆਂ ਅਤੇ ਕਈ ਹੋਰ ਜ਼ਿਲ੍ਹਿਆਂ ਵਿਚ ਰਹਿਣ ਵਾਲੇ ਬਹੁਤ ਸਾਰੇ ਲੋਕ ਵੀ ਬੰਬਾਰੀ ਦਾ ਨਿਸ਼ਾਨਾ ਬਣੇ ਅਤੇ ਆਪਣੀ ਗ਼ੈਰਮਨਕੂਲਾ ਜਾਇਦਾਦ ਅਤੇ ਪਸ਼ੂ-ਧਨ ਤੋਂ ਵਾਂਝੇ ਹੋ ਗਏ। ਇਸ ਜੰਗ ਦੇ ਦੌਰਾਨ 195 ਵਿਅਕਤੀ ਮਾਰੇ ਗਏ, 201 ਜ਼ਖਮੀ ਹੋਏ, ਸੈਂਕੜੇ ਪਸ਼ੂ ਖ਼ਤਮ ਹੋ ਗਏ ਅਤੇ ਬਹੁਤ ਸਾਰੇ ਮਕਾਨ ਢਹਿ ਢੇਰੀ ਹੋ ਗਏ। ਇਸ ਲੜਾਈ ਵਿਚ ਜੋ ਸਿਵਲੀਅਨ ਮਾਰੇ ਗਏ, ਉਨ੍ਹਾਂ ਦੇ ਬੱਚਿਆਂ ਨੂੰ ਹਾਇਰ ਸੈਕੰਡਰੀ ਪੱਧਰ ਤਕ ਮੁਫਤ ਸਿਖਿਆ ਅਤੇ ਫੱਟੜ ਤੇ ਨਾਕਾਰਾ ਹੋਏ ਵਿਅਕਤੀਆਂ ਨੂੰ ਮੁਫਤ ਡਾਕਟਰੀ ਸਹਾਇਤਾ ਆਦਿ ਸਹੂਲਤਾਂ ਦੇਣ ਤੋਂ ਇਲਾਵਾ, ਮਾਰੇ ਗਏ, ਨਾਕਾਰਾ ਜਾਂ ਜ਼ਖਮੀ ਹੋਏ ਨਾਗਰਿਕਾਂ ਦੇ ਪਰਵਾਰਾਂ ਨੂੰ ਅਸਾਂ ਮਾਣ-ਅਰਥੀ ਸਹਾਇਤਾ ਗਰਾਂਟਾਂ ਵੀ ਦਿੱਤੀਆਂ ਹਨ। ਮਾਰੇ ਗਏ ਪਸ਼ੂਆਂ ਅਤੇ ਤਬਾਹ , ਬਰਬਾਦ ਹੋਏ ਮਕਾਨਾਂ ਦੇ ਸਬੰਧ ਵਿਚ ਵੀ ਅਜਿਹੀ ਸਹਾਇਤਾ ਦਿੱਤੀ ਗਈ ਹੈ। ਜੋ ਮਕਾਨ ਤਬਾਹ ਹੋ ਗਏ ਹਨ ਜਾਂ ਨੁਕਸਾਨੇ ਗਏ ਹਨ, ਉਨ੍ਹਾਂ ਦੇ ਮਾਲਕਾਂ ਨੂੰ ਉਨ੍ਹਾਂ ਮਕਾਨਾਂ ਦੀ ਮੁੜ ਉਸਾਰੀ ਲਈ, ਘਟ ਆਮਦਨ ਗਰੁੱਪ ਮਕਾਨ ਉਸਾਰੀ ਸਕੀਮ ਅਧੀਨ ਲੰਮੀ ਮਿਆਦ ਵਾਲੇ ਕਰਜ਼ੇ ਦੇਣ ਦਾ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ। ਲੜਾਈ ਦੇ ਦੌਰਾਨ ਵਰਤੀਆਂ ਗਈਆਂ ਸਾਰੀਆਂ ਗੱਡੀਆਂ ਨੂੰ ਜੁਲਾਈ-ਸਤੰਬਰ, 1965 ਲਈ ਟੋਕਨ ਟੈਕਸ ਤੋਂ ਛੋਟ ਦੇ ਦਿਤੀ ਗਈ ਹੈ। ਨੁਕਸਾਨੀਆਂ ਜਾਂ ਬੇਕਾਰ ਹੋਈਆਂ ਗੱਡੀਆਂ ਸਬੰਧੀ ਸੈਨਿਕ ਅਧਿਕਾਰੀਆਂ ਵਲੋਂ ਮੁਆਵਜ਼ਾ ਦਿੱਤਾ ਜਾ ਰਿਹਾ ਹੈ। ਹੁਣ ਤਕ, ਲਗ ਭਗ 12 ਲੱਖ ਰੁਪਏ ਦੀ ਰਕਮ ਮਾਣ-ਅਰਥੀ ਸਹਾਇਤਾ ਗਰਾਂਟਾਂ ਦੇ ਰੂਪ ਵਿਚ ਵੰਡੀ ਜਾ ਚੁੱਕੀ ਹੈ। ਇਸ ਤੋਂ ਇਲਾਵਾ, ਅਸਾਂ ਸਰਹੱਦੀ ਇਲਾਕੇ ਵਿਚ, 50 ਲੱਖ ਰੁਪਏ ਤੋਂ ਵਧ ਰਕਮ ਦੇ ਭੋਂ-ਮਾਲੀਏ ਅਤੇ ਆਬਿਆਨੇ ਦੀ ਛੋਟ ਵੀ ਦੇ ਦਿੱਤੀ ਹੈ। ਤਾਸ਼ਕੰਦ ਸਮਝੌਤੇ ਨੂੰ ਅਮਲੀ ਰੂਪ ਮਿਲਣ ਤੇ ਹੁਣ ਅਸਾਂ ਸਾਰੇ ਬੇਘਰ ਹੋਏ ਲੋਕਾਂ ਨੂੰ ਪੂਰੀ ਤਰਾਂ ਮੁੜ ਵਸਾਉਣਾ ਹੈ। ਇਸ ਲਈ ਰਾਜ ਸਰਕਾਰ ਭਾਰਤ ਸਰਕਾਰ ਦੀ ਸਹਾਇਤਾ ਨਾਲ ਇਸ ਮਨੋਰਥ ਦੀ ਪੂਰਤੀ ਵਾਸਤੇ ਪਹਿਲਾਂ ਹੀ ਵਿਉਂਤ ਤਿਆਰ ਕਰ ਰਹੀ ਹੈ। ਸਰਹੱਦੀ ਇਲਾਕਿਆਂ ਵਿਚ ਸੜਕਾਂ ਅਤੇ ਪੁਲਾਂ ਦੀ ਮੁਰੰਮਤ, ਉਸਾਰੀ ਤੇ ਉਨ੍ਹਾਂ ਨੂੰ ਚੌੜਿਆਂ ਕਰਨ ਸਬੰਧੀ ਲੋਕਾਂ ਨੂੰ ਕੰਮ ਤੇ ਲਾਉਣ ਬਾਰੇ ਪਹਿਲਾਂ ਹੀ ਹਦਾਇਤਾਂ ਭੇਜੀਆ ਜਾ ਚੁੱਕੀਆਂ ਹਨ। ਇਸ ਕੰਮ ਲਈ ਭਾਰਤ ਸਰਕਾਰ ਨੇ 25 ਲੱਖ ਰੁਪਏ ਮਨਜ਼ੂਰ ਕੀਤੇ ਹਨ।

ਇਸ ਸਬੰਧ ਵਿਚ ਰਾਜ ਸਰਕਾਰ ਵਲੋਂ ਦਿੱਤੀਆਂ ਗਈਆਂ ਸਹੂਲਤਾਂ ਵਿਚੋਂ ਮੈਂ ਕੇਵਲ ਕੁਝ ਦਾ ਜ਼ਿਕਰ ਕੀਤਾ ਹੈ। ਕਿਸਾਨਾਂ, ਸਨਅਤਕਾਰਾਂ ਤੇ ਹੋਰ ਸ਼੍ਰੇਣੀਆਂ ਦੇ ਲੋਕਾਂ ਨੂੰ ਦਿੱਤੀਆਂ ਗਈਆਂ ਇਹੋ ਜਿਹੀਆਂ ਹੋਰ ਸਹੂਲਤਾਂ ਦਾ ਸੰਖੇਪ ਜ਼ਿਕਰ ਮੈਂ ਉਚਿਤ ਥਾਵਾਂ ਤੇ ਕਰਾਂਗਾ। ਸਾਡੇ ਇਸ ਮਹਾਨ ਕੰਮ ਵਿਚ ਤਰੁਟੀਆਂ ਜ਼ਰੂਰ ਰਹਿ ਗਈਆਂ ਹਨ ਅਤੇ ਸਾਨੂੰ ਉਨ੍ਹਾਂ ਦਾ ਪੂਰਾ ਅਹਿਸਾਸ ਹੈ। ਇਸ ਲਈ ਸਹਾਇਤਾ ਦੇ ਕੰਮ ਦੇ ਵੱਖ ਵੱਖ ਪਹਿਲੂਆਂ ਸਬੰਧੀ ਸਥਾਨਕ ਅਧਿਕਾਰੀਆਂ ਨੂੰ ਸਲਾਹ ਮਸ਼ਵਰਾ ਦੇਣ ਵਾਸਤੇ, ਜ਼ਿਲ੍ਹਾ ਪੱਧਰ ਉਤੇ ਸਲਾਹਕਾਰ ਕਮੇਟੀਆਂ ਅਤੇ ਸਥਾਨਕ ਇਲਾਕਿਆਂ ਵਿਚ ਸਹਾਇਤਾ ਕਮੇਟੀਆਂ ਕਾਇਮ ਕੀਤੀਆਂ ਗਈਆਂ ਹਨ।

8. **ਬਾਰਸ਼ ਨਾ ਹੋਣਾ, ਔੜ ਅਤੇ ਜ਼ਰਾਇਤੀ ਉਪਜ** ਸਾਡੀਆਂ ਸਰਹੱਦਾਂ ਉਤੇ ਤਾਂ ਹਾਲਾਤ ਦਿਨੋ ਦਿਨ ਠੀਕ ਹੁੰਦੇ ਜਾ ਰਹੇ ਹਨ ਪਰ ਬਾਰਸ਼ਾਂ ਨਾ ਹੋਣ ਤੇ ਸਾਨੂੰ ਔੜ ਦੀ ਗੰਭੀਰ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਰੇ ਰਾਜ ਵਿਚ ਹੀ ਬਾਰਸ਼ ਦੀ ਬਹੁਤ ਘਾਟ ਰਹੀ ਹੈ, ਪਰ ਜ਼ਿਲ੍ਹਾ ਹਿਸਾਰ, ਰੋਹਤਕ ਅਤੇ ਮਹਿੰਦਰਗੜ੍ਹ ਵਿਚ ਤਾਂ ਹਾਲਾਤ ਬਹੁਤ ਹੀ ਖਰਾਬ ਹਨ। ਔੜ ਵਾਲੇ ਇਲਾਕਿਆਂ ਵਿਚ ਲੋਕਾਂ ਦੀ ਤਕਲੀਫ ਨੂੰ ਘਟ ਕਰਨ ਲਈ ਮਾਲੀਆਂ ਕਾਫੀ ਹੱਦ ਤਕ ਮਾਫ ਕਰ ਦਿੱਤਾ ਗਿਆ ਹੈ ਅਤੇ ਤਕਾਵੀ ਕਰਜ਼ਿਆਂ ਦੀ ਵਸੂਲੀ ਵੀ ਅੱਗੇ ਪਾ ਦਿੱਤੀ ਗਈ ਹੈ। ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਪਿਛਲੇ ਦੋ ਦਿਨਾਂ ਵਿਚ ਬਾਰਿਸ਼ ਹੋ ਜਾਣ ਕਰਕੇ ਚੰਗੀ ਉਪਜ ਹੋ ਜਾਣ ਦੀ ਉਮੀਦ ਹੈ।

ਰਾਜ ਸਰਕਾਰ ਨੂੰ ਇਸ ਸਾਰੀ ਹਾਲਤ ਬਾਰੇ ਬਹੁਤ ਜ਼ਿਆਦਾ ਚਿੰਤਾ ਹੈ ਅਤੇ ਉਹ ਵਧ ਤੋਂ ਵਧ ਮਦਦ ਦੇਣਾ ਚਾਹੁੰਦੀ ਹੈ। ਇਸ ਲਈ ਹਿਸਾਰ, ਰੋਹਤਕ ਅਤੇ ਮਹਿੰਦਰਗੜ੍ਹ ਦੇ ਤਿੰਨਾਂ ਜ਼ਿਲ੍ਹਿਆਂ ਲਈ ਚਾਰੇ ਅਤੇ ਬੀਜਾਂ ਵਾਸਤੇ ਤਕਾਵੀ, ਰਿਆਇਤੀ ਨਿਰਖਾਂ ਤੇ ਚਾਰੇ ਦੀ ਵੰਡ, ਵੱਖ ਵੱਖ ਪ੍ਰਕਾਰ ਦੇ ਸਹਾਇਤਾ ਅਤੇ ਸਿੰਜਾਈ ਕਾਰਜਾਂ, ਸੜਕਾਂ ਤੇ ਮਿੱਟੀ ਪਾਉਣ, ਭੋਂ ਸੰਭਾਲ ਅਤੇ ਸਿੰਜਾਈ-ਖੂਹਾਂ ਲਈ ਤਕਾਵੀ ਦੇਣ ਵਾਸਤੇ ਇਕ ਕਰੋੜ 33 ਲੱਖ ਰੁਪਏ ਦੀ ਰਕਮ ਅਲਾਟ ਕੀਤੀ ਗਈ ਹੈ। ਏਥੇ ਹੀ ਬਸ ਨਹੀਂ, ਰਾਜ ਸਰਕਾਰ ਨੇ ਇਸ ਸਬੰਧ ਵਿਚ ਇਕ ਕਮੇਟੀ ਵੀ ਬਣਾਈ ਹੈ, ਜਿਸ ਦਾ ਚੇਅਰਮੈਨ ਵਿਤ ਕਮਿਸ਼ਨਰ, ਮਾਲ ਹੈ। ਇਹ ਕਮੇਟੀ ਔੜ ਦੀ ਮਾਰ ਹੇਠ ਆਏ ਹਿਸਾਰ, ਮਹਿੰਦਰਗੜ੍ਹ, ਗੁੜਗਾਉਂ ਅਤੇ ਰੋਹਤਕ ਜ਼ਿਲ੍ਹਿਆਂ ਅਤੇ ਊਨਾ ਸਬ-ਡਵੀਜ਼ਨ ਅਤੇ ਗੜ੍ਹ-ਸ਼ੰਕਰ ਦੇ ਕੰਡੀ ਇਲਾਕੇ ਵਿਚ ਇਸ ਸਮੱਸਿਆ ਦਾ ਪੱਕੇ ਤੌਰ ਤੇ ਹੱਲ ਲੱਭਣ ਲਈ ਇਕ ਯੋਜਨਾ ਤਿਆਰ ਕਰੇਗੀ।

ਬਾਰਸ਼ਾਂ ਨਾ ਹੋਣ ਦੇ ਨਤੀਜੇ ਵਜੋਂ, ਬਰਾਨੀ ਫਸਲਾਂ ਨੂੰ ਬਹੁਤ ਜ਼ਿਆਦਾ ਨੁਕਸਾਨ ਪੁਜਿਆ ਹੈ। ਸਾਲ 1964-65 ਦੇ ਟਾਕਰੇ ਵਿਚ ਜਦ ਕਿ ਅਨਾਜ ਦੀ ਕੁਲ ਉਪਜ ਵਿਚ 21 ਫੀ ਸਦੀ ਵਾਧਾ ਹੋਇਆ ਸੀ, ਚਾਲੂ ਸਾਲ ਕਈ ਤਰ੍ਹਾਂ ਨਾਲ ਬਹੁਤ ਹੀ ਮਾੜਾ ਰਿਹਾ ਹੈ। ਪਾਕਿਸਤਾਨ ਨੇ ਸਾਡੇ ਉਤੇ ਉਸ ਸਮੇਂ ਹਮਲਾ ਕੀਤਾ ਜਦੋਂ ਕਿ ਆਮ ਤੌਰ ਤੇ ਹਾੜੀ ਦੀ ਫਸਲ ਬੀਜਣ ਲਈ ਜ਼ਮੀਨ ਤਿਆਰ ਕੀਤੀ ਜਾਂਦੀ ਹੈ। ਦੇਸ਼ ਵਿਚ ਸਮੁੱਚੇ ਤੌਰ ਤੇ ਰਸਾਇਣਕ ਖਾਦ ਦੀ ਘਾਟ ਹੋਣ ਕਾਰਣ ਸਾਨੂੰ ਪ੍ਰਾਪਤ ਹੋਈ ਰਸਾਇਣਕ ਖਾਦਾਂ ਦੀ ਮਿਕਦਾਰ ਮਿਥੇ ਟੀਚਿਆਂ ਤੋਂ ਬਹੁਤ ਥੋੜ੍ਹੀ ਸੀ। ਇਸ ਤੋਂ ਇਲਾਵਾ ਜ਼ਰੂਰੀ ਸਾਮਾਨ ਦੀ ਘਾਟ ਕਾਰਣ ਟਿਊਬਵੈਲਾਂ ਅਤੇ ਪੰਪਿੰਗ ਸੈਟਾਂ ਵਾਸਤੇ ਮੰਗ ਮੁਤਾਬਕ ਬਿਜਲੀ ਦੇ ਕਨੈਕਸ਼ਨ ਨਹੀਂ ਦਿਤੇ ਜਾ ਸਕੇ। ਫਿਰ ਵੀ ਸਾਨੂੰ ਆਸ ਹੈ ਕਿ ਚਾਲੂ ਸਾਲ ਵਿਚ 11,000 ਨਵੇਂ ਟਿਊਬਵੈਲਾਂ ਨੂੰ ਬਿਜਲੀ ਦੇਣ ਦਾ ਟੀਚਾ ਪੂਰਾ ਹੋ ਜਾਵੇਗਾ। ਇਨ੍ਹਾਂ ਸਾਰੀਆਂ ਗੱਲਾਂ ਕਰਕੇ ਅਤੇ ਦਰਿਆਵਾਂ ਵਿਚ ਪਾਣੀ ਦੀ ਘਾਟ ਹੋ ਜਾਣ ਕਾਰਣ, ਇਹ ਗੰਭੀਰ ਹਾਲਤ ਪੈਦਾ ਹੋ ਗਈ ਹੈ। ਪਰੰਤੂ ਇਸ ਨੂੰ ਨਜਿੱਠਣ ਲਈ ਜਿੰਨੇ ਉਪਾ ਕੀਤੇ ਜਾ ਸਕਦੇ ਸਨ, ਕੀਤੇ ਗਏ ਹਨ।

ਸਰਕਾਰੀ ਟਿਊਬਵੈਲਾਂ ਨੂੰ ਦਿਨ ਰਾਤ ਚਲਾਇਆ ਗਿਆ ਅਤੇ ਸਿੰਜਾਈ ਵਿਭਾਗ ਨੂੰ ਗਰਾਮ ਸੇਵਾ ਰਾਹੀਂ ਇਸ ਕੰਮ ਵਿਚ ਸਹਾਇਤਾ ਦਿੱਤੀ ਗਈ। ਰਾਸ਼ਟਰੀ ਵਿਸਥਾਰ ਸੇਵਾ (N.E.S.) ਏਜੰਸੀ ਨੂੰ ਹਦਾਇਤ ਕੀਤੀ ਗਈ ਕਿ ਉਹ ਪ੍ਰਾਈਵੇਟ ਟਿਊਬਵੈਲਾਂ ਤੋਂ ਸਿੰਜਾਈ ਲਈ ਪਾਣੀ ਵੇਚਣ ਦਾ ਪ੍ਰਚਾਰ ਕਰੇ। ਵੱਖ ਵੱਖ ਵਿਭਾਗੀ ਏਜੰਸੀਆਂ ਪਾਸ ਪਏ ਪੰਪਿੰਗ ਸੈਟਾਂ ਨੂੰ ਵੀ ਵਰਤੋਂ ਵਿਚ ਲਿਆਂਦਾ ਗਿਆ। ਲੜਾਈ ਬੰਦ ਹੋਣ ਤੋਂ ਬਾਅਦ, ਪਿਛੇ ਜਿਹੇ ਡਿਪਟੀ ਕਮਿਸ਼ਨਰਾਂ ਨੇ, ਜ਼ਿਲ੍ਹਾ ਖੇਤੀ-ਬਾੜੀ ਉਪਜ ਕਮੇਟੀਆਂ ਰਾਹੀਂ ਜ਼ਰਾਇਤੀ ਉਪਜ ਸਬੰਧੀ ਜ਼ਰੂਰੀ ਕੰਮਾਂ ਨੂੰ ਮੁੜ ਕਰਨਾ ਸ਼ੁਰੂ ਕਰ ਦਿੱਤਾ ਹੈ।

ਇਸ ਸੰਕਟ ਤੋਂ ਅਸਾਂ ਜੋ ਬਹੁਤ ਹੀ ਚੰਗਾ ਸਬਕ ਸਿਖਿਆ ਹੈ, ਉਹ ਇਹ ਹੈ ਕਿ ਦੇਸ਼ ਦੀ ਆਰਥਕਤਾ ਨੂੰ ਖਾਸ ਕਰਕੇ ਖ਼ੁਰਾਕ ਦੀ ਉਪਜ ਦੇ ਪੱਖੋਂ, ਬਹੁਤ ਜਲਦੀ ਆਤਮ-ਨਿਰਭਰ ਬਣਾਉਣਾ ਚਾਹੀਦਾ ਹੈ। ਇਸ ਕੰਮ ਵਿਚ ਪੰਜਾਬ ਨੇ ਖਾਸ ਤੌਰ ਤੇ ਆਪਣਾ ਹਿੱਸਾ ਪਾਉਣਾ ਹੈ। ਜ਼ਰਾਇਤੀ ਉਪਜ, ਸਿੰਜਾਈ ਅਤੇ ਬਿਜਲੀ, ਜ਼ਰਾਇਤੀ ਤੇ ਸਨਅਤੀ ਖੇਤਰਾਂ ਵਿਚ ਹਰ ਤਰ੍ਹਾਂ ਦੀ ਉੱਨਤੀ ਲਈ ਮੁੱਢਲੀਆਂ ਲੋੜਾਂ ਹਨ। ਇਨ੍ਹਾਂ ਵਲ ਅਸਾਂ ਜੋ ਧਿਆਨ ਦਿੱਤਾ ਹੈ, ਉਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ 1966-67 ਦੀ ਸਾਲਾਨਾ ਯੋਜਨਾ ਵਿਚ ਜ਼ਰਾਇਤ, ਸਿੰਜਾਈ ਅਤੇ ਬਿਜਲੀ ਲਈ ਰਖੀ ਗਈ ਰਕਮ ਕੁਲ ਖ਼ਰਚ ਦੇ 70 ਫੀ ਸਦੀ ਤੋਂ ਵੀ ਵਧ ਹੈ। ਸੰਕਟ-ਕਾਲ ਤੋਂ ਪੈਦਾ ਹੋਈਆਂ ਨਵੀਆਂ ਮੰਗਾਂ ਨੂੰ ਪੂਰਾ ਕਰਨ ਲਈ 1965-66 ਵਿਚ ਜਿਥੇ ਯੋਜਨਾ ਬਜਟ ਵਿਚੋਂ 4.54 ਕਰੋੜ ਰੁਪਏ ਅਤੇ ਬਿਨਾ-ਯੋਜਨਾ ਬਜਟ ਵਿਚੋਂ 2.7 ਕਰੋੜ ਰੁਪਏ ਦੀ ਬਚਤ ਕੀਤੀ ਗਈ ਸੀ, ਉਥੇ ਜ਼ਰਾਇਤੀ ਉਪਜ ਦੇ ਪ੍ਰੋਗਰਾਮ ਨੂੰ ਤੇਜ਼ ਕਰਨ ਵਾਸਤੇ ਟਿਊਬਵੈਲਾਂ ਨੂੰ ਬਿਜਲੀ ਦੇਣ ਲਈ 2.20 ਕਰੋੜ ਰੁਪਏ ਦੀ ਵਾਧੂ ਰਕਮ ਦਿੱਤੀ ਗਈ। ਇਸ ਤੋਂ ਇਲਾਵਾ ਕਪਾਹ, ਚਾਵਲ, ਮੱਕੀ, ਕਣਕ ਅਤੇ ਮੂੰਗਫਲੀ ਸਬੰਧੀ ਭਰਵੀਂ ਜ਼ਰਾਇਤੀ ਉਪਜ ਦਾ ਪ੍ਰੋਗਰਾਮ ਨਵੇਂ ਇਲਾਕਿਆਂ ਵਿਚ ਚਾਲੂ ਕੀਤਾ ਗਿਆ। ਆਸ ਹੈ ਅਸੀਂ ਅਗਲੇ ਸਾਲ ਅੰਦਰ ਹੋਰ ਬਲਾਕਾਂ ਨੂੰ ਵੀ ਇਸ ਪ੍ਰੋਗਰਾਮ ਵਿਚ ਸ਼ਾਮਲ ਕਰ ਲਵਾਂਗੇ।

ਇਸ ਸਾਲ ਵਿਚ ਬੀਜਾਂ, ਖਾਦਾਂ, ਸੁਧਰੇ ਜ਼ਰਾਇਤੀ ਸੰਦਾਂ, ਪੌਦਿਆਂ ਦੀ ਸੁਰੱਖਿਆ ਦੇ ਸਾਮਾਨ ਅਤੇ ਕੀੜੇ-ਮਾਰ ਦਵਾਈਆਂ ਆਦਿ ਦੀ ਸਪਲਾਈ ਦੇ ਪ੍ਰੋਗਰਾਮ ਨੂੰ ਅਸਾਂ ਕਾਮਯਾਬੀ ਨਾਲ ਚਲਾਇਆ ਹੈ। ਇਸ ਤੋਂ ਇਲਾਵਾ ਉਪਜ ਵਿਚ ਹੋਰ ਵਾਧਾ ਕਰਨ ਲਈ, ਅਸਾਂ ਕਾਸ਼ਤਕਾਰਾਂ ਵਿਚਕਾਰ 3,000 ਮਣ ਮੈਕਸੀਕਨ ਕਣਕ ਵੰਡੀ ਹੈ। ਸਾਉਣੀ, 1965 ਦੀ ਫਸਲ ਦੇ ਦੌਰਾਨ ਰਾਜ ਵਿਚ, ਦੋਗਲਾ ਬਾਜਰਾ ਨੰ: 1 ਅਤੇ ਚਾਵਲਾਂ ਦੀ ਕਿਸਮ ਟੇਲ-ਚੁੰਗ ਨੇਟਿਵ-1 ਦੀ ਕਾਸ਼ਤ ਸਬੰਧੀ ਤਜਰਬੇ ਕੀਤੇ ਗਏ ਹਨ। ਜ਼ਰਾਇਤੀ ਉਪਜ ਨੂੰ ਵਧਾਉਣ ਵਾਸਤੇ ਬੀਜਾਂ ਦੀਆਂ ਸੁਧਰੀਆਂ ਕਿਸਮਾਂ ਕਾਫ਼ੀ ਮਿਕਦਾਰ ਵਿਚ ਸਪਲਾਈ ਕਰਨ ਲਈ, ਸਰਕਾਰ ਨੇ ਰਾਜ ਦੇ ਆਪਣੇ ਬੀਜ ਫਾਰਮ ਕਾਇਮ ਕਰਨ ਦਾ ਵੀ ਫੈਸਲਾ ਕੀਤਾ ਹੈ। ਸੁਧਰੇ ਜ਼ਰਾਇਤੀ ਢੰਗਾਂ ਨੂੰ ਅਪਣਾਉਣ ਲਈ ਕਾਸ਼ਤਕਾਰਾਂ ਦਾ ਉਤਸ਼ਾਹ ਵਧਾਉਣ ਵਾਸਤੇ, ਉਨ੍ਹਾਂ ਨੂੰ ਕੀੜੇ-ਮਾਰ ਦਵਾਈਆਂ, ਪੌਦਿਆਂ ਦੀ ਸੁਰੱਖਿਆ ਲਈ ਸਾਮਾਨ ਅਤੇ ਸੁਧਰੇ ਜ਼ਰਾਇਤੀ ਸਦਾਂ ਵਾਸਤੇ 50 ਫੀਸਦੀ ਸਹਾਇਤਾ ਦਿੱਤੀ ਗਈ ਹੈ ਅਤੇ ਫਾਸਫੇਟ ਖਾਦਾਂ ਅਤੇ ਕਣਕ ਗਾਹੁਣ ਲਈ ਬਿਜਲੀ ਨਾਲ ਚਲਣ ਵਾਲੀਆਂ ਮਸ਼ੀਨਾਂ ਵਾਸਤੇ 25 ਫੀ ਸਦੀ ਸਹਾਇਤਾ ਦੇਣ ਦਾ ਬੰਦੋਬਸਤ ਕੀਤਾ ਗਿਆ ਹੈ। ਜ਼ਰਾਇਤੀ ਕੰਮ ਕਾਰ ਲਈ ਵਰਤੇ ਗਏ ਟਿਊਬਵੈਲਾਂ ਅਤੇ ਪੰਪਿੰਗ ਸੈਟਾਂ ਵਾਸਤੇ ਬਿਜਲੀ ਕਰ ਖਤਮ ਕਰ ਦਿਤਾ ਗਿਆ ਅਤੇ ਜਿਹੜੇ ਟਿਊਬਵੈਲ ਤੇ ਪੰਪਿੰਗ ਸੈਟ ਡੀਜ਼ਲ ਇੰਜਨਾਂ ਨਾਲ ਚਲਾਏ ਗਏ ਉਨ੍ਹਾਂ ਨੂੰ ਮਾਲੀ ਸਹਾਇਤਾ ਦਿੱਤੀ ਗਈ ਹੈ।

9. **ਡੇਅਰੀ ਅਤੇ ਦੁੱਧ ਸਪਲਾਈ** ਰਾਜ ਸਰਕਾਰ ਨੇ ਕਈ ਸ਼ਹਿਰਾਂ ਵਿਚ ਦੁੱਧ ਦੀ ਸਪਲਾਈ ਨੂੰ ਸੁਧਾਰਨ ਦੇ ਵੀ ਯਤਨ ਕੀਤੇ ਹਨ। ਇਸ ਵੇਲੇ ਚੰਡੀਗੜ੍ਹ ਪਲਾਂਟ ਲਗ ਭਗ ਸਾਰੇ ਚੰਡੀਗੜ੍ਹ ਦੀ ਦੁੱਧ ਦੀ ਲੋੜ ਨੂੰ ਪੂਰਾ ਕਰ ਰਿਹਾ ਹੈ। ਲੁਧਿਆਣੇ ਦੇ ਦੁੱਧ-ਪਲਾਂਟ ਅਤੇ ਡੇਅਰੀ ਪ੍ਰਾਜੈਕਟ ਵਾਸਤੇ ਅਸਾਂ ਲਗ ਭਗ 40 ਲੱਖ ਰੁਪਏ ਦਾ ਡੇਅਰੀ ਸਬੰਧੀ ਸਾਮਾਨ ਬਾਹਰੋਂ ਮੰਗਾਉਣ ਦੀ ਤਜਵੀਜ਼ ਬਣਾਈ ਹੈ। ਡੇਅਰੀ ਵਿਕਾਸ ਕਾਰਪੋਰੇਸ਼ਨ ਪਹਿਲਾਂ ਹੀ ਕਾਇਮ ਕੀਤੀ ਜਾ ਚੁੱਕੀ ਹੈ।

10. **ਖ਼ੁਰਾਕ ਅਤੇ ਕੀਮਤਾਂ** ਖ਼ੁਰਾਕ ਦੀ ਉਪਜ, ਪ੍ਰਬੰਧ ਅਤੇ ਵੰਡ ਦੇਸ਼ ਅਤੇ ਰਾਜ ਦੋਹਾਂ ਲਈ ਅਜੇ ਵੀ ਇਕ ਵਡੀ ਸਮੱਸਿਆ ਬਣੀ ਹੋਈ ਹੈ। ਪਿਛਲੇ ਸਾਲ ਕਣਕ ਦੀ ਫ਼ਸਲ ਕਾਫ਼ੀ ਚੰਗੀ ਸੀ ਅਤੇ ਇਸ ਲਈ, ਫ਼ਸਲ ਦੀ ਕਟਾਈ ਸਮੇਂ ਕੀਮਤਾਂ ਵਿਚ ਕਮੀ ਹੋਣ ਦੀ ਸੰਭਾਵਨਾ ਸੀ। ਕਿਸਾਨਾਂ ਦੀ ਸਹਾਇਤਾ ਕਰਨ ਲਈ ਅਤੇ ਕਟਾਈ ਦੇ ਸਮੇਂ ਤੇ ਥੁੜ **ਵਾਲੇ** ਮਹੀਨਿਆਂ ਦੇ ਦੌਰਾਨ ਕੀਮਤਾਂ ਵਿਚ ਬਹੁਤ ਜ਼ਿਆਦਾ ਫ਼ਰਕ ਨੂੰ ਰੋਕਣ ਲਈ, ਰਾਜ ਸਰਕਾਰ ਨੇ ਆਪਣੇ ਰਾਜ ਅਤੇ ਕੇਂਦਰੀ ਰਿਜ਼ਰਵ ਵਾਸਤੇ 4 ਲੱਖ ਟਨ ਕਣਕ ਖਰੀਦਣ ਦਾ ਫੈਸਲਾ ਕੀਤਾ ਸੀ। ਇਨ੍ਹਾਂ ਵਿਚੋਂ ਲਗ ਭਗ 3.40 ਲੱਖ ਟਨ ਕਣਕ ਪਹਿਲਾਂ ਹੀ ਖਰੀਦੀ ਜਾ ਚੁੱਕੀ ਹੈ। ਕਿਸਾਨਾਂ ਦੇ ਹਿਤਾਂ ਦੀ ਰਾਖੀ ਕਰਨ ਲਈ ਅਤੇ ਅਨਾਜ ਲਈ ਵਧ ਤੋਂ ਵਧ ਭੋਂ ਦੀ ਕਾਸ਼ਤ ਕਰਨ ਵਾਸਤੇ, ਉਨ੍ਹਾਂ ਦਾ ਉਤਸ਼ਾਹ ਕਾਇਮ ਰਖਣ ਲਈ, 'ਜ਼ਰਾਇਤੀ ਕੀਮਤਾਂ ਸਬੰਧੀ ਕਮਿਸ਼ਨ' ਦੀ ਸਲਾਹ ਨਾਲ, ਭਾਰਤ ਸਰਕਾਰ ਵਲੋਂ ਨਿਸਚਿਤ ਕੀਤੀਆਂ ਅਨਾਜ ਦੀਆਂ ਘਟੋ ਘਟ ਕੀਮਤਾਂ ਸਫ਼ਲਤਾ ਨਾਲ ਲਾਗੂ ਕੀਤੀਆਂ ਗਈਆਂ। ਇਸ ਦੇ ਨਾਲ, ਖਪਤਕਾਰਾਂ ਦੇ ਹਿਤ ਨੂੰ ਮੁੱਖ ਰਖਦਿਆਂ ਕੀਮਤਾਂ ਵਿਚ ਗ਼ੈਰ-ਮਾਮੂਲੀ ਵਾਧਾ ਨਹੀਂ ਹੋਣ ਦਿੱਤਾ ਗਿਆ। ਐਪਰ, ਅਸੀਂ ਦੇਸ਼ ਦੇ ਹੋਰ ਭਾਗਾਂ ਵਿਚ ਪੈਦਾ ਹੋਈ ਖ਼ੁਰਾਕ ਦੀ ਨਾਜ਼ਕ ਹਾਲਤ ਤੋਂ ਅਵੇਸਲੇ ਨਹੀਂ ਸਾਂ ਰਹਿ ਸਕਦੇ। ਇਸ ਲਈ, ਅਸਾਂ ਥੁੜ ਵਾਲੇ ਇਲਾਕਿਆਂ ਨੂੰ, ਉਨ੍ਹਾਂ ਦੀਆਂ ਰਾਜ ਸਰਕਾਰਾਂ ਰਾਹੀਂ 1.60 ਲੱਖ ਟਨ ਕਣਕ ਅਤੇ 1.60 ਲੱਖ ਟਨ ਚਾਵਲ ਭੇਜੇ ਅਤੇ 2.50 ਲੱਖ ਟਨ ਛੋਲੇ, 35,000 ਟਨ ਮੱਕੀ ਅਤੇ 25,000 ਟਨ ਬਾਜਰਾ ਦੇਣ ਦਾ ਇਕਰਾਰ ਕੀਤਾ। ਇਸ ਦੇ ਨਾਲ ਨਾਲ, ਰਾਜ ਵਿਚ ਖਪਤਕਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ 6,021 ਸਸਤੇ ਭਾਅ ਦੀਆਂ ਦੁਕਾਨਾਂ ਖੋਲ੍ਹੀਆਂ ਗਈਆਂ ਅਤੇ ਇਨ੍ਹਾਂ ਦੁਕਾਨਾਂ ਤੋਂ ਖਪਤਕਾਰਾਂ ਨੂੰ ਕਣਕ ਦਾ ਆਟਾ ਅਤੇ ਚਾਵਲ ਮਿਲਦੇ ਰਹੇ। ਲੋੜ ਅਨੁਸਾਰ ਹੋਰ ਵੀ ਅਜਿਹੀਆਂ ਦੁਕਾਨਾਂ ਖੋਲ੍ਹੀਆਂ ਜਾ ਰਹੀਆਂ ਹਨ। ਇਸ ਤਰ੍ਹਾਂ ਅਸਾਂ ਅਜਿਹੀਆਂ ਕਾਰਵਾਈਆਂ ਕੀਤੀਆਂ, ਜਿਨ੍ਹਾਂ ਨਾਲ ਕੀਮਤਾਂ ਟਿਕੀਆਂ ਰਹੀਆਂ। ਰਾਜ ਵਿਚ ਸਾਰਾ ਸਾਲ ਲੋਕਾਂ ਨੂੰ ਲੋੜ ਮੁਤਾਬਕ ਅਨਾਜ ਮਿਲਦਾ ਰਿਹਾ ਅਤੇ ਦੇਸ਼ ਦੇ ਥੁੜ ਵਾਲੇ ਇਲਾਕਿਆਂ ਪ੍ਰਤੀ ਸਾਡੀ ਭਾਰੀ ਜ਼ਿੰਮੇਵਾਰੀ ਪੂਰੀ ਹੋ ਗਈ।

ਖ਼ੁਰਾਕ ਸਬੰਧੀ ਕੇਂਦਰੀ ਸਰਕਾਰ ਦੀ ਨੀਤੀ ਅਨੁਸਾਰ ਅਸਾਂ ਕਈ ਸ਼ਹਿਰਾਂ ਵਿਚ ਕਾਨੂੰਨੀ ਤੌਰ ਤੇ ਰਾਸ਼ਨ-ਬੰਦੀ ਲਾਗੂ ਕਰਨ ਦੀ ਵਿਉਂਤ ਤਿਆਰ ਕੀਤੀ ਹੈ। ਰਾਜ ਸਰਕਾਰ ਦਾ ਵਿਚਾਰ ਹੈ ਕਿ ਹਾੜੀ ਦੀ ਅਗਲੀ ਫ਼ਸਲ ਮੰਡੀ ਵਿਚ ਆਉਣ ਤੋਂ ਬਾਅਦ ਰਾਸ਼ਨ-ਬੰਦੀ ਲਾਗੂ ਕਰ ਦਿਤੀ ਜਾਵੇ।

11. **ਰਾਜ ਪ੍ਰਬੰਧ ਵਿਚ ਸੁਧਾਰ ਅਤੇ ਚੌਕਸੀ** ਸਵੱਛ, ਜ਼ਿੰਮੇਵਾਰ ਅਤੇ ਸਯੋਗ ਰਾਜ-ਪ੍ਰਬੰਧ ਰਾਜ ਸਰਕਾਰ ਦਾ ਆਦਰਸ਼ ਰਿਹਾ ਹੈ ਜਿਵੇਂ ਕਿ ਮੈਂ ਪਹਿਲਾਂ ਜ਼ਿਕਰ ਕੀਤਾ ਹੈ, ਜੰਗ ਦੇ ਸਮੇਂ ਦੇ ਦੌਰਾਨ ਕੰਮ ਬਹੁਤ ਵਧ ਜਾਣ ਕਾਰਣ ਸਾਰੇ ਸਰਕਾਰੀ ਕਰਮਚਾਰੀ ਪੂਰੀ ਤਨਦੇਹੀ ਨਾਲ ਕੰਮ ਵਿਚ ਜੁਟੇ ਰਹੇ ਹਨ। ਅਸੀਂ ਉਨ੍ਹਾਂ ਨੂੰ ਅਜਿਹੇ ਸੰਕਟਕਾਲੀ ਹਾਲਾਤ ਦਾ ਮੁਕਾਬਲਾ ਕਰਨ ਦੇ ਯੋਗ ਬਣਾਉਣ ਦੀ ਲੋੜ ਤੋਂ ਪੂਰੀ ਤਰ੍ਹਾਂ ਸੁਚੇਤ ਹਾਂ। ਪੰਜਾਬ ਪ੍ਰਬੰਧ ਸੁਧਾਰ ਕਮਿਸ਼ਨ ਵੀ ਕਾਇਮ ਕੀਤਾ ਗਿਆ ਸੀ, ਜਿਸ ਦਾ ਕੰਮ ਸਰਕਾਰੀ ਵਿਭਾਗਾਂ ਅਤੇ ਏਜੰਸੀਆਂ ਦੇ ਸੰਗਠਨ ਅਤੇ ਉਨ੍ਹਾਂ ਦੀ ਕਾਰਜਵਿਧੀ ਦੀ ਜਾਂਚ-ਪੜਤਾਲ ਕਰਕੇ ਉਸ

ਸਬੰਧੀ ਰਪੋਟ ਕਰਨਾ ਸੀ ਤਾਂ ਜੋ ਉਹ, ਸਰਕਾਰੀ ਕੰਮ ਕਾਜ ਨਿਪੁੰਨਤਾ, ਕਫ਼ਾਇਤ ਅਤੇ ਸੁਚੱਜੇ ਢੰਗ ਨਾਲ ਕਰਨ ਸਬੰਧੀ ਲੋੜੀਂਦੀਆਂ ਤਬਦੀਲੀਆਂ ਕਰਨ ਦੀ ਸਿਫਾਰਸ਼ ਕਰੇ। ਬਾਅਦ ਵਿਚ ਕਮਿਸ਼ਨ ਨੂੰ ਸਿਵਲ ਰਾਜ -ਪ੍ਰਬੰਧ ਉਤੇ ਇਸ ਜੰਗ ਦੇ ਹੋਏ ਪ੍ਰਭਾਵ ਦਾ ਜਾਇਜ਼ਾ ਲਾਉਣ ਦੀ ਵੀ ਬੇਨਤੀ ਕੀਤੀ ਗਈ ਸੀ, ਤਾਂ ਜੋ ਅਜਿਹੇ ਹਾਲਾਤ ਦਾ ਮੁਕਾਬਲਾ ਕਰਨ ਲਈ ਸਯੋਗ ਰਾਜੀ-ਪ੍ਰਬੰਧਕੀ ਢਾਂਚਾ ਕਾਇਮ ਕੀਤਾ ਜਾ ਸਕੇ। ਇਹ ਰਪੋਟ ਬਹੁਤ ਛੇਤੀ ਹੀ ਸਰਕਾਰ ਕੋਲ ਪੁੱਜ ਜਾਵੇਗੀ। ਇਕ ਪ੍ਰਬੰਧ ਸੁਧਾਰ ਕਮੇਟੀ, ਸਾਰੇ ਇਨਸਪੈਕਟਰੀ ਅਮਲੇ ਦੇ ਕੰਮ ਸਬੰਧੀ ਜਾਂਚ ਕਰਕੇ ਰਪੋਟ ਕਰਨ ਲਈ ਕਾਇਮ ਕੀਤੀ ਗਈ ਹੈ। ਉਸ ਦੀ ਰਪੋਟ ਵੀ ਛੇਤੀ ਹੀ ਮਿਲ ਜਾਣ ਦੀ ਆਸ ਹੈ। ਇਨ੍ਹਾਂ ਦੋਹਾਂ ਰਪੋਟਾਂ ਤੇ ਸਾਡੀ ਸਰਕਾਰ ਪੂਰੀ ਸਾਵਧਾਨੀ ਨਾਲ ਵਿਚਾਰ ਕਰੇਗੀ।

ਲੋਕਾਂ ਦੀਆਂ ਸ਼ਿਕਾਇਤਾਂ ਦੂਰ ਕਰਨ ਦੀ ਲੋੜ ਸਬੰਧੀ ਅਸੀਂ ਪੂਰੀ ਤਰ੍ਹਾਂ ਸੁਚੇਤ ਹਾਂ। ਇਸ ਲਈ, ਅਸਾਂ ਰਾਜ-ਪ੍ਰਬੰਧ ਦੇ ਇਸ ਪੱਖ ਵਲ ਵਿਸ਼ੇਸ਼ ਧਿਆਨ ਦਿੱਤਾ ਹੈ। ਲੋਕਾਂ ਦੀਆਂ ਸ਼ਿਕਾਇਤਾਂ ਸੁਣਨ ਲਈ ਅਸਾਂ ਇਕ ਸੀਨੀਅਰ ਅਫ਼ਸਰ ਨੂੰ ਡਾਇਰੈਕਟਰ ਦੇ ਤੌਰ ਤੇ ਲਗਾਇਆ ਹੈ ਅਤੇ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਜ਼ਿਲਿਆਂ ਵਿਚ ਸੈਲ (cell) ਕਾਇਮ ਕੀਤੇ ਜਾ ਰਹੇ ਹਨ। ਡਿਪਟੀ ਕਮਿਸ਼ਨਰਾਂ ਅਤੇ ਪੁਲਿਸ ਸੁਪਰਡੈਂਟਾਂ ਨੂੰ ਪਿਛੇ ਜਿਹੇ ਹੋਈ ਕਾਨਫਰੰਸ ਵਿਚ ਇਹ ਹਦਾਇਤ ਕੀਤੀ ਗਈ ਸੀ ਕਿ ਉਹ ਲੋਕਾਂ ਦੀਆਂ ਸ਼ਿਕਾਇਤਾਂ ਦੂਰ ਕਰਨ ਵਲ ਨਿੱਜੀ ਤੌਰ ਤੇ ਵਿਸ਼ੇਸ਼ ਧਿਆਨ ਦੇਣ।

ਕਿਉਂਕਿ ਅਸੀਂ ਸਵਛ ਰਾਜ-ਪ੍ਰਬੰਧ ਦੇ ਚਾਹਵਾਨ ਹਾਂ, ਇਸ ਲਈ ਅਸੀਂ ਭ੍ਰਿਸ਼ਟਾਚਾਰ ਦੂਰ ਕਰਨ ਲਈ ਚੌਕਸ ਰਹੇ ਹਾਂ। ਚੌਕਸੀ ਕਮਿਸ਼ਨ, ਜੋ ਪਹਿਲਾਂ ਹੀ ਕਾਇਮ ਕੀਤਾ ਜਾ ਚੁੱਕਿਆ ਹੈ, ਨੇ ਆਪਣਾ ਕੰਮ ਆਰੰਭ ਕਰ ਲਿਆ ਹੈ। ਡਿਪਟੀ ਇਨਸਪੈਕਟਰ-ਜਨਰਲ, ਪੁਲਿਸ ਦੇ ਅਹੁਦੇ ਵਾਲੇ ਇਕ ਡਾਇਰੈਕਟਰ ਅਧੀਨ ਵਿਸ਼ੇਸ਼ ਪੁਛ-ਪੜਤਾਲ ਏਜੰਸੀ ਵੀ ਕਾਇਮ ਕਰ ਦਿੱਤੀ ਗਈ ਹੈ। ਇਸ ਏਜੰਸੀ ਦੀ ਸੇਵਾ ਸਾਰੇ ਵਿਭਾਗਾਂ ਨੂੰ ਅਤੇ ਮਾਮਲਿਆਂ ਦੀ ਪੜਤਾਲ ਲਈ, ਚੌਕਸੀ ਕਮਿਸ਼ਨ ਨੂੰ ਵੀ ਪ੍ਰਾਪਤ ਹੋ ਸਕੇਗੀ। ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਸਾਰੇ ਵਿਭਾਗਾਂ ਵਿਚ ਚੌਕਸੀ ਅਫਸਰਾਂ ਅਧੀਨ ਚੌਕਸੀ ਸੈੱਲ (Vigilance Cell) ਕਾਇਮ ਕੀਤੇ ਜਾਣ।

12. **ਯੋਜਨਾ-ਬੰਦੀ ਅਤੇ ਇਲਾਕਾਈ ਵਿਕਾਸ** ਤੀਜੀ ਪੰਜ-ਸਾਲਾ ਯੋਜਨਾ ਵਿਚ, ਜਿਸ ਦੀ ਮਿਆਦ ਛੇਤੀ ਹੀ ਪੁਗਣ ਵਾਲੀ ਹੈ ਸਾਡੀ ਆਰਥਕ ਦਸ਼ਾ ਦਾ ਵਿਕਾਸ ਕੁਝ ਪੱਖਾਂ ਤੋਂ ਏਨੀ ਤੇਜ਼ੀ ਨਾਲ ਨਹੀਂ ਹੋ ਸਕਿਆ, ਜਿੰਨੀ ਆਸ ਸੀ ਅਤੇ ਬਹੁਤ ਸੂਰਤਾਂ ਵਿਚ ਤਾਂ ਆਬਾਦੀ ਦੇ ਬੇਓੜਕ ਵਾਧੇ ਨੇ ਵਿਕਾਸ ਦਾ ਲਾਭ ਹੀ ਨਹੀਂ ਹੋਣ ਦਿੱਤਾ। ਚਾਲੂ ਮਾਲੀ ਸਾਲ ਵਿਚ ਸਾਡੀ ਆਰਥਕਤਾ ਨੂੰ ਪਹਿਲਾਂ ਨਾਲੋਂ ਜ਼ਿਆਦਾ ਧਕਾ ਲਗਿਆ। ਪੰਜਾਬ ਵਿਚ ਖ਼ਾਸ ਕਰਕੇ ਸੋਕੇ ਅਤੇ ਭਾਰਤ-ਪਾਕਿਸਤਾਨ ਵਿਚਾਲੇ ਹੋਈ ਜੰਗ ਕਾਰਣ, ਰਾਜ ਨੂੰ ਬਹੁਤ ਨੁਕਸਾਨ ਉਠਾਉਣਾ ਪਿਆ। ਸਾਡੀ ਆਰਥਕਤਾ ਨੂੰ ਇਸ ਕਿਸਮ ਦਾ ਧੱਕਾ ਲੱਗਣ ਦੇ ਬਾਵਜੂਦ, ਰਾਜ ਦੀ ਤੀਜੀ ਯੋਜਨਾ ਤੇ ਕੁਲ ਖ਼ਰਚ 231.39 ਕਰੋੜ ਦੀ ਨਿਸਚਿਤ ਰਕਮ ਤੋਂ ਵਧ ਕੇ 245.23 ਕਰੋੜ ਰੁਪਏ ਹੋ ਜਾਵੇਗਾ ਅਤੇ ਇਸ ਵਿਚ ਰਾਜ ਦੇ ਮਾਲੀ ਵਸੀਲਿਆਂ ਤੋਂ ਪਾਇਆ ਜਾਣ ਵਾਲਾ ਹਿਸਾ 100 ਕਰੋੜ ਰੁਪਏ ਤੋਂ ਵਧ ਕੇ 110.13 ਕਰੋੜ ਰੁਪਏ ਹੋ ਜਾਵੇਗਾ। ਪੰਜਾਬ ਦੀ ਚੌਥੀ ਪੰਜ-ਸਾਲਾ ਯੋਜਨਾ ਦਾ ਖਰੜਾ ਤਿਆਰ ਕਰਨ ਲੱਗਿਆਂ, ਇਸ ਵਿਚ 500 ਕਰੋੜ ਰੁਪਏ ਦੀ ਰਕਮ ਤਜਵੀਜ਼ ਕੀਤੀ ਗਈ ਸੀ ਤਾਂ ਜੋ ਬੁਨਿਆਦੀ ਲੋੜਾਂ ਦੀ ਪੂਰਤੀ ਵਾਸਤੇ ਰਾਜ ਦੇ ਵਖ ਵਖ ਖੇਤਰਾਂ ਵਿਚ ਹੋ ਸਕਦੇ ਵਿਕਾਸ ਲਈ ਪੂਰੀ ਤਨਦੇਹੀ ਨਾਲ ਹੰਭਲਾ ਮਾਰਿਆ

ਜਾ ਸਕੇ। ਫਿਰ ਵੀ ਯੋਜਨਾ ਦੇ ਖਰੜੇ ਵਿਚਲੀਆਂ ਤਜਵੀਜ਼ਾਂ ਤੇ ਨਜ਼ਰਸਾਨੀ ਕਰਨ ਦੀ ਲੋੜ ਹੈ। ਇਸ ਮਨੋਰਥ ਲਈ, ਯੋਜਨਾ-ਬੰਦੀ ਕਮਿਸ਼ਨ, ਰੱਖਿਆ ਸਬੰਧੀ ਲੋੜਾਂ, ਜਿਨ੍ਹਾਂ ਨੂੰ ਕਿ ਪਹਿਲ ਦੇਣੀ ਜ਼ਰੂਰੀ ਹੈ ਅਤੇ ਯੋਜਨਾ ਤੇ ਖਰਚ ਕਰਨ ਲਈ ਕੇਂਦਰ ਵਲੋਂ ਮਿਲ ਸਕਣ ਵਾਲੀ ਇਮਦਾਦ, ਦਾ ਨਵੇਂ ਸਿਰੇ ਤੋਂ ਜਾਇਜ਼ਾ ਲਗਾ ਰਿਹਾ ਹੈ।

ਚੌਥੀ ਯੋਜਨਾ ਦੇ ਆਕਾਰ ਅਤੇ ਉਸ ਵਿਚ ਸ਼ਾਮਲ ਮੱਦਾਂ ਸਬੰਧੀ ਅਜੇ ਫੈਸਲਾ ਨਹੀਂ ਹੋ ਸਕਿਆ। ਫਿਰ ਵੀ ਪੰਜਾਬ ਦੀਆਂ ਫੌਰੀ ਲੋੜਾਂ ਨੂੰ ਮੁੱਖ ਰਖਦਿਆਂ, 1966-67 ਦੀ ਸਾਲਾਨਾ ਯੋਜਨਾ ਤਿਆਰ ਕਰ ਲਈ ਗਈ ਹੈ। ਮੂਲ ਤਜਵੀਜ਼ ਇਹ ਸੀ ਕਿ ਸਾਲ 1966-67 ਵਿਚ 70 ਕਰੋੜ ਰੁਪਏ ਖਰਚ ਕੀਤੇ ਜਾਣ। ਇਹ ਰਕਮ ਚੌਥੀ ਯੋਜਨਾ ਤੇ ਹੋਣ ਵਾਲੇ 500 ਕਰੋੜ ਰੁਪਏ ਦੇ ਕੁਲ ਖ਼ਰਚ ਨਾਲ ਸਬੰਧਤ ਸੀ ਅਤੇ ਇਸ ਦਾ ਭਾਵ ਇਹ ਵੀ ਸੀ ਕਿ ਸਾਲ-ਬ-ਸਾਲ ਹੋਣ ਵਾਲੇ ਆਮ ਵਿਕਾਸ ਦੀ ਰਫਤਾਰ ਅਨੁਸਾਰ 1965-66 (64 ਕਰੋੜ ਰੁਪਏ) ਤੋਂ ਵਧੇਰੀ ਰਕਮ ਰੱਖੀ ਜਾਵੇ। ਪਰ ਰੱਖਿਆ ਦੀਆਂ ਲੋੜਾਂ ਨੇ ਭਾਰਤ ਸਰਕਾਰ ਅਤੇ ਰਾਜ ਸਰਕਾਰ, ਦੋਹਾਂ ਦੇ ਮਾਲੀ ਵਸੀਲਿਆਂ ਤੇ ਬਹੁਤ ਦਬਾਉ ਪਾਇਆ ਹੈ। ਇਸ ਲਈ ਸਾਨੂੰ ਆਪਣੀ 1966-67 ਦੀ ਸਾਲਾਨਾ ਯੋਜਨਾ ਦੇ ਖ਼ਰਚ ਵਿਚ ਮੁਨਾਸਬ ਤਬਦੀਲੀ ਕਰਨੀ ਪਵੇਗੀ।

ਭਾਵੇਂ ਰਾਜ ਦੀ ਆਰਥਕ ਦਸ਼ਾ ਦੀ ਸਮੁੱਚੀ ਉੱਨਤੀ ਲਈ ਜ਼ੋਰਦਾਰ ਯਤਨ ਕੀਤੇ ਜਾ ਰਹੇ ਹਨ, ਫਿਰ ਵੀ ਸਰਕਾਰ ਦੀ ਇੱਛਾ ਹੈ ਕਿ ਰਾਜ ਦੇ ਵੱਖ ਵੱਖ ਇਲਾਕਿਆਂ ਵਿਚ ਵਿਕਾਸ ਦੇ ਫ਼ਰਕ ਨੂੰ ਘਟਾਇਆ ਜਾਵੇ। ਇਸੇ ਖ਼ਿਆਲ ਨਾਲ 'ਪਹਾੜੀ ਇਲਾਕਿਆਂ' ਦੀਆਂ ਲੋੜਾਂ ਨੂੰ ਮੁੱਖ ਰਖ ਕੇ ਹਰ ਸਾਲ ਉਨ੍ਹਾਂ ਲਈ ਇਕ ਵੱਖਰੀ ਯੋਜਨਾ ਤਿਆਰ ਕੀਤੀ ਜਾਂਦੀ ਹੈ। ਇਸ ਪਹਾੜੀ ਇਲਾਕੇ ਵਿਚ ਵਧੇਰੀ ਮਹੱਤਤਾ, ਸੜਕਾਂ ਬਣਾਉਣ, ਭਰਵੀਂ ਬਾਗ਼ਬਾਨੀ, ਪਸ਼ੂ-ਧਨ ਸੁਧਾਰ ਅਤੇ ਵਣ-ਆਧਾਰਿਤ ਸਨਅਤਾਂ ਕਾਇਮ ਕਰਨ ਦੇ ਪ੍ਰੋਗਰਾਮਾਂ ਨੂੰ ਦਿੱਤੀ ਜਾਂਦੀ ਹੈ। ਭਾਰਤ -ਕੈਨੇਡਾ ਦੇ ਸਹਿਯੋਗ ਨਾਲ 100 ਟਨ ਸਮੱਰਥਾ ਵਾਲਾ ਇਕ ਅਖ਼ਬਾਰੀ ਕਾਗ਼ਜ਼ਾਂ ਦਾ ਕਾਰਖਾਨਾ ਲਾਇਆ ਜਾ ਰਿਹਾ ਹੈ। ਕੁੱਲੂ ਦੀ ਵਾਦੀ ਵਿਚ ਇਕ 'ਚਿਪਿੰਗ ਪਲਾਂਟ' (Chipping plant) ਲਾਇਆ ਜਾਵੇਗਾ। ਪੀਣ ਵਾਲੇ ਪਾਣੀ ਦੀ ਸਪਲਾਈ, ਸਿਖਿਆ ਅਤੇ ਸਿਹਤ ਸਬੰਧੀ ਸਹੂਲਤਾਂ ਵਧਾਉਣ ਅਤੇ ਯਾਤਰੀਆਂ ਨੂੰ ਸਫਰ ਸਬੰਧੀ ਸਹੂਲਤਾਂ ਦੇਣ ਦੀਆਂ ਸਰਗਰਮੀਆਂ ਨੂੰ ਹੋਰ ਤੇਜ਼ ਕੀਤਾ ਜਾ ਰਿਹਾ ਹੈ। ਵਖੋ ਵਖ ਇਲਾਕਿਆਂ ਦੇ ਵਿਕਾਸ ਵਿਚ ਫਰਕ ਘਟਾਉਣ ਵਲ ਇਕ ਹੋਰ ਯਤਨ ਇਹ ਕੀਤਾ ਗਿਆ ਹੈ ਕਿ ਮਾਰਚ, 1965 ਵਿਚ ਇਕ ਕਮੇਟੀ ਦੀ ਸਥਾਪਨਾ ਕੀਤੀ ਗਈ ਸੀ, ਜਿਸ ਨੂੰ ਹਰਿਆਨਾ ਰੀਜਨ ਦੀ ਸਮਾਜੀ-ਆਰਥਕ ਹਾਲਤ ਦਾ ਜਾਇਜ਼ਾ ਲਾਉਣ ਦਾ ਕੰਮ ਸੌਂਪਿਆ ਗਿਆ ਸੀ ਤਾਂ ਜੋ ਇਹ ਕਮੇਟੀ ਹਰਿਆਨੇ ਦੇ ਤੇਜ਼-ਰਫਤਾਰੀ ਅਤੇ ਸੰਗਠਤ ਤਰੀਕੇ ਨਾਲ ਵਿਕਾਸ ਸਬੰਧੀ ਸਿਫ਼ਾਰਸ਼ਾਂ ਕਰੇ। ਕਮੇਟੀ ਨੇ ਆਪਣੀ ਅੰਤਮ ਰਪੋਟ ਇਸ ਸਾਲ 27 ਜਨਵਰੀ ਨੂੰ ਦੇ ਦਿਤੀ ਹੈ। ਰਾਜ ਸਰਕਾਰ ਇਨ੍ਹਾਂ ਸਿਫਾਰਸ਼ਾਂ ਤੇ ਪੂਰੀ ਤਰ੍ਹਾਂ ਵਿਚਾਰ ਕਰੇਗੀ।

13. **ਮਾਲੀਆ ਅਤੇ ਚੱਕਬੰਦੀ** ਭੋਂ ਮਾਲੀਆ ਪ੍ਰਬੰਧ ਨੂੰ ਸਰਲ ਬਣਾਉਣ ਦੇ ਢੰਗਾਂ ਤੇ ਵਿਚਾਰ ਕੀਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰਾਂ ਨੂੰ ਵਾਜਬ ਸਹਾਇਤਾ ਦੇਣ ਦੀ ਲੋੜ ਦਾ ਖ਼ਿਆਲ ਕਰਦੇ ਹੋਏ ਅਤੇ ਵਿਕੇਂਦਰੀ- ਕਰਣ (Decentralisation) ਦਾ ਕੰਮ ਮੁਕੰਮਲ ਕਰਨ ਵਾਸਤੇ, ਸਾਲ 1964-65 ਵਿਚ 9 ਸਬ-ਡਵੀਜ਼ਨ ਖੋਲ੍ਹੇ ਗਏ ਸਨ। ਚਾਲੂ ਮਾਲੀ ਸਾਲ ਵਿਚ ਹੋਰ 13 ਸਬ-ਡਵੀਜ਼ਨ ਖੋਲ੍ਹੇ ਗਏ ਹਨ। ਇਕ ਹੋਰ ਸਬ-ਡਵੀਜ਼ਨ ਅਨੀ, ਜ਼ਿਲ੍ਹਾ ਕੁੱਲੂ ਵਿਚ ਇਸ ਸਾਲ ਪਹਿਲੀ ਅਪ੍ਰੈਲ ਤੋਂ ਕਾਇਮ ਕੀਤਾ ਜਾਵੇਗਾ। ਇਸ ਸਬ-ਡਵੀਜ਼ਨ ਦੇ ਖੁਲ੍ਹਣ ਨਾਲ ਇਹ ਪ੍ਰੋਗਰਾਮ ਮੁਕੰਮਲ ਹੋ ਜਾਵੇਗਾ।

ਚਕਬੰਦੀ ਦੇ ਸਿਲਸਿਲੇ ਵਿਚ, ਸਾਡੀ ਤਜਵੀਜ਼ ਹੈ ਕਿ ਜਿਨ੍ਹਾਂ ਇਲਾਕਿਆ ਵਿਚ ਸਹਿਕਾਰਤਾ ਐਕਟ (Co-operative Act) ਅਧੀਨ ਪਹਿਲਾਂ ਹੀ ਚੱਕਬੰਦੀ ਹੋ ਚੁੱਕੀ ਹੈ, ਉਨ੍ਹਾਂ ਵਿਚ ਹੁਣ ਚੱਕਬੰਦੀ ਨਾ ਕੀਤੀ ਜਾਵੇ। ਪਰੰਤੂ ਪਹਾੜੀ, ਰੇਤਲੀ ਅਤੇ ਦਰਿਆਈ ਜ਼ਮੀਨਾਂ ਦੀ ਚਕਬੰਦੀ ਕਰ ਦਿੱਤੀ ਜਾਵੇ। ਇਨ੍ਹਾਂ ਫੈਸਲਿਆਂ ਦੇ ਸਿੱਟੇ ਵਜੋਂ ਹੁਣ 10.26 ਲੱਖ ਏਕੜ ਰਕਬੇ ਦੀ ਚਕ-ਬੰਦੀ ਹੋਣੀ ਬਾਕੀ ਹੈ ਅਤੇ ਇਹ ਕੰਮ 1968 ਦੇ ਅਖੀਰ ਤਕ ਮੁਕੰਮਲ ਹੋ ਜਾਵੇਗਾ।

14. **ਸਿੰਜਾਈ ਅਤੇ ਬਿਜਲੀ** ਰਾਜ ਸਰਕਾਰ ਜ਼ਰਾਇਤੀ ਉਪਜ ਅਤੇ ਸਨਅਤੀ ਵਿਕਾਸ ਲਈ ਸਿੰਜਾਈ ਅਤੇ ਬਿਜਲੀ ਦੀ ਅਹਿਮੀਅਤ ਨੂੰ ਪੂਰੀ ਤਰ੍ਹਾਂ ਮਹਿਸੂਸ ਕਰਦੀ ਹੈ। ਪਰੰਤੂ ਬਾਰਸ਼ ਨਾ ਹੋਣ ਕਾਰਣ ਪੈਦਾ ਹੋਈ ਔੜ ਸਦਕਾ ਅਤੇ ਪਾਕਿਸਤਾਨ ਦੇ ਹਮਲੇ ਕਾਰਣ ਨਹਿਰਾਂ ਵਿਚ ਪਾਣੀ ਦੀ ਸਪਲਾਈ ਬੰਦ ਹੋ ਜਾਣ ਤੇ ਸਾਡੇ ਵਾਸਤੇ ਬਹੁਤ ਗੰਭੀਰ ਸਮੱਸਿਆ ਖੜੀ ਹੋ ਗਈ ਹੈ। ਇਸ ਨੂੰ ਸੁਲਝਾਣ ਦਾ ਆਪਣੀ ਸਮੱਰਥਾ ਮੁਤਾਬਕ ਪੂਰਾ ਪੂਰਾ ਯਤਨ ਕੀਤਾ ਜਾ ਰਿਹਾ ਹੈ। ਇਹ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ ਕਿ ਵਧ ਤੋਂ ਵਧ ਟਿਊਬਵੈਲਾਂ ਨੂੰ ਬਿਜਲੀ ਦਿਤੀ ਜਾਵੇ। ਮਾਲੀ ਸਾਲ ਦੇ ਅੰਤ ਤਕ ਜ਼ਰਾਇਤੀ ਬਿਜਲੀ ਕਨੈਕਸ਼ਨਾਂ ਦੀ ਕਲ ਗਿਣਤੀ 40,000 ਹੋ ਜਾਵੇਗੀ ਜਦੋਂ ਕਿ ਤੀਜੀ ਯੋਜਨਾ ਦੇ ਸ਼ੁਰੂ ਵਿਚ ਇਹ ਗਿਣਤੀ 12,000 ਸੀ। ਜਿੰਨਾ ਪਾਣੀ ਮਿਲ ਸਕਿਆ ਹੈ, ਪਿਛਲੇ ਕੁਝ ਸਮੇਂ ਤੋਂ ਉਸ ਦੀ ਵਧ ਤੋਂ ਵਧ ਵਰਤੋਂ ਕੀਤੀ ਗਈ ਹੈ ਅਤੇ ਇਸ ਦੇ ਨਾਲ ਹੀ ਇਸ ਗੱਲ ਦਾ ਵੀ ਧਿਆਨ ਰਖਿਆ ਗਿਆ ਹੈ ਕਿ ਨਹਿਰਾਂ ਨੂੰ ਪਾਣੀ ਵਾਰੀ ਸਿਰ ਦਿਤਾ ਜਾਵੇ। ਜਿਵੇਂ ਕਿ ਮੈਂ ਪਹਿਲਾਂ ਜ਼ਿਕਰ ਕਰ ਚੁੱਕਾ ਹਾਂ, ਹਿਸਾਰ ਜ਼ਿਲ੍ਹੇ ਵਿਚ ਕਈ ਸਿੰਜਾਈ ਸਕੀਮਾਂ ਆਰੰਭ ਕੀਤੀਆਂ ਗਈਆਂ ਹਨ। ਇਨ੍ਹਾਂ ਸਕੀਮਾਂ ਦੇ ਮੁਕੰਮਲ ਹੋ ਜਾਣ ਨਾਲ ਭਿਵਾਨੀ ਤਸੀਲ ਦੇ ਖੁਸ਼ਕ ਇਲਾਕਿਆਂ ਵਿਚ ਨਹਿਰੀ ਪਾਣੀ ਦੀ ਚਿਰੋਕੀ ਲੋੜ ਪੂਰੀ ਹੋ ਸਕੇਗੀ। ਇਸ ਤੋਂ ਇਲਾਵਾ, ਨਰਵਾਣਾ-ਕਰਨਾਲ ਲਿੰਕ ਦੀ ਉਸਾਰੀ ਮੁਕੰਮਲ ਹੋ ਚੁੱਕੀ ਹੈ ਅਤੇ ਗੁੜਗਾਉਂ ਨਹਿਰ ਅਤੇ ਬਰਵਾਲਾ ਲਿੰਕ ਪ੍ਰਾਜੈਕਟਾਂ ਤੇ ਵੀ ਕੰਮ ਤਸੱਲੀ-ਬਖਸ਼ ਢੰਗ ਨਾਲ ਹੋ ਰਿਹਾ ਹੈ।

ਬਿਆਸ ਤੇ ਭਾਖੜਾ ਦੇ ਸੱਜੇ ਬੰਨੇ ਦੇ ਪ੍ਰਾਜੈਕਟ ਅਤੇ ਬਿਜਲੀ ਤੇ ਸਿੰਜਾਈ ਸਬੰਧੀ ਹੋਰ ਵੱਖ ਵੱਖ ਪ੍ਰਾਜੈਕਟ ਪ੍ਰੋਗਰਾਮ ਅਨੁਸਾਰ ਸਿਰੇ ਚਾੜ੍ਹੇ ਜਾ ਰਹੇ ਹਨ। ਆਸ ਹੈ ਕਿ ਭਾਖੜਾ ਦੇ ਸੱਜੇ ਬੰਨੇ ਵਾਲੇ ਬਿਜਲੀ ਘਰ ਵਿਚ ਪਹਿਲਾ ਯੂਨਿਟ ਇਕ ਮਹੀਨੇ ਦੇ ਅੰਦਰ ਅੰਦਰ ਲਗ ਜਾਵੇ-ਗਾ ਅਤੇ ਬਾਕੀ ਦੇ ਯੂਨਿਟ ਹਰ ਤਿਮਾਹੀ ਦੇ ਵਕਫੇ ਬਾਅਦ ਲਗਦੇ ਜਾਣਗੇ। ਇਹ ਬੜੀ ਖੁਸ਼ੀ ਵਾਲੀ ਗੱਲ ਹੈ ਕਿ ਰਾਜਸਥਾਨ ਸਰਕਾਰ ਨੇ ਬਿਆਸ ਪ੍ਰਾਜੈਕਟ ਕਾਰਣ ਉਖੜੇ ਹੋਏ ਵਿਅਕਤੀਆਂ ਨੂੰ ਵਸਾਉਣ ਲਈ 3.25 ਲਖ ਏਕੜ ਜ਼ਮੀਨ ਅਲਾਟ ਕਰਨਾ ਸਵੀਕਾਰ ਕਰ ਲਿਆ ਹੈ। ਇਸ ਪਰਕਾਰ ਅਸਾਂ ਇਨ੍ਹਾਂ ਨੂੰ ਮੁੜ ਵਸਾਉਣ ਦੀ ਸਮੱਸਿਆ ਹੱਲ ਕਰ ਲਈ ਹੈ।

ਜਿਵੇਂ ਕਿ ਆਪ ਨੂੰ ਪਤਾ ਹੈ, ਭਾਖੜਾ ਝੀਲ ਵਿਚ ਪਾਣੀ ਘਟ ਹੋਣ ਕਾਰਣ ਬਹੁਤ ਜ਼ਿਆਦਾ ਨਾਜ਼ਕ ਹਾਲਤ ਪੈਦਾ ਹੋ ਗਈ ਹੈ। ਇਸ ਲਈ, ਇਹ ਜ਼ਰੂਰੀ ਹੋ ਗਿਆ ਹੈ ਕਿ ਵੱਖ ਵੱਖ ਸ਼੍ਰੇਣੀਆਂ ਦੇ ਖਪਤਕਾਰਾਂ ਦੁਆਰਾ ਬਿਜਲੀ ਦੀ ਵਰਤੋਂ ਤੇ ਕੁਝ ਪਾਬੰਦੀਆਂ ਲਗਾ ਦਿਤੀਆਂ ਜਾਣ। ਅਜਿਹੀਆਂ ਪਾਬੰਦੀਆਂ ਲਾਉਣ ਬਗੈਰ ਹੋਰ ਕੋਈ ਚਾਰਾ ਨਹੀਂ ਸੀ ਰਹਿ ਗਿਆ। ਫਿਰ ਵੀ, ਹਾਲਾਤ ਨੂੰ ਲਗਾਤਾਰ ਵਿਚਾਰਿਆ ਜਾ ਰਿਹਾ ਹੈ, ਤਾਂ ਜੋ ਜਿੰਨੀ ਬਿਜਲੀ ਮਿਲ ਸਕੇ, ਉਸ ਦੀ ਸਹੀ ਸਹੀ ਵਰਤੋਂ ਕੀਤੀ ਜਾ ਸਕੇ।

ਪਰ ਇਥੇ ਇਹ ਜ਼ਿਕਰ ਕਰਨਾ ਜ਼ਰੂਰੀ ਜਾਪਦਾ ਹੈ ਕਿ ਭਾਖੜੇ ਦੇ ਸੱਜੇ ਬੰਨੇ ਵਾਲੇ ਬਿਜਲੀ ਘਰ ਦੇ ਪੰਜੇ ਯੂਨਿਟ ਮੁਕੰਮਲ ਅਤੇ ਚਾਲੂ ਹੋ ਜਾਣ ਪਿਛੋਂ ਵੀ ਬਿਜਲੀ ਦੀ ਥੁੜ ਬਣੀ ਰਹਿਣ ਦੀ ਸੰਭਾਵਨਾ ਹੈ। ਅਨੁਮਾਨ ਹੈ ਕਿ 1970-71 ਤਕ ਇਹ ਥੁੜ ਲਗ ਭਗ 500 ਮੈਗਾਵਾਟ ਹੋਵੇਗੀ। ਇਸ ਲਈ, 1970 ਤਕ ਬਿਆਸ ਪ੍ਰਾਜੈਕਟ ਨੂੰ ਮੁਕੰਮਲ ਕਰਨਾ ਬੜਾ ਜ਼ਰੂਰੀ ਹੈ।

15. **ਸਨਅਤਾਂ** ਪਾਕਿਸਤਾਨ ਨਾਲ ਹਾਲ ਦੀ ਟੱਕਰ ਨੇ ਸਾਡੀ ਆਰਥਕਤਾ ਦੇ ਇਕ ਹੋਰ ਖੇਤਰ ਵਿਚ, ਅਰਥਾਤ ਸਨਅਤਾਂ ਤੇ ਵੀ ਬਹੁਤ ਭੈੜਾ ਅਸਰ ਪਾਇਆ ਸੀ। ਇਸ ਕਾਰਣ ਕਰਜ਼ਾ ਸਹੂਲਤਾਂ ਘਟ ਗਈਆਂ, ਟ੍ਰਾਂਸਪੋਰਟ ਵਿਚ ਵਿਘਨ ਪੈ ਗਿਆ ਅਤੇ ਕੱਚੇ ਮਾਲ ਵਿਚ ਕਮੀ ਆ ਗਈ। ਨਤੀਜੇ ਵਜੋਂ, ਰਾਜ ਨੂੰ ਸਨਅਤੀ ਉਪਜ ਵਿਚ 15 ਕਰੋੜ ਰੁਪਏ ਤੋਂ ਵੱਧ ਨੁਕਸਾਨ ਹੋਇਆ ਹੈ। ਉਪਜ ਨੂੰ ਸਥਿਰ ਰਖਣ ਅਤੇ ਸਨਅਤਾਂ ਨੂੰ ਤਰੱਕੀ ਦੇਣ ਦੇ ਮੰਤਵ ਨਾਲ ਤੁਰਤ ਕਈ ਕਾਰਵਾਈਆਂ ਕੀਤੀਆਂ ਗਈਆਂ। ਸਨਅਤੀ ਕਰਜ਼ੇ ਨਰਮ ਸ਼ਰਤਾਂ ਤੇ ਦਿਤੇ ਗਏ ਅਤੇ ਆਮ ਨਿਯਮਾਂ ਅਨੁਸਾਰ 42.63 ਲੱਖ ਰੁਪਏ ਦੇ ਕਰਜ਼ਿਆਂ ਤੋਂ ਇਲਾਵਾ, 50 ਲੱਖ ਰੁਪਏ ਦੇ ਸੰਕਟਕਾਲੀ ਕਰਜ਼ੇ ਵੀ ਦਿਤੇ ਗਏ। ਹੋਰ ਕਰਜ਼ੇ ਦੇਣ ਲਈ ਕੇਂਦਰ ਤੋਂ ਇਕ ਕਰੋੜ ਰੁਪਏ ਉਧਾਰੇ ਲੈਣ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ। ਰਿਜ਼ਰਵ ਬੈਂਕ ਆਫ ਇੰਡੀਆ ਨੇ ਵੀ ਕਰਜ਼ੇ ਦੇਣ ਦੀਆਂ ਮੌਜੂਦਾ ਸ਼ਰਤਾਂ ਨੂੰ ਨਰਮ ਕਰ ਦਿਤਾ ਹੈ। ਲੜਾਈ ਦੀ ਜ਼ੱਦ ਵਿਚ ਆਏ ਇਲਾਕਿਆਂ ਅੰਦਰ ਰਾਜ-ਵਿਕਰੀ ਟੈਕਸ ਖਰੀਦ ਟੈਕਸ ਅਤੇ ਸਨਅਤੀ ਕਰਜ਼ਿਆਂ ਦੀਆਂ ਵਸੂਲੀਆਂ ਨੂੰ ਅਗੇ ਪਾ ਦਿਤਾ ਗਿਆ ਹੈ। ਪਹਿਲੀ ਅਗਸਤ, 1965 ਤੋਂ 2 ਸਾਲ ਦੇ ਸਮੇਂ ਲਈ ਘੱਟ ਤੋਂ ਘੱਟ ਬਿਜਲੀ ਦੀ ਖਪਤ ਸਬੰਧੀ ਸ਼ਰਤਾਂ ਹਟਾ ਲਈਆਂ ਗਈਆਂ ਹਨ। ਲੜਾਈ ਦੇ ਅਸਰ ਹੇਠ ਲਾਈਆਂ ਸਨਅਤਾਂ ਦੀ ਸਹਾਇਤਾ ਲਈ ਕੇਂਦਰ ਸਰਕਾਰ ਪਾਸੋਂ ਸੀਮਿੰਟ ਅਤੇ ਜਿਸਤੀ ਚਾਦਰਾਂ ਦਾ ਵਿਸ਼ੇਸ਼ ਕੋਟਾ ਵੀ ਲਿਆ ਗਿਆ ਹੈ। ਕੇਂਦਰੀ ਸਰਕਾਰ ਨੇ, ਵਿਸ਼ੇਸ਼ ਰਿਆਇਤ ਦੇ ਤੌਰ ਤੇ ਇਨਕਮ ਟੈਕਸ ਅਤੇ ਕੇਂਦਰੀ ਐਕਸਾਈਜ਼ (Excise) ਦੀ ਵਸੂਲੀ ਨੂੰ ਅੱਗੇ ਪਾਉਣ ਅਤੇ ਪੋਰਟ/ਰਿਲਵੇ ਦਾ ਡੈਮਰਿਜ ਅਤੇ ਮਾਲ ਦੀ ਉਤਰਾਈ ਦੇ ਖਰਚੇ ਮਾਫ ਕਰਨ ਦਾ ਹੁਕਮ ਦੇ ਦਿਤਾ ਹੈ। ਰਾਜ ਦੀ ਉਪਜ ਨੂੰ ਹੋਰ ਸਾਧਾਰਣ ਪੱਧਰ ਤੇ ਲਿਆਉਣ ਵਾਸਤੇ, ਸਨਅਤਾਂ ਨੂੰ ਰਖਿਆਂ ਦੀਆਂ ਲੋੜਾਂ ਲਈ ਵਧੇਰਾ ਮਾਲ ਤਿਆਰ ਕਰਨ ਵਲ ਲਗਾਇਆ ਜਾ ਰਿਹਾ ਹੈ। ਭਾਰਤ ਸਰਕਾਰ ਦੀ ਖਰੀਦ ਸੰਸਥਾ (Purchasing Organsation) ਨਾਲ ਵਧੇਰਾ ਤਾਲ ਮੇਲ ਰੱਖਣ ਦੇ ਵਿਸ਼ੇਸ਼ ਯਤਨ ਕੀਤੇ ਗਏ ਹਨ। ਸਨਅਤੀ ਵਿਕਾਸ ਨੂੰ ਤੇਜ਼ ਕਰਨ ਲਈ ਰਾਜ ਸਰਕਾਰ ਕੇਂਦਰ ਵਲੋਂ ਸ਼ੁਰੂ ਕੀਤੇ ਜਾਣ ਵਾਲੇ ਕੁਝ ਵੱਡੇ ਸਨਅਤੀ ਪ੍ਰਾਜੈਕਟ ਪੰਜਾਬ ਵਿਚ ਚਾਲੂ ਕਰਨ ਲਈ ਮੰਗ ਪਰਵਾਨ ਕਰਾਉਣ ਲਈ ਬੜੇ ਜ਼ੋਰਦਾਰ ਯਤਨ ਕਰ ਰਹੀ ਹੈ।

ਇਥੇ, ਮੈਂ ਸਨਅਤੀ ਉਪਜ ਨੂੰ ਵਧਾਉਣ ਲਈ ਕੀਤੇ ਦੋ ਅਹਿਮ ਯਤਨਾਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ:—

(1) ਕੇਵਲ ਕੁਝ ਦਿਨ ਹੋਏ, 7 ਕਰੋੜ ਰੁਪਏ ਦੀ ਪੂੰਜੀ ਨਾਲ ਇਕ ਸਨਅਤੀ ਵਿਕਾਸ ਕਾਰਪੋਰੇਸ਼ਨ, ਰਜਿਸਟਰ ਹੋਈ ਹੈ। ਇਹ ਕਾਰਪੋਰੇਸ਼ਨ ਆਰਥਕ ਜਾਂਚ ਪੜਤਾਲ ਅਤੇ ਕੰਮ ਚਲ ਸਕਣ ਦੀ ਸੰਭਾਵਨਾ ਬਾਰੇ ਵਿਚਾਰ ਕਰਕੇ ਨਵੇਂ ਸਨਅਤੀ ਪ੍ਰਾਜੈਕਟ ਸ਼ੁਰੂ ਕਰੇਗੀ ਅਤੇ ਫਿਰ ਇਨ੍ਹਾਂ ਪ੍ਰਾਜੈਕਟਾਂ ਨੂੰ ਆਮ ਤੌਰ ਤੇ ਪ੍ਰਾਈਵੇਟ ਸੈਕਟਰ ਨਾਲ ਮਿਲਾ ਕੇ ਚਲਾਏਗੀ।

(2) ਪੰਜਾਬ ਵਿੱਤ ਕਾਰਪੋਰੇਸ਼ਨ ਨੂੰ, ਚੌਥੀ ਯੋਜਨਾ ਦੇ ਦੌਰਾਨ 2 ਕਰੋੜ ਰੁਪਏ ਹੋਰ ਦੇ ਕੇ ਮਜ਼ਬੂਤ ਬਣਾਇਆ ਜਾ ਰਿਹਾ ਹੈ। ਇਸ ਨਾਲ ਕਾਰਪੋਰੇਸ਼ਨ ਸਨਅਤੀ ਅਦਾਰਿਆਂ ਨੂੰ ਉਨ੍ਹਾਂ ਦੀਆਂ ਹਿੱਸਾ-ਪੂੰਜੀਆਂ ਵਿਚ ਹਿੱਸਾ ਪਾਉਣ ਦੀ ਗਰੰਟੀ ਦੇ ਸਕਣ ਦੇ ਯੋਗ ਹੋ ਜਾਏਗੀ। ਸਾਡੇ ਡਲੀ ਲੋਹਾ (Pig Iron) ਪ੍ਰਾਜੈਕਟ ਦੇ ਮਾਮਲੇ ਵਿਚ ਕੇਂਦਰੀ ਡਿਜ਼ਾਇਨ ਇੰਜਨੀਅਰਿੰਗ ਬੀਓਰੋ, ਭਾਰਤ ਸਰਕਾਰ, ਨੇ ਆਪਣੀ ਤਕਨੀਕੀ ਪੜਤਾਲ ਮੁਕੰਮਲ ਕਰ ਲਈ ਹੈ ਅਤੇ ਪ੍ਰਾਜੈਕਟ ਨੂੰ ਸ਼ੁਰੂ ਕਰਨ ਵਾਸਤੇ

ਪੰਜਾਬ ਸਟੇਟ ਆਇਰਨਜ਼ ਲਿਮਿਟਿਡ, ਦੇ ਨਾਂ ਨਾਲ ਇਕ ਲਿਮਿਟਿਡ ਕੰਪਨੀ ਕਾਇਮਕਰ ਦਿਤੀ ਗਈ ਹੈ। ਇਸ ਮੰਤਵ ਲਈ, ਪਿੰਡ ਸਤਰੋੜ, ਜ਼ਿਲ੍ਹਾ ਹਿਸਾਰ ਵਿਚ 185 ਏਕੜ ਜ਼ਮੀਨ ਪ੍ਰਾਪਤ ਕਰ ਲਈ ਗਈ ਹੈ। ਜੋੜ-ਰਹਿਤ ਟਿਊਬਾਂ (Seamless Tubes) ਅਤੇ ਫੌਲਾਦੀ ਢਲਾਈ ਕੇ ਪ੍ਰਾਜੈਕਟ ਨੂੰ ਕਾਫੀ ਸੋਚ ਵਿਚਾਰ ਉਪਰੰਤ ਸਰਕਾਰੀ ਸਕੀਮ ਵਜੋਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਸਨਅਤੀ ਵਿਕਾਸ ਕਾਰਪੋਰੇਸ਼ਨ ਦੇ ਕਾਇਮ ਹੋ ਜਾਣ ਨਾਲ ਰਾਜ ਵਲੋਂ ਚਾਲੂ ਸਨਅਤੀ ਪ੍ਰਾਜੈਕਟਾਂ ਦੇ ਸਾਰੇ ਪ੍ਰੋਗਰਾਮ ਨੂੰ ਮੁੜ ਵਿਉਂਤਿਆ ਜਾ ਰਿਹਾ ਹੈ ਅਤੇ ਅਗੇ ਨੂੰ ਇਹੋ ਕਾਰਪੋਰੇਸ਼ਨ ਇਨ੍ਹਾਂ ਪ੍ਰਾਜੈਕਟਾਂ ਦੇ ਸਾਰੇ ਵਿਕਾਸ ਪ੍ਰੋਗਰਾਮਾਂ ਦਾ ਧਿਆਨ ਰੱਖੇਗੀ।

ਇਸ ਰਾਜ ਲਈ ਪ੍ਰਾਈਵੇਟ ਸੈਕਟਰ ਵਿਚ, ਮਾਵਾ (Pulp) ਅਤੇ ਗੱਤਾ ਬਣਾਉਣ ਦੀ ਮਸ਼ੀਨਰੀ, ਫੌਲਾਦੀ ਢਲਾਈ, ਰਸਾਇਣਕ ਪਦਾਰਥਾਂ, ਐਸਬੈਸਟੋਸ ਸੀਮਿੰਟ ਚਾਦਰਾਂ, ਸਨਅਤੀ ਸਿਲਾਈ ਮਸ਼ੀਨਾਂ ਅਤੇ ਬਿਜਲੀ ਦੇ ਟ੍ਰਾਂਸਫਾਰਮਰਾਂ ਆਦਿ ਵਾਸਤੇ ਕਈ ਜ਼ਰੂਰੀ ਪ੍ਰਾਜੈਕਟਾਂ ਦੀ ਪ੍ਰਵਾਨਗੀ ਮਿਲ ਚੁਕੀ ਹੈ। ਪਹਾੜੀ ਇਲਾਕਿਆਂ ਵਿਚ ਸਨਅਤਾਂ ਦੇ ਵਾਧੇ ਲਈ ਦਿਹਾਤੀ ਸਨਅਤਾਂ ਦੀ ਸਕੀਮ ਅਧੀਨ 20 ਫ਼ੀ ਸਦੀ ਦੀ ਸਹਾਇਤਾ ਲੈਣ ਵਾਸਤੇ ਲਾਈ ਜਾਣ ਵਾਲੀ ਪੂੰਜੀ ਦੀ ਹੇਠਲੀ ਹੱਦ ਇਕ ਲੱਖ ਰੁਪਏ ਤੋਂ ਘਟਾ ਕੇ 20,000 ਰੁਪਏ ਕਰ ਦਿਤੀ ਗਈ ਹੈ। ਚਾਹ ਦੀ ਸਨਅਤ ਨੂੰ ਵਧਾਉਣ ਵਾਸਤੇ ਇਕ ਚਾਹ ਵਿਕਾਸ ਅਫਸਰ ਮੁਕਰਰ ਕਰਨ ਅਤੇ ਪਾਲਮਪੁਰ ਵਿਚ ਇਕ ਆਮ ਸਹੂਲਤ ਕੇਂਦਰ ਕਾਇਮ ਕਰਨ ਦੀ ਤਜਵੀਜ਼ ਹੈ।

ਲੜਾਈ ਬੰਦ ਹੋਣ ਤੋਂ ਤੁਰਤ ਮਗਰੋਂ, ਅਸਾਂ ਅੰਮ੍ਰਿਤਸਰ ਅਤੇ ਕਾਬਲ ਵਿਚਕਾਰ ਹਵਾਈ ਆਵਾਜਾਈ ਸ਼ੁਰੂ ਕਰਨ ਵਾਸਤੇ ਕੇਂਦਰੀ ਸਰਕਾਰ ਅੱਗੇ ਬੇਨਤੀ ਕੀਤੀ ਤਾਂ ਜੋ ਚਾਹ ਬਾਹਰ ਭੇਜੀ ਜਾ ਸਕੇ ਅਤੇ ਖੁਸ਼ਕ ਮੇਵੇ ਬਾਹਰੋਂ ਮੰਗਵਾਏ ਜਾ ਸਕਣ। ਸਾਨੂੰ ਆਸ ਹੈ ਕਿ ਹਵਾਈ ਆਵਾਜਾਈ ਨਾਲ ਇਹ ਵਪਾਰ ਮੁੜ ਪਹਿਲੀ ਪੱਧਰ ਤੇ ਆ ਜਾਵੇਗਾ ਅਤੇ ਇਸ ਨਾਲ ਕਾਂਗੜਾ ਵਿਚ ਚਾਹ ਦੀ ਸਨਅਤ ਨੂੰ ਉਤਸ਼ਾਹ ਮਿਲੇਗਾ। ਸਾਡੀ ਇਹ ਵੀ ਤਜਵੀਜ਼ ਹੈ ਕਿ ਪੰਜਾਬ ਦੀਆਂ ਛੋਟੀਆਂ ਸਨਅਤਾਂ ਸਬੰਧੀ ਕਾਰਪੋਰੇਸ਼ਨ ਰਾਹੀ ਸਨਅਤੀ ਯੂਨਿਟਾਂ ਨੂੰ ਆਰਟ ਸਿਲਕ ਧਾਗਾ ਸਪਲਾਈ ਕੀਤਾ ਜਾਵੇ।

16. **ਟ੍ਰਾਂਸਪੋਰਟ** ਜਿਹੜੀ ਸ਼ਾਨਦਾਰ ਸੇਵਾ ਪ੍ਰਾਈਵੇਟ ਓਪਰੇਟਰਾਂ ਨੇ ਸਾਡੀ ਫੌਜ ਦੀ ਕੀਤੀ ਹੈ, ਉਸ ਦਾ ਮੈਂ ਪਹਿਲਾਂ ਹੀ ਜ਼ਿਕਰ ਕਰ ਚੁਕਾਂ ਹਾਂ। ਮੈਂ ਪੰਜਾਬ ਰੋਡਵੇਜ਼ ਵਲੋਂ ਦਿਤੀ ਗਈ ਸਹਾਇਤਾ ਦੀ ਸ਼ਲਾਘਾ ਵੀ ਕਰਨੀ ਚਾਹਾਂਗਾ। ਉਨ੍ਹਾਂ ਨੇ ਗੱਡੀਆਂ ਪੁਰਜ਼ਿਆਂ ਅਤੇ ਵਰਕਸ਼ਾਪ ਸਹੂਲਤਾਂ ਦੇ ਮਾਮਲੇ ਵਿਚ ਬੜੀ ਅਹਿਮ ਸਹਾਇਤਾ ਦਿਤੀ।

ਜਿਥੋਂ ਤਕ ਟ੍ਰਾਂਸਪੋਰਟ ਦੀਆਂ ਆਮ ਸਹੂਲਤਾਂ ਦਾ ਸਬੰਧ ਹੈ, ਰਾਜ ਸਰਕਾਰ ਨੇ ਇਨ੍ਹਾਂ ਸਹੂਲਤਾਂ ਵਿਚ ਵਾਧਾ ਕਰਨ ਵਿਚ ਵਿਸ਼ੇਸ਼ ਧਿਆਨ ਦਿਤਾ ਹੈ। 95 ਨਵੀਆਂ ਬੱਸਾਂ ਅਤੇ 51 ਪੁਰਾਣੀਆਂ ਬੱਸਾਂ ਦੀ ਥਾਂ ਹੋਰ ਬੱਸਾਂ ਆਉਣ ਨਾਲ ਪੰਜਾਬ ਰੋਡਵੇਜ਼ ਦੀਆਂ ਬੱਸਾਂ ਦੀ ਕੁਲ ਗਿਣਤੀ ਹੁਣ 1192 ਹੋ ਗਈ ਹੈ, ਜੋ ਰੋਜ਼ਾਨਾ 1,40,325 ਮੀਲ ਸਫਰ ਕਰਦੀਆਂ ਹਨ। ਹੁਸ਼ਿਆਰਪੁਰ, ਕਾਂਗੜਾ ਅਤੇ ਸ਼ਿਮਲਾ ਜ਼ਿਲ੍ਹਿਆਂ ਦੇ ਪਹਾੜੀ ਇਲਾਕਿਆਂ ਵਿਚ ਨਵੇਂ ਰੂਟਾਂ ਤੇ ਵੀ ਕਾਫੀ ਬੱਸਾਂ ਚਾਲੂ ਕਰ ਦਿਤੀਆਂ ਗਈਆਂ ਹਨ। ਮਨਾਲੀ ਅਤੇ ਚੰਡੀਗੜ੍ਹ ਵਿਚਕਾਰ ਰੋਜ਼ਾਨਾਂ ਤਿੰਨ ਸਰਵਿਸਾਂ, ਦਿਲੀ ਅਤੇ ਸ਼ਿਮਲਾ ਵਿਚਕਾਰ ਇਕ ਡੀਲਕਸ ਸਰਵਿਸ ਅਤੇ ਦਿੱਲੀ ਤੇ ਜੰਮੂ-ਕਸ਼ਮੀਰ ਅਧਿਕਾਰੀਆਂ ਦੇ ਸਹਿਯੋਗ ਨਾਲ ਦਿੱਲੀ ਤੇ ਜੰਮੂ ਵਿਚਕਾਰ ਇਕ ਸਰਵਿਸ, ਲੰਮੇ ਫਾਸਲੇ ਵਾਲੀਆਂ ਸਰਵਿਸਾਂ ਤੇ ਸਬੰਧ ਵਿਚ, ਸਾਡੀ ਸਫਲਤਾ ਦੇ ਮੀਲ-ਪੱਥਰ ਹਨ। ਧਰਮਸ਼ਾਲਾ, ਅਬੋਹਰ ਸਰਸਾ, ਹਿਸਾਰ, ਮੁਕਤਸਰ ਤੇ ਦਾਦਰੀ ਤੋਂ ਰਾਜਧਾਨੀ ਤੀਕ

ਸਿੱਧੇ ਸਫਰ ਲਈ ਵੀ ਸਰਵਿਸਾਂ ਚਾਲੂ ਕਰ ਦਿਤੀਆਂ ਗਈਆਂ ਹਨ। ਅਗਸਤ, 1965 ਵਿਚ ਅੰਮ੍ਰਿਤਸਰ ਵਿਖੇ ਪੰਜਾਬ ਰੋਡਵੇਜ਼ ਵਲੋਂ ਬਣਾਏ ਗਏ ਨਵੇਂ ਬੱਸ ਸਟੈਂਡ ਨਾਲ, ਜੋ ਕਿ ਭਾਰਤ ਵਿਚ ਸਭ ਤੋਂ ਵੱਡਾ ਬੱਸ ਸਟੈਂਡ ਹੈ, ਅਮ੍ਰਿਤਸਰ ਸ਼ਹਿਰ ਵਿਚ ਵੱਖ ਵੱਖ ਬੱਸ ਸਟੈਂਡਾਂ ਦੇ ਅਣ-ਵਿਊਂਤੇ ਵਾਧੇ ਅਤੇ ਭੀੜ ਭੜੱਕੇ ਦੀ ਸਮਸਿਆ ਹੱਲ ਹੋ ਗਈ ਹੈ। ਦਰ ਅਸਲ ਸਾਰੇ ਰਾਜ ਅੰਦਰ ਮੁਸਾਫਰਾਂ ਨੂੰ ਬੱਸ ਸਟੈਂਡਾਂ ਅਤੇ ਲਾਈਨ ਵਿਚ ਖੜੇ ਹੋਣ ਲਈ ਸ਼ੈਡਾਂ ਦੀ ਸ਼ਕਲ ਵਿਚ ਸਹੂਲਤ ਦੇਣ ਦਾ ਇਕ ਵਿਸ਼ਾਲ ਪ੍ਰੋਗਰਾਮ ਹੈ।

ਵਿਦਿਆਰਥੀਆਂ ਦੀ ਸਹੂਲਤ ਲਈ ਸਰਕਾਰ ਨੇ ਪਿਛੇ ਜਿਹੇ, ਉਨ੍ਹਾਂ ਨੂੰ ਬੱਸਾਂ ਵਿਚ ਮੁਫਤ ਲੈਜਾਣ ਦੀ ਸਕੀਮ ਅਧੀਨ ਹੋਰ ਵਧੇਰੇ ਰਿਆਇਤਾਂ ਦਿਤੀਆਂ ਹਨ। ਇਸ ਰਿਆਇਤ ਅਨੁਸਾਰ ਹੁਣ ਦਸਵੀਂ ਜਮਾਤ ਤਕ ਦੀਆਂ ਲੜਕੀਆਂ ਅਤੇ ਅੱਠਵੀਂ ਜਮਾਤ ਤਕ ਦੇ ਲੜਕੇ ਬੱਸਾਂ ਵਿਚ ਮੁਫਤ ਸਕੂਲ ਜਾ ਸਕਦੇ ਹਨ, ਜੇਕਰ ਉਨ੍ਹਾਂ ਦਾ ਸਕੂਲ ਇਕ ਮੀਲ ਤੋਂ ਵੱਧ ਫਾਸਲੇ ਤੇ ਵਾਕਿਆ ਹੋਵੇ। ਐਪਰ ਚੌਥੀ ਜਮਾਤ ਤਕ ਦੇ ਸਾਰੇ ਵਿਦਿਆਰਥੀ, ਜੋ ਉਨ੍ਹਾਂ ਦੇ ਘਰਾਂ ਤੋਂ ਸਕੂਲ ਅੱਧ ਮੀਲ ਦੇ ਫਾਸਲੇ ਤੋਂ ਦੂਰੀ ਤੇ ਹੋਣ, ਬੱਸਾਂ ਵਿਚ ਮੁਫਤ ਜਾ ਸਕਦੇ ਹਨ। ਬੱਸਾਂ ਵਿਚ ਮੁਫਤ ਜਾਣ ਦੀ ਇਹ ਰਿਆਇਤ ਵੱਡੀ ਉਮਰ ਦੇ ਵਿਦਿਆਰਥੀਆਂ ਨੂੰ ਵੀ ਦਿਤੀ ਗਈ ਹੈ, ਜੇਕਰ ਉਨ੍ਹਾਂ ਦੇ ਸਕੂਲ ਤਕ ਫਾਸਲਾ ਪੰਜ ਮੀਲ ਤੋਂ ਵੱਧ ਨਾ ਹੋਵੇ। ਜੇਕਰ ਬੱਸਾਂ ਵਿਚ ਕੋਈ ਸੀਟ ਖਾਲੀ ਨਾ ਹੋਵੇ ਤਾਂ ਉਨ੍ਹਾਂ ਨੂੰ ਬੱਸ ਲਈ ਪਰਵਾਨ ਗਿਣਤੀ ਤੋਂ 25 ਫ਼ੀ ਸਦੀ ਤਕ ਖੜੇ ਮੁਸਾਫਰਾਂ ਵਜੋਂ ਲਿਜਾਇਆ ਜਾ ਸਕੇਗਾ।

ਰਸਤੇ ਵਿਚ ਬੱਸਾਂ ਦੇ ਖਰਾਬ ਹੋ ਜਾਣ ਦੀਆਂ ਸੰਭਾਵਨਾਂ ਨੂੰ ਘੱਟ ਕਰਦ ਲਈ ਅਤੇ ਬੱਸ ਸਰਵਿਸ ਨੂੰ ਚੰਗੇਰਾ ਬਣਾਉਣ ਲਈ, ਨਿਕੰਮੀਆਂ ਗੱਡੀਆਂ ਛਾਂਟ ਕੇ ਕੱਢ ਦਿਤੀਆਂ ਗਈਆਂ ਹਨ ਅਤੇ ਉਨ੍ਹਾਂ ਦੀ ਥਾਂ ਵਧੀਆਂ ਬੱਸਾਂ ਲਿਆਂਦੀਆਂ ਗਈਆਂ ਹਨ। ਕਰਨਾਲ ਤੇ ਰੋਹਤਕ ਵਿਖੇ ਵਰਕਸ਼ਾਪਾਂ ਦੀਆਂ ਇਮਾਰਤਾਂ ਦੀ ਉਸਾਰੀ ਦੇ ਕੰਮ ਨੂੰ ਤੇਜ਼ ਕਰ ਦਿਤਾ ਗਿਆ ਹੈ, ਤਾਂ ਜੋ ਇਨ੍ਹਾਂ ਥਾਵਾਂ ਤੇ ਬੱਸਾਂ ਦੀ ਮੁਰੰਮਤ ਅਤੇ ਸੰਭਾਲ ਚੰਗੀ ਤਰ੍ਹਾਂ ਹੋ ਸਕੇ। ਪੰਜਾਬ ਰੋਡਵੇਜ਼, ਚੰਡੀਗੜ੍ਹ ਲਈ ਇਕ ਬਹੁਤ ਵੱਡੀ ਵਰਕਸ਼ਾਪ ਅਤੇ ਸਰਵਿਸ ਸਟੇਸ਼ਨ ਦਾ ਪ੍ਰਬੰਧ ਕੀਤਾ ਗਿਆ ਹੈ।

ਭਾਰਤ ਤੇ ਪਾਕਿਸਤਾਨ ਵਿਚਕਾਰ ਹੋਈ ਜੰਗ ਕਾਰਣ ਕੁਝ ਵਿਘਨ ਪੈ ਜਾਣ ਦੇ ਬਾਵਜੂਦ, ਪੰਜਾਬ ਰੋਡਵੇਜ਼ ਨੇ 9 ਮਹੀਨੇ ਦੇ ਸਮੇਂ ਵਿਚ 118 ਲੱਖ ਰੁਪਏ ਦਾ ਮੁਨਾਫਾ ਕਮਾਇਆ ਹੈ। ਹੋਰ ਸਾਰੇ ਰਾਜਾਂ ਦੇ ਮੁਕਾਬਲੇ ਵਿਚ ਪੰਜਾਬ ਰੋਡਵੇਜ਼ ਦਾ 98 ਪੈਸੇ ਪ੍ਰਤੀ ਮੀਲ ਦਾ ਖਰਚ ਸਭ ਤੋਂ ਘੱਟ ਹੈ। ਐਪਰ, ਗਰਾਂਟਾਂ ਵਿਚ ਕਮੀ ਹੋਣ ਨਾਲ ਪੈਪਸੂ ਰੋਡ ਟ੍ਰਾਂਸਪੋਰਟ ਅਤੇ ਮੰਡੀ ਕੁਲੂ ਟ੍ਰਾਂਸਪੋਰਟਰਾਂ ਕਾਰਪੋਰੇਸ਼ਨਾਂ ਦੇ ਵਾਧੇ ਦੇ ਪ੍ਰੋਗਰਾਮ ਤੇ ਮਾੜਾ ਅਸਰ ਪੈ ਸਕਦਾ ਹੈ।

17. **ਸਹਿਕਾਰਤਾ** ਰਾਜ ਵਿਚ ਸਹਿਕਾਰੀ ਲਹਿਰ (Co-operative movement) ਦੀ ਤਰੱਕੀ ਜਾਰੀ ਰਹੀ ਹੈ। ਜੂਨ, 1965 ਦੇ ਅਖੀਰ ਤਕ 65 ਫ਼ੀ ਸਦੀ ਅਬਾਦੀ ਇਸ ਲਹਿਰ ਦੇ ਘੇਰੇ ਅੰਦਰ ਆ ਗਈ ਸੀ ਅਤੇ ਆਸ ਹੈ ਕਿ ਤੀਜੀ ਯੋਜਨਾ ਦੇ ਅੰਤ ਤਕ ਇਸ ਅਧੀਨ 70 ਫੀ ਸਦੀ ਤਕ ਅਬਾਦੀ ਆ ਜਾਵੇਗੀ। ਇਸ ਲਹਿਰ ਨੂੰ ਹਰ ਪੱਖੋਂ ਸੁਚੱਜਿਆਂ ਬਣਾਉਣ ਲਈ ਇਸ ਵੇਲੇ ਕੰਮ ਕਰ ਰਹੀਆਂ ਸਹਿਕਾਰੀ ਸਭਾਵਾਂ ਦੀ ਜਾਂਚ ਪੜਤਾਲ ਕੀਤੀ ਜਾ ਰਹੀ ਹੈ ਤਾਂ ਜੋ ਉਨ੍ਹਾਂ ਸਹਿਕਾਰੀ ਸਭਾਵਾਂ ਨੂੰ ਖਤਮ ਕੀਤਾ ਜਾ ਸਕੇ ਜੋ ਮਾਲੀ ਤੌਰ ਤੇ ਪੈਰਾਂ ਤੇ ਖੜੀਆਂ ਹੋਣ ਦੇ ਯੋਗ ਨਹੀਂ ਹਨ। ਜ਼ਰਾਇਤੀ ਉਪਜ ਵਧਾਉਣ ਵਾਸਤੇ ਫਸਲਾਂ ਲਈ ਕਰਜ਼ੇ ਦੀ ਇਕ ਨਵੀਂ ਸਕੀਮ ਚਾਲੂ ਕੀਤੀ ਗਈ ਹੈ। ਇਸ ਮੁਤਾਬਿਕ ਪ੍ਰਾਇਮਰੀ ਕਰਜ਼ਾ/ਸੇਵਾ ਸਭਾਵਾਂ ਦੇ ਮੈਂਬਰਾਂ ਨੂੰ ਉਨ੍ਹਾਂ ਦੀਆਂ ਕਾਸ਼ਤ ਦੀਆਂ ਲੋੜਾਂ

ਅਤੇ ਕਰਜ਼ਾ ਵਾਪਿਸ ਕਰਨ ਦੀ ਸਮਰੱਥਾ ਅਨੁਸਾਰ ਵੱਧ ਤੋਂ ਵਧ ਕਰਜ਼ਾ ਦਿਤਾ ਜਾਵੇਗਾ। ਪਹਿਲਾਂ ਅਜਿਹਾ ਕਰਜ਼ਾ ਕੇਵਲ ਜ਼ਮੀਨ ਦੇ ਮਾਲੀਏ ਦੇ ਅਧਾਰ ਤੇ ਦਿਤਾ ਜਾਂਦਾ ਸੀ। ਆਸ ਹੈ ਕਿ ਅਗਲੇ 12 ਮਹੀਨਿਆਂ ਵਿਚ ਉਕਲਾਨਾ ਵਿਖੇ ਕਪੜੇ ਦੀ ਸਹਿਕਾਰੀ ਮਿੱਲ, ਖੰਨਾ ਵਿਖੇ ਤੇਲ ਕੱਢਣ ਲਈ ਇਕ ਯੂਨਿਟ ਅਤੇ ਰਾਜ ਦੇ ਧਾਨ ਉਗਾਉਣ ਵਾਲੇ ਇਲਾਕਿਆਂ ਵਿਚ ਚਾਵਲਾਂ ਦੀਆਂ 24 ਸਹਿਕਾਰੀ ਮਿੱਲਾਂ ਲਾਈਆਂ ਜਾਣਗੀਆਂ। ਇਹ ਵੀ ਆਸ ਹੈ ਕਿ ਚਾਲੂ ਸਾਲ ਦੇ ਅੰਤ ਤਕ ਚੰਡੀਗੜ੍ਹ, ਫਰੀਦਾਬਾਦ, ਸ਼ਿਮਲਾ, ਤੇ ਨੰਗਲ ਵਿਖੇ ਚਾਰ ਹੋਰ ਥੋਕ ਖਪਤਕਾਰ ਸਹਿਕਾਰੀ ਸਟੋਰ ਖੋਲ੍ਹੇ ਜਾਣਗੇ। ਚੌਥੀ ਯੋਜਨਾ ਵਿਚ ਜ਼ਿਲ੍ਹਾ ਕਰਨਾਲ ਅੰਦਰ ਖੰਡ ਦੀ ਇਕ ਮਿੱਲ ਲਾਉਣ ਦੀ ਤਜਵੀਜ਼ ਹੈ।

18. **ਸਿਖਿਆ** ਸਿਖਿਆ ਵਿਭਾਗ ਦੇ ਸਾਰੇ ਅਧਿਆਪਕ, ਵਿਦਿਆਰਥੀ ਅਤੇ ਅਫਸਰ, ਪੰਜਾਬ ਰੱਖਿਆ ਅਤੇ ਸੁਰੱਖਿਆ ਸਹਾਇਤਾ ਫੰਡ ਵਿਚ ਆਪਣਾ ਹਿੱਸਾ ਪਾਉਣ ਲਈ ਹਾਰਦਿਕ ਵਧਾਈ ਦੇ ਪਾਤਰ ਹਨ। ਇਕ ਮਹੀਨੇ ਦੇ ਥੋੜੇ ਜਿਹੇ ਸਮੇਂ ਦੇ ਅੰਦਰ ਅੰਦਰ, ਉਨ੍ਹਾਂ ਨੇ ਨਕਦੀ ਦੇ ਰੂਪ ਵਿਚ ਜਾਂ ਫੌਜੀਆਂ ਨੂੰ ਭੇਜੀਆਂ ਗਈਆਂ ਵਸਤਾਂ ਦੀ ਸ਼ਕਲ ਵਿਚ ਲਗਭਗ 65 ਲੱਖ ਰੁਪਏ ਦੀ ਰਕਮ ਇਨ੍ਹਾਂ ਫੰਡਾਂ ਵਿਚ ਦਿਤੀ ਹੈ। ਇਸ ਤੋਂ ਇਲਾਵਾ ਐਨ. ਸੀ. ਸੀ. ਕੈਡਿਟਾਂ ਨੇ ਫੌਜ, ਪੁਲਿਸ ਅਤੇ ਸ਼ਹਿਰੀ ਰੱਖਿਆ ਅਧਿਕਾਰੀਆਂ ਦੀ ਸਹਾਇਤਾ ਕਰਨ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਹੈ।

ਵਿਭਾਗ ਨੇ ਸਿੱਖਿਆ ਸੰਸਥਾਵਾਂ ਦੀ ਗਿਣਤੀ ਵਿਚ ਵਾਧਾ ਕਰਨ ਅਤੇ ਸਿਖਿਆ ਦੇ ਮਿਆਰ ਨੂੰ ਉਚੇਰਾ ਬਣਾਉਣ, ਦੋਹਾਂ ਪੱਖਾਂ ਵਲ ਲਗਾਤਾਰ ਧਿਆਨ ਦਿੱਤਾ ਹੈ। ਮੁਫ਼ਤ ਅਤੇ ਲਾਜ਼ਮੀ ਸਿਖਿਆ ਦੇਣ ਦੀ ਜਿਹੜੀ ਸਕੀਮ ਤੀਜੀ ਯੋਜਨਾ ਦੇ ਪਹਿਲੇ ਸਾਲ ਸ਼ੁਰੂ ਕੀਤੀ ਗਈ ਸੀ, ਉਸ ਤੇ ਪੂਰਾ ਪੂਰਾ ਅਮਲ ਕੀਤਾ ਗਿਆ ਅਤੇ ਹੁਣ 6—11 ਸਾਲ ਗਰੁੱਪ ਦੇ ਬੱਚੇ ਵੀ ਇਸ ਸਕੀਮ ਦੇ ਘੇਰੇ ਵਿਚ ਆ ਗਏ ਹਨ। ਮਿਡਲ ਅਤੇ ਸੈਕੰਡਰੀ ਪੱਧਰਾਂ ਤੇ ਵਧੇਰੇ ਸਿਖਿਆ ਸਹੂਲਤਾਂ ਦਿੱਤੀਆਂ ਗਈਆਂ ਹਨ ਅਤੇ ਪ੍ਰਾਇਮਰੀ ਸਕੂਲਾਂ ਦਾ ਦਰਜਾ ਵਧਾ ਕੇ ਮਿਡਲ ਅਤੇ ਮਿਡਲ ਤੋਂ ਹਾਇਰ ਸੈਕੰਡਰੀ ਸਕੂਲ ਬਣਾਉਣ ਦਾ ਕੰਮ ਵੀ ਕਾਫੀ ਤਸੱਲੀਬਖਸ਼ ਰਿਹਾ ਹੈ। ਪਛੜੇ ਪਹਾੜੀ ਇਲਾਕਿਆਂ ਵਿਚ ਕਾਲਜ ਸਿਖਿਆ ਦਾ ਪ੍ਰਬੰਧ ਕਰਨ ਲਈ ਹਮੀਰਪੁਰ ਵਿਖੇ ਇਕ ਆਰਟਸ ਅਤੇ ਸਾਇੰਸ ਕਾਲਜ ਖੋਲ੍ਹਿਆ ਗਿਆ ਹੈ। ਰਾਜ ਸਿਖਿਆ ਸੰਸਥਾ, ਚੰਡੀਗੜ੍ਹ ਨੇ ਮੁਢਲੀ ਸਿਖਿਆ ਦੇ ਸੁਧਾਰ ਸਬੰਧੀ ਸ਼ਲਾਘਾਯੋਗ ਕੰਮ ਕੀਤਾ ਹੈ। ਰਾਜ ਅੰਗਰੇਜ਼ੀ ਸੰਸਥਾ ਵਿਚ ਗ੍ਰੈਜੂਏਟ ਅਧਿਆਪਕਾਂ ਨੂੰ ਨਵੀਆਂ ਪ੍ਰਣਾਲੀਆਂ ਅਨੁਸਾਰ ਅੰਗਰੇਜ਼ੀ ਦੀ ਪੜ੍ਹਾਈ ਕਰਾਉਣ ਸਬੰਧੀ ਸਿਖਲਾਈ ਦਿਤੀ ਜਾ ਰਹੀ ਹੈ। ਸਾਇੰਸ ਸਿਖਿਆ ਦੇ ਵਿਕਾਸ ਦਾ ਧਿਆਨ ਰਖਣ ਲਈ ਅਤੇ ਸਕੂਲਾਂ ਵਿਚ ਸਾਇੰਸ ਪੜ੍ਹਾਉਣ ਵਾਲੇ ਕਰਮਚਾਰੀਆਂ ਦੀ ਸਿਖਲਾਈ ਦਾ ਪ੍ਰਬੰਧ ਕਰਨ ਲਈ, ਇਕ ਸਾਇੰਸ ਯੂਨਿਟ ਕਾਇਮ ਕੀਤਾ ਗਿਆ ਹੈ। ਅਸੀਂ ਹੋਰ ਸੁਧਾਰ ਕਰਨ ਲਈ ਅਤੇ ਸਿਖਿਆ ਦੇ ਮਿਆਰ ਨੂੰ ਉਚੇਰਾ ਬਣਾਉਣ ਲਈ, ਸਿਖਿਆ ਕਮਿਸ਼ਨ ਦੀ ਰਪੋਟ ਦੀ ਉਡੀਕ ਕਰ ਰਹੇ ਹਾਂ। ਰਾਜ ਵਿਚ ਸੈਕੰਡਰੀ ਸਿਖਿਆ ਬੋਰਡ ਕਾਇਮ ਕਰਨ ਲਈ ਛੇਤੀ ਹੀ ਆਪ ਦੇ ਸਾਹਮਣੇ ਇਕ ਬਿੱਲ ਪੇਸ਼ ਕੀਤਾ ਜਾਵੇਗਾ।

ਅਸੀਂ ਸਿਖਿਆ ਪ੍ਰਣਾਲੀ ਵਿਚ ਸੁਧਾਰ ਕਰਨ ਦੇ ਨਾਲ ਨਾਲ ਅਧਿਆਪਕਾਂ ਦੀ ਹਾਲਤ ਨੂੰ ਬਿਹਤਰ ਬਣਾਉਣ ਵਲ ਵੀ ਧਿਆਨ ਦੇ ਰਹੇ ਹਾਂ। ਅਜਿਹਾ ਕਰਨ ਸਬੰਧੀ ਉਪਾ ਅਤੇ ਸਾਧਨ ਸੁਝਾਉਣ ਲਈ ਜੋ ਕਮੇਟੀ ਬਣਾਈ ਗਈ ਸੀ, ਉਸ ਦੀ ਰਪੋਟ ਉਤੇ ਵਿਚਾਰ ਕੀਤਾ ਜਾ ਰਿਹਾ ਹੈ। ਸਰਕਾਰੀ ਸਕੂਲਾਂ ਦੇ ਅਣ-ਗਜ਼ਟਿੱਡ ਅਧਿਆਪਕਾਂ ਨੂੰ ਪਹਿਲਾਂ ਹੀ ਲਗ ਭਗ 25 ਲੱਖ ਰੁਪਏ ਦਾ ਲਾਭ ਦਿੱਤਾ ਜਾ ਚੁੱਕਾ ਹੈ।

ਸਾਰੇ ਯੋਗ ਵਿਦਿਆਰਥੀਆਂ ਦੀ ਸਹਾਇਤਾ ਕਰਨ ਲਈ, ਰਾਜ ਸਰਕਾਰ ਭਾਰਤ ਦੇ ਸਾਰੇ ਸੈਨਿਕ ਸਕੂਲਾਂ ਅਤੇ ਪਬਲਿਕ ਸਕੂਲ, ਨਾਭਾ ਵਿਚ ਕਾਫ਼ੀ ਵਜ਼ੀਫੇ ਦੇ ਰਹੀ ਹੈ।

19. **ਤਕਨੀਕੀ ਸਿਖਿਆ** ਯੋਜਨਾਬੰਦੀ ਕਮਿਸ਼ਨ ਦੁਆਰਾ ਦਿੱਤੀ ਗਈ ਸੇਧ ਅਨੁਸਾਰ, ਅਗਲੇ ਸਾਲ ਦੇ ਅੰਦਰ ਤਕਨੀਕੀ ਸਿੱਖਿਆ ਦੇ ਵਾਧੇ ਦਾ ਕੰਮ ਵਰਤਮਾਨ ਸੰਸਥਾਵਾਂ ਵਿਚ ਸਹੂਲਤਾਂ ਨੂੰ ਹੋਰ ਵਧਾ ਕੇ ਕੀਤਾ ਜਾਵੇਗਾ। ਇਨ੍ਹਾਂ ਸੰਸਥਾਵਾਂ ਅੰਦਰ ਅਗਲੇ ਸਾਲ ਵਿਚ 300 ਸੀਟਾਂ ਹੋਰ ਵਧਾਉਣ ਦੀ ਤਜਵੀਜ਼ ਹੈ । ਚਾਲੂ ਸਾਲ ਵਿਚ, ਅੰਮ੍ਰਿਤਸਰ ਵਿਖੇ ਇਕ ਨਵਾਂ ਪੋਲੀਟੈਕਨਿਕ ਕਾਇਮ ਕੀਤਾ ਗਿਆ ਜਿਸ ਵਿਚ 120 ਵਿਦਿਆਰਥੀ ਦਾਖਲ ਕੀਤੇ ਗਏ। ਕੁਰੂਕਸ਼ੇਤਰ ਯੂਨੀਵਰਸਿਟੀ ਕੈਂਪੱਸ ਵਿਚ ਰੀਜਨਲ ਇੰਜੀਨੀਅਰਿੰਗ ਕਾਲਜ ਖੋਲ੍ਹਿਆ ਗਿਆ। ਇਸ ਵਿਚ ਵੀ ਇਸ ਵੇਲੇ 120 ਵਿਦਿਆਰਥੀਆਂ ਨੂੰ ਸਿਖਿਆ ਦੇਣ ਦਾ ਪ੍ਰਬੰਧ ਹੈ। ਪਰੰਤੂ ਅਗਲੇ ਸਾਲ ਇਸ ਗਿਣਤੀ ਨੂੰ ਵਧਾ ਕੇ 250 ਕਰ ਦਿੱਤਾ ਜਾਵੇਗਾ। ਭਾਰਤ ਸਰਕਾਰ ਨੇ ਨੀਦਰਲੈਂਡ ਸਰਕਾਰ ਦੀ ਸਹਾਇਤਾ ਨਾਲ, ਪੋਲੀਟੈਕਨਿਕਾਂ ਦੇ ਅਧਿ- ਆਪਕਾਂ ਦੀ ਸਿਖਲਾਈ ਲਈ, ਚੰਡੀਗੜ੍ਹ ਵਿਚ ਅਧਿਆਪਕ ਸਿਖਲਾਈ ਸੰਸਥਾ ਕਾਇਮ ਕਰਨ ਦਾ ਫੈਸਲਾ ਕੀਤਾ ਹੈ। ਰਾਜ ਸਰਕਾਰ ਨੇ ਫ਼ਰੀਦਾਬਾਦ ਵਿਖੇ ਜਰਮਨ ਨਮੂਨੇ ਤੇ ਇੰਜੀਨੀਅਰਿੰਗ ਸੰਸਥਾ ਕਾਇਮ ਕਰਨ ਲਈ ਭਾਰਤ ਦੀ ਵਾਈ. ਐਮ ਸੀ. ਏ. ਦੀ ਰਾਸ਼ਟਰੀ ਕੌਂਸਲ ਨਾਲ ਸਮਝੌਤਾ ਕੀਤਾ ਹੈ ।

20. **ਡਾਕਟਰੀ ਅਤੇ ਸਿਹਤ** ਪਿੱਛੇ ਜਿਹੇ ਹੋਈ ਜੰਗ ਦੇ ਦੌਰਾਨ ਬਹੁਤ ਸਾਰੇ ਸਿਵਲ ਮੈਡੀਕਲ ਯੂਨਿਟਾਂ ਨੇ ਸ਼ਲਾਘਾਯੋਗ ਕੰਮ ਕੀਤਾ। ਮੈਡੀਕਲ ਕਾਲਜ ਅੰਮ੍ਰਿਤਸਰ ਦੇ ਅਮਲੇ ਨੇ ਜ਼ਖਮੀ ਸੈਨਿਕਾਂ ਨੂੰ ਦਿਨ ਰਾਤ ਡਾਕਟਰੀ ਸਹਾਇਤਾ ਦਿੱਤੀ। ਰੋਹਤਕ ਵਿਚ ਸਿਖਲਾਈ ਪ੍ਰਾਪਤ ਕਰ ਰਹੇ ਡਾਕਟਰਾਂ ਅਤੇ ਹਾਊਸ ਸਰਜਨਾਂ ਨੇ ਰੋਹਤਕ ਵਿਚੋਂ ਲੰਘਣ ਵਾਲੇ ਜ਼ਖਮੀ ਜਵਾਨਾਂ ਨੂੰ ਸਹਾਇਤਾ ਪਹੁੰਚਾਈ। ਪੋਸਟ-ਗ੍ਰੈਜੂਏਟ ਮੈਡੀਕਲ ਇੰਸਟੀਚੂਟ, ਚੰਡੀਗੜ੍ਹ ਵਿਚ 600 ਤੋਂ ਵਧ ਸਰਜੀਕਲ ਉਪਰੇਸ਼ਨ ਕੀਤੇ ਗਏ। ਖੂਨ ਦੀਆਂ 1,200 ਬੋਤਲਾਂ ਸੈਨਿਕ ਅਧਿਕਾਰੀਆਂ ਨੂੰ ਦਿੱਤੀਆਂ ਗਈਆਂ। ਸੈਨਾ ਲਈ ਹਰ ਪਰਕਾਰ ਦੀ ਸਹਾਇਤਾ ਦਾ ਪ੍ਰਬੰਧ ਕਰਨ ਤੋਂ ਇਲਾਵਾ, ਸਰਹੱਦ ਨਾਲ ਲਗਦੇ ਇਲਾਕਿਆਂ ਦੇ 10 ਮੀਲ ਦੇ ਘੇਰੇ ਵਿਚਲੇ ਸਾਰੇ ਪ੍ਰਾਇਮਰੀ ਹੈਲਥ ਸੈਂਟਰਾਂ ਅਤੇ ਦਿਹਾਤੀ ਦਵਾਖਾਨਿਆਂ ਵਿਚ ਪੂਰਾ ਅਮਲਾ ਕੰਮ ਤੇ ਲੱਗਾ ਰਿਹਾ। ਅੰਮ੍ਰਿਤਸਰ, ਗੁਰਦਾਸਪੁਰ ਅਤੇ ਫ਼ੀਰੋਜ਼ਪੁਰ ਦੇ ਸਰਹੱਦੀ ਜ਼ਿਲਿਆਂ ਵਿਚ ਐਡੀਸ਼ਨਲ ਚੀਫ ਮੈਡੀਕਲ ਅਫ਼ਸਰ ਲਾਏ ਗਏ। ਦਵਾਈਆਂ ਖਰੀਦਣ ਲਈ ਦਸ ਲੱਖ ਰੁਪਏ ਦੀ ਵਧੀਕ ਰਕਮ ਦਿੱਤੀ ਗਈ।

ਡਾਕਟਰੀ ਸਹਾਇਤਾ ਸਬੰਧੀ ਦਿਹਾਤੀ ਇਲਾਕਿਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪ੍ਰਾਇਮਰੀ ਹੈਲਥ ਸੈਂਟਰਾਂ ਦੀ ਗਿਣਤੀ ਹੁਣ ਵਧਾ ਕੇ 229 ਕਰ ਦਿੱਤੀ ਗਈ ਹੈ। ਇਨ੍ਹਾਂ ਵਲੋਂ ਕੀਤੀ ਜਾ ਰਹੀ ਸੇਵਾ ਨੂੰ ਹੋਰ ਵਧਾਉਣ ਲਈ 480 ਸਹਾਇਕ ਸੈਂਟਰ ਖੋਲ੍ਹੇ ਗਏ। ਚੌਥੀ ਯੋਜਨਾ ਦੇ ਅੰਦਰ ਸਾਰਿਆਂ ਜ਼ਿਲਿਆਂ ਅਤੇ ਬਹੁਤ ਸਾਰੀਆਂ ਤਸੀਲਾਂ ਵਿਚਲੇ ਹਸਪਤਾਲਾਂ ਵਿਚ ਮਰੀਜ਼ਾਂ ਦੇ ਪਲੰਘਾਂ ਦੀ ਗਿਣਤੀ ਨੂੰ ਵਧਾਉਣ, ਵਧੀਆ ਸਾਮਾਨ ਦੇਣ ਅਤੇ ਮਾਹਿਰਾਂ ਦੀ ਗਿਣਤੀ ਵਿਚ ਵਾਧਾ ਕਰਨ ਦੀ ਤਜਵੀਜ਼ ਹੈ। ਮੈਡੀਕਲ ਕਾਲਜਾਂ ਵਿਚ ਸੀਟਾਂ ਵਧਾ ਦਿੱਤੀਆਂ ਗਈਆਂ ਹਨ ਅਤੇ ਹੁਣ ਹਰ ਸਾਲ 500 ਤਕ ਵਿਦਿਆਰਥੀ ਦਾਖ਼ਲ ਕੀਤੇ ਜਾ ਸਕਦੇ ਹਨ। ਡਾਕਟਰਾਂ ਅਤੇ ਪੈਰਾ-ਮੈਡੀਕਲ ਅਮਲੇ ਦੀਆਂ ਸਿਖਲਾਈ ਸਹੂਲਤਾਂ ਨੂੰ ਹੋਰ ਵਧਾ ਦਿੱਤਾ ਗਿਆ ਹੈ ਅਤੇ ਉਨ੍ਹਾਂ ਵਿਚ ਕਈ ਸੁਧਾਰ ਵੀ ਕੀਤੇ ਗਏ ਹਨ।

ਰਾਜ ਦੇ ਰੇਤਲੇ ਅਤੇ ਪਹਾੜੀ ਇਲਾਕਿਆਂ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਦੀ ਸਮੱ-ਸਿਆ ਵੱਲ ਕਾਫ਼ੀ ਧਿਆਨ ਦਿੱਤਾ ਗਿਆ। ਕੌਮੀ ਜਲ-ਸਪਲਾਈ ਅਤੇ ਸਫ਼ਾਈ ਪ੍ਰੋਗਰਾਮ ਅਧੀਨ ਕਈ ਸਥਾਨਕ ਸੰਸਥਾਵਾਂ ਨੂੰ ਕਰਜ਼ੇ ਦਿਤੇ ਗਏ, ਜਿਨ੍ਹਾਂ ਦੀ ਰਕਮ 26.55 ਲੱਖ ਰੁਪਏ ਬਣਦੀ ਹੈ। ਦਿਹਾਤੀ ਇਲਾਕਿਆਂ ਵਿਚ ਨਲਾਂ ਰਾਹੀਂ ਪਾਣੀ ਸਪਲਾਈ ਕਰਨ ਦੀਆਂ ਸਕੀਮਾਂ ਲਈ 45.16 ਲੱਖ ਰੁਪਏ ਦੀਆਂ ਗਰਾਂਟਾਂ ਦਿੱਤੀਆਂ ਗਈਆਂ। ਇਸ ਸਾਲ ਦੇ ਅੰਦਰ ਜਿਨ੍ਹਾਂ ਮੁੱਖ ਦਿਹਾਤੀ ਜਲ-ਸਪਲਾਈ ਸਕੀਮਾਂ ਨੂੰ ਸਹਾਇਤਾ ਦਿੱਤੀ ਗਈ, ਉਹ (ੳ) ਬਠਿੰਡਾ ਅਤੇ ਹਿਸਾਰ ਜ਼ਿਲਿਆਂ ਦੇ ਅਜਿਹੇ 60 ਪਿੰਡਾਂ, ਜਿਨ੍ਹਾਂ ਤੇ ਫ਼ਲਿਓਰੀਨ ਦਾ ਅਸਰ ਹੋਇਆ, (ਅ) ਭਿਵਾਨੀ ਤਸੀਲ ਦੇ **ਸੋ**ਕੇ ਵਾਲੇ ਇਲਾਕਿਆਂ ਅਤੇ (ੲ) ਪਾਣੀ ਦੀ ਕਮੀ ਵਾਲੇ ਪਹਾੜੀ ਇਲਾਕਿਆਂ ਨਾਲ ਸਬੰਧਤ ਸਨ। ਭਿਵਾਨੀ ਤਸੀਲ ਦੀ ਜਲ-ਸਪਲਾਈ ਸਕੀਮ ਲਈ ਭਾਰਤ ਸਰਕਾਰ ਤੋਂ 50 ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ ਪ੍ਰਾਪਤ ਕੀਤੀ ਗਈ।

ਸੰਕਟ-ਕਾਲ ਦੀਆਂ ਲੋੜਾਂ ਦੀ ਪੂਰਤੀ ਲਈ ਹਰੇਕ ਮੱਦ ਵਾਸਤੇ ਰੱਖੀ ਗਈ ਰਕਮ ਵਿਚ ਕਮੀ ਕਰਨੀ ਪਈ, ਪਰੰਤੂ ਪਰਵਾਰ ਨਿਯੋਜਨ (**Family Planning**) ਸਬੰਧੀ ਰੱਖੀ ਰਕਮ ਵਿਚ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਕੀਤੀ ਗਈ। ਇਸ ਸਬੰਧੀ ਰਕਮ ਵੱਖ ਰੱਖਣ ਸਮੇਂ ਇਸ ਗੱਲ ਦਾ ਖ਼ਾਸ ਤੌਰ ਤੇ ਧਿਆਨ ਰਖਿਆ ਗਿਆ ਕਿ ਹੋਰ ਮੱਦਾਂ ਦੇ ਮੁਕਾਬਲੇ ਵਿਚ ਇਸ ਦੀ ਜ਼ਰੂਰਤ ਬਹੁਤ ਜ਼ਿਆਦਾ ਹੈ। ਇਸ ਲਈ ਲੋੜ ਇਸ ਗੱਲ ਦੀ ਹੈ ਕਿ ਇਸ ਪ੍ਰੋਗਰਾਮ ਨੂੰ ਵਧੇਰੇ ਸੁਚੱਜੇ ਢੰਗ ਨਾਲ ਅਮਲੀ ਰੂਪ ਦਿਤਾ ਜਾਵੇ ਅਤੇ ਇਸ ਦੇ ਰਾਹ ਵਿਚ ਰਕਮ ਦੀ ਲੋੜ ਨੂੰ ਰੁਕਾਵਟ ਨਾ ਬਣਨ ਦਿੱਤਾ ਜਾਵੇ।

21. **ਇਮਾਰਤਾਂ ਅਤੇ ਸੜਕਾਂ** ਰੱਖਿਆ ਦੀਆਂ ਤਿਆਰੀਆਂ ਦੀ ਸਕੀਮ ਵਿਚ ਆਵਾਜਾਈ ਦੇ ਚੰਗੇਰੇ ਪ੍ਰਬੰਧ ਦੀ ਮਹਤਤਾ ਵਿਆਖਿਆ ਦੀ ਮੁਥਾਜ ਨਹੀਂ। ਹਾਲ ਦੀ ਲੜਾਈ ਵਿਚ, ਟੈਂਕਾਂ ਤੇ ਹੋਰ ਭਾਰੀ ਗੱਡੀਆਂ ਨਾਲ ਜੋ ਸੜਕਾਂ ਖ਼ਰਾਬ ਹੋਈਆਂ, ਉਨ੍ਹਾਂ ਦੀ ਤੁਰੰਤ ਮੁਰੰਮਤ ਕਰ ਦਿੱਤੀ ਗਈ। ਚਾਲੂ ਸਾਲ ਵਿਚ ਜਿੰਨੀਆਂ ਸੜਕਾਂ ਬਣਾਉਣ ਦਾ ਟੀਚਾ ਮਿਥਿਆ ਹੋਇਆ ਸੀ, ਉਹ ਪ੍ਰਾਪਤ ਹੋ ਜਾਵੇਗਾ ਅਤੇ ਆਸ ਹੈ ਕਿ 320 ਮੀਲ ਲੰਬੀਆਂ ਨਵੀਆਂ ਸੜਕਾਂ ਬਣ ਜਾਣਗੀਆਂ। ਇਸ ਵੇਲੇ ਬਣ ਰਹੀਆਂ 200 ਮੀਲ ਲੰਬੀਆਂ ਸੜਕਾਂ ਅਗਲੇ ਸਾਲ ਦੇ ਅੰਦਰ ਮੁਕੰਮਲ ਹੋ ਜਾਣਗੀਆਂ। ਸੋਕੇ ਦੀ ਮਾਰ ਹੇਠ ਆਏ ਇਲਾਕਿਆਂ ਵਿਚ ਸਹਾਇਤਾ ਵਜੋਂ ਸ਼ੁਰੂ ਕੀਤੀਆਂ ਸੜਕਾਂ ਉਤੇ ਵੀ ਕੰਮ ਚਾਲੂ ਹੈ। ਪਹਾੜੀ ਇਲਾ-ਕਿਆਂ ਵਿਚ ਆਵਾਜਾਈ ਦੇ ਪ੍ਰਬੰਧ ਚੰਗੇਰੇ ਬਣਾਉਣ ਵਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਜਲੰਧਰ-ਪਠਾਨਕੋਟ ਅਤੇ ਜਰਨੈਲੀ ਸੜਕ ਤੇ ਦਰਿਆ ਬਿਆਸ ਉਤੇ ਕਾਫੀ ਮਹੱਤਤਾ ਵਾਲੇ ਪੁਲਾਂ ਦੀ ਉਸਾਰੀ ਦਾ ਕੰਮ ਜਾਰੀ ਹੈ। ਦਰਿਆ ਸਤਲੁਜ ਉਤੇ ਪੁਲ ਬਣਾਉਣ ਦਾ ਕੰਮ ਵੀ ਚੰਗੀ ਤਰ੍ਹਾਂ ਚਲ ਰਿਹਾ ਹੈ।

ਗਰਾਮ ਸੜਕ ਸਹਿਕਾਰੀ ਵਿਕਾਸ ਸਕੀਮ (**Village Roads Co-operative Development Scheme**) ਅਧੀਨ ਸੜਕਾਂ ਬਣਾਉਣ ਦੇ ਕੰਮ ਵਿਚ ਲੋਕਾਂ ਤੋਂ ਹਿੱਸਾ ਪਵਾਉਣ ਦੇ ਉਚੇਚੇ ਯਤਨ ਕੀਤੇ ਗਏ ਹਨ ਅਤੇ ਇਸ ਸਬੰਧੀ ਲੋਕਾਂ ਦਾ ਰਵੱਈਆ ਬੜਾ ਉਤਸ਼ਾਹ-ਜਨਕ ਰਿਹਾ ਹੈ।

22. **ਰਾਜਧਾਨੀ ਪ੍ਰਜੈਕਟ** ਚਾਲੂ ਮਾਲੀ ਸਾਲ ਲਈ ਪਰਵਾਨ ਕੀਤੀ ਗਈ 150.67 ਲੱਖ ਰੁਪਏ ਦੀ ਰਕਮਸੰਕਟ ਨੂੰ ਮਖ ਰਖਦਿਆਂ ਘਟਾ ਕੇ 124.57 ਲੱਖ ਰੁਪਏ ਕਰਨੀ ਪਈ। ਫਿਰ ਵੀ ਅਜਿਹੇ ਜ਼ਰੂਰੀ ਕੰਮ ਜਿਹਾ ਕਿ ਸੈਕਟਰ 29 ਅਤੇ 30, ਸਰਕਾਰੀ ਨੌਕਰੀ ਕਰਦੀਆਂ ਇਸਤਰੀਆਂ ਲਈ ਇਕ ਹੋਸਟਲ

ਮਜ਼ਦੂਰਾਂ ਲਈ ਮਕਾਨ ਤੇ ਹੋਸਟਲ ਬਣਾਉਣ ਅਤੇ ਪੰਜ ਟਿਊਬ-ਵੈਲ ਲਾਉਣ ਦਾ ਕੰਮ ਮੁਕੰਮਲ ਕਰ ਲਿਆ ਗਿਆ। ਸਨਅਤੀ ਸੈਕਟਰ ਤਕ ਰੇਲਵੇ ਲਾਈਨ ਪਹੁੰਚਾਣ ਲਈ ਅਤੇ ਸ਼ਹਿਰ ਤੋਂ ਹਰ ਮੌਸਮ ਵਿਚ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਸੁਖਨਾ ਚੋ ਉੱਤੇ ਪੁਲ ਬਣਾਉਣ ਸਬੰਧੀ ਮੁਢਲੀ ਕਾਰਵਾਈ ਮੁਕੰਮਲ ਹੋ ਗਈ ਹੈ। ਚੰਡੀਗੜ੍ਹ ਵਿਚ ਖ਼ਾਲੀ ਪਈਆਂ ਥਾਵਾਂ ਨੂੰ ਵਰਤੋਂ ਵਿਚ ਲਿਆਉਣ ਬਾਰੇ ਪੂਰੀ ਤਰ੍ਹਾਂ ਵਿਚਾਰ ਕੀਤਾ ਗਿਆ ਹੈ ਅਤੇ ਇਹ ਫੈਸਲਾ ਕੀਤਾ ਗਿਆ ਹੈ ਕਿ ਉਨ੍ਹਾਂ ਵਿਚੋਂ ਬਹੁਤ ਸਾਰੀਆਂ ਥਾਵਾਂ ਤੇ ਅਨਾਜ ਉਗਾਇਆ ਜਾਵੇ। ਸ਼ਹਿਰ ਦੇ ਇਕ ਪਾਸੇ ਵਲ ਲਗਦੀ 400 ਏਕੜ ਭੋਂ ਅਨਾਜ ਦੀ ਕਾਸ਼ਤ ਲਈ ਪ੍ਰਾਈਵੇਟ ਵਿਅਕਤੀਆਂ ਨੂੰ ਪਟੇ ਤੇ ਦੇ ਦਿੱਤੀ ਗਈ ਹੈ। ਹੋਰ 100 ਏਕੜ ਰਕਬਾ ਵਿਭਾਗ ਦੁਆਰਾ ਕਾਸ਼ਤ ਲਈ ਤਿਆਰ ਕੀਤਾ ਜਾ ਰਿਹਾ ਹੈ। ਸਾਡਾ ਖ਼ਿਆਲ ਹੈ ਕਿ ਸ਼ਹਿਰ ਦੇ ਵਿਕਾਸ ਦੇ ਦੂਜੇ ਦੌਰ ਵਿਚ, 17 ਹੋਰ ਸੈਕਟਰ ਬਣਾਏ ਜਾਣ, ਜੋ ਤਿੰਨ ਲੱਖ ਤੋਂ ਵਧ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕਣ ਅਤੇ ਇਸ ਦੇ ਨਾਲ ਹੀ ਇਸ ਵਿਚ ਇਕ ਡੀਫੈਂਸ ਕਾਲੋਨੀ, ਮਜ਼ਦੂਰਾਂ ਅਤੇ ਹਰੀਜਨਾਂ ਲਈ ਮਕਾਨ ਅਤੇ ਘਟ ਤਨਖਾਹ ਲੈਣ ਵਾਲੇ ਸਰਕਾਰੀ ਕਰਮਚਾਰੀਆਂ ਲਈ ਕੁਆਟਰ ਆਦਿ ਬਣਾਏ ਜਾਣ। ਘਰੇਲੂ ਅਤੇ ਖੇਤੀ-ਬਾੜੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਅਤੇ ਖ਼ਾਸ ਕਰਕੇ ਖ਼ਾਲੀ ਥਾਵਾਂ ਤੇ ਖੇਤੀ ਕਰਨ ਦੀ ਤਜਵੀਜ਼ ਨੂੰ ਮੁੱਖ ਰਖਦਿਆਂ ਪਾਣੀ ਦੀ ਸਪਲਾਈ ਵਧਾਉਣ ਦਾ ਪ੍ਰਬੰਧ ਕਰਨਾ ਪਵੇਗਾ। ਆਸ ਹੈ ਕਿ ਰਾਜਧਾਨੀ ਪ੍ਰਾਜੈਕਟ ਦੇ ਹਥਲੇ ਕੰਮ ਅਤੇ ਹੋਰ ਵਿਭਾਗਾਂ ਲਈ ਕੀਤੇ ਜਾ ਰਹੇ ਕੰਮ ਛੇਤੀ ਹੀ ਮੁਕੰਮਲ ਹੋ ਜਾਣਗੇ।

23. **ਸਥਾਨਕ ਸਰਕਾਰ** ਪਿਛੇ ਜਿਹੇ ਹੋਏ ਭਾਰਤ-ਪਾਕਿਸਤਾਨ ਯੁੱਧ ਵਿਚ ਉਜੜੇ ਲੋਕਾਂ ਦੀ ਸਹਾਇਤਾ ਕਰਨ ਵਾਸਤੇ ਰਾਜ ਸਰਕਾਰ ਨੇ ਪੀੜਤ ਲੋਕਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਨਿਭਾਇਆ ਹੈ। ਖੇਮਕਰਨ ਨਗਰਪਾਲਕਾ ਦੇ ਸ਼ਰਨਾਰਥੀ ਕਰਮਚਾਰੀਆਂ ਦੀ ਫੌਰੀ ਸਹਾਇਤਾ ਕੀਤੀ ਗਈ ਅਤੇ ਹਮਲੇ ਦਾ ਸ਼ਿਕਾਰ ਹੋਈ ਸਰਹੱਦੀ ਇਲਾਕਿਆਂ ਦੀਆਂ ਹੋਰ ਨਗਰਪਾਲਕਾਵਾਂ ਨੂੰ 4.44 ਲੱਖ ਰੁਪਏ ਦੀ ਮਾਲੀ ਸਹਾਇਤਾ ਦਿੱਤੀ ਗਈ। ਨਗਰਪਾਲਕਾਵਾਂ ਅਤੇ ਨਗਰ-ਸੁਧਾਰ ਟ੍ਰਸਟਾਂ ਨੂੰ ਚੰਗੇਰੀ ਸੇਧ ਦੇਣ ਲਈ ਅਤੇ ਉਨ੍ਹਾਂ ਦੀ ਨਿਗਰਾਨੀ ਤੇ ਅਗਵਾਈ ਲਈ ਲੋੜੀਂਦੀਆਂ ਨਜ਼ਾਮੀ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਇਸ ਮਕਸਦ ਲਈ ਸ਼ਹਿਰੀ ਸਥਾਨਕ ਸੰਸਥਾਵਾਂ (Urban Local Bodies) ਦਾ ਇਕ ਡਾਇਰੈਕਟੋਰੇਟ ਕਾਇਮ ਕੀਤਾ ਜਾ ਰਿਹਾ ਹੈ। ਸ਼ਹਿਰੀ ਸਮੂਹਿਕ ਵਿਕਾਸ ਸਕੀਮ (Urban Community Development Scheme) ਅਧੀਨ, ਲੁਧਿਆਣਾ ਨਗਰਪਾਲਕਾ ਖੇਤਰ ਵਿਚ ਇਕ ਅਜ਼ਮਾਇਸ਼ੀ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਹੈ। ਰਾਜ ਸਰਕਾਰ ਨੇ ਦੋ ਵਿਸ਼ੇਸ਼ ਕਮੇਟੀਆਂ ਵੀ ਬਣਾਈਆਂ ਹਨ (1) ਸ਼ਹਿਰੀ ਕਰਾਇਆ ਪਾਬੰਦੀ ਕਾਨੂੰਨ ਪੜਤਾਲ ਕਮੇਟੀ, ਜਿਸ ਦਾ ਮਨੋਰਥ ਪੂਰਬੀ ਪੰਜਾਬ ਕਰਾਇਆ ਪਾਬੰਦੀ ਐਕਟ, 1949 ਨੂੰ, ਉਸ ਦੇ ਬਣਨ ਤੋਂ ਬਾਅਦ ਆਈਆਂ ਤਬਦੀਲੀਆਂ ਦੀ ਰੋਸ਼ਨੀ ਵਿਚ ਯੁਕਤੀ ਪੂਰਬਕ ਬਣਾਉਣ ਲਈ ਸੋਧਣਾ ਹੈ, (2) ਨਗਰਪਾਲਕਾ ਕਰਮਚਾਰੀ ਤਨਖਾਹ ਕਮੇਟੀ ਜਿਸ ਦਾ ਮਨੋਰਥ ਨਗਰਪਾਲਕਾ ਕਰਮਚਾਰਿਆਂ ਦੇ ਤਨਖਾਹ ਸਕੇਲਾਂ, ਭਰਤੀ ਕਰਨ ਦੇ ਢੰਗਾਂ, ਯੋਗਤਾਵਾਂ ਅਤੇ ਸੇਵਾ ਦੀਆਂ ਸ਼ਰਤਾਂ ਨੂੰ ਸਰਲ ਅਤੇ ਇਕਸਾਰ ਬਣਾਉਣ ਲਈ ਸੁਝਾ ਦੇਣਾ ਹੈ। ਮੈਨੂੰ ਯਕੀਨ ਹੈ ਕਿ ਇਹ ਕਮੇਟੀਆਂ ਇਕ ਚੰਗੀ ਪਾਲਸੀ ਬਣਾਉਣ ਵਿਚ ਲਾਹੇਵੰਦ ਸੁਝਾ ਦੇਣਗੀਆਂ।

24. **ਨਗਰ ਅਤੇ ਗਰਾਮ ਯੋਜਨਾਬੰਦੀ** ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ ਨੇ ਨਿਯਤ ਸੜਕਾਂ ਦੇ ਨਾਲ ਨਾਲ ਅਤੇ ਸ਼ਹਿਰੀ ਇਲਾਕਿਆਂ ਵਿਚ ਹੋਰ ਅਣ-ਵਿਉਂਤੇ ਵਿਕਾਸ ਤੇ ਕਾਬੂ ਰਖਣ ਸਬੰਧੀ ਚੰਗਾ

ਕੰਮ ਕੀਤਾ ਹੈ। 'ਪੰਜਾਬ ਅਨੁਸੂਚਿਤ ਸੜਕਾਂ ਅਤੇ ਕੰਟਰੋਲ ਅਧੀਨ ਇਲਾਕਿਆਂ ਵਿਚ ਅਣ-ਵਿਉਂਤੇ ਵਿਕਾਸ ਸਬੰਧੀ ਪਾਬੰਦੀ ਐਕਟ, 1963' ਅਧੀਨ ਫਰੀਦਾਬਾਦ, ਯਮਨਾ ਨਗਰ, ਪਟਿਆਲਾ, ਕੁਲੂ, ਗੁਰਾਇਆ ਅਤੇ ਗਨੌਰ ਵਿਖੇ ਕੁਝ ਹੋਰ ਇਲਾਕੇ, ਕੰਟਰੋਲ ਅਧੀਨ ਇਲਾਕੇ ਕਰਾਰ ਦਿੱਤੇ ਗਏ ਹਨ। ਅਸੀਂ ਅੰਮ੍ਰਿਤਸਰ ਅਤੇ ਜਲੰਧਰ ਦੇ ਸ਼ਹਿਰਾਂ ਲਈ ਪਹਿਲਾਂ ਹੀ ਮਾਸਟਰ ਪਲਾਨ ਤਿਆਰ ਕਰ ਰਹੇ ਹਾਂ। ਇਸ ਤੋਂ ਛੁੱਟ ਕੇਂਦਰੀ ਸਰਕਾਰ ਚੌਥੀ ਯੋਜਨਾ ਵਿਚ ਕੇਂਦਰੀ ਸਹਾਇਤਾ ਸਕੀਮ ਅਧੀਨ ਅੰਬਾਲਾ, ਪਟਿਆਲਾ, ਫ਼ੀਰੋਜ਼ਪੁਰ, ਰੋਹਤਕ, ਜਗਾਧਰੀ, ਕਰਨਾਲ, ਹਿਸਾਰ, ਭਿਵਾਨੀ, ਬਠਿੰਡਾ, ਬਟਾਲਾ, ਹੁਸ਼ਿਆਰ-ਪੁਰ ਅਤੇ ਪਾਣੀਪਤ ਵਾਸਤੇ ਮਾਸਟਰ ਪਲਾਨ ਤਿਆਰ ਕਰਨ ਲਈ ਮੰਨ ਗਈ ਹੈ। ਪਿਛੇ ਜਿਹੇ ਲੜਾਈ ਵਿਚ ਜਿਨ੍ਹਾਂ ਲੋਕਾਂ ਦੇ ਮਕਾਨ ਤਬਾਹ ਹੋ ਗਏ ਹਨ ਜਾਂ ਜਿਨ੍ਹਾਂ ਦੇ ਮਕਾਨਾਂ ਨੂੰ ਨੁਕਸਾਨ ਪਹੁੰਚਿਆ ਹੈ, ਉਨ੍ਹਾਂ ਨੂੰ ਮਕਾਨ ਬਣਾਉਣ ਵਾਸਤੇ ਬਿਨਾਂ ਸੂਦ ਕਰਜ਼ੇ ਦੇਣ ਲਈ ਕੇਂਦਰੀ ਸਰਕਾਰ ਤੋਂ 45 ਲੱਖ ਰੁਪਏ ਦੀ ਰਕਮ ਪ੍ਰਾਪਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

25. **ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ** ਆਰਥਕ ਅਤੇ ਸਮਾਜਕ ਨਿਆਂ ਸਾਡੀ ਸਰਕਾਰ ਦਾ ਆਦਰਸ਼ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਅਸੀਂ ਅਨੁਸੂਚਿਤ ਜਾਤੀਆਂ, ਵਿਮੁਕਤ ਜਾਤੀਆਂ ਅਤੇ ਹੋਰ ਪਛੜੀਆਂ ਸ਼੍ਰੇਣੀਆਂ ਦੀ ਆਰਥਕ ਅਤੇ ਸਮਾਜਕ ਦਸ਼ਾ ਨੂੰ ਚੰਗੇਰਾ ਬਣਾਉਣ ਦੇ ਪ੍ਰੋਗਰਾਮ ਵਲ ਵਿਸ਼ੇਸ਼ ਧਿਆਨ ਦੇਈਏ। ਚਾਲੂ ਸਾਲ ਵਿਚ ਵੱਖ ਵੱਖ ਭਲਾਈ ਸਕੀਮਾਂ ਅਧੀਨ। 113 ਲਖ ਰੁਪਏ ਤੋਂ ਵਧ ਰਕਮ ਇਸ ਕੰਮ ਤੇ ਖਰਚ ਹੋ ਜਾਵੇਗੀ। ਅਗਲੇ ਸਾਲ ਵੀ ਇਸ ਮੰਤਵ ਲਈ ਕਾਫੀ ਰਕਮ ਦਾ ਪ੍ਰਬੰਧ ਕਰਨ ਦੀ ਤਜਵੀਜ਼ ਹੈ। ਇਸ ਵਿਭਾਗ ਦੁਆਰਾ ਨਿਸਚਿਤ ਕੋਟੇ ਤੋਂ ਇਲਾਵਾ ਸਰਕਾਰ ਦੀਆਂ ਸਾਰੀਆਂ ਏਜੰ-ਸੀਆਂ ਨੂੰ ਕਿਹਾ ਗਿਆ ਹੈ ਕਿ ਜਦੋਂ ਕਦੇ ਕਿਸੇ ਵਿਅਕਤੀ ਨੂੰ ਕੋਈ ਲਾਭ ਪੁੱਜਣ ਦਾ ਅਵਸਰ ਆਵੇ ਆਮ ਤੌਰ ਤੇ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਨੂੰ ਤਰਜੀਹ ਦਿੱਤੀ ਜਾਵੇ। ਆਰਜ਼ੀ ਟੈਕਸ ਐਕਟ, 1962 ਅਧੀਨ ਆਪਣੇ ਇਨ੍ਹਾਂ ਸ਼੍ਰੇਣੀਆਂ ਦੇ ਭਰਾਵਾਂ ਦੇ ਲਾਭ ਲਈ 3.86 ਕਰੋੜ ਰੁਪਏ ਇਕੱਠੇ ਕੀਤੇ ਗਏ ਸਨ। ਇਸ ਤੋਂ ਇਲਾਵਾ, ਚੌਥੀ ਯੋਜਨਾ ਦੇ ਅੰਦਰ ਸਰਕਾਰ ਦੇ ਖ਼ਜ਼ਾਨੇ ਵਿਚੋਂ 1.14 ਕਰੋੜ ਰੁਪਏ ਦੀ ਰਕਮ ਵਖਰੀ ਰਖੀ ਜਾ ਰਹੀ ਹੈ। ਪੋਸਟਗ੍ਰੈਜੁਏਟ ਅਤੇ ਪੇਸ਼ਾਵਰਾਨਾ ਵਿਦਿਆਰ-ਥੀਆਂ ਨੂੰ ਵਿਆਜ ਰਹਿਤ ਕਰਜ਼ੇ ਦੇਣ, ਜ਼ਮੀਨ ਖਰੀਦਣ, ਮਿਹਤਰਾਂ ਦੇ ਮਕਾਨਾਂ ਦੀ ਉਸਾਰੀ ਅਤੇ ਪਸ਼ੂਆਂ ਦੀ ਨਸਲ ਵਧਾਉਣ ਆਦਿ ਲਈ, ਇਨ੍ਹਾਂ ਸ਼੍ਰੇਣੀਆਂ ਨੂੰ ਲਾਭ ਪਹੁੰਚਾਣ ਵਾਸਤੇ ਚਲੰਤ ਫੰਡ ਕਾਇਮ ਕਰਨ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ।

ਜਿਵੇਂ ਕਿ ਤੁਸੀਂ ਜਾਣਦੇ ਹੋ, ਅਸਾਂ ਹੁਣੇ ਹੁਣੇ ਰਾਜ-ਪ੍ਰਬੰਧ ਵਿਚ ਕਫ਼ਾਇਤ ਕਰਨ ਲਈ ਕੁਝ ਉਪਾ ਕੀਤੇ ਹਨ ਅਤੇ ਕੁਝ ਕਰਮਚਾਰੀਆਂ ਦੀ ਛਾਂਟੀ ਕੀਤੀ ਹੈ। ਪਰ ਅਸੀਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਕਰਮਚਾਰੀਆਂ ਉਤੇ ਇਸ ਦਾ ਕੋਈ ਅਸਰ ਨਹੀਂ ਪੈਣ ਦਿੱਤਾ। ਜੇ ਉਹ ਉਂਜ ਯੋਗਤਾ ਵਾਲੇ ਅਤੇ ਅਸਾਮੀ ਦੀਆਂ ਸ਼ਰਤਾਂ ਪੂਰੀਆਂ ਕਰਨ ਵਾਲੇ ਹੋਣ ਅਤੇ ਉਨ੍ਹਾਂ ਦੀ ਕੁਲ ਗਿਣਤੀ, ਕਿਸੇ ਕਾਡਰ ਵਿਚ ਰਾਖਵੀਂ ਨਿਸਚਿਤ ਸੀਮਾ ਤੋਂ ਵਧ ਨਾ ਹੋਵੇ, ਤਾਂ ਉਨ੍ਹਾਂ ਦਾ ਅਹੁਦਾ ਘਟਾਇਆ ਨਹੀਂ ਜਾਵੇਗਾ ਅਤੇ ਨਾ ਨਾ ਹੀ ਉਨ੍ਹਾਂ ਦੀ ਛਾਂਟੀ ਕੀਤੀ ਜਾਵੇਗੀ।

15 ਅਗਸਤ, 1947 ਤੋਂ ਲੈ ਕੇ ਅਜ ਤਕ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਰਾਜ ਵਿਚ ਕੀਤੇ ਗਏ ਕੰਮ ਦੇ ਮੁਲਅੰਕਣ (evaluation) ਲਈ ਇਕ ਮੁਲਅੰਕਣ ਕਮੇਟੀ ਕਾਇਮ ਕੀਤੀ ਗਈ ਹੈ। ਮੈਨੂੰ ਆਸ ਹੈ ਕਿ ਇਹ ਕਮੇਟੀ ਸਾਡੀ ਅਗਲੀ ਪਾਲਸੀ ਸਬੰਧੀ ਉਚਿਤ ਸਿਫਾਰਸ਼ਾਂ ਕਰੇਗੀ, ਜਿਨ੍ਹਾਂ ਅਨੁਸਾਰ ਸਰਕਾਰ ਯੋਗ ਕਾਰਵਾਈ ਕਰੇਗੀ।

26. ਸਾਥੀਓ, ਆਪਣੀ ਸਰਕਾਰ ਅਤੇ ਉਸ ਦੇ ਰਾਜ-ਪ੍ਰਬੰਧ ਦੀਆਂ ਪਾਲਸੀਆਂ ਤੇ ਸਰਗਰਮੀਆਂ ਦਾ ਮੈਂ ਮੋਟੇ ਤੌਰ ਤੇ ਸੰਖੇਪ ਜਿਹਾ ਜ਼ਿਕਰ ਕੀਤਾ ਹੈ। ਸਾਡੇ ਉਦਮਾਂ ਦਾ ਇਕ ਵਿਸ਼ੇਸ਼ ਪੱਖ ਇਹ ਹੈ ਕਿ ਅਸਾਂ ਕੁਝ ਸਟੇਟ ਕਾਰਪੋਰੇਸ਼ਨਾਂ ਕਾਇਮ ਕੀਤੀਆਂ ਹਨ। ਮੈਂ ਆਸ ਕਰਦਾ ਹਾਂ ਕਿ ਇਨ੍ਹਾਂ ਕਾਰਪੋਰੇਸ਼ਨਾਂ ਨਾਲ ਵਿਕਾਸ ਦੇ ਕੰਮ ਨੂੰ ਵਧੇਰਾ ਉਤਸ਼ਾਹ ਮਿਲੇਗਾ ਅਤੇ ਸਾਡੇ ਪ੍ਰੋਗਰਾਮਾਂ ਨੂੰ ਸਿਰੇ ਚਾੜ੍ਹਨ ਦੀ ਰਫਤਾਰ ਤੇਜ਼ ਹੋ ਜਾਵੇਗੀ। ਮੈਂ ਨਾ ਤਾਂ ਸਾਰੇ ਸਰਕਾਰੀ ਵਿਭਾਗਾਂ ਦਾ ਜ਼ਿਕਰ ਕਰ ਸਕਿਆ ਹਾਂ ਅਤੇ ਨਾ ਹੀ ਆਪਣੀਆਂ ਸਾਰੀਆਂ ਪਾਲਸੀਆਂ ਵੇਰਵੇ ਨਾਲ ਦੱਸ ਸਕਿਆ ਹਾਂ। ਜਿਨ੍ਹਾਂ ਵਿਭਾਗਾਂ ਦਾ ਮੈਂ ਵਿਸ਼ੇਸ਼ ਤੌਰ ਤੇ ਜ਼ਿਕਰ ਨਹੀਂ ਕੀਤਾ, ਉਹ ਵੀ ਆਪਣੇ ਜ਼ਿੰਮੇ ਸੌਂਪੇ ਕੰਮਾਂ ਨੂੰ ਬਹੁਤ ਚੰਗੀ ਤਰ੍ਹਾਂ ਕਰਦੇ ਰਹੇ ਹਨ। ਸਾਰੇ ਪ੍ਰੋਗਰਾਮਾਂ ਸਬੰਧੀ ਪੂਰਾ ਵੇਰਵਾ ਵਿੱਤ ਮੰਤਰੀ ਸਾਹਿਬ ਪੇਸ਼ ਕਰਨਗੇ। ਮੈਂ ਤਾਂ ਕੇਵਲ ਸਰਕਾਰੀ ਸਰਗਰਮੀਆਂ ਦੇ ਅਹਿਮ ਪੱਖਾਂ, ਜਿਵੇਂ ਕਿ ਸੁਰੱਖਿਆ ਅਤੇ ਸਮਸਿਆਵਾਂ ਅਤੇ ਇਸ ਤੋਂ ਪੈਦਾ ਹੋਈਆਂ ਜ਼ਿਮੇਵਾਰੀਆਂ, ਯੋਜਨਾਬੰਦੀ ਤੇ ਵਿਕਾਸ, ਖੇਤੀਬਾੜੀ ਤੇ ਸਨਅਤੀ ਉਪਜ, ਸਿਖਿਆ ਤੇ ਸਿਹਤ, ਆਵਾਜਾਈ ਤੇ ਟਰਾਂਸਪੋਰਟ ਅਤੇ ਔੜ ਦੇ ਕਾਰਣ ਪੈਦਾ ਹੋਈ ਤਕਲੀਫ ਨੂੰ ਦੂਰ ਕਰਨ ਦੀਆਂ ਕਾਰਵਾਈਆਂ ਉਤੇ ਸੰਖੇਪ ਤੌਰ ਤੇ ਜ਼ੋਰ ਦਿੱਤਾ ਹੈ। ਮੈਂ ਇਕ ਵਾਰੀ ਮੁੜ ਸਾਰੇ ਪੰਜਾਬੀਆਂ—ਕਿਸਾਨਾਂ ਤੇ ਵਪਾਰੀਆਂ, ਅਧਿਆਪਕਾਂ ਤੇ ਵਿਦਿਆਰਥੀਆਂ, ਤਕਨੀਕੀ ਮਾਹਿਰਾਂ ਤੇ ਦਸਤਕਾਰਾਂ ਅਤੇ ਸਰਕਾਰੀ ਜਾਂ ਪ੍ਰਾਈਵੇਟ ਸੇਵਾ ਵਿਚ ਲੱਗੇ ਲੋਕਾਂ, —ਗੱਲ ਕੀ, ਪੰਜਾਬ ਦੇ ਸਾਰੇ ਸ਼ਹਿਰੀਆਂ ਨੂੰ, ਪਿੱਛੇ ਜਿਹੇ ਵਾਪਰੇ ਸੰਕਟ-ਕਾਲ ਵਿਚ ਉਨ੍ਹਾਂ ਨੇ ਜੋ ਬਹਾਦਰੀ ਤੇ ਸੂਰਮਗਤਾ ਵਿਖਾਈ ਹੈ, ਉਸ ਲਈ ਸ਼ਰਧਾਂਜਲੀ ਭੇਟ ਕਰਦਾ ਹਾਂ।

ਮੈਂ ਉਨ੍ਹਾਂ ਸਾਰੇ ਸ਼ਹੀਦਾਂ ਨੂੰ ਵੀ ਹਾਰਦਿਕ ਸ਼ਰਧਾਂਜਲੀ ਭੇਟ ਕਰਦਾ ਹਾਂ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਅਤੇ ਏਕਤਾ ਲਈ ਖੁਸ਼ੀ ਖੁਸ਼ੀ ਆਪਣੀਆਂ ਜਾਨਾਂ ਨਿਛਾਵਰ ਕਰ ਦਿੱਤੀਆਂ। ਉਨ੍ਹਾਂ ਨੇ ਬਹਾਦਰੀ ਅਤੇ ਕੁਰਬਾਨੀ ਦੇ ਜੋ ਕਾਰਨਾਮੇ ਕੀਤੇ ਹਨ ਉਨ੍ਹਾਂ ਦੀ ਯਾਦ ਸਾਡੇ ਹਿਰਦੇ ਵਿਚੋਂ ਕਦੇ ਨਹੀਂ ਮਿਟ ਸਕੇਗੀ। ਉਨ੍ਹਾਂ ਦੇ ਪਰਵਾਰਾਂ ਦੀ ਦੇਖ-ਭਾਲ ਲਈ ਸਰਕਾਰ ਵੱਧ ਤੋਂ ਵੱਧ ਜੋ ਕੁਝ ਵੀ ਕਰ ਸਕੀ, ਜ਼ਰੂਰ ਕਰਦੀ ਰਹੇਗੀ।

ਜਿਵੇਂ ਕਿ ਮੈਂ ਸ਼ੁਰੂ ਵਿਚ ਹੀ ਕਿਹਾ ਹੈ ਕਿ ਲੋਕ ਰਾਜ, ਧਰਮ ਨਿਰਪਖਤਾ ਅਤੇ ਇਨਸਾਫ਼ ਸਾਡੇ ਆਦਰਸ਼ਾਂ ਦੀ ਸਿਖਰ ਹਨ। ਅਸੀਂ ਇਨ੍ਹਾਂ ਆਦਰਸ਼ਾਂ ਤੇ ਚਲਦੇ ਰਹੀਏ ਤਾਂ ਜੋ ਸਾਡਾ ਰਾਜੀ ਵਿਕਾਸ ਦੀਆਂ ਮਨਜ਼ਲਾਂ ਤੈ ਕਰਦਾ ਜਾਵੇ ਅਤੇ ਲੋਕਾਂ ਨੂੰ ਖੁਸ਼ਹਾਲੀ ਮਿਲੇ। ਆਪਣੀ ਆਜ਼ਾਦੀ ਕਾਇਮ ਰੱਖਣ ਲਈ, ਮਾਤ-ਭੂਮੀ ਦੀ ਰੱਖਿਆ ਵਾਸਤੇ ਅਤੇ ਸਾਰੇ ਦੇਸ਼-ਵਾਸੀਆਂ ਦੀ ਸਮੁੱਚੀ ਭਲਾਈ ਲਈ ਇਨ੍ਹਾਂ ਯਤਨਾਂ ਵਿਚ ਸਾਨੂੰ ਸਦਾ ਉਦਮੀ, ਚੌਕਸ, ਖ਼ਬਰਦਾਰ ਤੇ ਸਾਵਧਾਨ ਰਹਿਣਾ ਪਵੇਗਾ।

ਜੇ ਚੰਗੀ ਤਰ੍ਹਾਂ ਸੋਚਿਆ ਜਾਵੇ ਤਾਂ ਕਿਸੇ ਰਾਜ ਜਾਂ ਦੇਸ਼ ਦੀ ਉੱਨਤੀ, ਉਸ ਦੀ ਸਰਕਾਰ ਦੀ ਪਕਿਆਈ ਅਤੇ ਉਸ ਦੁਆਰਾ ਲੋਕਾਂ ਦੇ ਮਨਾਂ ਵਿਚ ਪੈਦਾ ਕੀਤੇ ਵਿਸ਼ਵਾਸ ਤੇ ਨਿਰਭਰ ਹੈ। ਇਸ ਲਈ ਸਰਕਾਰ ਵਿਚ ਵੀ ਇਕ ਟੀਮ ਵਾਂਗ ਪੂਰੀ ਪੂਰੀ ਇਕਸੁਰਤਾ ਹੋਣੀ ਲਾਜ਼ਮੀ ਹੈ। ਉੱਨਤੀ ਦੇ ਸਾਂਝੇ ਯਤਨ ਵਿਚ ਵਿਰੋਧੀ ਦਲ ਦੀ ਮਹੱਤਤਾ ਵੀ ਸਰਕਾਰ ਚਲਾਉਣ ਵਾਲੀ ਪਾਰਟੀ ਤੋਂ ਕਿਸੇ ਤਰ੍ਹਾਂ ਘਟ ਨਹੀਂ. ਸਮਝੀ ਜਾ ਸਕਦੀ। ਲੋਕਰਾਜ ਵਿਚ ਵਿਰੋਧੀ ਦਲ, ਇਕ ਪ੍ਰਕਾਰ ਦੀ ਪਰਛਾਂਵੀ ਸਰਕਾਰ ਅਤੇ ਇਕ ਤਰ੍ਹਾਂ ਹਕੂਮਤ ਦਾ ਜਾਨਸ਼ੀਨ ਬਣ ਸਕਣ ਵਾਲਾ ਦਲ ਹੁੰਦਾ ਹੈ। ਇਸ ਲਈ ਇਸ ਨੂੰ ਜ਼ਿੰਮੇਵਾਰੀ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਸਰਕਾਰੀ ਪਾਲਸੀਆਂ ਅਤੇ ਕੰਮਾਂ ਸਬੰਧੀ ਉਸਾਰੂ ਟੀਕਾ-ਟਿੱਪਣੀ ਦਾ ਸਾਧਨ ਬਣਨਾ ਚਾਹੀਦਾ ਹੈ। ਕੇਵਲ ਇਸ ਤਰੀਕੇ ਨਾਲ ਹੀ ਇਸ ਦਲ ਸਰਕਾਰੀ ਪਾਲਸੀਆਂ ਬਣਾਉਣ ਵਿਚ ਆਪਣਾ ਲਾਭਦਾਇਕ ਹਿੱਸਾ ਪਾ ਸਕਦਾ ਹੈ ਅਤੇ ਕੇਵਲ ਉਦੋਂ

ਹੀ ਸਰਕਾਰ ਤੋਂ ਇਹ ਆਸ ਰਖ ਸਕਦਾ ਹੈ ਕਿ ਉਸ ਦੇ ਵਿਚਾਰਾਂ ਨੂੰ ਯੋਗ ਅਹਿਮੀਅਤ ਦਿਤੀ ਜਾਵੇ।

ਰਾਜ ਵਿਚ ਲਗਾਤਾਰ ਉੱਨਤੀ ਜਾਰੀ ਰੱਖਣ ਲਈ ਇਹ ਵੀ ਲਾਜ਼ਮੀ ਹੈ ਕਿ ਸਾਰੇ ਫਿਰਕਿਆਂ ਦੇ ਲੋਕਾਂ ਵਿਚ ਏਕਤਾ ਅਤੇ ਮਿੱਤਰਤਾ ਦੀ ਭਾਵਨਾ ਬਣੀ ਰਹੇ, ਕਿਉਂਕਿ ਕੇਵਲ ਤਦ ਹੀ ਸਰਕਾਰ ਆਪਣੀ ਸਾਰੀ ਸ਼ਕਤੀ ਲੋਕਾਂ ਦੀ ਖੁਸ਼ਹਾਲੀ ਵਿਚ ਵਾਧਾ ਕਰਨ ਵਲ ਲਗਾ ਸਕਦੀ ਹੈ। ਪੰਜਾਬੀ ਲੋਕ, ਜੀਵਨ ਦੀਆਂ ਚੰਗੀਆਂ ਕੀਮਤਾਂ ਕਦਰਾਂ ਤੇ ਮੌਕਿਆਂ ਦੀ ਪਛਾਣ ਵਿਚ ਕਾਫੀ ਮਸ਼ਹੂਰ ਹਨ। ਮੇਰੀ ਅਤੇ ਸਰਕਾਰ ਦੀ ਹਾਰਦਿਕ ਇੱਛਾ ਅਤੇ ਅਰਦਾਸ ਹੈ ਕਿ ਸਾਰੇ ਪੰਜਾਬੀਆਂ ਵਿਚਕਾਰ ਏਕਤਾ ਤੇ ਪ੍ਰੇਮ-ਪਿਆਰ ਬਣਿਆ ਰਹੇ। ਪਰੰਤੂ ਲੋੜ ਪੈਣ ਤੇ ਰਾਜ ਦੀ ਭਲਾਈ ਵਾਸਤੇ, ਸਰਕਾਰ ਰਾਜ ਦੇ ਸ਼ਹਿਰੀਆਂ ਲਈ ਅਮਨ ਤੇ ਸ਼ਾਂਤੀ ਕਾਇਮ ਰੱਖਣ ਵਿਚ ਆਪਣੀ ਜ਼ਿੰਮੇਵਾਰੀ ਤੋਂ ਕਦੇ ਵੀ ਅਣ-ਗਹਿਲੀ ਨਹੀਂ ਕਰੇਗੀ।

ਮੈਂ ਜਾਣਦਾ ਹਾਂ ਕਿ ਇਸ ਸੈਸ਼ਨ ਵਿਚ ਆਪ ਨੇ ਬੜੀਆਂ ਅਹਿਮ ਗੱਲਾਂ ਅਤੇ ਵਿਧਾਨਿਕ ਮਾਮਲਿਆਂ ਉਤੇ ਵਿਚਾਰ ਕਰਨੀ ਹੈ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਇਸ ਸਾਰੇ ਅਹਿਮ ਕੰਮ ਨੂੰ ਆਪ ਤਨੋਂ ਮਨੋਂ, ਪੂਰੀ ਈਮਾਨਦਾਰੀ, ਸਾਵਧਾਨੀ ਅਤੇ ਸਹਿਨਸ਼ੀਲਤਾ ਨਾਲ ਸਿਰੇ ਚੜ੍ਹਾਉਗੇ।

ਮੈਂ ਆਪ ਨੂੰ ਸ਼ੁਭ ਇੱਛਾਵਾਂ ਭੇਟ ਕਰਦਾ ਹਾਂ ਅਤੇ ਮੇਰੀ ਅਰਦਾਸ ਹੈ ਕਿ ਸਫ਼ਲਤਾ ਆਪ ਦੇ ਕਦਮ ਚੁੰਮੇ।

ਜੈ ਹਿੰਦ

---

## Announcements by the Speaker

**Mr. Speaker :** (1) On the 4th November, 1965, Sarvshri Shamsher Singh Josh, Gurcharan Singh, Gurbakhsh Singh and Babu Singh M.L.As., sought to raise a question of breach of Privilege regarding the publication of the "Expunged Proceedings of the meeting of the Punjab Vidhan Sabha held on the 2nd November, 1965", in the Daily 'Milap', the 'Partap' and the 'Pradeep', in their issues, dated the 3rd November, 1965. I referred this matter to the Press Gallery Committee for their views.

The Secretary, Press Gallery Committee, intimated that the correspondents of the Daily 'Milap' and the 'Pradeep' as also the Editor of the 'Partap', have expressed their regrets to me.

In view of the regrets expressed by the newspapers concerned, I have decided to drop the matter.

(2) On the 24th November, 1965, Comrade Ram Piara, M.L.A. sought to raise a question of privilege regarding the publication of the remarks made against him in the House by Sardar Jagjit Singh Gogoani, M.L.A. which were expunged from the proceedings of the meeting of the Punjab Vidhan Sabha held on the 22nd November, 1965, in the Daily 'Hind Samachar,' Jullundur, in its issue, dated the 23rd November, 1965. The Deputy Speaker referred the matter to the Press Gallery Committee for their views.

The Secretary, Press Gallery Committee, —*vide* his letter, dated the 7th January, 1966, intimated—

> "The Committee has to bring to the kind attention of the Speaker that Urdu Daily 'Hind Samachar' expressed its regret in its issue of November, 26, 1965. The cutting in original is being forwarded.

The Correspondent of the said paper stated before the President of the Committee that this error was unintentional. Soon after the incident took place in the House, the correspondent concerned filed his story on telephone. By the time the story had been sent to the Press at Jullundur., he came to know that the Honourable Deputy Speaker has expunged this part of the proceedings.

In view of regret expressed by the Editor and the circumstances explained by the representative of the paper, it is recommended that this matter too be dropped."

In the light of the views of the Press Gallery Committee and the publication of regrets expressed by the Editor in the issue of the 'Hind Samachar', Jullundur, dated the 26th November, 1965, I have decided to drop the matter.

(3) I have to inform the House that the Punjab Gram Panchayat (Amendment) Bill, 1965, was referred to the Regional Committees by the Vidhan Sabha at its meeting held on the 3rd November, 1965, with a direction to make a report by the 31st January, 1966. The Hindi Regional Committee could not finish its work within the prescribed period.

I was approached by the Chairman, Hindi Regional Committee to extend the time for the submission of the report upto the 28th February, 1966. As the House was not in session, I agreed to the said extension.

Now I am making a report to the House in the matter accordingly.

(4) I have also to inform the House that the Punjab Co-operative Societies (Second Amendment) Bill, 1965, was referred to the Regional Committees by the Vidhan Sabha at its meeting held on the 28th April, 1965, with a direction to make a report by the 30th September, 1965. The Hindi Regional Committee could not finish its work within the prescribed period.

I was approached by the Chairman, Hindi Regional Committee to extend the time for the submission of the report upto the 15th November, 1965. Later this time was got extended upto the 31st March, 1966. As the House was not in session, I agreed to the above extension.

Now, I am making a report to the House in the matter accordingly.

---

## Panel of Chairmen

(5) Under rule 13 (1) of the Rules of Procedure and Conduct of Business in the Punjab Legislative Assembly, I nominate the following Members to serve on the Panel of Chairmen :—

1 Sardar Gurnam Singh.
2. Shri Ram Saran Chand Mital.
3. Pandit Chiranji Lal Sharma.
4. Shrimati Dr. Parkash Kaur.

---

## Announcement by the Secretary

**Mr. Speaker** : Now, the Secretary will make an announcement.

**Secretary** : I beg to lay on the Table of the House a Statement showing the Bills which were passed by the Punjab State Legislature during the Budget/Autumn Sessions, 1965, and which have since been assented to by the President/Government.

**Statement showing the Bills which were passed by the Punjab State Legislature during its Budget/Autumn Sessions 1965 and which have since been assented by to the President & Governor**

1. The Punjab Warehouses (Amendment) Bill, 1965.
2. The Punjab Cotton Ginning and Pressing Factories (Amendment) Bill, 1965.

3. The Punjab Town Improvement (Amendment and Miscellaneous Provisions) Bill, 1965.

4. The Northern India Canal and Drainage (Punjab Amendment) Bill, 1965.

5. The East Punjab War Awards (Amendment) Bill, 1965.

6. The Punjab Motor Vehicles Taxation (Amendment) Bill, 1965.

7. The Punjab State Legislature Officers , Ministers and Members (Medical Facilities) Bill, 1965.

8. The Punjab General Sales Tax (Amendment) Bill, 1965.

9. The Punjab Commercial Crops Cess (Amendment) Bill, 1965.

10. The Kurukshetra University (Amendment) Bill, 1965.

---

## Leave of Absence

The following letter has been received from Comrade Hardit Singh Bhathal, M.L.A. :—

> "It is submitted that I have received the summoning letter for the Assembly Session which is to commence from 14th February, 1966. Owing to my detention, I would not be in a position to attend the Session. I, therefore, request the House through you to condone my absence from the Session or the meeting of any Committee of which I am a member so long as I am under detention."

Has the hon. member the leave of absence asked for ?

*Voices* : Yes, yes.

*The leave was granted by the House*

---

## Papers Laid on the Table

**Revenue Minister** (Sardar Harinder Singh Major) : Sir, I beg to lay on the Table the Punjab Ordinances Nos. 1 and 2 of 1966.

I also beg to lay on the Table Orders Nos. 1-A and 2-A dated the 16th September, 1965, alongwith the Corrigendum No. 282/63-(2), dated 7th October, 1965 of the Delimitation Commission of India.

---

## LEGISLATIVE BUSINESS

## (Presentation of Reports)

**ਪ੍ਰਿੰਸੀਪਲ ਰਲਾ ਰਾਮ** : ( ਚੇਅਰਮੈਨ ਪੰਜਾਬੀ ਰਿਜਨਲ ਕਮੇਟੀ) ਮੈਂ ਪੰਜਾਬੀ ਰਿਜਨਲ ਕਮੇਟੀ ਦੀ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ **1965** ਤੇ ਰਿਪੋਰਟ ਪੇਸ਼ ਕਰਦਾ ਹਾਂ । (I beg to present the Report of the Punjabi Regional Committee on the Punjab Agricultural Produce Markets (Amendment) Bill, 1965.)

**श्री अमर नाथ** (सभापति हिंदी प्रादेशक समिति) : मैं अध्यक्ष महोदय, पंजाब कृषि उपज मण्डी संशोधन विधेयक **1965** पर हिन्दी प्रादेशक समिति कर का प्रतिवेदन पेश करता हूं । (I beg to present the Report of the Hindi Regional Committee on the Punjab Agricultural Produce Markets (Amendment) Bill, 1965.)

**Reference of the Punjab Cattle Preservation Bill, 1964, to the Regional Committees**

**Shri Ram Partap Garg** (Chief Parliamentary Secretary) : Sir, I beg to move—

That the Punjab Cattle Preservation Bill, as amended by the Punjab Vidhan Parishad, be referred to the Regional Committees with a direction to make a report by 28th February, 1966.

**Mr. Speaker** : Motion moved—

That the Punjab Cattle Preservation Bill, as amended by the Punjab Vidhan Parishad, be referred to the Regional Committees with a direction to make a report by 28th February, 1966.

**Mr. Speaker** : Question is—

That the Punjab Cattle Preservation Bill, as amended by the Punjab Vidhan Parishad, be referred to the Regional Committees with a direction to make a report by 28th February, 1966.

*The motion was carried*

## DISCUSSION ON GOVERNOR'S ADDRESS

**Shri Ram Saran Chand Mital** (Narnaul) : Sir, I beg to move—

That an Address be presented to the Governor in the following terms :—

"That the members of the Vidhan Sabha assembled in this Session are deeply grateful to the Governor for the Address which he has been pleased to deliver to both the Houses of the State Legislature assembled together on the 14th February, 1966."

Sir, before I deal with the resolution which I have just moved, I would like to give expression to my feelings in regard to what happened the day before yesterday when the Governor came to address the Legislature. It was, for the first time, that the Punjab Legislature was addressed by a Punjabi as Governor, a non-controversial figure of saintly character devoting his time and energy to the service of the State and the Nation. But, most unfortunately, when he began to address the House, some friends of the Opposition tried to create disturbance. One Member of the Jan Sangh Group even questioned the validity of his appointment as acting Governor, although much time has since elapsed, one session has already passed and most of us have enjoyed his hospitality at parties at the Raj Bhavan. Then, Sir, the Communist Party and several Members of the Akali Party staged a walk-out. All these things were ugly scenes not befitting our Legislators. Besides being a slight to the constitutional Head of the State, I think we, as Legislators, feel humiliated by the enactment of such a scene of ugly demonstrations. Everybody knows that the Address, which the Governor reads, contains an account of the past performance of the Ministry and its future plans and policies. The Governor is not personally responsible for all that. He, as the Head of the State, has to read the Address. The entire function is a very solemn function held under the provisions of the Constitution. We are all under oath to observe the Constitution and the conventions properly in letter as well as in spirit. Yet I do not understand why such scenes are allowed to be enacted. The Constitutional experts, Speakers' conferences and various other bodies have deliberated over such affairs and have unanimously disapproved of this method. Ours

is a democracy and in a democracy Government is carried on by discussion. I can very well understand that they may not agree with the policies of the Government. I can also visualize that they may not approve of the future plans. They may have many things to criticise and vehemently criticize the past activities of the Government. That can be understood. To ventilate their feelings today is the appropriate and proper time. Here they can criticize the Government to their hearts' satisfaction, of course, within the constitutional decorum and propriety. But the things which they did day-before-yesterday in this Chamber are unbecoming and I would request you to devise ways and means to prevent such things in future at least.

Coming now, Sir, to the merits of the resolution, the year which is now just coming to a close, the financial year 1965-66, if anybody were to as what were the outstanding events that occurred in this year, the answer would at least be, to my knowledge, it cannot be otherwise, that the outstanding events are the Indo-Pakistan conflict ; the deaths of the most important great leaders and other important personalities of the country and , Sir, the failure of rains in Punjab giving rise to drought and faminy conditions in the State—in some parts atleast—and the terrible consequences of all these events. Naturally, Sir, the Governor's Address must be dominated by these outstanding events. Para 3 at page 2 of the Address reads—

> "The past year has been a period of trial and tribulation. My Government was faced with an overwhelming and unprecedented situation when Pakistan launched aggressive military action against the territorial integrity of our country. Whereas our armed forces personnel enhanced their prestige by their many deeds of daring, courage and sacrifice, our people in Punjab—cultivators, traders, workmen and women everywhere—also exhibited rare qualities of resourcefulness, forbearance and fortitude and gave valuable assistance to the army and the police in many ways, and the public services of all categories played their role magnificently....".

The Address, Sir, contains many details of the various activities of the Government. The public, the officials and all concerned during this Indo-Pakistan conflict—we call it a conflict because there was no formal declaration of war otherwise to all intents and purposes it was nothing short of a reoular war and it was a terrible war—played their role magnificently. The consequences of this conflict were very serious. At least for the first time Punjab was involved in this conflict. Punjab became more or less a battle-field. Of course, there were other States, Jammu and Kashmir. Rajasthan and, to some extent, Gujrat also. But Jammu and Kashmir and Punjab had to bear the brunt of this war, and what the public did, what the Government did, what the officers did, what other sections of the population including the Opposition did, that has received admiration not only of the people of Punjab but of the entire country. Our great leaders have unequivocally appreciated our work, our performance. In 1962, Sir, there was Chinese aggression. At that time also we made huge preparations. Of course, at that time the late Sardar Partap Singh Kairon was at the head of the administration and the work done at that time served as a model and a pattern during this Indo-Pakistan conflict. At that time also the work of Punjabis was appreciated so much that the State Governments of Madhya Pradesh and Rajasthan set apart vast tracts of land for the Punjabi personnel of the Armed Forces and at all hands that work was much appreciated. This time the conditions were more serious and those at the helm of affairs in Punjab acquitted themselves very well. It was a joint co-operative

[Shri Ram Saran Chand Mital]

effort. I do not go into the details. They are well described in the Address and several pamphlets and booklets published by the State Government. I had an opportunity, Sir, to tour the Punjab right from my home town, Narnaul, up to Amritsar with Chaudhri Ranbir Singh. At Amritsar I found Sardar Gurdial Singh Dhillon at his job and Captain Rattan Singh as well. I crossed the Wagha border and went to the place where shelling was going on. [ Sardar Gurnam Singh, a Member of the Panel of **Chairmen in the Chair.**]

Sir, I cannot forget and will never forget the enthusiasm I noticed at that time among the people from one corner of the State to the other cornor of the State. A soldier of another State entering the sacred soil of Punjab, from Delhi right up to Amritsar, will never forget the enthusiasm hospitality and codiality with which he was welcomed. There are many other things but I need not go into the detail.

Sir, war is undesirable. It brings destruction, loss of life and property but many a time it is a blessing in disguise as well. The State of Jammu and Kashmir is predominently inhabited by Muslims and Pakistan tried to pose herself as a champion of the rights of the Muslims. But, Sir, it is a very pleasant and happy thing to note that the blood of the Muslims of Jammu and Kashmir and other States of India mingled with the blood of Hindus, Sikhs, Anglo-Indians, Parsies and other people inhabiting this Sub-continent for the defence of the motherland.

**Pandit Chiranji Lal Sharma :** Sir, the hon. Member is speaking on the Governor's Address and it was expected of him that he would throw some light on the future policies of the Government but he is talking of the war which is a dead past. I would, therefore, through you, Sir, request the hon. Member to enlighten as to what the Government is going to do in the future.

**Shri Ram Saran Chand Mittal :** Only my hon. friend should have patience and tolerance.........

**Pandit Chiranji Lal Sharma :** That of course we have.

**Shri Ram Saran Chand Mital :** Sir, what I was driving at was that the sacrifices that we have made will not go in vain. That is one view about this Address. I will also come to that part of the Address to which Pandit Chiranji Lal Sharma made a reference. Sir, the second outstanding event is the death of several leaders, Shri Lal Bahadur Shastri, Gen. Kulwant Singh, General Thimayya, Dr. Bhabha and Dr. Gadgil, our former Governor. The House has already passed Resolutions of condolence. But the places of Shri Lal Bahadur Shastri, Dr. Bhabha and the Generals cannot be filled up. That is our permanent loss.

The third outstanding event is the failure of the rain-fall and the creation of the drought conditions. Here I am referring to the words of the Governor himself—

> "......we are confornted with another grim problem caused by the failure of rains and the resultant drought. There has been a serious shortage of rain in the entire State, but the conditions are particularly bad in the districts of Hissar, Rohtak and Mohindergarh".

Then of course the Government has made financial provisions to meet the famine conditions. At least about Mohindergarh district, the place where I come from, I can say that this famine appears almost every year in some parts of the district. I have been making repeated assertions on this point in this House and elsewhere. I have been requesting the Government to take some permanent measure so that we may not have repetition of such

conditions. Here in the Governor's Address there is some indication of what the Government is doing :—

> "My Government has projected itself further too and constituted a Committee with the Financial Commissioner, Revenue as a Chairman, to prepare a plan for dealing with this problem on a permanent basis in the drought affected region of Hissar, Mohindergarh, Gurgaon and Rohtak Districts as well as the Una Sub-Division and Kandi area of Garhshankar.

Sir, the Committee no doubt would prepare its plan. The Financial Commissioner, Revenue, seems to be a good fellow but I would suggest that unless you provide the irrigation facilities there cannot be any permanent solution. Wherever there is a scope Government may extend the canals but in several parts of the drought affected regions, canals cannot be easily dug. For that purpose the Government must resort to energisation of tubewells and of pumping sets and they would not mind spending whatever is required. No question of scarcity of materials, no question of lack of finances. These things should not come in the way and I would suggest to the Government that they should stary forthwith electrification beginning from the southern most part of this State, namely, Nangal Chaudhri Block right upto the northern most part of this State. Unless they spend a good deal of amount it set apart for that purpose forthwith without any loss of time and without even awaiting for the results of the Committee set up, these problems cannot easily be solved. I am sure, this is the Budget time, the Government must take notice of these things.

Sir, now I come to the other aspects of the Governor's Address. The hon. Member Pandit Chiranji Lal Sharma was very anxious to know about the future plans of the Government. There are two aspects of the future plans. For one we shall have to wait till the Budget Estimates are placed before the House and for the other it is abvious that we are being hit by drought, we are being hit by the consequence of the Indo-Pakistan conflict and naturally the Government must strain every nerve to normalise the economic conditions prevailing in the State. There is no escape from it. They must do it. The Address of the Governor makes a mention of it and about the future plans of the Government. I refer to page 8 of the Governor's Address. It reads—

> "One piquant lesson which has been brought home significantly by the Emergency is that the economy of the country must become self-reliant at the earliest stage, specially in the matter of food production......"

About food production it says—

> "We have suitably expanded our programme for the supply of seeds, fertilizers, improved agricultural implements, plant-protection equipment and pesticides during the year."

Then it further reads—

> "........Thus, we have taken measures which have contributed to the stabilisation of prices, availability of foodgrains in the State throughout the year and fulfilment of our enerous duty towards the deficit areas of the country."

Then they are going to introduce statutory rationing in some towns after the arrival in the market of the next Rabi Crop.

Sir, I can very well understand that there may be some differences. I cannot also support that there are nolopholes. They are in this State and in the entire country as well. We are a surplus State in the matter of production of foodgrains. Foodgrains here are comparatively cheaper.

(Shri Ram Saran Chand Mittal)

But, just cross the Jamuna and you will find that the foodgrains there are more costly. But, after all Rome was not built in a day.

**Voice :** 18 years have since elapsed.

**Shri Ram Saran Chand Mittal :** There are always two aspects of every problem. We have Zonal System and if that is abolished, one section of our population will oppose it and the other will favour its continuance.

**Mr. Chairman** (Sardar Gurnam Singh) : Zonal System is being considered by your High Command.

**Shri Ram Saran Chand Mittal :** My submission is that whenever any reform is introduced, one section of the population is hit. When the crops come in the market after the harvesting season, prices go down. The poor producer suffers. At that time, Government comes to his aid. It makes purchases so that the price does not go down beyond a certain limit. And, then that stored grain is used for internal consumption and also sent to outside deficit States. So that thing happens. If the farmers sell all their produce well in time, they have to buy it at the time of their need. Then the prices go high. That you cannot easily avoid. It is a very very complex machinery. Unless all the sections of the population co-operate, unless the entire machinery is stirred, all this is inevitable. I accept that there are laxities in the administration. There are laxities in our character. And, it is not the fault of that administration or that Government alone. It is our own fault and it is the fault of all of us. We cannot blame the Government alone. (*Interruptions*).

What I feel is that so far as the future plans are concerned, the entire attention of the Government is now concentrated upon the restoration of the old normal conditions of our economic life. But, for that you cannot have a magician's wand. You cannot restore everything in a day. That takes time. There are certain limitations as well. We have to look to our financial resources. The Governor's Address gives a description of the Third and Fourth Five-Year Plans. You have made some savings. We have spent more than what we have. We have spent on defence. The figures are there. I need not go into them. The only point that I want to make out is that at this time the machinery of the Government is devoted to the restoration of the normal economic conditions. In industries, there is a loss of industrial output worth about Rs 15 crores of rupees. There are so many difficulties, All-India difficulties, foreign exchange difficulties and so on. About our future plans, details are given in the Address. I would not like to go into their detials. About Industries, it is stated in the Address :

> "The recent conflict with Pakistan severely strained our economy in another field as well, i.e., industries. It led to the contraction of credit facilities, dislocation of transport and shortage of raw materials. In consequence, the State suffered a loss of over Rs 15 crores in its industrial output. With a view to stablising production and the growth of industries, several measures were taken promptly..........."

You cannot expect all these things to happen in a day or overnight. This is along drawn out process.

(*Interruptions and noise in the House*)

**Mr. Chairman :** Order, Order, please.

**Shri Ram Saran Chand Mital :** I would now briefly refer to transport, teachers and students' contributions towards the Punjab Defence and Security Relief Fund and the Hariana Affairs. Regarding Transport, I am glad and I congratulate my firend, Sardar Gurdial Singh Dhillon, that he has introduced concession of free lifts to our school children.

(*Interruptions*)

I must, at the same time suggest that he should make it a point to see that every district headquarters has a very fine Bus Stand built at the cost of the Government. From this Bus Stand, bus routes should lead to all other important directions. For example from Narnaul to Alwar Jaipur and all other important places.

Then, Sir, the Governor has paid a rich tribute to the teachers, students and other departments for their substantial contributions to the Punjab Defence and Security Relief Fund. For this collection of funds, no doubt, huge afforts had to be made. But, in regard to the teachers, yesterday when I was reading some Paper in the Library, I found a news item which I wish to bring to the notice of the House and through you, Sir, to the State Government as well. It is published in 'Patriot' (Punjab dition, dated the 16th February, 1966. The news is from Ludhiana. I will read three or four lines of it—

> "At a public meeting jointly organised by the Punjab Government Teachers' Union, the Pepsu Government Teachr's Union and the Subordinate Educational Services Teachers' Union under the Presidentship of Mr. Madan Gopal, President of the Government Teachers' Union, a resolution protesting against what they called forcible cuts being made in teachers' salaries in Punjab for buying gold was passed".

This may be an exaggeration. I do not know much about it. Of course, we have to accept donations for purchasing gold or towards the Punjab Defence and Security Relief Fund voluntarily from every section of the society including the Government employees and teachers inthe schools. Teachers are proverbially poor. But I would suggest to the Government not to employ the teachers or the students for collection purposes. The teacher's job is very very sacred and to employ a teacher for collection purposes is not proper. That goes against his profession and by this we are reducing his status. I will confine myself to this much only that they may kindly pay attention to this news item appearing in the Press. But otherwise we are glad that contributions are pouring in from all quarters. Of course, good deal of progress has been made in various directions, spread of education, technical education and so on. But one point I do not find here, Girls' education, female education. I do not know whether any special efforts have been made to spread girls' education because in my district, in my tehsil, I find that hardly any improvement has been made for the spread of girls' education. That is very necessary, otherwise one section of the population remains backward.

Then, Sir, I come to the Hariana question. No doubt a Committee had been appointed to suggest measures for the development of Hariana and we are told, it has submitted its report as well and we quite feel that the only thing that the Governor has said in his Address is that the report of the Committee will receive consideration. The fact remains that the Committee submitted an interim report many months ago so that the Government could take action thereon there and then and in this budget session we expect . . . .

**Sardar Lachhman Singh Gill :** Are you in favour of Hariana Prant ?

**Shri Ram Saran Chand Mital :** I have submitted a memorandum to the Parliamentary Committee and I have appeared before it also. But the office of the Lok Sabha has directed that we should keep the memorandum secret as its desclosure would be breach of privilege of that august House. so whether I am in favour or against it, that question cannot

**Shri Ram Saran Chand Mittal**

be asked here. I have submitted my views as a witness before that Committee. So, my learned friend would not persuade me to commit a breach of privilege of that House.

**Sardar Lachhman Singh Gill :** I suppose you have already told it to your Mrs.

**Shri Ram Saran Chand Mital :** With regard to the Hariana business, I agree that they should have taken steps to implement the interim report of the Hariana Development Committee which was submitted to the Government several months ago and its cmission I think, will be explained by the Government when they elaborate their own point.

**Mr. Chairman** (Sardar Gurnam Singh) : So , you withhold your thanks as far as Hriana question is concerned ?

**Shri Ram Saran Chand Mital :** Taking as a whole because they are giving relief for the famine conditions I am moving the resolution which stands in my name.......

**Pandit Chiranji Lal Sharma :** A specific question was put by the Chair whether you withhold your thanks so far as Hariana question is concerned. You have not replied to it.

**Shri Ram Saran Chand Mital :** No. About this affair I say, Sir,..... (Interruptions).

**ਟ੍ਰਾਂਸਪੋਰਟ ਅਤੇ ਚੋਣ ਮੰਤਰੀ :** ਚੇਅਰਮੈਨ ਸਾਹਿਬ, ਜਦ ਤੋਂ ਮਿੱਤਲ ਸਾਹਿਬ ਨੇ ਬੋਲਣਾ ਸ਼ੁਰੂ ਕੀਤਾ ਹੈ ਇਹ ਆਨਰੇਬਲ ਮੈਂਬਰ ਸਾਹਿਬਾਨ ਉਨ੍ਹਾਂ ਨਾਲ ਚੋਹਲ ਮੁਹਲ ਕਰਨ ਤੋਂ ਬਾਜ਼ ਨਹੀਂ ਆਏ । ਇਨ੍ਹਾਂ ਨੂੰ ਮਿਹਰਬਾਨੀ ਕਰਕੇ ਰੋਕਿਆ ਜਾਵੇ ।

**Shri Ram Saran Chand Mital :** I would request that I may be given 10 minutes extra which they, I will not say not wasted because that might create difficulty, took by repeated interruptions........

**पंडित चरंजी लाल शर्मा:** चेयरमैन साहिब, मेरे टाइम में से मित्तल साहिब के लिए टाइम काट लें।

**Mr. Chairman :** The hon. Member has taken 40 minutes. He may kindly try to wind up.

**Shri Ram Saran Chand Mital :** Sir, when I read the views of several legislatures on the Governor's Address in newspapers I came across one sentence that the Address was colourless. From whom it came, you know better.

**Pandit Chiranji Lal Sharma :** Not only colourless, but odourless also.

**Shri Ram Saran Chand Mital :** Sir, whose remaks that was, I leave it to you to find out and judge......

**Mr. Chairman :** I know whose remark it was.

**ਸਰਦਾਰ ਲਛਮਣ ਸਿੰਘ ਗਿਲ :** ਮਿੱਤਲ ਸਾਹਿਬ, ਉਨ੍ਹਾਂ ਦੋਹਾਂ ਸੈਂਕਣਾਂ ਬਾਰੇ ਵੀ ਦਸੋ ਕਿ ਉਨ੍ਹਾਂ ਸੈਂਕਣਾਂ ਦਾ ਕੀ ਹਾਲ ਹੈ ?

**Shri Ram Sara Chand Mital :** Now, Sir, I would read three sentences from the Tibune's comments dated the 16th February, 1966, from where it can be seen whether the Address is colourless or not. The first is—

> "......As a result, he (Governor) had something more to offer than the usual routine record of depatmental achievements and a dull survy of the past year mostly featuring generalities..........."

The second is—

"......As was but appropriate, the Governor devoted a part of his address to the State's war-hit economy and to the varied problems of reconstruction..."

The third is—

"....Notable in the outline of the Ministry's policies is the determination" to continue translating democracy, secularism and justice for the development of the State".

With these remarks I whole-heartedly agree. I deem it a favour done to me that I was allowed to move this resolution which I do most heartily.

**ਗਿਆਨੀ ਜ਼ੈਲ ਸਿੰਘ** (ਫਰੀਦਕੋਟ) : ਚੇਅਰਮੈਨ ਸਾਹਿਬ, ਪੰਜਾਬ ਦੇ ਰਾਜਪਾਲ ਦੇ ਧੰਨਵਾਦ ਦਾ ਮਤਾ ਜਿਹੜਾ ਮਿੱਤਲ ਸਾਹਿਬ ਨੇ ਪੇਸ਼ ਕੀਤਾ ਹੈ............

**चौधरी इन्द्र सिंह मलिक :** आन ए प्वायंट आफ आर्डर सर। गुजारिश यह है कि ट्रेजरी बैंचिज़ पर इस वक्त 10 आदमी बैंठे हुए हैं। इस से यह ज़ाहिर होता है कि इन में गवर्नर एड्रेस पर कितना इन्ट्रैस्ट है।

**ਇਕ ਆਵਾਜ਼ :** ਤੁਹਾਡੇ ਵਲ ਵੀ ਇਤਨੇ ਹੀ ਮੈਂਬਰ ਬੈਠੇ ਹੋਏ ਹਨ।

**ਗਿਆਨੀ ਜ਼ੈਲ ਸਿੰਘ:** ਚੇਅਰਮੈਨ ਸਾਹਿਬ, ਮੈਂ ਇਸ ਮਤੇ ਦੀ ਤਾਈਦ ਕਰਨ ਲਈ ਖੜਾ ਹੋਇਆ ਹਾਂ। ਪੰਜਾਬ ਦੇ ਰਾਜਪਾਲ ਦਾ ਇਹ ਭਾਸ਼ਣ ਪੰਜਾਬ ਸਰਕਾਰ ਦੀ ਕੀਤੀ ਹੋਈ ਉੱਨਤੀ, ਆਉਣ ਵਾਲੀਆਂ ਸਕੀਮਾਂ ਤੇ ਕੁਝ ਜੋ ਕੰਮ ਰਹਿ ਗਏ ਹਨ, ਉਨ੍ਹਾਂ ਦਾ ਆਈਨਾ ਹੈ ਇਸ ਆਈਨੇ ਤੋਂ ਸਾਡੇ ਪੰਜਾਬ ਦੀ ਵਿਧਾਨ ਸਭਾ ਪਿਛਲੀਆਂ ਚੰਗਿਆਈਆਂ ਤੇ ਤਰੱਕੀ ਦੇ ਕੀਤੇ ਹੋਏ ਕੰਮਾਂ ਦੀ ਸ਼ਲਾਘਾ ਵੀ ਕਰ ਸਕਦੀ ਹੈ। ਅਤੇ ਜੋ ਊਣਤਾਈਆਂ ਹਨ ਉਨ੍ਹਾਂ ਤੇ ਅਸੀਂ ਮੁੜ ਵਿਚਾਰ ਵੀ ਕਰ ਸਕਦੇ ਹਾਂ ਅਤੇ ਨੁਕਤਾਚੀਨੀ ਦੀ ਵੀ ਗੁੰਜਾਇਸ਼ ਹੈ ਅਗਰ ਕੋਈ ਕਮੀ ਨਜ਼ਰ ਆਵੇ। ਚੇਅਰਮੈਨ ਸਾਹਿਬ, ਇਹ ਦੂਜੀ ਵੇਰ ਹੈ ਕਿ ਗਵਰਨਰ ਸਾਹਿਬ ਨੇ ਇਥੇ ਦੂਜੀ ਵੇਰ ਪੰਜਾਬੀ ਵਿਚ ਭਾਸ਼ਣ ਦਿਤਾ ਹੈ (Hear, hear) ਪੰਜਾਬ ਦੀ ਮਾਂ ਬੋਲੀ ਵਿਚ। ਗਵਰਨਰ ਸਾਹਿਬ ਨੇ ਉਨ੍ਹਾਂ ਦੁਰਘਟਨਾਵਾਂ ਦਾ ਵੀ ਜ਼ਿਕਰ ਕੀਤਾ ਹੈ ਜਿਹੜੀਆਂ ਸਾਡੇ ਦੇਸ਼ ਵਿਚ ਹੋਈਆਂ। ਮੈਂ ਸਮਝਦਾ ਹਾਂ ਕਿ ਕੌਮਾਂ ਦੀਆਂ ਜ਼ਿੰਦਗੀਆਂ ਵਿਚ ਇਸ ਤਰ੍ਹਾਂ ਦੇ ਸਮੇਂ ਆਉਂਦੇ ਹੀ ਰਹਿੰਦੇ ਹਨ। ਹਿੰਦ ਅਤੇ ਪਾਕ ਦੀ ਲੜਾਈ ਦੋ ਦੇਸ਼ਾਂ ਦੀ ਜੰਗ ਸੀ ਮਗਰ ਇਹ ਜੰਗ ਪੰਜਾਬ ਦੀ ਧਰਤੀ ਤੇ ਲੜੀ ਗਈ। ਇਸ ਵਿਚ ਪੰਜਾਬ ਦੇ ਸਰਕਾਰੀ ਕਰਮਚਾਰੀਆਂ, ਪੰਜਾਬ ਦੇ ਟ੍ਰਾਂਸਪੋਰਟਰਾਂ, ਪੰਜਾਬ ਦੇ ਕਿਸਾਨਾਂ, ਪੰਜਾਬ ਦੀਆਂ ਇਸਤ੍ਰੀਆਂ, ਬੱਚਿਆਂ ਅਤੇ ਦੂਜੇ ਵੀ ਆਮ ਲੋਕਾਂ ਨੇ ਇਸ ਜੰਗ ਵਿਚ ਸਭ ਤੋਂ ਵਧ ਹਿੱਸਾ ਪਾਇਆ, ਬਹਾਦਰੀ, ਦਲੇਰੀ ਅਤੇ ਦੇਸ਼ਭਗਤੀ ਦਾ ਸਬੂਤ ਦਿਤਾ। ਉਨ੍ਹਾਂ ਦੀ ਹਿੰਮਤ ਅਤੇ ਸੇਵਾ ਦੀ ਜਿਤਨੀ ਸ਼ਲਾਘਾ ਕੀਤੀ ਜਾਵੇ ਉਹ ਥੋੜੀ ਹੈ। ਇਸ ਗੱਲ ਤੋਂ ਬੜੀ ਖੁਸ਼ੀ ਹੁੰਦੀ ਹੈ ਕਿ ਪੰਜਾਬ ਦੇ ਸਰਕਾਰੀ ਕਰਮਚਾਰੀਆਂ ਦੇ ਵਿਚ ਦੇਸ਼ਭਗਤੀ, ਆਨੈਸਟੀ ਅਤੇ ਲੋਕਾਂ ਨਾਲ ਪਿਆਰ ਅਤੇ ਨਿਘ ਅਤੇ ਕੁਰਬਾਨੀ ਦਾ ਜਜ਼ਬਾ ਉਭਰਿਆ। ਜਿਥੇ ਪੰਜਾਬੀਆਂ ਨੇ ਇਸ ਜੰਗ ਵਿਚ ਕੁਰਬਾਨੀਆਂ ਦਿਤੀਆਂ, ਜੰਗ ਲੜੀ ਉਥੇ ਪੰਜਾਬਣਾ ਨੇ ਘਰਾਂ ਵਿਚੋਂ ਰੋਟੀਆਂ ਪਹੁੰਚਾਈਆਂ ਅਤੇ ਇਸ ਗੱਲ ਦਾ ਸਬੂਤ ਦਿੱਤਾ ਕਿ ਪੰਜਾਬ ਦੀ ਇਸਤਰੀ ਕਿਤਨੀ ਬਹਾਦਰ ਹੈ। ਪੰਜਾਬ ਦੀਆਂ ਕੀਤੀਆਂ ਕੁਰਬਾਨੀਆਂ ਨਾਲ, ਦਿਤੇ ਧਨ ਨਾਲ ਸਾਰੇ ਹਿੰਦੁਸਤਾਨ ਵਿਚ ਪੰਜਾਬ ਲਈ ਮਾਨ ਅਤੇ ਸਤਕਾਰ ਪੈਦਾ ਹੋਇਆ ਹੈ। ਮੈਂ ਇਹ ਗਲ ਕਹੇ ਬਗੈਰ ਨਹੀ ਰਹਿ ਸਕਦਾ ਕਿ ਜਿਥੇ ਪੰਜਾਬ ਨੇ ਦੇਸ਼ ਦੀ ਰਖਸ਼ਾ ਲਈ ਆਪਣੀ ਕੁਰਬਾਨੀ ਦਿਤੀ ਉਥੇ ਹਿੰਦ

[ਗਿਆਨੀ ਜ਼ੈਲ ਸਿੰਘ]

ਸਰਕਾਰ ਨੇ ਵੀ ਉਸ ਦੇ ਮਸਲਿਆਂ ਵਲ ਪੂਰਾ ਪੂਰਾ ਧਿਆਨ ਦਿਤਾ ਹੈ । ਭਾਰਤ ਸਰਕਾਰ ਨੇ ਜੋ ਕੁਝ ਪੰਜਾਬ ਲਈ ਕੀਤਾ ਹੈ ਉਸ ਲਈ ਅਸੀਂ ਮਸ਼ਕੂਰ ਹਾਂ ਪਰ ਇਸ ਗਲ ਦੀ ਹੋਰ ਵੀ ਲੋੜ ਹੈ ਅਤੇ ਪੰਜਾਬ ਨੇ ਜੋ ਕੁਰਬਾਨੀ ਦਿਤੀ ਹੈ ਉਹ ਹਾਲੇ ਖਤਮ ਨਹੀਂ ਹੋ ਗਈ । ਠੀਕ ਹੈ ਕਿ ਤਾਸ਼ਕੰਦ ਦੇ ਸਮਝੌਤੇ ਨੇ ਅਮਨ ਅਤੇ ਪਿਆਰ ਦਾ ਰਸਤਾ ਖੋਲ੍ਹ ਦਿਤਾ ਹੈ ਅਤੇ ਦੋਵਾਂ ਦੇਸ਼ਾਂ ਦੇ ਇਤਹਾਦ ਦੀ ਬੁਨਿਆਦ ਬੰਨ੍ਹ ਦਿਤੀ ਹੈ ਮਗਰ ਅਸੀਂ ਫਿਰ ਵੀ ਆਪਣੇ ਦੇਸ਼ ਦੀ ਰਖਸ਼ਾ ਨੂੰ ਮਜ਼ਬੂਤ ਨੀਹਾਂ ਤੇ ਖੜਾ ਕਰਨਾ ਹੈ ਅਤੇ ਇਹ ਤਦ ਹੀ ਹੋ ਸਕਦਾ ਹੈ ਅਗਰ ਸਾਰਾ ਦੇਸ਼ ਪੰਜਾਬ ਦੀ ਇੰਡਸਟਰੀ ਦੇ ਨੁਕਸਾਨ ਨੂੰ, ਪੰਜਾਬ ਦੀ ਖੇਤੀਬਾੜੀ ਦੇ ਨੁਕਸਾਨ ਨੂੰ, ਪੰਜਾਬ ਦੇ ਜਵਾਨਾਂ ਦੇ ਨੁਕਸਾਨ ਨੂੰ ਪੂਰਾ ਕਰਨ ਲਈ ਹਿਸਾ ਪਾਵੇ । ਅਸੀਂ ਭੀ ਭਾਰਤ ਸਰਕਾਰ ਦੇ ਮਸ਼ਕੂਰ ਹਾਂ ਕਿ ਉਸ ਨੇ ਇਸ ਸੂਬੇ ਦੀ ਹਾਲਤ ਵਲ ਧਿਆਨ ਦਿਤਾ ਹੈ ਅਤੇ ਇਸ ਨੂੰ ਆਰਥਕ ਅਤੇ ਰਾਜਨੀਤਕ ਤੌਰ ਤੇ ਮਜ਼ਬੂਤ ਕੀਤਾ ਹੈ । ਅਸੀਂ ਭਾਰਤ ਸਰਕਾਰ ਦੇ ਹੋਮ ਮਿਨਿਸਟਰ ਦੇ ਮਸ਼ਕੂਰ ਹਾਂ ਕਿ ਜੰਗ ਦੇ ਖਤਮ ਹੁੰਦੇ ਹੀ ਉਨ੍ਹਾਂ ਨੇ ਪੰਜਾਬ ਦੀ ਲੈਂਗੁਏਜ ਬਾਰੇ ਬਰਨਿੰਗ ਇਸ਼ੂ ਨੂੰ ਕੋਆਪਰੇਟਿਵ ਤਰੀਕੇ ਨਾਲ ਐਮੀਕੇਬਲੀ ਸੈਟਲਮੈਂਟ ਲਈ ਇਕ ਪਾਰਲੀਮੈਂਟਰੀ ਕਮੇਟੀ ਬਣਾਈ ਤਾਂ ਜੋ ਇਸ ਦਾ ਪੱਕਾ ਹਲ ਕਢਿਆ ਜਾਵੇ । (ਤਾੜੀਆਂ) ਉਹ ਕਮੇਟੀ ਇਸ ਮਸਲੇ ਤੇ ਗ਼ੌਰ ਕਰ ਰਹੀ ਹੈ ਅਤੇ ਮੈਨੂੰ ਆਸ ਹੈ ਕਿ ਇਸ ਦੇ ਨਤੀਜੇ ਦੇ ਤੌਰ ਤੇ ਪੰਜਾਬ ਦੇ ਲੋਕ, ਰਾਜਨੀਤਕ ਪਾਰਟੀਆਂ ਸਾਰੀਆਂ ਬੋਲੀਆਂ ਦਾ ਸਤਕਾਰ ਰਖਦੇ ਹੋਏ, ਹਰਿਆਨਵੀ ਅਤੇ ਹਿਲੀ ਏਰੀਆ ਦੇ ਜਜ਼ਬਾਤ ਨੂੰ ਸੈਟਿਸਫਾਈ ਕਰਨ ਵਿਚ ਪੂਰਾ ੨ ਸਹਿਯੋਗ ਦੇਣਗੇ । (ਇਕ ਆਵਾਜ਼ : ਸ਼ਾਬਾਸ਼) ਇਸ ਲਈ ਅਸੀਂ ਭਾਰਤ ਸਰਕਾਰ ਦੇ ਮਸ਼ਕੂਰ ਹਾਂ ਕਿ ਉਸ ਨੇ ਪੰਜਾਬੀਆਂ ਦੇ ਸੈਂਟੀਮੈਂਟਸ ਵਲ ਪੂਰਾ ਧਿਆਨ ਦਿਤਾ ਹੈ।

**(Mr. Speaker in the Chair.)**

ਸਪੀਕਰ ਸਾਹਿਬ, ਇਸ ਮੁਸੀਬਤ ਦੇ ਸਮੇਂ ਵਿਚ ਪੰਜਾਬ ਦੇ ਰਾਜ ਪ੍ਰਬੰਧ ਨੂੰ ਇਥੇ ਦੇ ਸਰਕਾਰੀ ਕਰਮਚਾਰੀਆਂ ਨੇ ਬੜੀ ਸਹਿਯੋਗਤਾ ਨਾਲ ਨਿਭਾਇਆ ਹੈ । ਸਾਨੂੰ ਇਥੇ ਦੇ ਆਮ ਲੋਕਾਂ ਦਾ ਵੀ ਮਸ਼ਕੂਰ ਹੋਣਾ ਚਾਹੀਦਾ ਹੈ ਕਿ ਅਗਰ ਕਿਸੇ ਥਾਂ ਸਰਕਾਰ ਪੂਰੀ ਤਰ੍ਹਾਂ ਧਿਆਨ ਨਾ ਦੇ ਸਕੀ ਹੋਵੇ ਤਾਂ ਲੋਕਾਂ ਨੇ ਖੁਦ ਹੀ ਉਸ ਵਲ ਧਿਆਨ ਦੇਕੇ ਉਸ ਨੂੰ ਠੀਕ ਕਰ ਲਿਆ, ਆਪਣੇ ਆਪ ਨੂੰ ਡਿਸਿਪਲਿਨ ਵਿਚ ਰਖਿਆ । ਅਤੇ ਇਸ ਨੂੰ ਦੇਖ ਕੇ ਇਉਂ ਲਗਦਾ ਸੀ ਜਿਵੇਂ ਕਿ ਸਾਰੇ ਪੰਜਾਬ ਵਿਚ ਜੰਗ ਲੜੀ ਜਾ ਰਹੀ ਹੈ ਅਤੇ ਸਾਰੇ ਪੰਜਾਬੀ ਹੀ ਫੌਜੀ ਹਨ । ਇਸ ਬਾਰੇ ਰਾਜਪਾਲ ਹੋਰਾਂ ਨੇ ਜੋ ਜ਼ਿਕਰ ਕੀਤਾ ਹੈ ਉਹ ਬੜੇ ਸ਼ਾਨਦਾਰ ਸ਼ਬਦਾਂ ਵਿਚ ਕੀਤਾ ਹੈ ।

**ਇਕ ਆਵਾਜ਼** : ਗਵਰਨਮੈਂਟ ਤਾਂ ਹਾਊਸ ਵਿਚ ਹੈ ਹੀ ਨਹੀਂ । ਇਕ ਕਾਕੀ ਤੇ ਇਕ ਕਾਕਾ ਬੈਠੇ ਹਨ ।

**ਸ੍ਰੀ ਸਪੀਕਰ** : ਇਹ ਪ੍ਰਾਪਰ ਐਕਸਪਰੈਸ਼ਨ ਨਹੀਂ ਹੈ। ਤੁਸੀਂ ਘਰ ਵਿਚ ਨਹੀਂ ਬੈਠੇ । (This is not a propar expression. The hon. Member is not sitting in his own house.)

**ਗਿਆਨੀ ਜ਼ੈਲ ਸਿੰਘ** : ਇਥੇ ਚਾਹੇ ਕੋਈ ਕਿਤੇ ਵੀ ਬੈਠਾ ਹੋਵੇ ਉਹ ਇਸ ਹਾਊਸ ਦਾ ਆਨਰੇਬਲ ਮੈਂਬਰ ਹੈ । ਇਸ ਦਾ ਮੇਰੇ ਤੇ ਕੋਈ ਅਸਰ ਨਹੀਂ ਪੈਂਦਾ, ਸਿਰਫ ਕੋਰਮ ਪੂਰਾ ਹੋਣਾ ਚਾਹੀਦਾ ਹੈ।

ਪੰਜਾਬ ਦੇ ਰਾਜਪਾਲ ਨੇ ਪੰਜਾਬ ਦੀ ਉੱਨਤੀ ਦਾ ਜ਼ਿਕਰ ਕੀਤਾ ਹੈ, ਇਸ ਦੀ ਤਾਰੀਫ ਕੀਤੀ ਹੈ ਪਰ ਨਾਲ ਹੀ ਇਸ ਗੱਲ ਨੂੰ ਵੀ ਮੰਨਿਆ ਹੈ ਕਿ ਕੁਝ ਕਮੀਆਂ ਵੀ ਰਹਿ ਗਈਆਂ ਹਨ ਜਿਨ੍ਹਾਂ ਨੂੰ ਪੰਜਾਬ ਦੀ ਸਰਕਾਰ ਦੂਰ ਕਰੇਗੀ । ਮਿਸਾਲ ਦੇ ਤੌਰ ਤੇ ਤਕਰੀਬਨ 30 ਲਖ

ਏਕੜ ਜ਼ਮੀਨ ਅਜਿਹੀ ਹੈ ਜੋ ਜਾਂ ਤਾਂ ਪਾਣੀ ਵਿਚ ਡੁਬੀ ਹੋਈ ਹੈ ਜਾਂ ਕੱਲਰ ਹੈ। ਇਥੇ ਇਕ ਜਰਮਨ ਐਕਸਪਰਟ ਆਇਆ ਜਿਸ ਨੇ ਇਸ ਮਸਲੇ ਬਾਰੇ ਕਿਹਾ ਕਿ ਅਗਰ ਇਸ ਚੀਜ਼ ਦਾ ਮੁਕਾਬਲਾ ਨਾ ਕੀਤਾ ਗਿਆ ਤਾਂ ਇਹ ਇਕ ਨਾ ਸਹੇ ਜਾਣ ਵਾਲਾ ਘਾਟਾ ਹੋਵੇਗਾ। ਸੋ ਮੈਨੂੰ ਪੂਰੀ ਆਸ ਹੈ ਕਿ ਸਰਕਾਰ ਇਸ ਵਲ ਪੂਰਾ ਪੂਰਾ ਧਿਆਨ ਦੇਵੇਗੀ। ਫਿਰ ਮੈਨੂੰ ਇਸ ਗਲ ਦਾ ਪਤਾ ਹੈ ਕਿ ਪੰਜਾਬ ਸਰਕਾਰ ਨੇ ਡ੍ਰੇਨੇਜ ਦੀ ਕਨਸਟਰਕਸ਼ਨ ਬੰਦ ਕਰ ਦਿਤੀ ਸੀ ਫੰਡਜ਼ ਦੀ ਕਮੀ ਕਰਕੇ। ਪਰ ਜਦ ਅਸੀਂ ਡੇਢ ਕਰੋੜ ਰੁਪਆ ਰੀਲੀਫ ਦੀ ਸ਼ਕਲ ਵਿਚ ਜਾਂ ਹੋਰ ਬੰਦੋਬਸਤ ਦੀ ਸ਼ਕਲ ਵਿਚ ਖਰਚ ਕਰ ਸਕਦੇ ਹਾਂ ਤਾਂ ਜੋ ਡ੍ਰੇਨੇਜ ਅਧੂਰੀ ਪਈ ਹੈ ਉਸ ਨੂੰ ਅਗਰ ਪੂਰਾ ਨਾ ਕੀਤਾ ਗਿਆ ਤਾਂ ਪੰਜਾਬ ਦਾ ਬੜਾ ਭਾਰੀ ਨੁਕਸਾਨ ਹੋਵੇਗਾ। ਅਤੇ ਜਿਤਨਾ ਕੰਮ ਕੀਤਾ ਗਿਆ ਹੈ ਉਹ ਵੀ ਕਿਸੇ ਅਰਥ ਨਾ ਆਵੇਗਾ। ਮੈਨੂੰ ਆਸ ਹੈ ਕਿ ਪੰਜਾਬ ਸਰਕਾਰ ਇਸ ਪਾਸੇ ਵਲ ਛੇਤੀ ਤੋਂ ਛੇਤੀ ਧਿਆਨ ਦੇਵੇਗੀ ਅਤੇ ਵਾਰ ਫੁਟਿੰਗ ਤੇ ਇਸ ਦਾ ਹਲ ਲਭੇਗੀ ਅਤੇ ਇਸ ਲਈ ਪੈਸਾ ਕਢੇਗੀ ਅਤੇ ਡ੍ਰੇਨੇਜ ਦਾ ਜੋ ਕੰਮ ਬੰਦ ਪਿਆ ਹੈ ਉਸ ਨੂੰ ਦੁਬਾਰਾ ਚਾਲੂ ਕਰੇਗੀ। ਪੰਜਾਬ ਦੀ ਸਰਕਾਰ ਨੇ ਇਸ ਗਲ ਦੀ ਕੋਸ਼ਿਸ਼ ਕੀਤੀ ਹੈ ਕਿ ਜਿਨਸਾਂ ਦਾ ਭਾ ਨਾ ਵਧੇ ਅਤੇ ਇਸ ਗਲ ਦੀ ਵੀ ਕੋਸ਼ਿਸ਼ ਕੀਤੀ ਹੈ ਕਿ ਆਨਜ ਦੇ ਭਾ ਗਿਰਨ ਵੀ ਨਾ। ਅਤੇ ਇਸ ਗਲ ਦੀ ਕੋਸ਼ਿਸ਼ ਵੀ ਕੀਤੀ ਹੈ ਕਿ ਪੈਦਾਵਾਰ ਵਿਚ ਵਾਧਾ ਹੋਵੇ ਪਰ ਦੁਖ ਦੀ ਗਲ ਹੈ ਕਿ ਅਸੀਂ ਇਸ ਸਾਲ, ਮੇਰਾ ਭਾਵ ਹੈ ਪਿਛਲੇ ਮਾਲੀ ਸਾਲ ਵਿਚ ਖੁਰਾਕ ਵਿਚ ਕੋਈ ਵਾਧਾ ਨਹੀਂ ਕਰ ਕਕੇ। ਅਨਾਜ ਦੀ ਉਪਜ ਵਿਚ ਵਾਧਾ ਨਹੀਂ ਕਰ ਸਕੇ। ਇਸ ਦਾ ਕਾਰਨ ਪੰਜਾਬ ਸਰਕਾਰ ਦਾ ਕਸੂਰ ਨਹੀਂ ਇਸ ਦਾ ਕਾਰਨ ਕੁਦਰਤੀ ਆਫਤਾਂ ਨੇ। ਪਰ ਅਜ ਕਲ ਦੀਆਂ ਸਰਕਾਰਾਂ ਦਾ ਮਾਡਰਨ ਸਰਕਾਰਾਂ ਦਾ ਜਿਨ੍ਹਾਂ ਨੂੰ ਲੋਕ ਸਰਕਾਰ ਕਿਹਾ ਜਾਂਦਾ ਹੈ ਉਨ੍ਹਾਂ ਕੋਲ ਇਸ ਗਲ ਦਾ ਬਹਾਨਾ ਨਹੀਂ ਰਹਿ ਜਾਂਦਾ ਕਿ ਅਸੀਂ ਕੁਦਰਤ ਦਾ ਮੁਕਾਬਲਾ ਨਹੀਂ ਕਰ ਸਕਦੇ। ਸਰਕਾਰ ਦਾ ਕੰਮ ਹੈ ਹਰ ਤਰ੍ਹਾਂ ਦੇ ਮੁਕਾਬਲੇ ਲਈ ਤਿਆਰ ਰਹਿਣਾ। ਭਾਵੇਂ ਉਹ ਕੁਦਰਤ ਦੀਆਂ ਆਫਤਾਂ ਦਾ ਮੁਕਾਬਲਾ ਹੀ ਕਿਉਂ ਨਾ ਹੋਵੇ। ਖੁਰਾਕ ਦੇ ਸਬੰਧ ਵਿਚ ਸਰਕਾਰ ਨੇ ਸੁਚਜੇ ਕਦਮ ਉਠਾਏ ਹਨ। ਮੈਂ ਉਨ੍ਹਾਂ ਨੂੰ ਦੁਹਰਾਣਾ ਨਹੀਂ ਚਾਹੁੰਦਾ। ਇਨ੍ਹਾਂ ਦਾ ਜ਼ਿਕਰ ਗਵਰਨਰ ਸਾਹਿਬ ਨੇ ਆਪਣੇ ਭਾਸ਼ਨ ਵਿਚ ਕੀਤਾ ਹੈ। ਮੈਂ ਤਾਂ ਆਪ ਦੀ ਰਾਹੀਂ ਸਪੀਕਰ ਸਾਹਿਬ, ਇਹ ਪਰਾਰਥਨਾ ਕਰਦਾ ਹਾਂ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਜਿਹੜਾ ਪੰਜਾਬ ਵਿਚ ਜਿਨਸ ਵਧ ਪੈਦਾ ਕਰ ਉਸ ਨੂੰ ਇਨਾਮ ਦੇਵੇ ਤੇ ਜੇਕਰ ਅਸੀਂ ਉਸ ਅਨਾਜ ਵਧ ਉਗਾਣ ਵਾਲੇ ਨੂੰ ਇਨਾਮ ਨਹੀਂ ਦੇ ਸਕਦੇ ਤਾਂ ਅਨਾਜ ਵਧ ਉਗਾਣ ਦੇ ਬਦਲੇ ਉਸ ਨੂੰ ਸਜ਼ਾ ਤਾਂ ਨਾ ਦੇਈਏ। ਮੈਂ ਇਹ ਗਲ ਮਾਸੂਸ ਕਰਦਾ ਹਾਂ ਕਿ ਬਹੁਤ ਅਨਾਜ ਪੈਦਾ ਕਰਨ ਵਾਲੇ ਨੂੰ ਇਨਾਮ ਦੀ ਥਾਂ ਤੇ ਇਸ ਸਰਕਾਰ ਵਲੋਂ ਸਜ਼ਾ ਦਿਤੀ ਜਾ ਰਹੀ ਹੈ (ਵਿਰੋਧੀ ਦਲ ਵਲੋਂ ਪ੍ਰਸੰਸਾ) ਇਸ ਸਰਕਾਰ ਵਲੋਂ ਪਿਛੇ ਜਿਹੇ ਇਕ ਕਮੇਟੀ ਮੁਕਰਰ ਕੀਤੀ ਗਈ ਸੀ ਕਿ ਜਿਨਸਾਂ ਨੂੰ ਪੈਦਾ ਕਰਨ ਤੇ ਜੋ ਖਰਚ ਆਉਂਦਾ ਹੈ ਉਸ ਨੂੰ ਵਰਕ ਆਊਟ ਕਰੇ ਤਾਂ ਉਸ ਕਮੇਟੀ ਨੇ ਦਸਿਆ ਸੀ ਕਿ ਇਕ ਮਣ ਕਣਕ ਪੈਦਾ ਕਰਨ ਲਈ ਵੀਹ ਰੁਪਏ ਤੋਂ ਕੁਝ ਪੈਸੇ ਘਟ ਖਰਚ ਆਉਂਦੇ ਹਨ। ਉਨ੍ਹਾਂ ਸਾਰਾ ਖਰਚਾ ਅਤੇ ਹਿਸਾਬ ਕਿਤਾਬ ਕਰਕੇ ਇਹ ਵਰਕ ਆਊਟ ਕੀਤਾ ਸੀ। ਪਰ ਬਜ਼ਾਰ ਵਿਚ ਇਕ ਕਵਿੰਟਲ ਕਣਕ ਦਾ ਭਾ 49 ਤੋਂ 52 ਰੁਪਏ ਹੈ। ਅਤੇ ਇਹੋ ਹੀ ਕਣਕ ਜੇਕਰ ਦਿੱਲੀ ਵਿਚ ਚਲੀ ਜਾਏ ਤਾਂ ਇਸ ਦੇ ਇਕ ਕਵਿੰਟਲ ਦਾ ਭਾ 60—65 ਰੁਪਏ ਹੋ ਜਾਂਦਾ ਹੈ ਅਤੇ ਜੇਕਰ ਇਸ ਨੂੰ ਮਦਰਾਸ ਭੇਜ ਦਿਉ ਤਾਂ ਇਸ ਦਾ ਭਾ 100— ਤੋਂ 125 ਰੁਪਏ ਕਵਿੰਟਲ ਤਕ ਪਹੁੰਚ ਜਾਂਦਾ ਹੈ। ਇਸ ਲਈ ਮੈਂ ਪੰਜਾਬ ਸਰਕਾਰ ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਉਹ ਭਾਰਤ ਸਰਕਾਰ ਤੇ ਇਸ ਗਲ ਤੇ ਜ਼ੋਰ ਦੇਣ ਕਿ ਜ਼ੋਨਲ ਸਿਸਟਮ ਨੂੰ ਦੂਰ ਕਰ ਦਿਤਾ ਜਾਵੇ ਅਤੇ ਦੇਸ਼ ਦੀ ਜਿਹੜੀ ਅਨਾਜ ਪੈਦਾ ਕਰਨ ਦੀ ਸ਼ਕਤੀ ਹੈ ਉਸ ਨੂੰ ਪਿਛੇ

[ਗਿਆਨੀ ਜ਼ੈਲ ਸਿੰਘ]

ਨਾ ਸੁਟਿਆ ਜਾਵੇ । (ਵਿਰੋਧੀ ਦਲ ਵਲੋਂ ਪ੍ਰਸੰਸਾ) ਇਹ ਗੱਲ ਅਜ ਦੀ ਨਹੀਂ ਅੰਗ੍ਰੇਜ਼ ਦੇ ਵੇਲੇ ਅਤੇ ਮਹਾਰਾਜਿਆਂ ਦੇ ਵੇਲੇ ਤੋਂ ਇਹ ਗਲ ਚਲੀ ਆ ਰਹੀ ਹੈ ਕਿ ਜਿਨਸ ਪੈਦਾ ਕਰਨ ਵਾਲੇ ਨੂੰ ਪਿਛੇ ਸੁਟਿਆ ਜਾਂਦਾ ਰਿਹਾ ਹੈ । ਤੁਸੀਂ ਇਕ ਗਲ ਵੇਖੋ ਕਿ ਜਦ ਵਿਸਾਖ ਦਾ ਮਹੀਨਾ ਆਉਂਦਾ ਹੈ ਤਾਂ ਕਣਕ ਵੀ ਸਸਤੀ ਛੋਲੇ ਵੀ ਸਸਤੇ ਤੇ ਜੌਂ ਵੀ ਸਸਤੇ ਜਦ ਕਿ ਕਿਸਾਨ ਨੇ ਅਨਾਜ ਵੇਚਣਾ ਹੁੰਦਾ ਹੈ ਤੇ ਜਦ ਮਾਘ ਦਾ ਮਹੀਨਾ ਆਉਂਦਾ ਹੈ ਤਾਂ ਭਾ ਵਧ ਜਾਂਦੇ ਹਨ ਉਸ ਵੇਲੇ ਕਿਸਾਨ ਨੇ ਲੈ ਕੇ ਖਾਣਾ ਹੁੰਦਾ ਹੈ । ਫਿਰ ਇਹ ਵਾਧਾ ਦੋ ਰੁਪਏ ਜਾਂ ਚਾਰ ਰੁਪਏ ਮਣ ਦਾ ਨਹੀਂ ਹੁੰਦਾ ਸਿਧੀ ਹੀ ਦੁਗਨੀ ਕੀਮਤ ਹੋ ਜਾਂਦੀ ਹੈ ਕੀ ਹਾਲਤ ਹੈ ਅਸਾਡੀ ਕਿ ਅਧੀ ਕੀਮਤ ਤੇ ਵੇਚੀਏ ਤੇ ਦੁਗਣੀ ਕੀਮਤ ਤੇ ਲੈ ਕੇ ਖਾਈਏ । ਇਹ ਇਨਾਮ ਅਨਾਜ ਪੈਦਾ ਕਰਨ ਵਾਲੇ ਨੂੰ ਵਧ ਅਨਾਜ ਪੈਦਾ ਕਰਨ ਲਈ ਦਿਤਾ ਜਾਂਦਾ ਹੈ । ਸਾਨੂੰ ਤਾਂ ਇਨਾਮ ਦੇਣਾ ਚਾਹੀਦਾ ਹੈ ਤਾਂ ਜੋ ਉਸ ਨੂੰ ਲਾਲਚ ਹੋਵੇ ਕਿ ਮੈਂ ਅਨਾਜ ਵਧ ਪੈਦਾ ਕਰਾਂਗਾ ਤਾਂ ਜਿੰਨਾ ਵਧ ਪੈਦਾ ਕਰਾਂਗਾ ਉਨਾਂ ਮਾਣ ਅਤੇ ਸਤਿਕਾਰ ਮੇਰਾ ਵਧੇਗਾ । ਪਰ ਇਥੇ ਇਹ ਹਾਲਤ ਨਹੀਂ । ਅਸਾਡੇ ਸਵਰਗਵਾਸੀ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤ੍ਰੀ ਜੀ ਨੇ ਨਾਹਰਾ ਦਿਤਾ ਸੀ ਜੈ ਜਵਾਨ ਜੈ ਕਿਸਾਨ ਅਤੇ ਇਨ੍ਹਾਂ ਤੋਂ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਫਰਮਾਇਆ ਸੀ ਦੇਗ ਤੇਗ ਫਤਹ । ਦੇਗ ਦਾ ਭਾਵ ਸੀ ਜੈ ਕਿਸਾਨ, ਜਿਹੜਾ ਅਨਾਜ ਦਿੰਦਾ ਹੈ, ਜਿਹੜਾ ਭੰਡਾਰ ਭਰਦਾ ਹੈ । ਭੰਡਾਰ ਸਦਾ ਭਰੇ ਰਹਿਣ ਤੇ ਤੇਗ ਫਤਹ ਭਾਵ ਤੇਗ ਚਲਦੀ ਰਹੇ । ਇਹ ਦੋਵੇਂ ਚੀਜ਼ਾਂ ਹੀ ਦੇਸ਼ ਲਈ ਜ਼ਰੂਰੀ ਹੁੰਦੀਆਂ ਹਨ । ਦੇਸ਼ ਦੇ ਅਨਾਜ ਦਾ ਭੰਡਾਰ ਨਾ ਮੁਕੇ ਅਤੇ ਤੇਗ ਚਲਦੀ ਰਹੇ ਤਾਂ ਫਤਹ ਹੁੰਦੀ ਰਹੇ । ਇਸ ਲਈ ਜ਼ਰੂਰੀ ਹੈ ਕਿ ਕਿਸਾਨ ਜਿਹੜਾ ਅਨਾਜ ਪੈਦਾ ਕਰਦਾ ਹੈ ਉਸ ਦਾ ਪੂਰਾ ਸਤਿਕਾਰ ਕੀਤਾ ਜਾਵੇ ਅਤੇ ਇਹ ਤਾਂ ਹੀ ਹੋ ਸਕਦਾ ਹੈ ਜੇਕਰ ਉਸ ਨੂੰ ਅਨਾਜ ਦੀ ਉਪਜ ਦੀ ਵਧ ਕੀਮਤ ਮਿਲੇ । ਪਰ ਇਸ ਤਰ੍ਹਾਂ ਨਹੀਂ ਹੋ ਰਿਹਾ ਅਤੇ ਕਿਸਾਨ ਜਿਸ ਗੱਲ ਨੂੰ ਮਹਿਸੂਸ ਕਰਨ ਲਗ ਪਿਆ ਹੈ ਕਿ ਜੇਕਰ ਅਨਾਜ ਵਧ ਪੈਦਾ ਕਰਨ ਲਈ ਕੋਈ ਉਤਸਾਹ ਨਹੀਂ ਤਾਂ ਕਾਹਦੇ ਲਈ ਅਨਾਜ ਵਧ ਪੈਦਾ ਕੀਤਾ ਜਾਵੇ । ਇਸ ਦੀ ਥਾਂ ਤੇ ਬਾਕੀ ਦੀਆਂ ਚੀਜ਼ਾਂ ਨੂੰ ਪੈਦਾ ਕਰ ਦਿਤਾ ਜਾਵੇ ਅਤੇ ਇਸ ਪਾਸੇ ਉਸ ਨੂੰ ਧਿਆਨ ਦੇਣਾ ਪਏਗਾ । ਇਸ ਲਈ ਮੈਂ ਤਾਂ ਇਹੀ ਕਹਾਂਗਾ ਕਿ ਜੋਨਲ ਸਿਸਟਮ ਨੂੰ ਖਤਮ ਕਰ ਦੇਣਾ ਚਾਹੀਦਾ ਹੈ ਇਸ ਨਾਲ ਨਾ ਸਿਰਫ ਕੀਮਤਾਂ ਅਨਾਜ ਦੀਆਂ ਹਰ ਸੂਬੇ ਵਿਚ ਇਕ ਤਰ੍ਹਾਂ ਦੀਆਂ ਹੋ ਜਾਣਗੀਆਂ ਸਗੋਂ ਹਿੰਦੁਸਤਾਨ ਦੀ ਨੈਸ਼ਨਲ ਇਨਟੇਗਰੇਸ਼ਨ ਕਰਨ ਵਾਸਤੇ ਵੀ ਮਦਦ ਮਿਲੇਗੀ । ਅਤੇ ਸਾਡੇ ਸੂਬਿਆਂ ਵਿਚ ਅਨਾਜ ਦਾ ਭਾ ਵਖਰਾ ਵਖਰਾ ਨਹੀਂ ਹੋਵੇਗਾ । ਇਸ ਨਾਲ ਮਿਡਲ ਮੈਨ ਦਾ ਮੁਨਾਫਾ ਵੀ ਖਤਮ ਹੋ ਜਾਵੇਗਾ ਇਸ ਲਈ ਸਰਕਾਰ ਨੂੰ ਸਟੇਟ ਟ੍ਰੇਡਿੰਗ ਕਰਨੀ ਚਾਹੀਦੀ ਹੈ ( ਪ੍ਰਸੰਸਾ) ।

ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਸਰਕਾਰ ਨੇ ਅਨਾਜ ਵਧਾਣ ਦਾ ਯਤਨ ਕੀਤਾ ਹੈ ਪਰ ਵਰਤਮਾਨ ਸਾਲ ਵਿਚ ਪਾਣੀ ਘਟ ਸੀ । ਭਾਖੜਾ ਡੈਮ ਵਿਚ ਪਾਣੀ ਘਟ ਸੀ ਇਸ ਲਈ ਬਿਜਲੀ ਵੀ ਘਟ ਪੈਦਾ ਹੋਈ ਅਤੇ ਇਸ ਦਾ ਖੇਤਾਂ ਵਿਚ ਅਤੇ ਕਾਰਖਾਨਿਆਂ ਵਿਚ ਅਸਰ ਪਿਆ । ਇਸ ਪਖ ਵਿਚ ਪੰਜਾਬ ਸਰਕਾਰ ਨੇ ਇਸ ਘਾਟੇ ਤੇ ਕਾਬੂ ਪਾਣ ਦਾ ਯਤਨ ਕੀਤਾ। 1,100 ਦੇ ਕਰੀਬ ਟਯੂਬ-ਵੈਲ ਲਗਾਏ ਗਏ । ਕੋਸ਼ਿਸ਼ ਇਸ ਗਲ ਦੀ ਕੀਤੀ ਹੈ ਕਿ ਇਸ ਘਾਟੇ ਨੂੰ ਪੂਰਾ ਕੀਤਾ ਜਾਵੇ । ਲੇਕਿਨ ਫਿਰ ਵੀ ਇਸ ਗਲ ਦਾ ਉਪਾ ਕਰਨਾ ਚਾਹੀਦਾ ਹੈ ਕਿ ਪਾਣੀ ਜ਼ਿਆਦਾ ਦਿਤਾ ਜਾਵੇ । ਜਿਥੇ ਕਿ ਪਾਣੀ ਘਟ ਮਿਲਿਆ ਹੈ ਅਤੇ ਇਸ ਦੇ ਕਾਰਨ ਪੈਦਾਵਾਰ ਦਾ ਨੁਕਸਾਨ ਹੋਇਆ ਅਤੇ ਕਾਰਖਾਨਿਆਂ ਵਿਚ ਅਸਰ ਪਿਆ । ਇਸ ਲਈ ਸਰਕਾਰ ਨੂੰ ਪੂਰਾ ਪ੍ਰਬੰਧ ਕਰਨਾ ਚਾਹੀਦਾ ਹੈ । ਅਜ ਅਨਾਜ ਦੀ ਇਹ ਹਾਲਤ ਹੈ ਕਿ ਅਸੀਂ 8 ਫੀ ਸਦੀ ਘਾਟੇ ਵਿਚ ਹਾਂ

ਇਸ ਦੇ ਨਤੀਜੇ ਦੇ ਤੌਰ ਤੇ ਸਵਾ ਦੋ ਕਰੋੜ ਇਸਤ੍ਰੀ ਮਰਦ ਵਿਦੇਸ਼ ਤੋਂ ਮੰਗਵਾਈ ਖੁਰਾਕ ਖਾਂਦੇ ਹਨ । ਇਸ ਘਾਟੇ ਨੂੰ ਅਸੀਂ ਪੂਰਾ ਕਰਨਾ ਹੈ। ਇਹ ਗੱਲ ਕਿਸੇ ਸਰਕਾਰ ਲਈ ਸੋਭਦੀ ਨਹੀਂ ਕਿ ਬਾਹਰ ਤੋਂ ਅਨਾਜ ਮੰਗਾਇਆ ਜਾਵੇ । ਇਤਿਹਾਸ ਇਸ ਗਲ ਦਾ ਗਵਾਹ ਹੈ ਕਿ ਲੋੜ ਪੈਣ ਤੇ ਅਸਾਡੇ ਰਿਸ਼ੀਆਂ ਮੁਨੀਆਂ ਨੇ ਕੁਤਿਆਂ ਦਾ ਮਾਸ ਵੀ ਖਾਧਾ ਸੀ । ਸਾਨੂੰ ਇਸ ਪਖ ਵਿਚ ਗ਼ੌਰ ਕਰਨਾ ਚਾਹੀਦਾ ਹੈ (ਵਿਘਨ) ਮੈਂ ਅਪੋਜ਼ੀਸ਼ਨ ਤੇ ਬੈਠੇ ਸਜਨਾਂ ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਜਦੋਂ ਮੈਂ ਉਨ੍ਹਾਂ ਦੀ ਸੇਵਾ ਕਰਨ ਲਗਾ ਤਾਂ ਬੇਸ਼ਕ ਉਹ ਮੈਨੂੰ ਟੋਕਣ ਪਰ ਜਦ ਮੈਂ ਸਾਂਝੀਆਂ ਗਲਾਂ ਕਰ ਰਿਹਾ ਹਾਂ ਤਾਂ ਇਸ ਤਰ੍ਹਾਂ ਦਖਲ ਨਾ ਦੇਣ ਅਤੇ ਵਿਘਨ ਨਾ ਪਾਣ । ਮੈਂ ਇਹ ਅਰਜ਼ ਕਰ ਰਿਹਾ ਸਾਂ ਕਿ ਮਨੁਖ ਜਿਸ ਖੁਰਾਕ ਨੂੰ ਖਾ ਸਕਦਾ ਹੈ ਉਹ ਖੁਰਾਕ ਹੀ ਮਨੁੱਖ ਨੂੰ ਖਾ ਰਹੀ ਹੈ । ਜਿਹੜੇ ਸਜਨ ਮੀਟ ਨਹੀਂ ਖਾਂਦੇ ਉਹ ਬੇਸ਼ਕ ਨਾ ਖਾਣ ਮੈਂ ਇਸ ਗਲ ਤੇ ਜ਼ੋਰ ਦੇ ਰਿਹਾ ਮੈਂ ਇਹ ਅਰਜ਼ ਕਰਦਾ ਹਾਂ ਕਿ ਜਿਹੜੇ ਮੀਟ ਖਾਂਦੇ ਹਨ ਉਨ੍ਹਾਂ ਨੂੰ ਪੂਰਾ ਮੀਟ ਖਾਣਾ ਚਾਹੀਦਾ ਹੈ ਤਾਂ ਜੋ ਅਨਾਜ ਤੇ ਭਾਰ ਘਟੇ। ਜਿਹੜੇ ਜਾਨਵਰਾਂ ਨੂੰ ਮਨੁਖ ਦੀ ਖੁਰਾਕ ਲਈ ਮੀਟ ਦੇਣ ਲਈ ਵਰਤਿਆ ਜਾਂਦਾ ਹੈ ਉਹੀ ਮਨੁੱਖ ਦੀ ਖੁਰਾਕ ਨੂੰ, ਭਾਵ ਅਨਾਜ ਨੂੰ ਖਾ ਜਾਂਦੇ ਹਨ। ਅਵਾਰਾ ਪਸ਼ੂਆਂ ਦੀ ਕੀ ਹਾਲਤ ਹੈ ਕਿ ਡਾਰਾਂ ਦੀਆਂ ਡਾਰਾਂ ਖੇਤਾਂ ਵਿਚ ਅਨਾਜ ਨੂੰ ਖਾ ਜਾਂਦੀਆਂ ਹਨ ਅਤੇ ਫਸਲਾਂ ਦਾ ਬਹੁਤ ਨੁਕਸਾਨ ਕਰਦੇ ਹਨ । ਗਊ ਮਾਤਾ ਦੀ ਅਸੀਂ ਸਾਰੇ ਇਜ਼ਤ ਕਰਦੇ ਹਾਂ । ਅਸੀਂ ਕਿਉਂ ਇਸ ਦੀ ਸਹਾਇਤਾ ਕਰਦੇ ਹਾਂ ਇਸ ਦੇ ਪਿਛੇ ਇਕ ਪੁਰਾਣਾ ਇਤਿਹਾਸ ਹੈ। ਭਾਰਤ ਦੀ ਇਕ ਪੁਰਾਣੀ ਹਿਸਟਰੀ ਹੈ । ਪਰ ਜੇ ਅਸੀਂ ਆਪਣੇ ਦੇਸ਼ ਦਾ ਮੁਕਾਬਲਾ ਦੂਸਰੇ ਦੇਸ਼ਾਂ ਨਾਲ ਕਰੀਏ ਤਾਂ ਬੜੀ ਹੈਰਾਨੀ ਹੁੰਦੀ ਹੈ । ਬਾਹਰਲੇ ਮੁਲਕਾਂ ਵਿਚ ਗਊਆਂ ਦੀ ਬੜੀ ਸੇਵਾ ਕੀਤੀ ਜਾਂਦੀ ਹੈ, ਬੜੀ ਖੁਰਾਕ ਦਿੱਤੀ ਜਾਂਦੀ ਹੈ, ਭਾਵੇਂ ਉਹ ਗਊਆਂ ਨੂੰ ਖਾਂਦੇ ਵੀ ਹਨ । ਪਰ ਅਸੀਂ ਇਕ ਪਾਸੇ ਇਨ੍ਹਾਂ ਦੀ ਜਿਥੇ ਪੂਜਾ ਕਰਦੇ ਹਾਂ ਉਥੇ ਇਨ੍ਹਾਂ ਤੇ ਲਾਠੀਆਂ ਦੀ ਵਰਸ਼ਾ ਵੀ ਕਰਦੇ ਹਾਂ । ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਸਰਕਾਰ ਨੂੰ ਆਵਾਰਾ ਪਸ਼ੂਆਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ।

ਦੂਸਰੀ ਗੱਲ ਜਿਹੜੀ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਭਾਰਤ ਦੇ ਵਿਚ ਇਸ ਵੇਲੇ 6 ਕਰੋੜ ਚੂਹਿਆਂ ਦਾ ਅਨੁਮਾਨ ਹੈ । ਖੁਰਾਕ ਦੇ ਐਕਸਪਰਟਸ ਦਾ ਇਹ ਕਹਿਣਾ ਹੈ ਕਿ 4 ਚੂਹੇ ਇਕ ਆਦਮੀ ਦੀ ਖੁਰਾਕ ਖਾਂਦੇ ਹਨ, ਇਸ ਲਈ ਜੇ 6 ਕਰੋੜ ਚੂਹੇ ਮਾਰ ਦਿਤੇ ਜਾਣ ਤਾਂ ਮੁਲਕ ਦੇ ਡੇਢ ਕਰੋੜ ਲੋਕਾਂ ਦੀ ਖੁਰਾਕ ਬਚ ਸਕਦੀ ਹੈ । ਇਹ ਕੋਈ ਵੱਡੀ ਗੱਲ ਨਹੀਂ ਹੈ ਅਤੇ ਜੇ ਇਨ੍ਹਾਂ ਦੇ ਮਾਰਨ ਲਈ ਇਕ ਹਫਤਾ ਮੁਕਰਰ ਕਰ ਦਿੱਤਾ ਜਾਵੇ ਅਤੇ ਇਸ ਵਿਚ ਸਾਰੇ ਲੋਕ ਸਹਿਯੋਗ ਦੇਣ ਅਤੇ ਭਾਰਤ ਸਰਕਾਰ ਦੀ ਮਿਲਵਰਤਣ ਵੀ ਲੈ ਲਈ ਜਾਵੇ ਤਾਂ ਸਹਿਜੇ ਹੀ 6 ਕਰੋੜ ਚੂਹੇ ਮਾਰੇ ਜਾ ਸਕਦੇ ਹਨ ।

ਇਸ ਤੋਂ ਵਖ ਮੈਂ ਇਹ ਵੀ ਅਰਜ਼ ਕਰਾਂਗਾ ਕਿ ਸਰਕਾਰ ਤਾਰੀਫ ਦੀ ਮੁਸਤ਼ਹਿਕ ਹੈ ਕਿ ਜਿਤਨੀਆਂ ਵੀ ਯੋਜਨਾਵਾਂ 1966-67 ਲਈ ਬਣਾਈਆਂ ਜਾਣੀਆਂ ਹਨ ਉਨ੍ਹਾਂ ਲਈ ਰੱਖੀ ਗਈ ਰਕਮ ਵਿਚੋਂ ਕੋਈ 70 ਫੀ ਸਦੀ ਐਸੀ ਰਕਮ ਹੈ ਜਿਹੜੀ ਕਿ ਜ਼ਰਾਇਤੀ ਉੱਨਤੀ ਲਈ ਖਰਚ ਕੀਤੀ ਜਾਣੀ ਹੈ । ਇਸ ਤਰੀਕੇ ਨਾਲ ਪੰਜਾਬ ਦੀ ਜ਼ਰਾਇਤ ਦੇ ਵਿਚ ਬੜੀ ਭਾਰੀ ਉੱਨਤੀ ਹੋ ਸਕਦੀ ਹੈ । ਇਸ ਬਾਰੇ ਮੈਂ ਇਕ ਬੇਨਤੀ ਸਰਕਾਰ ਦੀ ਸੇਵਾ ਦੇ ਵਿਚ ਇਹੋ ਕਰਾਂਗਾ ਕਿ ਇਸ ਵਿਚੋਂ ਜੋ ਕੁਝ ਵੀ ਖਰਚ ਕੀਤਾ ਜਾਵੇ ਉਹ ਮੁਸਤਹਿਕ ਲੋਕਾਂ ਤੇ ਹੀ ਖਰਚ ਕੀਤਾ ਜਾਵੇ । ਤਕਾਵੀਆਂ ਜਾਂ ਕਰਜ਼ੇ ਜਿਹੜੇ ਦਿਤੇ ਜਾਣ ਉਹ ਮੁਸਤਹਿਕ ਲੋਕਾਂ ਨੂੰ ਦਿਤੇ ਜਾਣ । ਪਰ ਵੇਖਿਆ ਇਹ ਜਾਂਦਾ ਰਿਹਾ ਹੈ ਕਿ ਜੇ ਕੋਈ ਕਰਜ਼ੇ ਆਦਿ ਦਿੱਤੇ ਵੀ ਜਾਂਦੇ ਹਨ ਉਹ ਮਹਿਜ਼ ਅਸਰ ਰਸੂਖ ਵਾਲੇ ਲੋਕਾਂ ਨੂੰ ਹੀ ਦਿੱਤੇ ਜਾਂਦੇ ਹਨ । ਬਾਰਸੂਖ ਆਦਮੀ ਭਾਵੇਂ ਉਨ੍ਹਾਂ ਨੂੰ ਕਰਜ਼ੇ ਦੀ ਕੋਈ ਲੋੜ ਨਾ

[ਗਿਆਨੀ ਜ਼ੈਲ ਸਿੰਘ]

ਵੀ ਹੋਵੇ ਅਕਸਰ ਸਰਕਾਰੀ ਕਰਜ਼ ਲੈਕੇ ਆਪਣਾ ਕੰਮ ਚਲਾਉਂਦੇ ਹਨ । ਜਿਸ ਜ਼ਿਮੀਂਦਾਰ ਕੋਲ ਆਪਣੀ ਜ਼ਮੀਨ ਹੋਵੇ ਉਹ ਤਾਂ ਉਸ ਜ਼ਮੀਨ ਦੀ ਪੈਦਾਵਾਰ ਤੋਂ ਹੀ ਟਰੈਕਟਰ ਲੈ ਸਕਦਾ ਹੈ, ਉਸ ਨੂੰ ਕਿਸੇ ਵੀ ਕਰਜ਼ੇ ਦੀ ਜ਼ਰੂਰਤ ਨਹੀਂ ਹੈ । ਤੁਸੀਂ ਕਰਜ਼ਾ ਉਸ ਨੂੰ ਦਿਉ ਜਿਸ ਦੇ ਪਾਸ ਆਪਣੇ ਬੈਲ ਨਹੀਂ ਹਨ, ਬੀਜ ਉਸ ਨੂੰ ਦਿਉ ਜਿਸ ਨੂੰ ਲੋੜ ਹੈ । ਪਰ ਐਸਾ ਕੀਤਾ ਨਹੀਂ ਜਾਂਦਾ । ਇਸ ਦਾ ਫਾਇਦਾ ਚੰਦ ਇਕ ਚਿਟਕਪੜੀਏ ਜਿਹੜੇ ਕਿ ਅਸਰ ਰਸੂਖ ਰਖਣ ਵਾਲੇ ਬੰਦੇ ਹੁੰਦੇ ਹਨ ਉਹ ਹੀ ਉਠਾਉਂਦੇ ਹਨ।

**ਸਰਦਾਰ ਲਛਮਣ ਸਿੰਘ ਗਿਲ:** ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ । ਮੈਂ ਇਨ੍ਹਾਂ ਦਾ ਬੜਾ ਹੀ ਮਸ਼ਕੂਰ ਹੋਵਾਂਗਾ ਜੇਕਰ ਮੈਨੂੰ ਇਹ ਦਸ ਦਿੱਤਾ ਜਾਵੇ ਕਿ ਕੀ ਚਿਟਕਪੜੀਏ ਤੋਂ ਇਨ੍ਹਾਂ ਦੀ ਮੁਰਾਦ ਕਾਂਗਰਸੀ ਖ਼ੱਦਰ ਪੋਸ਼ਾਂ ਤੋਂ ਤਾਂ ਕਿਤੇ ਨਹੀਂ ਹੈ ?

**ਗਿਆਨੀ ਜ਼ੈਲ ਸਿੰਘ :** ਇਨ੍ਹਾਂ ਚਿਟਕਪੜੀਆਂ ਦੇ ਵਿਚ ਅਕਾਲੀ ਸਿੰਘ ਵੀ ਹਨ ਔਰ ਉਹ ਸਭ ਤੋਂ ਮੂਹਰੇ ਹਨ । (ਇੰਟਰਪਸ਼ਨ) ਮੈਂ ਅਰਜ਼ ਕਰ ਰਿਹਾ ਸੀ ਕਿ ਬੀਜ ਦੀ ਜਿਹੜੀ ਡਿਸਟਰੀਬੀਊਸ਼ਨ ਕੀਤੀ ਜਾਂਦੀ ਹੈ ਉਹ ਵੀ ਉਨ੍ਹਾਂ ਨੂੰ ਜਿਨ੍ਹਾਂ ਨੂੰ ਜ਼ਰੂਰਤ ਨਹੀਂ ਹੁੰਦੀ । ਡਿਸਟਰੀ-ਬਿਊਸ਼ਨ ਦਾ ਢੰਗ ਜਿਹੜਾ ਹੈ ਇਹ ਵੀ ਕੋਈ ਸੌਖਾ ਨਹੀਂ ਹੈ । ਕਈ ਥਾਂ ਤੇ ਜਾਕੇ ਉਨ੍ਹਾਂ ਨੂੰ ਜ਼ਮਾਨਤ ਦੇਣੀ ਪੈਂਦੀ ਹੈ ਤਾਂ ਕਿਤੇ ਬੀਜ ਮਿਲਦਾ ਹੈ । ਸਰਕਾਰ ਨੂੰ ਸੌਖੇ ਤੋਂ ਸੌਖੇ ਤਰੀਕੇ ਅਪਨਾ ਕੇ ਕਿਸਾਨ ਦੇ ਘਰ ਬੀਜ ਸਪਲਾਈ ਕਰਨਾ ਚਾਹੀਦਾ ਹੈ । ਉਸ ਨੂੰ ਵਾਪਸ ਕਰਨ ਲਈ ਵੀ ਸਰਕਾਰ ਨੂੰ ਐਸੇ ਤਰੀਕੇ ਅਪਨਾਉਣੇ ਚਾਹੀਦੇ ਹਨ ਕਿ ਜਿਨ੍ਹਾਂ ਰਾਹੀਂ ਉਹ ਆਸਾਨੀ ਦੇ ਨਾਲ ਵਾਪਸ ਕਰ ਸਕੇ । ਕਰਜ਼ੇ ਇਤ ਸਰ੍ਹਾਂ ਦਿਤੇ ਜਾਂਦੇ ਹਨ ਕਿ 5 ਏਕੜ ਦੇ ਮਾਲਕ ਨੂੰ 10 ਹਜ਼ਾਰ ਟਰੈਕਟਰ ਦੇ ਲਈ ਦੇ ਦਿੱਤਾ ਜਾਂਦਾ ਹੈ । ਉਹ ਇਹ ਕਰਜ਼ ਕਿਸ ਤਰ੍ਹਾਂ ਵਾਪਸ ਕਰ ਸਕਦਾ ਹੈ। ਇਸ ਲਈ ਸਰਕਾਰ ਨੂੰ ਕਰਜ਼ਾ ਉਤਨਾ ਹੀ ਦੇਣਾ ਚਾਹੀਦਾ ਹੈ ਜਿਤਨੇ ਕੁ ਦਾ ਉਹ ਹੱਕਦਾਰ ਹੋਵੇ ਅਤੇ ਆਸਾਨੀ ਨਾਲ ਵਾਪਸ ਵੀ ਕਰ ਸਕਦਾ ਹੋਵੇ ।

ਕਮਿਊਨਟੀ ਡੀਵੈਲਪਮੈਂਟ ਦਾ ਜਿਹੜਾ ਮਹਿਕਮਾ ਹੈ ਇਸ ਦੇ ਅਮਲੇ ਤੇ ਜਿਸ ਵਿਚ ਕਿ ਗਰਾਮ ਸੇਵਕ ਅਤੇ ਬੀ. ਡੀ. ਓ. ਵੀ ਸ਼ਾਮਲ ਹਨ 40 ਫੀ ਸਦੀ ਦੇ ਕਰੀਬ ਖਰਚ ਕੀਤਾ ਜਾਂਦਾ ਹੈ । ਮੈਂ ਸਮਝਦਾ ਹਾਂ ਇਹ ਸਾਰੇ ਦਾ ਸਾਰਾ ਮਹਿਕਮਾ ਖਤਮ ਕਰਕੇ ਇਹ ਪੈਸਾ ਕਿਸੇ ਹੋਰ ਕੰਮ ਤੇ ਲਾਉਣਾ ਚਾਹੀਦਾ ਹੈ । ਇਸ ਮਹਿਕਮੇ ਦੇ ਬੰਦੇ ਘਰ ਬੈਠੇ ਹੀ ਅੰਦਾਜ਼ੇ ਦੇ ਅਧਾਰ ਤੇ ਅਪਣੇ ਕੰਮ ਦੇ ਨਕਸ਼ੇ ਬਣਾ ਬਣਾ ਭੇਜੀ ਜਾਂਦੇ ਹਨ । ਡੀਵੈਲਪਮੈਂਟ ਦੇ ਪਾਸੇ ਕੋਈ ਧਿਆਨ ਤੱਕ ਨਹੀਂ ਦਿੰਦਾ । ਇਹ ਪੈਸਾ ਜੇ ਸਹੀ ਤਰੀਕੇ ਨਾਲ ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਨੂੰ ਦਿੱਤਾ ਜਾਵੇ ਤਾਂ ਉਨ੍ਹਾਂ ਦੀ ਕਾਫੀ ਤਰੱਕੀ ਹੋ ਸਕਦੀ ਹੈ । ਮਿਸਾਲ ਦੇ ਤੌਰ ਤੇ ਮੈਂ ਏਥੇ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਕਈ ਥਾਈਂ ਇਨ੍ਹਾਂ ਨੇ ਡਿਵੀਜ਼ਨ ਬਣਾਏ ਹੋਏ ਹਨ, ਇਕ ਡਿਵੀਜ਼ਨ ਦੇ ਵਿਚ ਇਕ ਐਗਜ਼ੈਕਟਿਵ ਇੰਜੀਨੀਅਰ ਹੁੰਦਾ ਹੈ, 2 ਐਸ. ਡੀ. ਓਜ਼. ਅਤੇ 4 ਓਵਰਸੀਅਰਜ਼, ਇਸ ਤੋਂ ਇਲਾਵ ਹੋਰ ਵੀ ਸਟਾਫ ਹੁੰਦਾ ਹੈ । ਵੇਖਣ ਵਿਚ ਇਹ ਆਇਆ ਹੈ ਕਿ ਜੇ ਕਿਸੇ ਜਗ੍ਹਾਂ ਉਨ੍ਹਾਂ ਨੇ 40 ਮੀਲ ਲੰਮੀ ਸੜਕ ਬਣਾਈ ਵੀ ਹੈ ਤਾਂ ਉਤਨੇ ਹੀ ਬੰਦਿਆਂ ਨੇ ਉਤਨੇ ਹੀ ਪੈਸੇ ਖਰਚ ਕਰਕੇ ਕਿਤੇ 10 ਮੀਲ ਲੰਬੀ ਸੜਕ ਬਣਾਈ ਹੁੰਦੀ ਹੈ । ਇਸ ਤਰ੍ਹਾਂ ਦੀਆਂ ਹਜ਼ਾਰਾਂ ਮਿਸਾਲਾਂ ਹਨ ਜਿਨ੍ਹਾਂ ਰਾਹੀਂ ਅਸੀਂ ਆਪਣੇ ਖਰਚੇ ਘਟਾ ਸਕਦੇ ਹਾਂ । ਕਈ ਥਾਈਂ ਇਤਨਾ ਖਰਚ ਕਰ ਦਿੱਤਾ ਜਾਂਦਾ ਹੈ ਕਿ ਜਿਸ ਦਾ ਲਾਭ ਕੋਈ ਨਹੀਂ ਹੁੰਦਾ । ਸਰਕਾਰ ਨੇ ਹੋਰ ਸਾਰੇ ਕੰਮਾਂ ਵਾਸਤੇ ਪਾਵਰ ਨੂੰ ਬੰਦ ਕਰਕੇ ਮਹਿਜ਼ ਕਿਸਾਨ ਨੂੰ ਟਿਊਬਵੈਲਜ਼ ਚਲਾਉਣ ਲਈ ਬਿਜਲੀ ਦੇਕੇ ਕਿਸਾਨ ਦੀ ਬੜੀ ਇਮਦਾਦ

ਕੀਤੀ ਹੈ । ਇਹ ਸਰਕਾਰ ਨੇ ਇਕ ਬਹੁਤ ਹੀ ਕਾਬਲੇ ਤਾਰੀਫ ਗੱਲ ਕੀਤੀ ਹੈ । ਇਸ ਨਾਲ ਸਰਕਾਰ ਨੂੰ ਇਹ ਖਿਆਲ ਵੀ ਰਖਣਾ ਚਾਹੀਦਾ ਹੈ ਕਿ ਜਿਸ ਕਿਸੇ ਨੇ ਜ਼ਰਾਇਤੀ ਉਪਜ ਵਿਚ ਵਾਧਾ ਕਰਨ ਲਈ ਕਿਸੇ ਗੱਲ ਵਿਚ ਇਨੀਸ਼ੀਏਟਿਵ ਲਿਆ ਹੋਵੇ ਤਾਂ ਸਰਕਾਰ ਨੂੰ ਉਸ ਦੀ ਪੂਰੀ ਪੂਰੀ ਇਮਦਾਦ ਕਰਨੀ ਚਾਹੀਦੀ ਹੈ । ਮਿਸਾਲ ਦੇ ਤੌਰ ਤੇ ਪਿਛੇ ਜਿਹੇ ਕਣਕ ਕਢਣ ਦੀ ਇਕ ਮਸ਼ੀਨ ਤਿਆਰ ਕੀਤੀ ਗਈ ਹੈ ਜਿਸ ਦੇ ਨਾਲ ਕਿਸਾਨ ਨੂੰ ਬੜਾ ਫਾਇਦਾ ਹੋ ਗਿਆ ਹੈ । ਅਗੇ ਕਣਕ ਕਢਦਿਆਂ ਬੜਾ ਵਕਤ ਜ਼ਾਇਆ ਹੁੰਦਾ ਸੀ ਅਤੇ ਬੜੀ ਲੇਬਰ ਜ਼ਾਇਆ ਹੁੰਦੀ ਸੀ, ਇਸ ਮਸ਼ੀਨ ਨੇ ਕਿਸਾਨ ਦੀ ਜ਼ਿੰਦਗੀ ਦੇ ਵਿਚ ਬੜਾ ਭਾਰੀ ਇਨਕਲਾਬ ਲਿਆ ਦਿੱਤਾ ਹੈ । ਇਸ ਲਈ ਜਿਸ ਆਦਮੀ ਨੇ ਇਹ ਕਾਢ ਕਢੀ ਹੈ ਸਰਕਾਰ ਦਾ ਵੀ ਫਰਜ਼ ਹੈ ਕਿ ਉਸ ਦੀ ਵੀ ਹੌਂਸਲਾ ਅਫਜ਼ਾਈ ਕੀਤੀ ਜਾਵੇ, ਖਾਸ ਤੌਰ ਤੇ ਉਸ ਹਾਲਤ ਵਿਚ ਜਦੋਂ ਕਿ ਇਸ ਮਸ਼ੀਨ ਦੇ ਬਣਾਉਣ ਵਾਲਾ ਇਕ ਪੰਜਾਬੀ ਹੋਵੇ (ਇੰਟਰਪਸ਼ਨ) । ਮੈਂ ਅਰਜ਼ ਕਰਾਂ ਕਿ ਤੁਸੀਂ ਬੈਠੇ ਬੈਠੇ ਨਾ ਬੋਲੋ । ਮੈਨੂੰ ਆਪਣੇ ਖਿਆਲਾਤ ਦੇ ਇਜ਼ਹਾਰ ਦਾ ਮੌਕਾ ਦੇਓ ।

ਪੰਜਾਬ ਸਰਕਾਰ ਇਸ ਗੱਲ ਲਈ ਵੀ ਵਧਾਈ ਦੀ ਮੁਸਤਹਿਕ ਹੈ ਕਿ ਉਨ੍ਹਾਂ ਨੇ ਆਪਣਾ ਅਨਾਜ ਘਾਟੇ ਵਾਲੇ ਸੂਬਿਆਂ ਨੂੰ ਭੇਜਣ ਦਾ ਫੈਸਲਾ ਕੀਤਾ ਹੈ । ਇਨ੍ਹਾਂ ਨੇ 1.60 ਲੱਖ ਟਨ ਕਣਕ, 1.60 ਲੱਖ ਟਨ ਚਾਵਲ ਅਤੇ 2.50 ਲੱਖ ਟਨ ਛੋਲੇ । ਇਸ ਤੋਂ ਵਖ 35 ਹਜ਼ਾਰ ਟਨ ਮੱਕੀ ਅਤੇ 25 ਹਜ਼ਾਰ ਟਨ ਬਾਜਰਾ ਦੇਣ ਦਾ ਵੀ ਫੈਸਲਾ ਕੀਤਾ ਹੈ । (ਵਿਘਨ) ਇਹ ਖੋਹ ਕੇ ਨਹੀਂ ਦਿੱਤਾ । ਇਹ ਸਾਡਾ ਫਰਜ਼ ਹੈ । ਸਾਡੇ ਦੇਸ਼ ਦੇ ਕਿਸੇ ਥਾਂ ਕਿਨਾਰੇ ਵਿਚ ਜਿਹੜਾ ਆਦਮੀ ਵਸਦਾ ਹੈ ਉਹ ਭਾਰਤ ਮਾਤਾ ਦਾ ਲਾਲ ਹੈ ਤੇ ਭਾਰਤ ਮਾਤਾ ਦਾ ਲਾਲ ਜਾਂ ਜਿਹੜਾ ਹਿੱਸਾ ਭਾਰਤ ਮਾਤਾ ਦੀ ਗੋਦ ਵਿਚ ਵਸਦਾ ਹੈ, ਭੁਖਾ ਨਹੀਂ ਰਹਿਣਾ ਚਾਹੀਦਾ । ਇਹ ਪੰਜਾਬ ਸਰਕਾਰ ਦਾ ਸ਼ਲਾਘਾ-ਯੋਗ ਕਦਮ ਹੈ । ਮੈਂ ਇਸ ਦੀ ਬੜੀ ਤਾਰੀਫ ਕਰਦਾ ਹਾਂ । ਗਵਰਨਰ ਸਾਹਿਬ ਨੇ ਬਜਾ ਤੌਰ ਤੇ ਇਸ ਐਡਰੈਸ ਵਿਚ ਆਪਣੇ ਖਿਆਲ ਦਿਤੇ ਹਨ । ਇਹ ਸ਼ਲਾਘਾ ਯੋਗ ਹਨ ।

ਮੈਂ ਸਰਕਾਰ ਦੀ ਸੇਵਾ ਵਿਚ ਇਕ ਬੇਨਤੀ ਹੋਰ ਕਰਾਂਗਾ । ਸਰਕਾਰ ਨੇ ਸਾਰੀਆਂ ਸਮਸਿਆਵਾਂ ਨੂੰ ਹਲ ਕਰਨ ਲਈ ਪੂਰਾ ਧਿਆਨ ਦਿੱਤਾ ਹੈ । ਲੇਕਿਨ ਇਸ ਦੇ ਨਾਲ ੨ ਧਿਆਨ ਦੇਣ ਲਈ ਸਰਕਾਰ ਕੋਲ ਕੁਝ ਟਾਈਮ ਨਹੀਂ ਹੁੰਦਾ । ਇਨ੍ਹਾਂ ਨੇ ਕਮੇਟੀਆਂ ਮੁਕਰਰ ਕੀਤੀਆਂ ਹਨ । ਕਮੇਟੀ ਮੁਕਰਰ ਕਰਨਾ ਚੰਗਾ ਕੰਮ ਹੈ । ਪਰ ਇਸ ਗਲ ਦਾ ਅਫਸੋਸ ਹੈ ਕਿ ਜਿਸ ਕੰਮ ਲਈ ਕਮੇਟੀ ਬਣਾਈ ਜਾਏ ਉਹ ਕੰਮ ਕਈ ਵਾਰੀ ਖੱਟੇ ਵਿਚ ਪੈ ਜਾਂਦਾ ਹੈ । ਅਜ ਲੋਕਾਂ ਵਿਚ ਇਹ ਸੁਭਾ ਹੀ ਬਣ ਗਿਆ ਹੈ ਕਿ ਕਮੇਟੀ ਬਣਨ ਨਾਲ ਕੰਮ ਨੂੰ ਬਰੇਕ ਲਗ ਜਾਂਦੇ ਹਨ । ਐਡਮਨਿਸਟਰੇਸ਼ਨ ਦੇ ਸੁਧਾਰ ਵਾਸਤੇ ਸਰਕਾਰ ਨੇ ਕਮਿਸ਼ਨ ਮੁਕਰਰ ਕੀਤਾ ਹੈ ਅਤੇ ਉਹ ਪੂਰਾ ਗ਼ੌਰ ਕਰ ਰਿਹਾ ਹੈ ਜਲਦੀ ਹੀ ਉਸ ਦੀ ਰਿਪੋਰਟ ਆਉਣ ਵਾਲੀ ਹੈ । ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਕਿਹਾ ਹੈ ਕਿ ਇਕ ਪ੍ਰਬੰਧ ਸੁਧਾਰ ਕਮੇਟੀ ਸਾਰੇ ਇਨਸਪੈਕਟਰੀ ਅਮਲੇ ਦੇ ਕੰਮ ਸਬੰਧੀ ਜਾਂਚ ਕਰਕੇ ਰਪੋਟ ਕਰਨ ਲਈ ਕਾਇਮ ਕੀਤੀ ਗਈ ਹੈ । ਜਿਹੜਾ ਇਨਸਪੈਕਟਰਾਂ ਦੇ ਕੰਮ ਤੇ ਗ਼ੌਰ ਕਰਨ ਦਾ ਸਰਕਾਰ ਨੇ ਕੰਮ ਕੀਤਾ ਹੈ ਇਹ ਬੜਾ ਸੁਧਾਰ ਦਾ ਕੰਮ ਹੈ । ਜਿਹੜਾ ਇਨਸਪੈਕਟਰਾਂ ਨੇ ਲੋਕਾਂ ਨੂੰ ਪਰੇਸ਼ਾਨ ਕੀਤਾ ਹੈ ਉਸ ਦਾ ਕੋਈ ਹਿਸਾਬ ਕਿਤਾਬ ਨਹੀਂ । ਮੈਂ ਇਸ ਸਿਲਸਿਲੇ ਵਿਚ ਸਰਦਾਰ ਗੁਰਮੀਤ ਸਿੰਘ ਹੋਰਾਂ ਤੋਂ ਪੁਛਣ ਲਗਾ ਸੀ ਕਿ ਕਿੰਨੇ ਕਿਸਮ ਦੇ ਇਨਸਪੈਕਟਰ ਹਨ । ਤਕਰੀਬਨ ਇਕ ਦਰਜਨ ਦੇ ਕਰੀਬ ਇਨਸਪੈਕਟਰ ਹਨ । (ਇਕ ਮਾਨਯੋਗ ਮੈਂਬਰ: 14 ਤਰ੍ਹਾਂ ਦੇ ਇਨਸਪੈਕਟਰ ਹਨ) ਇਹ 14 ਤਰ੍ਹਾਂ ਦੇ ਇਨਸਪੈਕਟਰ ਹਨ । (ਵਿਘਨ) ਮੈਂ ਉਸ ਵੇਲੇ ਵੀ ਏਸੇ ਖਿਆਲ ਦਾ ਸੀ ਤੇ ਹੁਣ ਵੀ ਏਸੇ ਖਿਆਲ ਦਾ ਹਾਂ । ਜੇ ਮੈਂ ਮਨਿਸਟਰ ਨਹੀਂ ਤਾਂ ਸਰਕਾਰ ਦਾ ਸਮਰਥਕ ਹਾਂ । (ਸਰਦਾਰ ਲਛਮਣ ਸਿੰਘ ਗਿਲ ਵਲੋਂ ਵਿਘਨ) ਇਸ ਗਲ ਦੇ ਭੁਲੇਖੇ ਵਿਚ ਨਾ ਰਿਹੋ । ਵਜ਼ੀਰੀ

[ਗਿਆਨੀ ਜ਼ੈਲ ਸਿੰਘ]

ਭੁਲਣ ਵਾਲੀ ਗਲ ਹੈ, ਕਈ ਵਾਰੀ ਆਈ ਹੈ ਤੇ ਕਈ ਵਾਰੀ ਗਈ ਹੈ। ਤੁਹਾਡੇ ਹੌਕੇ ਪੂਰੇ ਨਹੀਂ ਹੋਣੇ (ਸਰਦਾਰ ਲਛਮਣ ਸਿੰਘ: ਐਸਾ ਸਮਾਂ ਆਉਣਾ ਹੈ।) ਸਮਾਂ ਆ ਜਾਣਾ ਹੈ ਪਰ ਤੁਸਾਂ ਨਹੀਂ ਆਉਣਾ। ਇਹ ਜਿਹੜੇ 14 ਕਿਸਮ ਦੇ ਇਨਸਪੈਕਟਰ ਹਨ ਇਨ੍ਹਾਂ ਦੀ ਪੜਤਾਲ ਕਰੋ। (ਇਸ ਸਮੇਂ ਡਿਪਟੀ ਸਪੀਕਰ ਨੇ ਕੁਰਸੀ ਸੰਭਾਲੀ) ਇਨ੍ਹਾਂ ਦੀ ਤਨਖਾਹ ਵੇਖੋ, ਇਨ੍ਹਾਂ ਦੇ ਕਪੜੇ ਵੇਖੋ, ਇਨ੍ਹਾਂ ਦੇ ਸਜੇ ਹੋਏ ਘਰ ਦੇਖੋ, ਇਨ੍ਹਾਂ ਦਾ ਫਰਨੀਚਰ ਦੇਖੋ ਅਤੇ ਲੋਕਾਂ ਦੀ ਹਾਲਤ ਦੇਖੋ। ਇਕ ਇਨਸਪੈਕਟਰ ਜਾਂਦਾ ਹੈ ਤੇ ਕਹਿਦਾ ਹੈ ਕਿ ਮੈਂ ਵੱਟੇ ਤੋਲਣੇ ਹਨ। ਦੂਜਾ ਕਹਿੰਦਾ ਹੈ (ਵਿਘਨ)।

**श्री जगन्नाथ** : आन ए प्वायंट आफ आर्डर, मेडम मैं पूछना चाहता हूं कि इनको बोलते पौना घंटा हो गया है तो हम कब बोलेंगे।

**ਡਿਪਟੀ ਸਪੀਕਰ** : ਗਿਆਨੀ ਜੀ, ਵਾਈਂਡ ਅਪ ਕਰ ਦਿਓ, ਤੁਹਾਨੂੰ ਇਨ੍ਹਾਂ ਨੇ ਯਾਦ ਕਰਵਾ ਦਿਤਾ ਹੈ। (Giani Ji may please wind up, He has reminded the hon, Member about it.)

**ਗਿਆਨੀ ਜ਼ੈਲ ਸਿੰਘ** : ਮੈਂ ਬੇਨਤੀ ਕਰ ਰਿਹਾ ਸੀ ਕਿ ਇਹ ਸਰਕਾਰ ਦਾ ਸ਼ਲਾਘਾਯੋਗ ਕਦਮ ਹੈ। ਇਹ ਜਲਦੀ ਕਰਕੇ ਇਨ੍ਹਾਂ ਇਨਸਪੈਕਟਰਾਂ ਤੋਂ ਲੋਕਾਂ ਨੂੰ ਬਚਾਏ। ਮੈਂ ਇਹ ਗਲ ਕਹਿ ਦੇਵਾਂ ਕਿ ਸਾਡੇ ਐਸੇ ਕਾਇਦੇ ਕਾਨੂੰਨ ਨੇ ਜਿਨ੍ਹਾਂ ਨੇ ਵਪਾਰੀਆਂ ਨੂੰ ਮਜਬੂਰ ਕਰ ਦਿਤਾ ਹੈ ਕਿ ਉਹ ਬਲੈਕ ਕਰਨ। ਬਲੈਕ ਕਰਨ ਤੋਂ ਬਗ਼ੈਰ ਉਨ੍ਹਾਂ ਨੂੰ ਨਫਾ ਨਹੀਂ ਰਹਿ ਸਕਦਾ। ਇਸ ਕਰਕੇ ਮਜਬੂਰ ਹੋ ਕੇ ਵਪਾਰੀ ਨੂੰ ਬਲੈਕ ਕਰਨੀ ਪੈਂਦੀ ਹੈ। ਜਿਥੇ ਜਿਥੇ ਰੁਕਾਵਟਾਂ ਦੂਰ ਕੀਤੀਆਂ ਜਾ ਸਕਦੀਆਂ ਹਨ ਉਹ ਦੂਰ ਕਰਨੀਆਂ ਚਾਹੀਦੀਆਂ ਹਨ। ਇਸ ਦੇ ਨਾਲ ਹੀ ਮੇਰੀ ਪਰਾਰਥਨਾ ਹੈ ਕਿ ਸਰਕਾਰ ਨੇ ਬਹੁਤੀਆਂ ਕਮੇਟੀਆਂ ਬਣਾਈਆਂ ਹਨ। ਇਹ ਕਮੇਟੀਆਂ ਘਟਾਉਣ ਦੀ ਕੋਸ਼ਿਸ਼ ਕਰੇ। ਅਜ ਕਲ ਲੋਕ ਕਹਿੰਦੇ ਹਨ ਕਿ ਕੰਮ ਕੀ ਹੁੰਦਾ ਹੈ—ਮੀਟਿੰਗ, ਈਟਿੰਗ, ਚੀਟਿੰਗ। ਮੀਟਿੰਗ ਈਟਿੰਗ, ਚੀਟਿੰਗ ਦੀ ਗਲ ਜਿਹੜੀ ਉਨ੍ਹਾਂ ਦੀ ਹੈ ਇਹ ਮੁਕਣੀ ਚਾਹੀਦੀ ਹੈ। ਬਹੁਤੀਆਂ ਮੀਟਿੰਗ, ਕਰਕੇ ਕੋਈ ਫੈਸਲੇ ਨਹੀਂ ਹੋ ਸਕਦੇ। ਮੈਂ ਗਵਰਨਰ ਸਾਹਿਬ ਦੇ ਇਹ ਐਡਰੈਸ ਵਿਚ ਇਕ ਇਸ਼ਾਰਾ ਪੜ੍ਹਿਆ ਹੈ। ਸਰਕਾਰ ਨੇ ਵਿਜੀਲੈਂਸ ਕਮਿਸ਼ਨ–ਇਕ ਚੌਕਸੀ ਕਮਿਸ਼ਨ ਮੁਕਰਰ ਕੀਤਾ ਹੈ। ਖੈਰ ਇਹ ਤਾਂ ਇਕ ਹੀ ਸੀ ਅਤੇ ਇਸ ਦਾ ਕੰਮ ਚੰਗਾ ਰਿਹਾ ਹੈ। ਹੁਣ ਉਨ੍ਹਾਂ ਦੇ ਅਧੀਨ ਚੌਕਸੀ ਸੈੱਲ ਕਾਇਮ ਕਰਨੇ ਹਨ। ਗਲ ਤਾਂ ਬੜੀ ਚੰਗੀ ਹੈ ਲੇਕਿਨ ਮੈਂ ਬੇਨਤੀ ਕਰਦਾ ਹਾਂ ਕਿ ਮੇਰੀ ਸਮਝ ਵਿਚ ਨਹੀਂ ਆਇਆ ਕਿ ਚੌਕਸੀ ਕਮਿਸ਼ਨ ਕਿਉਂ ਮੁਕਰਰ ਕੀਤੇ ਜਾਣ। ਵਿਜੀਲੈਂਸ ਕਰਨ ਵਾਸਤੇ ਕੋਈ ਹੋਰ ਹੋਵੇ ਤਾਂ ਇਸ ਦਾ ਮਤਲਬ ਹੈ ਕਿ ਸਰਕਾਰ ਸੁਤੀ ਪਈ ਹੈ ਜਾਂ ਲੋਕ ਸਤੇ ਹੋਏ ਨੇ। ਵਿਜੀਲੈਂਸ ਤਾਂ ਸਰਕਾਰ ਨੂੰ ਖੁਦ ਲਗਾਉਣੀ ਚਾਹੀਦੀ ਹੈ। ਲੋਕਾਂ ਦੀ ਸਰਕਾਰ ਖੁਦ ਵਿਜੀਲੈਂਟ ਹੁੰਦੀ ਹੈ। ਚੌਕਸੀ ਕਮਿਸ਼ਨ ਦੇ ਅਗੇ ਸੈੱਲ ਮੁਕਰਰ ਕਰਨੇ ਹਨ। ਇਹ ਮੁਸੀਬਤ ਖੜ੍ਹੀ ਕਰੋਗੇ। ਉਹ ਕੌਣ ਹੋਣਗੇ ? ਉਹ ਸਰਕਾਰ ਦੇ ਮਾਤਹਿਤ ਹੋਣਗੇ। ਉਹ ਬੰਦੇ ਸਾਡ ਵਿਚੋਂ ਹੋਣਗੇ ਅਤੇ ਸਾਡੇ ਬਣਾਏ ਹੋਏ ਹੋਣਗੇ। ਜੇ ਵਜ਼ੀਰ ਚੌਕਸ ਹੋ ਕੇ ਚੁਕੰਨਾ ਨਹੀਂ ਕਰ ਸਕਦੇ ਤਾਂ ਨਵੇਂ ਬਣੇ ਨਹੀਂ ਕਰ ਸਕਦੇ। ਇਸ ਲਈ ਮੇਰੀ ਪਰਾਰਥਨਾ ਹੈ ਕਿ ਸਰਕਾਰ ਖੁਦ ਚੌਕਸ ਰਹੇ, ਖੁਦ ਹੁਸ਼ਿਆਰ ਰਹੇ, ਖੁਦ ਇਸ ਕੰਮ ਨੂੰ ਪਹਿਰਾ ਦੇ ਕੇ ਪੂਰਾ ਕਰੇ। ਲੇਕਿਨ ਇਨਾਂ ਇਨਸਪੈਕਟਰਾਂ ਤੇ ਬਹੁਤਾ ਖਰਚ ਕਰਨ ਦਾ ਕੋਈ ਲਾਭ ਨਹੀਂ। (ਘੰਟੀ) ਮੈਂ ਵਾਈਂਡ ਅਪ ਕਰਦਾ ਹਾਂ ਅਤੇ ਇਕੋ ਗਲ ਕਹਾਂਗਾ। ਡਿਪਟੀ ਸਪੀਕਰ ਸਾਹਿਬਾ, ਗਵਰਨਰ ਸਾਹਿਬ ਨੇ ਕਿਹਾ ਹੈ ਕਿ ਭਾਵੇਂ ਰਾਜ ਦੀ ਆਰਥਕ ਦਸ਼ਾ ਦੀ ਸਮੁਚੀ ਉੱਨਤੀ ਲਈ ਜ਼ੋਰਦਾਰ ਯਤਨ ਕੀਤੇ ਜਾ ਰਹੇ ਹਨ ਫਿਰ ਵੀ ਸਰਕਾਰ ਦੀ ਇੱਛਾ ਹੈ ਕਿ ਰਾਜ ਦੇ ਵੱਖ ਵੱਖ ਇਲਾਕਿਆਂ ਵਿਚ ਵਿਕਾਸ ਦੇ ਫਰਕ ਨੂੰ ਘਟਾਇਆ

ਜਾਵੇ । ਇਸ ਦਾ ਮਤਲਬ ਇਹ ਹੈ ਕਿ ਰਾਜ ਸਰਕਾਰ ਨੇ ਜਿਥੇ ਜਿਥੇ ਉੱਨਤੀ ਕੀਤੀ ਹੈ ਉਨਾਂ ਵਿਚ ਕਈ ਇਲਾਕੇ ਐਸੇ ਵੀ ਹਨ ਜਿਨ੍ਹਾਂ ਵਲ ਸਰਕਾਰ ਦਾ ਧਿਆਨ ਬਿਲਕੁਲ ਨਹੀਂ ਗਿਆ । ਮਿਸਾਲ ਦੇ ਤੌਰ ਤੇ ਡਿਸਟਰਿਕਟ ਬਠਿੰਡਾ ਹੈ, ਡਿਸਟਰਿਕਟ ਫੀਰੋਜ਼ਪੁਰ ਹੈ, ਡਿਸਟਹਿਕਟ ਸੰਗਰੂਰ ਹੈ । ਇਨਾਂ ਇਲਾਕਿਆਂ ਵਲ ਸਰਕਾਰ ਦਾ ਕੋਈ ਧਿਆਨ ਨਹੀਂ । ਅੰਗਰੇਜ਼ ਸਰਕਾਰ ਨੇ ਓਥੇ ਡਬਲ ਰੇਲਵੇ ਲਾਈਨ ਕਢੀ, ਡਬਲ ਸੜਕਾਂ ਕਢੀਆਂ । ਅਜ ਜਦੋਂ ਸਰਕਾਰ ਨੇ ਧਿਆਨ ਦਿਤਾ ਤਾਂ ਅੰਮ੍ਰਿਤਸਰ ਤੋਂ ਸ਼ੁਰੂ ਕਰਦੀ ਹੈ ਅਤੇ ਲੁਧਿਆਣੇ ਤਕ ਆ ਕੇ ਥਕ ਜਾਂਦੀ ਹੈ । ਅੰਮ੍ਰਿਤਸਰ, ਲੁਧਿਆਣਾ, ਜਲੰਧਰ ਇਹ ਸਾਡੇ ਹੀ ਪੰਜਾਬ ਦੇ ਅੰਗ ਹਨ । ਇਨਾਂ ਦੀ ਉੱਨਤੀ ਦੇਖ ਕੇ ਸਾਨੂੰ ਖੁਸ਼ੀ ਹੈ । ਇਨ੍ਹਾਂ ਦੀ ਜਿਨੀ ਵੀ ਉੱਨਤੀ ਹੋਵੇ ਅਸੀਂ ਖੁਸ਼ ਹਾਂ । ਲੇਕਿਨ ਸਰੀਰ ਦੇ ਕਿਸੇ ਅਗ ਨੂੰ ਮੋਟਾ ਕਰ ਦਿਓ ਤੇ ਦੂਜਾ ਅੰਗ ਪਤਲਾ ਰਹਿ ਜਾਏ ਤਾਂ ਸਰੀਰ ਬੇਢਬਾ ਹੋ ਜਾਂਦਾ ਹੈ । ਜੇ ਢਿਡ ਮੋਟਾ ਹੋਵੇ ਅਤੇ ਬਾਕੀ ਸਰੀਰ ਪਤਲਾ ਹੋਵੇ ਤਾਂ ਭੈੜਾ ਲਗਦਾ ਹੈ । ਇਸ ਲਈ ਸਮਾਨਤਾ ਰਖਣ ਦੀ ਲੋੜ ਹੈ । ਇਸ ਕਰਕੇ ਮੈਂ ਕਹਾਂਗਾ ਕਿ ਜਿੰਨਾ ਧਿਆਨ ਤੁਸੀਂ ਇਸ ਪਾਸੇ ਦਿਤਾ ਹੈ ਉਸ ਪਾਸੇ ਵਲ ਵੀ ਧਿਆਨ ਦੇਵੋ । ਮੈਂ ਸਮਝਦਾ ਹਾਂ ਕਿ ਸਰਕਾਰ ਦੀ ਜੋ ਇਹ ਕਾਣੀ ਵੰਡ ਹੈ ਇਹ ਠੀਕ ਨਹੀਂ । ਇਹ ਅੰਗਰੇਜ਼ਾਂ ਦੇ ਜ਼ਮਾਨੇ ਤੋਂ ਚਲੀ ਆ ਰਹੀ ਹੈ ਤੇ ਅਜੇ ਤਕ ਦੂਰ ਨਹੀਂ ਹੋ ਸਕੀ । ਜ਼ਰੂਰਤ ਇਸ ਗਲ ਦੀ ਹੈ ਕਿ ਜਿਹੜੇ ਇਲਾਕੇ ਡੀਵੈਲਪ ਨਹੀਂ ਹੋਏ ਉਨਾਂ ਇਲਾਕਿਆਂ ਨੂੰ ਡੀਵੈਲਪ ਕੀਤਾ ਜਾਏ।

**ਡਿਪਟੀ ਸਪੀਕਰ** : ਮੈਂ ਦੇਖਿਆ ਹੈ ਕਿ ਸਭ ਤੋਂ ਲੰਮੀ ਸਪੀਚ ਤੁਹਾਡੀ ਹੈ। (I find that out of all the longest speech has been made by the hon. Member.)

**ਗਿਆਨੀ ਜ਼ੈਲ ਸਿੰਘ** : ਡਿਪਟੀ ਸਪੀਕਰ ਸਾਹਿਬਾ, ਤਹਾਨੂੰ ਖੁਸ਼ ਹੋਣਾ ਚਾਹੀਦਾ ਹੈ । ਇਹ ਕੋਈ ਕਿਸੇ ਨਾਲ ਵੈਰ ਭਾਵ ਦੀ ਸਪੀਚ ਨਹੀਂ । ਇਹ ਤਾਂ ਗਵਰਨਰ ਸਾਹਿਬ ਦਾ ਧੰਨਵਾਦ ਕਰ ਰਿਹਾ ਹਾਂ । ਮੈਂ ਬੇਨਤੀ ਕਰ ਰਿਹਾ ਸੀ ਕਿ ਸਰਕਾਰ ਨੂੰ ਸਾਰੇ ਇਲਾਕਿਆਂ ਦਾ ਖਿਆਲ ਰਖਣਾ ਚਾਹੀਦਾ ਹੈ । ਇਸ ਲੜਾਈ ਵਿਚ ਸਾਰੇ ਪੰਜਾਬ ਦਾ ਹਿੱਸਾ ਹੈ । ਫੀਰੋਜ਼ਪਰ, ਬਠਿੰਡਾ ਅਤੇ ਸੰਗਰੂਰ ਦੇ ਜਵਾਨ ਵੀ ਮਰੇ । ਉਥੋਂ ਦੀ ਇੰਡਸਟਰੀ ਤਬਾਹ ਹੋਈ, ਓਥੇ ਇੰਡਸਟਰੀ ਭਾਵੇਂ ਸਰਕਾਰ ਨੇ ਨਹੀਂ ਭੇਜੀ ਸੀ, ਲੋਕਾਂ ਨੇ ਆਪਣੀ ਹਿੰਮਤ ਨਾਲ ਬਣਾਈ ਸੀ । ਜੰਗ ਦੇ ਜ਼ਮਾਨੇ ਵਿਚ ਸਰਕਾਰ ਨੇ ਇੰਡਸਟਰੀ ਵਾਲਿਆਂ ਨੂੰ ਰਿਆਇਤਾਂ ਦਿਤੀਆਂ । ਮੈਂ ਰਪੀਟ ਨਹੀਂ ਕਰਦਾ । ਜਿਹੜੀਆਂ ਰਿਆਇਤਾਂ ਦਿੱਤੀਆਂ ਨੇ ਉਨ੍ਹਾਂ ਰਿਆਇਤਾਂ ਵਿਚ ਜਲੰਧਰ ਵੀ ਸ਼ਾਮਲ ਹੈ, ਉਨ੍ਹਾਂ ਰਿਆਇਤਾਂ ਵਿਚ ਲਧਿਆਣਾ ਵੀ ਸ਼ਾਮਲ ਹੈ । ਇਨ੍ਹਾਂ ਨੇ 3 ਜ਼ਿਲ੍ਹੇ ਮੁਕੱਰਰ ਕਰ ਦਿਤੇ. ਪਰ ਏਰੀਆ ਮੁਕੱਰਰ ਨਹੀਂ ਕੀਤਾ । 3 ਜ਼ਿਲ੍ਹੇ ਗੁਰਦਾਸਪੁਰ, ਅੰਮ੍ਰਿਤਸਰ ਅਤੇ ਫੀਰੋਜ਼ਪੁਰ ਮੁਕਰਰ ਕੀਤੇ ਗਏ ਹਨ ਪਰ ਏਰੀਆ ਨਹੀਂ ਮੁਕਰਰ ਕੀਤਾ । ਫਰੀਦਕੋਟ ਸਬ ਡਵੀਜ਼ਨ ਦੀ ਹੱਦ ਪਾਕਿਸਤਾਨ ਦੀ ਹੱਦ ਤੋਂ 13 ਮੀਲ ਤੇ ਹੈ । ਉਥੋਂ ਦੇ ਲੋਕਾਂ ਨੂੰ ਰਿਆਇਤਾਂ ਨਹੀਂ । ਮੋਗਾ, ਗਿਦੜਬਾਹਾ ਅਤੇ ਬਿਆਸ ਆਦਿ ਜਿਹੜੇ ਬਾਰਡਰ ਤੋਂ 50, 50 ; 60, 60 ਮੀਲ ਤੇ ਹਨ ਉਨਾਂ ਨੂੰ ਰਿਆਇਤਾਂ ਦਿੱਤੀਆਂ ਹਨ। ਬਠਿੰਡਾ, ਫੀਰੋਜ਼ਪੁਰ ਅਤੇ ਸੰਗਰੂਰ ਲਈ ਕੋਈ ਰਿਆਇਤ ਨਹੀਂ, ਲੇਕਿਨ ਬਾਕੀ ਜ਼ਿਲ੍ਹਿਆਂ ਲਈ ਰਿਆਇਤ ਹੈ ।

**ਸਰਦਾਰ ਗੁਰਚਰਨ ਸਿੰਘ** : ਕੀ ਸੰਗਰੂਰ ਬਾਰਡਰ ਤੇ ਹੈ ?

**ਗਿਆਨੀ ਜ਼ੈਲ ਸਿੰਘ** : ਜੇ ਅਸੀਂ ਇਹ ਗੱਲ ਕਹੀਏ ਤਾਂ ਇਹ ਸਮਝਿਆ ਜਾ ਸਕਦਾ ਹੈ ਕਿ ਸਾਨੂੰ ਸ਼ਾਇਦ ਉਨ੍ਹਾਂ ਜ਼ਿਲ੍ਹਿਆਂ ਨਾਲ ਹੀ ਪਿਆਰ ਹੈ, ਪਰ ਨਹੀਂ, ਮੈਂ ਕਹਿੰਦਾ ਹਾਂ ਕਿ ਉਨ੍ਹਾਂ ਜ਼ਿਲ੍ਹਿਆਂ ਦਾ ਹਕ ਸੀ ਜਿਨ੍ਹਾਂ ਦਾ ਸਿੱਧਾ ਪਾਕਿਸਤਾਨ ਦੇ ਨਾਲ ਟਾਕਰਾ ਸੀ । ਲੇਕਿਨ ਇਸ ਦਾ ਇਹ ਮਤਲਬ ਨਹੀਂ ਕਿ ਬਾਕੀ ਜ਼ਿਲ੍ਹੇ ਜਿਨ੍ਹਾਂ ਦਾ ਨੁਕਸਾਨ ਹੋਇਆ ਹੈ ਜਾਂ ਜਿਨ੍ਹਾਂ ਦੀ

[ਗਿਆਨੀ ਜ਼ੈਲ ਸਿੰਘ]

ਹੱਦ ਲਗਦੀ ਹੈ ਪਾਕਿਸਤਾਨ ਦੇ ਨਾਲ ਉਨ੍ਹਾਂ ਨੇ ਕੋਈ ਗੁਨਾਹ ਕੀਤਾ ਹੈ ਜਿਸ ਕਰਕੇ ਉਨ੍ਹਾਂ ਵਲ ਧਿਆਨ ਨਹੀਂ ਦਿੱਤਾ ਗਿਆ । ਡਿਪਟੀ ਸਪੀਕਰ ਸਾਹਿਬਾ, ਅਸੀਂ ਵਜ਼ੀਰ ਸਾਹਿਬ ਨੂੰ ਨਕਸ਼ਾ ਦਖਾਇਆ ਤਾਂ ਉਹ ਕਹਿਣ ਲਗੇ ਕਿ ਨਕਸ਼ਾ ਤਾਂ ਬੜਾ ਅੱਛਾ ਹੈ ਅਤੇ ਸੁਹਣਾ ਹੈ । ਇਸ ਤੋਂ ਇਲਾਵਾ ਅਸੀਂ ਅਖਬਾਰ ਦੇ ਵਿਚ ਵੀ ਪੜ੍ਹ ਲਿਆ ਕਿ ਉਹ ਏਰੀਆ ਵੀ ਵਿਚ ਸ਼ਾਮਲ ਕਰ ਦਿੱਤਾ ਹੈ ਲੇਕਿਨ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਅਜੇ ਤਕ ਕੋਈ ਸਰਕਾਰੀ ਹੁਕਮ ਨਹੀਂ ਮਿਲਿਆ ਕਿ ਉਸ ਏਰੀਏ ਨੂੰ ਵੀ ਸ਼ਾਮਲ ਕੀਤਾ ਹੈ ਕਿ ਨਹੀਂ ਕੀਤਾ । ਸਰਕਾਰ ਨੂੰ ਏਸ ਪਾਸੇ ਧਿਆਨ ਦੇਣਾ ਚਾਹੀਦਾ ਹੈ । ਇਸ ਤੋਂ ਇਲਾਵਾ ਸਾਡੀ ਸਰਕਾਰ ਨੇ ਕੋਸ਼ਿਸ਼ ਕੀਤੀ ਹੈ ਕਿ ਮੈਡੀਕਲ ਸਹਾਇਤਾ ਦੇਣ ਦੀ ਲੇਕਿਨ ਉਹ ਕਿਨੇ ਕੁ ਏਰੀਏ ਵਿਚ ਘੁੰਮਦੀ ਹੈ ਇਸ ਨੂੰ ਸਾਰੇ ਜਾਣਦੇ ਹਨ । ਉਹ ਕਿਹੜੇ ਜ਼ਿਲ੍ਹੇ ਹਨ ਜਿਨ੍ਹਾਂ ਵਿਚ ਡਬਲ ਸੜਕਾਂ ਹਨ, ਟਿਊਬਵੈਲ ਲਗੇ ਹਨ ਅਤੇ ਪਿੰਡਾਂ ਵਿਚ ਬਿਜਲੀ ਲਗੀ ਹੋਈ ਹੈ । ਇਸ ਦੇ ਬਾਰੇ ਤੁਹਾਨੂੰ ਸਾਰਿਆਂ ਨੂੰ ਪਤਾ ਹੈ ਪਰ ਜਿਨ੍ਹਾਂ ਜ਼ਿਲ੍ਹਿਆਂ ਦਾ ਮੈਂ ਜ਼ਿਕਰ ਕੀਤਾ ਹੈ, ਉਨ੍ਹਾਂ ਵਲ ਕੋਈ ਧਿਆਨ ਨਹੀਂ ਦਿੱਤਾ ਗਿਆ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੇ ਵਿਚ ਪੈਪਸੂ ਸ਼ਾਮਿਲ ਹੋ ਕੇ ਇਕ ਵਡਾ ਪੰਜਾਬ ਬਣਿਆ ਹੈ । ਸਾਡਾ ਪੈਪਸੂ ਦਾ ਏਰੀਆ ਬੜਾ ਛੋਟਾ ਸੀ । ਪੈਪਸੂ ਦਾ ਦੂਸਰਾ ਪੰਜ ਸਾਲਾ ਪਲਾਨ ਜਿਹੜਾ ਸੀ ਉਸ ਦੇ ਵਾਸਤੇ ਜਿਤਨੀ ਰਕਮ ਐਲੋਕੇਟ ਕੀਤੀ ਗਈ ਸੀ ਪੰਜਾਬ ਸਰਕਾਰ ਨੇ ਉਸ ਤੇ ਖਰਚ ਨਹੀਂ ਕੀਤੀ । ਇਸ ਤੋਂ ਇਲਾਵਾ ਭਾਖੜੇ ਵਿਚ ਪੈਪਸੂ ਦਾ 23 ਫੀ ਸਦੀ ਹਿੱਸਾ ਹੈ ਲੇਕਿਨ ਸਾਨੂੰ ਬਿਜਲੀ ਅਤੇ ਪਾਣੀ ਵਿੱਚੋਂ ਸਿਰਫ 15 ਫੀ ਸਦੀ ਹਿੱਸਾ ਮਿਲਿਆ ਹੈ । ਮੈਂ ਸਮਝਦਾ ਹਾਂ ਕਿ ਇਹ ਉਸ ਇਲਾਕੇ ਦੇ ਲੋਕਾਂ ਦੇ ਨਾਲ ਬੇਇਨਸਾਫੀ ਹੈ । ਮੈਨੂੰ ਆਸ ਹੈ ਕਿ ਪੰਜਾਬ ਸਰਕਾਰ ਇਸ ਫਰਕ ਨੂੰ ਦੂਰ ਕਰਨ ਦਾ ਜਤਨ ਕਰੇਗੀ । ਇਸ ਤੋਂ ਇਲਾਵਾ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੈਪਸੂ ਦੇ ਪਬਲਿਕ ਸਰਵਿਸ ਕਮਿਸ਼ਨ ਵਿਚ ਤਿੰਨ ਮੈਂਬਰ ਸਨ ਲੇਕਿਨ ਅਜ ਪੈਪਸੂ ਦੇ ਏਰੀਏ ਵਿੱਚੋਂ ਇਕ ਵੀ ਨਹੀਂ ਲਿਆ ਗਿਆ । ਇਸੇ ਤਰ੍ਹਾਂ ਪੈਪਸੂ ਹਾਈਕੋਰਟ ਦੇ ਪੰਜ ਜੱਜ ਸਨ ਮਗਰ ਹੁਣ ਸਿਰਫ ਇਕ ਜਜ ਹੀ ਰਹਿ ਗਿਆ ਹੈ, ਜਿਹੜੇ ਰੀਟਾਇਰ ਹੋ ਗਏ ਹਨ ਉਨ੍ਹਾਂ ਤੋਂ ਬਾਅਦ ਕੋਈ ਵੀ ਪੈਪਸੂ ਦੇ ਏਰੀਏ ਦਾ ਜੱਜ ਨਹੀਂ ਲਿਆ ਗਿਆ । ਇਸੇ ਤਰ੍ਹਾਂ ਸਬਾਰਡੀਨੇਟ ਸੀਲੈਕਸ਼ਨ ਬੋਰਡ ਦੇ ਵਿਚ ਵੀ ਪੈਪਸੂ ਦੀ ਕੋਈ ਨੁਮਾਇੰਦਗੀ ਨਹੀਂ ਹੈ । ਡਿਪਟੀ ਸਪੀਕਰ ਸਾਹਿਬਾ, ਏਥੇ ਹੀ ਬਸ ਨਹੀਂ ਅਜ ਪੈਪਸੂ ਨੂੰ ਮਰਜ ਹੋਇਆਂ 10 ਸਾਲ ਹੋ ਗਏ ਹਨ ਮਗਰ ਅਜੇ ਤਕ ਜਿਹੜੇ ਪੈਪਸੂ ਦੇ ਮਲਾਜ਼ਮ ਸਨ ਉਨ੍ਹਾਂ ਦੀ ਇੰਟੈਗਰੇਸ਼ਨ ਦੇ ਮਸਲੇ ਵੀ ਹੱਲ ਨਹੀਂ ਹੋ ਸਕੇ । ਮੈਂ ਆਸ ਕਰਦਾ ਹਾਂ ਕਿ ਸਰਕਾਰ ਇਨ੍ਹਾਂ ਚੀਜ਼ਾਂ ਵਲ ਧਿਆਨ ਦੇਵੇਗੀ । ਮੈਂ ਪੰਜਾਬ ਸਰਕਾਰ ਨੂੰ ਇਸ ਗੱਲ ਦੀ ਮੁਬਾਰਿਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਇਸ ਚੀਜ਼ ਨੂੰ ਮੰਨਿਆ ਹੈ ਕਿ ਜਿਹੜੇ ਜਿਹੜੇ ਏਰੀਏ ਦੀ ਘਾਟ ਰਹੀ ਹੈ ਉਸ ਨੂੰ ਪੂਰਾ ਕੀਤਾ ਜਾਵੇਗਾ । ਡਿਪਟੀ ਸਪੀਕਰ ਸਾਹਿਬਾ, ਸਰਦਾਰ ਸੇਵਾ ਸਿੰਘ ਠੀਕਰੀਵਾਲਾ, ਜਿਨ੍ਹਾਂ ਨੇ ਰਿਆਸਤੀ ਪਰਜਾ ਮੰਡਲ ਦੀ ਅਗਵਾਈ ਕੀਤੀ, ਜਿਹੜੇ ਰਿਆਸਤੀ ਪਰਜਾ ਮੰਡਲ ਦੀ ਰੂਹੇ ਰਵਾਂ ਸਨ ਉਨ੍ਹਾਂ ਦੇ ਪਿੰਡ ਵਿਚ ਅਜੇ ਤਕ ਬਿਜਲੀ ਨਹੀਂ ਪਹੁੰਚ ਸਕਦੀ । ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਦੀ ਯਾਦਗਾਰ ਬਣਾਉਣ ਦਾ ਜਤਨ ਕਰੇ ਅਤੇ ਉਨ੍ਹਾਂ ਦੇ ਪਿੰਡ ਵਿਚ ਜਲਦੀ ਤੋਂ ਜਲਦੀ ਬਿਜਲੀ ਪਹੁੰਚਾਉਣ ਦਾ ਜਤਨ ਕਰੇ । ਇਸ ਤੋਂ ਇਲਾਵਾ ਜਿਸ ਦਿਨ ਸਰਦਾਰ ਸੇਵਾ ਸਿੰਘ ਠੀਕਰੀਵਾਲਾ ਸ਼ਹੀਦ ਹੋਏ ਸਨ ਉਸ ਦਿਨ ਦੀ ਪੰਜਾਬ ਸਰਕਾਰ ਨੂੰ ਛੁਟੀ ਕਰਨੀ ਚਾਹੀਦੀ ਹੈ । ਡਿਪਟੀ ਸਪੀਕਰ ਸਾਹਿਬਾ, ਤੁਸੀਂ ਬੜੀਆਂ ਕੁਰਬਾਨੀਆਂ ਕੀਤੀਆਂ ਹਨ ਅਤੇ ਬਰਿਟਿਸ਼ ਇੰਡੀਆ ਦੇ ਵਿਚ ਉਸ ਵਕਤ ਰਹਿਣ ਵਾਲਿਆਂ ਹੋਰ ਵੀ ਬਹੁਤ ਸਾਰੇ ਨੇਤਾਵਾਂ ਨੇ ਜੋ ਕੁਰਬਾਨੀਆਂ ਕੀਤੀਆਂ ਉਨ੍ਹਾਂ ਦੇ ਸਾਹਮਣੇ ਸਾਡਾ ਸਿਰ ਝੁਕਦਾ

ਹੈ। ਲੇਕਿਨ ਇਸ ਦਾ ਮਤਲਬ ਇਹ ਨਹੀਂ ਕਿ ਜਿਹੜੇ ਲੋਕਾਂ ਨੇ ਰਿਆਸਤਾਂ ਦੇ ਵਿਚ ਆਜ਼ਾਦੀ ਦੀ ਲੜਾਈ ਲਈ ਕੁਰਬਾਨੀਆਂ ਕੀਤੀਆਂ ਸਨ ਉਨ੍ਹਾਂ ਨੂੰ ਕਿਸੇ ਤਰੀਕੇ ਨਾਲ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ। ਰਿਆਸਤਾਂ ਦੇ ਵਿਚ ਪਰਜਾ ਮੰਡਲ ਦੇ ਨੇਤਾਵਾਂ ਨੇ ਜਿਹੜੀਆਂ ਕੁਰਬਾਨੀਆਂ ਕੀਤੀਆਂ ਉਨ੍ਹਾਂ ਦੇ ਨਾਲ ਪੁਲੀਟੀਕਲ ਰੀਲੀਫ ਦੇਣ ਵੇਲੇ ਬੜੀ ਡਿਸਕਰਿਮੀਨੇਸ਼ਨ ਹੋਈ ਹੈ। ਪੰਜਾਬ ਸਰਕਾਰ ਨੇ ਜਿਹੜਾ ਫੈਸਲਾ ਕੀਤਾ ਸੀ ਕਿ 1947 ਤਕ ਜਿਹੜੇ ਪੁਲੀਟੀਕਲ ਸਫਰਰ ਰਹੇ ਹਨ ਉਨ੍ਹਾਂ ਨੂੰ ਰੀਲੀਫ ਦਿੱਤਾ ਜਾਵੇਗਾ ਇਹ ਗ਼ਲਤ ਹੈ ਕਿਉਂਕਿ ਰਿਆਸਤਾਂ ਵਿਚ ਲੋਕ 1948 ਤਕ ਜਦੋਂ ਤਕ ਕਿ ਪੈਪਸੂ ਨਹੀਂ ਸੀ ਬਣਿਆ ਸਫਰ ਕਰਦੇ ਰਹੇ। ਇਸ ਕਰਕੇ ਸਰਕਾਰ ਨੂੰ ਉਨ੍ਹਾਂ ਸਾਰੇ ਪੁਲੀਟੀਕਲ ਸਫਰਰਜ਼ ਨੂੰ ਰੀਲੀਫ ਦੇਣਾ ਚਾਹੀਦਾ ਹੈ ਜਿਨ੍ਹਾਂ ਨੇ 1948 ਤਕ ਰਿਆਸਤਾਂ ਵਿਚ ਕੁਰਬਾਨੀਆਂ ਕੀਤੀਆਂ ਸੀ।

ਡਿਪਟੀ ਸਪੀਕਰ ਸਾਹਿਬਾ, ਟੈਕਸਟਾਈਲ ਮਿਲਾਂ ਜਿਹੜੀਆਂ ਖੋਲ੍ਹਣ ਦਾ ਫੈਸਲਾ ਹੋਇਆ ਹੈ ਉਸ ਦੇ ਵਿਚ ਵੀ ਮੈਂ ਸਮਝਦਾ ਹਾਂ ਕਿ ਵਿਤਕਰੇ ਵਾਲਾ ਸਲੂਕ ਹੋਇਆ ਹੈ। ਕੋਟਕਪੂਰਾ ਸਾਰੇ ਹਿੰਦੁਸਤਾਨ ਵਿਚ ਅਮਰੀਕਨ ਕਾਟਨ ਪੈਦਾ ਕਰਨ ਤੇ ਦੂਸਰੇ ਨੰਬਰ ਤੇ ਹੈ। ਲੇਕਿਨ ਇਨ੍ਹਾਂ ਨੇ ਦੋ ਮਿਲਾਂ ਲਾਈਆਂ ਹਨ ਮਗਰ ਉਨ੍ਹਾਂ ਵਿੱਚੋਂ ਇਕ ਵੀ ਉਥੇ ਨਹੀਂ ਲਾਈ ਗਈ।

**ਡਿਪਟੀ ਸਪੀਕਰ** : ਗਿਆਨੀ ਜੀ, ਤੁਹਾਨੂੰ ਤਕਰੀਬਨ 50 ਮਿੰਟ ਬੋਲਦਿਆਂ ਹੋ ਗਏ ਹਨ ਇਸ ਕਰਕੇ ਦੋ ਤਿੰਨ ਮਿੰਟ ਵਿਚ ਖਤਮ ਕਰੋ। (The hon. Member Giani Zail Singh has been speaking for the last fifty minutes. He may please wind up in three minutes.)

**ਗਿਆਨੀ ਜ਼ੈਲ ਸਿੰਘ** : ਡਿਪਟੀ ਸਪੀਕਰ ਸਾਹਿਬਾ, ਤੁਸੀਂ ਜਦੋਂ ਕਹੋਗੇ ਮੈਂ ਉਦੋਂ ਹੀ ਬੈਠ ਜਾਵਾਂਗਾ। ਮੈਂ ਬਹੁਤ ਘਟ ਬੋਲਣ ਵਾਲਿਆਂ ਵਿਚੋਂ ਹਾਂ। ਪਰ ਮੈਂ ਬੇਨਤੀ ਕਰਾਂਗਾ ਜਿਹੜੇ ਇਸ ਪਾਸੇ ਸਾਹਿਬਾਨ ਬੈਠੇ ਹਨ ਉਨ੍ਹਾਂ ਦਾ ਮਤਲਬ ਮੈਨੂੰ ਬੋਲਣ ਤੋਂ ਹਟਾਉਣ ਦਾ ਨਹੀਂ ਬਲਕਿ ਥੋੜ੍ਹੀ ਬਹੁਤੀ ਗੜਬੜ ਪੈਦਾ ਕਰਨ ਦਾ ਹੈ। ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਦੇ ਇਨ੍ਹਾਂ ਸਾਰਿਆਂ ਕੰਮਾਂ ਨੂੰ ਜਿਸ ਚੰਗੇ ਤੇ ਸੁਚੱਜੇ ਢੰਗ ਨਾਲ ਗਵਰਨਰ ਸਾਹਿਬ ਨੇ ਅਪਣੀ ਤਕਰੀਰ ਵਿਚ ਉਲੀਕਿਆ ਹੈ ਉਹ ਸ਼ਲਾਘਾਯੋਗ ਹੈ। ਇਸ ਕਰਕੇ ਜੋ ਮਿਤਲ ਸਾਹਿਬ ਨੇ ਮਤਾ ਪੇਸ਼ ਕੀਤਾ ਹੈ ਮੈਂ ਉਸ ਦੀ ਤਾਈਦ ਕਰਦਾ ਹਾਂ।

**Deputy Speaker** : Motion moved—

That an Address be presented to the Governor in the following terms :—

"That the members of the Vidhan Sabha assembled in this Session are deeply grateful to the Governor for the Address which he has been pleased to deliver to both the Houses of the State Legislature assembled together on the 14th February, 1966."

Some amendments to the Motion have been received from various honourable Members. These amendments will be deemed to have been read and moved and may be discussed alongwith the main motion.

1. **Pandit Mohan Lal Datta :**

That in the motion, the following be added at the end, namely,—

"but regret that no mention has been made—

(1) of the necessity of introducing prohibition in the State ;

(2) of Land Reforms which was essential for increasing agricultural production and bringing about social justice ;

[Deputy Speaker]

(3) of rural industrialisation which was essential for rural development ;

(4) of the unirrigated and drought-hit hilly areas of tehsil Una. Hamirpur equally with the other drought hit Districts as regards relief measures ;

(5) of the steps to be taken to provide irrigation facilities to the hilly areas particularly tehsil Una."

2. **Principal Rala Ram :**

That in the motion, the following be added at the end, namely,—

"but regret—

(1) that the cent per cent hilly areas of Thana Hajipur (District Hoshiarpur) has been excluded from the purview of the Committee appointed under the Chairmanship of the Financial Commissioner (Revenue) to suggest permanent measures to tackle the drought problem in certain areas of the State, including Una Tehsil to which it is contiguous ;

(2) that the Address make no mention of any steps intended to be taken to redress the imbalance in the matter of Tube-well connections which have not been given at all in areas like Mukerian and Hajipur Blocks so far ;

(3 that no scheme for the upgrading of such Government primary middle schools where the Panchayats have put up the necessary buildings and are prepared to pay the cash amounts prescribed for the purpose has been outlined in the Address ;

(4) that no indication has been given in the Address as to the period during which the Datarpur area water supply scheme and the Kumalie Devi area (Hajipur Block) water-supply scheme are to be implemented ; and

(5) that no mention has been made in the Address of the spurs so badly needed to save villages, lying on the banks of River Beas on Mukerian-Mirthal side, from the depredations of floods in that River."

3. **Pandit Babu Dayal Sharma :**

That in the motion, the following be added at the end, namely,—

"but regret that no mention is made for the revival of the Salt Industry of Gurgaon District and to give foremost priority to supply the electric power as promised by the Government in 1953 and supply fresh drinking water to all such villages and towns where there is salt water."

4. **Babu Ajit Kumar :**

That in the motion, the following be added at the end, namely,—

"but regret that no mention has been made—

(1) for the cancellation of lease of Birla Brothers land ;

(2) to protect the rights of Scheduled Castes employees specially serving in Punjab State Electricity Board, Agriculture University, Punjab University, Punjabi University and Kurukshetra University with regard to reservation in promotions ;

(3) regarding allotment of all Government land to the landless people ; and

(4) for the allocation of 1/4th of the yearly Budget for the uplift of the Scheduled Castes and other Backward Classes."

5. **Babu Bachan Singh :**

That in the motion the following be added at the end, namely,—

"but regret that no mention has been made—

(1) to check the growing unemployment in the State ;

(2) of transforming of the present capitalistic social set up into socialistic pattern ; and

(3) of the new excise policy set by the State Government."

**6. Comrade Jangir Singh Joga :**
**7. Comrade Babu Singh Master :**
**8. Comrade Gurbakhsh Singh :**
**9. Comrade Bhan Singh Bhaura :**

That in the motion, the following be added at the end, namely,—

"but regret that—

(1) no promise has been held out to cancel lease of land to Birla Brothers in the sutlej Bed in deference to the public opinion ;

(2) no mention has been made of acceeding to popular demand for release of detenue ;

(3) full cognizance has not been taken of the damage caused to the agriculture by prolonged drought and no measures have been announced for stepping up irrigation ;

(4) no steps have been taken to meet the demands of government employees ;

(5) no mention have been made to cheek the growing un-employment in the State ; and

(6) no mention have been made regarding the alllotment of surplus land as well as government lands to the tiller in order to increase the agricultural production."

**10. Dr. Baldev Parkash :**
**11. Shri Balramji Dass Tandon :**
**12. Shri Mangal Sein :**
**13. Shri Satya Dev :**
**14. Shri Fateh Chand Vij :**

That in the motion, the following be added at the end, namely,—

"but regret that nothing has been said—

(1) for allocating 60 per cent of the total Budget for the development of Haryana and Hilly areas ;

(2) for abolishing the Food Zones to better the lot of farmers and to give a fillip to move production of foodgrains ;

(3) regarding taking concrete steps to rehabilitate the War hit economy of the State ;

(4) to fulfil the promises made by the Government of and on to grant ample loans for Industry and to give relief in taxation in border industry; and

(5) to dissolve the deed made by the Government with Birlas to lease them 1000 acres of reclaimed land against the interest of petty farmers and landless Harijans."

**15. Comrade Shamsher Singh Josh :**

That in the motion, the following be added at the end, namely,—

"but regret that—

(1) the Address makes no mention of any steps intended to be taken to provide irrigation by setting up Government tube-wells or from Bhakra Canal or by constructing Dams at the heads of rainy rivulets in Ambala and Hoshiarpur Districts. This matter assumes grave importance because 88 per cent areas of these districts are unirrigated ;

(2) the Address takes no notice of strong public opinion against the Birla land lease and also fails to mention the reasons for imposition of section 144 around Assembly and Secretariat ;

[Deputy Speaker]

(3) The Address fails to mention inordinate delay in distribution of rehabilitation loans amongst unemployed workers during Pakistan-India conflict and also fails to mention the failure of the Government to stop large-scale retrenchment of workers all over the State;

(4) the Address fails to mention any steps taken to set up Hydel Power Plant atRupar on Bhakra Canal; and

(5) the Address fails to mention the reasons as to why Hilly area allowance is not given to Government employees of Rupar and Majri Blocks of Ambala District."

**16. Shri Roop Lal Mehta :**

That in the motion, the following be added at the end, namely,—

"but regret that no mention has been made—

(1) regarding supply of electric material and not supply of electric connection to hundred of Tube-wells for short of material in entire Gurgaon District ;

(2) regarding industrialisation of Palwal area for Co-operative Sugaror Spinning Mills which are proposed to be set up in other parts of the State ;

(3) to provide better class of Buses to avoid frequent break down ; and

(4) regarding removal of disparity of water rates of upper Agra Canal in Gurgaon District."

**ਬਾਬੂ ਬਚਨ ਸਿੰਘ** (ਲੁਧਿਆਣਾ ਉੱਤਰ) : ਡਿਪਟੀ ਸਪੀਕਰ ਸਾਹਿਬਾ, ਸਰਦਾਰ ਉਜਲ ਸਿੰਘ ਜੀ ਮੇਰੇ ਬਜ਼ੁਰਗ ਦੋਸਤ ਹਨ । ਮੈਂ ਉਨ੍ਹਾਂ ਦੀ ਬਹੁਤ ਇੱਜ਼ਤ ਅਤੇ ਕਦਰ ਕਰਦਾ ਹਾਂ । ਮੈਂ ਹਮੇਸ਼ਾ ਉਨ੍ਹਾਂ ਨਾਲ ਮਿਲ ਕੇ ਕੰਮ ਕਰਕੇ ਖੁਸ਼ ਹੋਇਆ ਹਾਂ ਪਰ ਜਿਤਨੀ ਮੈਨੂੰ ਮਾਯੂਸੀ ਅਤੇ ਨਿਰਾਸਤਾ ਇਸ ਐਡਰੈਸ ਤੋਂ ਹੋਈ ਹੈ ਏਨੀ ਮਾਯੂਸੀ ਅਤੇ ਨਿਰਾਸਤਾ ਮੈਨੂੰ ਅਜ ਤਕ ਕਿਸੇ ਤੋਂ ਨਹੀਂ ਹੋਈ।

ਡਿਪਟੀ ਸਪੀਕਰ ਸਾਹਿਬਾ, ਅਰਜ਼ ਇਹ ਹੈ ਕਿ ਇਹ ਤੀਜੇ ਪਲਾਨ ਦਾ ਆਖਰੀ ਸਾਲ ਹੈ ਅਤੇ ਇਹ ਸਾਲ ਇਸ ਅਸੈਂਬਲੀ ਦਾ ਵੀ ਆਖਰੀ ਸਾਲ ਹੀ ਹੈ । ਇਸਦੇ ਨਾਲ ਮੈਨੂੰ ਇਹ ਵੀ ਮਲੂਮ ਹੁੰਦਾ ਹੈ ਕਿ ਸ਼ਾਇਦ ਇਸ ਮਨਿਸਟਰੀ ਦਾ ਵੀ ਇਹ ਆਖਰੀ ਸਾਲ ਹੈ (ਤਾੜੀਆਂ) ਅਤੇ ਗਵਰਨਰ ਸਾਹਿਬ ਦਾ ਵੀ ਆਖਰੀ ਸਾਲ ਹੈ (ਵਿਘਨ) । ਐਸੇ ਆਖਰੀ ਸਾਲ ਵਿਚ ਹੁੰਦਾ ਤਾਂ ਆਮ ਤੌਰ ਤੇ ਇਹ ਹੈ ਕਿ ਰੂਲਿੰਗ ਪਾਰਟੀ ਆਪਣੀਆਂ ਪਿਛਲੀਆਂ ਕਾਮਯਾਬੀਆਂ ਦਾ ਜ਼ਿਕਰ ਕਰਦੀ ਹੈ ਕਿ ਉਸ ਨੇ ਪਿਛਲੇ ਪੰਜ ਸਾਲਾਂ ਵਿਚ ਇਹ ਇਹ ਕੁਝ ਕੀਤਾ ਅਤੇ ਅਗੇ ਲਈ ਇਹ ਇਹ ਕੁਝ ਕਰਨ ਜਾ ਰਹੀ ਹੈ । ਲੇਕਿਨ ਇਸ ਐਡਰੈਸ ਵਿਚ ਨਾ ਪਿਛਲਾ ਕੁਝ ਜ਼ਿਕਰ ਹੈ ਅਤੇ ਨਾ ਹੀ ਕੋਈ ਅਗਲਾ ਜ਼ਿਕਰ ਹੈ । ਇਸ ਐਡਰੈਸ ਵਿਚ ਇਕ ਜ਼ਿਕਰ ਜ਼ਰੂਰ ਆਉਂਦਾ ਹੈ ਅਤੇ ਉਹ ਇਹ ਹੈ ਕਿ ਇਹ ਸਾਲ ਸ਼ਾਰਟੇਜਿਜ਼ ਦਾ ਸਾਲ ਹੈ, ਤੰਗੀਆਂ ਤੇ ਕੰਮੀਆਂ ਦਾ ਸਾਲ ਹੈ । ਇਸ ਸਾਲ ਵਿਚ ਪਾਣੀ ਦੀ ਕਮੀ ਹੈ, ਬਿਜਲੀ ਦੀ ਕਮੀ ਹੈ, ਖੇਤੀ ਲਈ ਖਾਦ ਡੀਜ਼ਲ ਆਇਲ ਤੇ ਇੰਜਣਾਂ ਦੀ ਕਮੀ ਹੈ ਟਰੈਕਟਰਾਂ ਦੀ ਕਮੀ ਹੈ, ਸੀਮਿੰਟ ਦੀ ਕਮੀ ਹੈ ਅਤੇ ਮੈਂ ਹੋਰ ਕਿਹੜੀ ਕਿਹੜੀ ਕਮੀ ਦਾ ਜ਼ਿਕਰ ਕਰਾਂ ਅਤੇ ਇਸਦੇ ਨਾਲ ਹੀ ਅਕਲ ਤੇ ਹੌਸਲੇ ਦੀ ਵੀ ਕਮੀ ਹੈ (ਹਾਸਾ) ਜਿਸ ਤਰ੍ਹਾਂ ਪੰਡਤ ਮੋਹਨ ਲਾਲ ਜੀ ਦੱਤ ਨੇ ਕਿਹਾ ਹੈ ਇਸ ਵਿਚ ਮੋਰੈਲਿਟੀ ਦੀ ਕਮੀ ਹੈ । ਪਿਛਲੇ ਸਾਲ ਦੇ ਗਵਰਨਰ ਐਡਰੈਸ ਨੂੰ ਵੀ ਮੈਂ ਗੌਰ ਨਾਲ ਵੇਖਿਆ ਤੇ ਪੜ੍ਹਿਆ ਹੈ। ਉਸ ਵਿਚ ਇਕ ਗੱਲ ਦਾ ਖਾਸ ਤੌਰ ਤੇ ਜ਼ਿਕਰ ਆਇਆ ਹੋਇਆ ਹੈ ਅਤੇ ਉਹ ਇਹ ਹੈ ਕਿ ਸਰਦਾਰ ਉੱਜਲ ਸਿੰਘ ਜੋ ਖੁਸ਼ਕਿਸਮਤੀ ਨਾਲ ਇਸ ਵਕਤ ਪੰਜਾਬ ਦੇ ਗਵਰਨਰ ਵੀ ਹਨ ਉਨ੍ਹਾਂ ਦੀ ਪਰਧਾਨਗੀ ਹੇਠ..... ..........

**ਚੀਫ ਪਾਰਲੀਮੈਂਟਰੀ ਸੈਕਟਰੀ ;** ਆਨ ਏ ਪੁਆਇੰਟ ਆਫ ਆਰਡਰ, ਮੈਡਮ। ਕੀ ਮੈਂਬਰ ਸਾਹਿਬ ਗਵਰਨਰ ਸਾਹਿਬ ਨੂੰ ਉਨ੍ਹਾਂ ਦਾ ਨਾਮ ਲੈਕੇ ਐਡਰੈਸ ਕਰ ਸਕਦੇ ਹਨ ?

**ਬਾਬੂ ਬਚਨ ਸਿੰਘ :** ਡਿਪਟੀ ਸਪੀਕਰ ਸਾਹਿਬਾ, ਜੋ ਕੁਝ ਸਰਕਾਰ ਨੇ ਖੁਦ ਲਿਖਿਆ ਹੈ ਮੈਂ ਉਹ ਤੁਹਾਨੂੰ ਪੜ੍ਹ ਕੇ ਸੁਣਾਉਂਦਾ ਹਾਂ। ਜੇਕਰ ਉਸ ਵਿਚ ਗਵਰਨਰ ਸਾਹਿਬ ਦਾ ਨਾਮ ਨਾ ਹੋਵੇ ਤਾਂ ਤੁਸੀਂ ਮੈਨੂੰ ਰੋਕ ਦੇਣਾ ਪਰ ਜੇਕਰ ਨਾਮ ਹੋਵੇ ਤਾਂ ਮੇਰੇ ਤੇ ਰਹਿਮ ਕਰਕੇ ਇਨ੍ਹਾਂ ਨੂੰ ਕਾਬੂ ਕਰੋ। ਪਿਛਲੇ ਸਾਲ ਦੇ ਗਵਰਨਰ ਐਡਰੈਸ ਵਿਚ ਇਹ ਲਿਖਿਆ ਹੋਇਆ ਹੈ :

> "ਸਰਦਾਰ ਉੱਜਲ ਸਿੰਘ ਦੀ ਪਰਧਾਨਗੀ ਹੇਠ ਇਕ ਕਮੇਟੀ ਬਣਾਈ ਗਈ ਹੈ ਜੋ ਪੂਰੇ ਵੇਰਵੇ ਨਾਲ ਇਸ ਗੱਲ ਦੀ ਪੜਤਾਲ ਕਰੇਗੀ ਕਿ ਅਨਾਜ ਦੀ ਪੈਦਾਵਾਰ ਤੇ ਕਿਤਨਾ ਖਰਚ ਆਉਂਦਾ ਹੈ ਅਤੇ ਐਸੀ ਨੀਤੀ ਤਿਆਰ ਕਰਨ ਵਿਚ ਸਹਾਇਤਾ ਦੇਵੇਗੀ ਜਿਸ ਨਾਲ ਕਾਸ਼ਤਕਾਰ ਨੂੰ ਆਪਣੀ ਪੈਦਾਵਾਰ ਦੀ ਜਾਇਜ਼ ਕੀਮਤ ਮਿਲ ਸਕੇ। ਆਸ ਹੈ ਕਿ ਕਮੇਟੀ ਦੀਆਂ ਸਿਫਾਰਸ਼ਾਂ ਜਲਦੀ ਹੀ ਪ੍ਰਾਪਤ ਹੋ ਜਾਣਗੀਆਂ ਅਤੇ ਸਾਡੇ ਲਈ ਲਾਭਦਾਇਕ ਸਾਬਤ ਹੋਣਗੀਆਂ......."

**ਚੀਫ ਪਾਰਲੀਮੈਂਟਰੀ ਸੈਕਟਰੀ :** ਕਨਵੈਨਸ਼ਨ ਇਹ ਹੈ ........(ਸ਼ੋਰ) (ਬੈਠ ਜਾਉ, ਬੈਠ ਜਾਉ ਦੀਆਂ ਆਵਾਜ਼ਾਂ) .........

**Deputy Speaker :** If the hon. Member who is speaking does not give way, the Chief Parliamentary Secretary cannot speak.

**ਚੀਫ ਪਾਰਲੀਮੈਂਟਰੀ ਸੈਕਟਰੀ :** ਡਿਪਟੀ ਸਪੀਕਰ ਸਾਹਿਬਾ, ਕੰਨਵੈਨਸ਼ਨ ਇਹ ਹੈ ਕਿ ਅਸੀਂ ਮੈਂਬਰ ਸਾਹਿਬ ਦਾ ਨਾਮ ਲੈਕੇ ਵੀ ਉਸਨੂੰ ਐਡਰੈਸ ਨਹੀਂ ਕਰਦੇ ਅਤੇ ਸਿਰਫ ਉਸ ਦੇ ਹਲਕੇ ਦਾ ਨਾਮ ਲੈਕੇ ਐਡਰੈਸ ਕਰਦੇ ਹਾਂ ਜਿਸ ਤਰ੍ਹਾਂ ਕਿ ਆਨਰੇਬਲ ਮੈਂਬਰ ਫਰਾਮ ਲੁਧਿਆਣਾ। ਗਵਰਨਰ ਸਾਹਿਬ ਦਾ ਨਾਮ ਲੈਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਹਾਊਸ ਆਫ ਕਾਮਨਜ਼ ਵਿਚ ਵੀ ਤੇ ਸਾਡੇ ਲੋਕ ਸਭਾ ਵਿਚ ਵੀ ਇਹੋ ਕੰਨਵੈਨਸ਼ਨ ਹੈ.........(ਸ਼ੋਰ)

**ਡਿਪਟੀ ਸਪੀਕਰ :** ਗਰਗ ਸਾਹਿਬ, ਉਹ ਤਾਂ ਸਿਰਫ ਉਸੇ ਚੀਜ਼ ਨੂੰ ਰੈਫਰ ਕਰ ਰਹੇ ਹਨ ਜੋ ਐਡਰੈਸ ਵਿਚ ਲਿਖੀ ਹੋਈ ਹੈ ਆਪਣੇ ਵਲੋਂ ਕੁਝ ਨਹੀਂ ਕਹਿ ਰਹੇ।

(Addressing Shri Garg : The hon. Member Baboo Bachan Singh is referring to what has been given in the address. He is not saying anything of his own.)

**ਟ੍ਰਾਂਸਪੋਰਟ ਅਤੇ ਚੋਣ ਮੰਤਰੀ :** ਡਿਪਟੀ ਸਪੀਕਰ ਸਾਹਿਬਾ, ਵੈਸੇ ਕੰਨਵੈਨਸ਼ਨ ਤਾਂ ਇਹੋ ਹੈ ਕਿ ਗਵਰਨਰ ਸਾਹਿਬ ਨੂੰ ਬਤੌਰ ਗਵਰਨਰ ਹੀ ਐਡਰੈਸ ਕਰਦੇ ਹਾਂ ਅਤੇ ਉਸਦਾ ਨਾਮ ਲੈਕੇ ਉਸਨੂੰ ਐਡਰੈਸ ਨਹੀਂ ਕਰਦੇ ਲੇਕਨ ਜੋ ਬਾਬੂ ਜੀ ਰੈਫਰੈਂਸ ਕਰ ਰਹੇ ਹਨ ਉਹ ਉੱਜਲ ਸਿੰਘ ਕਮੇਟੀ ਬਾਰੇ ਹੈ। ਉਸ ਹੱਦ ਤਕ ਉਨ੍ਹਾਂ ਦਾ ਨਾਮ ਲੈਣ ਵਿਚ ਕੋਈ ਇਤਰਾਜ਼ ਨਹੀਂ ਵੈਸੇ ਬਤੌਰ ਗਵਰਨਰ ਉਨ੍ਹਾਂ ਨੂੰ ਗਵਰਨਰ ਕਹਿ ਕੇ ਹੀ ਐਡਰੈਸ ਕਰਨਾ ਚਾਹੀਦਾ ਹੈ।

**ਸਰਦਾਰ ਗੁਰਚਰਨ ਸਿੰਘ :** ਇਥੇ ਮੁਸ਼ਕਿਲ ਇਹ ਹੈ ਕਿ ਇਥੇ ਪੰਜਾਬ ਵਿਚ ਦੋ ਗਵਰਨਰ ਹਨ ਇਸ ਲਈ ਨਾਮ ਲੈਣਾ ਪੈਂਦਾ ਹੈ ਅਤੇ ਜੇਕਰ ਇਕੋ ਗਵਰਨਰ ਹੁੰਦਾ ਤਾਂ ਨਾਮ ਨਾ ਲੈਂਦੇ (ਹਾਸਾ)

**ਡਿਪਟੀ ਸਪੀਕਰ :** ਬਾਬੂ ਜੀ, ਜਿਥੇ ਉੱਜਲ ਸਿੰਘ ਕਮੇਟੀ ਦੀ ਗੱਲ ਹੋਵੇ ਉਥੇ ਨਾਮ ਲੈ ਲਓ ਵੈਸੇ ਉਨ੍ਹਾਂ ਨੂੰ ਬਤੌਰ ਗਵਰਨਰ ਹੀ ਐਡਰੈਸ ਕਰੋ।

(Addressing Baboo Bachan Singh. The hon. Member may

[Deputy Speaker]

mention the Governor by name while referring to the Ujjal Singh Committee otherwise he may be mentioned as Governor.)

**Pandit Chiranji Lal Sharma**: If you kindly refer to address itself it is written thereon "Delivered by Sardar Ujjal Singh, the Governor of Punjab......". Why should there be any objection to that ? There is no bar.

**ਟ੍ਰਾਂਸਪੋਰਟ ਅਤੇ ਚੋਣ ਮੰਤਰੀ** : ਮੈਨੂੰ ਵੀ ਇਥੇ ਆਏ ਨੂੰ 14/15 ਸਾਲ ਹੋ ਗਏ ਹਨ ਅਤੇ ਹਰ ਸਾਲ ਗਵਰਨਰ ਐਡਰੈਸ ਆਉਂਦੇ ਹਨ । ਹਮੇਸ਼ਾ ਇਹੋ ਕਨਵੈਨਸ਼ਨ ਰਹੀ ਹੈ ਕਿ ਗਵਰਨਰ ਸਾਹਿਬ ਨੂੰ ਨਾਮ ਲੈਕੇ ਐਡਰੈਸ ਨਹੀਂ ਕਰਦੇ । ਹਰ ਥਾਂ ਇਹੋ ਕਨਵੈਨਸ਼ਨ ਹੈ ਕਿ ਹੈਡ ਆਫ ਦੀ ਸਟੇਟ ਨੂੰ ਨਾਮ ਲੈਕੇ ਮੁਖਾਤਬ ਨਹੀਂ ਕਰਦੇ.......

**ਸਰਦਾਰ ਲਛਮਣ ਸਿੰਘ ਗਿੱਲ** : ਇਥੇ ਝਗੜਾ ਇਹ ਹੈ ਕਿ ਇਥੇ ਦੋ ਗਵਰਨਰ ਚਲ ਰਹੇ ਹਨ ਇਸ ਲਈ ਨਾਮ ਲੈਣਾ ਪੈਂਦਾ ਹੈ ।

**ਟ੍ਰਾਂਸਪੋਰਟ ਅਤੇ ਚੋਣ ਮੰਤਰੀ** : ਉਹ ਤਾਂ ਸਿਕ ਲੀਵ ਤੇ ਹਨ। ਤੁਸੀਂ ਮਲੋ ਮੱਲੀ ਦੋ ਗਵਰਨਰ ਬਣਾ ਰਹੇ ਹੋ ।

**ਬਾਬੂ ਬਚਨ ਸਿੰਘ** : ਡਿਪਟੀ ਸਪੀਕਰ ਸਾਹਿਬਾ, ਮੈਨੂੰ ਅਫਸੋਸ ਹੈ ਕਿ ਜਿਸ ਸਾਹਿਬ ਵਲੋਂ ਇਹ ਤਵੱਕੁਹ ਸੀ ਕਿ ਉਹ ਹਾਊਸ ਦੀ ਡਿਗਨਿਟੀ ਕਾਇਮ ਰਖਣ ਵਿਚ ਸਹਾਇਕ ਹੋਣਗੇ ਉਨ੍ਹਾਂ ਨੇ ਆਪਣੀ ਇਗਨੋਰੈਂਸ ਦੀ ਵਜ੍ਹਾ ਨਾਲ ਐਸਾ ਸੀਨ ਕਰੀਏਟ ਕੀਤਾ ਜਿਹੜਾ ਨਹੀਂ ਕਰਨਾ ਚਾਹੀਦਾ ਸੀ । ਮੈਂ ਉੱਜਲ ਸਿੰਘ ਕਮੇਟੀ ਦਾ ਜ਼ਿਕਰ ਕਰ ਰਿਹਾ ਸੀ ਜਿਸਦਾ ਜ਼ਿਕਰ ਐਡਰੈਸ ਵਿਚ ਕੀਤਾ ਹੋਇਆ ਹੈ । ਮੇਰਾ ਮਕਸਦ ਗਵਰਨਰ ਸਾਹਿਬ ਦੀ ਜ਼ਾਤ ਡਿਸਕਸ ਕਰਨ ਦਾ ਨਹੀਂ ਹੈ ਅਤੇ ਮੈਂ ਤਾਂ ਸਿਰਫ ਸਰਕਾਰ ਦੀ ਪਾਲੀਸੀ ਤੇ ਪਰੋਗਰਾਮ ਹੀ ਡਿਸਕਸ ਕਰ ਰਿਹਾ ਹਾਂ।

ਇਸ ਲਈ ਅਗਰ ਮੈਂ ਸਰਦਾਰ ਉਜਲ ਸਿੰਘ ਦਾ ਨਾਂ ਉਸ ਕਮੇਟੀ ਦੇ ਸਿਲਸਿਲੇ ਵਿਚ ਇਸਤੇਮਾਲ ਕਰਾਂ ਤਾਂ ਕੋਈ ਨਾਵਾਜਿਬ ਗੱਲ ਨਹੀਂ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਚੀਫ ਪਾਰਲਾਮੈਂਟਰੀ ਸੈਕ੍ਰੇਟਰੀ ਸਾਹਿਬ ਦੀ ਇਨਟਰੱਪਸ਼ਨ ਕਰਨ ਦੀ ਆਦਤ ਬਣ ਚੁਕੀ ਹੈ। ਮੈਂ ਅਰਜ਼ ਕਰ ਰਿਹਾ ਸੀ ਕਿ ਅਗਰ ਸੂਬੇ ਵਿਚ ਬਾਰਿਸ਼ ਹੋ ਜਾਂਦੀ ਹੈ ਅਤੇ ਬਾਰਿਸ਼ ਦੇ ਨਾਲ ਖੇਤੀ ਦੀ ਉਪਜ ਵਧ ਜਾਂਦੀ ਹੈ ਤਾਂ ਉਸ ਦਾ ਕਰੈਡਿਟ ਸਰਕਾਰ ਜਲਦੀ ਦੇ ਨਾਲ ਹਾਸਲ ਕਰਨ ਦੀ ਕੋਸ਼ਿਸ਼ ਕਰਦੀ ਹੈ ਪਰ ਅਗਰ ਬਾਰਿਸ਼ ਨਹੀਂ ਹੁੰਦੀ ਤਾਂ ਉਸ ਨੂੰ ਰਬ ਦਾ ਰਕੋਪ ਸਮਝਦੇ ਹਨ ਅਤੇ ਆਪਣੇ ਆਪ ਨੂੰ ਬੇਬਸ ਸ਼ੋ ਕਰਨ ਦੀ ਕੋਸ਼ਿਸ਼ ਕਰਦੇ ਹਨ। ਸਰਕਾਰ ਇਸ ਚੀਜ਼ ਨੂੰ ਹੋਰ ਡਿਫੈਂਡ ਕਰਨ ਲਈ ਕਹਿੰਦੀ ਹੈ ਕਿ ਅਸੀਂ ਰਬ ਦੇ ਕੰਮਾਂ ਵਿਚ ਦਖਲ ਨਹੀਂ ਦੇ ਸਕਦੇ। (ਵਿਘਨ) ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਜਦੋਂ ਇਹ ਸਰਕਾਰ ਬਣੀ, ਵੈਸੇ ਤਾਂ ਇਹ ਵੀ ਕਾਂਗਰਸ ਦੀ ਸਰਕਾਰ ਸੀ, ਇਸ ਸਰਕਾਰ ਨੇ ਜਿਸ ਡੈਮੋਕਰੈਟਿਕ ਢੰਗ ਦੇ ਨਾਲ ਲੋਕਾਂ ਨੂੰ ਆਸਾਂ ਬੰਨ੍ਹਾਈਆਂ ਸਨ ਅਤੇ ਚੰਗੇ ਕੰਮ ਕਰਨ ਦੀਆਂ ਡੀਂਗਾ ਮਾਰਦੇ ਸਨ ਲੇਕਿਨ ਉਨ੍ਹਾਂ ਨੂੰ ਪੂਰੇ ਨਹੀਂ ਕਰ ਸਕੇ। ਅਗਰ ਉਨ੍ਹਾਂ ਦਾਵਿਆਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦੀ ਅਤੇ ਬਾਅਦ ਵਿਚ ਉਹ ਟੀਚੇ ਪੂਰੇ ਨਾ ਹੁੰਦੇ ਤਾਂ ਵੀ ਅਸੀਂ ਕਹਿ ਸਕਦੇ ਹਾਂ ਕਿ ਸਰਕਾਰ ਨੇ ਆਪਣੇ ਵਲੋਂ ਕੋਈ ਕਸਰ ਨਹੀਂ ਛਡੀ। ਸਾਡੀ ਇਸ ਸਰਕਾਰ ਦੇ ਨਾਲ ਪੂਰੀ ਹਮਦਰਦੀ ਹੋਣੀ ਸੀ। ਇਸ ਸਰਕਾਰ ਨੇ ਵਾਇਦਾ ਕੀਤਾ ਸੀ ਕਿ ਅਸੀਂ ਪੰਜਾਬ ਨੂੰ ਬਹੁਤ ਪ੍ਰਾਸਪਰਸ ਬਣਾਵਾਂਗੇ। ਇਸੇ ਤਰ੍ਹਾਂ ਦਾ ਨਾਰ੍ਹਾ ਅਮਰੀਕਾ ਦੇ ਪ੍ਰੈਜ਼ੀਡੈਂਟ ਜਾਨਸਨ ਨੇ ਲਾਇਆ ਹੈ ਕਿ ਅਮਰੀਕਾ ਵਿਚ ਇਕ ਵਡੀ ਸੋਸਾਇਟੀ ਬਣਾਉਣੀ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਦੋਂ ਕਾਮਰੇਡ ਰਾਮ ਕਿਸ਼ਨ ਚੀਫ ਮਨਿਸਟਰ ਬਣੇ ਤਦੋਂ ਇਨ੍ਹਾਂ ਨੇ ਇਕ ਬਿਆਨ ਦਿਤਾ ਸੀ। ਉਸ ਦਾ ਕੁਝ ਹਿੱਸਾ ਹਾਊਸ ਵਿਚ ਪੜ੍ਹਨਾ ਚਾਹੁੰਦਾ ਹਾਂ।

Wedded to the Principles of democratic socialism, our Government shall make a determined effort..

**चौधरी देवी लाल:** आन ए प्वायंट आफ आर्डर, मैडम। क्या हाउस में कोई आनरेबल मैम्बर मुख्य मंत्री की तरह पढ़ सकता है? क्या उन की आवाज़ की नकल कर सकता है?

**उपाध्यक्षा :** वह उन की नकल नहीं कर रहे हैं बल्कि उन की स्पीच के कुछ हिस्से को पढ़ कर सुना रहे हैं।

(The hon. Member is not immitating but reading out certain excerpts from the Address)

**ਬਾਬੂ ਬਚਨ ਸਿੰਘ :** ਡਿਪਟੀ ਸਪੀਕਰ ਸਾਹਿਬਾ, ਮੈਂ ਤਾਂ ਉਨ੍ਹਾਂ ਦੀ ਸਪੀਚ ਦੇ ਕੁਝ ਐਬਸਟਰੈਕਟ ਪੜ੍ਹ ਰਿਹਾ ਹਾਂ—

I was quoting, Madam,

> "Our Government shall make a determined effort to make that social and economic order in which essential requirements of food, housing, education and health of our people are satisfied......'

ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਡੇ ਸੂਬੇ ਦੇ ਗਵਰਨਰ ਬੀਮਾਰ ਹਨ। ਰਬ ਉਨ੍ਹਾਂ ਉਤੇ ਰਹਿਮ ਕਰੇ। ਉਨ੍ਹਾਂ ਨੇ ਆਪਣੇ ਐਡਰੈਸ ਵਿਚ ਕਿਹਾ ਸੀ ਕਿ ਲੋਕ ਰਾਜੀ ਸਮਾਜਵਾਦ ਦਾ ਸਿਧਾਂਤ ਮੇਰੀ ਸਰਕਾਰ ਦਾ ਆਦਰਸ਼ ਹੈ। ਇਸ ਨੇ ਅਜਿਹੇ ਸਮਾਜਕ ਤੇ ਆਰਥਕ ਢਾਂਚੇ ਦੀ ਬੁਨਿਆਦ ਰੱਖਣ ਦਾ ਪੁਰਜ਼ੋਰ ਯਤਨ ਕੀਤਾ ਹੈ, ਜਿਸ ਵਿਚ ਇਸ ਰਾਜ ਦੇ ਵਸਨੀਕ ਦੀਆਂ ਖੁਰਾਕ, ਸਿਖਿਆ ਤੇ ਸਿਹਤ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਹੋ ਜਾਣ। ਸਾਡੇ ਇਸ ਉਦਮ ਵਿਚ ਕਈ ਪ੍ਰਕਾਰ ਦੀਆਂ ਸਰਗਰਮੀਆਂ ਸ਼ਾਮਲ ਹਨ, ਪਰ ਇਨ੍ਹਾਂ ਸਾਰੀਆਂ ਦਾ ਮੂਲ ਮਨੋਰਥ ਇਹੋ ਹੀ ਹੈ ਕਿ ਅਜਿਹਾ ਸਮਾਜਵਾਦੀ ਨਿਜ਼ਾਮ ਕਾਇਮ ਕੀਤਾ ਜਾਵੇ ਜਿਸ ਵਿਚ ਇਸ ਰਾਜ ਦੇ ਸਾਰੇ ਨਾਗਰਿਕ ਭਾਈਵਾਲ ਹੋਣ ਅਤੇ ਜਿਸ ਉਤੇ ਅਸੀਂ ਸਾਰੇ ਮਾਣ ਕਰ ਸਕੀਏ।

ਡਿਪਟੀ ਸਪੀਕਰ ਸਾਹਿਬਾ, ਜਦੋਂ ਅਸੀਂ ਇਨ੍ਹਾਂ ਦੇ ਕੰਮਾਂ ਦੀ ਜਾਂਚ ਪੜਤਾਲ ਕੀਤੀ ਤਦੋਂ ਪਤਾ ਲਗਾ ਕਿ—ਇਨ੍ਹਾਂ ਦੀ ਹਾਲਤ ਇਹ ਹੈ ਕਿ—

ਬਹੁਤ ਸ਼ੋਰ ਸੁਨਤੇ ਥੇ ਪਹਿਲੂ ਮੇਂ ਦਿਲ ਕਾ,<br>ਜੋ ਚੀਰਾ ਤੋਂ ਇਕ ਕਤਰਾਏ ਖੂੰ ਕਾ ਨਿਕਲਾ।

ਡਿਪਟੀ ਸਪੀਕਰ ਸਾਹਿਬਾ, ਸਾਡੀ ਸਰਕਾਰ ਬਹੁਤ ਡੀਂਗਾ ਮਾਰਦੀ ਸੀ। ਇਹ ਕਹਿੰਦੀ ਸੀ ਕਿ ਪੰਜਾਬ ਇਕ ਅਜਿਹਾ ਸੂਬਾ ਹੈ ਕਿ ਸਾਰੇ ਦੇਸ਼ ਦੀ ਖੁਰਾਕ ਦਾ ਭਾਰ ਝੱਲੇਗਾ। ਸਾਡੀ ਸਰਕਾਰ ਨੇ ਪੰਜਾਬ ਆਨ ਦੀ ਮਾਰਚ' ਵਿਚ ਲਿਖਿਆ ਹੈ ਕਿ ਤੀਜੇ ਪੰਜ ਸਾਲਾ ਪਲੈਨ ਦੇ ਸ਼ੁਰੂ ਵਿਚ 60 ਲਖ ਟਨ ਅਨਾਜ ਪੈਦਾ ਹੁੰਦਾ ਸੀ। ਫਿਰ ਇਸ ਨੂੰ ਵਧਾ ਕੇ ਪੰਜਾਂ ਸਾਲਾ ਵਿਚ 63 ਲੱਖ ਟਨ, 66 ਲੱਖ ਟਨ, 70 ਲੱਖ ਟਨ, 74 ਲੱਖ ਟਨ ਅਤੇ 78 ਲੱਖ ਟਨ ਅਨਾਜ ਪੈਦਾ ਕਰਾਂਗੇ। ਮੈਂ ਤਾਂ ਸਰਕਾਰ ਦੇ ਆਂਕੜੇ ਦਸ ਰਿਹਾ ਹਾਂ। ਮੈਂ ਆਪਣੇ ਕੋਲੋਂ ਫਿਗਰਜ਼ ਨਹੀਂ ਦੇ ਰਿਹਾ ਹਾਂ। ਇਸ ਦੇ ਬਾਰੇ ਸਰਕਾਰ ਦੀ ਹਾਲਤ ਇਹ ਸੀ। 1960-61 ਵਿਚ 63, 77,000 ਟਨ ਫੂਡ ਗਰੇਨਜ਼ ਪੈਦਾ ਹੋਈ। 1961-62 ਵਿਚ 64,48,000 ਟਨ ਅਨਾਜ, ਪੈਦਾ ਹੋਇਆ, ਲੇਕਿਨ ਜਦੋਂ ਇਹ ਕਾਂਗਰਸ ਸਰਕਾਰ ਤੀਜੀ ਅਸੈਂਬਲੀ ਦੀ ਚੋਣ ਦੇ ਬਾਅਦ ਬਣੀ ਤਾਂ ਸੂਬੇ ਵਿਚ ਅਨਾਜ ਦੀ ਪੈਦਾਵਾਰ ਘਟ ਗਈ। ਉਸ ਦੇ ਆਂਕੜੇ ਹਾਊਸ ਵਿਚ ਪੇਸ਼ ਕਰਨਾ ਚਾਹੁੰਦਾ ਹਾਂ।

1962-63 ਵਿਚ 59,32,000 ਲਖ ਟਨ, ਅਨਾਜ ਅਤੇ 1963-64 ਵਿਚ 57,32,000 ਲੱਖ ਟਨ ਅਨਾਜ ਪੈਦਾ ਹੋਇਆ। ਪਿਛਲੇ ਸਾਲ ਸਰਦਾਰ ਦਰਬਾਰਾ ਸਿੰਘ ਅਤੇ ਕਾਮਰੇਡ ਰਾਮ ਕਿਸ਼ਨ ਨੇ ਕਿਹਾ ਸੀ ਅਸੀਂ 69 ਲੱਖ ਟਨ ਅਨਾਜ ਪੈਦਾ ਕੀਤਾ ਹੈ। ਅਸੀਂ 21 ਫੀ ਸਦੀ ਜਿਆਦਾ ਪੈਦਾਵਾਰ ਵਧਾਈ ਹੈ। (ਵਿਘਨ)

**ਚੀਫ ਪਾਰਲੀਮੈਂਟਰੀ ਸੈਕਟਰੀ :** 1964-65 ਦੀਆਂ ਫਿਗਰਜ਼ ਵੀ ਦਸ ਦਿੱਤੀਆਂ ਜਾਣ।

**ਬਾਬੂ ਬਚਨ ਸਿੰਘ :** ਅਗਰ ਚੀਫ ਪਾਰਲੀਆਮੈਂਟਰੀ ਸੈਕੇਟਰੀ ਸਾਹਿਬ ਇੰਟਰੱਪਟ ਨਾ ਕਰਨਗੇ ਤਾਂ ਹੋਰ ਕੌਣ ਇੰਟਰੱਪਟ ਕਰੇਗਾ। ਇਹ ਚੀਫ ਮਨਿਸਟਰ ਸਾਹਿਬ ਦੇ ਬਹੁਤ ਅਜ਼ੀਜ਼ ਹਨ। ਮੈਨੂੰ ਇਕ ਗਲ ਯਾਦ ਆ ਗਈ ਹੈ। ਇਕ ਜਗ੍ਹਾ ਸਾਰੀ ਰਾਤ ਹੀਰ ਗਾਈ ਜਾ ਰਹੀ ਸੀ। ਉਥੇ ਇਕ ਆਦਮੀ ਸੌਂ ਗਿਆ। ਜਦੋਂ ਸਵੇਰੇ ਉਸ ਦੀ ਅੱਖ ਖੁਲ੍ਹੀ ਤਾਂ ਉਸ ਨੇ ਕਿਹਾ ਕਿ ਹੀਰ ਦਾ ਵੀ ਇਕ ਟੱਪਾ ਹੋ ਜਾਵੇ। ਚੀਫ ਪਾਰਲੀਮੈਂਟਰੀ ਸੈਕਰੇਟਰੀ ਦੀ ਇਹੋ ਹਾਲਤ ਹੈ। (ਵਿਘਨ)

**ਚੀਫ ਪਾਰਲੀਮੈਂਟਰੀ ਸੈਕਰੇਟਰੀ :** ਡਿਪਟੀ ਸਪੀਕਰ ਸਾਹਿਬਾ, ਬਾਬੂ ਜੀ ਦੀ ਰਿਡੀਕੂਲ ਕਰਨ ਦੀ ਆਦਤ ਬਣ ਚੁਕੀ ਹੈ, ਉਨ੍ਹਾਂ ਨੇ 1964-65 ਦੇ ਫਿਗਰਜ਼ ਨਹੀਂ ਦਸੇ। ਤੁਸੀਂ ਇਹ ਚੀਜ਼ ਪ੍ਰੋਸੀਡਿੰਗਜ਼ ਵਿਚੋਂ ਚੈੱਕ ਕਰ ਸਕਦੇ ਹੋ।

**उपाध्यक्षा :** आप आनरेबल मैम्बर को इन्ट्रप्ट न करें। हर एक बात का जवाब देने की जरूरत नहीं होती। (The hon. Chief Parliamentary Secretary need not interrupt the hon. Member. It is not necessary to reply to every point)

**Pandit Chiranji Lal Sharma :** Can any Member of the House, even from the Treasury Benches, interfere like this, by asking an honourable Member to speak according to his wishes ?

**उपाध्यक्षा :** अगर आप मेरी रूलिंग को पहले सुन लेते तो आप को यह प्वायंट आफ आर्डर रेज़ करने की जरूरत महसूस न होती। मैं ने पहले कह दिया कि चीफ पार्लियामेंटरी सैक्रेटरी को इन्ट्रप्शन इन्वाइट नहीं करनी चाहिए। (If the hon Member had cared to listen to my ruling, he would not have felt any necessity for raising this point of order. I have already stated that the Chief Parliamentary Secretary should avoid inviting any interruptions.)

**ਬਾਬੂ ਬਚਨ ਸਿੰਘ :** ਡਿਪਟੀ ਸਪੀਕਰ ਸਾਹਿਬਾ, ਮੈਂ ਆਪਣੇ ਕੋਲੋਂ ਫਿਗਰਜ਼ ਨਹੀਂ ਪੇਸ਼ ਕਰ ਰਿਹਾ ਸਗੋਂ ਸਰਕਾਰ ਦੇ ਦਿੱਤੇ ਫਿਗਰਜ਼ ਨੂੰ ਕੋਟ ਕਰ ਰਿਹਾ ਹਾਂ। ਇਹ ਸਰਕਾਰ ਡੀਂਗਾ ਮਾਰਦੀ ਹੈ ਕਿ ਅਸੀਂ ਖੇਤੀ ਦੀ ਪੈਦਾਵਾਰ ਪਿਛਲੇ ਸਾਲਾਂ ਨਾਲੋਂ ਜ਼ਿਆਦਾ ਵਧਾ ਦਿਆਂਗੇ ਪਰ ਜਦ ਤੋਂ ਇਹ ਮਨਹੂਸ ਸਰਕਾਰ ਬਣੀ ਹੈ ਤਦ ਤੋਂ ਅਨਾਜ ਦੀ ਪੈਦਾਵਾਰ ਘੱਟ ਗਈ ਹੈ। ਇਸ ਦਾ ਕਾਰਨ ਹੈ ਕਿ ਇਹ ਸਰਕਾਰ ਨਲਾਇਕ ਹੈ। ਇਸ ਲਈ ਇਹ ਟਾਰਗੇਟ ਪੂਰੇ ਨਹੀਂ ਕਰ ਸਕਾ ਜੇ ਇਸ ਦੀ ਥਾਂ ਤੇ ਕੋਈ ਲਾਇਕ ਸਰਕਾਰ ਹੁੰਦ ਤਾਂ ਇਸ ਨੂੰ ਜ਼ਰੂਰ ਪੂਰਾ ਕਰਦੀ। ਪਿਛਲੇ ਸਾਲ ਦੇ ਗਵਰਨਰ ਦੇ ਭਾਸ਼ਨ ਵਿਚ ਇਸ ਬਾਰੇ ਜ਼ਿਕਰ ਆਇਆ ਉਹ ਮੈਂ ਹਾਊਸ ਵਿਚ ਪੜ੍ਹਨਾ ਚਾਹੁੰਦਾ ਹਾਂ—

> 'ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜ਼ਰਾਇਤੀ ਪੈਦਾਵਾਰ ਵਿੱਚ ਵਾਧਾ, ਵਧ ਰਹੀਆਂ ਕੀਮਤਾਂ ਨੂੰ ਰੋਕਣ ਲਈ ਕਾਰਗਰ ਉਪਾ ਹੈ। ਇਸ ਲਈ ਖੇਤੀਬਾੜੀ ਦੀ ਉਨਤੀ ਵੱਲ ਮੇਰੀ ਸਰਕਾਰ ਵਿਸ਼ੇਸ਼ ਧਿਆਨ ਦਿੰਦੀ ਰਹੀ ਹੈ, ਅਤੇ ਰਪੋਟ ਅਧੀਨ ਸਾਲ ਦੇ ਦੌਰਾਨ ਜ਼ਰਾਇਤੀ ਖੇਤਰ ਵਿੱਚ ਜੋ ਤਰੱਕੀ ਹੋਈ ਹੈ, ਉਹ ਕਾਫੀ ਤਸੱਲੀਬਖਸ਼ ਹੈ।'

ਉਨ੍ਹਾਂ ਨੇ ਤਸਲੀਮ ਕੀਤਾ ਸੀ ਕਿ ਪ੍ਰਾਇਸਿਜ਼ ਨੂੰ ਸਟੇਬਲ ਰਖਣ ਲਈ ਖੇਤੀ ਦੀ ਪੈਦਾਵਾਰ ਵਧਾਉਣ ਦੀ ਲੋੜ ਹੈ। ਲੇਕਿਨ ਇਸ ਸਰਕਾਰ ਨੇ ਇਸ ਗਲ ਵਲ ਧਿਆਨ ਨਹੀਂ ਦਿਤਾ। ਇਹ ਸਰਕਾਰ ਨਾਲਾਇਕ

ਹੈ ਕਿਉਂਕਿ ਇਹ ਆਪਣੇ ਮਿਥੇ ਹੋਏ ਟੀਚੇ ਪੂਰੇ ਨਹੀਂ ਕਰ ਸਕੀ। ਇਸ ਦਾ ਕਾਰਨ ਇਹ ਹੈ ਕਿ ਗੁੜਗਾਵਾਂ ਡਿਸਟ੍ਰਿਕਟ, ਜਿਹੜਾ ਕਿ ਮੇਰਾ ਡਿਸਟ੍ਰਿਕਟ ਨਹੀਂ ਹੈ ਲੇਕਿਨ ਪੰਜਾਬ ਦਾ ਹਰ ਡਿਸਟ੍ਰਿਕਟ ਮੇਰਾ ਅਪਣਾ ਹੀ ਹੈ, ਉਸ ਵਿਚ ਸੰਨ 1962 ਦੇ ਚਾਈਨਾ ਐਗਰੈਸ਼ਨ ਤੋਂ ਬਾਅਦ ਇਕ ਉਹ ਨਹਿਰ ਜਿਸ ਉਤੇ ਸਰਕਾਰ ਦਾ ਤਕਰੀਬਨ ਦੋ ਕਰੋੜ ਰੁਪਿਆ ਖਰਚ ਹੋ ਚੁਕਿਆ ਹੋਇਆ ਸੀ, ਵਿਚਾਲੇ ਛਡ ਦਿੱਤੀ ਗਈ, ਉਸ ਨੂੰ ਅਧੂਰਾ ਛਡ ਕੇ ਸਾਰਾ ਰੁਪਿਆ ਫਜ਼ੂਲ ਜਾਣ ਦੀ ਇਜਾਜ਼ਤ ਦੇ ਦਿੱਤੀ ਔਰ ਉਸ ਦੇ ਕਾਰਨ ਉਥੋਂ ਦੇ ਜ਼ਿਮੀਂਦਾਰਾਂ ਨੂੰ ਅਜ ਜੋ ਨੁਕਸਾਨ ਪਹੁੰਚ ਰਿਹਾ ਹੈ ਕਾਲ ਦੀ ਵਜ੍ਹਾ ਕਰਕੇ, ਉਹ ਨੁਕਸਾਨ ਪਹੁੰਚਾਉਣ ਦੀ ਇਜਾਜ਼ਤ ਦੇ ਦਿੱਤੀ ਗਈ। ਅਗਰ ਵੇਲੇ ਸਿਰ ਗੁੜਗਾਵਾਂ ਕੈਨਾਲ ਠੀਕ ਤਿਆਰ ਹੋਈ ਹੁੰਦੀ, ਐਕਾਰਡਿੰਗ ਟੂ ਸ਼ੈਡੂਲ ਕੰਮ ਹੋਇਆ ਹੁੰਦਾ ਤਾਂ ਕੋਈ ਵਜ੍ਹਾ ਨਹੀਂ ਸੀ ਕਿ ਇਹ ਨਹਿਰ ਸੰਨ 1963 ਵਿਚ ਹੀ ਕਿਉਂ ਨਾ ਤਿਆਰ ਹੋ ਗਈ ਹੁੰਦੀ। ਅਗਰ ਸੰਨ 1963 ਵਿਚ ਉਹ ਨਹਿਰ ਮੁਕੰਮਲ ਹੋ ਗਈ ਹੁੰਦੀ ਤਾਂ ਅਜ ਗੁੜਗਾਵਾਂ ਦੇ ਲੋਕਾਂ ਨੂੰ ਕਾਲ ਦਾ ਸਾਹਮਣਾ ਨਾ ਕਰਨਾ ਪੈਂਦਾ।

ਇਕ ਹੋਰ ਗੱਲ ਇਸ ਨਾਲਾਇਕ ਸਰਕਾਰ ਦੇ ਮੁਤਅਲੱਕ ਇਹ ਹੈ ਕਿ ਇਸ ਵਕਤ ਇਸ ਗੱਲ ਦਾ ਰੋਣਾ ਰੋਇਆ ਜਾ ਰਿਹਾ ਹੈ, ਵਾਵੇਲਾ ਕੀਤਾ ਜਾ ਰਿਹਾ ਹੈ ਕਿ ਭਾਖੜਾ ਡੈਮ ਦੇ ਗੋਬਿੰਦ ਸਾਗਰ ਵਿਚ ਪਾਣੀ ਨਹੀਂ ਹੈ। ਇਹੋ ਜਿਹੇ ਚਾਨਸਿਜ਼ ਹਮੇਸ਼ਾ ਦੁਨੀਆਂ ਵਿਚ ਆਉਂਦੇ ਹਨ ਜਦ ਕਦੇ ਤਾਂ ਜ਼ਿਆਦਾ ਪਾਣੀ ਬਰਸਦਾ ਹੈ ਅਤੇ ਕਦੇ ਪਾਣੀ ਘਟ ਬਰਸਦਾ ਹੈ। ਅਕਲਮੰਦ ਗੌਰਮੈਂਟਾਂ ਨੂੰ, ਮੁਲਕ ਦੇ ਇੰਜੀਨੀਅਰਜ਼ ਅਤੇ ਐਕਸਪਰਟਸ ਨੂੰ ਪਤਾ ਹੁੰਦਾ ਹੈ ਕਿ ਹਾਈਡਲ ਇਲੈਕਟ੍ਰੀਸਿਟੀ ਜੋ ਹੈ ਉਸ ਦੇ ਨਾਲ ਨਾਲ, ਸਾਈਡ ਬਾਈ ਸਾਈਡ ਥਰਮਲ ਪਲਾਂਟਸ ਦਾ ਹੋਣਾ ਵੀ ਜ਼ਰੂਰੀ ਹੁੰਦਾ ਹੈ। ਮਗਰ ਸਾਡੀ ਕਿਤਨੀ ਬਦਕਿਸਮਤੀ ਹੈ ਕਿ ਇਸ ਗੌਰਮੈਂਟ ਨੇ ਇਸ ਪੱਖ ਵੱਲ ਬਿਲਕੁਲ ਕੋਈ ਧਿਆਨ ਨਹੀਂ ਦਿੱਤਾ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਸਾਰਾ ਪੰਜਾਬ ਅੱਜ ਬਿਲਬਲਾ ਰਿਹਾ ਹੈ। ਅਗਰ ਇਸ ਗੌਰਮੈਂਟ ਨੇ ਹਾਈਡਲ ਇਲੈਕਟ੍ਰੀਸਿਟੀ ਦੇ ਨਾਲ ਨਾਲ ਥਰਮਲ ਪਲਾਂਟਸ ਦਾ ਵੀ ਖਿਆਲ ਕੀਤਾ ਹੁੰਦਾ ਤਾਂ ਅੱਜ ਪੰਜਾਬ ਦੇ ਵਿਚ ਨਾ ਹੀ ਪਾਣੀ ਔਰ ਨਾ ਹੀ ਖੁਰਾਕ ਦੀ ਕਿਲੱਤ ਹੁੰਦੀ। ਲੇਕਿਨ ਮੈਨੂੰ ਸਭ ਤੋਂ ਬੜਾ ਦੁਖ ਇਹ ਹੈ ਕਿ ਇਸ ਗੌਰਮੈਂਟ ਨੇ ਆਪਣੀ ਬੇਵਕੂਫੀ ਦੇ ਨਾਲ ਜੋ ਵੀ ਬੁਰਾਈ ਇਸ ਸੂਬੇ ਦੇ ਵਿਚ ਆ ਸਕਦੀ ਸੀ ਉਸ ਨੂੰ ਲਿਆਉਣ ਦੀ ਕੋਸ਼ਿਸ਼ ਕੀਤੀ, ਉਸ ਦਾ ਕਾਰਨ ਬਣੀ। ਤੁਸੀਂ ਵੇਖੋ ਕਿ ਭਾਖੜੇ ਦੇ ਨਾਲ ਜਿਹੜਾ ਫਰਟੇਲਾਈਜ਼ਰ ਦਾ ਕਾਰਖਾਨਾ ਹੈ ਉਹ ਕਿਸ ਤਰ੍ਹਾਂ ਬੰਦ ਪਿਆ ਹੈ। ਜਿਹੜਾ ਕਾਰਖਾਨਾ 1,72,000 k.w. ਬਿਜਲੀ ਇਸਤੇਮਾਲ ਕਰਦਾ ਸੀ ਉਸ ਦੀ ਬਿਜਲੀ ਘਟਾ ਕੇ 70,000 k.w. ਕਰ ਦਿੱਤੀ ਗਈ ਹੈ। ਉਸ ਦੇ ਨਾਲ ਇਹ ਹਾਲਤ ਪੈਦਾ ਹੋ ਗਈ ਹੈ ਕਿ ਸਾਰੇ ਪੰਜਾਬ ਵਿਚ ਅਗਲੇ ਸਾਲ ਫਰਟੇਲਾਈਜ਼ਰ ਦੇ ਮਿਲਣ ਵਿਚ ਉਹ ਘਾਟਾ ਆਵੇਗਾ ਕਿ ਜਿਸ ਦਾ ਕੋਈ ਠਿਕਾਨਾ ਨਹੀਂ। ਇਸ ਤੋਂ ਅਲਾਵਾ ਜਿਸ ਗਲ ਉਤੇ ਮੈਂ ਜ਼ਿਆਦਾ ਜ਼ੋਰ ਦੇਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਪੰਜਾਬ ਦੇ ਵਿਚ ਅਜ ਅਨਐਂਪਲਾਏਮੈਂਟ ਇਤਨੀ ਹੈ, ਬੇਰੁਜ਼ਗਾਰੀ ਇਤਨੀ ਹੈ ਕਿ ਜਿਸ ਦੀ ਮਿਸਾਲ ਨਹੀਂ ਮਿਲਦੀ। ਕਿਸੇ ਜ਼ਮਾਨੇ ਵਿਚ ਅਸੀਂ ਕਹਿ ਸਕਦੇ ਸੀ ਕਿ ਅੰਗਰੇਜ਼ੀ ਰਾਜ ਦਾ ਕਸੂਰ ਹੈ। ਲੇਕਿਨ ਅਜ 18 ਸਾਲਾਂ ਦੀ ਹਕੂਮਤ ਤੋਂ ਬਾਅਦ ਅਤੇ ਸੰਨ 1966 ਵਿਚ ਦਾਖਲ ਹੋ ਕੇ ਜਦ ਅਸੀਂ ਆਜ਼ਾਦੀ ਦੇ 19ਵੇਂ ਵਰ੍ਹੇ ਵਿਚ ਜਾ ਰਹੇ ਹਾਂ ਤਾਂ ਇਸ ਸਰਕਾਰ ਲਈ ਕੋਈ ਬਹਾਨਾ ਨਹੀਂ ਹੈ ਕਿ ਪੰਜਾਬ ਦੇ ਲੋਕ ਬੇਰੁਜ਼ਗਾਰੀ ਦੇ ਕਾਰਨ ਭੁੱਖੇ ਮਰਨ, ਬੇਰੁਜ਼ਗਾਰ ਮਾਰੇ ਮਾਰੇ ਫਿਰਨ। ਇਸ ਸਰਕਾਰ ਨੇ ਇਕ ਹੋਰ ਕੰਮ ਕੀਤਾ ਹੈ। ਉਹ ਇਹ ਕਿ ਤਮਾਮ ਮਹਿਕਮਿਆਂ ਵਿਚ ਨਾਂ ਸਿਰਫ ਨਵੀਂ ਭਰਤੀ ਬੰਦ ਕਰ ਦਿੱਤੀ ਹੈ ਬਲਕਿ ਪੁਰਾਣੇ ਕਰਮਚਾਰੀਆਂ ਦੀ ਵੀ ਕਾਂਟੀ ਛਾਂਟੀ ਸ਼ੁਰੂ ਕਰ ਦਿੱਤੀ ਹੈ। ਮੇਰੇ ਕੋਲ ਪਰਸੋਂ ਇਕ ਮਹਿਕਮੇ ਦੇ ਮੁਲਾਜ਼ਮ ਆਏ। ਉਨ੍ਹਾਂ ਨੇ ਕਿਹਾ ਕਿ ਹਜ਼ਾਰਾਂ ਆਦਮੀਆਂ ਦੀ ਗਿਣਤੀ ਵਿਚ ਸਾਨੂੰ ਨੋਟਿਸ ਮਿਲੇ ਹਨ ਕਿ ਤੁਹਾਡੀਆਂ ਸਰਵਿਸਿਜ਼ 28 ਫਰਵਰੀ, 1966 ਤੋਂ ਟਰਮੀਨੇਟ ਕਰ ਦਿੱਤੀਆਂ ਗਈਆਂ ਹਨ। ਦੂਜੇ ਮਹਿਕਮੇ ਦੇ ਲੋਕ ਆਏ—ਉਨ੍ਹਾਂ ਨੇ ਵੀ ਕਿਹਾ ਕਿ ਸਾਨੂੰ ਨੋਟਿਸ ਮਿਲ ਗਏ ਹਨ। ਇਸ ਸਰਕਾਰ ਦੀ ਪਿਛਲੇ 18 ਸਾਲਾਂ ਦੀ ਕਾਮਯਾਬੀ ਦਾ ਨਤੀਜਾ ਇਹ

[ਬਾਬੂ ਬਚਨ ਸਿੰਘ]

ਹੈ ਕਿ ਇਹ ਸਰਕਾਰ ਅਜ ਅਪਣੇ ਹਜ਼ਾਰਾਂ ਕਰਮਚਾਰੀਆਂ ਨੂੰ ਜਵਾਬ ਦੇ ਰਹੀ ਹੈ ਕਿ ਤੁਹਾਡੇ ਵਾਸਤੇ ਅਜ ਸਰਕਾਰ ਦੇ ਘਰ ਵਿਚ ਕੋਈ ਜਗ੍ਹਾ ਨਹੀਂ। ਮੈਂ ਪੁਛਦਾ ਹਾਂ ਕਿ ਕੀ ਕਸੂਰ ਕੀਤਾ ਹੈ ਉਨ੍ਹਾਂ ਨੇ ? ਕਈਆਂ ਨੂੰ ਪੰਦਰਾਂ ਪੰਦਰਾਂ ਸਾਲ, ਕਈਆਂ ਨੂੰ ਦਸ ਦਸ ਸਾਲ, ਕਈਆਂ ਨੂੰ ਅੱਠ ਅੱਠ ਸਾਲ ਨੌਕਰੀ ਕਰਦਿਆਂ ਹੋ ਗਏ ਹਨ ਪਰ ਇਤਨੇ ਅਰਸੇ ਦੀ ਨੌਕਰੀ ਕਰਨ ਤੋਂ ਬਾਅਦ ਉਨ੍ਹਾਂ ਨੂੰ ਅਜ ਸਰਵਿਸ ਤੋਂ ਟਰਮੀਨੇਟ ਕਰਨ ਦੇ ਨੋਟਿਸਿਜ਼ ਮਿਲ ਰਹੇ ਹਨ। ਇਕ ਪਾਸੇ ਸਰਕਾਰ ਅਪਣੇ ਮੁਲਾਜ਼ਮਾਂ ਦੀ ਸਰਵਿਸ ਟਰਮੀਨੇਟ ਕਰ ਰਹੀ ਹੈ, ਦੂਜੇ ਪਾਸੇ ਇਸੇ ਪੰਜਾਬ ਦੇ ਵਿਚ ਕਾਰਖਾਨਿਆਂ ਦੀ ਬਿਜਲੀ ਨੂੰ ਘਟਾ ਦਿੱਤਾ ਗਿਆ ਹੈ। ਲੇਕਿਨ ਇਸ ਦੇ ਨਾਲ ਹੀ ਨਾਲ ਆਪਣੇ ਚਹੇਤਿਆਂ ਨੂੰ, ਜਿਨ੍ਹਾਂ ਨਾਲ ਇਨ੍ਹਾਂ ਨੂੰ ਪਿਆਰ ਹੈ, ਜਿਨ੍ਹਾਂ ਨਾਲ ਇਨ੍ਹਾਂ ਦੀ ਮੁਹੱਬਤ ਹੈ ਉਨ੍ਹਾਂ ਨੂੰ ਬਿਜਲੀ ਦੂਜਿਆਂ ਨਾਲੋਂ ਵੀ ਜ਼ਿਆਦਾ ਦਿੱਤੀ ਜਾ ਰਹੀ ਹੈ। ਅਜ ਇਥੇ ਇਕ ਸਵਾਲ ਰੌਨਕ ਸਿੰਘ ਐਂਡ ਕੰਪਨੀ ਬਾਰੇ ਆਇਆ। ਰੌਨਕ ਸਿੰਘ ਨਾਲ, ਜਿਸ ਦੀ ਬਾਬਤ ਮੈਂ ਜ਼ਿਆਦਾ ਕੁਝ ਨਹੀਂ ਕਹਿਣਾ ਚਾਹੁੰਦਾ, ਸਰਕਾਰ ਨੂੰ ਬੜਾ ਪਿਆਰ ਹੈ ਉਸ ਨੇ ਗਨੌਰ ਵਿਚ ਟਿਊਬ ਕੰਪਨੀ ਜਾਰੀ ਕੀਤੀ ਹੋਈ ਹੈ। ਪਿਛਲੇ ਮਹੀਨੇ ਵਿਚ 32,000 ਯੂਨਿਟ ਬਿਜਲੀ ਉਸ ਜ਼ਿਆਦਾ ਖਰਚ ਕੀਤੀ। ਉਸ ਦੇ ਮੁਤਅਲੱਕ ਜਵਾਬ ਤਲਬੀਆਂ ਹੋਈਆਂ। ਲੋਕਾਂ ਦੇ ਪਲੱਗ ਖਿਚੇ ਗਏ, ਗਰਿਪਸ ਕੱਢ ਲਏ ਗਏ, ਲੇਕਿਨ ਰੌਣਕ ਸਿੰਘ ਦੀ ਇੰਡਸਟਰੀ ਉਸੇ ਤਰ੍ਹਾਂ ਚਲਦੀ ਰਹੀ ਜਿਸ ਤਰ੍ਹਾਂ ਚਲ ਰਹੀ ਸੀ। ਕਿਉਂ ? ਇਸ ਲਈ ਕਿ ਉਸ ਦੇ ਨਾਲ ਸਰਕਾਰ ਦੇ ਕੁਝ ਵਜ਼ੀਰਾਂ ਦਾ ਤੁਅਲੱਕ ਹੈ, ਇਸ ਲਈ ਕਿ ਉਸ ਦੀਆਂ ਜੇਬਾਂ ਵਿਚ ਪੈਸਾ ਜ਼ਿਆਦਾ ਹੈ। ਜਿਹੜੇ ਪੰਜਾਬ ਵਿਚ ਛੋਟੇ ਇੰਡਸਟ੍ਰੀਲਿਸਟਸ ਹਨ, ਸਮਾਲ ਸਕੇਲ ਇੰਡਸਟ੍ਰੀਲਿਸਟਸ ਹਨ, ਮੈਂ ਜਾਣਦਾ ਹਾਂ ਕਿ ਉਨ੍ਹਾਂ ਦੇ ਕਿਸ ਤਰ੍ਹਾਂ ਗਰਿਪ ਖਿੱਚੇ ਜਾਂਦੇ ਹਨ ਔਰ ਕਿਸ ਤਰ੍ਹਾਂ ਉਨ੍ਹਾਂ ਨੀ ਬਿਜਲੀ ਬੰਦ ਕੀਤੀ ਜਾਂਦੀ ਹੈ। ਮਜ਼ਦੂਰਾਂ ਨਾਲ ਇਸ ਤੋਂ ਜ਼ਿਆਦਾ ਹੋਰ ਜ਼ੁਲਮ ਕੀ ਹੋ ਸਕਦਾ ਹੈ ਕਿ ਜਿਸ ਮਜ਼ਦੂਰ ਨੇ ਕੋਈ ਕਸੂਰ ਨਹੀਂ ਕੀਤਾ, ਮਾਲਿਕ ਦੇ ਕਸੂਰ ਦੀ ਵਜ੍ਹਾ ਕਰਕੇ ਉਸ ਨੂੰ ਬੇਕਾਰ ਕਰ ਦਿੱਤਾ ਗਿਆ ? ਅਜ ਇਸ ਪਾਸੇ ਵਿਚ ਇਕ ਸਿਰੇ ਤੋਂ ਲੈਕੇ ਦੂਜੇ ਸਿਰੇ ਤਕ ਲੋਕ ਬੇਕਾਰ ਹੋ ਰਹੇ ਹਨ—ਸਰਕਾਰ ਦੀ ਬੇਵਕੂਫੀ ਕਰਕੇ ਬੇਕਾਰ ਹੋ ਰਹੇ ਹਨ— ਚਾਹੇ ਉਹ ਸਰਕਾਰੀ ਮੁਲਾਜ਼ਮ ਹਨ, ਚਾਹੇ ਉਹ ਪ੍ਰਾਈਵੇਟ ਮੁਲਾਜ਼ਮ ਹਨ, ਚਾਹੇ ਪਬਲਿਕ ਸੈਕਟਰ ਵਿਚ ਹਨ, ਚਾਹੇ ਪ੍ਰਾਈਵੇਟ ਸੈਕਟਰ ਵਿਚ ਹਨ। ਇਸ ਸਰਕਾਰ ਦੇ ਕੋਲ ਕੋਈ ਵਜ੍ਹਾ ਨਹੀਂ ਹੈ ਕਿ ਹਿੰਦੁਸਤਾਨੀਆਂ ਨੂੰ, ਜਿਹੜਾ ਉਨ੍ਹਾਂ ਦਾ ਰਾਈਟ ਆਫ ਵਰਕ ਹੈ, ਉਸ ਤੋਂ ਮਹਿਰੂਮ ਕਰੇ। ਇਸ ਸਰਕਾਰ ਨੂੰ ਇਸ ਗੱਲ ਦਾ ਜਵਾਬ ਦੇਣਾ ਚਾਹੀਦਾ ਹੈ ਕਿ ਇਸ ਨੇ ਕਿਉਂ ਐਸਾ ਕੀਤਾ ਹੈ। ਕਿਉਂ ਇਸ ਨੇ ਪੰਜਾਬ ਦੇ ਲੋਕਾਂ ਨੂੰ ਭੁਖੇ ਮਾਰਨ ਦਾ ਇਰਾਦਾ ਕੀਤਾ ਹੈ ?

ਮੈਂ ਅਰਜ਼ ਕਰਦਾ ਹਾਂ ਕਿ ਇਸ ਸਰਕਾਰ ਨੇ ਪਿਛਲੇ ਸਾਲ, ਜਦੋਂ ਕਿ ਇਥੇ ਗਵਰਨਰ ਸਾਹਿਬ ਨੇ ਐਡਰੈਸ ਦਿੱਤਾ, ਉਸ ਵੇਲੇ ਇਹ ਕਿਹਾ ਸੀ ਕਿ ਅਸੀਂ ਇਸ ਗੱਲ ਦਾ ਯਤਨ ਕਰ ਰਹੇ ਹਾਂ ਕਿ ਖੁਰਾਕ ਦੀ ਪੈਦਾਵਾਰ ਕਰਨ ਨਾਲ ਕੀਮਤ ਘਟਾਵਾਂਗੇ ਔਰ ਐਸੇ ਹਾਲਾਤ ਪੈਦਾ ਕਰਾਂਗੇ ਕਿ ਮਹਿੰਗਾਈ ਦੇ ਕਾਰਨ ਜਿਹੜੇ ਲੋਕ ਤੜਪ ਰਹੇ ਹਨ ਉਸ ਤੋਂ ਉਨ੍ਹਾਂ ਨੂੰ ਕੁਝ ਨਿਜਾਤ ਮਿਲੇ। ਇਕ ਪਾਸੇ ਤਾਂ ਇਸ ਸਰਕਾਰ ਨੇ ਮਾਰਚ ਵਿਚ ਬਜਟ ਦੇ ਸਮੇਂ ਸਾਨੂੰ ਯਕੀਨ ਦਵਾਇਆ ਸੀ ਕਿ ਕੀਮਤਾਂ ਘਟਾਵਾਂਗੇ। ਦੂਜੇ ਪਾਸੇ ਸਰਕਾਰ ਨੇ ਕਿਹਾ ਕਿ ਪਿਛਲੇ ਸਾਲ ਕਣਕ ਜ਼ਿਆਦਾ ਆਈ ਹੈ। ਇਸ ਲਈ ਕਣਕ ਦੀ ਕੀਮਤ ਡਿਗ ਜਾਣ ਦਾ ਡਰ ਹੈ ਲੇਕਿਨ ਖੁਦ ਸਰਕਾਰ ਦੇ ਅਪਣੇ ਇਕਨਾਮਿਕ ਬਿਉਰੋ ਦੀ ਰਿਪੋਰਟ ਹੈ ਜਿਸ ਵਿਚ ਉਸ ਨੇ ਜੂਨ ਦੇ ਮਹੀਨੇ ਦਾ ਇੰਡੈਕਸ ਦਿੱਤਾ ਹੈ। ਉਨ੍ਹਾਂ ਨੇ ਉਸ ਇੰਡੈਕਸ ਵਿਚ ਕਿਹਾ ਹੈ :—

> "The unweighted general whole sale price Index Number (base October– December), 1949– 100 compiled on the basis of prices of 50 important commodities was 152.1 for the month of June, 1965 against 150.6 for the month of May, 1965. It was 4.1 points higher as compared to the corresponding month of the last year".

ਯਾਨੀ ਜਿਹੜੀ ਸਰਕਾਰ ਇਕ ਪਾਸੇ ਇਹ ਕਹਿੰਦੀ ਸੀ ਕਿ ਅਸੀਂ ਖੁਰਾਕ ਜ਼ਿਆਦਾ ਪੈਦਾ ਕਰਨ ਵਿਚ ਕਾਮਯਾਬ

ਹੋਏ ਹਾਂ, ਮਾਰਚ ਵਿਚ ਖੁਰਾਕ ਦੀ ਹਾਲਤ ਤਸੱਲੀਬਖਸ਼ ਕਹੀ ਸੀ—ਕਿਹਾ ਸੀ ਕਿ ਕੀਮਤਾਂ ਘਟ ਰਹੀਆਂ ਹਨ, ਜੂਨ ਦੇ ਮਹੀਨੇ ਵਿਚ ਜਾਕੇ ਪ੍ਰਾਈਸ ਇੰਡੈਕਸ ਪਿਛਲੇ ਸਾਲ ਨਾਲੋਂ 4.1 ਪੁਆਇੰਟ ਵਧ ਗਿਆ ਔਰ ਇਸ ਸਾਲ ਤਾਂ 160 ਪੁਆਇੰਟ ਤੋਂ ਵੀ ਉਪਰ ਚਲਾ ਗਿਆ ਹੈ। ਉਹ ਸਰਕਾਰ ਅਜ ਕੀਮਤਾਂ ਨੂੰ ਰੋਕ ਨਹੀਂ ਸਕੀ। ਉਹ ਸਰਕਾਰ ਅਜ ਪੈਦਾਵਾਰ ਨੂੰ ਵਧਾ ਨਹੀਂ ਸਕੀ। ਤਾਂ ਇਸ ਸਰਕਾਰ ਨੂੰ, ਜਿਹੜੀ ਇਤਨੀ ਨਾਲਾਇਕ ਰਹੀ ਹੈ, ਅਸੀਂ ਕਿਸ ਤਰ੍ਹਾਂ ਵਧਾਈ ਦੇ ਸਕਦੇ ਹਾਂ ? ਕਿਸ ਤਰ੍ਹਾਂ ਉਸ ਦੇ ਹੱਕ ਵਿਚ ਕੋਈ ਗੱਲ ਕਹਿ ਸਕਦੇ ਹਾਂ ? ਅਜ ਸਾਰਾ ਪੰਜਾਬ ਰੋ ਰਿਹਾ ਹੈ, ਪਿੱਟ ਰਿਹਾ ਹੈ, ਸਾਰੇ ਪੰਜਾਬ ਵਿਚ ਹਾਹਾਕਾਰ ਮਚੀ ਹੋਈ ਹੈ। ਇਨ੍ਹਾਂ ਵਜ਼ੀਰਾਂ ਨੂੰ ਪਤਾ ਹੈ ਕਿ ਕਿਸ ਤਰ੍ਹਾਂ ਪਿਛਲੇ ਸਾਲ ਟੀਚਰਜ਼ ਨੇ ਐਜੀਟੇਸ਼ਨ ਕੀਤੀ, ਕਿਸ ਤਰ੍ਹਾਂ ਸਬਾਰਡੀਨੇਟ ਸਰਵਿਸਿਜ਼ ਨੇ ਐਜੀਟੇਸ਼ਨ ਕੀਤੀ, ਕਿਸ ਤਰ੍ਹਾਂ ਹੋਰ ਮੁਲਾਜ਼ਮਾਂ ਨੇ ਐਜੀਟੇਸ਼ਨ ਕੀਤੀ ਔਰ ਕਿਸ ਤਰ੍ਹਾਂ ਓਵਰਸੀਅਰਜ਼ ਰੋ ਰਹੇ ਹਨ, ਕਿਸ ਤਰ੍ਹਾਂ ਤੁਹਾਡੀ ਜਾਨ ਖਾ ਰਹੇ ਹਨ ? ਇਹ ਸਭ ਕਿਉਂ ? ਇਸ ਲਈ ਕਿ ਇਹ ਕੋਈ ਇਕ ਜਾਂ ਦੂਸਰੀ ਸਰਕਾਰ ਦਾ ਕੰਮ ਨਹੀਂ। ਕਿਤੇ ਕਾਂਗਰਸ ਸਰਕਾਰ ਹੋਵੇ ਅਤੇ ਕਿਸੇ ਦੂਸਰੀ ਸਰਕਾਰ ਹੋਵੇ ਫੇਰ ਤਾਂ ਗੱਲ ਸਮਝ ਵਿਚ ਆ ਸਕਦੀ ਹੈ ਪਰ ਮੁਲਕ ਇਕ ਹੈ ਔਰ ਸਾਰੇ ਮੁਲਕ ਵਿਚ, ਸੂਬਿਆਂ ਵਿਚ ਸਰਕਾਰ ਵੀ ਇਕੋ ਹੀ ਪਾਰਟੀ ਦੀ ਹੈ ਸੈਂਟਰ ਦੀ ਸਰਕਾਰ ਨੇ ਇਕ ਮਿਆਰ ਮੰਨਿਆ ਹੋਇਆ ਹੈ ਕਿ ਜਦ ਮਹਿੰਗਾਈ 10 ਪੁਆਇੰਟ ਵਧ ਜਾਵੇਗੀ ਪੇ ਕਮਿਸ਼ਨ ਦੀ ਰਿਪੋਰਟ ਮੁਤਾਬਕ ਆਟੋਮੈਟੀਕਲੀ ਸਰਕਾਰੀ ਮੁਲਾਜ਼ਮਾਂ ਦੀ ਤਨਖਾਹ ਵਿਚ ਉਨ੍ਹਾਂ ਦੇ ਡੀ. ਏ. ਵਿਚ ਵਾਧਾ ਕਰ ਦੇਵੇਗੀ। ਹੁਣੇ ਹੁਣੇ ਸੈਂਟਰ ਦੀ ਸਰਕਾਰ ਨੇ ਲੋਕਾਂ ਦੀ ਤਨਖਾਹ ਵਿਚ ਵਾਧਾ ਕੀਤਾ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਵਾਧਾ ਕੀਤਾ ਹੈ, ਕਿਸ ਤਰ੍ਹਾਂ ਨਾਲ ਉਨ੍ਹਾਂ ਨੇ ਸਰਕਾਰੀ ਮੁਲਾਜ਼ਮਾਂ ਦਾ ਡੀਅਰਨੈਸ ਅਲਾਉਂਸ ਦਿੱਤਾ ਹੈ। ਲੇਕਿਨ ਮਹਿੰਗਾਈ ਇਤਨੀ ਜ਼ਿਆਦਾ ਹੈ ਕਿ ਇਸ ਦੇ ਬਾਵਜੂਦ ਸੈਂਟਰਲ ਗਵਰਨਮੈਂਟ ਦੇ ਮੁਲਾਜ਼ਮ ਸੈਟਿਸਫਾਈਡ ਨਹੀਂ ਹਨ। ਮਗਰ ਸਾਡੀ ਸਰਕਾਰ ਨੇ ਨਾ ਤੇ ਪਿਛਲੇ ਸਾਲ ਆਪਣੇ ਮੁਲਾਜ਼ਮਾਂ ਨਾਲ ਚੰਗਾ ਸਲੂਕ ਕੀਤਾ, ਥੋੜ੍ਹੀ ਜਿਹੀ ਮਦਦ ਜ਼ਰੂਰ ਕੀਤੀ ਅਤੇ ਨਾ ਹੀ ਇਸ ਐਡਰੈਸ ਵਿਚ ਇਸ ਬਾਰੇ ਕੋਈ ਜ਼ਿਕਰ ਕੀਤਾ ਹੈ ਕਿ ਇਹ ਆਪਣੇ ਮੁਲਾਜ਼ਮਾਂ ਨਾਲ ਇਨਸਾਫ਼ ਕਰੇਗੀ ਅਤੇ ਮਹਿੰਗਾਈ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਰੀਲੀਫ ਦੇਵੇਗੀ।

ਇਕ ਗੱਲ ਮੈਂ ਇਨਡਸਟਰੀ ਬਾਰੇ ਕਹਿਣੀ ਹੈ। ਇਸ ਵੇਲੇ ਇੰਡਸਟ੍ਰੀਲਿਸਟ ਪਾਕਿਸਤਾਨ ਨਾਲ ਹੋਈ ਜੰਗ ਕਰਕੇ ਤਬਾਹ ਹੋ ਚੁਕੇ ਹਨ । ਜ਼ਿਮੀਂਦਾਰ ਵਾਂਗੂ ਇੰਡਸਟਰੀਲਿਸਟ ਨੂੰ ਵੀ ਬੜਾ ਧੱਕਾ ਲਗਾ ਹੈ। ਸਰਦਾਰ ਗੁਰਦਿਆਲ ਸਿੰਘ ਹੋਰੀਂ ਬੈਠੇ ਹਨ, ਇਹ ਜਾਣਦੇ ਹਨ ਕਿ 1957 ਤੋਂ ਮਗਰੋਂ ਅੰਮ੍ਰਿਤਸਰ ਇਕ ਖੁਸ਼ਹਾਲ ਸ਼ਹਿਰ ਬਣ ਗਿਆ ਸੀ ਮਗਰ ਇਸ 1964-65 ਦੀ ਜੰਗ ਮਗਰੋਂ ਇਹ ਮੂੰਹ ਦੇ ਮੂੰਹ ਡਿਗ ਪਿਆ ਹੈ। ਉਥੇ ਦੀ ਇੰਡਸਟਰੀ ਖਤਮ ਹੋ ਰਹੀ ਹੈ, ਮਜ਼ਦੂਰ ਬੇਕਾਰ ਹੋ ਰਹੇ ਹਨ, ਬਿਜਲੀ ਦੀ ਕਮੀ ਹੈ। ਉਹ ਕਹਿੰਦੇ ਨੇ, 'ਮਰੇ ਨੂੰ ਮਾਰੇ ਸ਼ਾਹਮਦਾਰ' ਕਰੈਡਿਟ ਉਨ੍ਹਾਂ ਨੂੰ ਨਹੀਂ ਮਿਲਿਆ, ਮੈਟੀਰੀਅਲ ਨਹੀਂ ਮਿਲਦਾ, ਦੂਜੀਆਂ ਸਟੇਟਸ ਵਿਚ ਉਨ੍ਹਾਂ ਦਾ ਮਾਲ ਨਹੀਂ ਲਗਦਾ। ਜਿਥੋਂ ਤਕ ਇਸ ਮਨਿਸਟਰੀ ਵਲੋਂ ਦਿੱਤੀਆਂ ਗਈਆਂ ਰਿਆਇਤਾਂ ਦਾ ਤੁਅੱਲਕ ਹੈ। ਇਹ ਸਿਰਫ ਬਿਆਨ ਹੀ ਦੇ ਛਡਦੇ ਹਨ। ਇਸ ਨੂੰ ਲੋਕ ਕਹਿੰਦੇ ਹਨ ਕਿ ਇਹ ਰਾਮ ਕਿਸ਼ਨ ਮਨਿਸਟਰੀ ਨਹੀਂ ਬਿਆਨ ਕਿਸ਼ਨ ਮਨਿਸਟਰੀ ਹੈ। ਬਿਆਨਾਤ ਬਹੁਤ ਆਉਂਦੇ ਹਨ ਪਰ ਅਮਲੀ ਤੌਰ ਤੇ ਕੁਝ ਨਹੀਂ ਕੀਤਾ ਜਾਂਦਾ। ਨਤੀਜਾ ਇਹ ਹੈ ਕਿ ਕਿਸੇ ਨੂੰ ਪੁਛ ਲਉ ਇੰਡਸਟਰੀਅਲਿਸਟ ਨੂੰ ਜਾਂ ਮਜ਼ਦੂਰ ਨੂੰ, ਕਿਸੇ ਸ਼ਹਿਰੀ ਨੂੰ ਜਾਂ ਪੇਂਡੂ ਨੂੰ ਆਮ ਆਦਮੀ ਨੂੰ ਜਾਂ ਸਰਕਾਰੀ ਮੁਲਾਜ਼ਮ ਨੂੰ ਕੋਈ ਵੀ ਇਤਮੀਨਾਨ ਨਾਲ ਨਹੀਂ ਕਹਿ ਸਕਦਾ ਕਿ ਇਹ ਸਰਕਾਰ ਚੰਗੀ ਹੈ। ਜਿੰਨਾ ਚਿਰ ਘੋੜੀ ਤੇ ਚੜ੍ਹੀ ਹੋਈ ਹੈ ਚੜੀ ਹੋਈ ਹੈ ਪਰ ਜਿਸ ਦਿਨ ਘੋੜੀ ਨੇ ਭੁੰਜੇ ਸਿਟ ਲਿਆ ਤਾਂ ਦੁਲਤਿਆਂ ਨਾਲ ਕਚੂਮਰ ਕੱਢ ਦੇਣਾ ਹੈ। ਇਕ ਤਰਫ ਇਹ ਸਰਕਾਰ ਬੜੇ ਦਾਅਵੇ ਕਰਦੀ ਹੈ, ਜਿਸ ਤਰ੍ਹਾਂ ਮੈਂ ਪੜ੍ਹਕੇ ਸੁਣਾਇਆ ਹੈ। ਕਿ ਇਹ ਗਰੀਬਾਂ ਦੀ ਬੜੀ ਹਾਮੀ ਹੈ, ਇਸ ਨੇ ਡੈਮੋਕਰੈਟਿਕ ਸੋਸ਼ਲਿਜ਼ਮ ਕਾਇਮ ਕਰਨਾ ਹੈ, ਗਰੀਬਾਂ ਨੂੰ ਉਪਰ ਉਠਾਉਣਾ ਹੈ। ਮੈਂ ਉਸ ਗੱਲ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਜਿਸ ਦਾ ਅੱਜ

[ਬਾਬੂ ਬਚਨ ਸਿੰਘ]

ਸਾਰੇ ਹਿੰਦੁਸਤਾਨ ਵਿਚ ਚਰਚਾ ਹੈ ਅਤੇ ਬਹੁਤ ਹੀ ਜਾਇਜ਼ ਚਰਚਾ ਹੈ। ਇਹ ਸਰਕਾਰ ਅਜ ਗਰੀਬ ਨੂੰ ਰੋਟੀ ਦੇਣ ਲਈ ਤਿਆਰ ਨਹੀਂ ਹੈ, ਇਸ ਜੰਗ ਵਿਚ ਖੇਮਕਰਨ ਅਤੇ ਫ਼ਾਜ਼ਿਲਕਾ ਦੇ ਉਜੜੇ ਹੋਏ ਲੋਕਾਂ ਨੂੰ ਜ਼ਮੀਨ ਦੇਣ ਨੂੰ ਤਿਆਰ ਨਹੀਂ ਮਗਰ ਸਾਰੇ ਹਿੰਦੁਸਤਾਨ ਵਿਚੋਂ ਬਿਰਲੇ ਜਿਹੇ ਕਮਜ਼ੋਰ ਤੋਂ ਕਮਜ਼ੋਰ ਆਦਮੀ ਨੂੰ ਜ਼ਮੀਨ ਦੇ ਕੇ ਤਕੜਾ ਕਰਨਾ ਚਾਹੁੰਦੀ ਹੈ। ਉਸ ਨੇ ਸੀਡਜ਼ ਪੈਦਾ ਕਰਨੇ ਹਨ। ਕੀ ਇਹ ਸੀਡ ਫਾਰਮ ਬਣਾਉਣੇ ਸਰਕਾਰ ਦਾ ਕੰਮ ਨਹੀਂ ਹੈ, ਇਸ ਦੀ ਡਿਊਟੀ ਨਹੀਂ ਹੈ ? ਸਰਕਾਰ ਨੇ ਫਰਟੀਲਾਈਜ਼ਰ ਦੀਆਂ ਕਈ ਫੈਕਟਰੀਆਂ ਲਾਈਆਂ ਹਨ। ਕੀ ਸੀਡ ਫਾਰਮਾਂ ਬਨਾਉਣ ਦਾ ਕੰਮ ਫਰਟੇਲਾਈਜ਼ਰ ਫੈਕਟਰੀਜ਼ ਲਾਉਣ ਨਾਲੋਂ ਵੀ ਜ਼ਿਆਦਾ ਟੈਕਨੀਕਲ ਹੈ। ਗੱਲ ਦਰਅਸਲ ਇਹ ਹੈ ਕਿ ਸਰਕਾਰ ਅਪਣਾ ਫਰਜ਼ ਨਹੀਂ ਨਿਭਾਉਂਦੀ। ਇਸ ਦਾ ਇਕ ਹਥ ਵਡੇ ਆਦਮੀਆਂ ਦੀ ਜੇਬ ਵਿਚ ਹੈ ਅਤੇ ਦੂਜਾ ਆਪਣੀ ਜੇਬ ਵਿਚ। ਉਥੋਂ ਕੱਢ ਕੇ ਉਥੇ ਪਾਈ ਜਾਂਦੀ ਹੈ। ਇਸ ਲਈ ਬਿਰਲਿਆਂ ਨੂੰ ਪਾਲਦੀ ਹੈ, ਥਾਪਰਾਂ ਨੂੰ ਪਾਲਦੀ ਹੈ। ਰੋਜ਼ ਇਥੇ ਜ਼ਿਕਰ ਕਰਦੇ ਹਨ ਕਿ ਅਸੀਂ ਹਿੱਲੀ ਏਰੀਆ ਦੇ ਖੈਰਖਾਹ ਹਾਂ ਮਗਰ ਜਿਸ ਤਰ੍ਹਾਂ ਨਿਯੂਜ਼ਪ੍ਰਿੰਟ ਦੇ ਮਾਮਲੇ ਵਿਚ ਉਨ੍ਹਾਂ ਨਾਲ ਕੀਤੀ ਹੈ ਉਸ ਦੀ ਮਿਸਾਲ ਨਹੀਂ ਮਿਲਦੀ ਇਹ ਸਰਕਾਰ ਥਾਪਰ ਦੀ ਮਦਦ ਕਰਨਾ ਚਾਹੁੰਦੀ ਹੈ। ਕਹਿੰਦੇ ਹਨ ਕਿ ਇੰਡਸਟਰੀ ਦੀ ਤਰੱਕੀ ਕਰ ਰਹੇ ਹਾਂ। ਮਗਰ ਇਹ ਤਰੱਕੀ ਗਰੀਬ ਨੂੰ ਉਚਾ ਉਠਾਉਣ ਲਈ ਹੋਣੀ ਚਾਹੀਦੀ ਹੈ ਨਾਂ ਕੀ ਉਸ ਨੂੰ ਦਬਾਉਣ ਲਈ। ਅਗਰ ਤੁਸੀਂ ਇਸ ਤਰ੍ਹਾਂ ਸਰਕਾਰ ਦੇ ਖਜ਼ਾਨੇ ਤੇ ਡਾਕਾ ਪਾ ਕੇ ਇਹ ਕੰਮ ਕਰਨੇ ਹਨ ਤਾਂ ਤੁਸੀਂ ਕਿਸ ਤਰ੍ਹਾਂ ਸਟੇਟ ਦਾ ਭਲਾ ਕਰ ਸਕਦੇ ਹੋ। ਮੈਨੂੰ ਪਤਾ ਹੈ ਕਿਸ ਤਰ੍ਹਾਂ ਲਕੜੀ ਦਾ ਰੇਟ ਫਿਕਸ ਕੀਤਾ ਗਿਆ ਹੈ। ਟਿੰਬਰ ਬੇਦਰੇਗ ਕਟਿਆ ਜਾਣਾ ਹੈ। ਪਹਾੜੀ ਇਲਾਕੇ ਵਿਚ ਹਾਹਾਕਾਰ ਮਚਿਆ ਹੋਇਆ ਹੈ, ਮਗਰ ਸਰਕਾਰ ਪਰਵਾਹ ਨਹੀਂ ਕਰਦੀ। ਮੈਨੂੰ ਯਾਦ ਆਉਂਦਾ ਹੈ ਕਿ ਆਟਮ ਸੈਸ਼ਨ ਵਿਚ ਤੁਸੀਂ ਇਕ ਕੰਮ ਕਰਨ ਲਗੇ ਸੀ। ਮਗਰ ਪਰਮਾਤਮਾ ਦਾ ਸ਼ੁਕਰ ਹੈ ਕਿ ਆਪੋਜ਼ੀਸ਼ਨ ਦੀ ਹਿੰਮਤ ਨਾਲ ਅਤੇ ਕੁਝ ਕਾਂਗਰਸੀ ਮੈਂਬਰਾਂ ਦੀ ਦਲੇਰੀ ਨਾਲ ਉਹ ਰੁਕ ਗਿਆ। ਤੁਸੀਂ 40 ਲਖ ਰੁਪਿਆ ਉਨ੍ਹਾਂ ਇੰਡਸਟ੍ਰੀਲਿਸਟਾਂ ਨੂੰ ਦੇਣ ਲਗੇ ਸੀ ਜੋ ਸ਼ੂਗਰ ਬਾਹਰ ਭੇਜਦੇ ਹਨ ਅਤੇ ਜੋ ਕਰੋੜਾਂ ਰੁਪਏ ਨਫਾ ਕਮਾਉਂਦੇ ਹਨ। ਤੁਸੀਂ ਕਿਹਾ ਉਹ ਗਰੀਬ ਹਨ ਇਸ ਲਈ 50 ਲਖ ਰੁਪਿਆ ਉਸ ਪੁਰੀ ਨੂੰ ਅਤੇ ਨਾਰੰਗ ਨੂੰ ਦਿੱਤਾ ਜਾਵੇ। ਤੁਸੀਂ ਸਰਕਾਰੀ ਪੈਸੇ ਨਾਲ ਤੁਸੀਂ ਪੁਰੀ, ਨਾਰੰਗ ਅਤੇ ਥਾਪਰ ਦੀ ਮਦਦ ਕਰਦੇ ਹੋ, ਨਥੂ ਖੈਰੇ ਦੀ ਨਹੀਂ। (ਆਪੋਜ਼ੀਸ਼ਨ ਵਲੋਂ ਤਾੜੀਆਂ) ਇਥੇ ਇਕ ਅਸੈਂਬਲੀ ਸਵਾਲ ਸੀ ਰੌਣਕ ਸਿੰਘ ਬਾਰੇ ਕਿ ਉਸ ਨੇ ਗਨੌਰ ਵਿਚ 32,000 ਐਕਸੈਸ ਬਿਜਲੀ ਇਸਤੇਮਾਲ ਕੀਤੀ ਪਰ ਉਸ ਦੇ ਖਿਲਾਫ ਕੋਈ ਐਕਸ਼ਨ ਨਹੀਂ ਲਿਆ। ਅਸਲ ਗੱਲ ਇਹ ਹੈ ਕਿ ਤੁਸੀਂ ਬਿਜਲੀ ਬੋਰਡ ਦਾ ਇਕ ਸਫੈਦ ਹਾਥੀਂ ਪਾਲਿਆ ਹੋਇਆ ਹੈ ਜਿਸ ਨੇ ਪੰਜਾਬ ਦੇ ਨਕ ਵਿਚ ਦਮ ਕੀਤਾ ਹੋਇਆ ਹੈ। ਗਵਰਨਰ ਸਾਹਿਬ ਦੇ ਐਡਰੈਸ ਵਿਚ ਦਾਵਾ ਕੀਤਾ ਗਿਆ ਹੈ ਕਿ ਦੂਜੀ ਪਲੈਨ ਦੇ ਖਾਤਮੇ ਤੇ ਜਿਥੇ 12,000 ਟਿਊਬਵੈਲ ਸਨ ਇਹ ਵਧਕੇ ਤੀਸਰੇ ਪਲੈਨ ਦੇ ਅਖੀਰ ਤੇ 40,000 ਹੋ ਜਾਣਗੇ। ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਕੀ ਦਲੀਲ ਹੈ। ਇਹ ਤਾਂ ਉਹੀ ਗੱਲ ਹੈ ਕਿ ਕੋਈ ਕਹੇ ਕਿ ਆਦਮ ਹਵਾ ਨੰਗੇ ਰਹਿੰਦੇ ਸੀ ਤੇ ਹੁਣ ਤੁਸੀਂ ਕੋਟ ਬੂਟ ਪਾਉਂਦੇ ਹੋ। ਸਵਾਲ ਤਾਂ ਇਹ ਹੈ ਕਿ ਬਿਜਲੀ ਕਿਤਨੀ ਚਾਹੀਦੀ ਹੈ ; ਜਿੰਨੇ ਕੁਨੈਕਸ਼ਨ ਚਾਹੀਦੇ ਹਨ ਉਹ ਦੇਣ ਨੂੰ ਤਿਆਰ ਹੋ ? ਹਾਲਤ ਇਹ ਹੈ ਕਿ ਲੋਕ ਕੁਨੈਕਸ਼ਨ ਲਈ ਤਰਲੇ ਕੱਢਦੇ ਫਿਰਦੇ ਹਨ ਤਾਂ ਵੀ ਨਹੀਂ ਮਿਲਦੇ। ਤੁਹਾਨੂੰ ਪਤਾ ਹੀ ਹੈ ਕਿ ਇਕ ਇਕ ਕੁਨੈਕਸ਼ਨਮ ਮਗਰ ਸੌ ਸੌ ਰੁਪਿਆ ਤਰਦਾ ਹੈ। ਇਹ ਜੋ ਤੁਸੀਂ ਬੋਰਡ ਬਣਾਇਆ ਹੋਇਆ ਹੈ ਇਸ ਦਾ ਅਗਲੇ ਸਾਲ ਦਾ ਬਜਟ 30 ਕਰੋੜ ਰੁਪਏ ਦਾ ਹੋਣਾ ਹੈ ਜੋ ਕਿਸੇ ਵੱਡੀ ਸਟੇਟ ਦੇ ਬਜਟ ਦੇ ਬਰਾਬਰ ਹੈ। ਵਜ਼ੀਰ ਸਾਹਿਬ ਕਹਿੰਦੇ ਹਨ ਕਿ ਸਰਕਾਰ ਤਾਂ ਪਾਲਸੀ ਹੀ ਲੇ ਕਰਦੀ ਹੈ, ਹੋਰ ਕੁਝ ਨਹੀਂ ਇਹ ਬੇਵਸ ਹੈ। ਇਸੇ ਤਰ੍ਹਾਂ ਗਵਰਨਰ ਸਾਹਿਬ ਵੀ ਬੇਬਸ ਹਨ। ਜੋ ਇਨ੍ਹਾਂ ਨੇ ਲਿਖ ਕੇ ਦਿੱਤਾ ਉਹੀ ਪੜ੍ਹ ਦਿਤਾ। ਇਹ ਸਰਕਾਰ ਤਾਂ ਰੌਣਕ ਸਿੰਘ ਵਰਗੇ ਬਲੈਕ ਮਾਰਕਿਟੀਆਂ ਨੂੰ ਪਾਲ੍ਹਦੀ ਹੈ ਜੋ ਕਾਨੂੰਨ ਤੋੜਦੇ ਹਨ। ਗਰੀਬ

ਨੂੰ ਤੇ ਕਿਸਾਨ ਨੂੰ ਤਾਂ ਦਬਾਉਂਦੀ ਹੀ ਹੈ। ਸਰਕਾਰ ਨੇ ਪਿਛਲੇ ਸਾਲ ਕੀ ਕੀਤਾ। ਪਿਛਲੇ ਸਾਲ ਗੰਨੇ ਦੀ ਕਮੀ ਸੀ, ਮਿਲ ਮਾਲਕਾਂ ਨੇ ਕਿਹਾ ਕਿ ਸਾਨੂੰ ਗੰਨਾ ਨਹੀਂ ਮਿਲਦਾ । ਸਰਕਾਰ ਹਰਕਤ ਵਿਚ ਆਈ, ਕਿਸਾਨਾਂ ਦੇ ਚਲਦੇ ਵੇਲਣ ਤੇ ਕੋਹਲੂ ਪੁਟਵਾ ਦਿਤੇ ਤੇ ਕਿਹਾ ਤੁਹਾਨੂੰ ਗੰਨਾਂ ਅਸੀਂ ਜਬਰਦਸਤੀ ਮਿਲਾਂ ਰਾਹੀਂ ਪਹੁੰਚਾਵਾਂਗੇ। ਹੁਣ ਕੀ ਹੋ ਰਿਹਾ ਹੈ, ਹੋਰ ਤਾਂ ਹੋਰ ਕੋਆਪ੍ਰੇਟਿਵ ਮਿਲਾਂ ਵੀ ਆਪਣੇ ਸ਼ੇਅਰਹੋਲਡਰਜ਼ ਦਾ ਗੰਨਾ ਨਹੀਂ ਚੁਕ ਰਹੀਆਂ। ਪੰਜਾਬ ਦਾ ਗੰਨਾਂ ਬੀਜਣ ਵਾਲਾ ਕਿਸਾਨ ਰੋ ਰਿਹਾ ਹੈ। ਫਿਰ ਕੈਸ਼ ਕਰਾਪ ਤੇ ਤੁਸੀਂ ਸੈਸ ਲਾਇਆ ਹੋਇਆ ਹੈ। ਗੰਨਾ ਉਨ੍ਹਾਂ ਦਾ ਕੋਈ ਲੈਂਦਾ ਨਹੀਂ। ਹਾਲਤ ਇਹ ਹੈ ਕਿ ਰੋਮ ਜਲ ਰਿਹਾ ਹੈ ਅਤੇ ਨੀਰੋ ਬੰਸਰੀ ਵਜਾ ਰਿਹਾ ਹੈ।

ਇਕ ਹੋਰ ਗਲ ਮੈਂ ਅਰਜ਼ ਕਰਦਾ ਹਾਂ। ਇਸ ਅੱਜ ਦੇ 'ਟ੍ਰਿਬਯੂਨ' ਅਖਬਾਰ ਵਿਚ ਗੋਪੀ ਚੰਦ ਟੈਕਸਟਾਈਲ ਮਿਲਜ਼ ਲਿਮਿਟਡ' ਦਾ ਇਕ ਇਸ਼ਤਿਹਾਰ ਛਪਿਆ ਹੋਇਆ ਹੈ। ਇਹ ਮਿਲ ਕੋਈ ਅਸਮਾਨ ਤੇ ਨਹੀਂ ਆਈ ਹੈ ਉਸ ਦਾ ਲਾਇਸੰਸ ਗੌਰਮੈਂਟ ਨੇ ਦਿਤਾ। ਲੈਂਡਲਾਰਡਾਂ ਨੂੰ ਫਿਊਡ-ਲਿਸਟਾਂ, ਇੰਡਸਟ੍ਰਿਲਿਸਟਾਂ ਨੂੰ ਵੱਡੇ ਵੱਡੇ ਬਿਜ਼ਨੈਸਮੈਨਾਂ ਨੂੰ ਅਤੇ ਸਮਗਲਰਾਂ ਨੂੰ ਜਿਹੜੇ ਕਿ ਗੌਰਮਿੰਟ ਵਿਚ ਹਿੱਸੇਦਾਰ ਹਨ ਜਿਹੜੇ ਰੂਲਿੰਗ ਪਾਰਟੀ ਦੇ ਮੈਂਬਰ ਹਨ ਅਤੇ ਰਜਵਾੜੇ ਹਨ। ਅਜ ਇਹ ਸਰਕਾਰ ਇਸ ਤਰ੍ਹਾਂ ਦੇ ਕੰਮ ਕਰਦੀ ਹੈ ਅਤੇ ਇਹ ਨਾਂ ਲੈਂਦੀ ਹੈ ਕੁਆਪ੍ਰੇਟਿਵ ਦੇ ਅਤੇ ਨੈਸ਼ਨਾ-ਲਾਇਜ਼ ਕਰਨ ਦੇ, ਇਕ ਕਰਨ ਦੇ ਅਤੇ ਦੂਜੇ ਪਾਸੇ ਦਮ ਭਰਦੇ ਹਨ ਮਨਾਪੋਲਿਸਟਾਂ ਦੇ ਕੈਪੀਟਲਿਸਟਾਂ ਦੇ, ਸਮਗਲਰਾਂ ਦਾ ਅਤੇ ਬਲੈਕ ਮਾਰਕਿਟ ਕਰਨ ਵਾਲਿਆਂ ਦਾ। ਜਿਨ੍ਹਾਂ ਦਾ ਕੰਮ ਸਦਾ ਇਹ ਹੀ ਰਹਿੰਦਾ ਹੈ ਕਿ ਸੁਸਾਇਟੀ ਦਾ ਜੋ ਜੀਵਨ ਹੈ ਉਸ ਨੂੰ ਕਰਬ ਕੀਤਾ ਜਾਵੇ। ਕੀ ਇਹ ਸੋਸਲਿਜ਼ਮ ਦਾ ਕੰਮ ਹੈ ਕਿ ਇਸ ਸਰਕਾਰ ਵਿਚ ਸਾਂਝੀਦਾਰ ਹੋਣ ਸਮਗਲਰ ਕੈਪੀਟੀਲਿਸਟ ਅਤੇ ਬਲੈਕ ਮਾਰਕਿਟੀਅਰਜ਼ (ਵਿਰੋਧੀ ਪੱਖ ਵਲੋਂ ਸ਼ੇਮ ਸ਼ੇਮ)

ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਸੂਬੇ ਵਿਚ ਸਰਕਾਰ ਕਿਸ ਤਰ੍ਹਾਂ ਦਾ ਸੋਸ਼ਲਿਜ਼ਮ ਲਿਆਉਣਾ ਚਾਹੁੰਦੀ ਹੈ, ਮੇਰੇ ਸਾਹਮਣੇ ਅੱਜ ਸਰਦਾਰ ਗੁਰਦਿਆਲ ਸਿੰਘ ਢਿਲੋਂ ਟ੍ਰਾਂਸਪੋਰਟ ਮਨਿਸਟਰ ਬੈਠੇ ਹਨ ਇਹ ਕੀ ਬਲੰਦ ਬਾਂਗ ਦਾਹਵੇ ਕਰਦੇ ਹੁੰਦੇ ਹਨ ਅਤੇ ਪਹਿਲਾਂ ਕਿਸ ਤਰ੍ਹਾਂ ਇਹ ਸ਼ੇਰਾਂ ਵਾਂਗ ਬੜਕਾਂ ਮਾਰਦੇ ਹੁੰਦੇ ਸਨ ਪਰ ਅੱਜ ਬਿਲੀ ਵਾਂਗ ਮਿਆਊਂ ਕਰਦੇ ਹਨ । ਟ੍ਰਾਂਸਪੋਰਟ ਦੇ ਸਬੰਧ ਵਿਚ ਗਵਰਨਰ ਸਾਹਿਬ ਦੇ ਐਡਰੈਸ ਵਿਚ ਇਹ ਕਿਹਾ ਗਿਆ ਹੈ ਕਿ ਪੰਜਾਬ ਰੋਡਵੇਜ਼ ਨੇ ਬਹੁਤ ਐਫੀਸ਼ੰਟ ਕੰਮ ਕੀਤਾ ਹੈ ਅਤੇ ਪਿਛਲੇ 9 ਮਹੀਨਿਆਂ ਵਿਚ 1 ਕਰੋੜ 18 ਲੱਖ ਰੁਪਏ ਤੋਂ ਜ਼ਿਆਦਾ ਦਾ ਮੁਨਾਫਾ ਕਮਾਇਆ ਹੈ ਅਤੇ ਫਿਰ ਇਹ ਕਿਹਾ ਗਿਆ ਹੈ ਕਿ ਇਸ ਰੋਡਵੇਜ਼ ਦੀ ਰਨਿੰਗ ਅਤੇ 98 ਪਸੇ ਫ਼ੀ ਮੀਲ ਖਰਚ ਆਉਂਦਾ ਹੈ ਜਿਹੜਾ ਕਿ ਸਾਰੇ ਦੇਸ਼ ਵਿਚ ਬਾਕੀ ਦੇ ਸੂਬਿਆਂ ਨਾਲੋਂ ਸਭ ਤੋਂ ਘੱਟ ਹੈ ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਹੜੇ ਦਾਹਵੇ ਕੀਤੇ ਗਏ ਸਨ ਉਨ੍ਹਾਂ ਨੂੰ ਪੂਰਾ ਨਹੀਂ ਕੀਤਾ ਗਿਆ। ਇਹ ਕਿਹਾ ਗਿਆ ਸੀ ਕਿ ਪੈਪਸੂ ਦੇ ਫਲਾਂ ਫਲਾਂ ਰੂਟ ਅਤੇ ਕੁਲੂ ਮਨਾਲੀ ਦੇ ਰੂਟਾਂ ਨੂੰ ਨੈਸ਼ਨਲਾਇਜ਼ ਕਰ ਦਿਆਂਗੇ ਪਰ ਇਨ੍ਹਾਂ ਨੂੰ ਨਹੀਂ ਕੀਤਾ ਅਤੇ ਹੁਣ ਇਹ ਕਹਿ ਦਿਤਾ ਗਿਆ ਹੈ ਕਿ ਹਾਲਾਤ ਇਸ ਤਰ੍ਹਾਂ ਦੇ ਪੈਦਾ ਹੋ ਗਏ ਹਨ ਕਿ ਕੋਈ ਐਕਸਟੈਂਸ਼ਨ ਜਾ ਐਕਸਪੈਂਸ਼ਨ ਨਹੀਂ ਕੀਤੀ ਜਾ ਸਕਦੀ, ਮੁਸ਼ਕਲ ਹੈ।

**Transport and Elections Minister :** We will do it according to schedule.

**ਬਾਬੂ ਬਚਨ ਸਿੰਘ** : ਢਿਲੋਂ ਸਾਹਿਬ ਨੇ ਹੁਣੇ ਹੀ ਫਰਮਾਇਆ ਹੈ ਸ਼ੈਡੂਲ ਆਫ ਟਾਇਮ ਦੇ ਮੁਤਾਬਿਕ ਕਰ ਰਹੇ ਹਾਂ ਪਰ ਮੈਂ ਇਹ ਪੁਛਦਾ ਹਾਂ ਕਿ ਇਸ ਟਾਇਮ ਸ਼ੈਡੂਲ ਵਿਚ ਕਿੰਨੇ ਰੂਟਾਂ ਨੂੰ ਨੈਸ਼ਨਲਾਇਜ਼ ਕਰਨ ਦਾ ਐਲਾਨ ਇਨ੍ਹਾਂ ਨੇ ਹੁਣ ਕੀਤਾ ਹੈ। ਮੈਂ ਇਨ੍ਹਾਂ ਨੂੰ ਚੈਲੰਜ ਕਰਦਾ ਹਾਂ ਕਿ ਤੁਸੀਂ ਇਸ ਐਲਾਨ ਕਰਨ ਦੇ ਬਾਵਜੂਦ ਕਿ ਅਸੀਂ ਰੂਟ ਨੈਸ਼ਨਲਾਇਜ਼ ਕਰ ਦਿਆਂਗੇ ਕੋਈ ਰੂਟ ਇਸ ਸਮੇਂ ਵਿਚ ਨੈਸ਼ਨਲਾਇਜ਼ ਨਹੀਂ ਕੀਤਾ (ਵਿਘਨ)। ਇਥੇ ਹੀ ਬੱਸ ਨਹੀਂ।

[ਬਾਬੂ ਬਚਨ ਸਿੰਘ]

ਇਨ੍ਹਾਂ ਨੇ ਹਾਲਾਂ ਤਕ ਸੂਬੇ ਵਿਚ ਪ੍ਰਿਵੀ ਪਰਸ ਕਾਇਮ ਰਖੇ ਹੋਏ ਹਨ ਹਾਲਾਂ ਕਿ ਇਨ੍ਹਾਂ ਨੇ ਵਾਹਦਾ ਕੀਤਾ ਸੀ ਅਤੇ ਇਸ ਗਲ ਨੂੰ ਇਹ ਮੰਨਦੇ ਹਨ ਕਿ ਅਸੀਂ ਵਾਹਦਾ ਤਾਂ ਕੀਤਾ ਸੀ ਪਰ ਕੀ ਕਰ ਸਕਦੇ ਹਾਂ ਅਸੀਂ ਤਾਂ ਇਸ ਤੇ ਦਸਖਤ ਕੀਤੇ ਹਨ ਅਤੇ ਫਿਰ ਕਹਿੰਦੇ ਹਨ ਕਿ ਇਹ ਕੰਮ ਤਾਂ ਸੈਂਟਰਲ ਗੌਰਮੈਂਟ ਦਾ ਹੈ। ਮੈਂ ਪੁਛਦਾ ਹਾਂ ਕਿ ਜੇਕਰ ਇਹੀ ਹਾਲਤ ਹੈ ਤਾਂ ਰਾਜਾ ਬਟਲਹਿਰ ਦੇ ਪਹਾੜਾਂ ਵਿਚ ਕਿਉਂ ਹਿੱਸੇ ਰੱਖੇ ਹੋਏ ਹਨ। ਇਹ ਤਾਂ ਸੈਂਟਰ ਨੇ ਨਹੀਂ ਦਿਤੇ। ਪਰ ਇਨ੍ਹਾਂ ਨੂੰ ਇਸ ਗਲ ਦੀ ਪਰਵਾਹ ਨਹੀਂ ਕਿ ਪਹਾੜ ਦੇ ਕਿਹੜੇ ਇਲਾਕੇ ਵਿਚ ਉਸ ਰਾਜੇ ਦੇ ਹਿੱਸੇ ਹਨ ਅਤੇ ਨਾ ਹੀ ਇਨ੍ਹਾਂ ਕਦੇ ਇਸ ਪਾਸੇ ਸੋਚਿਆ ਹੈ । ਇਨ੍ਹਾਂ ਨੂੰ ਤਾਂ ਫਿਕਰ ਇਸ ਗੱਲ ਦਾ ਹੈ ਕਿ ਇਹ ਗੱਦੀ ਤੇ ਰਹਿੰਦਾ ਹੈ ਜਾਂ ਕੀ 'ਏ' ਚੀਫ ਮਨਿਸਟਰ ਬਣਦਾ ਹੈ ਜਾਂ 'ਬੀ' ਚੀਫ ਮਨਿਸਟਰ ਬਣਦਾ ਹੈ । ਕਹਿਦੇ ਨੇ ਕਿ ਮਹਾਰਾਜਾ ਭੁਪਿੰਦਰ ਸਿੰਘ ਵੇਲੇ ਮਲੇਰ-ਕੋਟਲੇ ਦੇ ਰਾਜਾ ਜ਼ੁਲਫਕਾਰ ਅਲੀ ਸਨ ਤਾਂ ਬਹੁਤ ਸਾਰੇ ਨਵਾਬ ਵਜ਼ੀਰ ਬਣ ਗਏ । ਅਤੇ ਇਲਾਕਾ ਛੋਟਾ ਛੋਟਾ ਉਨ੍ਹਾਂ ਪਾਸ ਆ ਗਿਆ ਤਾਂ ਰਾਜੇ ਨੇ ਇਕ ਨਵਾਬ ਸਾਹਿਬ ਤੋਂ ਪੁਛਿਆ ਕਿ ਤੁਹਾਡੀ ਤਾਂ ਚਿੜੀ ਦੇ ਪੌਂਚੇ ਜਿੰਨੀ ਵੀ ਰਿਆਸਤ ਨਹੀਂ ਤੇ ਤੁਸੀਂ ਕੀ ਕਰਦੇ ਰਹਿੰਦੇ ਹੋ ਤਾਂ ਉਹ ਕਹਿਣ ਲੱਗੇ ਕਿ ਛੱਡੋ ਜੀ, ਸਾਨੂੰ ਤਾਂ ਸਿਰ ਖੁਰਕਣ ਦੀ ਵੀ ਵਿਹਲ ਨਹੀਂ, ਦਿਨੇ ਰਾਤ ਕੰਮ ਕਰਨਾ ਪੈਂਦਾ ਹੈ। ਉਹ ਹੈਰਾਨ ਹੋ ਗਏ ਕਿ ਇੰਨਾਂ ਕੰਮ ਤਾਂ ਗੌਰਮਿੰਟ ਆਫ ਇੰਡੀਆ ਪਾਸ ਨਹੀਂ ਤੇ ਤੁਹਾਡੇ ਪਾਸ ਇੰਨਾਂ ਕੰਮ ਕਿਉਂ ਆ ਗਿਆ। ਤਾਂ ਨਵਾਬ ਸਾਹਿਬ ਨੇ ਜਵਾਬ ਦਿਤਾ ਕਿ ਪਟਿਆਲੇ ਵਿਚ ਪੁਰਾਣੇ ਖਲੀਫੇ ਹਨ ਅਤੇ ਜਿਹੜੇ ਵਜ਼ੀਰ ਹੁੰਦੇ ਸਨ ਉਹ ਕਹਿੰਦੇ ਹਨ ਕਿ ਤੁਸੀਂ ਬਾਹਰੋਂ ਆਏ ਹੋ ਅਸੀਂ ਤੁਹਾਨੂੰ ਇਥੇ ਟਿਕਣ ਨਹੀਂ ਦੇਣਾ। ਇਥੋਂ ਤੁਹਾਨੂੰ ਕੱਢ ਕੇ ਦਮ ਲਵਾਂਗੇ ਅਤੇ ਅਸੀਂ ਕਹਿੰਦੇ ਹਾਂ ਕਿ ਅਸੀਂ ਜਾਣਾ ਨਹੀਂ । ਬਸ ਸਾਰਾ ਦਿਨ ਰਾਤ ਇਸੇ ਕੰਮ ਵਿਚ ਲੱਗੇ ਰਹਿਦੇ ਹਾਂ। ਇਥੇ ਇਹ ਹਾਲਤ ਹੈ ਕਿ ਜਿਹੜਾ ਘੋੜੀ ਚੜ੍ਹ ਗਿਆ ਉਹ ਕਹਿੰਦਾ ਹੈ ਕਿ ਮੈਂ ਉਤਰਨਾ ਨਹੀਂ ਅਤੇ ਹੇਠਾਂ ਖੜ੍ਹੇ ਕਹਿੰਦੇ ਹਨ ਕਿ ਅਸੀਂ ਤੈਨੂੰ ਲਾਹ ਕੇ ਸਾਹ ਲੈਣਾ ਹੈ (ਹਾਸਾ) ਇਥੇ ਵੀ ਸੋਸ਼ਲਿਜ਼ਮ ਵਲ ਕਿਸੇ ਨੂੰ ਧਿਆਨ ਦੇਣ ਦੀ ਫੁਰਸਤ ਨਹੀਂ। ਮੈਂ ਦਸੰਬਰ, ਜਨਵਰੀ ਵਿਚ ਇਥੇ ਆਇਆ ਤਾਂ ਪਤਾ ਕੀਤਾ ਕਿ ਫਲਾਂ ਮੰਤਰੀ ਕਿਥੇ ਹਨ ਤਾਂ ਪਤਾ ਲੱਗਾ ਕਿ ਦਿਲੀ ਗਏ ਹਨ । ਫਿਰ ਦੂਜੇ ਬਾਰੇ ਪੁਛਿਆ ਤਾਂ ਕਿਹਾ ਗਿਆ ਕਿ ਦਿਲੀ। ਤੇ ਫਿਰ ਤੀਜੇ ਬਾਰੇ ਵੀ ਇਹੀ ਪਤਾ ਲੱਗਾ ਕਿ ਦਿੱਲੀ ਗਏ ਹਨ। ਮੈਂ ਹੁਣ ਇਥੇ ਸੈਸ਼ਨ ਵਿਚ ਕਲ੍ਹ ਇਕ ਵਜ਼ੀਰ ਨੂੰ ਕਹਿ ਹੀ ਦਿਤਾ ਕਿ ਤੁਸੀਂ ਰਾਜ ਦਿੱਲੀ ਤੇ ਕਰਨਾ ਹੈ ਜਾਂ ਪੰਜਾਬ ਤੇ। ਹਰ ਵਕਤ ਦਿੱਲੀ ਵੱਲ ਹੀ ਤੁਹਾਡੀ ਭੱਜ ਦੌੜ ਰਹਿੰਦੀ ਹੈ ਅਤੇ ਇਸ ਤੋਂ ਹੀ ਤੁਹਾਨੂੰ ਤਾਂ ਵਿਹਲ ਨਹੀਂ। ਅਤੇ ਇਸ ਦਾ ਨਤੀਜਾ ਇਹ ਹੈ ਕਿ ਵੱਡੇ ਵੱਡੇ ਅਫਸਰ ਰਜਵਾੜੇ ਬਣੇ ਹੋਏ ਹਨ ਅਤੇ ਉਹ ਤੁਹਾਨੂੰ ਟਿਚਰਾਂ ਕਰਦੇ ਹਨ। ਤੁਹਾਡੇ ਕਿਸੇ ਹੁਕਮ ਦੀ ਪਰਵਾਹ ਤਕ ਨਹੀਂ ਕਰਦੇ। ਤੁਹਾਡੀ ਪਾਰਟੀ ਦੇ ਮੈਂਬਰਾਂ ਦੀ ਪਰਵਾਹ ਨਹੀਂ ਕਰਦੇ। ਤੁਹਾਡੀ ਕਾਂਗਰਸ ਪਾਰਟੀ ਦੇ ਜਦ ਮੈਂਬਰ ਮਿਲਦੇ ਹਨ ਤਾਂ ਅਸਾਨੂੰ ਦਸਦੇ ਹਨ ਕਿ ਗੱਲਾਂ ਤਾਂ ਤੁਸੀਂ ਬਿਲਕੁਲ ਠੀਕ ਕਹਿੰਦੇ ਹੋ ਪਰ ਅਸੀਂ ਇਸ ਤਰ੍ਹਾਂ ਕਹਿਣ ਜੋਗੇ ਨਹੀਂ। ਇਸ ਤਰ੍ਹਾਂ ਦੀ ਜਿਹੜੀ ਬਗਾਵਤ ਤੁਸੀਂ ਲਿਆ ਰਹੇ ਹੋ ਇਸ ਦਾ ਨਤੀਜਾ ਕੀ ਨਿਕਲਣ ਵਾਲਾ ਹੈ। ਇਹ ਜਿਹੜੀ ਬਗਾਵਤ ਸੁਲਗ ਰਹੀ ਹੈ ਇਸ ਨੇ ਜ਼ਰੂਰ ਉਠਣਾ ਹੈ। ਇਸ ਬਾਰੇ ਤੁਹਾਨੂੰ ਸੋਚਣ ਦੀ ਵਿਹਲ ਨਹੀਂ। ਇਸ ਵੇਲੇ ਤਿੰਨ ਗੱਲਾਂ ਇਕੱਠੀਆਂ ਹੋ ਗਈਆਂ ਹਨ। ਇਕ ਤਾਂ ਇਹ ਕਿ ਖੁਰਾਕ ਦੀ ਕਮੀ ਹੈ। ਦੂਜੇ ਪਾਸੇ ਬੇਰੋਜ਼ਗਾਰੀ ਵਧ ਰਹੀ ਹੈ ਅਤੇ ਤੀਜੇ ਪਾਸੇ ਤੁਸੀਂ ਛਾਂਟੀ ਕਰ ਰਹੇ ਹੋ। ਸੂਬੇ ਦੇ ਲੋਕਾਂ ਦੀ ਐਸਪੀਰੇਸ਼ਨ ਦੀ ਪਰਵਾਹ ਸਰਕਾਰ ਨਹੀਂ ਕਰ ਰਹੀ। ਇਸ ਤਰ੍ਹਾਂ ਤੁਸੀਂ ਸੋਸ਼ਲਿਜ਼ਮ ਨਹੀਂ ਲਿਆ ਸਕਦੇ। ਅਤੇ ਤੁਸੀਂ ਜਦ ਤਕ ਇਸ ਪੁਰਾਣੀ ਡਗਰ ਤੇ ਤੁਰੇ ਜਾਉਗੇ ਇਹ ਬਗਾਵਤ ਤੁਹਾਥੋਂ ਰੋਕੀ ਨਹੀਂ ਜਾ ਸਕਣੀ (ਵਿਘਨ )

**ਟ੍ਰਾਂਸਪੋਰਟ ਅਤੇ ਚੋਣ ਮੰਤਰੀ** : ਮੈਡਮ, ਗਵਰਨਰ ਸਾਹਿਬ ਦੇ ਐਡਰੈਸ ਤੇ ਧੰਨਵਾਦ ਦੇ ਮਤੇ ਨੂੰ ਸਪੋਰਟ ਕਰਨ ਵਾਲੇ ਮੈਂਬਰਾਂ ਨੂੰ ਤਾਂ ਤੁਸੀਂ 45 ਮਿੰਟ ਬੋਲਣ ਦੀ ਆਗਿਆ ਦਿਤੀ ਪਰ ਇਥੇ ਬਾਬੂ ਜੀ ਇਕੱਲੇ ਹੀ ਇਕ ਘੰਟਾ ਬੋਲ ਗਏ ਹਨ।

**ਡਿਪਟੀ ਸਪੀਕਰ** : ਜਿਸ ਤਰ੍ਹਾਂ ਗਿਆਨੀ ਜੀ ਨੇ 51 ਮਿੰਟ ਲਏ ਸਨ ਇਸੇ ਤਰ੍ਹਾਂ ਬਾਬੂ ਜੀ ਨੂੰ ਬੋਲਦਿਆਂ 43 ਮਿੰਟ ਹੋ ਗਏ ਹਨ। ਚੰਗਾ ਹੋਇਆ ਤੁਸੀਂ ਮੈਨੂੰ ਰੀਮਾਇੰਡ ਕਰਵਾ ਦਿਤਾ।

(Just as Giani Zail Singh took 51 minutes to speak, similarly Babu Bachan Singh has been speaking for the last 43 minutes. It is good that the hon. Minister has drawn my attention to this matter.)

**ਬਾਬੂ ਬਚਨ ਸਿੰਘ** : ਡਿਪਟੀ ਸਪੀਕਰ ਸਾਹਿਬਾ, ਮੇਰਾ ਖਿਆਲ ਹੈ ਕਿ ਤੁਸੀਂ ਮੇਰੇ ਨਾਲ ਇਨਸਾਫ ਵਰਤੋਗੇ, ਕਿਉਂਕਿ ਅਪੋਜ਼ੀਸ਼ਨ ਦਾ ਰਾਈਟ ਹੈ ਕਿ ਅਸੈਂਬਲੀ ਦੇ ਸ਼ੁਰੂ ਹੋਣ ਤੇ ਜਿੰਨੀਆਂ ਵੀ ਗੌਰਮਿੰਟ ਦੀਆਂ ਕਮੀਆਂ ਅਤੇ ਕਮਜ਼ੋਰੀਆਂ ਹਨ ਉਨ੍ਹਾਂ ਨੂੰ ਜ਼ੋਰ ਨਾਲ ਇਨ੍ਹਾਂ ਦੇ ਸਾਹਮਣੇ ਲਿਆਈਆਂ ਜਾਣ। ਮੈਂ ਵੈਸੇ ਹੀ ਜਲਦੀ ਖਤਮ ਕਰ ਦਿਆਂਗਾ।

ਡਿਪਟੀ ਸਪੀਕਰ ਸਾਹਿਬਾ, ਸਾਰੀ ਉਮਰ ਤੁਸੀਂ ਜੇਲ੍ਹਾਂ ਵਿਚ ਮਰ ਗਏ ਅਤੇ ਅਸੀਂ ਵੀ ਜੇਲ੍ਹਾਂ ਵਿਚ ਜਾਂਦੇ ਰਹੇ ਅਤੇ ਗਾਂਧੀ ਵਿਚਾਰਾ ਮੁਲਕ ਦੀ ਅਜ਼ਾਦੀ ਲਿਆਂਦਾ ਲਿਆਂਦਾ ਮਰ ਗਿਆ ਪਰ ਇਨ੍ਹਾਂ ਤੇ ਇਸ ਗਲ ਦਾ ਕੋਈ ਅਸਰ ਨਹੀਂ ਹੋਇਆ। ਇਹ ਗਾਂਧੀ ਨਾਲ ਵੀ ਮਖੌਲ ਕਰਨੋ ਨਹੀਂ ਹਟੇ। ਮੈਨੂੰ ਇਸ ਗਲ ਦਾ ਬਹੁਤ ਦੁਖ ਹੈ ਕਿ ਇਹ ਸਰਕਾਰ ਜਿਸ ਨੂੰ ਬਾਪੂ ਕਹਿੰਦੀ ਹੈ ਉਸ ਨਾਲ ਵੀ ਇਹ ਮਖੌਲ ਕਰਨੋ ਨਹੀਂ ਹਟਦੇ। ਜੇਕਰ ਇਹ ਬਾਪੂ ਨਾਲ ਇਸ ਤਰ੍ਹਾਂ ਕਰ ਸਕਦੇ ਹਨ ਤਾਂ ਅਸੀਂ ਤੁਸੀ ਕੀ ਹਾਂ। ਗਵਰਨਰ ਸਾਹਿਬ ਦੇ ਐਡਰੈਸ ਵਿਚ ਲਿਖਿਆ ਹੈ ਕਿ

> On such critical occasions in the course of our Independence, we cannot but remember and honour our debt to the Father of Nation, Gandhiji, who brought us our freedom and unity......"

ਗਾਂਧੀ ਜੀ ਨੇ ਸਾਨੂੰ ਇਜ਼ਤ ਦਿਤੀ, ਗਾਂਧੀ ਜੀ ਨੇ ਸਾਨੂੰ ਔਕਾਤ ਦਿਤੀ ਕਿ ਅਸੀਂ ਉਨ੍ਹਾਂ ਦੇ ਬਣਾਏ ਹੋਏ ਅਸੂਲਾਂ ਤੇ ਚਲ ਕੇ ਇਸ ਮੁਲਕ ਦੀ ਅਜ਼ਾਦੀ ਨੂੰ ਬਰਕਰਾਰ ਰਖੀਏ। ਇਸ ਦੇ ਲਈ ਗਾਂਧੀ ਜੀ ਨੇ ਸਾਨੂੰ ਇਕ ਕਨਸਟਰਕਟਿਵ ਪ੍ਰੋਗਰਾਮ ਦਿੱਤਾ, ਇਕ ਤਾਮੀਰੀ ਪ੍ਰੋਗਰਾਮ ਰਖਿਆ। ਇਸ ਤਾਮੀਰੀ ਪ੍ਰੋਗਰਾਮ ਦੇ ਚਾਰ ਪਹਿਲੂ ਸਨ। ਪਹਿਲਾ ਸੀ ਕਮਿਊਨਲ ਹਾਰਮਨੀ, ਦੂਸਰਾ ਸੀ ਮੁਲਕੀ ਅਸਲਾਹਾਤ, ਤੀਸਰਾ ਸੀ ਛੂਤ-ਛਾਤ ਨੂੰ ਦੂਰ ਕਰਨਾ ਅਤੇ ਚੌਥਾ ਸੀ ਨਸ਼ਾ-ਬੰਦੀ ਦਾ। ਸ਼ਰਾਬ ਦੀ ਕਮਾਈ ਨੂੰ ਤਾਂ ਉਨ੍ਹਾਂ ਨੇ ਇਤਨਾ ਬੁਰਾ ਕਿਹਾ ਹੈ ਕਿ ਸ਼ਰਾਬ ਦੀ ਕਮਾਈ ਨੇ ਉਨ੍ਹਾਂ ਨੂੰ ਹਰਾਮ ਦੀ ਕਮਾਈ ਤਕ ਕਿਹਾ ਹੈ। ਲੇਕਿਨ ਅੱਜ ਇਸ ਸਰਕਾਰ ਨੇ ਜੋ ਕੰਮ ਕੀਤਾ ਹੈ ਉਸ ਨੂੰ ਸੁਣ ਕੇ ਮੇਰਾ ਖਿਆਲ ਹੈ ਕਿ ਜੇਕਰ ਮਹਾਤਮਾ ਗਾਂਧੀ ਜੀ ਦੀ ਆਤਮਾ ਜਿਊਂਦੀ ਹੈ, ਅਤੇ ਜਿਥੇ ਕਿਤੇ ਵੀ ਹੈ ਇਨ੍ਹਾਂ ਮੌਜੂਦਾ ਕਾਂਗਰਸੀ ਲੀਡਰਾਂ ਨੂੰ ਸਵਾਏ ਲਾਹ੍ਨਤਾਂ ਭੇਜਣ ਦੇ ਹੋਰ ਕੁਝ ਨਹੀਂ ਕਰ ਸਕਦੀ। ਇਨ੍ਹਾਂ ਨੇ ਕੀਤਾ ਕੀ ਹੈ ? ਤੁਸੀਂ ਅੰਦਾਜ਼ਾ ਲਗਾਓ ਕਿ ਸਰਦਾਰ ਪਰਤਾਪ ਸਿੰਘ ਕੈਰੋਂ ਨੇ 1964 ਵਿਚ ਕੁਝ ਸ਼ਰਾਬ ਦੇ ਠੇਕੇ ਬੰਦ ਕਰਕੇ ਬੋਤਲਾਂ ਦੇ ਰੇਟਸ ਫਿਕਸ ਕੀਤੇ ਸਨ। ਇਕ ਬੋਤਲ ਦਾ ਰੇਟ 6 ਰੁਪਏ 90 ਪੈਸੇ ਮੁਕਰਰ ਕੀਤਾ ਗਿਆ ਜਿਸ ਵਿਚ 70 ਪੈਸੇ ਵੈਂਡਰ ਦੇ ਸਨ। ਪਰ ਇਸ ਵਿਚੋਂ ਵੀ ਗਰੀਬ ਵੈਂਡਰ ਨੂੰ ਮਹਿਜ਼ 25 ਪੈਸੇ ਮਿਲਦੇ ਸਨ ਬਾਕੀ ਦੇ ਵਿਚੇ ਹਜ਼ਮ ਹੋ ਜਾਂਦੇ ਸਨ। ਜੇ ਸ੍ਰੀ ਪ੍ਰਬੋਧ ਚੰਦਰ ਜੀ ਇਥੇ ਹੁੰਦੇ ਤਾਂ ਮੈਂ ਉਨ੍ਹਾਂ ਨੂੰ ਦਸਦਾ ਜਿਹੜੇ ਕਿ ਕਹਿੰਦੇ ਸਨ ਕਿ ਇਸ ਸੂਬੇ ਦੇ ਫਾਇਨੈਂਸਿਜ਼ ਨੂੰ ਬਚਾਉਣ ਵਾਸਤੇ ਜਿਹੜਾ ਫਲਡ ਗੇਟ ਆਫ ਕੁਰਪਸ਼ਨ ਹੈ ਇਨ੍ਹਾਂ ਨੇ ਹੁਣ ਉਹ ਬੰਦ ਕਰ ਦਿਤਾ ਹੈ। ਉਹੀ ਪੁਰਾਣਾ ਨਵੇਂ ਸਿਰੇ ਤੋਂ ਠੇਕੇ ਦੇਣ ਦਾ ਤਰੀਕਾ ਇਨ੍ਹਾਂ ਵਲੋਂ ਜਾਰੀ ਕੀਤਾ ਗਿਆ ਹੈ। ਇਹੋ ਠੇਕੇ ਆਕਸ਼ਨ

[ਬਾਬੂ ਬਚਨ ਸਿੰਘ]
ਰਾਹੀਂ ਇਸ ਤਰੀਕੇ ਨਾਲ ਬਲਾਏ ਗਏ ਹਨ ਕਿ ਹੁਣ 2 ਕਰੋੜ 60 ਲੱਖ ਤਕ ਪੰਜਾਬ ਦੇ ਖਜ਼ਾਨੇ ਨੂੰ ਭਰਦੇ ਹਨ। ਕੀ ਹੁਣ ਇਸ ਤਰ੍ਹਾਂ ਕੁਰਪਸ਼ਨ ਬਦ ਹੋ ਗਈ ਹੈ। ਜਿਸ ਕਮਾਈ ਨੂੰ ਮਹਾਤਮਾ ਜੀ ਹਰਾਮ ਦੀ ਕਮਾਈ ਦਸਦੇ ਸਨ ਕੀ ਉਹ ਹੁਣ ਨਹੀਂ ਰਹੀ ? ਸਰਦਾਰ ਦਰਬਾਰਾ ਸਿੰਘ ਅਤੇ ਕਾਮਰੇਡ ਰਾਮ ਕਿਸ਼ਨ ਜੀ ਨੇ ਇਸ ਢੰਗ ਨਾਲ ਇਸ ਸੂਬੇ ਦੇ ਫਾਇਨੈਂਸਿਜ਼ ਵਿਚ ਵਾਧਾ ਕਰਨ ਦਾ ਉਪਰਾਲਾ ਕੀਤਾ ਹੈ ਜਿਹੜਾ ਕਿ ਸਰਦਾਰ ਪ੍ਰਤਾਪ ਸਿੰਘ ਕੈਰੋਂ ਵੇਲੇ ਵੀ ਨਹੀਂ ਸੀ (ਅਵਾਜ਼ਾਂ ਸ਼ੇਮ ਸ਼ੇਮ) ਇਨ੍ਹਾਂ ਨੇ ਉਨ੍ਹਾਂ ਦਾ ਤਰੀਕਾ ਹੀ ਨਹੀਂ ਬਦਲਿਆ ਬਲਕਿ ਉਨ੍ਹਾਂ ਪਿਛਲੇ ਹੁਕਮਰਾਨਾ ਦੇ ਨਕਸ਼ੇ ਕਦਮ ਤੇ ਚਲਕੇ ਆਪਣੇ ਖਜ਼ਾਨੇ ਨੂੰ ਭਰਨ ਦੀ ਕੋਸ਼ਿਸ਼ ਕੀਤੀ ਹੈ। ਮਹਾਤਮਾ ਗਾਂਧੀ ਦੇ ਅਸੂਲਾਂ ਨੂੰ ਇਕ ਪਾਸੇ ਰਖਦਿਆਂ ਹੋਇਆਂ ਵੱਧ ਤੋਂ ਵੱਧ ਕੀਮਤ ਹਾਸਲ ਕਰਨ ਦਾ ਤਰੀਕਾ ਅਖਤਿਆਰ ਕੀਤਾ। ਇਨ੍ਹਾਂ ਨੇ ਕਿਹਾ ਕਿ ਅਸੀਂ ਉਸ ਨੂੰ ਠੇਕਾ ਦਿਵਾਉਣਾ ਹੈ ਜਿਹੜਾ ਬੋਤਲ ਦਾ ਵੱਧ ਤੋਂ ਵੱਧ ਮੁੱਲ ਦੇਵੇ।

**ਡਿਪਟੀ ਸਪੀਕਰ** : ਬਾਬੂ ਜੀ ਟਾਇਮ ਹੋ ਗਿਆ, ਹੁਣ ਵਾਈਂਡ ਅਪ ਕਰ ਦਿਉ। ਪ੍ਰੋਹਿਬਸ਼ਨ ਨੂੰ ਛੱਡ ਦਿਉ। (Addressing Baboo Bachan Singh) (The hon. Member has taken a lot of time. Hes hould now wind up and leave the subject of prohibition)

**ਬਾਬੂ ਬਚਨ ਸਿੰਘ** : ਜੇਕਰ ਮੈਂ ਪ੍ਰੋਹਿਬਸ਼ਨ ਤੇ ਨਹੀਂ ਬੋਲ ਸਕਦਾ ਜਿਹੜੀ ਕਿ ਪੰਜਾਬ ਸਰਕਾਰ ਦੀ ਕਾਰਨਰ ਸਟੋਨ ਆਫ ਪਾਲੀਸੀ ਹੈ ਤਾਂ ਮੈਂ ਫਿਰ ਕਿਸ ਚੀਜ਼ ਤੇ ਬੋਲ ਸਕਦਾ ਹਾਂ ?

**ਡਿਪਟੀ ਸਪੀਕਰ** : ਤੁਸੀਂ ਬੋਲ ਸਕਦੇ ਹੋ । (The hon. Member can Speak.)

**ਬਾਬੂ ਬਚਨ ਸਿੰਘ** : ਮੈਂ ਅਰਜ਼ ਕਰ ਰਿਹਾ ਸੀ ਕਿ ਇਨ੍ਹਾਂ ਨੇ ਐਸਾ ਤਰੀਕਾ ਅਖਤਿਆਰ ਕੀਤਾ ਕਿ ਸ਼ਰਾਬ ਦੀਆਂ ਬੋਤਲਾਂ ਅੱਗੇ ਨਾਲੋਂ ਵੀ ਵੱਧ ਕੀਮਤ ਤੇ ਵਿਕਣ ਲੱਗ ਪਈਆਂ। ਇਥੋਂ ਤੱਕ ਕਿ ਕੁਝ ਪਿੰਡਾਂ ਤੇ ਯੂਨਾਨੀਮਸਲੀ ਫੈਸਲਾ ਕਰਕੇ ਪੰਜਾਬ ਸਰਕਾਰ ਨੂੰ ਲਿਖ ਕੇ ਦੇ ਦਿਤਾ ਕਿ ਇਨ੍ਹਾਂ ਇਨ੍ਹਾਂ ਪਿੰਡਾਂ ਦੇ ਵਿਚ ਸ਼ਰਾਬ ਦੇ ਠੇਕੇ ਰਹਿਣੇ ਹੀ ਨਹੀਂ ਚਾਹੀਦੇ। ਜੇ ਇਸ ਸਰਕਾਰ ਦੀ ਨੀਅਤ ਸਾਫ ਹੁੰਦੀ ਕਿ ਉਹ ਨਸ਼ਾ-ਬੰਦੀ ਕਰਨਾ ਚਾਹੁੰਦੀ ਹੈ ਤਾਂ ਬਿਨਾਂ ਕਿਸੇ ਢਿੱਲ ਤੋਂ ਇਨ੍ਹਾਂ ਦੇ ਫੈਸਲੇ ਤੇ ਹਮਦਰਦਾਨਾਂ ਗੌਰ ਕਰਦੀ। ਇਨ੍ਹਾਂ ਨੇ ਠੇਕੇ ਰਹਿਣ ਦਿਤੇ। ਪੰਚਾਇਤ ਸੰਮਤੀ ਗਗਰੇਟ, ਜ਼ਿਲ੍ਹਾ ਹੁਸ਼ਿਆਰਪੁਰ ਨੇ ਇਕ ਰੈਜ਼ੋਲਿਊਸ਼ਨ ਯੂਨਾਨੀਮਸਲੀ ਇਹ ਪਾਸ ਕੀਤਾ ਕਿ ਇਸ ਇਲਾਕੇ ਵਿਚ ਸ਼ਰਾਬ ਦਾ ਠੇਕਾ ਨਹੀਂ ਹੋਣਾ ਚਾਹੀਦਾ, ਪਰ ਸਰਕਾਰ ਦੀ ਇਹ ਮਿਹਰਬਾਨੀ ਹੋਈ ਕਿ ਜਿਥੇ ਜਿਥੇ ਪਹਿਲਾਂ ਇਕ ਠੇਕਾ ਹੁੰਦਾ ਸੀ ਉਥੇ ਦੋ ਕਰ ਦਿਤੇ। ਮੈਂ ਇਸ ਸਰਕਾਰ ਤੋਂ ਪੁਛਣਾ ਚਾਹੁੰਦਾ ਹਾਂ ਕਿ ਲੁਧਿਆਣਾ ਸ਼ਹਿਰ ਵਿਚ ਜਿਥੇ ਪਹਿਲਾਂ ਹੀ 42 ਠੇਕੇ ਸ਼ਰਾਬ ਦੇ ਸਨ ਉਥੇ 19 ਹੋਰ ਕਿਉਂ ਵਧਾਏ ਗਏ ਹਨ, ਇਸ ਦਾ ਕੀ ਕਾਰਣ ਹੈ ?

**ਡਿਪਟੀ ਸਪੀਕਰ** : ਤੁਸੀਂ ਇਤਨਾ ਟਾਇਮ ਲੈ ਚੁਕੇ ਹੋ, ਮਿਹਰਬਾਨੀ ਕਰਕੇ ਹੁਣ ਬੈਠ ਜਾਉ। (The hon. member has already taken so much time. He may kindly resume his seat)

**ਬਾਬੂ ਬਚਨ ਸਿੰਘ** : ਡਿਪਟੀ ਸਪੀਕਰ ਸਾਹਿਬਾ, ਮੈਂ ਆਪਣੀ ਸਪੀਚ ਜਲਦੀ ਤੋਂ ਜਲਦੀ ਖਤਮ ਕਰਨ ਦੀ ਕੋਸ਼ਿਸ਼ ਕਰਾਂਗਾ। (ਵਿਘਨ)

**ਡਿਪਟੀ ਸਪੀਕਰ** : ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਦੋਂ ਚੇਅਰ ਖਲੋਤੀ ਹੋਵੇ ਤਾਂ ਬੜੇ ਸੀਨੀਅਰ ਮੈਂਬਰ ਵੀ ਇਸ ਗਲ ਦੀ ਪਰਵਾਹ ਨਹੀਂ ਕਰਦੇ ਅਤੇ ਆਪਣੀ ਤਕਰੀਰ ਜਾਰੀ ਰਖਦੇ ਹਨ। ਪਲੀਜ਼ ਵਾਈਂਡ ਅਪ ਨਾਉ।

(I am very sorry to say that when the Presiding Officer is standing, a senior member like the hon. Member, does not care to resume his seat bu tcontinue speaking. The hon. Member may please wind up.)

**ਬਾਬੂ ਬਚਨ ਸਿੰਘ** : ਚੰਗਾ ਜੀ, ਮੈਨੂੰ ਜ਼ਰਾ ਕਾਂਗਰਸ ਦੇ ਮੁਤੱਲਿਕ ਜੋ ਗਾਂਧੀ ਜੀ ਨੇ ਲਿਖਿਆ ਹੈ ਉਹ ਪੜ੍ਹ ਲੈਣ ਦਿਉ।

> "Prohibition in the Congress Provinces is not going on in the spirit in which it was conceived...... Congress opinion is equally dorment. Congressmen do not seem to see that prohibition means new life for many millions. It means new and substantial accession of moral and material strength. They do not realise that honest prohibition gives a dignity and prestige to the Congress which perhaps no other single step can give. They do not see that prosecution of prohibition means identification with the masses and a resolute determination to refuse to have any thing to do with the drink revenue."

**Deputy Speaker** : The House stands adjourned till 9.30 A. M. tomorrow.

*(The House then adjonrned till 9.30 A. M. on Thursday, the 17th February, 1966)*

# APPENDIX

TO

# PUNJAB VIDHAN SABHA DEBATES, VOL. 1, NO. 2, DATED THE 16TH FEBRUARY, 1966

## Upgraded Government Primary/Middle Schools in Ambala District

**3086. Comrade Makhan Singh Tarsikka** : Will the Minister for Education be pleased to state:—

(a) the number of Government Primary and Middle Schools upgraded to Middle and High Schools respectively during the year, 1965-66 to date in Amritsar District.

(b) the number of class rooms in each of the said upgraded Middle and High Schools excluding the Headmaster's Office etc. ;

(c) the area provided in each such school for play-grounds ;

(d) the number of teaching posts sanctioned for each of the schools mentioned in part (a) above ?

**Shri Prabodh Chandra** : (a) and (d) Information already supplied.*

(b) and (c) The requisite information is enclosed.

| Serial No. | Name of School upgraded | (b) No. of class rooms in the school | (c) Area provided for play grounds |
|---|---|---|---|
| | **High Schools** | | Acres |
| 1 | Government High School, Ghariala .. | 6 | 2 |
| 2 | Government High School, Shahbazpur .. | 5 | 4 |
| 3 | Government High School, Lalpura .. | 9 | 8 |
| 4 | Government High School, Gaggo Bua .. | 7 | 10 |
| 5 | Government High School, Ekal Gudda .. | 5 | 4 |
| 6 | Government High School, Dial Bharang .. | 2 | 10 |
| 7 | Government High School, Bhindi Savadan .. | 7 | 2 |
| 8 | Government High School, Bachiwind .. | 5 | 2 |
| | **Middle Schools** | | |
| 1 | Sakhira .. | 5 | 4 |

*Please see page (2)120 of this Debates.

| Serial No. | Name of School upgraded | | (b) No. of class rooms in the Schools | (c) Area provided for play grounds |
|---|---|---|---|---|
| | | | | Acres |
| 2 | Lauka | .. | 5 | 4 |
| 3 | Jawanda Kalan | .. | 6 | 4 |
| 4 | Bhalaipur Dogran | .. | 6 | 1 |
| 5 | Buttar Kalan | .. | 2 | 7 |
| 6 | Beas | .. | 8 | 1½ |
| 7 | Jabbowal | .. | 8 | 3 |
| 8 | Pakharpura | .. | 7 | 1 |
| 9 | Gumanpura | .. | 1 | 4 |
| 10 | Preet Nagar | .. | 8 | 1 |
| 11 | Bath | | 4 | 4 |
| 12 | Pandori Sidhwan | .. | 1 | 4 |
| 13 | Panjwar | .. | 4 | 1 |
| 14 | Tarsika | .. | 8 | 2 |
| 15 | Bhura Kanah | .. | 6 | 6 |
| 16 | Vain Poin | .. | 6 | 3 |

## Misuse of Loans under L.I.G.H. Scheme

**3059. Comrade Ram Piara** : Will the Minister for Capital and Housing be pleased to state—

(a) whether it is a fact that Shri Brish Bhan, M.L.A., when he was Capital and Health Minister, sent to the Legislators of the State, D.O. letter No. 5601-4HG-62/23110, dated the 6th August, 1962, on the subject "Misuse of loans under the LIGH Scheme—Verification by M.L.As/M.L.C.s" ; if so, with what purpose and a copy of the same be laid on the Table of the House ;

(b) whether any more complaints had been receive by the Government against the loanees and against certain Legislators for wrong attestation/verification after 22nd July, 1960 ; if so, the number of such complaints together with the names of the loanees and of the Legislators against whom such complaints had been received ;

(c) whether the Department concerned referred any case against any of the loanees and Legisators to the Police for registration; if so, the number and names of such Legislators together with the details of the action taken so far ; if no action has been taken, the reasons therefor ?

The answer to Assembly Question No. 3059 appearing in the list of Unstarred Questions on the 16th February, 1966 in the name of Comrade Ram Piara, M.L.A., is not ready.

The reply will be submitted as soon as the relevant information has been collected.

(Sd)... — ,

Minister for Capital and Housing,
Punjab.

---

To

The Secretary,
Punjab Vidhan Sabha,
Chandigarh.

U.O.No. 396-2Hg-66, dated Chandigarh the 15th February, 1966.

---

**Misuse of Loans under L.I.G.H. Scheme**

**3060. Comrade Ram Piara, :** Will the Minister for Capital and Housing be pleased to state—

(a) whether it is a fact that the ex-P.W.D. Minister, Ch. Suraj Mal sent to the Legislators of the State, D.O. letter No. 5273-4HG-60/21879, dated the 22nd July, 1960, on the subject "Misuse of loans under the LIGH Scheme—Verification by M.L.As/ M.L.Cs", if so, with what purpose and a copy of the D.O. letter be laid on the Table of the House ;

(b) whether any complaints regarding wrong attestation or verification had been received by the Government ; if so, the total number of the same together with the names of those in respect of whom such complaints had been received ;

(c) whether in respect of the wrong attestations or wrong verifications the Department referred any cases to the Police for registration against the loanees as well as Legislators ; if so, the names of such loanees and the Legislators ?

The answer to Assembly Question No. 3060 appearing in the list of Unstarred Questions on the 16th February, 1966 in the name of Comrade Ram Piara, M.L.A., is not ready.

The reply will be submitted as soon as the relevant information has been collected.

(Sd)— —,
Minister for Capital and Housing,
Punjab.

---

To

The Secretary,
Punjab Vidhan Sabha,
Chandigarh.

U.O. No. 396-2Hg-66, dated Chandigarh, the 15th Feburary, 1966.

---

**Defaulting Loanees of Industries Department in District Karnal**

**3061. Comrade Ram Piara :** Will the Chief Minister be pleased to state—

(a) the names of those loanees of the Industries Department who are defaulters in district Karnal together with the date of default in each case ;

(b) whether any warrants for realising the amounts of loan as arrears of land revenue had been issued against any of the said defaulting loanees, if so, their names together with the date of issue of warrants in each case ;

(c) the total amount outstanding against each of the said loanees as on 1st January, 1966 together with the amount of loan so far paid back by each ;

(d) whether it is a fact that in the case of a number of defaulting loanees against whom warrants as mentioned in (b) above have been issued, the warrants are not being followed up by the Recovery Staff; if so, the reasons therefor ;

(e) whether he is aware of the fact that some of the said loanees at Karnal disposed of their Industries for which loans were advanced and have not paid back anything to the Department till Ist January, 1966, if so, the names of such loanees together with the steps being taken for effecting the recoveries of the loan amounts due from them ?

*Subject.*—Defaulting loanees of Industries Department in district Karnal.

The answer to Unstarred Vidhan Sabha Question No. 3061 asked by Comrade Ram Piara, M.L.A., appearing in the list of questions for the 16th February, 1966, is not ready. The reply to this question will be submitted as soon as the relevant information has been collected.

(Sd)....,
Irrigation and Power Minister,
*for* Chief Minister.

---

To

The Secretary,
Punjab Vidhan Sabha,
Chandigarh.

U.O. No. 16(AQ)-4CB-66, dated Chandigarh, the 15th February, 1966.

---

**Grievances Committee**

**3088. Comrade Ram Piara,** : Will the Chief Minister be pleased to state—

(a) the total number of meetings of the Grievances Committee held from the date it started functioning till the 15th January, 1966, in each district of the State, date-wise ;

(b) the number of their said meetings attended by the Suprintendents oi Police in each district, district-wise and date-wise ;

(c) whether it is a fact that some of the Superintendents of Police did not attend some of the meetings of the Grievances Committees held in their respective district, if so, their names together with the number of meetings , date-wise, not attended by each together with the reasons for non-attendance ;

(d) whether it is also a fact that some of the Superintendents of Police have been advised to attend the meetings of the said Committee unless some unavoidable duty binds them to be away from the headquarters on the day of the meetings ; if so, their names district-wise, together with the designation of the authority that advised the S.Ps in each case ;

(e) whether any of the S.Ps referred to in para (c) above were on leave or on duty elsewhere on the days of meetings; if so, the details thereof date-wise and district-wise ?

**Shri Ram Kishan :** (a) Number of meetings held district-wise and date-wise are as under :—

| District | Number of meetins held | Dates |
|---|---|---|
| 1 | 2 | 3 |
| Amritsar .. | 7 | 4-5-65, 5-6-65, 5-7-65, 5-8-65, 5-11-65, 6-12-65 and 5-1-66 |
| Jullundur .. | 8 | 5-5-65, 5-6-65, 5-7-65, 5-8-65, 5-10-65, 5-11-65, 5-12-65 and 5-1-66 |
| Hoshiarpur .. | 9 | 5-5-65, 5-6-65, 5-7-65, 5-8-65, 6-9-65, 5-10-65, 5-11-65, 6-12-65 and 5-1-66 |
| Gurdaspur .. | 8 | 5-5-65, 5-6-65, 6-7-65, 5-8-65, 1-10-65, 5-11-65, 6-12-65 and 5-1-66 |
| Ferozepur .. | 9 | 5-5-65, 5-6-65, 5-7-65, 5-8-65, 5-9-65, 5-10-65, 5-11-65, 6-12-65 and 5-1-66 |
| Kangra .. | 8 | 5-5-65, 5-6-65, 5-7-65, 5-8-65, 6-9-65, 5-11-65, 6-12-65, and 5-1-66 |
| Kulu .. | 8 | 5-6-65, 5-7-65, 5-8-65, 6-9-65, 5-10-65, 5-11-65, 5-12-65 and 5-1-66 |

| 1 | | 2 | 3 |
|---|---|---|---|
| Ludhiana | .. | 9 | 7-5-65, 7-6-65, 5-7-65, 5-8-65, 6-9-65, 5-10-65, 5-11-65, 6-12-65, and 5-1-66 |
| Kapurthala | .. | 9 | 5-5-65, 5-6-65, 5-7-65, 5-8-65, 6-9-65, 5-10-65, 6-11-65, 6-12-65 and 5-1-66 |
| Lahaul and Spiti | .. | .. | District Public Relations and Grievances Committee has not been considered necessary for this district and Punjab Tribes Advisory Council has approved of it |
| Patiala | .. | 10 | 5-4-65, 5-5-65, 5-6-65, 5-7-65, 5-8-65, 5-9-65, 5-10-65, 5-11-65, 5-12-65 and 5-1-66. |
| Bhatinda | .. | 9 | 5-5-65, 5-6-65, 5-7-65, 5-8-65, 5-9-65, 10-10-65, 5-11-65, 5-12-65 and 5-1-66 |
| Mohindergarh | .. | 10 | 2-4-65, 5-5-65, 5-6-65, 5-7-65, 5-8-65, 6-9-65, 5-10-65, 5-11-65, 6-12-65 and 5-1-66 |
| Sangrur | .. | 10 | 5-4-65, 5-5-65, 5-6-65, 5-7-65, 5-8-65, 6-9-65, 5-10-65, 5-11-65, 6-12-65 and 5-1-66 |
| Ambala | .. | 9 | 5-5-65, 5-6-65, 5-7-65, 5-8-65, 6-9-65, 5-10-65, 5-11-65, 6-12-65 and 5-1-66 |
| Rohtak | .. | 9 | 5-5-65, 5-6-65, 5-7-65, 5-8-65, 6-9-65, 5-10-65, 5-11-65, 6-12-65 and 5-1-66. |
| Hissar | .. | 8 | 5-6-65, 5-7-65, 5-8-65, 6-9-65, 5-10-65, 5-11-65, 6-12-65 and 5-1-66 |
| Gurgaon | .. | 7 | 5-7-65, 5-8-65, 6-9-65, 5-10-65, 5-11-65, 6-12-65 and 5-1-66 |
| Karnal | .. | 9 | 5-5-65, 5-6-65, 5-7-65, 5-8-65, 6-9-65, 5-10-65, 5-11-65, 6-12-65 and 5-1-66 |
| Simla | .. | 8 | 5-5-65, 5-6-65, 5-7-65, 5-8-65, 6-9-65, 5-10-65, 5-11-65 and 6-12-65 |

(b) Number of meetings attended by the Superintendents of Police district-wise and date-wise are as under : —

| | | | |
|---|---|---|---|
| Amritsar | .. | 1 | 5-6-65 |
| Jullundur | .. | 5 | 5-5-65, 5-6-65, 5-7-65, 5-10-65 and 5-1-66 |
| Hoshiarpur | .. | 8 | 5-5-65, 5-6-65, 5-7-65, 5-8-65, 6-9-65, 5-10-65, 5-12-65 and 5-1-66 |
| Gurdaspur | .. | 6 | 5-5-65, 5-6-65, 1-10-65, 5-11-65, 6-12-65 and 5-1-66 |
| Ferozepur | .. | 4 | 5-6-65, 5-7-65, 6-9-65 and 5-1-66 |
| Kangra | .. | 2 | 5-6-65 and 5-1-66 |
| Kulu | .. | 6 | 5-6-65, 5-7-65, 6-9-65, 5-10-65, 5-11-65 and 6-12-65 |
| Ludhiana | .. | 7 | 7-5-65, 7-6-65, 5-7-65, 6-9-65, 5-10-65, 5-11-65 and 6-12-65 |
| Kapurthala | .. | 7 | 5-5-65, 5-6-65, 5-7-65, 5-8-65, 6-9-65, 5-10-65 and 5-1-66 |
| Patiala | .. | 7 | 5-4-65, 5-5-65, 5-6-65, 5-7-65, 5-8-65, 6-9-65 and 6-12-65 |
| Bhatinda | .. | 8 | 5-5-65, 5-6-65, 5-7-65, 5-8-65, 6-9-65, 20-10-65, 5-11-65 and 6-11-65 |

| 1 | | 2 | 3 |
|---|---|---|---|
| Mohindergarh | .. | 6 | 5-5-65, 5-6-65, 5-8-65, 5-10-65, 5-11-65, 5-12-65 |
| Sangrur | .. | 6 | 5-4-65, 5-5-65, 5-6-65, 5-7-65, 6-9-65, and 5-10-65 |
| Ambala | .. | 9 | 5-5-65, 5-6-65, 5-7-65, 5-8-65, 6-9-65, 5-10-65, 5-11-65, 6-12-65 and 5-1-66 |
| Rohtak | .. | 7 | 5-6-65, 5-7-65, 5-8-65, 6-9-65, 5-10-65, 6-12-65 and 5-1-66 |
| Hissar | .. | 6 | 5-6-65, 5-7-65, 5-8-65, 6-9-65, 5-11-65 and 5-12-65 |
| Gurgaon | .. | 6 | 5-7-65, 5-8-65, 6-9-65, 5-10-65,5-11-65and6-12-65 |
| Karnal | .. | 4 | 5-5-65, 5-8-65, 6-9-65 and 5-1-66 |
| Simla | .. | 7 | 5-6-65, 5-7-65, 5-8-65, 6-9-65, 5-10-65, 5-11-65 and 6-12-65 |

(c) Some of the Superintendents of Police of districts could not attend the meeting of the District Public Relations and Grievances Committee. Their names together with the meetings date-wise along with reasons for not attending the meetings are given below district-wise :—

| District | Name of Superintendent of Police | Dates of meetings not attended together with reasons for not attending | |
|---|---|---|---|
| 1 | 2 | 3 | |
| Amritsar | Shri Sukhpal Singh, I.P.S. | 5-6-65 | S.P. was busy with important and urgent work. He deputed his D.S.P. to attend the meeting |
| | Shri S.S. Brar, I.P.S. | 5-7-65 | S.P. was busy with important and urgent work. He deputed his D.S.P. to attend the meeting |
| | | 5-8-65 | Superintendent of Police was out of station for inspection of border area along with Shri K.S. Rustomji, Director-General, Border Security Force |
| | | 5-11-65 | He went on duty to Jullundur Cantt in connection with the Punjab Police Sports meeting |
| | | 5-12-65 | He went to Raja Sanshi in connection with the visit of Chief Minister of Orissa |
| | | 5-1-66 | S.P. was busy with important and urgent work. He deputed his D.S.P. to attend the meeting |
| Jullundur | Shri Amar Singh, I.P.S. | 5-8-65 | S.P. was very busy with the maintaining of law and order situation in the City |
| | | 5-11-65 | S.P. was busy with the visit of Union Home Minister |

| 1 | | 2 | 3 |
|---|---|---|---|
| | | 5-12-65 | S.P. was busy with the visit of Union Foreign Minister |
| Hoshiarpur | Shri I.J. Verma, I.P.S. | 5-11-65 | He was put on duty at Jullundur in connection with the Annual Sports Athletic Meet of Police Department |
| Gurdaspur | Shri V.K. Kalia, I.P.S. | 6-7-65 | He was away from Headquarters in connection with Police arrangements due to the visit of Union Home Minister |
| | | 5-8-65 | He was away from Headquarters in connection with the visit of Director-General, Border Armed Forces on the border |
| Ferozepur | Shri P.A. Rosha | 5-5-65 | S.P. was very busy with his work in connection with Kairon murder case |
| | | 6-8-65 | S.S.P. was busy in meeting with D.I.G. of Police Border Range |
| | | 5-10-65 | S.S.P. was busy with the visit of the Chief Minister, U.P. Government |
| | | 5-11-65 | S.S.P. was busy in the meeting to discuss border security measures with Additional I.G., Police at Jullundur |
| | | 5-12-65 | S.S.P. was busy with the meeting of SHOs meeting at Abohar |
| Kangra | Shri Avinash Chander, I.P.S. | 5-5-65 | S.P. was on leave on medical grounds |
| | Shri P.C. Wadhwa, I.P.S. | 5-7-65 | was busy with other important work |
| | | 5-8-65 | Ditto |
| | | 6-9-65 | was busy with National Emergency work |
| | | 5-11-65 | S.P. was away to P.A.P. Headquarters on official duty with State Sports Athletics Meet |
| | | 6-12-65 | S.P. was away on quarterly visit to T.B. Sanatorium, Tanda to see Police T.B. Patients |
| Kulu | Shri Joginder Singh I.P.S., | 5-8-65 | S.P. was on duty outside Headquarters |
| | | 5-1-66 | As D.C., Kulu was away from district Headquarters, he deputed District Inspector to participate in the meeting on his behalf |
| Ludhiana | Shri Harjit Singh, I.P.S. | 5-8-65 | S.P. was away at Halwara Aerodrome for security arrangements in connection with the visit of Union Food Minister |
| | | 5-1-66 | S.P. was busy in discussion with D.I.G., Police Jullundur and Patiala in connection with the murder case of Karnail Singh of Gobindpur |

| 1 | | 2 | 3 |
|---|---|---|---|
| Kapurthala | Shri Dalip Singh | 6-11-65 and 9-12-65 | S.P. was on medical leave on these dates |
| Patiala | Shri Harjeet Singh, I.P.S. | 5-10-65 | S.P. was on leave |
| | | 5-11-65 | S.P. was away from headquarters in connection with Punjab Police Sports at Jullundur |
| | | 5-1-66 | S.P. was away from headquarters to Gobindgarh and Ludhiana with D.I.G., Patiala Range in connection with the investigation of murder case of Karnail Singh |
| Bhatinda | Shri C.K. Sawhney, I.P.S. | 5-1-66 | S.P. was to go to Police Training School, Phillaur for official work |
| Mahendergarh | Shri I.J.S. Sodhi, I.P.S. | 2-4-65 | He was away to Dadri in connection with the Inspection of D.I.G., Patiala Range |
| | Shri B.S. Dhaliwal, I.P.S. | 5-7-65 | S.P. was indisposed |
| | | 6-9-65 | He was busy in Police arrangements due to Pakistani aggression |
| Sangrur | Shri M.S. Bawa, I.P.S. | 5-8-65 | S.P. was out of station in connection with the inspection of police station Julana |
| | | 5-11-65 | He acted as Time-keeper of Police Meet, Jullundur under orders of Additional Inspector-General of Police, Punjab |
| | | 5-12-65 | He was busy with the official work |
| | | 5-1-66 | He was at Jind in connection with Gurdwara dispute and dacoity case |
| Rohtak | Shri Bahal Singh Sandhu, I.P.S. | 5-5-65 and 5-11-65 | He was away from headquarters on these days in connection with investigation of Partap Singh Kairon Murder Case |
ਚੇਅਰਮੈਨ ਸਾਹਿਬ, ਇਸ ਐਡਰੈਸ ਦੇ ਦੂਜੇ ਸਫੇ ਤੇ ਦਰਜ ਹੈ ਕਿ ਪਿਛਲੇ ਸਾਲ ਸਾਨੂੰ ਬੜੇ ਸੰਕਟ ਵਿਚੋਂ ਗੁਜ਼ਰਨਾ ਪਿਆ ਹੈ ਅਤੇ ਇਸ ਵਿਚ ਲਿਖਿਆ ਹੈ ਕਿ:

> "ਪਿਛਲੇ ਸਾਲ ਵਿਚ ਸਾਨੂੰ ਸੰਕਟ ਤੇ ਬਿਪਤਾ ਦਾ ਸਾਹਮਣਾ ਕਰਨਾ ਪਿਆ । ਸਾਡੇ ਦੇਸ਼ ਦੀਆਂ ਸਰਹਦਾਂ ਉਤੇ ਜਦੋਂ ਪਾਕਿਸਤਾਨੀ ਧਾੜਵੀਆਂ ਨੇ ਹੱਲਾ ਬੋਲ ਦਿਤਾ ਤਾਂ ਰਾਜ ਸਰਕਾਰ ਨੂੰ ਅਤਿਅੰਤ ਕਠਨ ਤੇ ਨਾਜ਼ਕ ਹਾਲਾਤ ਦਾ ਟਾਕਰਾ ਕਰਨਾ ਪਿਆ । ਜਿਥੇ ਸਾਡੀਆਂ ਹਥਿਆਰਬੰਦ ਫੌਜਾਂ ਨੇ ਆਪਣੀ ਦਲੇਰੀ, ਬਹਾਦਰੀ ਤੇ ਕੁਰਬਾਨੀ ਦੀ ਰਵਾਇਤ ਨੂੰ ਕਾਇਮ ਰਖਦਿਆਂ ਸਾਡੇ ਇਤਿਹਾਸ ਵਿਚ ਸੁਨਿਹਰੀ ਕਾਂਡ ਲਿਖਿਆ ਉਥੇ ਸਾਰੇ ਪੰਜਾਬੀਆਂ ਨੇ ਅਰਥਾਤ ਕਿਸਾਨਾਂ, ਵਪਾਰੀਆਂ, ਕਾਰੀਗਰਾਂ ਅਤੇ ਇਸਤਰੀਆਂ ਤਕ ਨੇ ਵੀ ਸਮੇਂ ਦੀ ਵੰਗਾਰ ਨੂੰ ਕਬੂਲ ਕਰ ਕੇ ਬੜੀ ਹਿੰਮਤ, ਹੌਸਲੇ ਅਤੇ ਸਹਿਨਸ਼ੀਲਤਾ ਦਾ ਬੇਮਿਸਾਲ ਸਬੂਤ ਪੇਸ਼ ਕੀਤਾ। ਉਨ੍ਹਾਂ ਨੇ ਫੌਜ ਤੇ ਪੁਲਸ ਦੀ ਵਿਤੋਂ ਵਧ ਸਹਾਇਤਾ ਕੀਤੀ..........."

ਮੇਰੇ ਇਸਦੇ ਪੜ੍ਹਨ ਦਾ ਭਾਵ ਇਹ ਹੈ ਕਿ ਇਸ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਪਿਛਲੇ ਸਾਲ ਸਾਡੇ ਗਵਾਂਢੀ ਪਾਕਿਸਤਾਨ ਨੇ ਜੋ ਸਾਡੇ ਤੇ ਨਾਪਾਕ ਹਮਲਾ ਕੀਤਾ ਸੀ ਉਸਦਾ ਸਾਰੇ ਪੰਜਾਬੀਆਂ ਨੇ, ਭਾਵੇਂ ਉਹ ਹਿੰਦੂ, ਸਿਖ ਜਾਂ ਹੋਰ ਕਿਸੇ ਜ਼ਾਤ ਦੇ ਵੀ ਸਨ, ਇਕ-ਮੁਠ ਹੋਕੇ ਉਸਦਾ ਮੁਕਾਬਲਾ ਕੀਤਾ । ਇਸ ਤੋਂ ਸਾਬਤ ਹੁੰਦਾ ਹੈ ਕਿ ਪੰਜਾਬੀ ਕੌਮ ਕਿਤਨੀ ਮਜ਼ਬੂਤ ਤੇ ਇਕਮੁਠ ਹੋ ਕੇ ਲੜਨ ਵਾਲੀ ਹੈ । ਇਸ ਐਡਰੈਸ ਨੂੰ ਪਹਿਲੇ ਸਫੇ ਤੋਂ ਲੈਕੇ ਆਖਰੀ ਸਫੇ ਤਕ ਪੜ੍ਹਿਆ ਹੈ ਅਤੇ ਮੈਂ ਹੈਰਾਨ ਹੋਇਆ ਹਾਂ ਕਿ ਇਸ ਵਿਚ ਅਜ ਦੇ ਭਖਦੇ ਮਸਲੇ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ । ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਜੋ ਸਮੱਸਿਆ ਅਜ ਸਾਡੇ ਸਾਹਮਣੇ ਹੈ ਉਸ ਬਾਰੇ ਪੰਜਾਬ ਸਰਕਾਰ ਦੀ ਪੁਜ਼ੀਸ਼ਨ ਇਸ ਐਡਰੈਸ ਵਿਚ ਵਾਜ਼ਿਆ ਕੀਤੀ ਜਾਣੀ ਚਾਹੀਦੀ ਸੀ । ਮੇਰੇ ਕਹਿਣ ਦਾ ਭਾਵ ਇਹ ਹੈ ਕਿ ਅਜ ਹਿੰਦੁਸਤਾਨ ਵਿਚ ਪੰਜਾਬੀਆਂ ਦੇ ਸਾਹਮਣੇ ਇਕ ਵਡਾ ਮਸਲਾ ਇਹ ਹੈ ਕਿ ਜੋ ਅਨਿਆਂ ਪੰਜਾਬੀਆਂ ਦੇ ਨਾਲ ਅੰਗਰੇਜ਼ ਨੇ ਕੀਤਾ ਸੀ ਉਹ ਅਜ ਤਕ ਦੂਰ ਨਹੀਂ ਹੋਇਆ ਹੈ । ਇਹ ਜੋ ਪੰਜਾਬ ਵਿਚ ਕਈ ਬੋਲੀਆਂ ਵਾਲੇ ਤੇ ਕਈ ਮਜ਼ਹਬਾਂ ਵਾਲੇ ਲੋਕ ਇਕੱਠੇ ਕੀਤੇ ਗਏ ਅਤੇ ਅੰਗਰੇਜ਼ ਵਲੋਂ ਜੋ ਡਿਵਾਈਡ ਕਰਕੇ ਰਾਜ ਕਰਨ ਦੀ ਨੀਤੀ ਅਪਣਾਈ ਗਈ ਉਹੋ ਨੀਤੀ ਅਜੇ ਤਕ ਕਾਇਮ ਹੈ । ਅਜ ਜੋ ਪੰਜਾਬ ਦੇ ਲੋਕ ਹਰਿਆਣਾ ਪ੍ਰਾਂਤ ਤੇ ਪੰਜਾਬੀ ਸੂਬਾ ਬਣਾਉਣਾ ਚਾਹੁੰਦੇ ਹਨ ਉਸ ਬਾਰੇ ਸਰਕਾਰ ਨੇ ਇਸ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਕੀਤਾ । ਇਸ ਗਲ ਦਾ ਜ਼ਿਕਰ ਖਾਸ ਤੌਰ ਤੇ ਮੈਂ ਇਸ ਲਈ ਕਰਦਾ ਹਾਂ ਕਿਉਂਕਿ ਪੰਜਾਬ ਸਰਕਾਰ ਅਤੇ ਖਾਸ ਤੌਰ ਤੇ ਚੀਫ ਮਨਿਸਟਰ ਸਾਹਬ ਤੇ ਹੋਮ ਮਨਿਸਟਰ ਸਾਹਿਬ ਅਜ ਤਕ ਇਹ ਕਹਿੰਦੇ ਰਹੇ ਕਿ ਅਸੀਂ ਸਾਰੇ ਇਸ ਗਲ ਤੇ ਮੁਤਫਿਕ ਹਾਂ ਕਿ ਪੰਜਾਬ ਦੀ ਤਕਸੀਮ ਨਹੀਂ ਹੋਣੀ ਚਾਹੀਦੀ, ਲੇਕਨ, ਚੇਅਰਮੈਨ ਸਾਹਿਬ, ਤੁਸੀਂ ਜਾਣਦੇ ਹੋ ਕਿ ਪਰਸੋਂ ਹੀ ਪੰਜਾਬ ਸਰਕਾਰ ਦੇ ਸੱਤ ਵਜ਼ੀਰਾਂ ਨੇ ਇਕ ਹੋਰ ਨਵਾਂ ਸ਼ੋਸ਼ਾ ਛੇੜ ਦਿਤਾ ਹੈ ਕਿ ਇਕ ਹਰਿਆਣਾ ਪ੍ਰਾਂਤ ਬਣਾ ਦਿਉ, ਇਕ ਪੰਜਾਬੀ ਵਾਲਿਆਂ ਦਾ ਬਣਾ ਦਿਉ ਅਤੇ ਇਕ ਪਹਾੜੀ ਇਲਾਕਾ ਬਣਾ ਦਿਉ........(ਵਿਘਨ)

[ਸਰਦਾਰ ਅਜਾਇਬ ਸਿੰਘ ਸੰਧੂ]

ਇਨ੍ਹਾਂ ਦੇ ਵਖਰੇ ਤਿੰਨ ਚੀਫ ਮਨਿਸਟਰ ਬਣਾ ਦਿਉ, ਇਕ ਸਾਂਝੀ ਹਾਈ ਕੋਰਟ, ਗਵਰਨਰ ਤੇ ਪਬਲਿਕ ਸਰਵਿਸ ਕਮੀਸ਼ਨ ਬਣਾ ਦਿਉ........

**ਚੀਫ ਪਾਰਲੀਮੈਂਟਰੀ ਸੈਕਟਰੀ :** ਆਨ ਏ ਪਾਇੰਟ ਆਫ ਆਰਡਰ, ਸਰ । ਚੇਅਰਮੈਨ ਸਾਹਿਬ, ਪਜਾਬ ਸਰਕਾਰ ਦੀ ਇਹ ਕੋਈ ਪਲੀ ਨਹੀਂ ਕਿ ਤਿੰਨ ਜ਼ੋਨ ਬਣਾ ਦਿਤੇ ਜਾਣ । ਇਹ ਗਲਤ ਕਹਿ ਰਹੇ ਹਨ । ਪੰਜਾਬ ਸਰਕਾਰ ਤਾਂ ਇਹ ਕਹਿੰਦੀ ਹੈ ਕਿ status quo ਰਖਿਆ ਜਾਵੇ ।

**ਸਰਦਾਰ ਅਜਾਇਬ ਸਿੰਘ ਸੰਧੂ :** ਮੈਂ ਅਰਜ਼ ਕਰਦਾ ਹਾਂ ਕਿ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਬ ਨੂੰ ਕੁਝ ਪਤਾ ਨਹੀਂ । ਇਨ੍ਹਾਂ ਨੂੰ ਤਾਂ ਕੋਈ ਕੈਬੀਨਿਟ ਮੀਟਿੰਗ ਵਿਚ ਬੁਲਾਂਦਾ ਹੀ ਨਹੀਂ ।

ਚੇਅਰਮੈਨ ਸਾਹਿਬ, ਅਜ ਮੋਸਟਲੀ ਸਾਰੇ ਵਜ਼ੀਰ ਦਿਲੀ ਗਏ ਹੋਏ ਹਨ ਤਾਕਿ ਉਹ ਓਥੇ ਜਾਕੇ ਪਜਾਬ ਦੇ ਬਾਰੇ ਆਪਣੇ ਵਿਚਾਰ ਪ੍ਰਗਟ ਕਰ ਸਕਣ । ਜਿਹੜੇ ਇਥੇ ਮੌਜੂਦ ਹਨ ਉਨ੍ਹਾਂ ਦੇ ਬਾਰੇ ਸਾਨੂੰ ਪੂਰਾ ਪਤਾ ਹੈ ਕਿ ਕੈਬੀਨਿਟ ਉਨ੍ਹਾਂ ਦੇ ਵਿਚਾਰਾਂ ਦੀ ਕਿੰਨੀ ਕਦਰ ਕਰਦੀ ਹੈ।

**ਚੀਫ ਪਾਰਲੀਮੈਂਟਰੀ ਸੈਕਟਰੀ :** ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮਾਨਯੋਗ ਮੈਂਬਰ ਨੂੰ ਕੁਝ ਗਲਤ ਫਹਿਮੀ ਹੋਈ ਹੈ । ਪੰਜਾਬ ਕੈਬਿਨਿਟ ਦੀ ਜਿਹੜੀ ਪਹਿਲਾਂ ਰਾਏ ਸੀ ਉਸ ਤੇ ਉਹ ਪੂਰੀ ਤਰ੍ਹਾਂ ਕਾਇਮ ਹੈ।

**ਸਰਦਾਰ ਗੁਰਚਰਨ ਸਿੰਘ :** ਕੀ ਕੋਈ ਆਨਰੇਬਲ ਮੈਂਬਰ ਚੇਅਰ ਦੀ ਇਜਾਜ਼ਤ ਬਿਨਾਂ ਕਿਸੇ ਦੂਸਰੇ ਮੈਂਬਰ ਨੂੰ ਇੰਟਰਪਟ ਕਰ ਸਕਦਾ ਹੈ ? ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਬਿਨਾਂ ਚੇਅਰ ਦੀ ਇਜਾਜ਼ਤ ਤੋਂ ਖੜੇ ਹੋ ਜਾਂਦੇ ਹਨ । ਇਨ੍ਹਾਂ ਨੂੰ ਕਾਨੂੰਨ ਸਿਖਾਉ ।

**Mr. Chairman**: No Interruption.

**ਬਾਬੂ ਬਚਨ ਸਿੰਘ :** ਆਨ ਏ ਪੁਆਇਟ ਆਫ ਆਰਡਰ, ਸਰ । ਕੀ ਕਿਸੇ ਆਨਰੇਬਲ ਮੈਂਬਰ ਨੂੰ ਕੋਈ ਰਾਈਟ ਹੈ ਕਿ ਚੇਅਰ ਦੀ ਇਜਾਜ਼ਤ ਦੇ ਬਗੈਰ ਖੁਦ ਕਾਨੂੰਨ ਆਪਣੇ ਹਥ ਵਿਚ ਲੈ ਕੇ ਬੋਲਣਾ ਸ਼ੁਰੂ ਕਰ ਦੇਵੇ ?

**चौधरी नेत राम :** ग्रान ए प्वायंट ग्राफ ग्राडर, सर । क्या चीफ पार्लियामेंटरी सैक्रेटरी कैबीनिट के फैसले को एक मेम्बर को मुखातिब करते हुए ग्राउट कर सकता है ?

**श्री सभापति :** यह प्वायंट ग्राफ ग्राडर नहीं है । ग्रगर ग्राप भविष्य में ऐसा प्वायंट ग्राफ ग्राडरज रेज करेंगे तो ग्राप को प्वायंट ग्राफ ग्राडर रेज करने की इजाजत नहीं दी जाएगी । (This is no point of order. If in further, the hon. Member raises such a point of order, he will be debarred from raising points of order)

**Pandit Chiranji Lal Sharma :** On a point of Order, Sir. Mr. Chairman, in view of the atmosphere of the House I want your Ruling that if some hon. Member of the House refuses to obey the Chair or tries to take law and procedure into his own hand, I wonder how in the absence of the Marshal there would be any control.

**Mr. Chairman :** The hon. Member is a practising lawyer of high repute and besides he has always been on the Panel of Chairmen. He knows that Marshal is not necessary always and therefore it is no point of Order. I rule it out.

**ਸਰਦਾਰ ਅਜਾਇਬ ਸਿੰਘ ਸੰਧੂ :** ਚੇਅਰਮੈਨ ਸਾਹਿਬ, ਮੈਂ ਕਹਿ ਰਿਹਾ ਸੀ ਕਿ ਪੰਜਾਬ ਦੇ 7 ਵਜ਼ੀਰ ਦਿਲੀ ਗਏ ਹਨ ਤਾਕਿ ਉਥੇ ਆਪਣੇ ਵਿਚਾਰ ਪ੍ਰਗਟ ਕਰ ਸਕਣ। ਪੰਜਾਬ ਦੇ ਚੀਫ਼ ਮਨਿਸਟਰ ਅਤੇ ਹੋਮ ਮਨਿਸਟਰ ਕਈ ਮਹੀਨਿਆਂ ਤੋਂ ਪੰਜਾਬ ਦੀ ਜਨਤਾ ਨੂੰ ਮਿਸਲੀਡ ਕਰ ਰਹੇ ਹਨ ਕਿ ਪੰਜਾਬ ਦਾ ਬਟਵਾਰਾ ਨਹੀਂ ਹੋਣ ਦਿਆਂਗੇ। ਲੇਕਿਨ ਆਪ ਨੂੰ ਮਾਲੂਮ ਹੈ ਕਿ ਕੈਬਨਿਟ ਦੇ 7 ਵਜ਼ੀਰਾਂ ਨੇ ਆਪਣੇ ਖਿਆਲ ਇਸ ਦੇ ਅਗੇਂਸਟ ਪੇਸ਼ ਕੀਤੇ ਹਨ। ਹੁਣ ਤਾਂ ਥੈਲੇ ਵਿਚੋਂ ਬਿਲੀ ਨਿਕਲ ਗਈ ਹੈ। ਉਨ੍ਹਾਂ ਦੇ ਵਿਚਾਰਾਂ ਤੋਂ ਪਤਾ ਲਗਦਾ ਹੈ ਕਿ ਉਹ ਹਰਿਆਨਾ ਪਰਾਂਤ, ਪੰਜਾਬੀ ਰਿਜਨ ਅਤੇ ਪਹਾੜੀ ਰਿਜਨ ਦੇ ਹੱਕ ਵਿਚ ਹਨ। ਅਸੀਂ ਪੰਜਾਬ ਦੀ ਜਨਤਾ ਨੂੰ ਨਿਆਂ ਦੇਣ ਦੇ ਹੱਕ ਵਿਚ ਹਾਂ। ਇਸ ਕੰਮ ਲਈ ਅਕਾਲੀਆਂ ਨੇ ਬਹੁਤੇ ਕੁਰਬਾਨੀ ਕੀਤੀ। ਅਕਾਲੀਆਂ ਨੇ ਹਰ ਪੀਸਫੁਲ ਤਰੀਕੇ ਦੇ ਨਾਲ ਆਪਣੇ ਕੇਸ ਨੂੰ ਪਲੀਡ ਕੀਤਾ। ਜਦੋਂ ਉਹ ਪੀਸਫੁਲ ਮੀਨਜ਼ ਖਤਮ ਹੋ ਗਏ ਤਾਂ ਸਾਡੇ ਅਤੇ ਪੰਜਾਬ ਦੇ ਮਹਾਨ ਨੇਤਾ ਸੰਤ ਫਤਿਹ ਸਿੰਘ, ਜੋ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਭਾਰੀ ਨੇਤਾ ਹਨ ਉਨ੍ਹਾਂ ਨੇ ਪੰਜਾਬੀ ਸੂਬੇ ਦੇ ਬਣਵਾਉਣ ਲਈ ਆਪਣੇ ਆਪ ਨੂੰ ਅਗਨਭੇਟ ਕਰਨ ਦਾ ਫੈਸਲਾ ਕੀਤਾ ਹੋਇਆ ਹੈ। ਅਗਰ ਉਨ੍ਹਾਂ ਨੂੰ ਕੁਝ ਹੋ ਗਿਆ ਜਾਂ ਉਹ ਇਸ ਮਨੋਰਥ ਲਈ ਕੁਰਬਾਨ ਹੋ ਗਏ ਤਾਂ ਉਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਉਤੇ ਹੋਵੇਗੀ। ਪੰਜਾਬ ਦੇ ਵਿਚ ਸਿਖ ਕੌਮ ਅਜਿਹੀ ਹੈ ਜਿਹੜੀ ਜ਼ੁਲਮ ਅਤੇ ਜਬਰ ਦੇ ਬਰਖਲਾਫ਼ ਕੁਰਬਾਨੀ ਦੇਣ ਲਈ ਤਿਆਰ ਹੈ। ਸਾਡੀ ਸਰਕਾਰ ਪੰਜਾਬ ਦੀ ਜਨਤਾ ਨੂੰ ਮਿਸਲੀਡ ਕਰ ਰਹੀ ਹੈ। ਇਸ ਧੱਕਾ ਸ਼ਾਹੀ ਨੂੰ ਦੂਰ ਕਰਨਾ ਚਾਹੀਦਾ ਹੈ।

**श्री सुरेन्द्र नाथ गौतम:** आन ए प्वायंट आफ आडर, सर। चेयरमैन साहिब, गवर्नर साहिब के एड्रैस के अन्दर पंजाबी सूबा और हरियाना प्रान्त के बारे में कोई जिक्र नहीं है लेकिन माननीय सदस्य अपनी स्पीच में इस बारे में कह रहे हैं। क्या कोई आनरेबल मेम्बर उस प्वायंट को बहस में टेक अप कर सकता है जो गवर्नर साहिब के भाषण में नजर अन्दाज किया गया हो ?

**श्री सभापति :** यह आप का प्वायंट आफ आर्डर नहीं है। हाउस के अन्दर, जो बातें गवर्नर साहब के ऐड्रैस में दी हुई हैं और जो नहीं दी हैं लेकिन उन का सम्बन्ध पंजाब के साथ हो, वह सब जेरे बहस लाई जा सकती है। (This is an irrelevant point of order. Any matters mentioned in the governor's address or those which find no place therein but are connected with the punjab, they can be discussed.)

**ਸਰਦਾਰ ਅਜਾਇਬ ਸਿੰਘ ਸੰਧੂ :** ਮੈਂ ਪੰਡਿਤ ਸੁਰਿੰਦਰ ਨਾਥ ਗੌਤਮ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਅਧਾ ਇਲਾਕਾ ਪਹਾੜੀ ਹੈ ਅਤੇ ਅੱਧਾ ਇਲਾਕਾ ਮੈਦਾਨੀ ਹੈ। ਉਨ੍ਹਾਂ ਦੇ ਬਾਰੇ ਕੁਝ ਨਹੀਂ ਪਤਾ ਕਿ ਉਹ ਕਿਧਰ ਜਾਣਾ ਚਾਹੁੰਦੇ ਹਨ। ਮੈਂ ਮਾਨਯੋਗ ਮੈਂਬਰ ਨੂੰ ਬੇਨਤੀ ਕਰਦਾ ਹਾਂ ਕਿ ਪੰਜਾਬ ਦੇ ਭਵਿਖ ਦੇ ਬਾਰੇ ਗਵਰਨਰ ਸਾਹਿਬ ਦੇ ਐਡਰੈਸ ਵਿਚ ਕੁਝ ਵੀ ਨਹੀਂ ਲਿਖਿਆ। ਇਸ ਲਈ ਮੈਂ ਹੁਣ ਜ਼ਿਕਰ ਕਰ ਰਿਹਾ ਹਾਂ।

ਚੇਅਰਮੈਨ ਸਾਹਿਬ, ਮੈਂ ਗਵਰਨਰ ਸਾਹਿਬ ਦੇ ਐਡਰੈਸ ਨੂੰ ਬੜਾ ਸੀਰੀਅਸਲੀ ਪੜ੍ਹਿਆ ਹੈ। ਇਸ ਵਿਚ ਲਿਖਿਆ ਹੈ ਕਿ ਸਰਕਾਰ ਮਹਾਤਮਾ ਗਾਂਧੀ ਦਾ ਸੌ ਸਾਲਾ ਜਨਮ ਦਿਨ ਮਨਾ ਰਹੀ ਹੈ। ਅਸੀਂ ਉਸ ਮਹਾਨ ਨੇਤਾ ਦੀ ਕਦਰ ਕਰਦੇ ਹਾਂ। ਅਸੀਂ ਉਸ ਦੇ ਬੜੇ ਸ਼ਰਧਾਲੂ ਹਾਂ। ਉਸ ਦੀ ਸੌ ਸਾਲਾ ਵਰ੍ਹੇ ਗੰਢ ਚੰਗੇ ਢੰਗ ਨਾਲ ਮਨਾਈ ਜਾਣੀ ਚਾਹੀਦੀ ਹੈ। ਇਸ ਦੇ ਅਲਾਵਾ ਗੁਰੂ ਗੋਬਿੰਦ ਸਿੰਘ ਜੀ ਦਾ

[ਸਰਦਾਰ ਅਜਾਇਬ ਸਿੰਘ ਸੰਧੂ]

ਤਿੰਨ ਸੌ ਸਾਲਾ ਜਨਮ ਦਿਨ ਮਨਾਉਣ ਦਾ ਵੀ ਫੈਸਲਾ ਕੀਤਾ ਹੈ। ਗਵਰਨਰ ਸਾਹਿਬ ਦੇ ਐਡਰੈਸ ਵਿਚ ਕਿਹਾ ਗਿਆ ਹੈ ਕਿ ਉਹ ਬਹਾਦੁਰ ਨੇਤਾ ਅਤੇ ਯੋਧਾ ਸਨ। ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਾਂਗੇ। ਮੈਂ ਅਰਜ਼ ਕਰਨੀ ਚਾਹੁੰਦਾਂ ਹਾਂ ਕਿ ਉਨ੍ਹਾਂ ਨੇ ਦੇਸ਼ ਦੀ ਸ਼ਾਨ ਔਰ ਮਾਣ ਲਈ ਆਪਣਾ ਸਭ ਕੁਝ ਕੁਰਬਾਨ ਕੀਤਾ। ਉਨ੍ਹਾਂ ਨੇ ਦੇਸ਼ ਵਿਚ ਰਾਸ਼ਟਰੀਅਤਾ ਦਾ ਜਜ਼ਬਾ ਪੈਦਾ ਕੀਤਾ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਯਾਦ ਵਿਚ ਕਾਨਫਰੰਸਾਂ ਦੇ ਰਾਹੀਂ ਵਗੈਰਾਂਹ ਨਹੀਂ ਮਨਾਉਣੀ ਚਾਹੀਦੀ ਹੈ। ਸਾਨੂੰ ਉਨ੍ਹਾਂ ਦੇ ਦਸੇ ਹੋਏ ਰਸਤੇ ਅਪਣਾਉਣੇ ਚਾਹੀਦੇ ਹਨ। ਗੁਰੂ ਗੋਬਿੰਦ ਸਿੰਘ ਜਿੱਥੇ ਰਹੇ ਅਤੇ ਗਏ ਉਥੇ ਉਨ੍ਹਾਂ ਦੀ ਯਾਦ ਵਿਚ ਵੱਡੇ ਵੱਡੇ ਕੰਮ ਖੋਲ੍ਹਣੇ ਚਾਹੀਦੇ ਹਨ। ਗੁਰੂ ਗੋਬਿੰਦ ਸਿੰਘ ਅਨੰਦਪੁਰ ਸਾਹਿਬ ਕਾਫੀ ਅਰਸੇ ਤਕ ਰਹੇ। ਉਨ੍ਹਾਂ ਨੇ ਦੁਸ਼ਮਣ ਦਾ ਮੁਕਾਬਲਾ ਕਰਨ ਲਈ ਇਕ ਫੌਜ ਤਿਆਰ ਕੀਤੀ। ਉਨ੍ਹਾਂ ਨੇ ਇਕ ਸਿਖ ਨੂੰ ਦੁਸ਼ਮਣ ਦੇ ਸਵਾ ਲਖ ਦੇ ਮੁਕਾਬਲੇ ਉਤੇ ਤਿਆਰ ਕੀਤਾ। ਉਨ੍ਹਾਂ ਨੇ ਆਪਣੀ ਫੌਜ ਨੂੰ ਇਕ ਮੁਠੀ ਛੋਲੇ ਦੇ ਕੇ ਲੜਾਈ ਲੜਨ ਲਈ ਪ੍ਰੋਤਸਾਹਨ ਦਿਤਾ ਸੀ। ਉਨ੍ਹਾਂ ਦੀ ਫੌਜ ਵਿਚ ਸਿਖਾਂ ਦੇ ਇਲਾਵਾ ਮੁਸਲਮਾਨ ਅਤੇ ਹੋਰ ਕੌਮਾਂ ਦੇ ਫੌਜੀ ਮੌਜੂਦ ਸਨ। ਇਸ ਲਈ ਮੈਂ ਸਰਕਾਰ ਨੂੰ ਸਿਫਾਰਸ਼ ਕਰਦਾ ਹਾਂ ਕਿ ਆਨੰਦਪੁਰ ਸਾਹਿਬ ਦੇ ਅੰਦਰ ਇਕ ਡੀਫੈਂਸ ਅਕਾਡੇਮੀ ਖੋਲ੍ਹੀ ਜਾਵੇ ਤਾਕਿ ਉਥੇ ਫੌਜੀ ਆਪਣੀ ਟਰੇਨਿੰਗ ਲੈਣ ਅਤੇ ਉਨ੍ਹਾਂ ਦੇ ਦਿਲਾਂ ਵਿਚ ਗੁਰੂ ਗੋਬਿੰਦ ਸਿੰਘ ਦੇ ਅਸੂਲ ਆ ਸਕਣ ਅਤੇ ਉਹ ਦੇਸ਼ ਦੀ ਰਖਿਆ ਕਰ ਸਕਣ। ਗੁਰੂ ਗੋਬਿੰਦ ਸਾਹਿਬ ਚਮਕੌਰ ਸਾਹਿਬ ਭੀ ਗਏ। ਚਮਕੌਰ ਸਾਹਿਬ ਬਹੁਤ ਛੋਟਾ ਕਸਬਾ ਹੈ। ਉਥੇ ਕੋਈ ਸੜਕ ਨਹੀਂ ਹੈ। ਇਹ ਕਸਬਾ ਆਰਥਕ ਤੌਰ ਤੇ ਬਹੁਤ ਬੈਕਵਰਡ ਹੈ। ਉਥੇ ਗੁਰੂ ਗੋਬਿੰਦ ਸਾਹਿਬ ਦੇ ਸਾਹਿਬਜਾਦੇ ਦੇਸ਼ ਦੀ ਖਾਤਰ ਸ਼ਹੀਦ ਹੋਏ ਸਨ। ਉਥੇ ਕੋਈ ਕਾਲਿਜ ਨਹੀਂ ਹੈ। ਗੁਰੂ ਗੋਬਿੰਦ ਸਿੰਘ ਦੇ ਪਿਤਾ ਦੇਸ਼ ਦੀ ਖਾਤਰ ਸ਼ਹੀਦ ਹੋਏ, ਉਨ੍ਹਾਂ ਨੇ ਦੇਸ਼ ਦੀ ਖਾਤਰ ਆਪਣਾ ਖ਼ੂਨ ਬਹਾਇਆ ਸੀ ਅਤੇ ਉਨ੍ਹਾਂ ਦੇ ਸਾਹਬਜ਼ਾਦੇ ਵੀ ਦੇਸ਼ ਲਈ ਕੁਰਬਾਨ ਹੋਏ। ਇਸ ਲਈ ਉਨ੍ਹਾਂ ਦੀ ਯਾਦਗਾਰ ਵਜੋਂ ਚਮਕੌਰ ਸਾਹਿਬ ਕੁਝ ਨਾ ਕੁਝ ਬਣਾਇਆ ਜਾਣਾ ਚਾਹੀਦਾ ਹੈ। ਇਸ ਬਾਰੇ ਕੀ ਹੋ ਸਕਦਾ ਹੈ ? ਜੇਕਰ ਸਰਕਾਰ ਜ਼ਿਆਦਾ ਨਹੀਂ ਕਰਨਾ ਚਾਹੁੰਦੀ ਤਾਂ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਝੁਜਾਰ ਸਿੰਘ ਦੋਹਾਂ ਦੀ ਯਾਦ ਵਿਚ ਇਕ ਡਿਗਰੀ ਕਾਲਿਜ ਕਾਇਮ ਕਰ ਦੇਵੇ। ਚਮਕੌਰ ਸਾਹਿਬ ਦਰਸ਼ਣ ਕਰਨ ਲਈ ਹਿਦੁਸਤਾਨ ਦੇ ਸਾਰੇ ਹਿਸਿਆਂ ਵਿਚੋਂ ਲੋਕੀ ਆਉਂਦੇ ਹਨ। ਸਰਕਾਰ ਵਾਸਤਵ ਵਿਚ ਗੁਰੂ ਗੋਬਿੰਦ ਸਿੰਘ ਨੂੰ ਸ਼ਰਧਾ ਭੇਟ ਕਰੇਗੀ, ਉਨ੍ਹਾਂ ਦੀ ਯਾਦ ਸਹੀ ਮਾਅਨਿਆਂ ਵਿਚ ਮਨਾਏਗੀ ਜੇਕਰ ਚਮਕੌਰ ਸਾਹਿਬ ਨੂੰ ਰੇਲਵੇ ਲਾਈਨ ਨਾਲ ਜੋੜ ਦੇਵੇ, ਸੜਕਾਂ ਚੰਗੀਆਂ ਹੋਣ। ਉਥੇ ਆਏ ਸਾਲ ਸਾਹਿਬਜ਼ਾਦਿਆਂ ਦੀ ਯਾਦ ਵਿਚ ਮੇਲਾ ਲਗਦਾ ਹੈ ਪਰ ਮੌਕੇ ਤੇ ਬਸ ਵੀ ਨਹੀਂ ਮਿਲਦੀ। ਸਾਨੂੰ ਗੌਰਮਿੰਟ ਆਫ ਇੰਡੀਆਂ ਕੋਲੋਂ ਪਤਾ ਲਗਾ ਹੈ ਕਿ ਲੁਧਿਆਣੇ ਅਤੇ ਚੰਡੀਗੜ੍ਹ ਨੂੰ ਰੇਲਵੇ ਲਾਈਨ ਨਾਲ ਕੁਨੈਕਟ ਕੀਤਾ ਜਾਣਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਕ ਤਾਂ ਚਮਕੌਰ ਸਾਹਿਬ ਵਿਚ ਇਕ ਡਿਗਰੀ ਕਾਲਿਜ ਹੋਣਾ ਚਾਹੀਦਾ ਹੈ ਅਤੇ ਦੂਸਰੇ ਲੁਧਿਆਣੇ ਤੋਂ ਜਿਹੜੀ ਰੇਲਵੇ ਲਾਈਨ ਚੰਡੀਗੜ੍ਹ ਆਉਣੀ ਹੈ ਉਸ ਨਾਲ ਚਮਕੌਰ ਸਾਹਿਬ ਨੂੰ ਕੁਨੈਕਟ ਕੀਤਾ ਜਾਣਾ ਚਾਹੀਦਾ ਹੈ। ਉਹ ਬੜਾ ਪਵਿੱਤਰ ਅਸਥਾਨ ਹੈ। ਉਥੇ ਆਉਣ ਜਾਣ ਦੇ ਜ਼ਰਾਏ means of communications ਵਧਾਏ ਜਾਣੇ ਚਾਹੀਦੇ ਹਨ। ਬੜਾ ਚੰਗਾ ਸੈਂਟਰ ਬਣ ਜਾਵੇ, ਆਉਣ ਜਾਣ ਵਾਲਿਆਂ ਨੂੰ ਸਹੂਲਤਾਂ ਹੋਣ, ਠਹਿਰਣ ਲਈ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ। ਫਤਿਹਗੜ੍ਹ ਵਿਚ ਕਾਲਿਜ ਬਣ ਰਿਹਾ ਹੈ, ਬੜੀ ਚੰਗੀ ਗੱਲ ਹੈ। ਉਥੇ ਪਹਿਲੇ ਵੀ ਕਾਲਿਜ ਹੈ। ਵਧੀਆ ਚੀਜ਼ ਬਣਾਈ ਜਾਣੀ ਚਾਹੀਦੀ ਹੈ, ਜਿਸ ਨਾਲ ਪਤਾ ਲਗੇ ਕਿ ਉਥੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਸਾਹਿਬਜ਼ਾਦੇ ਸ਼ਹੀਦ ਹੋਏ ਸਨ, ਨੀਹਾਂ ਵਿਚ ਚੁਣੇ ਗਏ ਸਨ। ਜੇਕਰ ਅਸੀਂ ਇਹ ਮੋਟੀਆਂ ਮੋਟੀਆਂ ਗਲਾਂ ਕਰ ਦੇਈਏ ਤਾਂ ਸਹੀ ਮਾਅਨਿਆਂ ਵਿਚ ਗੁਰੂ ਗੋਬਿੰਦ ਸਿੰਘ ਦੀ ਯਾਦ ਮਨਾ ਸਕਦੇ ਹਾਂ।

ਇਸ ਐਡ੍ਰੈਸ ਵਿਚ ਪਹਿਲੇ ਪ੍ਰਧਾਨ ਮੰਤਰੀ ਸ਼੍ਰੀ ਲਾਲ ਬਹਾਦੁਰ ਸ਼ਾਸਤਰੀ ਦਾ ਜ਼ਿਕਰ ਆਇਆ ਹੈ। ਇਸ ਦੇ ਇਲਾਵਾ ਸਾਨੂੰ ਜੋ ਉਨ੍ਹਾਂ ਨੇ ਜਾਂਦਿਆਂ ਹੋਇਆਂ ਕਿਹਾ ਸੀ ਉਸ ਦਾ ਖਾਸ ਜ਼ਿਕਰ ਨਹੀਂ ਆਇਆ। ਉਨ੍ਹਾਂ ਨੇ ਕਿਹਾ ਸੀ "ਜੈ ਜਵਾਨ, ਜੈ ਕਿਸਾਨ" ਉਸ ਦਾ ਭਾਵ ਸੀ "ਦੇਗ ਤੇਗ ਫਤਿਹ"। ਉਨ੍ਹਾਂ ਨੇ ਇਹ ਨਾਅਰਾ ਦਿਲੀ ਵਿਚ ਲਾਇਆ ਸੀ। ਲੇਕਿਨ ਅਜ ਹੋ ਕੀ ਰਿਹਾ ਹੈ। ਮੈਂ ਜਵਾਨਾਂ ਦੇ ਬਾਰੇ ਕੁਝ ਨਹੀਂ ਕਹਿਣਾ ਚਾਹੁੰਦਾ। ਉਨ੍ਹਾਂ ਦੀਆਂ ਸੇਵਾਵਾਂ ਦੇ ਬਾਰੇ ਸਰਕਾਰ ਨੇ ਜਿੰਨੀਆਂ ਵੀ ਚੰਗੀਆਂ ਗਲਾਂ ਕੀਤੀਆਂ ਹਨ ਉਹ ਹੋਰ ਜ਼ਿਆਦਾ ਹੋਣੀਆਂ ਚਾਹੀਦੀਆਂ ਹਨ ਉਨ੍ਹਾਂ ਜਵਾਨਾਂ ਲਈ ਜਿਨ੍ਹਾਂ ਨੇ ਦੇਸ਼ ਦੀ ਆਨ ਅਤੇ ਸ਼ਾਨ ਕਾਇਮ ਰਖਣ ਦੀ ਖਾਤਰ ਕੁਰਬਾਨੀਆਂ ਦਿਤੀਆਂ। ਅਸੀਂ ਉਨ੍ਹਾਂ ਦੇ ਬੜੇ ਰਿਣੀ ਹਾਂ। ਨਾਅਰਾ ਤਾਂ ਜ਼ਰੂਰ ਲਗਾ ਸੀ "ਜੈ ਜਵਾਨ, ਜੈ ਕਿਸਾਨ" ਪਰ ਅਜੇ ਤਕ ਇਸ ਬਾਰੇ ਸਰਕਾਰ ਕੁਝ ਕਰ ਨਹੀਂ ਰਹੀ। ਚਾਹੀਦਾ ਤਾਂ ਇਹ ਸੀ ਕਿ ਜਿਹੜੀ ਜ਼ਮੀਨ ਕਾਬਲੇ ਕਾਸ਼ਤ ਪਈ ਹੋਈ ਹੈ, ਚਾਹੇ ਉਹ ਕਸਟੋਡੀਅਨ ਦੀ ਹੈ ਜਾਂ ਦੂਸਰੀ ਹੈ, ਉਹ ਉਸ ਆਦਮੀ ਨੂੰ ਦਿਤੀ ਜਾਂਦੀ ਜਿਹੜਾ ਖੁਦ ਕਾਸ਼ਤ ਕਰਦਾ ਹੈ ਚਾਹੇ ਉਹ ਹਰੀਜਨ ਹੈ, ਚਾਹੇ ਮੁਜ਼ਾਰਾ ਹੈ। ਉਨ੍ਹਾਂ ਨੂੰ ਜ਼ਮੀਨ ਦਿੰਦੇ ਅਤੇ ਕਹਿੰਦੇ ਕਿ ਵਾਹੀ ਕਰੋ ਅਤੇ ਅਨਾਜ ਪੈਦਾ ਕਰੋ। ਲੇਕਿਨ ਇਹ ਨਹੀਂ ਕੀਤਾ ਜਾ ਰਿਹਾ। ਚੰਡੀਗੜ੍ਹ ਵਿਚ ਜਿਹੜੇ ਗ੍ਰਾਸੀ ਪਲਾਟਸ ਸਨ ਉਨ੍ਹਾਂ ਵਿਚ ਹਲ ਵਾਹੁਣਾ ਸ਼ੁਰੂ ਕਰ ਦਿਤਾ ਹੈ ਤਾਂ ਜੋ ਲੋਕ ਅਖਬਾਰਾਂ ਪੜ੍ਹਨ ਤਾਂ ਉਹ ਕਹਿਣ ਸਬਜ਼ੀਆਂ ਬੀਜੀਆਂ ਜਾਣਗੀਆਂ ਜਾਂ ਕਣਕ ਬੀਜੀ ਜਾਏਗੀ ਤਾਂ ਜੋ ਜ਼ਿਆਦਾ ਅੰਨ ਪੈਦਾ ਹੋਵੇ। ਪਰ ਅਸਲ ਗਲ ਕੀ ਹੈ ? ਪੰਜਾਬ ਸਰਕਾਰ ਨੇ ਰੋਪੜ ਤੋਂ ਲੈ ਕੇ ਹਰੀਕੇ ਪੱਤਣ ਤਕ 30—40 ਹਜ਼ਾਰ ਏਕੜ ਜ਼ਮੀਨ ਰੀਕਲੇਮ ਕੀਤੀ ਹੈ ਉਸ ਵਿਚੋਂ ਬਹੁਤ ਸਾਰੀ ਕਸਟੋਡੀਅਨ ਦੀ ਹੈ ਜਿਹੜੀ ਹਰੀਜਨਾਂ ਨੂੰ ਦੇਣੀ ਸੀ ਜਿਸ ਵਿਚ ਛੋਟਾ ਕਿਸਾਨ ਵਾਹੀ ਕਰਕੇ ਅੰਨ ਪੈਦਾ ਕਰ ਸਕਦਾ ਸੀ। ਉਸ ਵਿਚੋਂ ਇਕ ਹਜ਼ਾਰ ਏਕੜ ਜ਼ਮੀਨ ਬਿਰਲੇ ਨੂੰ ਦੇ ਦਿਤੀ ਹੈ। ਪੰਜਾਬ ਦੇ ਕਿਸਾਨਾਂ ਦੀ ਥਾਂ ਤੇ, ਜਿਨ੍ਹਾਂ ਨੇ ਸੋਨਾ ਉਗਾਕੇ ਪੰਜਾਬ ਨੂੰ ਮਾਲਾ ਮਾਲ ਕੀਤਾ, ਅੰਨ ਪੈਦਾ ਕਰ ਕੇ ਸੋਨੇ ਦੀ ਚਿੜੀਆਂ ਨਾਂ ਰਖਵਾਇਆ, ਅਜ ਬਿਰਲਾ ਬੀਜ ਪੈਦਾ ਕਰ ਕੇ ਦੇਵੇਗਾ। ਜਿਸ ਪੱਟੇ ਤੇ ਜ਼ਮੀਨ ਦਿਤੀ ਗਈ ਹੈ ਉਹ ਪੱਟਾ ਵੀ ਬੜਾ ਨਾਕਸ ਹੈ, ਉਹ ਕਿਸੇ ਵੇਲੇ ਵੀ ਇਨ੍ਹਾਂ ਨੂੰ ਗਰਿਫਤ ਵਿਚ ਲੈ ਸਕਦਾ ਹੈ। ਜਿਹੜਾ ਨਾਅਰਾ ਪ੍ਰਧਾਨ ਮੰਤਰੀ ਸਾਹਿਬ ਨੇ ਲਗਾਇਆ ਸੀ ਪੰਜਾਬ ਸਰਕਾਰ ਉਸ ਨੂੰ ਭੁਲ ਗਈ ਹੈ। ਕਿਸਾਨਾਂ ਨੂੰ ਨਾ ਪਾਣੀ ਮਿਲਦਾ ਹੈ ਨਾ ਬਿਜਲੀ ਮਿਲਦੀ ਹੈ ਅਤੇ ਨਾ ਹੀ ਖਾਦ ਮਿਲਦੀ ਹੈ। ਐਡ੍ਰੈਸ ਵਿਚ ਜ਼ਿਕਰ ਆਇਆ ਹੈ ਕਿ ਖਾਦ ਬੜੀ ਘਟ ਮਿਲਦੀ ਹੈ, ਜੇਕਰ ਘਟ ਮਿਲਦੀ ਹੈ ਤਾਂ ਇਸ ਤੋਂ ਜ਼ਿਆਦਾ ਬਰੀ ਗਲ ਹੋਰ ਕੀ ਹੋ ਸਕਦੀ ਹੈ ? ਜੇਕਰ ਬਿਜਲੀ ਨਹੀਂ ਮਿਲੇਗੀ, ਖਾਦ ਨਹੀਂ ਮਿਲੇਗੀ ਤਾਂ ਅੰਨ ਕਿਸ ਤਰ੍ਹਾਂ ਪੈਦਾ ਹੋਵੇਗਾ। ਜਿਹੜੀ ਜ਼ਮੀਨ ਰੀਕਲੇਮ ਕਰਕੇ ਬਿਰਲੇ ਨੂੰ ਦਿਤੀ ਹੈ ਉਹ ਜ਼ਮੀਨ 182 ਫੈਮੀਲੀਜ਼ ਨੇ ਆਪ ਵਾਹੁਣੀ ਸੀ ਜਿਹੜੇ ਕਿ ਦੋ, ਦੋ, ਚਾਰ ਚਾਰ ਵਿਘਿਆਂ ਦੇ ਮਾਲਕ ਹਨ। ਰੋਪੜ ਦੇ ਕੋਲ ਉਹ ਜ਼ਮੀਨ ਉਨ੍ਹਾਂ ਕੋਲੋਂ ਖੋਹ ਕੇ ਬਿਰਲਾਜ਼ ਨੂੰ ਦੇ ਦਿਤੀ ਹੈ। ਉਹ ਜ਼ਮੀਨ ਹਰੀਜਨਾਂ ਨੂੰ ਦਿਤੀ ਜਾਣੀ ਚਾਹੀਦੀ ਸੀ। "ਜੈ ਜਵਾਨ ਅਤੇ ਜੈ ਕਿਸਾਨ" ਦਾ ਨਾਅਰਾ ਲਗਾਇਆ ਜਾਂਦਾ ਹੈ। ਮੈਂ ਦਿੱਲੀ ਗਿਆ ਤੇ ਸਵਰਗਵਾਸੀ ਪ੍ਰਧਾਨ ਮੰਤਰੀ ਦੀ ਕੋਠੀ ਗਿਆ। ਮੈਂ ਵੇਖ ਕੇ ਹੈਰਾਨ ਰਹਿ ਗਿਆ ਕਿ ਉਨ੍ਹਾਂ ਨੇ ਆਪਣੀ ਕੋਠੀ ਦੇ ਲਾਨਜ ਵਿਚ ਜਿਹੜੀ ਕਿ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਬਣਨ ਤੇ ਮਿਲੀ ਸੀ ਕਣਕ ਬੀਜੀ ਹੋਈ ਸੀ। ਮੈਂ ਚੀਫ ਪਾਰਲੀਮੈਂਟਰੀ ਸੈਕ੍ਰੇਟਰੀ ਸਾਹਿਬ ਨੂੰ ਪੁਛਦਾ ਹਾਂ ਕਿ ਕੀ ਉਨ੍ਹਾਂ ਨੇ ਜਾਂ ਉਨ੍ਹਾਂ ਦੇ ਸਾਥੀਆਂ ਦੂਸਰਿਆਂ ਵਜ਼ੀਰਾਂ ਨੇ ਆਪਣੀਆਂ ਕੋਠੀਆਂ ਵਿਚ ਕਣਕ ਬੀਜਣ ਦੀ ਕੋਸ਼ਸ਼ ਕੀਤੀ ਹੈ। ਕੀ ਜਿਹੜੇ ਪੂਰਨੇ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਨੇ ਪਾਏ ਸਨ ਉਨ੍ਹਾਂ ਉਪਰ ਇਹ ਚਲ ਰਹੇ ਹਨ ? ਲਖਾਂ ਏਕੜ ਜ਼ਮੀਨ ਬੇਕਾਰ ਪਈ ਹੋਈ ਹੈ ਜਿਹੜੀ ਕਿ ਵਾਹੀ ਜਾ ਸਕਦੀ ਹੈ ਪਰ ਹਲ ਵਾਹੁਣ ਵਾਲੇ ਗਰੀਬ ਮੁਜ਼ਾਰਿਆਂ ਅਤੇ ਹਰੀਜਨਾਂ ਨੂੰ ਨਹੀਂ ਦਿਤੀ ਜਾ ਰਹੀ। ਲਖਾਂ ਏਕੜ ਬੇਕਾਰ ਪਏ ਹਨ। ਜੇਕਰ ਇਸ ਨਾਅਰੇ ਨੂੰ

[ਸਰਦਾਰ ਅਜਾਇਬ ਸਿੰਘ ਸੰਧੂ]

ਸਹੀ ਮਾਅਨਿਆਂ ਵਿਚ ਅਪਣਾਉਣਾ ਹੈ ਤਾਂ ਜਿਹੜੀ ਸਾਰੀ ਦੀ ਸਾਰੀ ਸਰਪਲਸ ਲੈਂਡ ਪਈ ਹੋਈ ਹੈ, ਚਾਹੇ ਉਹ ਕਸਟੋਡੀਅਨ ਦੀ ਹੈ ਜਾਂ ਨਜ਼ੂਲ ਲੈਂਡ ਹੈ, ਉਸ ਉਪਰ ਕਿਸਾਨਾਂ ਅਤੇ ਹਰੀਜਨਾਂ ਨੂੰ ਬੈਠਾ ਦਿਉ ਤਾਂ ਜੋ ਉਹ ਆਪਣਾ ਖ਼ੂਨ ਅਤੇ ਪਸੀਨਾ ਬਹਾਕੇ ਉਸ ਵਿਚ ਕਣਕ ਪੈਦਾ ਕਰਨ, ਮਕਈ ਪੈਦਾ ਕਰਨ, ਸਬਜ਼ੀਆਂ ਪੈਦਾ ਕਰਨ। ਉਨ੍ਹਾਂ ਨੂੰ ਤਕਾਵੀਆਂ ਦੀ ਬਜਾਏ ਟਿਊਬ ਵੈਲ ਲਗਾਕੇ ਦਿਉ ਅਤੇ ਬਿਜਲੀ ਦਿਉ। ਕਹਿੰਦੇ ਹਨ ਕਿ ਸਰਕਾਰ 11000 ਟਿਊਬਵੈਲ ਲਗਾ ਰਹੀ ਹੈ। ਮੈਂ ਅਤੇ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਦੋਵੇਂ ਮਿਲ ਕੇ ਪਟਿਆਲੇ ਗਏ। ਸਾਡੇ ਇਲਾਕੇ ਵਿਚ ਟਿਊਬਵੈਲਾਂ ਦੀ ਲੋੜ ਹੈ ਤੇ ਅਸਾਂ ਬਿਜਲੀ ਬੋਰਡ ਦੇ ਚੇਅਰਮੈਨ ਨੂੰ ਪੁਛਿਆ ਕਿ 5000 ਟਿਊਬਵੈਲ ਲਗੇ ਹਨ ਅਤੇ ਬਾਕੀ ਕਿਥੇ ਲਗਾ ਰਹੇ ਹੋ, ਕਦੋਂ ਲਗਾ ਰਹੇ ਹੋ ? ਤਾਂ ਉਨ੍ਹਾਂ ਨੇ ਕਿਹਾ ਕਿ ਸਰਕਾਰ ਸਾਨੂੰ ਪੈਸਾ ਹੀ ਨਹੀਂ ਦੇ ਰਹੀ ਟਿਊਬਵੈਲ ਕਿਥੋਂ ਲਗਣੇ ਹਨ। ਉਨ੍ਹਾਂ ਨੇ ਕਿਹਾ ਕਿ ਅਜੇ ਤਕ ਕੋਈ ਪੈਸਾ ਨਹੀਂ ਆਇਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਗਲਤ ਨਾਅਰੇ ਲਗਾਉਣ ਦਾ ਕੁਝ ਲਾਭ ਨਹੀਂ ਹੈ। ਕਿਸਾਨਾਂ ਨੂੰ ਖਾਦ ਸਪਲਾਈ ਕਰੋ, ਬਿਜਲੀ ਦਿਉ। ਮੇਰੇ ਹਲਕੇ ਵਿਚ 80, 90 ਫੌਜੀਆਂ ਦੀਆਂ ਫੈਮਿਲੀਜ਼ ਹਨ। ਉਥੇ ਦੋ ਸਕੂਲ ਹਨ। ਅਸੀਂ ਕਿਹਾ ਕਿ ਉਨ੍ਹਾਂ ਦੋਹਾਂ ਨੂੰ ਮਿਲਾਕੇ ਇਕ ਹਾਈ ਸਕੂਲ ਬਣਾ ਦਿਉ ਤਾਂ ਜੋ ਫੌਜੀਆਂ ਦੀਆਂ ਬੱਚੀਆਂ ਤਾਲੀਮ ਹਾਸਲ ਕਰ ਸਕਣ। ਪਰ ਇਹ ਗਲ ਕਰਨ ਨੂੰ ਇਹ ਤਿਆਰ ਨਹੀਂ ਹਨ। ਅੰਬਾਲੇ ਜ਼ਿਲ੍ਹੇ ਵਿਚ ਸਾਬਕਾ ਫੌਜੀਆਂ ਦੀ ਇਕ ਰਜਿਸਟਰਡ ਕੁਆਪਰੇਟਿਵ ਸੋਸਾਇਟੀ ਬਣੀ ਹੋਈ ਹੈ। ਚਾਰ ਪੰਜ ਸਾਲ ਤੋਂ ਪੁਰਾਣੇ ਮੁਖ ਮੰਤਰੀ ਨੂੰ, ਨਵੇਂ ਮੁੱਖ ਮੰਤਰੀ ਨੂੰ ਵੀ ਅਤੇ ਇਸ ਸਰਕਾਰ ਦੇ ਵਜ਼ੀਰਾਂ ਨੂੰ ਵੀ ਉਹ ਮਿਲਦੇ ਰਹੇ ਹਨ ਅਤੇ ਕਹਿੰਦੇ ਰਹੇ ਹਨ ਕਿ ਰੋਪੜ-ਬੇਲਾ ਰੋਡ ਜਿਹੜੀ ਕਿ ਕਚੀ ਹੈ ਉਸ ਨੂੰ ਪਕੀ ਕਰ ਦਿਉ ਅਤੇ ਸੋਸਾਇਟੀ ਨੂੰ ਰੂਟ ਪਰਮਿਟ ਦੇ ਦਿਉ, ਅਸੀਂ ਬਸ ਖਰੀਦ ਲਵਾਂਗੇ। ਇਸ ਨਾਲ ਲੋਕਾਂ ਨੂੰ ਸਹੂਲਤਾਂ ਹੋ ਜਾਣਗੀਆਂ। ਪਰ ਇਹ ਸਰਕਾਰ ਨਹੀਂ ਸੁਣਦੀ। ਇਹ ਕਹਿੰਦੇ ਜ਼ਿਆਦਾ ਹਨ ਅਤੇ ਕਰਦੇ ਘਟ ਹਨ। ਚਾਹੀਦਾ ਇਹ ਹੈ ਕਿ ਕਰਨ ਜ਼ਿਆਦਾ ਅਤੇ ਕਹਿਣ ਘਟ।

ਮੈਂ ਇਕ ਗਲ ਹੋਰ ਕਹਿਣੀ ਹੈ ਕਿ ਇਹ ਸਰਕਾਰ ਕਾਰਪੋਰੇਸ਼ਨਾਂ ਦੀ ਸਰਕਾਰ ਬਣਦੀ ਜਾ ਰਹੀ ਹੈ। ਕਿਧਰੇ ਇੰਪੋਰਟ ਕਾਰਪੋਰੇਸ਼ਨ ਕਿਧਰੇ ਐਕਸਪੋਰਟ ਕਾਰਪੋਰੇਸ਼ਨ, ਕਿਧਰੇ ਫਾਈਨੈਂਸ ਕਾਰਪੋਰੇਸ਼ਨ ਅਤੇ ਕਿਧਰੇ ਫੂਡ ਕਾਰਪੋਰੇਸ਼ਨ। ਮੈਨੂੰ ਡਰ ਹੈ ਕਿ ਕਿਧਰੇ ਕੈਬੀਨਿਟ ਵਿਚ ਵੀ ਕਾਰਪੋਰੇਸ਼ਨ ਨਾ ਬਣਾ ਲੈਣ ਕਿਉਂਕਿ ਕਾਰਪੋਰੇਸ਼ਨ ਬਣਾ ਕੇ ਇਹ ਕਹਿੰਦੇ ਹਨ ਕਿ ਉਹ ਤਾਂ ਅਟਾਨੋਮਸ ਬਾਡੀ ਹੈ। ਜਿਥੇ ਸਰਕਾਰ ਨੇ ਕਾਨੂੰਨ ਦੀ ਜ਼ਦ ਤੋਂ ਬਚਣਾ ਹੋਵੇ ਉਥੇ ਉਹ ਕਾਰਪੋਰੇਸ਼ਨ ਬਣਾ ਦਿੰਦੀ ਹੈ ਅਤੇ ਇਕ ਪਾਸੇ ਕਰ ਦਿੰਦੀ ਹੈ। ਇਨ੍ਹਾਂ ਬੋਰਡਾਂ ਅਤੇ ਕਾਰਪੋਰੇਸ਼ਨਾਂ ਵਿਚ ਬੜੀ ਹੇਰਾ ਫੇਰੀ ਹੁੰਦੀ ਹੈ। ਜਦੋਂ ਅਸੀਂ ਇਤਰਾਜ਼ ਕਰਦੇ ਹਾਂ ਕਿ ਗਲਤ ਗਲਾਂ ਹੁੰਦੀਆਂ ਹਨ ਤਾਂ ਵਜ਼ੀਰ ਸਾਹਿਬਾਨ ਕਹਿੰਦੇ ਹਨ ਕਿ ਉਹ ਤਾਂ ਇੰਡੀਪੈਂਡੈਂਟ ਬਾਡੀ ਹੈ ਉਸ ਵਿਚ ਸਾਡਾ ਕੋਈ ਦਖਲ ਨਹੀਂ ਹੈ। ਕਾਰਪੋਰੇਸ਼ਨ ਬਣ ਜਾਣ ਦੇ ਬਾਅਦ ਸਰਕਾਰ ਕਿਸੇ ਤਰ੍ਹਾਂ ਦਾ ਆਰਡਰ ਜਾਂ ਕਾਨੂੰਨ ਉਥੇ ਲਾਗੂ ਕਰ ਨ ਵਿਚ ਅਸਮਰਥ ਹੋ ਜਾਂਦੀ ਹੈ।

ਇਸ ਐਡਰੈਸ ਵਿਚ ਗਵਰਨਰ ਸਾਹਿਬ ਨੇ ਕਿਹਾ ਹੈ ਕਿ ਸਵੱਛ, ਜ਼ਿੰਮੇਵਾਰ ਅਤੇ ਸਯੋਗ ਰਾਜ-ਪ੍ਰਬੰਧ ਸਰਕਾਰ ਦਾ ਆਦਰਸ਼ ਰਿਹਾ ਹੈ। ਇਸ ਵਿਚ ਹੋਰ ਵੀ ਲਿਖਿਆ ਹੈ ਕਿ ਅਸੀਂ ਕੁਰੱਪਸ਼ਨ ਦੇ ਖਿਲਾਫ ਵਿਜੀਲੈਂਸ ਕਮਿਸ਼ਨ ਬਣਾਈ। ਲੇਕਿਨ, ਚੇਅਰਮੈਨ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬੇਸ਼ਕ ਵਿਜੀਲੈਂਸ ਕਮਿਸ਼ਨ ਬਣਾਈ ਪਰ ਕੁਰਪਸ਼ਨ ਨੂੰ ਦੂਰ ਕਰਨ ਵਾਸਤੇ, ਚੰਗਾ ਇੰਤਜਾਮ ਪੈਦਾ ਕਰਨ ਵਾਸਤੇ ਸਰਕਾਰ ਨੇ ਕੋਈ ਅਜਿਹਾ ਕਦਮ ਨਹੀਂ ਚੁਕਿਆ ਜਿਸ ਨੂੰ ਅਸੀਂ ਸਰਾਹਨਾਯੋਗ ਕਹੀਏ। ਮੈਂ ਮੰਨਦਾ ਹਾਂ ਕਿ ਇਸ ਸਰਕਾਰ ਨੇ ਆਉਂਦਿਆਂ ਹੀ ਇਕ ਸਭ ਤੋਂ ਚੰਗਾ ਕੰਮ ਕੀਤਾ ਜੋ ਪੰਜਾਬ ਵਿਚ ਐਸਟੈਬਲਿਸ਼ਮੈਂਟ ਬੋਰਡ ਬਣਾਇਆ ਤਾਕਿ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਰਾਜ ਵਿਚ ਪੰਜਾਬ ਦੇ ਕਰਮਚਾਰੀਆਂ ਨਾਲ ਜੋ ਜੋ

ਧੱਕਾ ਹੁੰਦਾ ਰਿਹਾ ਉਸ ਨੂੰ ਦੂਰ ਕੀਤਾ ਜਾਵੇ। ਉਸ ਨੇ ਬੜੇ ਚੰਗੇ ਫੈਸਲੇ ਕੀਤੇ। ਲੇਕਿਨ ਇਸ ਡਰ ਤੋਂ ਕਿ ਕਿਧਰੇ ਪੰਜਾਬ ਦੇ ਸਾਰੇ ਮੁਲਾਜ਼ਮਾਂ ਨੂੰ ਇਨਸਾਫ ਨਾ ਮਿਲ ਜਾਵੇ, ਸਰਕਾਰ ਨੇ ਉਸ ਬੋਰਡ ਨੂੰ ਤੋੜ ਦਿੱਤਾ। ਚੇਅਰਮੈਨ ਸਾਹਿਬ, ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਅਜ ਪੰਜਾਬ ਦੇ ਅੰਦਰ ਮੁਲਾਜ਼ਮਾਂ ਦੀ ਕੀ ਹਾਲਤ ਹੈ। ਕੋਈ ਦੋ ਢਾਈ ਲੱਖ ਮੁਲਾਜਮ ਕਲਾਸ ਥਿਰੀ ਅਤੇ ਫੋਰ ਦੇ ਹਨ। ਉਨਾਂ ਸਾਰਿਆਂ ਦੀਆਂ ਤਨਖਾਹਾਂ ਦੇ ਗ੍ਰੇਡ ਸਨ 1947 ਤੋਂ ਉਹੀ ਚਲੇ ਆ ਰਹੇ ਹਨ। ਹਿੰਦ ਸਰਕਾਰ ਨੇ ਆਪਣੇ ਮੁਲਾਜ਼ਮਾਂ ਦੇ ਗ੍ਰੇਡ ਅਜ ਤਕ ਪੰਜ ਛੇ ਵਾਰ ਵਧਾਏ ਹਨ, ਮਹਿੰਗਾਈ ਭੱਤਾ ਵੀ ਕਈ ਵੇਰ ਵਧਾਇਆ ਹੈ ਔਰ ਹੁਣੇ ਪਿਛੇ ਜਿਹੇ ਤਨਖਾਹਾਂ ਵਿਚ ਹੋਰ ਅਜ਼ਾਫਾ ਕੀਤਾ ਹੈ। ਪਰ ਇਸ ਸਰਕਾਰ ਨੇ ਸਿਰਫ ੧੦ ਰੁਪਏ ਫੀ ਮੁਲਾਜ਼ਮ ਦੇ ਕੇ ਕਹਿ ਦਿੱਤਾ ਕਿ ਅਸੀਂ ਬਹੁਤ ਕੁਝ ਦਿੱਤਾ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਸਾਡੇ ਮੁਲਾਜ਼ਮਾਂ ਦੀ ਜਿੰਦਗੀ ਮਹਿੰਗਾਈ ਕਾਰਨ ਬੜੀ ਮੁਸ਼ਕਿਲ ਵਿਚ ਹੈ। ਉਹ ਆਪਣੇ ਬੱਚਿਆਂ ਨੂੰ ਪੇਟ ਭਰ ਰੋਟੀ ਵੀ ਨਹੀਂ ਦੇ ਸਕਦੇ। ਉਨ੍ਹਾਂ ਦਾ ਗੁਜ਼ਾਰਾ ਨਹੀਂ ਹੋ ਰਿਹਾ। ਮਹਿੰਗਾਈ ਨੇ ਉਨ੍ਹਾਂ ਦੀ ਕਮਰ ਤੋੜ ਕੇ ਰਖ ਦਿੱਤੀ ਹੈ। ਪਰ ਸਰਕਾਰ ਉਨ੍ਹਾਂ ਵਲ ਕੋਈ ਧਿਆਨ ਨਹੀਂ ਦੇ ਰਹੀ। ਅਸੀਂ ਅਖਬਾਰਾਂ ਵਿਚ ਪੜ੍ਹਿਆ ਹੈ ਕਿ ਉਨ੍ਹਾਂ ਦੀ ਫੈਡਰੇਸ਼ਨ ਨੇ ਇਸ ਸਰਕਾਰ ਨੂੰ ਕਿਹਾ ਹੈ ਕਿ ਛੇਤੀ ਹੀ ਉਹ ਉਨ੍ਹਾਂ ਦੇ ਗਰੇਡ ਰੀਵਾਈਜ਼ ਕਰਨ ਲਈ ਇਕ ਪੇ-ਕਮਿਸ਼ਨ ਬਣਾਏ, ਮਹਿੰਗਾਈ ਅਲਾਉਂਸ ਵਧਾਏ ਤਾਕਿ ਉਹ ਅਪਣੇ ਟਬਰਾਂ ਨੂੰ ਪਾਲ ਸਕਣ, ਬਾਲ ਬਚਿੱਆਂ ਦੀ ਪੜ੍ਹਾਈ ਦਾ ਠੀਕ ਇੰਤਜਾਮ ਕਰ ਸਕਣ। ਉਨ੍ਹਾਂ ਨੇ ਇਥੋਂ ਤਕ ਕਿਹਾ ਹੈ ਕਿ ਜੇਕਰ ਸਰਕਾਰ ਨੇ ਛੇਤੀ ਕੋਈ ਅਕਸ਼ਨ ਨਾ ਲਿਆ ਤਾਂ ਉਨ੍ਹਾਂ ਨੂੰ ਹੜਤਾਲ ਕਰਨੀ ਪਵੇਗੀ ਭੁਖ ਪੜਤਾਲ ਕਰਨੀ ਪਵੇਗੀ। ਇਸ ਲਈ ਮੈਂ ਅਰਜ਼ ਕਰਾਂਗਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਅਪਣੇ ਕਰਮਚਾਰੀਆਂ ਦੀ, ਜਿਹੜੇ ਕਿ ਲੱਖਾਂ ਦੀ ਤਾਦਾਦ ਵਿਚ ਹਨ, ਜ਼ਰੂਰ ਮਦਦ ਕਰੇ, ਉਨ੍ਹਾਂ ਦੀਆਂ ਤਨਖਾਹਾਂ ਔਰ ਭੱਤੇ ਨੂੰ ਵਧਾਵੇ। (ਘੰਟੀ)

ਇਕ ਗਲ ਹੋਰ ਕਹਿ ਕੇ ਖਤਮ ਕਰਨ ਲਗਾ ਹਾਂ। ਉਹ ਇਹ ਹੈ ਕਿ ਪੰਜਾਬ ਵਿਚ, ਗਵਰਨਰ ਸਾਹਿਬ ਨੇ ਕਿਹਾ ਹੈ ਕਿ ਬੜਾ ਸਵੱਛ ਰਾਜ ਚਲ ਰਿਹਾ ਹੈ। ਇਸ ਸਵਛ ਰਾਜ ਦੀ ਮੈਂ ਇਕੋ ਹੀ ਮਿਸਾਲ, ਚੇਅਰਮੈਨ ਸਾਹਿਬ, ਦੇਵਾਂਗਾ। ਸਾਡੇ ਪੰਜਾਬ ਵਿਚ ਪੰਜ ਛੇ ਜ਼ਿਲੇ ਅਜਿਹੇ ਹਨ ਜਿਥੇ ਜ਼ਿਲਾ ਪਰੀਸ਼ਦਾਂ ਦੀਆਂ ਚੋਣਾਂ ਹੁਣ ਤਕ ਨਹੀਂ ਹੋਈਆਂ ਔਰ ਉਨ੍ਹਾਂ ਜ਼ਿਲਿਆਂ ਵਿਚੋਂ ਦੋ ਜ਼ਿਲ੍ਹੇ—ਅੰਬਾਲਾ ਔਰ ਪਟਿਆਲਾ ਐਸੇ ਹਨ ਜਿਥੇ ਕਿ ਇਨ੍ਹਾਂ ਇਲੈਕਸ਼ਨਾਂ ਨੂੰ ਤਿੰਨ ਤਿੰਨ, ਚਾਰ ਚਾਰ ਅਤੇ ਪੰਜ ਪੰਜ ਵੇਰ ਮੁਲਤਵੀ ਕੀਤਾ ਗਿਆ। ਕਾਰਨ ਕੀ ਹੈ ? ਇਹ ਕਿ ਉਥੇ ਮਨਿਸਟਰ ਸਾਹਿਬ ਦੇ ਆਪਣੇ ਆਦਮੀ ਚੇਅਰਮੈਨ ਨਹੀਂ ਬਣ ਰਹੇ। ਲਿਹਾਜ਼ਾ ਉਥੇ ਹੋ ਕੀ ਰਿਹਾ ਹੈ ? ਪੰਚਾਇਤੀ ਰਾਜ ਦਾ ਗਲਾ ਘੁਟਿਆ ਜਾ ਰਿਹਾ ਹੈ। ਅੰਬਾਲਾ ਜ਼ਿਲਾ ਪਰੀਸ਼ਦ..................

**ਸ੍ਰੀ ਸਭਾਪਤੀ :** ਤੁਸੀਂ ਇਸ ਨੂੰ ਰੈਫਰ ਨਾ ਕਰੋ ਕਿਉਂਕਿ ਅੰਬਾਲਾ ਜ਼ਿਲ੍ਹਾ ਪਰੀਸ਼ਦ ਦਾ ਕੇਸ ਹਾਈ ਕੋਰਟ ਵਿਚ ਹੈ। **(The hon. Member should not refer to the case of Ambala Zila Parishad because it is pending in the High Court.)**

**ਸਰਦਾਰ ਅਜਾਇਬ ਸਿੰਘ ਸੰਧੂ :** ਮੈਂ ਨਹੀਂ ਜ਼ਿਕਰ ਕਰਦਾ। ਲੇਕਿਨ ਮੈਂ ਇਤਨਾ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਇਕ ਵੇਰ ਹੋ ਗਿਆ, ਦੋ ਵੇਰ ਹੋ ਗਿਆ, ਤਿੰਨ ਵੇਰ ਹੋ ਗਿਆ ਪਰ ਕੀ ਇਹ ਜਾਇਜ਼ ਹੈ ਕਿ ਇਕ ਪਾਸੇ ਦੀ ਇਤਨੀ ਬਹੁ ਗਿਣਤੀ ਨੂੰ ਬਾਰ ਬਾਰ ਇਗਨੋਰ ਕੀਤਾ ਜਾਵੇ। ਇਕ ਪਾਸੇ 29 ਮੈਂਬਰ ਹਨ ਦੂਜੇ ਪਾਸੇ 14 ਹਨ। ਪਰ ਕੀ ਇਹ ਵੀ ਪੰਚਾਇਤੀ ਰਾਜ ਦਾ ਨਮੂਨਾ ਹੈ ਕਿ ਜਿਤਨੀ ਦੇਰ ਉਨ੍ਹਾਂ ਵਿਚੋਂ 15 ਹੋਰ ਮਨਿਸਟਰ ਸਾਹਿਬ ਦੇ ਹਿਮਾਇਤੀ ਨਾ ਬਣ ਜਾਣ ਉਥੇ ਚੋਣ ਹੋਣ ਹੀ ਨਾ ਦਿੱਤੀ ਜਾਵੇ ? ਮੈਂ ਤਾਂ ਇਹ ਮਹਿਸੂਸ ਕਰਦਾ ਹਾਂ ਕਿ ਜੇਕਰ ਤੁਸੀਂ ਉਸ ਵਜ਼ੀਰ ਨੂੰ ਈਲੈਕਸ਼ਨ ਕਮਿਸ਼ਨਰ ਬਣਾ ਦਿਉ ਤਾਂ ਉਹ

[ਸਰਦਾਰ ਅਜਾਇਬ ਸਿੰਘ ਸੰਧੂ]

40 ਸਾਲ ਮੁਲਕ ਵਿਚ ਈਲੈਕਸ਼ਨਾਂ ਹੀ ਨਾ ਹੋਣ ਦੇਣ। ਉਹ ਕਹੇਗਾ ਕਿ ਜਦ ਤਕ ਸਾਰੇ ਲੋਕ ਮੇਰੇ ਖਿਆਲ ਦੇ ਨਾ ਹੋ ਜਾਣ ਮੈਂ ਈਲੈਕਸ਼ਨਾਂ ਹੀ ਨਹੀਂ ਹੋਣ ਦੇਣੀਆਂ। ਇਸ ਲਈ ਮੈਂ ਕਰਿਣਾ ਚਾਹੁੰਦਾ ਹਾਂ ਕਿ ਉਸ ਜ਼ਿਲਾ ਪਰੀਸ਼ਦ ਦੇ 44 ਬੰਦਿਆਂ ਨੂੰ ਪੂਰਾ ਹਕ ਹੋਣਾ ਚਾਹੀਦਾ ਹੈ। ਲੇਕਿਨ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਹੱਕ ਤੋਂ ਮਹਿਰੂਮ ਰਖਿਆ ਜਾ ਰਿਹਾ ਹੈ। ਇਸ ਲਈ ਮੈਂ ਕਹਾਂਗਾ ਕਿ ਇਨ੍ਹਾਂ ਗਲਾਂ ਵਲ ਧਿਆਨ ਦੇਣਾ ਚਾਹੀਦਾ ਹੈ ਔਰ ਜਿਹੜੀਆਂ ਬੇਇਨਸਾਫੀਆਂ ਹੋ ਰਹੀਆਂ ਹਨ ਉਨ੍ਹਾਂ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ। ਆਪ ਦਾ ਸ਼ੁਕਰੀਆਂ।

**ਸਰਦਾਰ ਜੰਗੀਰ ਸਿੰਘ ਦਰਦ** (ਖੰਨਾ—ਐਸ. ਸੀ.): ਚੇਅਰਮੈਨ ਸਾਹਿਬ, ਮੈਂ ਗਵਰਨਰ ਸਾਹਿਬ ਦੇ ਐਡਰੈਸ ਦੇ ਉਤੇ ਗਵਰਨਰ ਸਾਹਿਬ ਅਤੇ ਗੌਰਮਿੰਟ ਨੂੰ ਮੁਬਾਰਿਕਬਾਦ ਦੇਣ ਲਈ ਖੜਾ ਹੋਇਆ ਹਾਂ। ਜਿਹੜੇ ਸਰਕਾਰ ਨੇ ਚੰਗੇ ਚੰਗੇ ਕੰਮ ਕੀਤੇ ਹਨ ਉਨ੍ਹਾਂ ਦੀ ਸਰਾਹਨਾ ਕਰਦਾ ਹਾਂ ਅਤੇ ਨਾਲ ਹੀ ਜਿਥੇ ਤਰੁਟੀਆਂ ਰਹਿ ਗਈਆਂ ਹਨ ਉਨ੍ਹਾਂ ਵਲ ਆਪਣੀ ਸਰਕਾਰ ਦਾ ਧਿਆਨ ਦਿਵਾਉਂਦਾ ਹਾਂ।

**ਇਕ ਆਵਾਜ਼**: ਤੁਹਾਨੂੰ ਵੀ ਗਵਰਨਰ ਸਾਹਿਬ ਦੇ ਐਡਰੈਸ ਵਿਚ ਤਰੁਟੀ ਨਜ਼ਰ ਆ ਗਈ ਹੈ ?

**ਸਰਦਾਰ ਜੰਗੀਰ ਸਿੰਘ ਦਰਦ**: ਸਾਰੇ ਸੰਸਾਰ ਵਿਚ ਦੋ ਕਿਸਮ ਦੀਆਂ ਗੌਰਮਿੰਟਾਂ ਫੰਕਸ਼ਨ ਕਰਦੀਆਂ ਹਨ। ਇਕ ਉਹ ਗੌਰਮੈਂਟ ਹੈ ਜਿਸ ਨੂੰ ਡਿਕਟੇਟਰਸ਼ਿਪ ਦੀ ਗੌਰਮੈਂਟ ਕਹਿੰਦੇ ਹਨ ਅਤੇ ਦੂਜੀ ਉਹ ਗੌਰਮੈਂਟ ਹੁੰਦੀ ਹੈ ਜਿਹੜੀ ਜਮਹੂਰੀਅਤ ਵਿਚ ਵਿਸ਼ਵਾਸ਼ ਰਖਦੀ ਹੈ। ਜਿਹੜੀ ਡਿਕਟੇਟਰਸ਼ਿਪ ਦੀ ਗੌਰਮੈਂਟ ਹੁੰਦੀ ਹੈ ਉਸ ਬਾਰੇ ਸਿਧੀ ਗੱਲ ਇਹ ਹੈ ਕਿ ਜਿਹੜਾ ਡਿਕਟੇਟਰ ਹੁੰਦਾ ਹੈ। ਉਥੋਂ ਦੀ ਪਾਲੇਟੀਸ਼ਨ ਦਾ ਰੋਲ ਆਪਣੇ ਡਿਕਟੇਟਰ ਦੀਆਂ ਵਿਸ਼ਿਜ਼ ਨੂੰ ਕੈਰੀ ਆਊਟ ਕਰਨਾ ਹੁੰਦਾ ਹੈ। ਉਥੋਂ ਦੀ ਐਡਮਨਿਸਟਰੇਸ਼ਨ ਦੀ ਡਿਊਟੀ ਆਪਣੇ ਆਗੂ ਦਾ ਹੁਕਮ ਮੰਨਣ ਤੋਂ ਸਿਵਾ ਹੋਰ ਕੋਈ ਨਹੀਂ ਹੁੰਦੀ। "There is not to question why, there is but to do and die"। ਇਸੇ ਤਰੀਕੇ ਦੇ ਨਾਲ ਉਥੋਂ ਦੀ ਐਡਮਨਿਸਟਰੇਸ਼ਨ air tight ਢੰਗ ਨਾਲ ਚਲਦੀ ਹੈ। ਫਰਜ਼ ਕਰੋ ਕਿ ਇਕ ਡਿਕਟੇਟਰ ਨੇ ਇਹ ਕਹਿ ਦੱਤਾ ਕਿ ਮੁਲਕ ਦੀ ਸਾਰੀ ਜ਼ਮੀਨ ਨੈਸ਼ਨੇਲਾਈਜ਼ ਕਰ ਦਿਤੀ ਜਾਂਦੀ ਹੈ ਤਾਂ ਉਥੇ ਕੋਈ ਨਹੀਂ ਕਹਿ ਸਕਦਾ ਕਿ ਇਕਨਾਮਿਕ ਹੋਲਡਿੰਗ ਹੋਣੀ ਚਾਹੀਦੀ ਹੈ। Nobody can question his order ਜੇ ਉਸ ਨੇ ਕਿਹਾ ਕਿ ਟ੍ਰਾਂਸਪੋਰਟ ਨੈਸ਼ਨਲਾਈਜ਼ ਕਰ ਦਿਓ ਤਾਂ ਕੋਈ ਉਸ ਦੇ ਹੁਕਮ ਨੂੰ ਚੈਲੰਜ ਨਹੀਂ ਕਰ ਸਕਦਾ। ਕੋਈ ਨਹੀਂ ਕਹਿ ਸਕਦਾ ਕਿ ਚੂੰਕਿ ਟ੍ਰਾਂਸਪੋਰਟ ਸਿੱਖਾਂ ਦੀ ਹੈ ਇਸ ਲਈ ਟ੍ਰਾਂਸਪੋਰਟ ਨੂੰ ਨੈਸ਼ਨਲਾਈਜ਼ ਨਾ ਕੀਤਾ ਜਾਵੇ। ਜੇ ਉਹ ਕਹਿੰਦਾ ਹੈ ਕਿ ਅਰਬਨ ਪ੍ਰਾਪਰਟੀ ਸਾਰੀ ਦੀ ਸਾਰੀ ਸਰਕਾਰ ਅਪਣੇ ਕਬਜ਼ੇ ਵਿਚ ਲੈ ਲੈਂਦੀ ਹੈ ਤਾਂ ਉਥੇ ਕੋਈ ਲਾਲਾ ਉਠ ਕੇ ਇਹ ਨਹੀਂ ਕਹਿ ਸਕਦਾ ਕਿ ਇਸ ਨਾਲ ਸ਼ਹਿਰੀਆਂ ਨਾਲ ਧੱਕਾ ਹੋਵੇਗਾ। ਐਡਮਨਿਸਟਰੇਸ਼ਨ ਔਰ ਪਾਲੇਟੀਸ਼ੰਜ਼ ਨੂੰ ਜਿਸ ਢੰਗ ਨਾਲ ਉਹ ਚਾਹੇ ਉਸੇ ਤਰ੍ਹਾਂ ਚਲਣਾ ਪੈਂਦਾ ਹੈ। ਪਰ ਜਿਹੜੀ ਡੈਮੋਕਰੈਟਿਕ ਗੌਰਮੈਂਟ ਹੈ, ਜਮਹੂਰੀ ਗੌਰਮੈਂਟ ਹੈ ਉਥੇ ਪਬਲਿਕ ਦੀ ਵਿਸ਼ਿਜ਼ ਨੂੰ ਕਾਫੀ ਹੱਦ ਤਕ ਕੈਰੀ ਆਊਟ ਕਰਨਾ ਹੁੰਦਾ ਹੈ। ਹਰ ਰਾਏ ਰਖਣ ਵਾਲੇ ਪਾਲੇਟੀਸ਼ੰਜ਼ ਨੂੰ ਕੁਝ ਸੈਟਿਸਫਾਈ ਕਰਨਾ ਹੁੰਦਾ ਹੈ। ਇਸ ਲਈ ਜਿਹੜੀ ਇਸ ਦੀ ਐਡਮਿਨਿਸਟਰੇਸ਼ਨ ਹੈ ਉਸ ਦੇ ਵਿਚ ਲਾਜ਼ਮੀ ਤੌਰ ਤੇ ਕਿਧਰੇ ਨਾ ਕਿਧਰੇ ਲੂਜ਼ ਹੋਣਾ ਕੁਦਰਤੀ ਹੈ, ਇਸ ਚੀਜ਼ ਨੂੰ ਕੋਈ ਰੋਕ ਨਹੀਂ ਸਕਦਾ। ਫਿਰ ਭਾਵੇਂ ਕਿਸੇ ਦੀ ਹੀ ਗੌਰਮੈਂਟ ਕਿਉਂ ਨਾ ਹੋਵੇ। ਮਿਸਾਲ ਦੇ ਤੌਰ ਤੇ ਸਰਦਾਰ ਗਿਆਨ ਸਿੰਘ ਰਾੜੇਵਾਲਾ ਦੀ ਗੌਰਮੈਂਟ ਪੈਪਸੂ ਵਿਚ ਸੀ। ਉਥੇ ਵੀ ਐਡਮਨਿਸਟਰੇਸ਼ਨ ਇਸੇ ਤਰ੍ਹਾਂ ਚਲਦੀ ਰਹੀ। ਕੇਰਲ ਵਿਚ ਕਮਿਊਨਿਸਟਾਂ ਦੀ ਸਰਕਾਰ ਸੀ ਉਥੇ ਵੀ ਇਸੇ ਤਰ੍ਹਾਂ ਹੁੰਦਾ ਰਿਹਾ। ਜਦੋਂ ਪ੍ਰਜਾ ਸੋਸ਼ਲਿਸਟ ਪਾਰਟੀ ਦੀ ਸਰਕਾਰ ਕੇਰਲ ਵਿਚ ਸੀ ਤਾਂ ਉਥੇ ਵੀ ਕੋਈ ਵਖਰਾ ਚੰਨ ਨਹੀਂ ਸੀ ਚੜ੍ਹਿਆ ਹੋਇਆ।

**ਸਰਦਾਰ ਗੁਰਚਰਨ ਸਿੰਘ** : ਮਗਜ਼ ਖਪਾਈ ਕਿਉਂ ਕਰ ਰਹੇ ਹੋ ? (ਵਿਘਨ)

**ਸਰਦਾਰ ਜੰਗੀਰ ਸਿੰਘ ਦਰਦ** : ਸਾਡੀ ਡਿਵੈਲਪਿੰਗ ਇਕਾਨੋਮੀ ਹੈ। ਡਿਵੈਲਪਿੰਗ ਇਕਾਨੋਮੀ, ਘਾਟੇ ਦਾ ਬਜਟ ਟਾਪ ਹੈਵੀ ਐਡਮਿਨਿਸਟਰੇਸ਼ਨ ਤੇ ਸਿਆਸਤਦਾਨਾਂ ਦੀ ਐਡਮਨਿਸਟਰੇਸ਼ਨ ਵਿਚ ਮਦਾਖਲਤ ਇਹ ਇਸ ਵਿਚ **ਐਫੀਸ਼ੈਂਸੀ** ਅਤੇ **ਇਨੀਸ਼ੀਏਟਿਵ** ਨੂੰ ਖਤਮ ਕਰਦੀ ਹੈ। ਤਨਖਾਹ ਵਧ ਨਹੀਂ ਸਕਦੀ ਇਸ ਲਈ ਮੁਲਾਜ਼ਮ ਖੁਸ਼ ਨਹੀਂ ਹੁੰਦੇ। ਇਸ ਦਾ ਫਲ ਇਹ ਹੁੰਦਾ ਹੈ ਕਿ ਚੰਗੇ ਸਿਆਣੇ ਡਾਕਟਰ ਪ੍ਰੋਫੈਸਰ, ਟ੍ਰੇਂਡ ਪਰਸਨਲ ਸਾਰੇ, ਉਸ ਸੂਬੇ ਵਿਚੋਂ ਨਿਕਲ ਜਾਂਦੇ ਹਨ। ਇਹ ਨਾਅਹਿਲੀਅਤ ਵਿਚ ਹੋਰ ਵਾਧਾ ਕਰਦੇ ਹਨ। ਇਸ ਦੇ ਨਾਲ ਜਿਹੜੇ ਅਡਮਨਿਸਟਰੇਸ਼ਨ ਵਿਚ ਲੋਕ ਹੁੰਦੇ ਹਨ ਉਹ ਵੀ ਖੁਸ਼ ਨਹੀਂ ਰਹਿੰਦੇ। ਟਾਪ ਹੈਵੀ ਐਡਮਨਿਸਟਰੇਸ਼ਨ ਹੋਣ ਕਰਕੇ ਘਾਟੇ ਦਾ ਬਜਟ ਹੁੰਦਾ ਹੈ। ਇਸ ਕਰਕੇ ਜਿਹੜੀਆਂ ਮੁਲਾਜ਼ਮਾਂ ਦੀਆਂ ਤਨਖਾਹਾਂ ਹੁੰਦੀਆਂ ਹਨ ਉਨ੍ਹਾਂ ਨੂੰ ਵਧਾਇਆ ਨਹੀਂ ਜਾ ਸਕਦਾ। (ਵਿਘਨ) ਜਿਵੇਂ ਮੈਂ ਪਹਿਲਾਂ ਕਿਹਾ ਹੈ, ਡੈਮਾਕਰੈਟਿਕ ਸੈਟ ਅਪ ਨੇ ਆਪਣੇ ਲੋਕਾਂ ਦੀਆਂ ਵਿਸ਼ਿਜ਼ ਨੂੰ ਪਾਲੇਟੀਸ਼ੰਜ਼ ਦੀਆਂ ਵਿਸ਼ਿਜ਼ ਨੂੰ ਕੈਰੀ ਆਊਟ ਕਰਨਾ ਹੁੰਦਾ ਹੈ। ਇਸ ਕਰਕੇ ਤਨਖਾਹਾਂ ਵਿਚ ਵਾਧਾ ਨਾ ਹੋਣ ਕਰਕੇ ਚੰਗੇ ਆਦਮੀਆਂ ਵਿਚ ਇਨੀਸ਼ਿਏਟਿਵ ਮਰ ਜਾਂਦਾ ਹੈ ਔਰ ਉਹ ਚੰਗੀ ਤਰ੍ਹਾਂ ਨਾਲ ਕੰਮ ਨਹੀਂ ਕਰ ਸਕਦੇ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਮੁਲਕ ਵਿਚ ਚੰਗੇ ਡਾਕਟਰ, ਸਿਆਣੇ ਸਾਇੰਸਦਾਨ, ਨਰਸਿਜ਼, ਟੈਕਨੀਸ਼ਨ, ਵਗੈਰਾ ਨਹੀਂ ਮਿਲਦੇ, ਉਹ ਮੁਲਕ ਨੂੰ, ਸੂਬੇ ਨੂੰ ਛਡ ਕੇ ਦੂਸਰੇ ਪਾਸੇ ਚਲੇ ਜਾਂਦੇ ਹਨ। ਇਹ ਵੀ ਐਡਮਨਿਸਟਰੇਸ਼ਨ ਵਿਚ ਇਨਐਫੀਸ਼ੈਂਸੀ ਵਧਾਉਣ ਦਾ ਇਕ ਕਾਰਨ ਬਣਦੇ ਹਨ।

ਦੂਸਰੇ ਐਡਮਨਿਸਟਰੇਸ਼ਨ ਵਜ਼ਾਰਤ ਦੀ ਅਪਣੀ ਤਸਵੀਰ ਹੁੰਦੀ ਹੈ ਅਤੇ ਵਜ਼ਾਰਤ ਦੀ ਅਪਣੀ ਸ਼ਕਲ ਤੇ **ਰਿਫਲੈਕਸ਼ਨ** ਹੁੰਦੀ ਹੈ। ਹਰ ਵਜ਼ੀਰ ਦੇ ਹਰ ਐਕਸ਼ਨ ਦਾ ਅਸਰ ਲੋਕਾਂ ਅਤੇ ਐਡ-ਮਨਿਸਟਰੇਸ਼ਨ ਤੇ ਹੁੰਦਾ ਹੈ। ਮਿਸਾਲ ਦੇ ਤੌਰ ਤੇ ਲੁਧਿਆਣੇ ਦਾ ਐਸ. ਪੀ. ਇਕ ਬਹੁਤ ਹੀ ਨੇਕ, ਈਮਾਨਦਾਰ, ਲਾਇਕ ਔਰ ਤਕੜਾ ਐਡਮਿਨਿਸਟਰੇਟਰ ਹੈ। ਲੁਧਿਆਣੇ ਇਕ ਮੂਵਮੈਂਟ ਚਲੀ, ਵਢੇਰਿਆਂ ਗੁਰੂਦੁਆਰੇ ਦਾ ਕੋਈ ਝਗੜਾ ਸੀ। ਕੋਈ ਅਪੋਜੀਸ਼ਨ ਦੇ ਐਮ. ਐਲ. ਏ. ਉਸ ਕੋਲ ਗਏ ਅਤੇ ਕਹਿਣ ਲਗੇ ਕਿ ਤੂੰ ਬੰਦਾ ਬੜਾ ਚੰਗਾ ਹੈਂ, ਇਸ ਮਾਮਲੇ ਵਿਚ ਤੂੰ ਇਹ ਗਲ ਕਹਿ। ਉਸ ਨੇ ਜਵਾਬ ਦਿੱਤਾ "ਤੋਬਾ, ਤੋਬਾ, ਮੈਂ ਝੂਠ ਨਹੀਂ ਬੋਲਾਂਗਾਂ" ਤਾਂ ਆਪ ਨੂੰ ਪਤਾ ਹੈ ਕਿ ਉਸ ਮਾਮਲੇ ਉਤੇ ਹਾਊਸ ਵਿਚ ਉਸ ਐਸ. ਪੀ. ਦੇ ਖਿਲਾਫ ਕਿਤਨਾ ਤੂਫਾਨ ਉਠਿਆ (ਵਿਘਨ)। ਉਸ ਨੇ ਦਲੇਰੀ ਨਾਲ ਇਸ ਦਾ ਮੁਕਾਬਲਾ ਕੀਤਾ ਭਾਵੇਂ ਇਹ ਮੰਗ ਕੀਤੀ ਗਈ ਕਿ ਉਸ ਨੂੰ ਸਸਪੈਂਡ ਕਰੋ, ਉਸ ਨੂੰ ਡਿਸਮਿਸ ਕਰੋ, ਪਰ ਚੀਫ ਮਨਿਸਟਰ ਤੇ ਹੋਮ ਮਨਿਸਟਰ ਨੇ ਉਸ ਨੂੰ ਸਪੋਰਟ ਕੀਤਾ। ਨਤੀਜਾ ਇਹ ਹੋਇਆ ਕਿ ਐਡਮਨਿਸਟਰੇਸ਼ਨ ਵਿਚ ਨਵਾਂ ਉਤਸ਼ਾਹ ਪੈਦਾ ਹੋ ਗਿਆ। ਐਡਮਨਿਸਟਰੇਸ਼ਨ ਤਕੜੀ ਹੋਈ ਭਾਵੇਂ ਕੁਝ ਦੋਸਤ ਅਪਣੀ ਤਾਕਤ ਦੇ ਜ਼ੋਰ ਨਾਲ ਐਡਮਿਨਿਸਟਰੇਸ਼ਨ ਨੂੰ ਡੀਮਾਰੇਲਾਈਜ਼ ਕਰਨਾ ਚਾਹੁੰਦੇ ਸਨ। ਉਹ ਅਪਣੇ ਮਨੋਰਥ ਵਿਚ ਸਫਲ ਨਹੀਂ ਹੋ ਸਕੇ। ਇਸ ਦੇ ਉਲਟ ਇਕ ਹੋਰ ਮਿਸਾਲ ਸੁਣੋ। ਕੁਝ ਦਿਨ ਹੋਏ ਇਸੇ ਹਾਊਸ ਵਿਚ ਇਕ ਅਕਾਲੀ ਮੈਂਬਰ ਨੇ ਚੀਫ ਮਨਿਸਟਰ ਦੀ ਪੱਗ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕੀਤੀ...... (ਵਿਘਨ) ਐਸੀਆਂ ਗੱਲਾਂ ਕਹੀਆਂ....

**ਚੌਧਰੀ ਦਰਸ਼ਨ ਸਿੰਘ** : On a point of order, Sir. ਚੀਫ ਮਨਿਸਟਰ ਸਾਹਿਬ ਤਾਂ ਪੱਗ ਪਹਿਨਦੇ ਹੀ ਨਹੀਂ ਟੋਪੀ ਪਹਿਨਦੇ ਹਨ......(ਹਾਸਾ)

**ਸਰਦਾਰ ਜੰਗੀਰ ਸਿੰਘ ਦਰਦ** : ਉਹ ਗੱਲਾਂ ਕਹੀਆਂ ਜਿਹੜੀਆਂ ਕੋਈ ਤਕੜੀ ਸਰਕਾਰ ਬਰਦਾਸ਼ਤ ਨਹੀਂ ਕਰ ਸਕਦੀ। ਫਿਰ ਸਪੀਕਰ ਸਾਹਿਬ ਨੇ ਹਾਊਸ ਨੂੰ 30 ਮਿੰਟ ਲਈ adjourn ਕੀਤਾ। ਇਹ ਦੇਖਕੇ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਮੈਂ ਹਾਊਸ ਦੇ ਵਿਚ ਪਲੈਨਿੰਗ ਮਨਿਸਟਰ ਸਾਹਿਬ ਨੂੰ ਉਸੇ M.L.A. ਦੀ ਸੀਟ ਤੇ ਮਿੰਤਾਂ ਕਰ ਰਿਹਾ ਵੇਖਿਆ ਜਿਸ ਤਰ੍ਹਾਂ ਇਕ

[ਸਰਦਾਰ ਜਗੀਰ ਸਿੰਘ ਦਰਦ]

obedient servant ਆਪਣੇ ਮਾਲਕ ਤੋਂ ਕਿਸੇ ਕੀਤੀ ਗੁਸਤਾਖੀ ਦੀ ਮਾਫ਼ੀ ਮੰਗ ਰਿਹਾ ਹੋਵੇ। ਹਾਉਸ fully packed ਸੀ, ਸਾਰੇ ਅਫਸਰ ਬੈਠੇ ਸਨ। ਤੁਸੀਂ ਦਸੋ ਇਸ ਨਾਲ ਐਡਮਨਿਸਟਰੇਸ਼ਨ, ਪਬਲਿਕ ਅਤੇ ਕਾਂਗਰਸੀ ਮੈਂਬਰਾਂ ਤੇ ਬੁਰਾ ਅਤੇ demoralising effect ਹੁੰਦਾ ਹੈ ਕਿ ਨਹੀਂ। ਸਰਕਾਰ ਨੂੰ ਡਟ ਕੇ ਆਪੋਜ਼ੀਸ਼ਨ ਨੂੰ ਫੇਸ ਕਰਨਾ ਚਾਹੀਦਾ ਹੈ। ਕੀ ਇਸ ਤਰ੍ਹਾਂ ਆਪੋਜ਼ੀਸ਼ਨ ਦੇ ਪੈਰਾਂ ਤੇ ਡਿਗ ਕੇ ਐਡਮਨਿਸਟਰੇਸ਼ਨ ਚਲ ਸਕਦੀ ਹੈ ? ਅਗਰ ਗਵਰਨਮੈਂਟ ਚਲਾਉਣੀ ਹੈ ਤਾਂ ਤੁਹਾਨੂੰ ਆਪੋਜ਼ੀਸ਼ਨ ਨੂੰ ਫੇਸ ਕਰਨਾ ਚਾਹੀਦਾ ਹੈ। (ਵਿਘਨ)

ਇਸ ਤੋਂ ਅਲਾਵਾ ਐਡਮਨਿਸਟਰੇਸ਼ਨ ਉਤੇ ਡੀਫੈਕਟਿਵ ਪਲੈਨਿੰਗ ਦਾ ਵੀ ਮਾੜਾ ਅਸਰ ਪੈਂਦਾ ਹੈ। ਮਿਸਾਲ ਦੇ ਤੌਰ ਤੇ ਫਰਜ਼ ਕਰੋ ਕਿਸੇ ਦੀ ਮੱਝ ਨੂੰ ਜਾਂ ਊਠ ਨੂੰ ਹਲਕਾਏ ਹੋਏ ਕੁੱਤੇ ਨੇ ਕਟਿਆ ਤੇ ਡਾਕਟਰ ਉਸ ਨੂੰ ਅਗੋਂ ਜਵਾਬ ਦਿੰਦਾ ਹੈ ਕਿ ਤੇਰੀ ਮੱਝ ਜਾਂ ਊਠ ਲਈ ਦਵਾਈ ਹਿਸਾਰੋਂ ਮਿਲਦੀ ਹੈ ਤਾਂ ਉਸ ਤੇ ਕੀ ਅਸਰ ਹੋਵੇਗਾ। ਅਗਰ ਤੁਸੀਂ ਆਦਮੀ ਭੇਜ ਹੀ ਦਿਉ ਦਵਾਈ ਲੈਣ ਤਾਂ ਦਵਾਈ ਦੇ ਆਉਣ ਤੋਂ ਪਹਿਲਾਂ ਹੀ ਉਹ ਸਾਰੇ ਟੱਬਰ ਨੂੰ ਖਾ ਜਾਵੇ। ਇਸ ਤਰ੍ਹਾਂ ਦੀ ਪਲੈਨਿੰਗ, ਗਵਰਨਮੈਂਟ ਨੂੰ ਬਦਨਾਮ ਕਰਦੀ ਹੈ ਅਤੇ ਐਡਮਨਿਸਟਰੇਸ਼ਨ ਨੂੰ ਨਾਅਹਿਲ ਬਣਾਉਂਦੀ ਹੈ।

**ਸਰਦਾਰ ਗੁਰਚਰਨ ਸਿੰਘ :** On a point of order, Sir. ਜਦ ਹੁਣ ਮੈਂਬਰ ਚੰਗੀਆਂ ਗੱਲਾਂ ਕਰਨ ਲਗਾ ਹੈ ਤਾਂ ਚੀਫ ਪਾਰਲੀਮੈਂਟਰੀ ਸੈਕਰੇਟਰੀ ਉਨ੍ਹਾਂ ਨੂੰ ਬੰਦ ਕਰਨ ਲਈ ਪਹੁੰਚ ਗਏ ਹਨ।

**ਸਰਦਾਰ ਜਗੀਰ ਸਿੰਘ ਦਰਦ :** ਫਿਰ ਚੇਅਰਮੈਨ ਸਾਹਿਬ, ਇੰਪਰੂਵਮੈਂਟ ਟ੍ਰਸਟਸ ਹਨ। ਇਹ ਵੀ ਪਲੈਨਿੰਗ ਮਨਿਸਟਰ ਪਾਸ ਹੀ ਹਨ। ਇਹ ਇਸ ਕਰਕੇ ਬਣਾਏ ਗਏ ਹਨ ਕਿ ਸ਼ਹਿਰਾਂ ਨੂੰ ਬਿਊਟੀਫਾਈ ਕਰਨ। ਪਰ ਜ਼ਰਾ ਲੁਧਿਆਣੇ ਦੀ ਮਿਸਾਲ ਲਉ। ਉਥੇ ਹਰੀਜਨਾਂ ਦੀਆਂ 50—60 ਫੈਮੇਲੀਜ਼ ਇਕ ਕਬਰਸਤਾਨ ਵਿਚ ਬੈਠੀਆਂ ਹਨ। ਉਨ੍ਹਾਂ ਨੂੰ ਉਥੋਂ ਵੀ ਉਠਾਇਆ ਜਾ ਰਿਹਾ ਹੈ। ਪਲੈਨਿੰਗ ਮਨਿਸਟਰ ਸਾਹਿਬ ਕੋਲੋਂ ਪੁਛੋਂ ਕਿ ਇਹ ਤਾਂ ਜੀਉਂਦੇ ਜਾਗਦੇ ਲੋਕੀਂ ਹਨ ਜੋ ਕਿ ਉਥੇ ਬੈਠੇ ਹਨ ਜਿਥੇ ਕਿ ਲੋਕ ਮਰ ਕੇ ਪਹੁੰਚਦੇ ਹਨ, ਕੀ ਉਨ੍ਹਾਂ ਨੂੰ ਉਥੇ ਵੀ ਬੈਠਣ ਦੀ ਇਜਾਜ਼ਤ ਨਹੀਂ ? ਇਹ ਤਾਂ ਉਹ ਜਗ੍ਹਾ ਹੈ ਜਿਥੋਂ ਕਿ ਇਹ ਗਰਮੀਆਂ ਦੇ ਮੌਸਮ ਵਿਚ ਕੇਸੀ ਅਸਨਾਨ ਕਰਕੇ ਲੰਘ ਨਹੀਂ ਸਕਦੇ ਭੂਤ ਦੇ ਡਰਦੇ ਮਾਰੇ। ਅਗਰ ਇਹ ਚਾਹੁੰਦੇ ਹੋਣ ਤਾਂ ਅਸੀਂ ਕਬਰਾਂ ਪੁਟ ਕੇ ਉਨ੍ਹਾਂ ਵਿਚ ਬੈਠ ਜਾਂਦੇ ਹਾਂ। ਜੇ ਇਹ ਵੀ ਨਹੀਂ ਤਾਂ ਫਿਰ ਸਾਡੇ ਨਾਲ ਜੇਲ੍ਹਾਂ ਭਰ ਲਉ। ਇੰਪਰੂਵਮੈਂਟ ਟ੍ਰਸਟ ਉਥੋਂ ਤਾਂ ਉਠਾ ਰਿਹਾ ਹੈ alternative ਜਗ੍ਹਾ ਦਿੰਦੇ ਨਹੀਂ। ਇਹ ਚੰਗੀ ਪਲੈਨਿੰਗ ਦੀ ਨਿਸ਼ਾਨੀ ਹੈ। ਇੰਪਰੂਵਮੈਂਟ ਟ੍ਰਸਟ ਨੂੰ ਨਿਕੰਮੀਆਂ ਕਾਰਵਾਈਆਂ ਤੋਂ ਰੋਕਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਐਡਮਿਨਿਸਟਰੇਸ਼ਨ ਤੇ ਬੁਰਾ ਅਸਰ ਪੈਂਦਾ ਹੈ। ਕੀ ਗਰੀਬਾਂ ਦੀਆਂ ਝੌਂਪੜੀਆਂ ਢਾ ਕੇ ਅਤੇ ਅਮੀਰਾਂ ਦੇ ਮਹਿਲ ਖੜੇ ਕਰਕੇ ਹੀ ਇੰਪਰੂਵਮੈਂਟ ਹੋ ਸਕਦੀ ਹੈ ? ਇਹ ਸੋਸ਼ਲਿਜ਼ਮ ਦੇ ਯੁਗ ਵਿਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਅਗਰ ਉਨ੍ਹਾਂ ਨੂੰ ਉਥੋਂ ਉਠਾਉਣਾ ਹੀ ਹੈ ਤਾਂ ਉਨ੍ਹਾਂ ਨੂੰ ਆਲਟਰਨੇਟਿਵ ਸ਼ੈਲਟਰ ਦਿਉ, ਛੋਟੇ ਛੋਟੇ ਮਕਾਨਾਂ ਦੀਆਂ ਉਨ੍ਹਾਂ ਨੂੰ ਬਸਤੀਆਂ ਬਣਾ ਦਿਉ। ਵਰਨਾ ਗਵਰਨਮੈਂਟ ਦੇ ਹੱਕ ਦੀ ਗਲ ਨਹੀਂ ਹੋਵੇਗੀ। (At this stage, Mr. Speaker occupied the Chair) ਫਿਰ ਸਰਕਾਰ ਨੇ ਇਕ Evaluation Committee for Harijan Welfare appoint ਕੀਤੀ ਹੈ। ਮੈਂ ਇਸ ਤੇ ਸਰਕਾਰ ਨੂੰ ਵਧਾਈ ਦਿੰਦਾ ਹਾਂ। ਇਹ ਦੇਖੇਗੀ ਕਿ 18 ਸਾਲਾਂ ਵਿਚ Scheduled castes welfare Deptt ਨੇ ਕੀ ਕੰਮ ਕੀਤਾ ਹੈ। ਮੈਂ ਕਹਿੰਦਾ ਹਾਂ ਕਿ ਇਸ ਕਮੇਟੀ ਨੂੰ ਇਹ ਗੱਲ ਦੇਖਣੀ ਚਾਹੀਦੀ ਹੈ ਕਿ 1947 ਤੋਂ ਲੈਕੇ ਹੁਣ ਤਕ ਹਰੀਜਨਾਂ ਦੀ ਇਕਨੌਮਿਕ, ਸੋਸ਼ਲ, ਪੁਲੀਟੀਕਲ ਅਤੇ ਐਜੂਕੇਸ਼ਨਲ ਪੋਜ਼ੀਸ਼ਨ ਵਿਚ ਕੀ ਫਰਕ ਪਿਆ ਹੈ। ਅਗਰ ਇਹ ਦੇਖੇ ਕਿ ਕੋਈ ਤਰੱਕੀ ਨਹੀਂ ਹੋਈ ਤਾਂ ਉਹ ਕਮੇਟੀ ਸਰਕਾਰ ਨੂੰ ਸਜੈਸਟ

ਕਰੋ ਕਿ ਦੂਜਿਆਂ ਦੇ ਐਟ ਪਾਰ ਲਿਆਉਣ ਲਈ ਸਰਕਾਰ ਨੂੰ ਇਹ ਇਹ ਕੰਮ ਕਰਨੇ ਚਾਹੀਦੇ ਹਨ ਅਤੇ ਏਨਾ ਰੁਪਿਆ ਖਰਚ ਕਰਨਾ ਚਾਹੀਦਾ ਹੈ।

ਇਕ ਹੋਰ ਗਲ ਹੈ। ਆਈ. ਏ. ਐਸ ਅਤੇ ਪੀ. ਸੀ. ਐਸ. ਦੀ ਇਕ ਗ੍ਰੇਡੇਸ਼ਨ ਲਿਸਟ ਵਿਚ ਇਕ ਖਾਨਾ ਹੈ ਜਿਥੇ ਅਫਸਰ ਦਾ ਨਾਂ ਹੁੰਦਾ ਹੈ। ਆਈ. ਏ. ਐਸ. ਕੇਸ ਵਿਚ ਤਾਂ ਸਿਰਫ ਨਾਮ ਹੀ ਹੁੰਦਾ ਹੈ। ਜਿਵੇਂ ਕਿ 'ਰਾਮ ਚੰਦ' ਤੇ ਉਸ ਦੀ ਬਰਾਦਰੀ ਨਹੀਂ ਲਿਖੀ ਜਾਂਦੀ। ਇਸ ਦੇ ਉਲਟ ਪੀ. ਸੀ. ਐਸ. ਦੇ ਕੇਸ ਵਿਚ 'ਰਾਮ ਚੰਦ ਸ਼ੈਡੂਲਡ ਕਾਸਟ ਦਰਜ ਹੁੰਦਾ ਹੈ। ਇਹ ਵਾਧੂ ਗਲ ਲਿਖਣ ਦੀ ਕੀ ਲੋੜ ਹੈ ਜਦ ਕਿ ਇਕ ਹੋਰ ਖਾਨਾ ਹੈ ਜੋ ਕਿ ਪ੍ਰਾਪਰਟੀ ਦਸਦਾ ਹੈ। ਜਿਸ ਦੀ ਕੋਈ ਪ੍ਰਾਪਰਟੀ ਨਾ ਲਿਖੀ ਹੋਵੇ ਉਹ ਹਰੀਜਨ ਹੀ ਹੋਵੇਗਾ। ਇਤਨਾ ਹੀ ਕਾਫੀ ਹੈ। ਇਸ ਲਈ ਗ੍ਰੇਡੇਸ਼ਨ ਲਿਸਟ ਵਿਚੋਂ ਉਹ ਬਰਾਦਰੀ ਵਾਲੀ ਗਲ ਖਤਮ ਕਰਨੀ ਚਾਹੀਦੀ ਹੈ, ਇਸ ਤੇ ਸਰਕਾਰ ਦਾ ਕੋਈ ਖਰਚ ਨਹੀਂ ਹੁੰਦਾ।

**लाला रुलिया राम** : ग्रान ए प्वायंट ग्रौफ ग्रार्डर, सर। मैंम्बर साहिब ने फरमाया कि जिस की जमीन नहीं होगी वह हरिजन होगा। ग्रगर किसी बनिय महाजन की जमीन न हो तो क्या वह हरीजन ही कहलायेगा ?

**ਕਾਮਰੇਡ ਬਾਬੂ ਸਿੰਘ ਮਾਸਟਰ** : ਆਨ ਏ ਪੁਆਇੰਟ ਆਫ ਆਰਡਰ, ਸਰ। ਮੈਂ ਆਪ ਦਾ ਇਸ ਗੱਲ ਵਲ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਪਹਿਲਾਂ ਸੀ. ਪੀ. ਐਸ. ਸਾਹਿਬ ਸਾਰੇ ਮਨਿਸਟਰਾਂ ਦਾ ਕਮ ਕਰਦੇ ਸੀ ਹੁਣ ਉਹ ਵੀ ਚਲੇ ਗਏ ਹਨ। (ਵਿਘਨ)

**श्री जगन्नाथ** : ग्रान ए प्वायंट ग्राफ ग्रार्डर, सर। एक डिप्टी मिनिस्टर रह गए हैं पशुग्रों के। इन का पशुग्रों जैसा दिमाग है।

**श्री ग्रध्यक्ष** : कैप्टन रतन सिंह जी ग्राप को इतराज तो नहीं इनकी एक्सप्रैशन पर (हंसी) ? (Has Captain Rattan Singh any objection to the expression used by the hon. Members) (Laughter)

**राज्य मन्त्री** ( कैप्टन रतन सिंह ) : ग्रगर यह पशु हैं तो मुझे पशुपालन मन्त्री बनने में कोई एतराज नहीं है। (हंसी)

**ਸਰਦਾਰ ਜੰਗੀਰ ਸਿੰਘ ਦਰਦ** : ਮੈਂ ਸਰਕਾਰ ਨੂੰ ਇਸ ਫੈਸਲੇ ਤੇ ਵਧਾਈ ਦਿੰਦਾ ਹਾਂ ਕਿ ਮੁਲਾਜ਼ਮਾਂ ਦੀ ਰੀਡਕਸ਼ਨ ਵਿਚ ਸ਼ਡੂਲਡ ਕਾਸਟ ਮੁਲਾਜ਼ਮਾਂ ਨੂੰ ਨਹੀਂ ਕਢਿਆ ਜਾਵੇਗਾ। ਇਸ ਦੇ ਨਾਲ ਨਾਲ ਮੈਂ ਇਹ ਵੀ ਕਹਿੰਦਾ ਹਾਂ ਕਿ ਸਬਾਰਡੀਨੇਟ ਸਰਵਿਸਿਜ਼ ਸੀਲੈਕਸ਼ਨ ਬੋਰਡ ਵਿਚ ਇਸ ਵੇਲੇ ਕੋਈ ਸ਼ੈਡੂਲਡ ਕਾਸਟ ਨਹੀਂ ਹੈ। ਉਹ ਵੇਕੇਨਸੀ ਵੀ ਸਾਡੀ ਹੀ ਹੈ ਤੇ ਉਸ ਨੂੰ ਜ਼ਰੂਰ ਹੁਣੇ ਫਿਲ ਅਪ ਕਰਨਾ ਚਾਹੀਦਾ ਹੈ।

ਫਿਰ ਸਰਕਾਰ ਨੇ ਲੋਕਾਂ ਨੂੰ ਕਿਹਾ ਕਿ ਗੰਨਾ ਵਧ ਉਗਾਉ। ਲੋਕਾਂ ਨੇ ਇਸ ਤੇ ਅਮਲ ਕੀਤਾ ਤੇ ਜ਼ਿਆਦਾ ਗੰਨਾ ਪੈਦਾ ਕੀਤਾ ਪਰ ਹੁਣ ਮਿਲਾਂ ਦੀ ਕ੍ਰਸ਼ਿੰਗ ਕਪੈਸਟੀ ਘਟ ਹੈ। ਇਸ ਲਈ ਮਿਲਾਂ ਗੰਨਾ ਨਹੀਂ ਚੁਕਦੀਆਂ। ਨਤੀਜਾ ਇਹ ਹੋਵੇਗਾ ਕਿ ਜ਼ਿਮੀਂਦਾਰਾਂ ਦਾ ਅਗਲੇ ਸਾਲ ਇਨੀਸ਼ਿਏਟਿਵ ਮਰ ਜਾਵੇਗਾ। ਮਿਲਾਂ ਬੇਕਾਰ ਹੋ ਜਾਣਗੀਆਂ। ਹੋਣਾ ਇਹ ਚਾਹੀਦਾ ਏ ਕਿ ਕਮਾਦ ਦੀ ਪ੍ਰੋਡਕਸ਼ਨ ਮਿਲਾਂ ਦੀ ਕ੍ਰਸ਼ਿੰਗ ਕਪੈਸਟੀ ਨਾਲ ਐਡਜਸਟ ਹੋਣੀ ਚਾਹੀਦੀ ਹੈ। ਗਲਤ ਪਲਾਨਿੰਗ ਨਾਲ ਲੋਕਾਂ ਵਿਚ ਮਾਯੂਸੀ ਆਈ ਤੇ ਫਸਲ ਦਾ ਖਰਾਬਾ ਹੋਇਆ। ਇਕ ਹੋਰ ਗਲ ਕਹਿਣੀ ਹੈ। ਲੁਧਿਆਣੇ ਵਿਚ ਇਨਫੀਰੀਅਰ

[ਸਰਦਾਰ ਜਗੀਰ ਸਿੰਘ ਦਰਦ]

ਲੈਂਡ ਦੀ ਅਲਾਟਮੈਂਟ ਲਈ ਕਮੇਟੀ ਬਣੀ ਹੋਈ ਹੈ। ਕੁਝ ਜ਼ੁੰਮੇਵਾਰ ਲੋਕਾਂ ਨੇ ਉਸ ਕਮੇਟੀ ਦੇ ਖਿਲਾਫ ਸ਼ਿਕਾਇਤ ਕੀਤੀ ਹੈ ਕਿ ਇਨ੍ਹਾਂ ਨੇ ਪਿੰਡ ਕੁਲੀਵਾਲ ਵਿਚ ਆਪਣੇ ਰਿਸ਼ਤੇਦਾਰਾਂ ਨੂੰ ਜ਼ਮੀਨ ਦੇ ਦਿਤੀ ਜਿਹੜੀ ਲੱਖਾਂ ਦੀ ਹੈ। ਤੁਸੀਂ ਇਹ ਜਾਣਕੇ ਹੈਰਾਨ ਹੋਵੇਗੇ ਕਿ ਜਿਨ੍ਹਾਂ ਲੋਕਾਂ ਨੇ ਸ਼ਿਕਾਇਤ ਕੀਤੀ ਹੈ ਉਹ ਆਪ ਜ਼ਮੀਨ ਦਬਾਏ ਬੈਠੇ ਹਨ। ਇਕ ਸ਼ਿਕਾਇਤ ਕਰਨ ਵਾਲੇ ਦਾ ਪੁੱਤਰ ਜ਼ਮੀਨ ਦਬਾਈ ਬੈਠਾ ਹੈ ਅਤੇ ਦੂਜਾ ਖ਼ੁਦ ਦਬਾਈ ਬੈਠਾ ਹੈ। ਇਸ ਮਾਮਲੇ ਵਿਚ ਇਨਕੁਆਰੀ ਹੋਣੀ ਚਾਹੀਦੀ ਹੈ ਅਤੇ ਜਿਸ ਦਾ ਕਸੂਰ ਹੋਵੇ ਉਸ ਨੂੰ ਸਜ਼ਾ ਮਿਲੇ, ਜਿਸ ਨੇ ਝੂਠ ਬੋਲਿਆ ਹੈ, ਝੂਠੀ ਸ਼ਿਕਾਇਤ ਕੀਤੀ ਹੈ ਉਸ ਨੂੰ ਵੀ ਜ਼ਾ ਹੋਣੀ ਚਾਹੀਦੀ ਹੈ। ਅਜਿਹੇ ਬਲਫਰ ਅਤੇ ਝੂਠੇ ਲੋਕਾਂ ਨੂੰ ਪਕੜਨਾ ਚਾਹੀਦਾ ਹੈ।

5.00 P.M.

ਦੂਜੇ, ਸਪੀਕਰ ਸਾਹਿਬ, ਜ਼ਰੂਰੀ ਚੀਜ਼ਾਂ ਦੇ ਭਾ ਵਧਦੇ ਜਾ ਰਹੇ ਹਨ। ਸਰਵਿਸਾਂ ਦੀ ਅਤੇ ਲੇਬਰ ਦੀ ਕਿੰਨੀ ਬੁਰੀ ਹਾਲਤ ਹੈ। ਇਸ ਲਈ ਭਾ ਨੂੰ ਰੋਕਣ ਲਈ ਸਾਨੂੰ ਸਟੇਟ ਟ੍ਰੇਡਿੰਗ ਕਰਨੀ ਚਾਹੀਦੀ ਹੈ। ਮੈਂ ਤਾਂ ਇਹ ਵੀ ਕਹਾਂਗਾ ਕਿ ਸਰਕਾਰ ਫਰਕ ਖ਼ੁਦ ਪੂਰਾ ਕਰੇ ਤਾਂ ਕਿ ਕਨਜ਼ਿਊਮਰ ਅਤੇ ਪ੍ਰੋਡਿਊਸਰ ਬਚ ਸਕਣ। ਪੂਰੇ ਰੇਟ ਤੇ ਚੀਜ਼ਾਂ ਲੋਕਾਂ ਨੂੰ ਦੇਵੇ ਨਾਰਮਲ ਰੇਟ ਤੇ ਜੇ ਸਰਕਾਰ ਆਪ ਵਧ ਰੇਟ ਤੇ ਖਰੀਦੇ ਤਾਂ ਬਾਕੀ ਆਪਣੇ ਕੋਲੋਂ ਪਾ ਦੇਵੇ ਅਤੇ ਘਾਟਾ ਆਪ ਪੂਰਾ ਕਰੇ। ਤਾਂ ਹੀ ਗਰੀਬ ਜਨਤਾ ਤੇ ਪ੍ਰੋਡਿਊਸਰ ਨੂੰ ਫਾਇਦਾ ਪਹੁੰਚ ਸਕਦਾ ਹੈ।

ਇਥੇ ਹੀ ਬਸ ਨਹੀਂ, ਕੈਨਾਲ ਡੀਪਾਰਟਮੈਂਟ ਦੀ ਇਕ ਕਮੇਟੀ ਬਣਾਈ ਗਈ ਸੀ ਕਿ ਜਿਨੇ ਵੱਡੇ ਜ਼ਿਮੀਂਦਾਰ ਹਨ, ਜਿਨ੍ਹਾਂ ਨੇ ਬਾਗਾਂ ਵਾਸਤੇ ਜ਼ਮੀਨਾਂ ਲਈਆਂ ਹੋਈਆਂ ਹਨ, ਉਨ੍ਹਾਂ ਬਾਰੇ ਰੀਪੋਰਟ ਕੀਤੀ ਜਾਵੇ। ਉਸ ਦੇ ਸਬੰਧ ਵਿਚ ਰੀਪੋਰਟ ਆ ਗਈ ਹੈ ਕਿ 100 ਫੀਸਦੀ ਲੈਂਡਲਾਰਡ ਅਜਿਹੇ ਹਨ ਜਿਹੜੇ ਪਾਣੀ ਦੀ ਚੋਰੀ ਕਰਦੇ ਹਨ। ਇਸ ਰੀਪੋਰਟ ਦੀ ਕਾਪੀ ਅਖਬਾਰ ਟ੍ਰਿਬਿਊਨ ਵਿਚ ਵੀ ਛਪੀ ਸੀ। ਪਰ ਉਨ੍ਹਾਂ ਨੂੰ ਅਜ ਤਕ ਕੋਈ ਸਜ਼ਾ ਨਹੀਂ ਦਿਤੀ ਗਈ। ਇਕ ਤਾਂ ਉਨ੍ਹਾਂ ਨੇ ਬਾਗਾਂ ਦੇ ਨਾਂ ਹੇਠ ਜ਼ਮੀਨਾਂ ਲੈ ਲਈਆਂ ਅਤੇ ਆਪਣੀਆਂ ਜ਼ਮੀਨਾਂ ਬਚਾ ਲਈਆਂ, ਬਾਗ ਨਹੀਂ ਲਾਇਆ, ਪਾਣੀ ਦੀ ਚੋਰੀ ਕਰ ਲਈ ਅਤੇ ਬਾਗਾਂ ਦਾ ਕਰਜ਼ਾ ਸਰਕਾਰ ਪਾਸੋਂ ਵੀ ਲੈ ਲਿਆ। ਇਸ ਤਰ੍ਹਾਂ ਦਾ ਫਰਾਡ ਇਨ੍ਹਾਂ ਨੇ ਸਰਕਾਰ ਨਾਲ ਖੇਡਿਆ ਹੈ ਪਰ ਕਿੰਨੇ ਦੁਖ ਦੀ ਗਲ ਹੈ ਕਿ ਸਰਕਾਰ ਵਲੋਂ ਇਨ੍ਹਾਂ ਵਿਰੁਧ ਕੋਈ ਐਕਸ਼ਨ ਨਹੀਂ ਲਿਆ ਗਿਆ। ਇਸ ਲਈ ਮੈਂ ਇਹ ਕਹਾਂਗਾ ਕਿ ਉਸ ਰੀਪੋਰਟ ਨੂੰ ਇੰਪਲੀਮੈਂਟ ਕੀਤਾ ਜਾਵੇ। ਇਕ ਪਾਸੇ ਤਾਂ ਇਹ ਬਾਗ ਦੇ ਨਾਂ ਹੇਠ ਪਾਣੀ ਦੀ ਚੋਰੀ ਕਰਦਾ ਹੈ ਤੇ ਦੂਜ ਪਾਸੇ ਗਰੀਬ ਕਿਸਾਨ ਦੀ ਫਸਲ ਪਾਣੀ ਦੀ ਥੁੜ ਦੇ ਕਾਰਣ ਸੁਕਦੀ ਰਹੀ। (ਘੰਟੀ)

ਮੈਂ ਛੇਤੀਂ ਹੀ ਖਤਮ ਕਰਨ ਵਾਲਾ ਹਾਂ। ਸਪੀਕਰ ਸਾਹਿਬ, ਇਸ ਤੋਂ ਇਲਾਵਾ ਤਹਿਸੀਲ ਲੁਧਿਆਣਾ ਵਿਚ 10—12 ਪਿੰਡ ਹਨ ਜਿਵੇਂ ਕਿ ਪੱਦੀ, ਟਿਬਾ, ਖਾਨਪੁਰ ਅਤੇ ਹਰਨਾਮਪੁਰੀ ਜੱਸੜਾਂ, ਭਗਵਾਨਪੁਰਾ, ਅਜਨਦੋ, ਦੁਗਰੀ ਆਦਿ ਜਿਨ੍ਹਾਂ ਵਿਚ ਹਜ਼ਾਰਾਂ ਏਕੜ ਜ਼ਮੀਨ ਸੇਮਜ਼ਦਾ ਹੈ। ਇਸ ਇਲਾਕੇ ਦੇ ਮਨਿਸਟਰ ਸਾਹਿਬ ਆਪ ਵੀ ਟੂਰ ਕਰ ਆਏ ਹਨ ਅਤੇ ਕਿਹਾ ਗਿਆ ਕਿ ਇਸ ਨੂੰ ਠੀਕ ਕਰ ਦਿਤਾ ਜਾਵੇਗਾ ਪਰ ਅਜੇ ਤਕ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਸਬੰਧ ਵਿਚ ਛੇਤੀ ਤੋਂ ਛੇਤੀ ਅਮਲ ਕਰਨਾ ਚਾਹੀਦਾ ਹੈ ਤਾਂ ਜੋ ਗਰੀਬ ਕਿਸਾਨ ਦੀ ਜ਼ਮੀਨ ਨੂੰ ਬਚਾਇਆ ਜਾ ਸਕੇ। (ਘੰਟੀ)

ਬਸ, ਸਪੀਕਰ ਸਾਹਿਬ, ਇਕੋ ਗੱਲ ਹੋਰ ਕਹਿ ਕੇ ਖਤਮ ਕਰਦਾ ਹਾਂ ਕਿ ਪਬਲਿਕ ਅਤੇ ਮਾਡਲ ਸਕੂਲਾਂ ਦੀ ਕੀ ਹਾਲਤ ਹੈ। ਇਹ ਮੈਂ ਬਿਨਾਂ ਤਰਦੀਦ ਇਹ ਕਹਿ ਕਰਦਾ ਹਾਂ ਕਿ ਇਹ ਐਂਟੀ ਸੋਸ਼ਲ। ਅਤੇ ਐਂਟੀ ਨੇਸ਼ਨਲ ਹਨ ਅਤੇ ਇਹ ਇਕ ਤਰ੍ਹਾਂ ਦੀ ਡਿਸਕ੍ਰੀਮੀਨੇਸ਼ਨ ਕੀਤੀ ਜਾ ਰਹੀ ਹੈ। ਆਰਡਨਰੀ ਸਕੂਲਾਂ ਅਤੇ ਮਾਡਲ ਸਕੂਲਾਂ ਵਿਚ ਇਕ ਨਵੀਂ ਕਲਾਸ ਕਰੀਏਟ ਕੀਤੀ ਜਾ ਰਹੀ ਹੈ। ਇਕ ਨਵੀਂ ਕਿਸਮ ਏ, a new type of man, a race of rulers and a breed of viceroys ''' ਪੈਦਾ ਕੀਤੀ ਜਾ ਰਹੀ ਹੈ। ਇਨ੍ਹਾਂ ਨੇ ਹੀ ਕੰਪੀਟੀਸ਼ਨਾਂ ਵਿਚ ਆਣਾ ਹੈ ਅਤੇ ਇਕ-

ਨਾਮਿਕ ਪਾਵਰ, ਪੋਲਿਟੀਕਲ ਪਾਵਰ ਅਤੇ ਸਰਵਿਸਾਂ ਤੇ ਇਨ੍ਹਾਂ ਦਾ ਕਬਜ਼ਾ ਹੋ ਜਾਣਾ ਹੈ। ਇਸ ਲਈ ਇਹ ਡਿਸਕ੍ਰਿਮੀਨੇਸ਼ਨ ਹੈ ਦਿਹਾਤੀ ਸਕੂਲਾਂ ਨਾਲ। ਇਸ ਤਮੀਜ਼ ਨੂੰ ਖਤਮ ਕਰਨਾ ਚਾਹੀਦਾ ਹੈ। ਵਰਨਾ ਸੋਸ਼ਲਿਜ਼ਮ ਦਾ ਸਪਨਾ ਅਧੂਰਾ ਰਹਿ ਜਾਵੇਗਾ। ਇਸ ਤਰ੍ਹਾਂ ਦੀ ਡਿਸਪੈਰਿਟੀ ਇਨ ਐਜੂਕੇਸ਼ਨ ਨਹੀਂ ਹੋਣੀ ਚਾਹੀਦੀ ਅਤੇ ਇਸ ਤਰ੍ਹਾਂ ਦੇ ਸਕਲਾਂ ਨੂੰ ਅਬਾਲਿਸ਼ ਕਰ ਦੇਣਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਨਾਲ, ਸਪੀਕਰ ਸਾਹਬ, ਮੈਂ ਆਪ ਪਾਸੋਂ ਖਿਮਾ ਮੰਗਦਾ ਹਾਂ।

**प्रिंसीपल रला राम** (मुकेरियां) : अध्यक्ष महोदय, गवर्नर साहिब ने अपने एडरेस में श्री लाल बहादुर शास्त्री जी को ट्रिबूट पेश किया है, उसके साथ शामिल होना हरेक हिन्दोस्तानी का फर्ज़ है । श्री लाल बहादुर शास्त्री जी ने जिस ढंग से हमारे देश का नेतृत्व किया और हमारे देश का खोया मान फिर से हम को दिलाया हम कभी भी इस रिण को नहीं चुका सकते । इस लिए हमारी उन के चरणों में श्रद्धांजली बजा है ।

जहां तक इस बात का ज़िक्र किया गया है कि और माहनुभावों की मृत्यु से खास कर देश को सदमा पहुंचा है, मैं उन के साथ साहनुभूति प्रक्ट करता हूं । इस एडरेस में गवर्नर साहिब ने इस बात की प्रशंसा की है कि संकट के बावजूद ला एण्ड आर्डर की जो हालत रही है इस से तसल्ली होती है । मैं यह समझता हूं कि इस बात पर गवर्नमेंट और जनता दोनों ही बधाई की पात्र हैं । इस संकट काल में जहां पर गवर्नमेंट का फर्ज़ था और उसने अपने फर्ज को निभाया वहां जनता ने भी अनुभव किया कि इस वक्त देश की ज़िन्दगी और मौत का सवाल है और इस लिए ला एण्ड आर्डर को ठीक ढंग से कायम रखना चाहिए । इस लिए, मैं समझता हूं कि इस काम में गवर्नमेंट और जनता दोनों ही बधाई की पात्र हैं । जो पार्ट जनता ने इस संकट के अन्दर अदा किया उन्हें जितनी बधाई दी जाए थोड़ी है । जनता ने अनुशयासित जनता होने का स्बूत दिया और यह सिद्ध कर दिया कि जो लोग बाहर के मुल्कों की आशा लगा रहे थे कि अगर जंग छिड़ गई तो हिन्दोस्तान में गड़ बड़ हो जाएगी और वह मुल्क हमारे देश की गड़बड़ से पूरा फायदा उठाएंगे वह उनकी बात पूरी नहीं हुई । इस संकट में जो रवैया जनता का था उस से उन मुल्कों के मुहं पर चपत लगी । इस जनता की कुरबानी की भावना, त्याग की भावना और बलिदान की भावना एक सराहनीय काम है । इस के साथ ही जो पार्ट हमारे जवानों ने अदा किया उनकी सराहना हम यहां पर कई बार कर चुके हैं और रैज़ोल्यूशन पास किए हैं । उन के बलिदान ने हमारे देश का सर ऊंचा कर दिया है । गवर्नर साहिब के एडरेस में उनकी बहादुरी की सराहना की गई है और उन्हें जो ट्रिब्यूट पेश किया गया है मैं अपने आप को उस में शामिल करता हूं ।

गवर्नर साहिब ने हमारी गवर्नमेंट के कई कामों की पूरी प्रशंसा की है । मुझे यह जान कर खुशी है कि हमारी गवर्नमेंट ने जो भाई जंग के अन्दर मारे गए, जिन्होंने कुरबानियां कीं, और जो डिसएब्ल हो गए और जो अपना रोज़गार कमाने के योग्य नहीं रहे, नाकारा हो गए हैं, उनकी इमदाद के लिए, उनकी सहायता के लिए कदम

[प्रिंसीपल रला राम]

उठाए हैं । मैं समझता हूं कि वह तसल्लीबख्श हैं और मैं इस बात पर अपनी सरकार को बधाई देता हूं ।

जहां तक हमारे डिफैन्स का ताल्लुक है प्रतिरक्षा का सम्बन्ध है हमारी सरकार ने इस मसले को सही तौर पर हल किया है । इस का प्रबन्ध गवर्नमेंट करती है और इतना संकट होने के बावजूद पंजाब की जनता ने 4 करोड़ रुपया इक्ट्ठा किया हालांकि पंजाब के ऊपर संकट का सब से ज्यादा भार था और पंजाब की इकानौमी शैटर हुई थी। इतना होने पर भी पंजाब की जनता ने डिफैन्स के लिए 4 करोड़ रुपया इक्ट्ठा किया । इस के लिए भी हमारी सरकार और पंजाब की जनता दोनों बधाई के पात्र हैं । और मैं अपने दिल से उन्हें बधाई देता हूं ।

अध्यक्ष महोदय, जो खुशकसाली वर्षा न होने के कारण हुई है इस का प्रभाव हम हर तरफ देख रहे हैं और इस से अन्न संकट की भारी समस्या देश के सामने आ गई है । जैसा कि अभी अभी कहा गया है अखबारों के अन्दर खबर छपती है कि सहायता के लिए अन्य देशों में हमारे लिए चन्दा इक्ट्ठा किया जा रहा है मैं यह समझता हूं कि यह एक शर्म की बात है । लेकिन यह बात ठीक है कि एक गम्भीर स्थिति पैदा हो गई है । अगर हम सहायता नहीं लेते तो लाखों करोड़ों इन्सानों को भुखमरी से कैसे बचाया जा सकता है । वह हमारी दया के पात्र हैं । लेकिन हमारे लिए दान पात्र खुले यह हमारे देश के लिए लज्जा की बात है । हमारी गवर्नमेंट को अपना प्लानिंग इस ढंग से करना चाहिए कि हमारी ज्यादा से ज्यादा तव्ज्जो एग्रीकलचर और ज़रायत की तरफ हो । यह खुशी की बात है कि हमारी गवर्नमेंट ने 11,000 टयूबवैलों को एनर्ज़ाईज करने का संकल्प किया था और गवर्नमेंट ने इस वक्त तक शायद 6 या 7 हज़ार को एनर्ज़ाईज कर भी दिया है लेकिन आप के द्वारा, अध्यक्ष, महोदय, सिंचाई मन्त्री तक यह बात पहुंचाना चाहता हूं कि जो पालेसी आज कल फालो की जा रही है वह अधूरी है और जो प्लानिंग इस सम्बन्ध में है वह नाकस है । मसलन मैं अपने हलका की बात करता हूं कि मेरे हलका में चावल बहुत पैदा होता है मुकेरियां में से कोई तीन चार लाख मन चावल हर साल बाहर भेजा जाता है । यह दरिया के किनारे का इलाका है इस में खास तौर पर टयूबवैल लगाने से ऊपज को दुगना किया जा सकता है । लोगों के बार बार अर्जियां भेजने के बावजूद वहां पर टयूबवैलज़ के लिए कोई कुनैक्शन नहीं दिए जा रहे । अर्ज़ियां महीनों तक की वहां पर ही पड़ी हैं । इसी तरह से हमारे दूसरे इलाका हाजीपुर ब्लाक की भी बहुत सी अर्ज़ियां पड़ी हैं कोई ख्याल तक नही किया जा रहा । मैं आपके ज़रिये सरकार का ध्यान इस तरफ दिलाना चाहता हूं और यह निवेदन करना चहता हूं कि सरकार को टयूब वैलज़ कुनैक्शन की पालिसी को रैशनेलाईज करना चाहिए । ऐसा करके अनाज की उपज में काफी से ज़्यादा इमदाद की जा सकती है । जहां तक दिहात को इलैक्ट्रीफाई करने का सवाल है वहां हमें अपने इलाके के मुताल्लिक रोशनी न मिलने का गिला है । यह पालिसी भी इतनी इरैशनल है, हमारे हां बीसियों

ब्लाक हैं जिन के अभी तक इलैक्टरीफाई नहीं किया गया हालांकि पंजाब के और जिलों में हजारों दिहात इलैक्ट्रीफाई किये जा चुके हैं । यह पालिसी जो अभी तक इस सम्बन्ध में सरकार ने एडाप्ट की है यह निहायत ही गल्त है । मैं अपने इलाका का अगर दूसरे इलाकों जिलों से मुकाबला करूं तो हमारे हां नौका पर पानी न मिलने की वजह से पैदावार में 25 प्रतिशत का घाटा पड़ा है । सरकार को हमारे इलाका को कुनैक्शन देने का प्रबन्ध फौरी करना चाहिए ।

गवर्नर महोदय ने इस ऐडरैस के अन्दर जिक्र किया है कि हायर सैकंडरी की तालीम को बैहतर बनाने के लिए सरकार की तरफ से एक बिल आने वाला है । ऐसा बिल जिस के ज़रिये तालीम का ढांचा बेहतर बने । मैं समझता हूं ज़रूर आना चहिए । इस के साथ ही मैं यह भी अर्ज कर देना चाहता हूं कि जहां तक ऐग्ज़ामिनेशन बोर्ड बनाने का सवाल है यह एक ऐसा काम है जो सरकार को बड़ी सोच विचार के बाद अपने हाथ में लेना चाहिए । ऐजूकेशन डिपाटमैंट को यूनिवर्सिटी से यह काम अपने हाथ में इस ढंग से लेना चाहिए कि किसी तरह का कोई बुरा प्रभाव हमारे तालीमी ढांचा पर न पड़े । खास तौर पर इन इम्तिहानात को डिपार्टमेंट बड़ी सोच विचार के बाद टेक ओवर करे ताकि हमारी तालीम का स्टैंडिड और बढ़े । मुझे यह कहने में भी कोई झिजक नहीं कि हमारी तालीम का म्यार ऊंचा उठने की बजाये नीचे को ही गया है । हमें इसको ऊंचा उठाने के साधन अपनाने चाहियें । इसी लिए मैं कहता हूं कि हमें सारे कदम बड़े सोच विचार के बाद उठाने चाहिए । इन इम्तिहानात से हमें 32 लाख रुपये की आमदन होती है । हमें जहां इतनी आमदन को संभालना है हमें इस बात को भी नज़र अन्दाज़ नहीं करना चाहिए कि हम ने तालीम के मयार को भी ऊंचा ले जाना है । पंजाब यूनिवर्सिटी ने हिन्दोस्तान भर में तालीम का ऊंचा स्तर कायम करके नाम पैदा किया है, हमें इन सारी बातों को ध्यान में रखते हुए इस तरफ बड़ी सोच विचार के साथ कदम उठाने चाहियें । एक तरफ हमने ऐजूकेशन बोर्ड कायम करके यह देखना है कि 32 लाख की इन्कम जो इम्तिहानात से होती है वह होनी चाहिए, दूसरी तरफ तालीम के स्टैंडर्ड को भी कायम रखना है । अगर यह किसी तरह से घटिया दरजे का हो जाता है तो कुदरती तौर पर जो रैपूटेशन हमारी हिन्दुस्तान भर में आज तक बनी हुई है वह भी गिर जायेगी । आप को यह बात याद ही होगी कि जब पार्टीशन हुई थी तो उस वक्त हमारे लड़कों को दूसरी यूनिवर्सिटीज़ जल्दी जल्दी दाखल ही नहीं करती थी । कहते थे कि यह तो सोशल सरविस का बी० ए० है । आज हमारी यूनिवर्सिटी में एक आला मयार कायम किया है और पूरे ध्यान से आगे कदम उठाया है । इस ऐडरैस के अन्दर गवर्नर साहिब ने ज़िक्र किया है कि 25 लाख रुपए इस काम के लिए और स्पेयर किए गए हैं जिस के लिए यह सरकार बधाई की पात्र है । एक आनरेबल मेम्बर साहिब ने यह भी ज़िक्र किया कि एजूकेशन का स्तर बेहतर तो है मगर इतना काबले तारीफ नहीं । मैं उनके साथ इस पर बिल्कुल सहमत हूं ।

[प्रिंसीपल रला राम]

हमें इस को और ऊंचा ले जाना है और यह उस समय तक नहीं हो सकता जब तक कि हमारे टीचर्ज की आर्थिक हालत अच्छी नहीं हो जाती । इसी तरह से प्राईमरी एजूकेशन को बेहतर बनाने के लिए भी हमें सबसे पहले प्राईमरी टीचर्ज की हालत बेहतर बनानी होगी । प्राईमरी एजूकेशन के अन्दर जहां तक सुपरवाईज़री स्टाफ का ताल्लुक है सुपरवीज़न की हालत निहायत खस्ता है । प्राईमरी टीचर्ज स्कूलों के अन्दर इतना काम नहीं करते जिस से तालीमी स्तर ऊंचा हो सके । इसके साथ ही मैं यह भी कहूंगा कि 25 लाख रुपए की जो प्रोवीयन रखी गई है वह निहायत नाकाफी है । प्राईमरी टीचर्ज के लिए कम-से कम 100 रुपए महावार वेतन होना चाहिए । अगर हम उसको इससे कम देते हैं तो तालीम का मयार ऊंचा नहीं उठा सकते ।

ट्रांस्पोर्ट के मुताल्लिक मैं सरकार को बधाई देता हूं कि उन्होंने महज़ 9 महीनों के अन्दर इस काम में एक करोड़ 18 लाख रुपये का प्राफिट दिखाया है। लेकिन इसके साथ मैं यह भी अर्ज़ कर देना चाहता हूं कि बहुत सा किराया का पैसा जो बसों में टिकटें बेचते वक्त हासिल होता है, चोरी होता है। मैं इस लिए कहता हूं क्योंकि मैं अक्सर बसों में सफर करता हूं, मेरे पास अपनी कोई कार नहीं है। बसिज की 33 प्रतिशत आमदन ड्राईवर और कन्डक्टर मिल कर चोरी करते हैं। पिछले दिनों मैं जब बस में आ रहा था हम कोई 10 आदमी बैठे थे, इन में से किसी को टिकट नहीं दिया गया। सिर्फ एक आदमी को दिया गया जो कि बूटिड-सूटिड था। सिर्फ एक आदमी को टिकट दिया जो नेक्टाई पहन कर बैठा था। उसे वह समझते थे कि गवर्नमेंट का आदमी होगा। हम लोग तो देहाती मालूम देते हैं। मुझे भी टिकट नहीं दिया। जब हम शाम को आए तो पता चला कि एक भी टिकट इशू नहीं किया गया। ट्रांस्पोर्ट की 33 फी सदी आमदन उधर रह जाती है। यह महकमा वधाई का पात्र है। अगर हम यहां भी सेविंग करके मुनासब इंतज़ाम करें तो नये टैक्स लगाने की जरूरत नहीं पड़ेगी और यह जो वावेला है ज्यादा टैक्सेशन नहीं होनी चाहिए हम इस से निजात पायेंगे। तो उस के लिए मैं यह समझता हूं, अध्यक्ष महोदय, मैं आपके ज़रिए महकमे की तवज्जो इस तरफ दिलाना चाहता हूं कि पंजाब की यहां जो निगरानी और सुपरविज़न है वह की जाये और लीकेज आफ रैवैन्यू को रोकना चाहिये, इस की बड़ी भारी जरूरत है। कम से कम 33 फी सदी मेरे अपने ऐस्टीमेट के अन्दर लीकेज होती है। जहां तक कुरप्पशन का ताल्लुक है हम सब फील करते हैं कि हम इस की वह राखी नहीं कर सके जो कि करनी चाहिए। इसकी राखी हम उस वक्त समझेंगे जबकि गली के अंदर जो आदमी है, गांव का जो आदमी है वह यह कहे कि मेरा काम बिना पैसे लिए हो गया दफ्तर में या कचहरी में। वह स्थिति अभी तक नहीं आई। इस के लिये रैड-टैपिज़म, लाल फीते के रूल को कंट्रोल करना होगा और बहुत ज़्यादा स्टाफ जो दफतरों में है कम करना होगा। मैं दफतरों में बहुत दफ़ा नहीं जाता लेकिन जब कभी दफतरों में जाता हूं, किसी काम के लिए जाने का मौका मिला है तो, अध्यक्ष महोदय, मैंने 25 फी सदी से ज्यादा अमला को निकम्मा आईडल बैठा हुआ देखा। यह चीजें ज्यादा हैं। अगर हमारा अमला ज्यादा बढ़ जाता है तो काम की आऊटपुट कम हो जाती है। इस तरफ ध्यान दें। यह जो

कुरप्शन है, भ्रष्टाचार है इस की किसी हद तक पब्लिक भी ज़िम्मेदार है। पहली जिम्मेदारी गवर्नमेंट पर आयद होती है। मैं गवर्नमेंट को बधाई देता हूं, इन्होंने चौकसी समितियां, विजीलेंस कमेटियों बनाई हैं जो कि इसको रोकने का प्रयत्न करेगी। यह भी अच्छा और सराहनीय कदम है। लेकिन उस के लिये हम कामयाब तब होंगे जब हम सूबे में यह जो रैड टैपिज़म लाल फीत शाही है इस को रेशनेलाईज़ करेंगे ताकि साधारण से साधारण व्यक्ति यह अनुभव करे कि मेरा काम अब दफतर के अंदर बिना पैसे दिये हो जाता है। वह स्थिति अभी बहुत दूर है। कुरपशन काफी है। इस लिये मैं यह समझता हूं कि इस तरफ हमारे कदम बढ़ने चाहिएं (घंटी) । रोड्ज़ एंड बिल्डिंग्ज़ पी. डबल्यू. डी. के महकमे के लिए मैं यह कहना चाहता हूं कि जहां तक देहाती लिंक रोड्ज का प्रश्न है वे बनानी चाहिएं। यह ठीक है बिल्डिंग्ज के काम को संकट की वजह से मुलतवी करना चाहिए, उस से कोई बड़ा फर्क नहीं पड़ता। मेरा यह ख्याल है कि **We have spent more on brick and mortal than what we should have spent.** हम ने ईंट और सीमेंट पर ज़्यादा खर्च किया है, कम करना चाहिए था। इस तरफ रोक थाम बिल्कुल सही है। लेकिन रोड्ज़, खास कर विलेज लिंक रोड्ज़ का जहां तक ताल्लुक है वह होनी चाहिएं। इस तरफ ज्यादा तवज्जो देनी चाहिए। गवर्नर महोदय के एड्रैस में इसका कोई ज़िक्र नहीं। मैं आशा करता हूं और आप के ज़रिए मैं अपनी सरकार का ध्यान इस तरफ दिलाना चाहता हूं। गांव की हालत को बेहतर बनाने के लिये और आर्थिक व्यवस्था को बेहतर बनाने के लिए विलेज लिंक रोड्ज की तरफ ज्यादा ध्यान बिल्कुल ज़रूरी है ताकि पिछड़े हुए जो देहाती इलाके हैं वे भी आर्थिक उन्नति कर सकें।

जहां तक इस खुश्कसाली का ताल्लुक है एक बात मैं आप के ज़रिए कहना चाहता हूं। अभी थोड़ी सी बारिश हुई है। लेकिन उस का ज्यादा फायदा मैदानी इलाकों की फसलों को पहुंचेगा। मैं अपने इलाके में देखता हूं जो ऊंची ज़मीनें हैं कितनी भी बारिश पड़े उन्हें कोई फायदा नहीं। वक्त पर बारिश पड़ी नहीं, ज़मीनें खाली पड़ी हैं। जो बीजा था पैदा नहीं हुआ। वहां पर एक तो सस्ते अनाज के डिपो हों। वह अभी वहां खोले जाने चाहिएं, वह हालत वहां भी पैदा हो रही है। वहां लोगों के लिये सस्ते अनाज के डिपो खोले जाएं। इस की ज़रूरत है। उन के पास रोज़गार के वसीले नहीं रहेंगे। जो सड़कें बनानी हैं उन का खासा हिस्सा पहाड़ी इलाके में बनना चाहिए। कुछ सड़कें तो आगे ही सैंक्शन हुई हुई हैं। उस काम को जलदी शुरू करना चाहिए। यह फसलें तो बिलकुल तबाह समझनी चाहिएं। सड़कें बनाने से वहां के लोगों को रोज़गार मिलेगा और आगे के लिये उनकी ज्यादा आर्थिक उन्नति भी हो सकेगी। यह पहाड़ी इलाके में सड़कें बनाने का जो काम है इसकी तरफ ज्यादा ध्यान दिया जाए। इस पर ज्यादा खर्च होना चाहिए ताकि उन गरीब लोगों को जिन की फसलें बिल्कुल नहीं हो रहीं रोज़गार मिल सके। केवल माली इमदाद करने से सहायता नहीं होगी, रोज़गार मुहइया करना ज़रूरी है। इन सड़कों के काम से उन्हें बिलकुल आसानी हो जाएगी। अध्यक्ष महोदय, मैं आप का धन्यवाद करता हूं।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਰੋਪੜ) : ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਰਾਜਪਾਲ ਨੇ ਜੋ ਪੰਜਾਬੀਆਂ ਦੇ ਉਦਮ, ਕੁਰਬਾਨੀ ਤੇ ਵੀਰਤਾ ਦੀ ਸਰਾਹਨਾ ਕੀਤੀ ਹੈ, ਜੋ ਪਾਕਿਸਤਾਨ ਵਲੋਂ ਸਾਡੇ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ]

ਗਲ ਮੜ੍ਹੀ ਗਈ ਜੰਗ ਦੇ ਵੇਲੇ ਸਾਡੇ ਲੋਕਾਂ ਨੇ ਦਿਖਾਈ, ਇਸ ਦੇ ਵਿਚ ਸ਼ਾਮਲ ਹੁੰਦਾ ਹਾਂ ਤੇ ਉਨ੍ਹਾਂ ਸ਼ਹੀਦਾਂ ਨੂੰ ਵੀ ਸ਼ਰਧਾਂਜਲੀ ਭੇਟ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਇਸ ਜੰਗ ਦੇ ਸਮੇਂ ਆਪਣੀਆਂ ਜਾਨਾਂ ਵਾਰ ਕੇ ਪੰਜਾਬ ਦੇ ਨਾਂ ਨੂੰ ਦੇਸ਼ ਵਿਚ ਫਿਰ ਉਚਾ ਕੀਤਾ। ਸਪੀਕਰ ਸਾਹਿਬ, ਆਪ ਨੂੰ ਇਹ ਪਤਾ ਹੀ ਹੈ ਕਿ ਸ਼ਹੀਦਾਂ ਦਾ ਖੂਨ ਸਾਡੀ ਆਜ਼ਾਦੀ ਦੇ ਮਥੇ ਤੇ ਇਸ ਤਰ੍ਹਾਂ ਲਿਸ਼ਕਦਾ ਰਹੇਗਾ ਜਿਸ ਤਰ੍ਹਾਂ ਸੁਹਾਗ ਦਾ ਟਿਕਾ ਲਿਸ਼ਕਦਾ ਰਹਿੰਦਾ ਹੈ ਅਤੇ ਆਉਣ ਵਾਲੀਆਂ ਨਸਲਾਂ ਨੂੰ ਸਦਾ ਕੁਰਬਾਨੀ ਕਰਨ ਦਾ ਸੰਦੇਸ਼ ਦਿੰਦਾ ਰਹੇਗਾ, ਇਸ ਪੀੜ੍ਹੀ ਦੇ ਲੋਕਾਂ ਦੇ ਨਾਂ ਨੂੰ ਉਚਾ ਕਰਦਾ ਰਹੇਗਾ। ਜਿਥੋਂ ਤਕ ਰਾਜਪਾਲ ਦੇ ਐਡਰੈਸ ਦਾ ਸਬੰਧ ਹੈ ਮੈਂ ਇਸ ਦੇ ਵਿਚ ਕੋਈ ਆਸ਼ਾਜਨਕ ਗਲ ਨਹੀਂ ਦੇਖਦਾ। ਇਹ ਐਡਰੈਸ ਸੱਖਣਾ ਜਿਹਾ, ਖਾਲੀ ਜਿਹਾ ਹੈ ਅਤੇ ਬਿਨਾਂ ਕਿਸੇ ਨਿਸ਼ਾਨੇ ਤੋਂ ਲਿਖਿਆ ਗਿਆ ਨਜ਼ਰ ਆਉਂਦਾ ਹੈ। ਇਸ ਦੇ ਵਿਚ ਜ਼ਿਕਰ ਕੀਤਾ ਹੈ ਕਿ ਸਾਰੀ ਮਨਿਸਟਰੀ ਜਿਹੜੀ ਹੈ, ਮੈਂ ਸਮਝਦਾ ਹਾਂ **it lacks direction, initiative and push** । ਇਹ ਤਿੰਨ ਗਲਾਂ ਚਾਹੀਦੀਆਂ ਹਨ । ਇਸ ਨੂੰ ਡਾਇਰੈਕਸ਼ਨ ਚਾਹੀਦੀ ਹੈ ਸਰਕਾਰ ਦੀ। ਉਸ ਡਾਇਰੈਕਸ਼ਨ ਵਲ ਵਧਣ ਲਈ ਇਨੀਸ਼ਿਏਟਿਵ ਅਤੇ ਪੁਸ਼ ਚਾਹੀਦਾ ਹੈ। ਇਹ ਤਿੰਨੇ ਗਲਾਂ ਮਿਨਸਟਰੀ ਦੇ ਸਾਰੇ ਕੰਮ ਕਾਰ ਵਿਚ ਨਹੀਂ ਦੇਖੀਆਂ ਗਈਆਂ। ਇਸ ਲਈ ਉਨ੍ਹਾਂ ਦਾ ਪ੍ਰਗਟਾਅ ਇਸ ਐਡਰੈਸ ਵਿਚ ਨਜ਼ਰ ਨਹੀਂ ਆ ਰਿਹਾ।

[Deputy Speaker in the Chair]

ਐਡਰੈਸ ਵਿਚ ਸਫਾ 11 ਤੇ ਇਹ ਵੀ ਕਲੇਮ ਕੀਤਾ ਗਿਆ ਹੈ ਕਿ **'clean responsive and efficient administration has been the aim of my Government'** ਤੇ, ਡਿਪਟੀ ਸਪੀਕਰ ਸਾਹਿਬਾ, ਜੋ ਕੁਝ ਪਿਛਲੇ ਸਾਲ ਵਾਪਰਿਆ ਉਸ ਨੂੰ ਦੇਖਦੇ ਹੋਏ ਜੇ ਇਹ ਕਲੀਨ, ਰੈਸਪਾਂਸਿਵ ਤੇ ਐਫੀਸ਼ੀਐਂਟ ਐਡਮਨਿਸਟਰੇਸ਼ਨ ਹੈ ਤਾਂ ਅਸੀਂ ਉਸ ਦਿਨ ਦੀ ਉਡੀਕ ਕਰਾਂਗੇ ਕਿ ਅਨਕਲੀਨ, ਅਨਰੈਸਪਾਂਸਿਵ ਤੇ ਇਕ ਐਫੀਸ਼ੀਐਂਟ ਐਡਮਨਿਸਟਰੇਸ਼ਨ ਕਦੋਂ ਹੋਂਦ ਵਿਚ ਆਏਗੀ ਅਤੇ ਆਪਣਾ ਜਲਵਾ ਦਿਖਾਏਗੀ। ਉਸ ਦਿਨ ਦਾ ਇੰਤਜ਼ਾਰ ਕਰਨਾ ਹੈ। ਪਿਛਲੇ ਇਕ ਸਾਲ ਵਿਚ ਇਸ ਸੂਬੇ ਵਿਚ ਜੋ ਕੁਝ ਹੋਇਆ ਹੈ ਉਸ ਅਨੁਸਾਰ ਜੇ ਇਹ ਕਿਹਾ ਜਾਂਦਾ ਹੈ ਤਾਂ ਅੰਗ੍ਰੇਜ਼ੀ ਦੇ ਸ਼ਬਦਾਂ ਦੇ ਅਰਥ ਹੀ ਗਲਤ ਹਨ ਜਾਂ ਕੁਝ ਹੋਰ ਤਕਣਾ ਪਿਆ ਹੈ। ਅਗਲਾ ਸਾਲ ਅਜ਼ਮਾਇਸ਼ ਦਾ ਸਾਲ ਹੈ। ਪੰਜਾਬ ਦੀ ਜਨਤਾ ਨੇ ਹਿਸਾਬ ਕਿਤਾਬ ਪੁਛਣਾ ਹੈ। ਪਤਾ ਨਹੀਂ ਇਹ ਉਥੋਂ ਬਚ ਕੇ ਵੀ ਆਉਂਦੇ ਹਨ ਜਾਂ ਨਹੀਂ । ਲੇਕਿਨ ਮੈਂ ਇਹ ਕਹਾਂਗਾ ਕਿ ਇਸ ਤੋਂ **unclean irresponsive** ਤੇ **inefficient administration** ਸਾਡੇ ਸੂਬੇ ਵਿਚ ਨਹੀਂ ਹੋਣੀ। ਡਿਪਟੀ ਸਪੀਕਰ ਸਾਹਿਬਾ, ਆਪ ਨੂੰ ਪਤਾ ਹੈ ਕਿ ਸਾਡੀ ਇਸ ਸਰਕਾਰ ਨੇ ਬਿਰਲੇ ਨੂੰ ਇਕ ਹਜ਼ਾਰ ਏਕੜ ਰਕਬਾ 30 ਰੁਪਏ ਫੀ ਏਕੜ ਦੇ ਹਿਸਾਬ ਨਾਲ 25 ਸਾਲ ਲਈ ਬਗੈਰ ਕੋਈ ਟੈਂਡਰ ਕਾਲ ਕਰਨ ਦੇ, Without calling any tenders, without holding any public auction, without negotiating with any other party except Birlas. ਲੀਜ਼ ਤੇ ਦਿਤਾ ਜਿਸ ਦੇ ਵਿਚ ਲਖਾਂ ਰੁਪਏ ਦਾ ਗੋਲਮਾਲ ਔਰ ਘੱਟ ਭਾਅ ਉਤੇ ਦੇਣ ਦਾ ਸਵਾਲ ਉਠਦਾ ਹੈ। ਜੇਕਰ ਇਹ ਸਰਕਾਰ ਕਿਸੇ ਹਰੀਜਨ ਨੂੰ ਜਾਂ ਕਿਸੇ ਕਿਸਾਨ ਨੂੰ ਇਕ ਵਿਘਾ ਜ਼ਮੀਨ ਵੀ ਬਿਨਾਂ ਨੀਲਾਮੀ ਤੋਂ ਨਹੀਂ ਦੇ ਸਕਦੀ ਔਰ ਨਾ ਉਸ ਨੇ ਦਿਤੀ ਹੈ ਤਾਂ ਫੇਰ ਇਕ ਬਿਰਲੇ ਵਰਗੀ ਧਨਾਡ ਫਰਮ ਨੂੰ ਇਕ ਹਜ਼ਾਰ ਏਕੜ ਜ਼ਮੀਨ ਬਿਨਾਂ ਨੀਲਾਮੀ, ਬਿਨਾਂ ਟੈਂਡਰ ਤੋਂ ਔਰ ਬਿਨਾਂ ਕਿਸੇ ਗਲ ਬਾਤ ਕਰਨ ਤੋਂ ਦੇਣਾ ਕਿਸ ਤਰ੍ਹਾਂ ਬਜਾ ਹੈ ? ਉਸ ਉਤੇ ਸਰਕਾਰ ਅਜ ਵੀ ਅੜੀ ਹੋਈ ਹੈ, ਪਹਿਲਾਂ ਵੀ ਅੜੀ ਰਹੀ। ਹੁਣ

ਥੋੜ੍ਹ ਜਿਹਾ ਉਹ ਕਦਮ ਨਵਾਂ ਪੁਟਣ ਲਗੇ ਹਨ। ਪਰ ਮੈਂ ਅਸੂਲੀ ਤੌਰ ਤੇ ਕਹਿੰਦਾ ਹਾਂ ਕਿ ਕੀ ਗੌਰਮੈਂਟ ਲਈ ਉਚਿਤ ਗਲ ਸੀ ਇਸ ਤਰ੍ਹਾਂ ਦਾ ਸੌਦਾ ਕਰਨਾ। ਜੇ ਸਰਦਾਰ ਪਰਤਾਪ ਸਿੰਘ ਤੇ ਭਰਿਸ਼ਟਾਚਾਰ ਦਾ ਕਮਿਸ਼ਨ ਮੁਕਰਰ ਹੋ ਸਕਦਾ ਹੈ ਤਾਂ ਮੈਂ ਸੈਂਟਰਲ ਗੌਰਮੈਂਟ ਤੋਂ ਪੰਜਾਬ ਦੀ ਜਨਤਾ ਵਲੋਂ ਇਸ ਗਲ ਦੀ ਮੰਗ ਕਰਾਂਗਾ ਕਿ ਉਹ ਬਿਰਲਾ ਲੀਜ਼ ਦੇ ਵਿਚ ਜਿਹੜਾ ਗੋਲ ਮਾਲ ਹੋਇਆ ਹੈ ਉਸ ਦੀ ਪੜਤਾਲ ਕਰਨ ਲਈ ਕਮਿਸ਼ਨ ਮੁਕਰਰ ਕਰੇ ਤਾਕਿ ਪਤਾ ਲਗ ਜਾਵੇ ਕਿ ਦਰਬਾਰਾ ਸਿੰਘ ਇਸ ਦਾ ਜ਼ਿੰਮੇਵਾਰ ਹੈ ਜਾਂ ਰਾਮ ਕਿਸ਼ਨ ਇਸ ਦਾ ਜ਼ਿੰਮੇਵਾਰ ਹੈ ਜਾਂ ਮੇਜਰ ਹਰਿੰਦਰ ਸਿੰਘ ਇਸ ਦਾ ਜ਼ਿੰਮੇਵਾਰ ਹੈ। ਇਸ ਗਲ ਦੀ ਪੜਤਾਲ ਕਰਵਾਈ ਜਾਵੇ ਕਿ ਪੰਜਾਬ ਦੇ ਲੋਕਾਂ ਦੀ ਇਕ ਹਜ਼ਾਰ ਏਕੜ ਜ਼ਮੀਨ ਕਿਸ ਤਰ੍ਹਾਂ ਇਤਨੇ ਸਸਤੇ ਭਾਅ ਤੇ ਬਿਰਲੇ ਨੂੰ ਦੇ ਦਿੱਤੀ ਗਈ। ਏਸ ਵੇਲੇ ਜੇ ਸਰਦਾਰ ਦਰਬਾਰਾ ਸਿੰਘ ਨੂੰ ਕਹੋ ਉਹ ਕਹਿੰਦਾ ਹੈ ਮੈਨੂੰ ਨਹੀਂ ਪਤਾ, ਰਾਮ ਕਿਸ਼ਨ ਨੇ ਇਸ ਤਰ੍ਹਾਂ ਕੀਤਾ ਹੈ; ਜੇ ਰਾਮ ਕਿਸ਼ਨ ਨੂੰ ਪੁਛੋ ਤਾਂ ਉਹ ਕਹਿੰਦਾ ਹੈ ਦਰਬਾਰਾ ਸਿੰਘ ਨੇ ਕੀਤਾ ਹੈ। ਜੇ ਚੌਧਰੀ ਰਿਜ਼ਕ ਰਾਮ ਹੋਰਾਂ ਨੂੰ ਪੁਛੋਂ ਤਾਂ ਉਹ ਕਹਿੰਦੇ ਹਨ ਮੈਂ ਇਸ ਦੀ ਮੁਖਾਲਫਤ ਕੀਤੀ ਸੀ। ਇਸ ਲਈ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਗਲ ਦੀ ਆਖਰ ਪੜਤਾਲ ਹੋਣੀ ਚਾਹੀਦੀ ਹੈ ਕਿ ਕਿਸ ਤਰ੍ਹਾਂ ਇਹ ਸੌਦਾ ਕੀਤਾ ਗਿਆ। ਫੇਰ ਇਸ ਤੋਂ ਅਗੇ ਚਲੋ, ਦਾਸ ਕਮਿਸ਼ਨ ਮੁਕਰਰ ਹੋਇਆ ਔਰ ਕੈਰੋਂ ਸਾਹਿਬ ਦੇ ਸਿਆਸੀ ਭਵਿਖਤ ਦੀ ਕਬਰ ਤੇ ਇਹ ਮਨਿਸਟਰੀ ਬਣੀ ਸੀ। ਸਰਦਾਰ ਗੁਰਦਿਆਲ ਸਿੰਘ ਢਿੱਲੋਂ ਅਤੇ ਕਾਮਰੇਡ ਰਾਮ ਕਿਸ਼ਨ ਹੋਰੀਂ ਬੜੀਆਂ ਡੀਗਾਂ ਮਾਰਦੇ ਸੀ ਕਿ ਅਸੀਂ ਦਾਸ ਕਮਿਸ਼ਨ ਦਾ ਫਾਲੋਅਪ ਕਰਾਂਗੇ ਔਰ ਮੁਖ ਮੰਤਰੀ ਸਾਹਿਬ ਨੇ 24 ਸਤੰਬਰ, 1964 ਨੂੰ ਬਿਆਨ ਦਿੱਤਾ ਸੀ ਕਿ ਜਿਨ੍ਹਾਂ ਅਫਸਰਾਂ ਦੇ ਨਾਲ ਬੇਇਨਸਾਫੀਆਂ ਹੋਈਆਂ ਸਨ, ਜਿਨ੍ਹਾਂ ਦੀਆਂ ਨਾਜਾਇਜ਼ ਤੌਰ ਤੇ ਤਰੱਕੀਆਂ ਰੁਕੀਆਂ ਸਨ, ਉਨ੍ਹਾਂ ਦੇ ਗਰੀਵੈਂਸਿਜ਼ ਨੂੰ ਦੂਰ ਕੀਤਾ ਜਾਵੇਗਾ। ਲੇਕਿਨ ਅਜ ਉਸ ਕੈਰੋਂ ਦੀ ਮੜ੍ਹੀ ਬਣਾ ਕੇ ਉਸ ਦੇ ਮਜੌਰ ਬਣਨ ਲਗੇ ਹਨ। ਹੁਣ 50 ਹਜ਼ਾਰ ਰੁਪਿਆ ਦੇਣ ਲਗੇ ਹਨ ਕਿ ਕੈਰੋਂ ਸਾਹਿਬ ਦੀ ਸਮਾਧ ਬਣ ਜਾਵੇ ਔਰ ਇਹ ਮਜੌਰ ਫੇਰ ਰਾਜ ਕਰਦੇ ਰਹਿਣ ਕਿਉਂਕਿ ਕਾਂਗਰਸ ਲੈਜਿਸਲੇਚਰ ਪਾਰਟੀ ਵਿਚ ਕੈਰੋਂ ਸਾਹਿਬ ਦੇ ਧੜੇ ਦੀਆਂ ਵੋਟਾਂ ਮਿਲਦੀਆਂ ਹਨ। ਇਸ ਦਾ ਸਾਫ ਮਤਲਬ ਇਹ ਹੈ ਕਿ ਇਨ੍ਹਾਂ ਦਾ ਕੋਈ ਅਸੂਲ ਨਹੀਂ ਹੈ, ਸਿਰਫ ਰਾਜ ਕਰਨ ਦੀ ਲਾਲਸਾ ਹੈ ਔਰ ਲੋਕਾਂ ਦੀ ਸਹੀ ਨੁਮਾਇੰਦਗੀ ਕਰਨ ਦੀ ਲਾਲਸਾ ਖਤਮ ਹੋ ਗਈ ਹੈ। ਜਿਹੜੇ ਕੱਲ ਇਹ ਕਹਿੰਦੇ ਸਨ ਕਿ ਕੈਰੋਂ ਕੁਰਪਟ ਹੈ ਉਹ ਅਜ ਉਸ ਦੀ ਸਮਾਧ ਬਣਾਉਣ ਲਗ ਪਏ ਹਨ। ਡਿਪਟੀ ਸਪੀਕਰ ਸਾਹਿਬਾ, ਮੈਂ ਇਹ ਚਾਹੁੰਦਾ ਹਾਂ ਕਿ ਮਨਿਸਟਰੀ ਇਸ ਗਲ ਨੂੰ ਸਪਸ਼ਟ ਕਰੇ ਕਿ ਇਹ ਦਾਸ ਕਮਿਸ਼ਨ ਦੇ ਵਰਡਿਕਟ ਨੂੰ ਮੰਨਦੀ ਹੈ ਜਾਂ ਨਹੀਂ ਮਨਦੀ। ਸ੍ਰੀ ਭਗਵਤ ਦਿਆਲ ਔਰ ਪੰਡਤ ਮੋਹਨ ਲਾਲ ਹੋਰਾਂ ਦੀ ਤਾਂ ਗਲ ਮੰਨੀ ਜਾ ਸਕਦੀ ਹੈ ਕਿਉਂਕਿ ਉਨ੍ਹਾਂ ਨੇ 17 ਜੂਨ 1964 ਨੂੰ ਰੈਜ਼ੋਲਿਊਸ਼ਨ ਪਾਸ ਕੀਤਾ ਸੀ ਕਿ 'ਦਾਸ ਕਮਿਸ਼ਨ ਔਰ ਨੋ ਦਾਸ ਕਮਿਸ਼ਨ, ਕੈਰੋਂ ਇਜ਼ ਆਵਰ ਲੀਡਰ'। ਲੇਕਿਨ ਰਾਮ ਕਿਸ਼ਨ ਅਤੇ ਸਰਦਾਰ ਗੁਰਦਿਆਲ ਸਿੰਘ ਹੋਰਾਂ ਦੀ ਗਲ ਮੇਰੀ ਸਮਝ ਵਿਚ ਨਹੀਂ ਆਉਂਦੀ ਕਿ ਉਹ ਹੁਣ ਕਿਸ ਤਰ੍ਹਾਂ ਇਹ ਗਲ ਕਹਿਣ ਲਗ ਪਏ ਹਨ। ਡਿਪਟੀ ਸਪੀਕਰ ਸਾਹਿਬਾ, ਫਲੈਚਰ ਸਾਹਿਬ ਪੰਜਾਬ ਦੇ ਉਸ ਮੌਕੇ ਦੇ ਇਕ ਐਸੇ ਅਫਸਰ ਸਨ ਜਿਨ੍ਹਾਂ ਨੇ ਉਚਤਾ ਨੂੰ ਕਾਇਮ ਰਖਿਆ। ਗੌਰਮੈਂਟ ਨੇ ਜਿਨ੍ਹਾਂ ਅਫਸਰਾਂ ਦੇ ਨਾਲ ਜ਼ਿਆਦਤੀਆਂ ਹੋਈਆਂ ਸਨ ਉਨ੍ਹਾਂ ਦੇ ਕੇਸਾਂ ਨੂੰ ਐਗਜ਼ਾਮਨ ਕਰਨ ਲਈ ਫਲੈਚਰ ਸਾਹਿਬ ਨੂੰ ਨਿਯੁਕਤ ਕੀਤਾ। ਉਨ੍ਹਾਂ ਦੇ ਕੋਲ 1707 ਅਰਜ਼ੀਆਂ ਅਫਸਰਾਂ ਨੇ ਦਿੱਤੀਆਂ ਕਿ ਸਾਡੀ ਤਰੱਕੀ ਰੋਕ ਲਈ ਗਈ ਹੈ, ਸਾਡੇ ਨਾਲ ਇਨਸਾਫ ਨਹੀਂ ਹੋਇਆ। ਉਨ੍ਹਾਂ ਵਿਚੋਂ 81 ਦਰਖਾਸਤਾਂ ਤੇ ਫੈਸਲਾ ਕਰ ਦਿੱਤਾ ਗਿਆ ਔਰ 50 ਤੇ ਗੌਰਮੈਂਟ ਨੇ ਕਾਰਵਾਈ ਵੀ ਕਰ ਦਿੱਤੀ। ਮਗਰ ਕਿੰਨੀ ਹੈਰਾਨੀ ਦੀ ਗਲ ਹੈ ਕਿ ਜਦੋਂ ਕਾਰਵਾਈ ਹੋਣੀ ਸ਼ੁਰੂ ਹੋ ਗਈ ਤਾਂ ਫੇਰ ਗੌਰਮੈਂਟ ਨੇ ਬੋਰਡ ਹੀ ਤੋੜ ਦਿਤਾ ਤਾਂਜੋ ਨਾ ਰਹੇ ਬਾਂਸ ਤੇ ਨਾ ਵਜੇ ਬਾਂਸਰੀ'। ਪੰਜਾਬ ਸਰਕਾਰ ਇਹ ਗਲ ਦਸੇ ਕਿ ਉਸ ਨੇ ਕਿਉਂ ਬੋਰਡ ਤੋੜਿਆ ਜਦੋਂ ਉਹ ਇਸ ਗਲ ਲਈ ਬਣਾਇਆ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ]

ਗਿਆ ਸੀ ਕਿ ਜਿਨ੍ਹਾਂ ਨਾਲ ਬੇਇਨਸਾਫੀਆਂ ਹੋਈਆਂ ਹਨ ਉਨ੍ਹਾਂ ਨੂੰ ਇਨਸਾਫ ਦੇਣਾ ਹੈ। ਡਿਪਟੀ ਸਪੀਕਰ ਸਾਹਿਬ, ਅੰਗਰੇਜ਼ੀ ਦੇ ਵਿਚ ਇਕ ਅਖਾਣ ਹੈ :—

'The fox changes his skin but not his habits.'

ਲੂਮੜੀ ਆਪਣੀ ਖਲ ਬਦਲਦੀ ਰਹਿੰਦੀ ਹੈ ਪਰ ਆਦਤਾਂ ਨਹੀਂ ਬਦਲਦੀ। ਇਸ ਲਈ ਹੁਣ ਤਾਂ ਸਵਾਲ ਇਹ ਬਣ ਗਿਆ ਹੈ ਕਿ ਭਰਿਸ਼ਟਾਚਾਰ ਤਾਂ ਕਾਂਗਰਸ ਰਾਜ ਵਿਚੋਂ ਹੀ ਨਿਕਲਿਆ ਹੋਇਆ ਹੈ। ਜੇ ਕੈਰੋਂ ਨੂੰ ਖਤਮ ਕਰ ਕੇ ਰਾਮ ਕਿਸ਼ਨ ਆ ਗਿਆ ਤਾਂ ਉਸ ਨੇ ਭਰਿਸ਼ਟਾਚਾਰ ਕਰਨਾ ਸ਼ੁਰੂ ਕਰ ਦਿੱਤਾ। ਇਸ ਕਰਕੇ ਅਸੀਂ ਸਮਝਦੇ ਹਾਂ ਕਿ ਜਦੋਂ ਤਕ ਕਾਂਗਰਸ ਦੇ ਮਿਸਰੂਲ ਨੂੰ ਖਤਮ ਨਹੀਂ ਕੀਤਾ ਜਾਂਦਾ ਉਦੋਂ ਤਕ ਕੁਰਪਸ਼ਨ ਦੂਰ ਨਹੀਂ ਹੋ ਸਕਦੀ। ਕਾਂਗਰਸ ਪਾਰਟੀ ਦੇ ਪੰਜ ਚਾਰ ਲੀਡਰ ਬਦਲਣ ਤੋਂ ਬਾਅਦ ਇਹੋ ਹੀ ਕਨਕਲੂਜ਼ਨ ਸਾਡੇ ਸਾਹਮਣੇ ਆਇਆ ਹੈ ਔਰ ਹੁਣ ਇਹ ਸਾਫ ਜ਼ਾਹਿਰ ਹੋ ਗਿਆ ਹੈ ਕਿ ਇਸ ਨੂੰ ਖਤਮ ਕੀਤੇ ਬਿਨਾ ਇਹ ਭਰਿਸ਼ਟਾਚਾਰ ਨਹੀਂ ਹਟ ਸਕਦਾ।

**ਡਿਪਟੀ ਸਪੀਕਰ :** ਜੋਸ਼ ਸਾਹਿਬ, ਤੁਸੀਂ ਗੌਰਮਿੰਟ ਨੂੰ ਜੋ ਕੁਝ ਕਹਿਣਾ ਹੈ ਕਹੋ ਪਾਰਟੀ ਪਰਾਪੇਗੰਡਾ ਨਾ ਕਰੋ। (The hon. Member Shri Josh may criticise the Government in any manner he likes but not make a party propaganda)

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਕਾਂਗਰਸ ਗੌਰਮੈਂਟ ਦੀ ਹੀ ਮੈਂ ਗਲ ਕਰ ਰਿਹਾ ਹਾਂ। ਸ਼ਾਇਦ ਕਦੀ ਆਪ ਵਰਗੀ ਮਹਾਨ ਹਸਤੀ ਨੂੰ ਵੀ ਮੌਕਾ ਮਿਲੇ ਇਸ ਲਈ ਮੈਂ ਇਹ ਕਹਿ ਰਿਹਾ ਹਾਂ ਕਿ ਆਉਣ ਵਾਲੀ ਅਗਲੀ ਕੁਰਪਸ਼ਨ ਨੂੰ ਵੀ ਰੋਕਣਾ ਜ਼ਰੂਰੀ ਹੈ। ਹੁਣ ਮੈਂ ਅਗਲੀ ਗਲ ਕਹਿਣੀ ਚਾਹੁੰਦਾ ਹਾਂ। ਉਹ ਇਹ ਹੈ ਕਿ ਇਸ ਮੰਤਰੀ ਮੰਡਲ ਵਲੋਂ ਰਾਜ ਪ੍ਰਬੰਧ ਵਿਚ ਬੜੀ ਭਾਰੀ ਇੰਟਰਫੀਅਰੰਸ ਹੋ ਰਹੀ ਹੈ ਸਾਡੇ ਸੂਬੇ ਵਿਚ ਅੰਬਾਲਾ, ਹਿਸਾਰ, ਕਰਨਾਲ, ਪਟਿਆਲਾ, ਵਗੈਰਾ ਜ਼ਿਲਿਆਂ ਵਿਚ ਸਵਾ ਸਵਾ ਸਾਲ ਹੋ ਗਿਆ ਅਜੇ ਜ਼ਿਲਾ ਪਰੀਸ਼ਦ ਦੇ ਇਲੈਕਸ਼ਨ ਨਹੀਂ ਹੋਏ। ਹੋਏ ਇਸ ਲਈ ਨਹੀਂ ਕਿ ਨਿਆਏ ਪੂਰਵਕ ਚੋਣਾਂ ਦਾ ਜੋ ਤਰੀਕਾ ਹੁੰਦਾ ਹੈ, ਜ਼ਿਲਾ ਪਰੀਸ਼ਦ ਦੇ ਚੁਣੇ ਹੋਏ ਮੈਂਬਰ ਜਿਸ ਨੂੰ ਚੁਣਨਾ ਚਾਹੁੰਣ ਉਨ੍ਹਾਂ ਨੂੰ ਚੁਣਨ ਦਾ ਮੌਕਾ ਨਹੀਂ ਦਿੱਤਾ ਜਾਂਦਾ। ਦੋ ਵਾਰੀ ਅੰਬਾਲਾ ਦੇ ਵਿਚ ਕੋਆਪਸ਼ਨ ਦੀ ਤਾਰੀਖ ਮੁਲਤਵੀ ਕੀਤੀ ਗਈ। ਦੋ ਵਾਰੀ ਚੋਣ ਦੀ ਤਾਰੀਖ ਰਖ ਕੇ ਇਕ ਘੰਟਾ ਪਹਿਲੇ ਮੁਲਤਵੀ ਕੀਤੀ ਗਈ ਔਰ ਕੋਈ ਕਾਰਣ ਨਹੀਂ ਦਸਿਆ ਗਿਆ ਮੁਲਤਵੀ ਕਰਨ ਦਾ। ਇਸ ਨੂੰ ਮੁਲਤਵੀ ਕਰਨ ਦੀ ਕੋਈ ਵਜਾਹ ਨਹੀਂ ਦਸੀ ਗਈ। ਸਤੰਬਰ 1965 ਵਿਚ ਇਹ ਚੋਣਾਂ ਹੋਣੀਆਂ ਸਨ ਲੇਕਿਨ ਮੁਲਤਵੀ ਕਰ ਦਿਤੀਆਂ ਗਈਆਂ। ਮੈਂ ਪਿਛਲੇ ਸੈਸ਼ਨ ਵਿਚ ਇਕ ਕਾਲ ਅਟੈਨਸ਼ਨ ਮੋਸ਼ਨ ਦਿਤੀ ਤਾਂ ਉਸਦੇ ਜਵਾਬ ਵਿਚ ਇਹ ਕਿਹਾ ਗਿਆ ਕਿ ਇਸ ਵਕਤ ਐਮਰਜੈਂਸੀ ਲਾਗੂ ਹੋ ਗਈ ਹੈ ਇਸ ਲਈ ਮੁਲਤਵੀ ਕਰ ਦਿਤੀਆਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਇਹ ਜੋ ਸਰਦਾਰ ਦਰਬਾਰਾ ਸਿੰਘ ਡਿਵੈਲਪਮੈਂਟ ਮਨਿਸਟਰ ਹਨ ਇਹ ਜਾਣ ਬੁਝ ਕੇ ਪੰਚਾਇਤੀ ਰਾਜ ਦੀਆਂ ਚੋਣਾਂ ਨਹੀਂ ਹੋਣ ਦੇ ਰਹੇ ਹਨ ਅਤੇ ਉਹ ਇਸ ਪੰਚਾਇਤੀ ਰਾਜ ਦਾ ਮਜ਼ਾਕ ਬਣਾ ਰਹੇ ਹਨ। ਮੈਂ ਸਮਝਦਾ ਹਾਂ ਕਿ ਅੱਜ ਸਮਾਂ ਆ ਗਿਆ ਹੈ ਕਿ ਅਸੀਂ ਮੰਗ ਕਰੀਏ ਕਿ ਪੰਚਾਇਤੀ ਰਾਜ ਦੀਆਂ ਚੋਣਾਂ ਸਰਕਾਰ ਦੇ ਅਧੀਨ ਨਹੀਂ ਹੋਣੀਆਂ ਚਾਹੀਦੀਆਂ ਅਤੇ ਇਹ ਇਲੈਕਸ਼ਨ ਕਮੀਸ਼ਨ ਦੇ ਅਧੀਨ ਹੋਣੀਆਂ ਚਾਹੀਦੀਆਂ ਹਨ ਤਾਕਿ ਕੋਈ ਮਨਿਸਟਰ ਨਾ ਇਕ ਪਾਸੇ ਤੇ ਨਾ ਦੂਜੇ ਪਾਸੇ ਦਖਲ ਦੇ ਸਕੇ। ਹਰ ਇਕ ਨੂੰ ਹੱਕ ਹੈ ਕਿ ਉਹ ਆਪਣੇ ਆਪਣੇ ਉਮੀਦਵਾਰ ਦਾ ਪਰਚਾਰ ਮਨਿਸਟਰ ਵੀ ਕਰ ਸਕਦਾ ਹੈ ਅਤੇ ਐਮ. ਐਲ. ਏ. ਵੀ ਕਰ ਸਕਦਾ ਹੈ। ਲੇਕਿਨ ਇਹ ਹੱਕ ਨਹੀਂ ਹੋਣਾ ਚਾਹੀਦਾ ਕਿ ਕੋਈ ਮਨਿਸਟਰ ਜਦੋਂ ਜੀ ਚਾਹੇ ਚੋਣ ਦੀ ਤਰੀਕ ਮੁਕਰਰ ਕਰ ਦੇਵੇ ਅਤੇ ਜਦੋਂ ਜੀ ਵਿਚ ਆਵੇ ਐਨ ਮੌਕੇ ਤੇ ਚੋਣ ਨੂੰ

ਰੋਕ ਦੇਵੇ। ਮੈਂ ਸਮਝਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਡਿਵੈਲਪਮੈਂਟ ਮਨਿਸਟਰ ਨੂੰ ਰਾਜ ਵਿਚ ਜੇ ਕਿਤੇ ਇਲੈਕਸ਼ਨ ਕਮਿਸ਼ਨਰ ਲਗਾ ਦਿਤਾ ਜਾਵੇ ਤਾਂ ਇਹ ਕਦੇ ਪਾਰਲੀਮੈਂਟ ਦੀਆਂ ਚੋਣਾਂ ਹੀ ਨਾ ਹੋਣ ਦੇਣ ਰਾਜ ਵਿਚ ਜੋ ਇਸ ਤਰ੍ਹਾਂ ਦੀ ਇੰਟਰਫੀਅਰੈਂਸ ਅਜ ਪੰਚਾਇਤੀ ਰਾਜ ਵਿਚ ਹੋ ਰਹੀ ਹੈ ਇਹ ਨਹੀਂ ਹੋਣੀ ਚਾਹੀਦੀ ਅਤੇ ਮੈਂ ਇਸ ਨੂੰ ਕਰੜੇ ਲਫਜ਼ਾਂ ਨਾਲ ਕਨਡੈਮ ਕਰਦਾ ਹਾਂ।

ਫਿਰ, ਡਿਪਟੀ ਸਪੀਕਰ ਸਾਹਿਬਾ, ਸਾਡੇ ਰਾਜਪਾਲ ਨੇ ਆਪਣੇ ਭਾਸ਼ਨ ਵਿਚ ਪੰਜਾਬ ਦੇ ਪੰਜ ਛੇ ਲਖ ਸਰਕਾਰੀ ਕਰਮਚਾਰੀਆਂ ਦੀਆਂ ਆਸਾਂ ਤੇ ਓਸ ਪਾ ਦਿਤੀ ਹੈ। ਉਹ ਉਡੀਕ ਕਰ ਰਹੇ ਸਨ ਕਿ ਰਾਜਪਾਲ ਸਾਹਿਬ ਉਨ੍ਹਾਂ ਨੂੰ ਇਸ ਨਵੇਂ ਸਾਲ ਵਿਚ ਉਨ੍ਹਾਂ ਦੇ ਗਰੇਡ ਅਲਾਊਂਸ ਵਗੈਰਾ ਵਧਾ ਕੇ ਸੌਗਾਤ ਦੇਣਗੇ ਲੇਕਿਨ ਉਨ੍ਹਾਂ ਨੇ ਇਸ ਗਲ ਦਾ ਕੋਈ ਜ਼ਿਕਰ ਤਕ ਨਹੀਂ ਕੀਤਾ। ਸੈਂਟਰ ਨੇ ਆਪਣੇ ਕਰਮਚਾਰੀਆਂ ਦਾ ਡੀ. ਏ. ਵਧਾ ਕੇ ਇਨ੍ਹਾਂ ਨੂੰ ਰਾਹ ਵੀ ਵਿਖਾਇਆ ਅਤੇ ਅਗੇ ਵੀ ਸੈਂਟਰ ਦੋ ਦਫਾ ਡੀ. ਏ. ਵਧਾ ਚੁਕਾ ਹੈ ਲੇਕਿਨ ਪੰਜਾਬ ਸਰਕਾਰ ਨੇ ਇਸ ਸਬੰਧ ਵਿਚ ਕੋਈ ਕਦਮ ਨਹੀਂ ਚੁਕਿਆ ਅਤੇ ਉਹ ਜੋ ਸਾਲਹਾ ਸਾਲ ਤੋਂ ਗਰੇਡ ਵਧਾਣ ਦੀ ਮੰਗ ਕਰਦੇ ਆ ਰਹੇ ਸੀ ਉਸ ਵਲ ਇਸ ਸਾਲ ਵੀ ਕੋਈ ਧਿਆਨ ਨਹੀਂ ਦਿਤਾ। ਇਹੋ ਨਹੀਂ, ਟਰਾਂਸਪੋਰਟ ਦੇ ਕਰਮਚਾਰੀਆਂ ਨੇ ਪਿਛਲੇ ਸਿਰਫ 9 ਮਹੀਨਿਆਂ ਵਿਚ ਇਸ ਸਰਕਾਰ ਨੂੰ ਇਕ ਕਰੋੜ 18 ਲਖ ਰੁਪਿਆ ਕਮਾ ਕੇ ਦਿਤਾ ਹੈ ਲੇਕਿਨ ਉਨ੍ਹਾਂ ਨੂੰ ਵੀ ਇਹ ਸਰਕਾਰ ਬੋਨਸ ਦੇਣ ਲਈ ਤਿਆਰ ਨਹੀਂ ਹੈ। ਜੋ ਰਾਜ ਪਰਬੰਧ ਨੂੰ ਚਲਾਣ ਵਾਲੇ ਕਰਮਚਾਰੀ ਹਨ ਅਤੇ ਲੋ ਪੇਡ ਸਬਾਰਡੀਨੇਟ ਸਰਵਿਸ ਵਾਲੇ ਹਨ ਉਨ੍ਹਾਂ ਦੇ ਗਰੇਡ, ਅਲਾਊਂਸ, ਡੀ. ਏ. ਵਧਾਣ ਲਈ ਇਹ ਸਰਕਾਰ ਤਿਆਰ ਨਹੀਂ। ਇਹ ਕੋਈ ਸ਼ੋਭਾ ਵਾਲੀ ਗਲ ਇਸ ਸਰਕਾਰ ਲਈ ਨਹੀਂ ਹੈ ਕਿ ਉਹ ਆਪਣੇ ਕਰਮ-ਚਾਰੀਆਂ ਦੇ ਦੁਖਾਂ ਤਕਲੀਫਾਂ ਵਲ ਧਿਆਨ ਨਹੀਂ ਦੇ ਰਹੀ ਹੈ। ਉਹ ਪੇ ਕਮੀਸ਼ਨ ਮੁਕਰਰ ਕਰਨ ਬਾਰੇ ਬੜੀ ਦੇਰ ਤੋਂ ਮੰਗ ਕਰਦੇ ਆ ਰਹੇ ਹਨ ਲੇਕਿਨ ਇਸ ਬੋਲੀ ਸਰਕਾਰ ਨੇ ਉਸ ਲਈ ਵੀ ਕੁਝ ਨਹੀਂ ਕੀਤਾ। ਪਿਛਲੇ ਸੈਸ਼ਨ ਵਿਚ ਮੁੱਖ ਮੰਤਰੀ ਸਾਹਿਬ ਨੇ ਕਿਹਾ ਸੀ ਕਿ ਇਕ ਐਡਮਨਿਸਟਰੇਟਿਵ ਰਿਫਾਰਮਜ਼ ਕਮਿਸ਼ਨ ਬਣਾਇਆ ਗਿਆ ਹੈ ਜੋ ਰਾਜ ਪਰਬੰਧ ਦੇ ਸੁਧਾਰ ਤੇ ਮੁਲਾਜ਼ਮਾਂ ਦੇ ਮਸਲਿਆਂ ਬਾਰੇ ਸਰਕਾਰ ਨੂੰ ਰਾਏ ਦੇਵੇਗਾ ਅਤੇ ਉਸਦੇ ਚੇਅਰਮੈਨ ਸ਼ਾਇਦ ਫਲੈਚਰ ਸਾਹਿਬ ਬਣਾਏ ਗਏ ਸਨ। 29 ਜਨਵਰੀ ਦੇ ਟ੍ਰਿਬਿਊਨ ਅਖਬਾਰ ਵਿਚ ਇਹ ਖਬਰ ਛਪੀ ਸੀ :

> "The appointment of pay commission, particularly for lower grade Government employees in Punjab, the establishment of a directorate for training Government employees and a directorate of personnel welfare to look after their welfare are some of the important recommendations made by the Administrative Reforms Commission set up by the Punjab Government....."

ਪੰਜਾਬ ਸਰਕਾਰ ਨੇ ਜੋ ਐਡਮਨਿਸਟਰੇਟਿਵ ਰਿਫਾਰਮਜ਼ ਕਮੀਸ਼ਨ ਮੁਕਰਰ ਕੀਤਾ ਸੀ ਉਸ ਨੇ ਸਿਫਾਰਸ਼ ਕਰ ਦਿਤੀ ਹੈ, ਕਿ ਪੇ ਕਮੀਸ਼ਨ ਮੁਕੱਰਰ ਕੀਤਾ ਜਾਵੇ। ਮੈਂ ਸਰਕਾਰ ਨੂੰ ਕਹਿੰਦਾ ਹਾਂ ਕਿ ਉਹ ਆਪ ਆਪਣੇ ਬਣਾਏ ਹੋਏ ਕਮੀਸ਼ਨ ਦੇ ਸੁਝਾਉ ਨੂੰ ਆਨਰ ਕਰੇ ਅਤੇ ਇਸੇ ਬਜਟ ਸੈਸ਼ਨ ਵਿਚ ਅਨਾਊਂਸ ਕਰੇ ਕਿ ਸਰਕਾਰ ਛੇਤੀ ਹੀ ਪੇ ਕਮੀਸ਼ਨ ਮੁਕਰੱਰ ਕਰੇਗੀ ਅਤੇ ਜੋ ਉਸਦੀਆਂ ਸਿਫਾਰਸ਼ਾਤ ਹੋਣਗੀਆਂ ਉਨ੍ਹਾਂ ਨੂੰ ਮੰਨੇਗੀ। ਇਸ ਤਰ੍ਹਾਂ ਕਰਨ ਨਾਲ ਹੀ ਮੈਂ ਸਮਝਦਾ ਹਾਂ ਪੰਜਾਬ ਦੇ ਕਰਮਚਾਰੀਆਂ ਦੀ ਤਸੱਲੀ ਹੋ ਸਕੇਗੀ। ਫਿਰ ਪੰਜਾਬ ਵਿਚ ਇਸ ਵਕਤ ਜੋ ਕੋਈ 80 ਹਜ਼ਾਰ ਟੀਚਰਜ਼ ਤੇ ਮਾਸਟਰਜ਼ ਪੜ੍ਹਾ ਰਹੇ ਹਨ ਉਨ੍ਹਾਂ ਨਾਲ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਇਕ ਤਾਂ ਰਿਵੀਜ਼ਨ ਇਨ ਪੇ ਸਕੇਲਜ਼ ਟੀਚਰਜ਼ ਤੇ ਮਾਸਟਰਜ਼ ਦਾ ਕੀਤਾ ਜਾਵੇਗਾ ਅਤੇ ਦੂਜੇ ਕਿਤਨਾ ਰਿਵੀਜ਼ਨ ਹੋਵੇਗਾ ਉਹ ਇਨ ਕਨਸਲਟੇਸ਼ਨ ਵਿਦ ਟੀਚਰਜ਼ ਐਂਡ ਅਦਰ ਆਰਗੇਨਾਈਜ਼ੇਸ਼ਨਜ਼ ਕੀਤਾ ਜਾਵੇਗਾ। ਇਹ ਦੋ ਵਾਅਦੇ ਸਰਕਾਰ ਨੇ ਕੀਤੇ ਸਨ ਕਿ ਇਕ ਤਾਂ ਗਰੇਡ ਵਧਾਵਾਂਗੇ ਅਤੇ ਦੂਜੇ ਇਹ ਕਿ ਟੀਚਰਜ਼ ਦੇ ਨੁਮਾਇੰਦਿਆਂ ਦੀ ਰਾਏ ਨਾਲ ਵਧਾਵਾਂਗੇ। ਲੇਕਿਨ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਇਸ ਸਰਕਾਰ ਨੇ ਆਪਣੇ ਵਾਅਦੇ ਦੇ ਖਿਲਾਫ ਜਾਕੇ ਐਜੂਕੇਸ਼ਨ ਡਿਪਾਰਟਮੈਂਟ ਦੀ ਗਲ ਮੰਨ ਲਈ ਹੈ ਅਤੇ 25 ਲਖ ਰੁਪਿਆ ਜੋ ਉਨ੍ਹਾਂ ਨੂੰ ਦਿਤਾ ਗਿਆ ਸੀ ਉਸ ਵਿਚ ਦੋ ਰੋਕਾਂ ਲਾ ਦਿਤੀਆਂ ਹਨ। ਇਕ ਤਾਂ ਇਹ ਕਿ ਜੇ. ਬੀ. ਟੀ. ਵਾਲਾ ਜਿਸਦੀ ਸਰਵਿਸ ਪੰਜ ਸਾਲ ਨਾ ਹੋਵੇਗੀ ਅਤੇ ਬੀ. ਟੀ. ਵਾਲਾ ਜਿਸਦੀ ਸਰਵਿਸ ਦੋ ਸਾਲ ਨਹੀਂ ਹੋਵੇਗੀ ਉਸਨੂੰ ਤਰੱਕੀ ਨਹੀਂ ਮਿਲੇਗੀ। ਇਸ ਫਾਰਮੂਲੇ ਦੇ ਮੁਤਾਬਕ ਕੋਈ 48 ਹਜ਼ਾਰ ਟੀਚਰਾਂ ਨੂੰ ਤਰੱਕੀ ਦਾ ਇਕ ਪੈਸਾ ਵੀ ਨਹੀਂ ਮਿਲੇਗਾ। ਬਾਕੀ ਦੇ ਕੋਈ 32 ਹਜ਼ਾਰ ਟੀਚਰਜ਼/ਮਾਸਟਰਜ਼ ਨੂੰ ਸ਼ਾਇਦ ਥੋੜ੍ਹਾ ਬਹੁਤ ਪੈਸਾ ਇਕ ਦੋ ਇਨਕਰੀਮੈਂਟ ਦੀ ਸ਼ਕਲ ਵਿਚ ਬਤੌਰ ਤਰੱਕੀ ਮਿਲ ਜਾਵੇਗਾ। ਇਸ ਫਾਰਮੂਲੇ ਨਾਲ ਟੀਚਰਜ਼ ਤੇ ਮਾਸਟਰਜ਼ ਬਹੁਤ ਹਾਰਡ ਹਿਟ ਹੋਏ ਹਨ ਅਤੇ ਉਨ੍ਹਾਂ ਵਿਚ ਬਹੁਤ ਰਿਜ਼ੈਂਟਮੈਂਟ ਫੈਲ ਗਈ ਹੈ। A great deal of resentment is prevailing among the teachers against this betrayal of the Punjab Government ਮੈਂ ਅਰਜ਼ ਕਰਦਾ ਹਾਂ ਕਿ ਇਸ ਬਾਰੇ ਬੜੀ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਕਿਉਂਕਿ ਇਸ ਦੇ ਖਿਲਾਫ ਕਾਫੀ ਆਵਾਜ਼ ਉਠ ਰਹੀ ਹੈ। ਇਸ ਮਹਿਕਮੇ ਬਾਰੇ ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਨੇ ਜਾਂ ਇਸ ਮਹਿਕਮੇ ਦੇ ਵਜ਼ੀਰ ਨੇ ਐਜੂਕੇਸ਼ਨ ਡਿਪਾਰਟਮੈਂਟ ਨੂੰ ਫੰਡ ਕੁਲੈਕਸ਼ਨ ਦੀ ਏਜੰਸੀ ਹੀ ਬਣਾ ਲਿਆ ਹੈ। ਪਿਛਲੀ ਦਫਾ ਟੀਚਰਾਂ ਨੇ ਕੋਈ 60/65 ਲਖ ਰੁਪਿਆ ਨੈਸ਼ਨਲ ਡਿਫੈਂਸ ਫੰਡ ਲਈ ਇਕਠਾ ਕੀਤਾ। ਕਈਆਂ ਨੇ ਇਸ ਬਾਰੇ ਕੁਝ ਇਤਰਾਜ਼ ਵੀ ਕੀਤਾ ਲੇਕਿਨ ਇਹ ਇਕ ਨੇਕ ਕੰਮ ਸੀ ਇਸ ਲਈ ਇਸਦੀ ਡਟ ਕੇ ਮੁਖਾਲਫਤ ਨਹੀਂ ਕੀਤੀ ਗਈ। ਲੇਕਿਨ ਹੁਣ ਇਨ੍ਹਾਂ ਨੇ ਗੋਲਡ ਬਾਂਡ ਸਕੀਮ ਲਾਗੂ ਕਰ ਦਿਤੀ ਹੈ ਕਿ ਹਰ ਮਾਸਟਰ, ਮਾਸਟਰਾਨੀ 5 ਗਰਾਮ ਸੋਨਾ ਇਕੱਠਾ ਕਰੇ। ਉਹ ਸੋਨਾ ਕਿਥੋਂ ਲਿਆ ਕੇ ਇਨਵੈਸਟ ਕਰਨ ਉਨ੍ਹਾਂ ਗਰੀਬਾਂ ਨੂੰ ਰੋਟੀ ਤਾਂ ਖਾਣ ਨੂੰ ਲਭਦੀ ਨਹੀਂ। ਮੈਂ ਤਾਂ ਇਹ ਵੀ ਸੁਣਿਆ ਹੈ ਕਿ ਡੀ. ਈ. ਓ. ਲੁਧਿਆਣਾ ਨੇ ਸਰਕਾਰ ਨੂੰ ਇਹ ਸਜੈਸ਼ਨ ਦਿਤੀ ਹੈ ਕਿ ਏ. ਸੀ. ਆਰ. ਜੋ ਐਨੂਅਲ ਰਿਪੋਰਟ ਹੁੰਦੀ ਹੈ ਉਸ ਵਿਚ ਇਕ ਖਾਨਾ ਇਹ ਵੀ ਭਰਿਆ ਜਾਵੇ ਕਿ ਕਿਸੇ ਟੀਚਰ ਨੇ ਕਿਤਨਾ ਸੋਨਾ ਗੋਲਡ ਬਾਂਡ ਵਿਚ ਲਗਾਇਆ। ਇਤਨਾ ਭਾਰੀ ਕੁਅਰਸ਼ਨ ਹੋ ਰਿਹਾ ਹੈ ਕਿ ਉਥੇ ਰਾਜਪਾਲ ਸਾਹਿਬ ਨੇ ਖੁਦ ਕਿਹਾ ਕਿ ਇਹ ਜੋ ਕੁਝ ਹੋ ਰਿਹਾ ਹੈ ਠੀਕ ਨਹੀਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੂੰ ਇਸ ਸਕੀਮ ਤੇ ਗੌਰ ਕਰਨਾ ਚਾਹੀਦਾ ਹੈ ਅਤੇ ਇਹ ਧੱਕਾ ਸ਼ਾਹੀ ਰੋਕਣੀ ਚਾਹੀਦੀ ਅਤੇ ਇਹ ਕੁਲੈਕਸ਼ਨ ਵਿਦਡਰਾ ਕਰ ਲੈਣੀ ਚਾਹੀਦੀ ਹੈ।

ਅਗਲੀ ਗਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਖੇਤੀ ਬਾੜੀ ਦੀ ਉਪਜ ਵਧਾਉਣ ਦਾਂ ਕੰਮ ਨੈਸ਼ਨਲ ਲੈਵਲ ਤੇ ਟੇਕ ਅਪ ਕਰਨਾ ਚਾਹੀਦਾ ਹੈ ਕਿਉਂ ਜੋ ਇਹ ਐਸਾ ਕੰਮ ਹੈ ਜੋ ਪਾਰਟੀ ਬੈਰੀਅਰਜ਼ ਨੂੰ ਕਰਾਸ ਕਰਦਾ ਹੈ। ਅੱਜ ਸਾਡੀ ਨੇਸ਼ਨ ਲਈ ਇਹ ਕਿਤਨੀ ਸ਼ਰਮ ਦੀ ਗਲ ਹੈ ਕਿ ਸਾਨੂੰ ਪੀ. ਐਲ. 480 ਹੇਠ ਅਮਰੀਕਾ ਕੋਲੋਂ ਗਿੜਗਿੜਾ ਕੇ ਕਣਕ ਮੰਗਣੀ ਪੈਂਦੀ ਹੈ। ਇਸੇ ਸਾਡੀ ਮੰਗ ਦੀ ਬਿਨਾ ਤੇ ਉਹ ਸਾਡੀਆਂ ਪਾਲਿਸੀਜ਼ ਤੇ ਹਾਵੀ ਹੋਣ ਦੀ ਕੋਸ਼ਸ਼ ਕਰਦੇ ਹਨ ਜਿਸ ਤਰ੍ਹਾਂ ਕਿ ਉਨ੍ਹਾਂ ਨੇ ਹੁਣੇ ਇੰਡੋ-ਪਾਕਿਸਤਾਨ ਜੰਗ ਵਿਚ ਕਰਨ ਦੀ ਕੋਸ਼ਸ਼ ਕੀਤੀ ਹੈ ਅਤੇ ਸਾਡੀ ਆਰਮ ਟਵਿਸਟ ਕਰਨ ਦੀ ਕੋਸ਼ਸ਼ ਕੀਤੀ ਹੈ। ਅਜ ਸਭ ਤੋਂ ਪਹਿਲਾਂ ਸਾਡਾ ਨਿਸ਼ਾਨਾ ਇਹ ਹੋਣਾ ਚਾਹੀਦਾ ਹੈ ਕਿ ਅਸੀਂ ਖੁਰਾਕ ਖੇਤਰ ਵਿਚ ਆਤਮ ਨਿਰਭਰ ਹੋਈਏ ਅਤੇ ਐਨਾ ਅਨਾਜ ਪੈਦਾ ਕਰੀਏ ਕਿ ਸਾਨੂੰ ਬਾਹਰ ਤੋਂ ਅਨਾਜ ਲਿਆਣ ਦੀ ਲੋੜ ਨਾ ਪਵੇ। ਪਹਿਲਾਂ ਤਾਂ ਇਸ ਸਰਕਾਰ ਨੇ ਇਸ ਪਾਸੇ ਖਾਸ ਧਿਆਨ ਨਹੀਂ ਦਿਤਾ ਲੇਕਨ ਹੁਣ ਕੁਝ ਧਿਆਨ ਦੇਣਾ ਸ਼ੁਰੂ ਕੀਤਾ ਹੈ। ਤਿੰਨ ਚਾਰ ਚੀਜ਼ਾਂ ਜ਼ਰਾਇਤੀ ਪੈਦਾਵਾਰ ਲਈ ਬਹੁਤ ਜ਼ਰਰੀ ਹਨ। ਇਕ ਇਰੀਗੇਸ਼ਨ, ਦੂਜਾ ਫਰਟੇਲਾਈਜ਼ਰ, ਤੀਜੇ ਮੈਕੇਨਾਈਜ਼ਡ ਫਾਰਮਿੰਗ। ਇਹ ਤਿੰਨ ਚੀਜ਼ਾਂ ਹੀ ਖੇਤੀ ਦੀ ਪੈਦਾਵਾਰ ਨੂੰ ਵਧਾ ਸਕਦੀਆਂ ਹਨ। ਮੈਂ ਹੁਣ ਇਨ੍ਹਾਂ ਦਾ ਇਕ ਇਕ ਕਰਕੇ ਜ਼ਿਕਰ ਕਰਦਾ ਹਾਂ। ਪਿਛਲੇ ਸਾਲ

ਇਨ੍ਹਾਂ ਨੇ ਅਗੇ ਨਾਲੋਂ ਹੋਰ ਇਕ ਲਖ 33 ਹਜ਼ਾਰ 600 ਏਕੜ ਏਰੀਆ ਇਰੀਗੇਟ ਕੀਤਾ। ਮੈਂ ਮੰਨਦਾ ਹਾਂ ਕਿ ਕਾਫੀ ਉਦਮ ਕੀਤਾ ਗਿਆ ਲੇਕਨ ਜੇਕਰ ਇਸ ਮਾਮਲੇ ਦੀ ਨੌਈਅਤ ਨੂੰ ਵੇਖਿਆ ਜਾਵੇ ਤਾਂ ਤੁਹਾਨੂੰ ਪਤਾ ਲਗ ਜਾਵੇਗਾ ਕਿ ਬਿਲਕੁਲ ਕੀੜੀਆਂ ਨੂੰ ਕੰਮ ਹੋਇਆ

ਕਰੋੜ 63 ਲਖ ਰੁਪਏ ਵਿਚ ਜੋ

87 ਲੱਖ ਏਕੜ ਜ਼ਮੀਨ ਅਨਇਰੀਗੇਟਿਡ ਹੈ। ਇਸ ਦਾ ਮਤਲਬ ਹੈ ਕਿ 47 ਫੀ ਸਦੀ ਜ਼ਮੀਨ ਇਰੀਗੇਟਿਡ ਹੈ ਅਤੇ 53 ਫੀ ਸਦੀ ਅਨਇਰੀਗੇਟਿਡ ਜ਼ਮੀਨ ਹੈ। ਇਸ ਲਈ ਜਿਥੇ ਨਹਿਰਾਂ ਹਨ ਉਥੇ ਹੋਰ ਰਾਜਬਾਹ ਖੋਲ੍ਹੇ ਜਾਣ ਅਤੇ ਜਿਥੇ ਬਰਾਨੀ ਇਲਾਕਾ ਹੈ ਉਥੇ ਸਰਕਾਰ ਖੁਦ ਟਿਊਬਵੈਲਜ਼ ਲਗਾਏ। ਅਗਰ ਸਰਕਾਰ ਖੁਦ ਉਥੇ ਟਿਊਬਵੈਲਜ਼ ਨਹੀਂ ਲਗਾ ਸਕਦੀ ਤਾਂ ਸਰਕਾਰ ਨੂੰ ਚਾਹੀਦਾ ਹੈ ਕਿ ਲੋਕਾਂ ਨੂੰ ਟਿਊਬਵੈਲਜ਼ ਲਗਾਉਣ ਵਿਚ ਇੰਸੈਂਟਿਵ ਦੇਵੇ। ਸਰਕਾਰ ਲੋਕਾਂ ਨੂੰ ਬੋਰਿੰਗ ਸਰਵਿਸਿਜ਼ ਫਰੀ ਦੇਵੇ ਤਾਕਿ ਲੋਕ ਟਿਊਬਵੈਲਜ਼ ਲਗਾਉਣ ਵਿਚ ਇੰਟਰੈਸਟ ਲੈ ਸਕਣ। ਅਗਰ ਸਰਕਾਰ ਇਹ ਵੀ ਨਹੀਂ ਕਰ ਸਕਦੀ ਤਾਂ ਸਰਕਾਰ ਨੂੰ ਚਾਹੀਦਾ ਹੈ ਕਿ ਜਿਥੇ ਸਰਕਾਰ ਬੋਰਿੰਗ ਕਰਦੀ ਹੈ ਅਗਰ ਉਥੇ ਉਹ ਬੋਰਿੰਗ ਅਨ-ਜਕਸੈਸਫੁਲ ਹੋਵੇ ਤਾਂ ਸਰਕਾਰ ਉਥੇ ਕੋਈ ਚਾਰਜਿਜ਼ ਨਾ ਲਵੇ। ਇਸ ਦੇ ਨਾਲ ਅਨਾਜ ਦੀ ਪੈਦਾਵਾਰ ਵਿਚ ਵਾਧਾ ਹੋਵੇਗਾ, ਇਸ ਵੇਲੇ ਹਰ ਇਕ ਜ਼ਿਲੇ ਲਈ ਇਕ ਰਿਗ ਬੋਰਿੰਗ ਲਈ ਦਿਤਾ ਹੋਇਆ ਹੈ। ਇਕ ਬੋਰਿੰਗ ਰਿਗ ਉਥੇ ਹੀ ਜਨਤਾ ਦੀ ਮੰਗ ਪੂਰੀ ਨਹੀਂ ਕਰਦਾ। ਇਸ ਲਈ ਲੋਕਾਂ ਦੀ ਮੰਗ ਦੇ ਹਿਸਾਬ ਨਾਲ ਸਰਕਾਰ ਰਿਗਜ਼ ਮੁਹੱਈਆ ਕਰੇ। ਸਰਕਾਰ ਨੇ ਅੰਬਾਲਾ ਜ਼ਿਲਾ ਅਤੇ ਕਰਨਾਲ ਜ਼ਿਲਾ ਲਈ ਇਕ ਰਿਗ ਸਪਲਾਈ ਕੀਤਾ ਹੈ। ਉਥੋਂ ਦੇ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਟਿਊਬਵੈਲਜ਼ ਲਾਉਣ ਦੇ ਉਤਸਕ ਹਨ ਲੇਕਿਨ ਲੋਕਾਂ ਨੂੰ ਉਸ ਰਿਗ ਦੀਆਂ ਸਹੂਲਤਾਂ ਨਹੀਂ ਮਿਲ ਰਹੀਆਂ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਸਰਕਾਰ ਇਸ ਬਾਰੇ ਛੇਤੀ ਪ੍ਰਬੰਧ ਕਰੇ ਤਾਂ ਕਿ ਲੋਕਾਂ ਦੀ ਔਕੜ ਦੂਰ ਹੋ ਸਕੇ।

ਡਿਪਟੀ ਸਪੀਕਰ ਸਾਹਿਬਾ, ਤੁਸੀਂ ਵੀ ਇਸ ਜ਼ਿਲੇ ਵਿਚੋਂ ਹੀ ਪ੍ਰਤੀਨਿਧੀ ਬਣ ਕੇ ਆਏ ਹੋ। ਆਪ ਜੀ ਨੂੰ ਪਤਾ ਹੈ ਕਿ ਸਾਡੇ ਜ਼ਿਲ੍ਹੇ ਦੇ ਨਾਲ ਧਕਾ ਸ਼ਾਹੀ ਹੋ ਰਹੀ ਹੈ। ਮੈਂ ਇਰੀਗੇਸ਼ਨ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਾਡੇ ਜ਼ਿਲ੍ਹੇ ਵਿਚ 11 ਲੱਖ ਏਕੜ ਜ਼ਮੀਨ ਜ਼ੇਰੇ ਕਾਸ਼ਤ ਹੈ। ਇਸ ਵਿਚੋਂ ਸਿਰਫ ਇਕ ਲਖ ਏਕੜ ਜ਼ਮੀਨ ਇਰੀਗੇਟਿਡ ਹੈ ਅਤੇ 10 ਲਖ ਏਕੜ ਜ਼ਮੀਨ ਅਨਇਰੀਗੇਟਿਡ ਜ਼ਮੀਨ ਹੈ। ਪੰਜਾਬ ਸਰਕਾਰ ਨੇ ਇਸ ਇਲਾਕੇ ਲਈ 3 ਸਕੀਮਾਂ ਤਿਆਰ ਕੀਤੀਆਂ ਸਨ। ਇਨ੍ਹਾਂ ਸਕੀਮਾਂ ਦੇ ਮੁਤਾਬਿਕ 64 ਹਜ਼ਾਰ ਏਕੜ ਜ਼ਮੀਨ ਇਰੀਗੇਸ਼ਨ ਦੇ ਅਧੀਨ ਆ ਜਾਣੀ ਸੀ ਲੇਕਿਨ ਸਰਕਾਰ ਪੈਸੇ ਦੀ ਕਮੀ ਦੇ ਕਾਰਨ ਇਨ੍ਹਾਂ ਸਕੀਮਾਂ ਨੂੰ ਅਮਲ ਵਿਚ ਨਹੀਂ ਲਿਆ ਸਕੀ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਸਕੀਮਾਂ ਨੂੰ ਲਾਗੂ ਕਰਨ ਲਈ ਫੰਡਜ਼ ਪ੍ਰੋਵਾਈਡ ਕਰੇ। ਇਸ ਤੋਂ ਅਲਾਵਾ ਨਹਿਰ ਜਮਨ ਗਰਬੀ, ਭਾਖੜਾ ਨਹਿਰ ਅਤੇ ਸਰਹਿੰਦ ਨਹਿਰ ਦਾ ਸਰਵੇ ਕੀਤਾ ਜਾਵੇ ਤਾਕਿ ਲੋਕਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਖੇਤੀ ਲਈ ਪਾਣੀ ਦਿਤਾ ਜਾ ਸਕੇ। ਮੈਂ ਅਰਜ਼ ਕਰ ਰਿਹਾ ਸੀ ਕਿ ਸਰਕਾਰ ਨੇ 3 ਸਕੀਮਾਂ ਤਿਆਰ ਕੀਤੀਆਂ ਸਨ। ਇਨ੍ਹਾਂ ਸਕੀਮਾਂ ਦੇ ਜ਼ਰੀਏ ਰੋਪੜ ਤੋਂ ਚੰਡੀਗੜ੍ਹ, ਖਰੜ ਤੋਂ ਬਨੂੜ ਅਤੇ ਅੰਬਾਲੇ ਤੋਂ ਮੁਲਾਣੇ ਤਕ ਫਾਇਦਾ ਹੋਣਾ ਸੀ। ਇਨ੍ਹਾਂ ਸਕੀਮਾਂ ਨੂੰ ਅਮਲ ਵਿਚ ਲਿਆਂਦਾ ਜਾਵੇ ਤਾਂਕਿ ਖੇਤੀ ਦੀ ਉਪਜ ਵਧ ਸਕੇ। (ਘੰਟੀ)

ਡਿਪਟੀ ਸਪੀਕਰ ਸਾਹਿਬਾ, ਮੈਂ ਫਰਟੇਲਾਈਜ਼ਰ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਸਰਕਾਰ ਖੇਤੀ ਦੀ ਉਪਜ ਵਧਾਉਣ ਦਾ ਨਾਅਰਾ ਬੜੇ ਜ਼ੋਰ ਦੇ ਨਾਲ ਲਾਉਂਦੀ ਹੈ ਲੇਕਿਨ ਕਿਸਾਨਾਂ ਨੂੰ ਫਰਟੇ-ਲਾਈਜ਼ਰ ਅਮੋਨੀਅਮ ਸਲਫੇਟ ਖਾਦ ਜਿਹੜਾ ਪਹਿਲਾਂ 20 ਰੁਪਏ ਪ੍ਰਤੀ ਥੈਲੀ ਮਿਲਦਾ ਸੀ 22 ਰੁ: ਪ੍ਰਤੀ ਥੈਲੀ ਦੇ ਰਹੀ ਹੈ। ਇਸੇ ਤਰ੍ਹਾਂ ਜਿਹੜਾ ਦੇਸੀ ਖਾਦ 17 ਰੁਪਏ ਪ੍ਰਤੀ ਬੈਗ ਮਿਲਦਾ ਸੀ ਹੁਣ ਉਹ $18\frac{1}{2}$ ਰੁਪਏ

[ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ]

ਪ੍ਰਤੀ ਬੈਗ ਮਿਲ ਰਿਹਾ ਹੈ। ਅਗਰ ਇਸੇ ਤਰ੍ਹਾਂ ਕੀਮਤਾਂ ਵਿਚ ਇਜ਼ਾਫਾ ਹੁੰਦਾ ਗਿਆ ਤਾਂ ਖੇਤੀ ਦੀ ਉਪਜ ਵਿਚ ਵਾਧਾ ਨਹੀਂ ਹੋ ਸਕੇਗਾ। ਸਾਡੀ ਸਰਕਾਰ ਨੰਗਲ ਫਰਟੇਲਾਈਜ਼ਰ ਫੈਕਟਰੀ ਨੂੰ 1.50 ਪੈਸੇ ਪਰ ਯੂਨਿਟ ਬਿਜਲੀ ਦੇ ਰਹੀ ਹੈ ਜਦੋਂ ਕਿ ਸਾਡੀ ਕਾਸਟ 2.25 ਪੈਸੇ ਪਰ ਯੂਨਿਟ ਹੈ। ਇਸ ਤਰ੍ਹਾਂ ਅਸੀਂ ਉਨ੍ਹਾਂ ਨੂੰ ਬਿਜਲੀ 0.75 ਪੈਸੇ ਪਰ ਯੂਨਿਟ ਘਾਟਾ ਪਾ ਕੇ ਦੇ ਰਹੇ ਹਾਂ। ਇਸ ਲਈ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ either you take the Nangal Fertilizers Factory as State Undertaking and supply the fertilizers at "no profit no loss" basis, or you stop supply of cheap electricity to that Factory and earn dividends, or get subsidy worth one crore of rupees from the Central Government and supply fertilizers at cheap rate to the people

ਡਿਪਟੀ ਸਪੀਕਰ ਸਾਹਿਬਾ, ਅੰਤ ਵਿਚ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਵੇਲੇ ਪੰਜਾਬ ਵਿਚ ਇਕ ਬਹੁਤ ਵਡਾ ਕੰਟਰੋਵਰਸ਼ਲ ਮਾਮਲਾ ਚਲ ਰਿਹਾ ਹੈ ਲੇਕਿਨ ਗਵਰਨਰ ਸਾਹਿਬ ਦੇ ਭਾਸ਼ਨ ਵਿਚ ਉਸ ਬਾਰੇ ਕੋਈ ਜ਼ਿਕਰ ਨਹੀਂ ਹੈ ਪੰਜਾਬ ਵਿਚ ਹਰਿਆਣਾ ਪ੍ਰਾਂਤ, ਪੰਜਾਬੀ ਸੂਬੇ ਦਾ ਬਹੁਤ ਵਡਾ ਸਵਾਲ ਬਣਿਆ ਹੋਇਆ ਹੈ। ਪੰਜਾਬ ਦੇ ਅੰਦਰ ਇਸ ਦੀ ਬਹੁਤ ਚਰਚਾ ਹੈ। ਕੇਂਦਰੀ ਸਰਕਾਰ ਨੇ ਪਹਿਲਾਂ ਡਾਰ ਕਮਿਸ਼ਨ 1948 ਵਿਚ ਮੁਕੱਰਰ ਕੀਤਾ ਸੀ। ਸਾਡੇ ਨਾਲ ਪਹਿਲਾਂ ਹੀ ਡਿਸਕ੍ਰਿਮੀਨੇਸ਼ਨ ਹੋ ਰਹੀ ਹੈ। ਉਸ ਵੇਲੇ ਪੰਜਾਬ ਹਿੰਦੋਸਤਾਨ ਦੀ ਰੀ ਆਰਗੇਨਾਈਜੇਸ਼ਨ ਦੀ ਪਰਵਿਊ ਤੋਂ ਨਿਕਾਲ ਦਿਤਾ ਸੀ। 1953 ਵਿਚ States Reorganization Commission ਬਣਾਇਆ ਗਿਆ। ਉਸ ਕਮੀਸ਼ਨ ਨੇ ਪੰਜਾਬ ਦਾ ਜਿਹੜਾ ਫੈਸਲਾ ਕੀਤਾ, ਉਹ ਪੰਜਾਬ ਦੇ ਲੋਕਾਂ ਲਈ ਤਸੱਲੀ ਬਖਸ਼ ਨਹੀਂ ਸੀ। ਪੰਜਾਬ ਦੇ ਲੋਕਾਂ ਦੀ ਤਸਲੀ ਲਈ ਰਿਜਨਲ ਫਾਰਮੂਲਾ ਬਣਾਇਆ ਗਿਆ। ਇਹ ਫੈਸਲਾ ਕਈ ਮੋਰਚੇ ਲਗਣ ਦੇ ਬਾਅਦ ਹੋਇਆ ਸੀ ਲੇਕਿਨ ਇਸ ਫਾਰਮੂਲੇ ਨੂੰ ਸਰਕਾਰ ਨੇ ਨੇਕ ਨੀਅਤੀ ਦੇ ਨਾਲ ਲਾਗੂ ਨਹੀਂ ਕੀਤਾ। ਇਨ੍ਹਾਂ ਕਮੇਟੀਆਂ ਦਾ ਦਰਜਾ ਅਸੈਂਬਲੀ ਦੀਆਂ ਦੂਜੀਆਂ ਕਮੇਟੀਆਂ ਦੇ ਬਰਾਬਰ ਹੀ ਰਖਿਆ। ਇਸ ਦੇ ਕਾਰਨ ਹੀ ਲੋਕਾਂ ਨੂੰ ਤਸੱਲੀ ਨਹੀਂ ਹੋਈ। ਹੁਣ ਇਹ ਕਲੋਜ਼ਡ ਇਸ਼ੂ ਦੋਬਾਰਾ ਉਪਨ ਹੋ ਗਿਆ। ਇਸ ਲਈ ਸੈਂਟਰਲ ਸਰਕਾਰ ਨੇ ਇਕ ਪਾਰਲਿਆਮੈਂਟਰੀ ਕੰਸਲਟੇਟਿਵ ਕਮੇਟੀ ਬਣਾਈ ਜਿਹੜੀ ਇਸ ਮਸਲੇ ਉਤੇ ਗੌਰ ਕਰ ਰਹੀ ਹੈ। ਪੰਜਾਬ ਵਿਚ ਇਸ ਇਸ਼ੂ ਤੇ ਇੰਨੀ ਚਰਚਾ ਹੋ ਰਹੀ ਹੈ ਲੇਕਿਨ ਗਵਰਨਰ ਦੇ ਅਡਰੈਸ ਵਿਚ ਕੋਈ ਜ਼ਿਕਰ ਨਹੀਂ ਹੈ। ਇਸ ਤੋਂ ਅਲਾਵਾ ਕੈਬਨਿਟ ਵਿਚ ਵੀ ਕਈ ਵਾਰ ਡਿਸਕਸ਼ਨ ਹੋਈ ਲੇਕਿਨ ਗਵਰਨਰ ਸਾਹਿਬ ਦੇ ਐਡਰੈਸ ਵਿਚ ਇਸ ਦਾ ਕੋਈ ਜ਼ਿਕਰ ਨਹੀਂ ਆਇਆ। ਦਿਲੀ ਵਿਚ ਕੋਸ਼ਿਸ਼ਾਂ ਹੋ ਰਹੀਆਂ ਹਨ ਉਥੇ ਹਰਿਆਣਾ ਪ੍ਰਾਂਤ ਅਤੇ ਪੰਜਾਬੀ ਸੂਬੇ ਲਈ ਗਲਾਂ ਹੋ ਰਹੀਆਂ ਹਨ। ਆਪਣੇ ਫਾਇਦੇ ਲਈ ਤੋੜ ਮਰੋੜ ਕੀਤੀ ਜਾ ਰਹੀ ਹੈ। ਕੋਸ਼ਿਸ਼ ਹੋ ਰਹੀ ਹੈ ਇਸ ਇਸ਼ੂ ਨੂੰ ਦੋਬਾਰਾ ਕਲੋਜ਼ ਕੀਤਾ ਜਾ ਸਕੇ। ਇਸ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ nothing short of Punjabi Suba will be acceptable to the people of Punjab and, if the Government of India does not concede it, the people will not accept that verdict.

ਮੈਂ ਸਾਫ ਅਤੇ ਸਪਸ਼ਟ ਸ਼ਬਦਾਂ ਵਿਚ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਇਸ਼ੂ ਤੇ ਸੰਜੀਦਗੀ ਦੇ ਨਾਲ ਗੌਰ ਕਰਨਾ ਚਾਹੀਦਾ ਹੈ। ਇਸ ਇਸ਼ੂ ਉਤੇ ਇਕਠਾ ਸੰਤ ਫਤਿਹ ਸਿੰਘ ਅਗਨੀ ਦੀ ਭੇਟ ਨਹੀਂ ਹੋਵੇਗਾ ਬਲਕਿ ਉਸੇ ਤਰ੍ਹਾਂ ਦੇ ਸੈਂਕੜੇ ਫਤਿਹ ਸਿੰਘ ਹੋਰ ਕੁਰਬਾਨ ਹੋ ਜਾਣਗੇ। (ਘੰਟੀ) ਪੰਜਾਬੀਆਂ ਦੇ ਨਾਲ ਜਿਹੜੀ ਡਿਸਕ੍ਰਿਮੀਨੇਸ਼ਨ ਹੋ ਰਹੀ ਹੈ ਉਸ ਨੂੰ ਦੂਰ ਕੀਤਾ ਜਾਵੇ। ਪੰਜਾਬ ਦਾ ਜਿਹੜਾ ਮਸਲਾ ਹੈ ਉਹ ਡੈਮੋਕਰੇਟਿਕ ਢੰਗਾਂ ਦੇ ਰਾਹੀਂ ਸੁਲਝਾਇਆ ਜਾਵੇ (ਘੰਟੀ) ਇਨ੍ਹਾਂ ਲਫਜ਼ਾਂ ਨਾਲ

ਮੈਂ ਆਸ ਕਰਦਾ ਹਾਂ ਕਿ ਸਰਕਾਰ ਇਸ ਮਸਲੇ ਨੂੰ ਠੀਕ ਢੰਗ ਦੇ ਨਾਲ ਹਲ ਕਰਨ ਦੀ ਕੋਸ਼ਿਸ਼ ਕਰੇਗੀ (ਘੰਟੀ) ਇਨ੍ਹਾਂ ਸ਼ਬਦਾਂ ਦੇ ਨਾਲ ਆਪ ਦਾ ਸ਼ੁਕਰੀਆ ਅਦਾ ਕਰਕੇ ਆਪਣੀ ਸੀਟ ਸੰਭਾਲਦਾ ਹਾਂ।

**ਭਗਤ ਗੁਰਾਂ ਦਾਸ ਹੰਸ** (ਮੁਕੇਰੀਆਂ, ਐਸ. ਸੀ.) : ਡਿਪਟੀ ਸਪੀਕਰ ਸਾਹਿਬਾ, ਮੈਂ ਗਵਰਨਰ ਸਾਹਿਬ ਦਾ ਭਾਸ਼ਨ ਬੜੇ ਗੌਰ ਦੇ ਨਾਲ ਪੜ੍ਹਿਆ ਹੈ। ਉਸ ਵਿਚ ਪੰਜਾਬ ਦੇ ਲੋਕਾਂ ਦੀ ਹਿਮਤ ਦੀ ਜੋ ਸ਼ਲਾਘਾ ਕੀਤੀ ਹੈ ਉਹ ਬਿਲਕੁਲ ਵਾਜਿਬ ਹੈ। ਮੈਂ ਇਸ ਭਾਸ਼ਨ ਦਾ ਸਮਰਥਨ ਕਰਨ ਲਈ ਖੜਾ ਹੋਇਆ ਹਾਂ। ਡਿਪਟੀ ਸਪੀਕਰ ਸਾਹਿਬਾ, ਆਪ ਜੀ ਨੂੰ ਪਤਾ ਹੈ ਕਿ ਪਾਕਿਸਤਾਨ ਨੇ ਸਾਡੇ ਉਤੇ ਕਿਵੇਂ ਜੰਗ ਮੜ੍ਹੀ ਸੀ। ਪੰਜਾਬ ਦੇ ਲੋਕਾਂ ਨੇ, ਭਾਵੇਂ ਕੋਈ ਅਮੀਰ ਸੀ ਜਾਂ ਗਰੀਬ ਸੀ ਅਤੇ ਭਾਵੇਂ ਆਦਮੀ ਸੀ ਜਾਂ ਔਰਤ ਸੀ, ਬਚਾ ਸੀ, ਜਾਂ ਬੁਢਾ ਸੀ, ਸਾਰਿਆਂ ਨੇ ਸਰਕਾਰ ਦੇ ਨਾਲ ਕੰਧੇ ਨਾਲ ਕੰਧਾ ਮਿਲਾ ਕੇ ਮਦਦ ਕੀਤੀ। ਸਾਡੇ ਫੌਜੀ ਅਤੇ ਸਿਵਲੀਅਨ ਵੀਰਾਂ ਨੇ ਲੜਾਈ ਦੇ ਮੌਕੇ ਇਕਠੇ ਹੋ ਕੇ ਹੌਸਲੇ ਦੇ ਨਾਲ ਦੁਸ਼ਮਨ ਦਾ ਮੁਕਾਬਲਾ ਕਰਕੇ ਦੇਸ਼ ਦੀ ਸ਼ਾਨ ਵਧਾਈ ਹੈ। ਇਸ ਲੜਾਈ ਵਿਚ ਜਿਹੜੇ ਸ਼ਹੀਦ ਹੋ ਗਏ ਹਨ ਉਨ੍ਹਾਂ ਲਈ ਮੈਂ ਆਪਣੀ ਸ਼ਰਧਾਂਜਲੀ ਭੇਟ ਕਰਦਾ ਹਾਂ ਕਿਉਂਕਿ ਉਨ੍ਹਾਂ ਨੇ ਦੇਸ਼ ਲਈ ਆਪਣੀਆਂ ਜ਼ਿੰਦਗੀਆਂ ਦਾ ਖਿਆਲ ਨਹੀਂ ਕੀਤਾ ਸਗੋਂ ਆਪਾ ਵਾਰ ਕੇ ਦੇਸ਼ ਦੀ ਸ਼ਾਨ ਵਧਾਈ ਹੈ।

ਰਾਜਪਾਲ ਦੇ ਐਡਰੈਸ ਵਿਚ ਅਨਾਜ ਦੀ ਉਪਜ ਵਧਾਉਣ ਦੇ ਬਾਰੇ ਜ਼ਿਕਰ ਕੀਤਾ ਹੈ। ਮੈਂ ਸਰਕਾਰ ਦੇ ਮਨਸ਼ੇ ਉਤੇ ਕੋਈ ਸ਼ਕ ਨਹੀਂ ਕਰਦਾ ਲੇਕਿਨ ਸਰਕਾਰ ਅਨਾਜ ਦੀ ਪੈਦਾਵਾਰ ਵਧਾਉਣ ਦੀ ਜਿੰਨੀ ਕੋਸ਼ਿਸ਼ ਕਰਦੀ ਹੈ ਉਨੀ ਹੀ ਅਨਾਜ ਦੀ ਪੈਦਾਵਾਰ ਘਟਦੀ ਜਾ ਰਹੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਵੇਲੇ ਪੰਜਾਬ ਦੇ ਅੰਦਰ ਬਹੁਤ ਸਾਰੀ ਜ਼ਮੀਨ ਜ਼ੇਰੇ ਕਾਸ਼ਤ ਨਹੀਂ ਹੈ। ਉਹ ਜ਼ਮੀਨਾਂ ਬੇਕਾਰ ਪਈਆਂ ਹਨ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਬੇਕਾਰ ਜ਼ਮੀਨ ਨੂੰ ਜ਼ੇਰ ਕਾਸ਼ਤ ਲਉ। ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਸਾਡੀ ਸਰਕਾਰ ਗਰੀਬ ਹਰੀਜਨਾਂ ਨੂੰ ਵਸਾਉਣ ਲਈ ਜ਼ਮੀਨ ਪ੍ਰੋਵਾਈਡ ਕਰਦੀ ਹੈ। ਮੈਂ ਸਰਕਾਰ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਗਰੀਬ ਹਰੀਜਨਾਂ ਨੂੰ ਹੋਰ ਜ਼ਮੀਨ ਦਿਤੀ ਜਾਵੇ ਤਾਕਿ ਅਨਾਜ ਦੀ ਪੈਦਾਵਾਰ ਵਿਚ ਇਜ਼ਾਫਾ ਕਰ ਸਕਣ। ਇਸ ਵੇਲੇ ਜਿੰਨੀ ਜ਼ਮੀਨ ਹਰੀਜਨਾਂ ਨੂੰ ਦਿਤੀ ਗਈ ਹੈ ਉਸ ਦੇ ਨਾਲ ਹਰੀਜਨਾਂ ਦਾ ਕੋਈ ਖਾਸ ਫਾਇਦਾ ਨਹੀਂ ਹਇਆ। ਜਿਹੜੀ ਜ਼ਮੀਨ ਹਰੀਜਨਾਂ, ਦੂਸਰੇ

6.00 p.m.

ਮੁਜ਼ਾਰਿਆਂ ਜਾਂ ਫੌਜੀ ਭਾਈਆਂ ਜਾਂ ਬੈਕਵਰਡ ਲੋਕਾਂ ਨੂੰ ਦਿਤੀ ਜਾਂਦੀ ਹੈ, ਉਹ ਕਾਬਲੇ ਕਾਸ਼ਤ ਨਹੀਂ ਹੁੰਦੀ। ਬਜਰ ਜ਼ਮੀਨ ਹਰੀਜਨ ਜਾਂ ਦੂਸਰੇ ਗਰੀਬ ਲੋਕੀਂ ਇਸ ਲਈ ਲੈ ਲੈਂਦੇ ਹਨ ਕਿਉਂ ਜੋ ਉਨ੍ਹਾਂ ਨੂੰ ਚਾਅ ਹੁੰਦਾ ਹੈ ਕਿ ਲੋਕ ਉਨ੍ਹਾਂ ਨੂੰ ਕਹਿਣਗੇ ਕਿ ਉਹ ਵੀ ਦੋ ਚਾਰ ਏਕੜਾਂ ਦੇ ਮਾਲਕ ਹਨ। ਇਸ ਲਈ ਨਹੀਂ ਲੈਂਦੇ ਕਿ ਉਹ ਉਸ ਨੂੰ ਕਾਸ਼ਤ ਕਰਨਗੇ। ਜੇਕਰ ਸਰਕਾਰ ਗਰੀਬ ਲੋਕਾਂ ਦੇ ਜੀਵਨ ਨੂੰ ਉਚਾ ਕਰਨਾ ਚਾਹੁੰਦੀ ਹੈ, ਜੇਕਰ ਸੂਬੇ ਨੂੰ ਖੁਸ਼ਹਾਲ ਬਣਾਉਣਾ ਚਾਹੁੰਦੀ ਹੈ, ਤਾਂ ਮੈਂ ਇਹ ਸਜੈਸਟ ਕਰਾਂਗਾ ਕਿ ਜਿਹੜੀ ਜ਼ਮੀਨ ਲੋਕਾਂ ਨੂੰ ਦਿਤੀ ਜਾਂਦੀ ਹੈ ਉਸ ਨੂੰ ਕਾਬਲੇ ਕਾਸ਼ਤ ਬਣਾਇਆ ਜਾਵੇ, 10, 10 ਜਾਂ 12, 12 ਏਕੜਾਂ ਦੇ ਟੁਕੜੇ ਬਣਾਏ ਜਾਣ ਅਤੇ ਹਰ ਇਕ ਟੁਕੜੇ ਵਿਚ ਟਿਊਬਵੈਲ ਲਗਾਇਆ ਜਾਵੇ, ਜਿਹੜਾ ਉਸ ਉਪਰ ਖਰਚ ਆਵੇ ਉਹ ਜਿਸ ਆਦਮੀ ਨੂੰ ਜ਼ਮੀਨ ਦਿਤੀ ਜਾਵੇ ਉਸ ਉਪਰ interest free ਖਰਚ ਪਾ ਦਿਤਾ ਜਾਵੇ ਅਤੇ ਉਸ ਨੂੰ ਕਿਹਾ ਜਾਵੇ ਕਿ ਉਹ ਕਰਜ਼ੇ ਦੇ ਤੌਰ ਤੇ ਕਿਸ਼ਤਾਂ ਵਿਚ ਅਦਾ ਕਰ ਦੇਵੇ। ਇਸ ਨਾਲ ਅਨ ਦਾ ਮਸਲਾ ਵੀ ਹਲ ਹੋ ਸਕਦਾ ਹੈ ਅਤੇ ਜਿਹੜਾ ਆਦਮੀ ਉਸ ਜ਼ਮੀਨ ਨੂੰ ਕਾਸ਼ਤ ਕਰੇਗਾ ਉਸ ਦਾ ਜੀਵਨ ਵੀ ਉਚਾ ਹੋ ਸਕਦਾ ਹੈ। ਇਸ ਨਾਲ ਸੂਬੇ ਨੂੰ ਫਾਇਦਾ ਹੋਵੇਗਾ। ਪਰ ਇਸ ਪਾਸੇ ਧਿਆਨ ਨਹੀਂ ਦਿਤਾ ਜਾ ਰਿਹਾ।

ਸਾਡੀ ਸਰਕਾਰ ਦਾ ਵੈਲਫੇਅਰ ਡੀਪਾਰਟਮੈਂਟ $2\frac{1}{2}$ ਹਜ਼ਾਰ ਰੁਪਿਆ ਹਰੀਜਨਾਂ ਨੂੰ ਜ਼ਮੀਨ ਖਰੀਦਣ ਲਈ ਦਿੰਦਾ ਹੈ। 2 ਹਜ਼ਾਰ ਰੁਪਿਆ ਸਰਕਾਰ ਮਾਰਟਗੇਜ ਬੈਂਕ ਕੋਲੋਂ ਲੈ ਕੇ ਦਿੰਦੀ ਸੀ। ਲੇਕਿਨ

[ਭਗਤ ਗੁਰਾਂ ਦਾਸ ਹੰਸ]
ਹੁਣ ਮਾਰਟਗੇਜ ਬੈਂਕ ਰੁਪਿਆ ਨਹੀਂ ਦਿੰਦਾ। ਹੁਣ ਇਹ ਕਹਿੰਦੇ ਹਨ ਕਿ 2 ਹਜ਼ਾਰ ਰੁਪਿਆ ਵਿਖਾ ਦਿਉ ਚਾਹੇ ਬੈਂਕ ਬੈਲੈਂਸ ਹੋਵੇ ਚਾਹੇ ਕੈਸ਼ ਵਿਖਾ ਦਿਉ ਤਾਂ ਫਿਰ 2,500 ਰੁਪਿਆ ਅਸੀਂ ਆਪਣੇ ਕੋਲੋਂ ਦੇ ਦੇਵਾਂਗੇ। ਤੁਸੀਂ ਆਪ ਸੋਚ ਕਿ ਜੇਕਰ ਉਨ੍ਹਾਂ ਗਰੀਬਾਂ ਕੋਲ 2,000 ਰੁਪਿਆ ਹੋਵੇ ਤਾਂ ਕੀ ਉਹ ਆਪ ਜ਼ਮੀਨ ਨਹੀਂ ਖਰੀਦ ਸਕਦੇ ? ਉਨ੍ਹਾਂ ਨੂੰ ਆਸਾਨੀ ਨਾਲ ਰੁਪਿਆ ਮਿਲਣਾ ਚਾਹੀਦਾ ਹੈ ਅਤੇ ਜਿੰਨੀ ਵੀ ਜ਼ਮੀਨ ਦਿਤੀ ਜਾਵੇ ਉਹ ਕਾਬਲੇ ਕਾਸ਼ਤ ਦਿਤੀ ਜਾਣੀ ਚਾਹੀਦੀ ਹੈ। ਜਿਹੜੀ ਜ਼ਮੀਨ ਬਿਰਲਾ ਬਰਾਦਰਜ਼ ਨੂੰ ਦਿਤੀ ਗਈ ਹੈ ਉਸ ਨੂੰ ਵੀ ਕਾਬਲੇ ਕਾਸ਼ਤ ਬਣਾਇਆ ਗਿਆ ਹੈ। ਜਿਹੜੀ ਜ਼ਮੀਨ ਬੰਜਰ ਪਈ ਹੋਈ ਹੈ ਇਸ ਨੂੰ ਕਾਬਲੇ ਕਾਸ਼ਤ ਬਣਾਕੇ ਹਰੀਜਨਾਂ ਨੂੰ ਦੇਣੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਨੂੰ ਜ਼ਮੀਨ ਦੇਣ ਦਾ ਫਾਇਦਾ ਹੋਵੇ ਅਤੇ ਸੂਬੇ ਵਿਚ ਅੰਨ ਦੀ ਪੈਦਾਵਾਰ ਵੀ ਵਧੇ। ਪਰਸੋਂ ਰੇਡੀਉ ਵਿਚ ਖਬਰ ਆਈ ਸੀ ਕਿ ਬਰਤਾਨੀਆਂ ਦੀ ਪਾਰਲੀਆਮੈਂਟ ਨੇ ਕਿਹਾ ਹੈ ਕਿ ਅਸੀਂ ਹਿੰਦੁਸਤਾਨ ਦੇ ਅਨਾਜ ਦੇ ਮਸਲੇ ਨੂੰ ਹਲ ਕਰਨ ਲਈ ਬੜੀ ਹਮਦਰਦੀ ਨਾਲ ਸੋਚ ਰਹੇ ਹਾਂ। ਇਹ ਗਲ ਹਿੰਦੁਸਤਾਨ ਲਈ ਅਤੇ ਖਾਸ ਕਰ ਪੰਜਾਬ ਦੇ ਮਿਹਨਤੀ ਅਤੇ ਬਹਾਦੁਰ ਲੋਕਾਂ ਲਈ ਬੜੇ ਅਫਸੋਸ ਦੀ ਗਲ ਹੈ ਕਿ ਬਾਹਰਲੇ ਦੇਸ਼ ਇਹ ਗਲ ਕਹਿਣ ਕਿ ਇਨ੍ਹਾਂ ਦਾ ਖੁਰਾਕ ਦਾ ਮਸਲਾ ਹੱਲ ਕਰਨ ਲਈ ਸਾਨੂੰ ਬੜੀ ਹਮਦਰਦੀ ਹੈ।

**ਡਿਪਟੀ ਸਪੀਕਰ** : ਕੀ ਕੋਈ ਮਨਿਸਟਰ ਇਸ ਵੇਲੇ ਹਾਉਸ ਵਿਚ ਪ੍ਰੋਸੀਡਿੰਗਜ਼ ਦੇ ਨੋਟ ਲੈ ਰਿਹਾ ਹੈ ? ਹਰੀਜਨਾਂ ਦਾ ਮਸਲਾ ਹੈ, ਉਹ ਗਲਾਂ ਦਸ ਰਹੇ ਹਨ, ਇਨ੍ਹਾਂ ਗਲਾਂ ਦਾ ਜਵਾਬ ਗੌਰਮਿੰਟ ਨੇ ਦੇਣਾ ਹੈ। ਆਖਰ ਉਨ੍ਹਾਂ ਦਾ ਮਸਲਾ ਹਲ ਵੀ ਕਰਨਾ ਹੈ। (May I know if any Minister is taking notes of the proceedings about the Harijan Problem ? The Harijan members are giving vent to their difficulties and the Government has to reply to these points. After all we have to solve their problem.)

**ਚੀਫ ਪਾਰਲੀਆਮੈਂਟਰੀ ਸੈਕਟਰੀ** : ਉਨ੍ਹਾਂ ਦੀ ਹਰ ਗਲ ਦਾ ਨੋਟ ਬਾਕਾਇਦਾ ਲਿਆ ਜਾ ਰਿਹਾ ਹੈ।

**ਭਗਤ ਗੁਰਾਂ ਦਾਸ ਹੰਸ** : ਡਿਪਟੀ ਸਪੀਕਰ ਸਾਹਿਬਾ, ਮੈਂ ਦੋਬਾਰਾ ਇਹ ਗਲ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਵੀ ਜ਼ਮੀਨ ਹਰੀਜਨਾਂ ਨੂੰ ਜਾਂ ਦੂਸਰੇ ਮੁਜ਼ਾਰਿਆਂ ਨੂੰ ਦਿਤੀ ਜਾਵੇ ਉਹ ਕਾਬਲੇ ਕਾਸ਼ਤ ਬਣਾ ਕੇ ਦਿਤੀ ਜਾਵੇ। ਜੇਕਰ ਕਿਸਾਨਾਂ ਦਾ ਜੀਵਨ ਉੱਚਾ ਕਰਨਾ ਚਾਹੁੰਦੇ ਹੋ। ਦੇਸ਼ ਵਿਚ ਅੰਨ ਜ਼ਿਆਦਾ ਪੈਦਾ ਕਰਨਾ ਚਾਹੁੰਦੇ ਹੋ ਤਾਂ ਪਿੰਡਾਂ ਵਿਚ ਖਾਦ ਦੇ ਡੀਪੋ ਖੋਲੋ। ਉਨ੍ਹਾਂ ਨੂੰ ਖਾਦ ਨਹੀਂ ਮਿਲਦੀ। ਖੇਤੀ ਕਰਨ ਵਾਲੇ ਔਜ਼ਾਰ ਉਨ੍ਹਾਂ ਨੂੰ ਉਥੇ ਖੇਤਾਂ ਵਿਚ ਮਿਲਣੇ ਚਾਹੀਦੇ ਹਨ। ਉਨ੍ਹਾਂ ਨੂੰ ਔਜ਼ਾਰ ਤੇ ਖਾਦ ਲੈਣ ਵਾਸਤੇ ਸ਼ਹਿਰਾਂ ਵਿਚ ਖਰਾਬ ਹੋਣਾ ਪੈਂਦਾ ਹੈ। ਜਦੋਂ ਪਾਕਿਸਤਾਨ ਤੇ ਹਿੰਦੁਸਤਾਨ ਵਿਚ ਲੜਾਈ ਹੋਈ ਤਾਂ ਅਸਾਂ ਕਿਸਾਨਾਂ ਨੂੰ ਕਿਹਾ ਸੀ ਕਿ 11,000 ਟਿਊਬਵੈਲ ਲਗਾ ਕੇ ਦੇਵਾਂਗੇ। ਕਿਸਾਨਾਂ ਨੇ ਵੀ ਦੇਸ਼ ਦੀ ਸੇਵਾ ਕਰਨੀ ਸੀ। ਉਹ ਵੀ ਇਕ ਤਰ੍ਹਾਂ ਦੇ ਫੌਜੀ ਹਨ, ਅਸੀਂ ਵੀ ਇਕ ਤਰ੍ਹਾਂ ਦੇ ਫੌਜੀ ਹਾਂ, ਅਸਾਂ ਵੀ ਦੇਸ਼ ਸੇਵਾ ਫੌਜੀਆਂ ਦੀ ਤਰ੍ਹਾਂ ਵਾਰ ਲੈਵਲ ਤੇ ਹੀ ਕਰਨੀ ਹੈ। ਜੇਕਰ ਫੌਜੀਆਂ ਕੋਲ ਹਥਿਆਰ ਨਾ ਹੋਣ, ਔਜ਼ਾਰ ਨਾ ਹੋਣ ਤਾਂ ਉਹ ਕਿਸ ਤਰ੍ਹਾਂ ਨਾਲ ਦੇਸ਼ ਦੀ ਹਿਫਾਜ਼ਤ ਕਰ ਸਕਦੇ ਹਨ। ਇਸੇ ਤਰ੍ਹਾਂ ਨਾਲ ਕਿਸਾਨਾਂ ਨੂੰ ਵੀ ਔਜ਼ਾਰ ਮਿਲਣ ਤਾਂ ਹੀ ਸਹੀ ਮਾਅਨਿਆਂ ਵਿਚ ਉਹ ਦੇਸ਼ ਦੀ ਸੇਵਾ ਕਰ ਸਕਦੇ ਹਨ। ਟਿਊਬਵੈਲ ਸਰਕਾਰੀ ਤੌਰ ਤੇ ਲਗਾਏ ਜਾਣੇ ਚਾਹੀਦੇ ਹਨ। ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਹੁਸ਼ਿਆਰਪੁਰ ਦੀ ਕੰਡੀ ਦੀ ਜ਼ਮੀਨ ਜਿਹੜੀ ਰੋਪੜ ਤੋਂ ਅਗੇ ਲਗਦੀ ਹੈ ਉਹ ਜਿਨ੍ਹਾਂ ਲੋਕਾਂ ਨੂੰ ਅਲਾਟ ਹੋਈ ਸੀ ਉਹ ਕਬਜ਼ਾ ਲੈਣ ਨਹੀਂ ਆਏ, ਉਹ ਵੈਸੇ ਹੀ ਪਈ ਹੋਈ ਹੈ, ਜ਼ੇਰੇ ਕਾਸ਼ਤ ਨਹੀਂ ਆਈ। ਰੋਪੜ ਤੋਂ ਅਗੇ ਚਲੇ ਜਾਈਏ ਤਾਂ ਜ਼ਮੀਨ ਅਜੇ ਤਕ ਬੰਜਰ ਪਈ ਹੋਈ ਹੈ। ਜੇਕਰ ਟਿਊਬ-

ਵੈਲ ਸਰਕਾਰੀ ਤੌਰ ਤੇ ਲਗਾ ਦਿਤੇ ਜਾਣ ਤਾਂ ਉਹ ਜ਼ਮੀਨ ਕਾਬਲੇ ਕਾਸ਼ਤ ਬਣਾਈ ਜਾ ਸਕਦੀ ਹੈ। ਡਿਪਟੀ ਸਪੀਕਰ ਸਾਹਿਬਾ, ਸਾਡੇ ਨਾਲ ਬਿਲਕੁਲ ਮੱਲਾਹ ਦੇ ਹੁੱਕੇ ਵਾਲੀ ਗਲ ਹੈ, ਜਿਸ ਤਰ੍ਹਾਂ ਕਹਿੰਦੇ ਹਨ ਕਿ ਮੱਲਾਹ ਦਾ ਹੁਕਾ ਸੁੱਕਾ ਰਹਿੰਦਾ ਹੈ ਉਸੇ ਤਰ੍ਹਾਂ ਨਾਲ ਬਿਜਲੀ ਪੈਦਾ ਤਾਂ ਸਾਡੇ ਹੁੰਦੀ ਹੈ ਪਰ ਸਾਨੂੰ ਬਿਜਲੀ ਨਹੀਂ ਮਿਲਦੀ। ਭਾਖੜਾ ਡੈਮ ਸਾਡੇ ਜ਼ਿਲੇ ਵਿਚ ਬਣਿਆ ਹੈ। ਬਿਜਲੀ ਦਿੱਲੀ ਨੂੰ ਦਿਤੀ ਜਾ ਰਹੀ ਹੈ। ਹਿਸਾਰ ਵਿਚ ਨਹਿਰ ਦਾ ਪਾਣੀ ਜਾਂਦਾ ਹੈ। ਉਹ ਵੀ ਸਾਡੇ ਸੂਬੇ ਦਾ ਹੀ ਇਕ ਜ਼ਿਲਾ ਹੈ, ਮੈਂ ਬੁਰਾ ਨਹੀਂ ਮਨਾਉਂਦਾ ਅਸਾਂ ਉਸ ਨੂੰ ਆਬਾਦ ਕਰਨਾ ਹੈ। ਪਰ ਸਾਡੇ ਜ਼ਿਲੇ ਵਿਚ ਵੀ ਤਾਂ ਸਿੰਜਾਈ ਦੀਆਂ ਸਹੂਲਤਾਂ ਪਹੁੰਚਣੀਆਂ ਚਾਹੀਦੀਆਂ ਹਨ। ਹੁਸ਼ਿਆਰਪੁਰ ਨੂੰ ਬਿਆਸ ਅਤੇ ਸਤਲੁਜ ਦੋਵੇਂ ਦਰਿਆ ਲਗਦੇ ਹਨ। ਜੇਕਰ ਮੁਕੇਰੀਆਂ ਦੇ ਆਸ ਪਾਸ ਲਿਫਟ ਇਰੀਗੇਸ਼ਨ ਦਾ ਪ੍ਰਬੰਧ ਕਰ ਦਿਤਾ ਜਾਵੇ ਤਾਂ ਹੁਸ਼ਿਆਰਪੁਰ ਦੇ ਇਲਾਕੇ ਨੂੰ ਫਾਇਦਾ ਪਹੁੰਚ ਸਕਦਾ ਹੈ। ਇਹ ਗਲ ਠੀਕ ਹੈ ਕਿ ਇਲਾਕਾ ਪਛੜਿਆ ਹੋਇਆ ਹੈ ਪਰ ਹਾਲਤ ਸੁਧਰ ਸਕਦੀ ਹੈ ਜੇਕਰ ਗੌਰਮਿੰਟ ਸਹੀ ਤੌਰ ਤੇ ਧਿਆਨ ਦੇਵੇ। ਇਸ ਤਰਫ ਧਿਆਨ ਦਿਤਾ ਜਾਣਾ ਚਾਹੀਦਾ ਹੈ।

ਸਾਡੀ ਸਰਕਾਰ ਸਰਕਾਰੀ ਮੁਲਾਜ਼ਮਾਂ ਦੀ ਤਨਖਾਹ ਵਧਾਉਣਾ ਚਾਹੁੰਦੀ ਹੈ, ਠੀਕ ਹੈ ਵਧਾਉਣੀ ਵੀ ਚਾਹੀਦੀ ਹੈ। ਪਰ ਅਸੀਂ ਇਹ ਗਲ ਨਹੀਂ ਸੋਚਦੇ ਕਿ ਕਾਂਗਰਸ ਨੇ ਇਹ ਕਿਹਾ ਸੀ ਕਿ ਜਦੋਂ ਕਾਂਗਰਸ ਦੀ ਸਰਕਾਰ ਹੋਵੇਗੀ ਤਾਂ ਕਿਸੇ ਮੁਲਾਜ਼ਮ ਦੀ ਤਨਖਾਹ 500 ਰੁਪਏ ਤੋਂ ਜ਼ਿਆਦਾ ਨਹੀਂ ਹੋਵੇਗੀ। ਹੁਣ ਸੈਕ੍ਰੇਟਰੀਆਂ ਦੀ ਅਤੇ ਕਮਿਸ਼ਨਰਾਂ ਦੀ ਤਨਖਾਹ 4, 4 ਹਜ਼ਾਰ ਰੁਪਿਆ ਹੈ। ਉਨ੍ਹਾਂ ਵਲ ਕੋਈ ਧਿਆਨ ਨਹੀਂ ਦਿੰਦਾ। ਉਨ੍ਹਾਂ ਦੀਆਂ ਜ਼ਨਾਨੀਆਂ ਵਿਚ ਸਾਡੀਆਂ ਜਨਾਨੀਆਂ ਨਹੀਂ ਜਾ ਕੇ ਬੈਠ ਸਕਦੀਆਂ, ਉਨ੍ਹਾਂ ਦੇ ਬਚਿਆਂ ਵਿਚ ਸਾਡੇ ਬਚੇ ਨਹੀਂ ਪੜ੍ਹ ਸਕਦੇ। ਇਕ ਤਾਂ ਅਸੀਂ ਉਨ੍ਹਾਂ ਨੂੰ ਸੋਸਾਇਟੀ ਤੋਂ ਅਲਗ ਕੀਤਾ ਹੋਇਆ ਹੈ ਅਤੇ ਦੂਸਰੇ ਵੱਡੀਆਂ ਵਡੀਆਂ ਤਨਖਾਹਾਂ ਦੇ ਕੇ ਦੇਸ਼ ਨੂੰ ਨੁਕਸਾਨ ਪਹੁੰਚਾ ਰਹੇ ਹਾਂ। ਉਨ੍ਹਾਂ ਦੀਆਂ ਤਨਖਾਹਾਂ ਘਟਾ ਕੇ ਕਲਰਕਾਂ ਅਤੇ ਚਪੜਾਸੀਆਂ ਦੀਆਂ ਤਨਖਾਹਾਂ ਵਧਾਈਆਂ ਜਾਣੀਆਂ ਚਾਹੀਦੀਆਂ ਹਨ। ਇਕ ਚਪੜਾਸੀ ਵਿਚਾਰਾ ਸਾਰਾ ਦਿਨ ਤੁਹਾਡੀ ਸੇਵਾ ਕਰਦਾ ਹੈ ਪਰ ਰਾਤ ਨੂੰ ਰਿਕਸ਼ਾ ਚਲਾਉਂਦਾ ਹੈ। ਉਸ ਦੀ ਫਿਰ ਵੀ ਗੁਜ਼ਰ ਨਹੀਂ ਹੁੰਦੀ, ਉਸ ਦੇ ਬਚੇ ਪੇਟ ਭਰ ਕੇ ਖਾਣਾ ਨਹੀਂ ਖਾ ਸਕਦੇ। ਇਕ ਕਲਰਕ ਆਪਣੇ ਬੱਚਿਆਂ ਨੂੰ ਤਾਲੀਮ ਨਹੀਂ ਦਿਵਾ ਸਕਦਾ। ਚੰਗੇ ਕਪੜੇ ਨਹੀਂ ਪਹਿਨਾ ਸਕਦਾ। ਹੁਣ ਸਰਕਾਰੀ ਮੁਲਾਜ਼ਮਾਂ ਨੂੰ ਕਢਣ ਦੀ ਗਲ ਸੀ ਤਾਂ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਹਰੀਜਨਾਂ ਨੂੰ ਨਹੀਂ ਕਢਾਂਗੇ। ਮੇਰੀ ਅਰਜ਼ ਹੈ ਕਿ ਕਈ ਹਿੰਦੂ ਅਤੇ ਸਿਖਾਂ ਦੀ ਹਾਲਤ ਹਰੀਜਨਾਂ ਨਾਲੋਂ ਵੀ ਖਰਾਬ ਹੈ। ਇਸ ਲਈ ਮੈਂ ਤਾਂ ਕਹਾਂਗਾ ਕਿ ਜਿਸ ਹਰੀਜਨ ਦੀ ਹਾਲਤ ਚੰਗੀ ਹੋ ਜਾਵੇ ਉਸ ਨੂੰ ਹਰੀਜਨਾਂ ਦੀ ਲਿਸਟ ਵਿਚੋਂ ਕਢ ਦਿਉ। ਗਰੀਬ ਕਿਸਾਨ ਜਿਹੜਾ ਪਿੰਡ ਵਿਚ ਰਹਿੰਦਾ ਹੈ ਉਸ ਦੀ ਹਾਲਤ ਕਈਆਂ ਹਰੀਜਨਾਂ ਨਾਲੋਂ ਵੀ ਖਰਾਬ ਹੈ। ਹਰੀਜਨ ਦਾ ਬਚਾ ਤਾਂ ਐਮ. ਏ. ਤਕ ਮੁਫਤ ਪੜ੍ਹ ਜਾਂਦਾ ਹੈ ਪਰ ਉਸ ਹਿੰਦੂ ਸਿੱਖ ਗਰੀਬ ਕਿਸਾਨ ਦਾ ਬਚਾ ਦਸਵੀਂ ਤਕ ਵੀ ਨਹੀਂ ਪੜ੍ਹ ਸਕਦਾ। ਸਾਨੂੰ ਹਰ ਇਕ ਗਰੀਬ ਬੱਚੇ ਨੂੰ ਤਾਲੀਮ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਕ ਸੈਕ੍ਰੇਟਰੀ ਤਾਂ 4,000 ਰੁਪਿਆ ਤਨਖਾਹ ਲਵੇ ਪਰ ਇਕ ਚਪੜਾਸੀ ਜਾਂ ਕਲਰਕ 80, 90 ਜਾਂ ਡੇਢ ਸੌ ਰੁਪਿਆ ਤਨਖਾਹ ਲਵੇ। ਮੈਂ ਪਹਿਲੇ ਇਹ ਗਲ ਹੁਸ਼ਿਆਰਪੁਰ ਵਿਚ ਵੀ ਕਹੀ ਸੀ ਕਿ ਕਲਰਕ ਲੋਕ ਤਾਂ ਇਹ ਕਹਿੰਦੇ ਹਨ ਕਿ ਸਾਨੂੰ ਮਾੜੇ ਮੋਟੇ ਖੱਦਰ ਦੇ ਕਪੜੇ ਸਿਲਵਾ ਦਿਉ, ਸਾਡੇ ਬਚਿਆਂ ਨੂੰ ਤਾਲੀਮ ਦੇ ਦਿਉ ਤਾਂ ਅਸੀਂ ਤਨਖਾਹ ਲੈਂਦੇ ਹੀ ਨਹੀਂ, ਸਾਨੂੰ ਸਿਰਫ ਖਾਣ ਨੂੰ ਰੋਟੀ ਚਾਹੀਦੀ ਹੈ। ਵਫਾਦਾਰ ਸਰਵਿਸਿਜ਼ ਦਾ ਖਿਆਲ ਰਖਣਾ ਚਾਹੀਦਾ ਹੈ। ਛੋਟਾ ਜਿਹਾ ਪੰਜਾਬ ਹੈ ਇਥੇ 6 ਕਮਿਸ਼ਨਰ ਲਗਾਏ ਹੋਏ ਹਨ। ਮੈਂ ਕਹਿੰਦਾ ਹਾਂ ਕਿ 20 ਕਲਰਕ ਕਢਣ ਦੀ ਬਜਾਏ ਇਕ ਕਮਿਸ਼ਨਰ ਘਟ ਕਰ ਦਿਉ ਤਾਂ ਕੁਝ ਨੁਕਸਾਨ ਨਹੀਂ ਹੁੰਦਾ। ਡਿਪਟੀ ਸਪੀਕਰ ਸਾਹਿਬਾ,

[ਭਗਤ ਗੁਰਾਂ ਦਾਸ ਹੰਸ]

ਸੂਬੇ ਵਿਚ 2 ਲੱਖ ਦੇ ਕਰੀਬ ਸਰਕਾਰੀ ਮੁਲਾਜ਼ਮ ਹਨ, ਉਹ ਰਲਾ ਪਾ ਸਕਦੇ ਹਨ ਕਿ ਸਾਡੀ ਤਨਖਾਹ ਵਧਾਉ ਜਿਹੜੇ ਛੋਟੇ ਮੁਜ਼ਾਰੇ ਹਨ, ਪਿੰਡਾਂ ਵਿਚ ਰਹਿੰਦੇ ਹਨ ਉਨ੍ਹਾਂ ਦੀ ਕੋਈ ਆਵਾਜ਼ ਨਹੀਂ ਹੈ । ਜ਼ਿਮੀਂਦਾਰ ਦੀ ਫਸਲ ਨਾ ਹੋਵੇ ਤਾਂ ਮਾਮਲਾ ਮਾਫ ਹੋ ਜਾਂਦਾ ਹੈ ਪਰ ਜਿਸ ਮੁਜ਼ਾਰੇ ਨੇ ਖੇਤ ਲੈ ਕੇ ਕਾਸ਼ਤ ਕੀਤਾ ਹੈ ਉਸ ਨੂੰ ਕੀ ਮੁਆਵਜ਼ਾ ਮਿਲਦਾ ਹੈ ? ਉਹ ਆਪਣੇ ਬਚਿਆਂ ਨੂੰ ਕਿਥੋਂ ਰੋਟੀ ਖਿਲਾਵੇਗਾ। ਸਰਕਾਰ ਨੂੰ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ। ਉਹ ਵੀ ਹਕ ਰੱਖਦੇ ਹਨ ਕਿ ਉਨ੍ਹਾਂ ਦਾ ਜੀਵਨ ਉਚਾ ਹੋਵੇ, ਉਨ੍ਹਾਂ ਨੂੰ ਵੀ ਚੰਗੀ ਰੋਟੀ ਖਾਣ ਨੂੰ ਮਿਲੇ।

ਸੜਕਾਂ ਦੇ ਬਾਰੇ ਅਰਜ਼ ਹੈ ਕਿ ਮੈਨੂੰ ਪੰਜਾਬ ਦੇ ਕਈ ਹਿਸਿਆਂ ਵਿਚ ਜਾਣ ਦਾ ਮੌਕਾ ਮਿਲਿਆ ਹੈ । ਪੰਜਾਬ ਸਰਕਾਰ ਦਾ ਧੰਨਵਾਦ ਹੈ ਕਿ ਪੰਜਾਬ ਵਿਚ ਸੜਕਾਂ ਦੀ ਹਾਲਤ ਹਿੰਦੋਸਤਾਨ ਦੇ ਦੂਸਰਿਆਂ ਹਿਸਿਆਂ ਨਾਲੋਂ ਚੰਗੀ ਹੈ । ਮਗਰ ਇਥੇ ਹੀ ਖਤਮ ਨਹੀਂ ਹੋਣਾ ਚਾਹੀਦਾ । ਜਿਥੇ ਸੜਕਾਂ ਛੋਟੀਆਂ ਹਨ ਉਥੇ ਉਨ੍ਹਾਂ ਨੂੰ ਹੋਰ ਜ਼ਿਆਦਾ ਡਿਵੈਲਪ ਕਰਨਾ ਚਾਹੀਦਾ ਹੈ । ਖਾਸ ਤੌਰ ਤੇ ਬਲਾਕਸ ਵਿਚ ਐਪਰੋਚ ਰੋਡਜ਼ ਦਾ ਜ਼ਿਆਦਾ ਤੋਂ ਜ਼ਿਆਦਾ ਔਰ ਚੰਗਾ ਇੰਤਜ਼ਾਮ ਕਰਨਾ ਚਾਹੀਦਾ ਹੈ ਤਾਕਿ ਕਿਸਾਨਾਂ ਨੂੰ ਅਪਣੀ ਜਿਨਸ ਮੰਡੀਆਂ ਵਿਚ ਪਹੁੰਚਾਉਣ ਵਿਚ ਆਸਾਨੀ ਹੋਵੇ । ਡਿਪਟੀ ਸਪੀਕਰ ਸਾਹਿਬਾ, ਮੈਂ ਇਥੇ ਆਪਣੇ ਹਲਕੇ ਦੀ ਇਕ ਗਲ ਕੀਤੇ ਬਗੈਰ ਨਹੀਂ ਰਹਿ ਸਕਦਾ । ਪੰਜ ਛੇ ਸਾਲ ਦੀ ਗੱਲ ਹੈ । ਤਹਿਸੀਲ ਹੁਸ਼ਿਆਰਪੁਰ ਦਾ ਇਕ ਪਿੰਡ ਸੀਕਰੀ ਹੈ । ਉਥੇ ਕੋਈ ਤਿੰਨ ਹਜ਼ਾਰ ਦੀ ਆਬਾਦੀ ਹੈ । ਉਥੇ ਸੜਕ ਵਾਸਤੇ ਲੋਕਾਂ ਨੇ ਮਿੱਟੀ ਵੀ ਪਾ ਦਿੱਤੀ । ਇਕ ਮੀਲ ਭਰ ਦਾ ਟੋਟਾ ਹੈ ਪਰ ਅਜੇ ਤਕ ਨਹੀਂ ਬਣ ਸਕਿਆ । ਇਸ ਤਰ੍ਹਾਂ ਗੌਰਮੈਂਟ ਦਾ ਕੰਮ ਨਹੀਂ ਚਲ ਸਕਦਾ । ਗੱਲਾਂ ਛੋਟੀਆਂ ਛੋਟੀਆਂ ਹਨ ਪਰ ਇਸ ਪਾਸੇ ਗੌਰਮੈਂਟ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ਔਰ ਅਜਿਹੇ ਕੰਮਾਂ ਨੂੰ ਮੁਕੰਮਲ ਕਰਨਾ ਚਾਹੀਦਾ ਹੈ ।

ਬੇਸ਼ਕ ਮੇਰਾ ਜ਼ਿਲ੍ਹਾ ਹੁਸ਼ਿਆਰਪੁਰ ਇਕ ਗ਼ਰੀਬ ਜ਼ਿਲ੍ਹਾ ਹੈ ਪਰ ਇਹ ਉਤਸ਼ਾਹ ਔਰ ਕੁਰਬਾਨੀ ਦੇ ਜਜ਼ਬੇ ਵਾਲਾ ਜ਼ਿਲ੍ਹਾ ਹੈ । ਜਦ ਪਾਕਿਸਤਾਨ ਨੇ ਹਿੰਦੁਸਤਾਨ ਨਾਲ ਲੜਾਈ ਕੀਤੀ ਤਾਂ ਇਹ ਜ਼ਿਲ੍ਹਾ ਡੀਫੈਂਸ ਐਫਰਟਸ ਵਿਚ ਕਿਸੇ ਤੋਂ ਪਿੱਛੇ ਨਹੀਂ ਰਿਹਾ । ਕੈਪਟਨ ਰਤਨ ਸਿੰਘ ਜਾਣਦੇ ਹਨ, ਇਹ ਉਥੇ ਆਉਂਦੇ ਰਹੇ ਹਨ ਕਿ ਤਿੰਨ ਤਿੰਨ ਚਾਰ ਚਾਰ ਹਜ਼ਾਰ ਦੀ ਤਾਦਾਦ ਵਿਚ ਉਧਰ ਦੇ ਇਲਾਕਿਆਂ ਵਿਚੋਂ ਲੋਕ ਆਏ—ਜਦ ਲੋਕ ਜਾਲੰਧਰ ਆਉਂਦੇ ਸੀ ਤਾਂ ਉਨ੍ਹਾਂ ਨੂੰ ਹੁਸ਼ਿਆਰਪੁਰ ਭੇਜ ਦਿੰਦੇ ਸੀ, ਪਠਾਨਕੋਟ ਆਉਂਦੇ ਸੀ ਤਾਂ ਉਨ੍ਹਾਂ ਨੂੰ ਹੁਸ਼ਿਆਰਪੁਰ ਭੇਜ ਦਿੰਦੇ ਸੀ । ਉਥੋਂ ਲੋਕਾਂ ਨੇ ਤਿੰਨ ਤਿੰਨ ਚਾਰ ਚਾਰ ਹਜ਼ਾਰ ਆਦਮੀਆਂ ਨੂੰ ਹਰ ਰੋਜ਼ ਖਾਣਾ ਖੁਵਾਇਆ, ਰੋਟੀ ਦਿੱਤੀ, ਉਨ੍ਹਾਂ ਦੀ ਸੇਵਾ ਕੀਤੀ । ਦੋ ਤਿੰਨ ਮਹੀਨੇ ਉਨ੍ਹਾਂ ਦੀ ਇਥੋਂ ਦੇ ਲੋਕਾਂ ਨੇ ਰੱਜ ਕੇ ਸੇਵਾ ਕੀਤੀ—ਚਾਹੇ ਉਹ ਵਪਾਰੀ ਸਨ ਜਾਂ ਹੋਰ ਲੋਕ ਪਰ ਗਵਰਨਰ ਸਾਹਿਬ ਨੇ ਅਪਣੇ ਐਡਰੈਸ ਵਿਚ ਉਨ੍ਹਾਂ ਦਾ ਇਤਨਾ ਵੀ ਮਾਣ ਨਹੀਂ ਕੀਤਾ ਕਿ ਕਸ਼ਮੀਰ ਦੇ ਇਲਾਕੇ ਵਿਚੋਂ, ਛੰਬ ਜੌੜੀਆਂ ਦੇ ਇਲਾਕੇ ਵਿਚੋਂ ਆਏ ਲੋਕਾਂ ਦੀ ਜਿਹੜੀ ਉਨ੍ਹਾਂ ਨੇ ਬੇਲਾਗ ਹੋਕੇ ਸੇਵਾ ਕੀਤੀ ਉਸ ਦੀ ਸ਼ਲਾਘਾ ਕੀਤੀ ਜਾਂਦੀ । ਮੈਂ ਸਮਝਦਾ ਹਾਂ ਕਿ ਗੌਰਮੈਂਟ ਨੂੰ ਇਸ ਪਾਸੇ ਧਿਆਨ ਕਰਨਾ ਚਾਹੀਦਾ ਹੈ । ਮੈਂ ਗੌਰਮੈਂਟ ਦੀ ਨੀਅਤ ਤੇ ਕੋਈ ਸ਼ੱਕ ਨਹੀਂ ਕਰਦਾ ਪਰ ਮੈਂ ਇਹ ਜ਼ਰੂਰ ਕਹਾਂਗਾ ਕਿ ਅਸੀਂ ਅਪਣੇ ਸੂਬੇ ਨੂੰ ਤਦ ਹੀ ਉੱਨਤ ਕਰ ਸਕਦੇ ਹਾਂ ਜਦ ਕਿ ਰੱਥ ਦੇ ਦੋਵੇਂ ਪਹੀਏ ਮਜ਼ਬੂਤ ਹੋਣ ਔਰ ਡਟਕੇ ਕੰਮ ਕਰਨ । ਕਿਸਾਨ ਔਰ ਖਾਸ ਤੌਰ ਤੇ ਅਨਾਜ ਦੀ ਪੈਦਾਵਾਰ ਵੱਲ ਖੂਬ ਧਿਆਨ ਦੇਣਾ ਚਾਹੀਦਾ ਹੈ । ਕਿਸਾਨਾਂ ਨੂੰ ਵਕਤ ਸਿਰ ਸਾਰੀਆਂ ਚੀਜ਼ਾਂ ਮੁਹੈਯਾ ਕਰਨੀਆਂ ਚਾਹੀਦੀਆਂ ਹਨ। ਇਤਨਾ ਕਹਿ ਕੇ ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ ।

ਸ਼੍ਰੀ ਸੁਰਿੰਦਰ ਨਾਥ ਗੌਤਮ (ਊਨਾਂ) : ਡਿਪਟੀ ਸਪੀਕਰ ਸਾਹਿਬਾ, ਗਵਰਨਰ ਸਾਹਿਬ ਨੇ ਆਪਣੇ ਭਾਸ਼ਨ ਵਿਚ ਸਭ ਤੋਂ ਪਹਿਲਾਂ ਆਪਣੇ ਸਵਰਗੀ ਨੇਤਾ ਸ਼੍ਰੀ ਲਾਲ ਬਹਾਦੁਰ ਸ਼ਾਸਤਰੀ ਜੀ ਅਤੇ ਦੂਸਰੇ ਸਵਰਗਵਾਸੀ ਨੇਤਾਵਾਂ ਨੂੰ ਸ਼ਰਧਾਂਜਲੀ ਪੇਸ਼ ਕੀਤੀ ਹੈ ਔਰ ਮੈਂ ਵੀ ਉਨ੍ਹਾਂ ਨੇਤਾਵਾਂ ਦੇ ਪ੍ਰਤੀ ਅਪਣੀ ਸ਼ਰਧਾਂਜਲੀ ਭੇਟ ਕਰਦਾ ਹਾਂ । ਗਵਰਨਰ ਸਾਹਿਬ ਨੇ ਇਸ ਭਾਸ਼ਨ ਵਿਚ ਦਸਿਆ ਕਿ ਜਿਹੜਾ 1965 ਵਿਚ ਹਿੰਦੁਸਾਤਨ ਉਤੇ ਪਾਕਿਸਤਾਨ ਦਾ ਹਮਲਾ ਹੋਇਆ ਉਸ ਵਿਚ ਲਾ ਐਂਡ ਆਰਡਰ ਬੜਾ ਅੱਛਾ ਰਿਹਾ । ਜਿਥੋਂ ਤਕ ਸਰਕਾਰ ਦਾ ਤਅਲੁਕ ਹੈ, ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ । ਪਰ ਇਸ ਵਿਚ ਡਿਪਟੀ ਸਪੀਕਰ ਸਾਹਿਬਾ, ਜਨਤਾ ਨੇ ਵੀ ਬੜੇ ਉਤਸ਼ਾਹ ਨਾਲ ਕੋਆਪਰੇਸ਼ਨ ਦਿੱਤੀ ਹੈ । ਜਿਸ ਵਕਤ ਇਹ ਹਮਲਾ ਹੋਇਆ ਉਸ ਵਕਤ ਪਿੰਡਾਂ ਵਿਚ ਵੀ ਲੋਕਾਂ ਨੇ ਆਪਣੇ ਪਿੰਡਾਂ ਦੀ ਰਖਿਆ ਕਰਨ ਵਾਸਤੇ ਲੋਕਾਂ ਦੀ ਜਾਨੋਂ ਮਾਲ ਦੀ ਰਖਿਆ ਕਰਨ ਵਾਸਤੇ ਪੂਰੀ ਮਜ਼ਬੂਤੀ ਨਾਲ ਆਪ ਮੋਰਚਾਬੰਦੀ ਕੀਤੀ । ਉਨ੍ਹਾਂ ਨੇ ਸੜਕਾਂ ਅਤੇ ਪੁਲਾਂ ਦੀ, ਡਿਪਟੀ ਸਪੀਕਰ ਸਾਹਿਬਾ ਰਖਿਆ ਕਰਨ ਵਾਸਤੇ, ਹਿਫ਼ਾਜ਼ਤ ਕਰਨ ਵਾਸਤੇ, ਖੁਦ ਅਪਣੇ ਆਪ ਦਿਨ ਰਾਤ ਉਥੇ ਬੈਠ ਬੈਠ ਕੇ, ਪਹਿਰਾ ਦੇ ਕੇ ਇਸ ਕਿਸਮ ਦੀ ਦਲੇਰੀ ਨਾਲ ਇਸ ਹਮਲੇ ਦਾ ਮੁਕਾਬਲਾ ਕੀਤਾ ਕਿ ਜਿਸ ਦੀ ਮਿਸਾਲ ਨਹੀਂ ਮਿਲਦੀ । ਇਸ ਵਾਸਤੇ ਸਾਡੀ ਪੰਜਾਬ ਦੀ ਜਨਤਾ ਵੀ ਇਸ ਮੌਕੇ ਮੁਬਾਰਿਕਬਾਦ ਦੀ ਪੂਰੀ ਹੱਕਦਾਰ ਹੈ—ਖਾਸ ਤੌਰ ਤੇ ਜ਼ਮੀਂਦਾਰਾਂ ਨੇ, ਦੁਕਾਨਦਾਰਾਂ ਨੇ ਔਰ ਟਰੇਡਰਜ਼ ਨੇ ਇਸ ਸਮੇਂ ਬੜੀ ਕੋਆਪਰੇਸ਼ਨ ਦਿਤੀ ਹੈ । ਇਸ ਹਮਲੇ ਦੇ ਦੌਰਾਨ ਅਗਰ ਦੁਕਾਨਦਾਰ ਚਾਹੁੰਦੇ ਤਾਂ ਬਲੈਕਮਾਰਕਿਟ ਵੀ ਜ਼ਿਆਦਾ ਤੋਂ ਜ਼ਿਆਦਾ ਕਰ ਸਕਦੇ ਸੀ, ਚੀਜ਼ਾਂ ਦੀਆਂ ਕੀਮਤਾਂ ਵਧਾ ਸਕਦੇ ਸੀ ਮਗਰ ਉਨ੍ਹਾਂ ਪੂਰੀ ਈਮਾਨਦਾਰੀ ਔਰ ਕੌਮੀ ਭਾਵਨਾ ਨਾਲ ਇਸ ਸੰਕਟ ਦਾ ਮੁਕਾਬਲਾ ਕਰਦਿਆਂ ਹੋਇਆਂ ਕੀਮਤਾਂ ਨੂੰ ਨਹੀਂ ਵਧਣ ਦਿੱਤਾ । ਇਸ ਤੋਂ ਅਲਾਵਾ ਜਿਹੜੇ ਰਾਜ ਦੇ ਵਰਕਮੈਨ ਹਨ ਉਨ੍ਹਾਂ ਨੇ ਵੀ ਦਿਨ ਰਾਤ ਕੰਮ ਕਰਕੇ ਇਸ ਹਮਲੇ ਦਾ ਮੁਕਾਬਲਾ ਕੀਤਾ—ਬੜੀ ਹਿੰਮਤ ਔਰ ਤਾਕਤ ਦੇ ਨਾਲ ਮੁਕਾਬਲਾ ਕੀਤਾ ਔਰ ਪਾਕਿਸਤਾਨ ਨੂੰ ਦਸ ਦਿੱਤਾ ਕਿ ਸਾਡੀ ਸਰਕਾਰ ਜਿੱਥੇ ਸੰਸਾਰ ਵਿਚ ਅਮਨ ਕਾਇਮ ਕਰਨਾ ਚਾਹੁੰਦੀ ਹੈ ਉਥੇ ਜਦ ਸਾਡੀ ਅਣਖ ਨੂੰ ਵੰਗਾਰਿਆ ਜਾਵੇ ਤਾਂ ਲੜਾਈ ਵੀ ਲੜ ਸਕਦੀ ਹੈ ।

ਇਸ ਤੋਂ ਅਗੇ, ਡਿਪਟੀ ਸਪੀਕਰ ਸਾਹਿਬਾ, ਗਵਰਨਰ ਸਾਹਿਬ ਨੇ ਅਪਣੇ ਭਾਸ਼ਣ ਵਿਚ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੀ ਯਾਦ ਵਿਚ ਉਨ੍ਹਾਂ ਦਾ ਸੌ ਸਾਲਾ ਜਨਮ ਦਿਨ ਮਨਾਉਣ ਬਾਰੇ ਔਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਤਿੰਨ ਸੌ ਸਾਲਾ ਜਨਮ ਦਿਨ ਮਨਾਉਣ ਦਾ ਪ੍ਰੋਗਰਾਮ ਵੀ ਦਸਿਆ ਹੈ । ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਾਬਰ ਬਾਦਸ਼ਾਹ ਦਾ ਮੁਕਾਬਲਾ ਕੀਤਾ ਔਰ ਸ਼੍ਰੀ ਆਨੰਦਪੁਰ ਸਾਹਿਬ ਵਿਚ ਇਕ ਫੌਜ ਤਿਆਰ ਕੀਤੀ । ਪੰਜ ਪਿਆਰੇ ਸਾਜੇ । ਲੋਕਾਂ ਨੂੰ ਆਪਣੇ ਦੇਸ਼ ਦੀ ਸ਼ਾਨ ਵਿਚ ਸਭ ਕੁਝ ਵਾਰ ਦੇਣ ਦੀ ਸਿਖਿਆ ਦਿੱਤੀ ਔਰ ਕੌਮੀ ਏਕਤਾ ਦੀ ਇਕ ਗਹਿਰੀ ਭਾਵਨਾ ਭਰੀ । ਇਸ ਤਿੰਨ ਸੌ ਸਾਲਾ ਜਨਮ ਦਿਨ ਦੇ ਮੌਕੇ ਉਤੇ ਮੈਂ ਸਰਕਾਰ ਦਾ ਧਿਆਨ ਇਸ ਪਾਸੇ ਦਿਵਾਉਣਾ ਚਾਹੁੰਦਾ ਹਾਂ ਕਿ ਸ਼੍ਰੀ ਗੁਰੂ ਮਹਾਰਾਜ ਜੀ ਦੀ ਇਸ ਧਰਤੀ ਤੇ, ਜਿਥੇ ਕਿ ਉਨ੍ਹਾਂ ਨੇ ਦੇਸ਼ ਦੀ ਰਖਿਆ ਕਰਨ ਲਈ ਇਕ ਫੌਜ ਤਿਆਰ ਕੀਤੀ, ਇਸ ਦੇ ਮਹੱਤਵ ਨੂੰ ਕਾਇਮ ਰਖਣ ਲਈ ਉਥੇ ਯਾਨੀ ਸ਼੍ਰੀ ਆਨੰਦਪੁਰ ਸਾਹਿਬ ਵਿਚ ਇਕ ਸੈਨਿਕ ਸਕੂਲ ਕਾਇਮ ਕੀਤਾ ਜਾਵੇ । ਇਹ ਇਕ ਬਹੁਤ ਜ਼ਰੂਰੀ ਗਲ ਹੈ ਤਾਕਿ ਉਨ੍ਹਾਂ ਦੀ ਇਹ ਯਾਦਗਾਰ ਹਮੇਸ਼ਾ ਲਈ ਲੋਕਾਂ ਨੂੰ ਦੇਸ਼ ਪ੍ਰੇਮ, ਕੁਰਬਾਨੀ ਅਤੇ ਦੁਸ਼ਮਨ ਨਾਲ ਲੋਹਾ ਲੈਣ ਦੀ ਪ੍ਰੇਰਨਾ ਦਿੰਦੀ ਰਹੇ । ਉਸ ਸਕੂਲ ਵਿਚ ਨੌਜਵਾਨ ਬੱਚੇ ਫੌਜੀ ਟਰੇਨਿੰਗ ਲੈਣ ਔਰ ਸ਼੍ਰੀ ਗੁਰੂ ਮਹਾਰਾਜ ਜੀ ਦੇ ਦਸੇ ਹੋਏ ਰਸਤੇ ਉਤੇ ਚਲਣ ਦਾ ਸਬਕ ਹਾਸਲ ਕਰਨ । ਇਸ ਵਾਸਤੇ ਮੈਂ ਫਿਰ ਇਸ ਗਲ

[ਸ੍ਰੀ ਸੁਰਿੰਦਰ ਨਾਥ ਗੌਤਮ]
ਉਤੇ ਜ਼ੋਰ ਦੇਵਾਂਗਾ ਕਿ ਆਨੰਦਪੁਰ ਸਾਹਿਬ ਵਿਚ ਇਕ ਸੈਨਕ ਸਕੂਲ ਇਸ ਮੌਕੇ ਉਤੇ ਜ਼ਰੂਰ ਕਾਇਮ ਕੀਤਾ ਜਾਵੇ।

ਅਗੇ ਚਲਕੇ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਹਿਸਾਰ, ਰੋਹਤਕ, ਮਹੇਂਦਰਗੜ੍ਹ ਜ਼ਿਲ੍ਹਿਆਂ ਦਾ ਜ਼ਿਕਰ ਕੀਤਾ ਹੈ ਜਿਥੇ ਖੁਸ਼ਕਸਾਲੀ ਪਈ ਹੈ ਔਰ ਉਸ ਦੇ ਨਾਲ ਇਹ ਵੀ ਦਸਿਆ ਹੈ ਕਿ ਸਰਕਾਰ ਨੇ 1,33,00,000 ਰੁਪਿਆ ਇਨ੍ਹਾਂ ਜ਼ਿਲ੍ਹਿਆਂ ਨੂੰ ਫਾਡਰ, ਤਕਾਵੀਆਂ ਅਤੇ ਸਬਸਿਡੀ ਵਗੈਰਾ ਦੇਣ ਵਾਸਤੇ ਮਖਸੂਸ ਕੀਤਾ ਹੈ । ਇਹ ਬੜੀ ਖੁਸ਼ੀ ਦੀ ਗਲ ਹੈ—ਮੁਬਾਰਕ ਗਲ ਹੈ। ਜਿਥੋਂ ਤਕ ਇਸ ਸਮੱਸਿਆ ਦੇ ਪਰਮਾਨੈਂਟ ਹੱਲ ਕਰਨ ਦਾ ਤਾਅਲੁਕ ਹੈ, ਨਾਲ ਹੀ ਨਾਲ ਗਵਰਨਰ ਸਾਹਿਬ ਨੇ ਅਪਣੇ ਭਾਸ਼ਣ ਵਿਚ ਇਹ ਵੀ ਜ਼ਿਕਰ ਕੀਤਾ ਹੈ ਕਿ ਸਰਕਾਰ ਨੇ ਇਕ ਕਮੇਟੀ ਬਣਾਈ ਹੈ । ਇਸ ਮਕਸਦ ਵਾਸਤੇ ਸਰਕਾਰ ਨੇ ਕੁਝ ਜ਼ਿਲ੍ਹੇ ਚੁਣੇ ਹਨ ਯਾਨੀ ਹਿਸਾਰ, ਮਹਿੰਦਰਗੜ੍ਹ, ਗੁੜਗਾਉਂ ਅਤੇ ਰੋਹਤਕ । ਇਸ ਦੇ ਨਾਲ ਹੀ ਊਨਾ ਅਤੇ ਗੜ੍ਹਸ਼ੰਕਰ ਦੇ ਕੰਡੀ ਦੇ ਇਲਾਕੇ ਨੂੰ ਵੀ ਸ਼ਾਮਲ ਕੀਤਾ ਹੈ । ਪਰ, ਡਿਪਟੀ ਸਪੀਕਰ ਸਾਹਿਬਾ, ਜਿਥੇ ਗਵਰਨਰ ਸਾਹਿਬ ਨੇ ਬਾਕੀ ਜ਼ਿਲ੍ਹਿਆਂ ਨੂੰ ਖੁਸ਼ਕਸਾਲੀ ਲਈ 1,33,00,000 ਰੁਪਏ ਦੀ ਮਦਦ ਦੇਣ ਦਾ ਐਲਾਨ ਕੀਤਾ ਹੈ ਉਸ ਵਿਚ ਬਾਕੀ ਜ਼ਿਲ੍ਹਿਆਂ ਦੇ ਨਾਲ ਨਾਲ ਤਹਿਸੀਲ ਊਨਾ ਔਰ ਗੜ੍ਹਸ਼ੰਕਰ ਦੇ ਕੰਡੀ ਦੇ ਇਲਾਕੇ ਦਾ ਜ਼ਿਕਰ ਨਹੀਂ ਕੀਤਾ । ਮੈਂ ਬੇਨਤੀ ਕਰਦਾ ਹਾਂ ਕਿ ਇਹ ਉਹ ਇਲਾਕਾ ਹੈ ਜਿਥੇ ਇਰੀਗੇਸ਼ਨ ਦੇ ਕੋਈ ਸਾਧਨ ਨਹੀਂ, ਪੈਦਾਵਾਰ ਦਾ ਕੋਈ ਸਾਧਨ ਨਹੀਂ । ਇਹ ਉਹ ਇਲਾਕਾ ਹੈ ਜਿਹੜਾ ਹਰ ਸਾਲ ਫੂਡ ਦੇ ਲਿਹਾਜ਼ ਨਾਲ ਡਿਫਿਸਿਟ ਏਰੀਆ ਵਿਚ ਆਉਂਦਾ ਹੈ । ਇਸ ਲਈ ਮੈਂ ਪੁਰ ਜ਼ੋਰ ਮਗ ਕਰਦਾ ਹਾਂ ਕਿ ਜਿਥੇ ਇਸ ਪੈਰੇ ਵਿਚ ਦੂਜੇ ਜ਼ਿਲ੍ਹਿਆਂ ਨੂੰ ਸ਼ਾਮਲ ਕੀਤਾ ਹੈ ਉਥੇ ਤਹਿਸੀਲ ਊਨਾ ਔਰ ਗੜ੍ਹਸ਼ੰਕਰ ਦੇ ਕੰਡੀ ਦੇ ਇਲਾਕੇ ਨੂੰ ਵੀ ਸ਼ਾਮਲ ਕਰ ਲਿਆ ਜਾਵੇ ਤਾਂ ਬਹੁਤ ਅੱਛੀ ਗਲ ਹੋਵੇਗੀ । ਇਸ ਇਲਾਕੇ ਨੂੰ ਮੁਸਤਕਿਲ ਤੌਰ ਤੇ ਡਿਵੈਲਪ ਕਰਨ ਦੀ ਅਜ਼ਹਦ ਲੋੜ ਹੈ । ਅਜ ਤਕ ਊਨਾ ਸਬ-ਡਿਵੀਜ਼ਨ ਇਗਨੋਰ ਕੀਤਾ ਜਾਂਦਾ ਰਿਹਾ ਹੈ । ਔਰ ਇਸ ਦੇ ਨਾਲ ਬਹੁਤ ਭਾਰੀ ਬੇਇਨਸਾਫੀ ਹੁੰਦੀ ਰਹੀ ਹੈ । ਜਿਸ ਤਰ੍ਹਾਂ ਹੁਣ ਪਲੈਨ ਬਣਾਈ ਹੈ ਪਹਿਲਾਂ ਹਿੱਲੀ ਏਰੀਆਜ਼ ਦੀ ਵੀ ਇਕ ਕਮੇਟੀ ਬਣਾਈ ਗਈ ਸੀ । ਉਸ ਵਿਚ ਵੀ ਇਸ ਨੂੰ ਰਖਿਆ ਗਿਆ ਲੇਕਿਨ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਸ ਤਹਿਸੀਲ ਊਨਾ ਦੇ ਪਾਣੀ ਦਾ ਡੈਮ ਬਣਿਆ ਔਰ ਉਸ ਤੋਂ ਦੂਰ ਦੂਰ ਤਕ ਦੇ ਇਲਾਕਿਆਂ ਨੂੰ ਪਾਣੀ ਪਹੁੰਚਿਆ, ਜਿਸ ਤਹਿਸੀਲ ਊਨਾ ਦੇ ਭਾਖੜੇ ਤੋਂ ਬਿਜਲੀ ਪੈਦਾ ਹੋਈ ਔਰ ਉਸ ਨਾਲ ਦੂਰ ਦਰਾਜ਼ ਇਲਾਕਿਆਂ ਨੂੰ ਰੌਸ਼ਨ ਔਰ ਸਰ-ਸਬਜ਼ ਕੀਤਾ ਗਿਆ, ਡਿਪਟੀ ਸਪੀਕਰ ਸਾਹਿਬਾ, ਉਹੀ ਊਨਾ ਸਬ-ਡਿਵੀਜ਼ਨ ਦਾ ਇਲਾਕਾ ਪਾਣੀ ਔਰ ਬਿਜਲੀ ਨੂੰ ਤਰਸ ਰਿਹਾ ਹੈ । ਇਹ ਤਾਂ ਬਿਲਕੁਲ ਚਿਰਾਗ ਤਲੇ ਹਨ੍ਹੇਰੇ ਵਾਲੀ ਗਲ ਹੈ। ਇਥੇ ਦੇ ਇਲਾਕੇ ਦੇ ਪਿੰਡਾਂ ਵਿਚ ਹਨ੍ਹੇਰਾ ਹੀ ਹਨ੍ਹੇਰਾ ਹੈ । ਉਨ੍ਹਾਂ ਪਿੰਡਾਂ ਵਿਚ ਲਿਫਟ ਇਰੀਗੇਸ਼ਨ ਵੀ ਨਹੀਂ । ਮੈਂ ਸਰਕਾਰ ਕੋਲ ਬੇਨਤੀ ਕਰਦਾ ਹਾਂ ਕਿ ਇਥੇ ਪਿੰਡਾਂ ਨੂੰ ਲਿਫਟ ਇਰੀਗੇਸ਼ਨ ਨਾਲ ਹੀ ਪਾਣੀ ਦੇ ਦਿੱਤਾ ਜਾਵੇ ਤਾਕਿ ਜਿਹੜੀ ਜ਼ਮੀਨ ਕਹਿਤਸਾਲੀ ਜਾਂ ਖੁਸ਼ਕਸਾਲੀ ਥਲੇ ਆ ਜਾਂਦੀ ਹੈ ਉਥੇ ਲੋਕਾਂ ਨੂੰ ਪਾਣੀ ਦਿੱਤਾ ਜਾ ਸਕੇ ਔਰ ਅਨਾਜ ਦੀ ਪੈਦਾਵਾਰ ਵਧਾਈ ਜਾ ਸਕੇ । ਡਿਪਟੀ ਸਪੀਕਰ ਸਾਹਿਬਾ, ਤਜਰਬਾ ਇਹ ਦਸਦਾ ਹੈ ਕਿ ਇਹ ਸਾਰੀਆਂ ਸਕੀਮਾਂ ਕਾਗਜ਼ੀ ਸਕੀਮਾਂ ਹੀ ਰਹਿ ਜਾਂਦੀਆਂ ਹਨ ਪ੍ਰੈਕਟੀਕਲੀ ਕੁਝ ਨਹੀਂ ਹੁੰਦਾ । ਊਨਾ ਹਿਲੀ ਏਰੀਏ ਵਿਚ ਰਖਿਆ ਗਿਆ ਹੈ। ਉਸ ਇਲਾਕੇ ਲਈ ਕੁਝ ਪੀਣ ਦੇ ਪਾਣੀ ਦੀਆਂ ਸਕੀਮਾਂ ਵੀ ਹਨ ਪਰ ਅਮਲ ਨਹੀਂ ਹੋਇਆ। ਜਿਸ ਪਿੰਡ ਦੇ ਲੋਕਾਂ ਨੂੰ ਪੀਣ ਲਈ ਪਾਣੀ ਨਾ ਮਿਲੇ ਉਨ੍ਹਾਂ ਨਾਲ ਇਸ ਤੋਂ ਵੱਡੀ ਬੇਇਨਸਾਫੀ

ਕੀ ਹੋ ਸਕਦੀ ਹੈ ? 3 ਲੱਖ ਰੁਪਏ ਦੀਆਂ ਸਕੀਮਾਂ ਊਨਾ ਸਬ-ਡਵੀਜ਼ਨ ਦੇ ਪਿੰਡਾਂ ਲਈ ਹਨ ਪਰ ਉਨ੍ਹਾਂ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਜਾ ਰਿਹਾ । 3-4 ਮੀਲ ਤੋਂ ਪਾਣੀ ਲਿਆਉਂਦੇ ਹਨ। ਹੈਲਥ ਮਨਿਸਟਰ ਸਾਹਿਬਾ ਉਥੇ ਤਸ਼ਰੀਫ ਲੈ ਗਏ ਸਨ, ਤਿੰਨ ਚਾਰ ਸਕੀਮਾਂ ਪਾਸ ਵੀ ਕਰ ਦਿਤੀਆਂ, ਕੁਝ ਸਕੀਮਾਂ ਸੈਨੇਟਰੀ ਬੋਰਡ ਨੇ ਵੀ ਪਾਸ ਕੀਤੀਆਂ, 30,000 ਰੁਪਏ ਪ੍ਰੈਲਿਮਿਨਰੀ ਵਰਕਸ ਲਈ ਦੇਣ ਲਈ ਕਿਹਾ । ਇਹ ਸਭ ਕੁਝ ਕਾਗਜ਼ ਤੇ ਤਾਂ ਮੌਜੂਦ ਹੈ ਪਰ ਅਜ ਤਕ ਸੈਂਕਸ਼ਨ ਨਹੀਂ ਹੋਇਆ । ਇਹ ਇਸ ਲਈ ਕਿ ਮਾਰਚ ਦਾ ਮਹੀਨਾ ਨੇੜੇ ਆ ਰਿਹਾ ਹੈ । ਇਹ ਰੁਪਿਆ ਅਗਰ ਨਾ ਮਿਲਿਆ ਤਾਂ ਸਕੀਮਾਂ ਅਧੂਰੀਆਂ ਰਹਿ ਜਾਣਗੀਆਂ ਅਤੇ ਲੋਕਾਂ ਦੀ ਤਕਲੀਫ ਬਦਸਤੂਰ ਜਾਰੀ ਰਹੇਗੀ । ਇਹ ਜੋ ਤਸੀਲ ਊਨਾ ਹੈ ਇਸ ਦੀ ਸਾਰੀ ਜ਼ਮੀਨ ਬਾਰਾਨੀ ਹੈ । ਅਗਰ ਅਸੀਂ ਪਾਣੀ ਖਿਚਣ ਲਈ ਬਿਜਲੀ ਮੰਗਦੇ ਹਾਂ ਤਾਂ ਕਿਹਾ ਜਾਂਦਾ ਹੈ ਕਿ ਕਮਰਸ਼ਲ ਲਿਹਾਜ਼ ਨਾਲ ਇਨ੍ਹਾਂ ਪਿੰਡਾਂ ਨੂੰ ਬਿਜਲੀ ਨਹੀਂ ਦਿਤੀ ਜਾ ਸਕਦੀ, ਖਰਚ ਬਹੁਤ ਹੁੰਦਾ ਹੈ । ਸਰਕਾਰ ਚਾਹੁੰਦੀ ਹੈ ਕਿ ਉਥੇ ਪੈਦਾਵਾਰ ਵਧੇ ਪਰ ਜੇ ਬਿਜਲੀ ਦੇਣ ਵੇਲੇ ਕਮਰਸ਼ਲ ਪਹਿਲੂ ਦਾ ਹੀ ਖਿਆਲ ਰਖਣਾ ਹੈ ਤਾਂ ਪੈਦਾਵਾਰ ਕਿਵੇਂ ਵਧੇਗੀ (ਘੰਟੀ) ਮੈਨੂੰ ਚਾਰ ਪੰਜ ਮਿੰਟ ਦਿਉ, ਜ਼ਿਆਦਾ ਨਹੀਂ ।

**Deputy Speaker** : Please wind up now.

**ਸ਼੍ਰੀ ਸੁਰਿੰਦਰ ਨਾਥ ਗੌਤਮ** : ਮੈਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਬੈਕਵਰਡ ਏਰੀਆ ਹੈ, ਇਹੀ ਬਿਜਲੀ ਪੈਦਾ ਕਰਦਾ ਹੈ ਕੀ ਸਰਕਾਰ ਕੁਝ ਗ੍ਰਾਂਟ ਦੇਕੇ, ਸਬਸਿਡੀ ਦੇਕੇ ਉਨ੍ਹਾਂ ਪਿੰਡਾਂ ਦਾ ਹਨ੍ਹੇਰਾ ਦੂਰ ਨਹੀਂ ਕਰ ਸਕਦੀ ।' ਉਥੇ ਇਸ ਨਾਲ ਛੋਟੀ ਛੋਟੀ ਇੰਡਸਟਰੀ ਚਲ ਸਕੇਗੀ, ਇਲਾਕਾ ਉਠ ਸਕੇਗਾ । ਜਦੋਂ ਟਿਊਬਵੈਲਜ਼ ਜਾਂ ਪੰਪਿੰਗ ਸੈਟਸ ਦਾ ਖਿਆਲ ਆਉਂਦਾ ਹੈ ਤਾਂ ਅਸੀਂ ਦੇਖਦੇ ਹਾਂ ਕਿ ਸਰਕਾਰ ਪੈਸਾ ਮਨਜ਼ੂਰ ਕਰਦੀ ਹੈ ਮਗਰ ਕੰਮ ਅਧੂਰਾ ਛਡ ਦਿੰਦੀ ਹੈ । ਇਲਾਕਾ ਨਿਹਾਇਤ ਗਰੀਬ ਹੈ, ਜ਼ਮੀਂਦਾਰਾਂ ਦੀ ਮਾਲੀ ਹਾਲਤ ਚੰਗੀ ਨਹੀਂ । ਸਰਕਾਰ ਉਨ੍ਹਾਂ ਦੀ ਮਦਦ ਟ੍ਰਾਇਲ ਬੋਰਜ਼ ਕਰਕੇ ਕਰੇ ਤਾਂ ਉਹ ਕੁਝ ਹੌਸਲਾ ਕਰਨ ਵਰਨਾ ਜਿਸ ਟਿਊਬਵੈਲ ਲਾਉਣ ਤੇ ਲਾਇਆ ਪੈਸਾ ਜ਼ਾਇਆ ਹੋਣ ਦਾ ਡਰ ਹੋਵੇ ਉਹ ਗ਼ਰੀਬ ਆਦਮੀ ਕਿਸ ਤਰ੍ਹਾਂ ਹੌਸਲਾ ਕਰ ਸਕਦਾ ਹੈ । ਉਥੇ ਦੇ ਜ਼ਮੀਂਦਾਰ ਬੋਰਿੰਗ ਦਾ ਖਰਚ ਬਰਦਾਸ਼ਤ ਨਹੀਂ ਕਰ ਸਕਦੇ । ਜੋ ਪੈਸਾ ਪੰਪਿਗ ਸੈਟਸ ਆਦਿ ਲਈ ਮਨਜ਼ੂਰ ਹੁੰਦਾ ਹੈ ਉਹ ਲੈਪਸ ਹੋ ਜਾਂਦਾ ਹੈ । ਫਿਰ ਇਹ ਕਾਨੂੰਨ ਬਣਾਇਆ ਹੈ ਕਿ ਪੰਪਿੰਗ ਸੈਟ 5 ਏਕੜ ਵਾਲਾ ਜ਼ਮੀਂਦਾਰ ਲਾ ਸਕਦਾ ਹੈ । ਇਹ ਜ਼ਿਆਦਤੀ ਹੈ । ਹਿਲੀ ਏਰੀਆ ਵਿਚ ਛੋਟੇ ੨ ਜ਼ਮੀਂਦਾਰ ਹਨ ਇਹ ਸ਼ਰਤ ਉਹ ਪੂਰੀ ਨਹੀਂ ਕਰ ਸਕਦੇ । ਇਨ੍ਹਾਂ ਤੇ ਸ਼ਰਤ ਕਿਉਂ ਲਾਉਂਦੇ ਹੋ ? ਅਫਸਰ ਗਲ ੨ ਵਿਚ ਕਹਿੰਦੇ ਹਨ ਕਿ ਰੂਲਜ਼ ਤੋਂ ਬਾਹਰ ਨਹੀਂ ਜਾ ਸਕਦੇ ।

**Deputy Speake** : Please wind up

**ਸ਼੍ਰੀ ਸੁਰਿੰਦਰ ਨਾਥ ਗੌਤਮ** : ਫਿਰ ਡਿਪਟੀ ਸਪੀਕਰ ਸਾਹਿਬਾ ਅਜ ਕਲ ਮਹਿੰਗਾਈ ਦਾ ਮਾਹੌਲ ਹੈ। ਇਸ ਬਾਰੇ ਗਵਰਨਰ ਸਾਹਿਬ ਨੇ ਜ਼ਿਕਰ ਨਹੀਂ ਕੀਤਾ । ਸਰਕਾਰ ਨੇ ਵਾਅਦਾ ਕੀਤਾ ਸੀ ਕਿ ਹਰ ਸਰਕਾਰੀ ਮੁਲਾਜ਼ਮ ਦੀ ਤਨਖਾਹ ਘਟੋ ਘਟ ਇਕ ਸੌ ਰੁਪਿਆ ਕਰ ਦਿਤੀ ਜਾਵੇਗੀ, ਇਸ ਤੋਂ ਘਟ ਨਹੀਂ ਰਹੇਗੀ । ਮਗਰ ਇਹ ਗਲ ਸਰਕਾਰ ਨੇ ਪੂਰੀ ਨਹੀਂ ਕੀਤੀ । ਕਿਸੇ ਤਰ੍ਹਾਂ ਦੀ ਡਿਸਕ੍ਰਿਮੀਨੇਸ਼ਨ ਨਹੀਂ ਹੋਣੀ ਚਾਹੀਦੀ । (ਵਿਘਨ) ਸੈਂਟਰਲ ਸਰਕਾਰ ਦਾ ਚਪੜਾਸੀ ਚਾਹੇ ਭਾਖੜੇ ਬੈਠਾ ਹੈ ਜਾਂ ਕਿਤੇ ਹੋਰ, ਉਹ 116 ਰੁਪਏ ਮਹੀਨਾ ਪਾਉਂਦਾ ਹੈ ਜਦਕਿ ਪੰਜਾਬ ਦਾ ਚਪੜਾਸੀ 70—80 ਰੁਪਏ ਤਕ ਹੀ ਪਹੁੰਚਦਾ ਹੈ । ਇਕ ਹੋਰ ਬੀਮਾਰੀ ਚਲੀ ਆ ਰਹੀ ਹੈ । ਚਪੜਾਸੀ

[ਸ੍ਰੀ ਸੁਰਿੰਦਰ ਨਾਥ ਗੌਤਮ]

ਦੀ ਸਾਲਾਨਾ ਤ ੱਕੀ 50 ਪੈਸੇ ਚਲੀ ਆ ਰਹੀ ਹੈ । ਜ਼ਮਾਨਾ ਬਦਲ ਗਿਆ ਹੈ, ਦੇਸ਼ ਅਗੇ ਵਧ ਰਿਹਾ ਹੈ।

ਡਿਪਟੀ ਸਪੀਕਰ : ਤਸ਼ਰੀਫ ਰਖੋ। (The hon. Jember should resume his seat.)

**ਸ੍ਰੀ ਸੁਰਿੰਦਰ ਨਾਥ ਗੌਤਮ** : ਦੋ ਚਾਰ ਮਿੰਟ ਹੋਰ ਦੇ ਦਿਉ।

**Deputy Speaker** : No please.

ਸ੍ਰੀ ਸੁਰਿੰਦਰ ਨਾਥ ਗੌਤਮ : 50 ਪੈਸੇ ਵੀ ਕੋਈ ਤਰੱਕੀ ਹੈ ? ਸਰਕਾਰ ਇਸ ਪਾਸੇ ਧਿਆਨ ਦੇਵੇ।

**Deputy Speaker** : No please.

**श्री रूप सिंह फूल** (हमीरपुर, ऐस. सी.) : सदरे मोहतरिमा, गवर्नर साहिब, के ऐड्रैस पर तबसरा करते हुए मैं कुछ अर्ज करना चाहता हूं....... (The hon. member was still on his legs when the House adjourned.)

**उपाध्यक्षा** : सदन कल 9½ बजे सुबह फिर मिलेगा । (The House shall reassemble at 9.30 a. m. tomorrow.)

(The Sabha then adjourned till 9.30 a. m. on the 22nd February, 1966.)

---

8676 PVS—384—18 1 -66—C., P. & S. Pb., Chd.

# Punjab Vidhan Sabha Debates

*22nd February, 1966*

**Vol. I—No. 5**

**OFFICIAL REPORT**

CONTENTS

*Tuesday, the 22nd February*, 1966





Price: Rs. 7.25 Paise

## *ERRATA*

TO

*Punjab Vidhan Sabha Debates, Vol. I, No. 5 dated the 22nd February, 1966.*

---

| *Read* | *For* | *Page* | *Line* |
|---|---|---|---|
| ਡਿਸਕ੍ਰਿਮੀਨੇਸ਼ਨ | ਡਿਸਕ੍ਰਿਮੀਨੇਸ਼ਨ | (5)2 | 17 |
| फार्मों | फामों | (5)2 | 20,34 |
| ਹੋਵੇਗਾ | ਹਵੇਗਾ | (5)4 | 15 |
| बतौर लोन | बतौर लाने लोन | (5)5 | 10th from below |
| growers | gorwers | (5)7 | 3 |
| रीआर्गेनाईज़ेशन | रीआगेनाईज़ेशन | (5)13 | 14, 20 |
| डिपार्टमैंट | डिपार्टभैंट | (5)13 | 3rd from below |
| इन्कम्पलीट | इन्कप्पलीट | (5)14 | 14 |
| ਘੇਚਲ | ਘੇਚਨਲ | (5)14 | 19 |
| ਆਪਦੇ | ਆਪਣੇ | (5)14 | 29 |
| Deputy Minister | Deputy Ministwer | (5)14 | 32 |
| Challan | Challans | (5)16 | 8 |
| registered | regstered | (5)17 | 15 |
| Amritsar | mritsar | (5)23 | 4th from below |
| in his | him in | (5)30 | 3 |
| in | by | (5)34 | 2 |
| out side the Constituency | by him | (5)34 | 3 |
| tehsil | tesil | (5)35 | 5 |
| library | ibrary | (5)37 | 8th from below |
| Panjwar | Panjwal | (5)38 | 7th from below |
| Karnal | Karna | (5)39 | Last |

P. T. O.

| *Read* | *For* | *Page* | *Line* |
|---|---|---|---|
| Samrala | Samral | (5)41 | 15 |
| Construction | Constuction | (5)48 | 15 |
| district | distric | (5)49 | 2 |
| school | schoo | (5)49 | 4 |
| Gandhi | Gand | (5)51 | 13 |
| Karan | Karam | (5)51 | 20 |
| College | Co ege | (5)51 | 29 |
| Ambala | Amba a | (5)51 | Last |
| library | brary | (5)56 | 16th from below |
| Gujri | Gujr | (5)62 | 3rd from below |
| stayed | staged | (5)63 | 15 |
| Development | Developmen | (5)64 | 1 |
| पंडित | पंडति | (5)68 | 8th from below |
| Pandit Chiranji Lal Sharma | Pandit Chiranaji Lal Sharma | (5)82 | 13 |
| | Pandit Chiaranji Lal Sharma | (5)86 | 6 |
| पंडित चिरंजी लाल शर्मा | पंडित जिरंजी लाल शर्मा | (5)82 | 28 |
| [illegible] | ध्री | (5)88 | 1 |
| जंगे | जं ो | (5)91 | 9 |
| morning | morn ng | (5)95 | 25 |
| ਕਰਦਾ | ਦਾਕਰ | (5)95 | Last |
| ਲੁਕਾ | ਲਕਾ | (5)95 | Last |
| Deputy Speaker | Dputy Speaker | (5)106 | Last but one |
| DISCUSSION ON GOVERNOR'S ADDRESS | GOVERNOR'S ADDRESS | (5)117 | Heading |

———

# PUNJAB VIDHAN SABHA

## Tuesday, the 22nd February, 1966

*The Vidhan Sabha met in the Assembly Chamber, Vidhan Bhawan, Sector* 1, *Chandigarh, at* 9.30 *A.M. of the Clock. Mr. Speaker (Shri Harbans Lal) in the Chair.*

## STARRED QUESTIONS AND ANSWERS

### Supplementaries to Starred Question No. *9167

**Mr. Speaker :** Supplementaries on Starred Question No. 9167 by Chaudhri Net Ram.

**Comrade Ram Piara :** Mr. Speaker, the Home and Development Minister is not present in the House. He is to reply to this question and he should reply because there is a lot of bungling..........

**Mr. Speaker :** Comrade Ram Piara do not make a speech. Your point has come.

Mr. Garg, is the Home Minister coming today or not ?

**Chief Parliamentary Secretary :** No, Sir.

**Mr. Speaker :** All right, supplementaries are postponed.

---

### Supply of Canal water to the Government Seed Farms

***8861. Sardar Gurcharan Singh :** Will the Minister for Irrigation and Power be pleased to state whether it is a fact that the Government Seed Farms are supplied more canal water than that supplied to the other land-owners of the commanded area ; if so, the reasons therefor ?

**Chaudhri Rizaq Ram :** Yes, to produce seed of superior quality and in sufficent quantities so that the same is made available to the cultivators to step up food production.

**ਸਰਦਾਰ ਗੁਰਚਰਨ ਸਿੰਘ :** ਕੀ ਵਜ਼ੀਰ ਮੁਤਲੱਕਾ ਇਹ ਦਸਣਗੇ ਕਿ ਉਨਾਂ ਨੇ ਕਿਹਾ ਹੈ ਕਿ ਚੰਗਾ ਸੀਡ ਪੋ੍ਡਿਊਸ ਕਰਨ ਲਈ ਜ਼ਿਮੀਂਦਾਰਾਂ ਤੋਂ ਡਬਲ ਪਾਣੀ ਸੀਡ ਫਾਰਮਾਂ ਨੂੰ ਦਿਤਾ ਜਾਂਦਾ ਹੈ ਤਾਂ ਕੀ ਉਹ ਨਹੀਂ ਸਮਝਦੇ ਕਿ ਇਨ੍ਹਾਂ ਲੋਕਾਂ ਨਾਲ ਬੇਇਨਸਾਫੀ ਕੀਤੀ ਜਾ ਰਹੀ ਹੈ ਜਦ ਕਿ ਸੀਡ ਫਾਰਮਾਂ ਸਾਰੀਆਂ ਹੀ ਫੇਲ ਹੋ ਗਈਆਂ ਹਨ ਤਾਂ ਫਿਰ ਕਿਉਂ ਪਾਣੀ ਐਟ ਪਾਰ ਨਹੀਂ ਦਿਤਾ ਜਾਂਦਾ ਅਤੇ ਸੀਡ ਫਾਰਮਾਂ ਨੂੰ ਡਬਲ ਪਾਣੀ ਦਿਤਾ ਜਾਂਦਾ ਹੈ ?

**मन्त्री :** फेल होने के मुताल्लिक तो मालूम नहीं । वैसे पोज़ीशन यह है कि जो सीड फार्म हैं उन्हें पानी डबल दिया जाए इस का फैसला कैबिनेट ने सन 1963 में किया था । It was a suggestion from the Agriculture Department and it was approved by the Cabinet.

**चौधरी इन्द्र सिंह मलिक :** क्या मिनिस्टर साहिब बताएंगे कि यह जो सीड फार्म हैं इन्हें गवर्नमेंट खुद कलटीवेट नहीं करती और टेनैंटस को दे रही है और इन में काप बहुत पूअर है ?

---

*Note.—Starred Question No. 9167 and reply there to appear in P.V.S. Debate, Vol. I, No 3, dated the 17th February, 1966.

**मन्त्री** : मुझे इन सीड फार्मों की फरदर वर्किंग के बारे में पता नहीं इस को एग्रीकलचर डिपार्टमैन्ट डील करता है।

**ਸਰਦਾਰ ਦਰਸ਼ਨ ਸਿੰਘ** : ਕੀ ਵਜ਼ੀਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਕਿਉਂਕਿ ਸਾਰੀਆਂ ਹੀ ਸੀਡ ਫਾਰਮਾਂ ਫੇਲ ਹੋ ਗਈਆਂ ਹਨ ਤਾਂ ਕੀ ਇਨ੍ਹਾਂ ਨੂੰ ਖਤਮ ਕਰਨ ਜਾਂ ਅਬਾਲਿਸ਼ ਕਰਨ ਦਾ ਸਰਕਾਰ ਦਾ ਇਰਾਦਾ ਨਹੀਂ ?

**Mr. Speaker** : That matter relates to the Agriculture Department.

**ਸਰਦਾਰ ਗੁਰਚਰਨ ਸਿੰਘ** : ਕੀ ਵਜ਼ੀਰ ਸਾਹਿਬ ਦਸਣਗੇ ਕਿ ਪੰਜਾਬ ਵਿਚ ਰਜਿਸਟਰਡ ਗਰੋਅਰ ਹਨ ਜਿਨ੍ਹਾਂ ਪਾਸੋਂ ਜ਼ਿਮੀਂਦਾਰ ਸੀਡ ਖਰੀਦਦੇ ਹਨ ਤਾਂ ਕੀ ਕਾਰਨ ਹੈ ਕਿ ਸੀਡ ਫਾਰਮਾਂ ਨੂੰ ਤਾਂ ਡਬਲ ਪਾਣੀ ਦਿਤਾ ਜਾਂਦਾ ਹੈ ਪਰ ਰਜਿਸਟਰਡ ਗਰੋਅਰਜ਼ ਨੂੰ ਪਾਣੀ ਡਬਲ ਨਹੀਂ ਦਿਤਾ ਜਾਂਦਾ ?

**मन्त्री** : यह बात क्वैस्चन में तो नहीं थी कि रजिस्टर्ड ग्रोअर्ज़ को पानी क्यों नहीं दिया जाता। मैं ने तो जो सीड फार्म हैं उनके बारे में फैक्चुअल पोजीशन आप के सामने रखी है। अगर आप अलग नोटिस दें तो पता करके बता सकता हूं।

**ਸਰਦਾਰ ਗੁਰਦਰਸ਼ਨ ਸਿੰਘ** : ਕੀ ਵਜ਼ੀਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਕੀ ਕਾਰਨ ਹੈ ਕਿ ਸੀਡ ਫਾਰਮਾਂ ਨੂੰ ਡਬਲ ਵਾਟਰ ਸਪਲਾਈ ਦਿਤੀ ਜਾਂਦੀ ਹੈ ਅਤੇ ਬਾਕੀਆਂ ਨਾਲ ਇਸ ਸੰਬੰਧ ਵਿਚ ਕਿਉਂ ਡਿਸਕ੍ਰਿਮੀਨੇਸ਼ਨ ਕੀਤੀ ਜਾਂਦੀ ਹੈ ?

**मंत्री** : मैं ने जैसा कि पहले अर्ज़ किया है कि इस के बारे में कैबिनेट का फैसला था कि क्योंकि फार्म में अच्छा बीज पैदा करना होता है इस लिए यह ख्याल था कि पानी की कमी की वजह से नुकसान न हो। इस लिए सीड फार्मों को और एजुकेशनल इन्स्टीच्यूटस के साथ वाली फार्मों को फालतू पानी देने का फैसला किया गया था।

**कामरेड राम प्यारा** : क्या वजीर साहिब बताएंगे कि जिन जिन सीड फार्मों को डबल पानी दिया गया उन को किसी स्टेज पर सरकार ने वैरिफाई किया या इस बात को एग्जामिन करने की ज़रूरत समझी कि ज्यादा पानी देने से कोई फायदा हो रहा है या नहीं ?

**मन्त्री** : इस के बारे में सरकार ने कोई एग्ज़ामीनेशन नहीं करवाया।

**ਸਰਦਾਰ ਸੰਪੂਰਨ ਸਿੰਘ** : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਨ੍ਹਾਂ ਕਿਸਾਨਾਂ ਤੋਂ ਗੌਰਮੈਂਟ ਸੀਡ ਖਰੀਦ ਕਰਦੀ ਹੈ ਉਨ੍ਹਾਂ ਨੂੰ ਜ਼ਿਆਦਾ ਪਾਣੀ ਦਿਤਾ ਜਾਵੇਗਾ ?

**मन्त्री** : अगर उनकी तरफ से कोई रिक्वैस्ट आएगी तो उसको एग्ज़ामिन कर लिया जाएगा।

**ਸਰਦਾਰ ਸੰਪੂਰਨ ਸਿੰਘ** : ਕੀ ਵਜ਼ੀਰ ਸਾਹਿਬ ਦਸਣਗੇ ਕਿ ਕੀ ਜਿਨ੍ਹਾਂ ਸੀਡ ਫਾਰਮਾਂ ਨੂੰ ਪਾਣੀ ਦੁਗਣਾ ਦਿਤਾ ਜਾਂਦਾ ਹੈ ਉਨਾਂ ਦੇ ਲਾਗੇ ਚਾਗੇ ਦੀਆਂ ਜ਼ਮੀਨਾਂ ਵਿਚ ਦੀ ਯੀਲਡ ਸੀਡ ਫਾਰਮਾਂ ਨਾਲੋਂ ਵਧ ਹੈ ਤੇ ਸੀਡ ਫਾਰਮਾਂ ਵਿਚ ਘਟ ਹੈ ਇਸ ਦੇ ਕੀ ਕਾਰਨ ਹਨ ?

**मन्त्री** : मैं ने पहले ही अर्ज़ किया है कि सीड फार्मों की वर्किंग और मेनटेनेंस का काम एग्रीकलूचर डिपार्टमेंट करता है अगर आपको मज़ीद इतलाह चाहिए तो इस के लिए सैपेरेट नोटिस आप दे दें I will try to collect it.

**श्री अमर सिंह** : क्या आनरेबल मिनिस्टर साहिब बताएंगे कि जब सारी ही सीड फार्म फेल हो गई हैं तो क्या कारण है कि बिरला को बीज तैयार करने के लिये सीड फार्म अलाट कर दी गई ?

**Mr. Speaker :** Not allowed.

**चौधरी राम सरूप** : क्या मिनिस्टर साहिब बताएंगे कि ज्यादा पानी देने से भी बीज खराब हो जाते हैं तो क्या सरकार का यह फर्ज़ नहीं है कि वह देखे कि पानी ज्यादा दिया है जिस की वजह से बीज खराब हो गए हैं।

**Mr. Speaker :** Beyond the scope.

**ਸਰਦਾਰ ਗੁਰਚਰਨ ਸਿੰਘ** : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਬਹੁਤ ਸਾਰੇ ਸੀਡ ਰਜਿਸਟਰਡ ਗਰੋਅਰਜ਼ ਤਿਆਰ ਕਰਦੇ ਹਨ ਅਤੇ ਉਨ੍ਹਾਂ ਦਾ ਸੀਡ ਚੰਗਾ ਹੁੰਦਾ ਹੈ ਤਾਂ ਕੀ ਵਜ੍ਹਾ ਹੈ ਕਿ ਉਨ੍ਹਾਂ ਨੂੰ ਤਾਂ ਸਰਕਾਰੀ ਸੀਡ ਫਾਰਮਾਂ ਨਾਲੋਂ ਅਧਾ ਪਾਣੀ ਦਿਤਾ ਜਾਂਦਾ ਹੈ ਅਤੇ ਕਿਉਂ ਉਨ੍ਹਾਂ ਨਾਲ ਬੇਇਨਸਾਫੀ ਕੀਤੀ ਜਾ ਰਹੀ ਹੈ ? ਕੀ ਇਸ ਗਲ ਤੇ ਵਿਚਾਰ ਕੀਤਾ ਜਾ ਰਿਹਾ ਹੈ ਕਿ ਇਸ ਡਿਸਕ੍ਰੀਮੀਨੇਸ਼ਨ ਨੂੰ ਦੂਰ ਕੀਤਾ ਜਾਵੇ ?

**मन्त्री** : मैं ने पहले ही अर्ज़ किया है कि जब इस तरह की कोई रिक्वैसट आएगी तो उस को एग्जामिन कर लिया जाएगा ।

---

## Re-settlement of the Beas Dam Oustees

***9294. Thakur Mehar Singh :** Will the Minister for Irrigation and Power be pleased to state —

(a) whether Government has taken a final decision for the resettlement of the Beas Dam Oustees in Rajasthan ; if so, the area of land being reserved for them for the purpose and the area of land proposed to be given to each family together with the financial aid proposed to be given to them to construct their houses and start agricultural operations ;

(b) the details of transport facilities, if any, proposed to be given to the outsees to enable them to take their families and belongings to the place of their resettlement ?

**Chaudhri Rizaq Ram :** (a) Yes. It has been decided to resettle the Beas Dam Oustees in Bikaner Division of Rajasthan in the area commanded by Rajasthan Canal. An area of 3·25 lac acres of land has been reserved for the purpose of resettlementof Punjab and Himachal Pradesh Oustees by the Rajasthan Government The extent of land that would be allotted to each eligible oustee family is under consideration of the Government. Rajasthan Government have agreed to advance a loan of Rs 2 000 per family to construct their houses. There is no proposal at present to give financial aid to the oustees for starting agricultural operations.

(b) Details of transport facilities proposed to be given to the oustees to enable them to take their families and belongings to the place(s) of their resettlement on the pattern as adopted on the Bhakra Project are given in the Annexure 'A'

**ANNEXURE 'A'**

(1) Railways/Bus fare (inclusive of incidental charges) per adult members Rs 25

(2) No fare to be paid for children below three years of age.

[Minister for Irrigation and Power]

(3) For children between three years and twelve years of age .. Half the rates proposed above.

(4) Freight charges for all animals to be transported on wagon load basis. In addition incidental charges of rupees 15 per cattle of the category of buffalo, Cow, Ox and camel etc. For Sheep and goats the customs will be given rupees 2 for each.

(5) In addition, the oustees are to be paid a rehabilitation grant of Rs 250 per family. However, an increase in rehabilitation grant is under consideration.

**ਲੈਫਟੀਨੈਂਟ ਭਾਗ ਸਿੰਘ** : ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਰਾਜਸਥਾਨ ਸਰਕਾਰ ਨਾਲ ਅਸੀਂ ਜ਼ਮੀਨ ਦੇ ਸਬੰਧ ਵਿੱਚ ਇਨਾਂ ਆਊਸਟੀਜ਼ ਨੂੰ ਸੈਟਲ ਕਰ ਰਹੇ ਹਾਂ । ਮੈਂ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਤਾਈਂ ਇਨ੍ਹਾਂ ਆਊਸਟੀਜ਼ ਨੂੰ ਸੈਟਲ ਕੀਤਾ ਨਹੀਂ ਜਾਂਦਾ ਸਰਕਾਰ ਵੱਲੋਂ ਉਨ੍ਹਾਂ ਦੀ ਰਿਹਾਇਸ਼ ਅਤੇ ਖਾਣ ਪੀਣ ਦਾ ਕੀ ਪ੍ਰਬੰਧ ਹਵੇਗਾ ?

**मन्त्री** : जब तक इन को सैटल नहीं किया जाता सारा इंतज़ाम सरकार की तरफ से उन की देख भाल का किया जा रहा है । राजस्थान सरकार इन को ज़मीन दे रही है और डी. सी. रीसैंटलमैंट इस मुग्रामला को सैटल कर रहे हैं ।

**Shri Rup Singh 'Phul'** : Sir, may I know the approximate date by which the first batch of oustees will be taken from District Kangra for settlement in Rajasthan ?

**मन्त्री** : इस के लिये हम कोई स्पैसिफिक डेट नहीं दे सकते हैं । यह अभी फैसला करना है कि कौन कौन किस ज़मीन को देने के लिये तैयार होता है अभी सारी बातों का फैसला करना है कीमतों का भी अंदाज़ा लगाना है उन को दिखाना है, वह इस को लेने पर रज़ामंद होते भी हैं या नहीं ।

**श्री बलराम जी दास टंडन** : क्या राजस्थान सरकार के साथ पंजाब सरकार ने कोई फैसला भी कर लिया है कि वह पर फैमिली कितनी ज़मीन आऊसटीज़ को देंगे ?

**मन्त्री** : गवर्नमैण्ट ने हालात के मुताबिक सारी कंसिडरेशन्ज़ को सामने रख कर कि किस को कितनी ज़मीन देनी है पहले अर्जियां जो मांगी गई हैं उन पर फैसला करना है कि कौन कौन सी ज़मीन खरीदना चाहता है । यह मुग्रामला सरकार के अभी ज़ेरे गौर है ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਜਿਹੜੇ ਬਿਆਸ ਡੈਮ ਦੇ ਆਊਸਟੀਜ਼ ਨੇ ਜਿਹੜੇ ਉਨਾਂ ਦੇ ਖੇਤਾਂ ਵਿਚ ਦਰਖਤ ਖੜ੍ਹੇ ਹਨ ਕੀ ਉਨ੍ਹਾਂ ਦਾ ਮੁਆਵਜ਼ਾ ਵੀ ਉਨ੍ਹਾਂ ਦੇ ਮਾਲਕਾਂ ਨੂੰ ਦਿੱਤਾ ਜਾਵੇਗਾ ?

**ਸ੍ਰੀ ਸਪੀਕਰ** : ਉਹ ਸਵਾਲ ਤਾਂ ਪਿਛੇ ਨਿਕਲ ਚੁੱਕਾ ਹੈ । (That question has already been answered.)

**श्री ओम प्रकाश अग्निहोत्री** : क्या इन आऊसटीज़ को अपना सामान वगैरा ले जाने के लिये कोई रकम सबसिडी के तौर पर भी दी जायेगी ?

**मुख्य मन्त्री :** यह एक ऐसा सवाल है जो कि सारे हाउस की दिलचस्पी का बायस बना हुआ है। जहां तक ब्यास डैम के आउस्टीज़ का सवाल है हमारी 3 बार इस मुआमले के मुतालिक बात चीत हो चुकी है। मार्च के आख़री हफता में जो मीटिंग हुई इस में यह फैसला किया गया कि इनको 3 लाख 25 हज़ार ऐकड़ ज़मीन दी जाय। फिलहाल दो खित्ते हैं एक 19,000 एकड़ का और दूसरा 70,000 एकड़ का जो कि दिये जाते हैं। यह ज़मीन सिर्फ उन दो आउस्टीज़ को ही दी जायेगी जो इस जमीन को पूरी तरह से डिवैल्प करना चाहते हैं। हम इन को पूरी सुविधाएं जो भी दे सकते हैं देने की कोशिश करेंगे। जब तक कि वह पूरी तरह बसाये नहीं जा सकते इनके लिये ट्रांस्पोर्ट का भी सारे का सारा बन्दोबस्त किया जायेगा। गवर्नमेंट लैवल पर इस के लिये एक कमेटी बनी हुई है जो वर्क आऊट कर रही है।

**चौधरी नेत राम :** ब्यास डैम निर्माणकारियों को जो ज़मीन दी जायेगी वह बारानी ज़मीन होगी या इस को नहरी पानी दिया जायेगा।

**मुख्य मन्त्री :** हमारी कोशिश तो यह है कि वह जमीन दी जाये जिसको कि नहरी पानी लगता हो। उनको अच्छी से अच्छी ज़मीन देने की कोशिश की जाएगी।

**श्री सुरेन्द्र नाथ गौतम :** जैसा के पहले बताया गया है कि आउस्टीज़ को 2000 रु० फी फैमिली घर बनाने के लिये दिया जायेगा, इस ज़माने में जब कि हर एक चीज़ महंगी है क्या यह दो हजार रुपये नाकाफी न होंगे ?

**मन्त्री :** 2,000 रु० का लोन तो मकान बनाने के लिये है और भी बहुत से कामों में अलग अलग सहूलतें दी जायेंगी।

**ਲੈਫਟੀਨੈਂਟ ਭਾਗ ਸਿੰਘ :** ਮੈਂ ਪੁਛਣਾ ਚਾਹੁੰਦਾ ਹਾਂ ਕਿ ਰਾਜਸਥਾਨ ਸਰਕਾਰ ਨੇ ਜੋ ਵਾਇਦਾ 1962 ਵਿੱਚ ਚੀਨੀ ਐਗਰੇਸ਼ਨ ਵੇਲੇ ਕੀਤਾ ਸੀ ਕਿ ਹੁਣ ਕਿਧਰੇ ਉਸੇ ਤਰ੍ਹਾਂ ਦਾ ਕੋਈ ਵਾਇਦਾ ਇਨ੍ਹਾਂ ਬਿਆਸ ਦੇ ਆਊਸਟੀਜ਼ ਲਈ ਤਾਂ ਨਹੀਂ ਕੀਤਾ ਜਾ ਰਿਹਾ ?

**Mr. Speaker :** There should be no reflection on the Rajasthan Government The hon, Member should please put his supplementary question. There should be no comment on the Rajasthan Government.

Moreover this is not a supplementary question.

**श्री ओम प्रकाश अग्निहोत्री :** दो हज़ार रुपया जो बतौर लाने लोन दिया जायेगा क्या यह विद इंट्रैस्ट है या विदआऊट इंट्रैस्ट है ?

**मन्त्री :** यह इंट्रैस्ट फरी लोन होगा।

**ਕਾਮਰੇਡ ਭਾਨ ਸਿੰਘ ਭੌਰਾ :** ਜਿਹੜਾ ਮੈਮੋਰੈਂਡਮ ਆਪਣੀ ਡੀਮਾਂਡਜ਼ ਦਾ ਆਊਸਟੀਜ਼ ਨੇ ਪੰਜਾਬ ਸਰਕਾਰ ਨੂੰ ਦਿੱਤਾ ਸੀ ਕੀ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰ ਦਿੱਤੀਆਂ ਗਈਆਂ ਹਨ।

**मन्त्री :** उन की बहुत सी डिमांडज़ थीं जिन में से कुछ को मान लिया गया है और कुछ पर गौर किया जा रहा है।

**चौधरी इन्द्र सिंह मलिक :** चीफ मिनिस्टर साहिब ने फरमाया है कि दो खित्तों में ज़मीन है जो दी जानी है। एक 70 हज़ार एकड़ की है और दूसरी 19 हज़ार एकड़ की। मैं पूछना चाहता हूं कि क्या इस सारी ज़मीन को पानी दिया जायगा ?

**मन्त्री** : पहले फेज़ में जो ज़मीन दी जायेगी यह इरीगेटिड रकबा होगा और दूसरे फेज़ में जो ज़मीन दी जानी है वह बाद में सैराब हो जायेगी। पानी तकरीबन सारी को लगेगा।

**श्री रूप लाल महता** : क्या मंत्री महोदय यह बतायेंगे कि गुड़गांव ज़िले को जो नहर दी जानी है इस के लिये 1966 तक जो मुकम्मल करने का फैसला किया था आया यह उस के मुताबक मुकम्मल हो जायगी ?

**मन्त्री** : शैडयूल के मुताबिक 1966 तक यह कम्पलीट हो जायेगी ।

**श्री बाबू दयाल शर्मा** : यह नहर कौन कौन से इलाके को सैराब करेगी ?

**मन्त्री** : वैसे तो इस सारी ज़मीन से कोई 6,86,000 ऐकड़ ज़मीन सैराब होगी मगर इस में से कोई 1,65,000 एकड़ जमीन राजस्थान की है जो सैराब की जायेगी। बाकी 5 लाख से ऊपर गुडगांव ज़िले की है जो सैराब की जायेगी।

---

## Gurgaon Canal Project

***9325. Shri Roop Lal Mehta** : Will the Minister for Irrigation and Power be pleased to state—

(a) the time by which the Gurgaon Canal Project is likely to be completed ;

(b) the source of water from where the said canal will be fed ;

(c) whether any feeder has been completed to provide water for the said canal ?

**Chaudhri Rizaq Ram** : (a) By 1969-70 Subject to availability of funds.

(b) River Yamuna and river Beas after the completion of Beas Sutlej Link

(c) Yes Narwana Branch Karnal Link has been completed,

**Pandit Chiranji Lal Sharma** : May I know Sir as to why the completion of this Project has been unnecessarily delayed ?

**मन्त्री** : शैडयूल के मुताबिक काम चल रहा है। 1962 में एमरजैंसी की वजह से ड्राप कर दिया था। शैडयूल के मुताबिक यह काम जून, 1966 में मुकम्मल होना चाहिए, वह हो रहा है।

**श्री बाबू दयाल शर्मा** : क्या गवर्नमेंट के नोटिस में है कि उस नहर पर जो मैटीरियल पड़ा था वह पिछले दिनों में दूसरी जगह भेज दिया गया है ?

**मन्त्री** : मैटीरियल के मुताल्लिक सैपेरेट नोटिस दे दें, पता कर दूंगा।

**चौधरी नेत राम** : क्या मंत्री महोदय बतलाने की कृपा करेंगे कि जिन के खेतों में नहर का पानी नहीं लगा और फसलें नहीं हुईं क्या उन किसानों को सहूलत दी जाएगी ?

**श्री अध्यक्ष** : वह अलग सवाल है। (This is a separate question.)

---

## Rates charged for Water supplied for Sugarcane in District Gurgaon

***9328. Shri Roop Lal Mehta** : Will the Minister for Irrigation and Power be pleased to state—

(a) whether it is a fact that the rates of canal water supplied from the Upper Agra Canal for Sugar-cane in Gurgaon District are

high as compared with the rates charged in the other areas of the State ;

(b) whether the Government proposes to compensate the gorwers of Gurgaon district on account of the difference in the water rates referred to in part (a) above ;

(c) whether the Government proposes to acquire rights over the Upper Agra Canal portion in the Punjab Area in order to provide facilities to the Punjab farmers and to save them from payment of high water rates ?

**Chaudhri Rizaq Ram :** (a) Yes

(b) No

(c) The matter is being pursued with the Government of India and the U.P. Government.

**श्री रुप लाल महता :** सौ साल से पंजाब के किसान डबल ग्राबयाना दे रहे हैं। इस डबल रेट को कम करने के लिये पंजाब सरकार क्या कर रही है ?

**मन्त्री :** ज़िला करनाल की जो डिस्ट्रीव्यूटरीज हैं उन पर जो ग्राबयाना है वह पंजाब के दूसरे हिस्सों की निसबत ज्यादा है। क्योंकि उन पर यू. पी. गवर्नमेंट की एडमिनिस्ट्रेशन है, इस लिये भी कुछ तसल्लीबख्श काम नहीं होता। हम ने यूनियन मिनिस्ट्री की मारफत यह दरखास्त दी थी कि यह जो गुड़गांव ज़िले में ग्रागरा कैनाल की डिस्ट्रीब्यूट्रीज हैं इनका कंट्रोल पंजाब सरकार को दे दिया जाए ग्रौर ट्रांसफर कर दें। दो महीने हुए दिल्ली में मीटिंग हुई थी। उस में यू. पी. के इरीगेशन मिनिस्टर ग्रौर सैंटर के मिनिस्टर थे ग्रौर पंजाब की तरफ से भी नुमायंदा हाजर था। उस में दो तीन बातों पर डिस्कशन हुई। उस के बाद 3 इंजनीयर्ज की एक कमेटी बनी है। सैंटर के वाटर एंड पावर कमीशन के चेयरमैन उस के चेयरमैन हैं, एक इंजनियर पंजाब का है ग्रौर यू. पी. के चीफ इंजीनियर मैम्बर्ज हैं। वह सारी पोजीशन को एग्जामिन कर रहे हैं। उस में प्रिंसीपली यह फैसला होना है कि जो डिस्ट्रीब्यूट्रीज गुड़गांव ज़िला में से गुजरती हैं, जो होल यू. पी. की जमीनों को सैराब करती हैं उनको छोड़ कर बाकी डिस्ट्रीब्यूट्रीज का कंट्रोल पंजाब सरकार को ट्रांसफर कर दिया जाए। उनकी रिपोर्ट ग्राने पर कार्रवाई की जाएगी।

**श्री रुप लाल महता :** क्या मंत्री महोदय यह बतायेंगे कि इस साल ड्राट में पानी की कमी हुई ग्रागरा नहर का हम ने पानी लेना था, पंजाब सरकार ने कितने कदम उठाए हैं पानी दिलाने के लिए ?

**मन्त्री :** इस साल पानी की सप्लाई का सम्बन्ध ईस्टर्न कैनाल से था, ग्रागरा कैनाल से था। पंजाब की नहरें जो वैस्टर्न जमना कैनाल से, दरियाए जमना से सर्व होती हैं उन की नार्मल रिक्वायरमैंट का चौथा पांचवां हिस्सा भी पानी नहीं था। वह हालात ऐसे थे जिन में पंजाब सरकार या यू. पी. की सरकार मदद नहीं कर सकती थी। ड्राट की वजह से, बारिश न होने की वजह से पानी कम था।

**श्री बाबू दयाल शर्मा :** क्या गवर्नमैण्ट यह बता सकती है कि इतना ग्ररसा से यू. पी. गवर्नमैण्ट चौगना टैक्स वसूल कर रही है, हमारी गवर्नमैण्ट की क्या मजबूरी थी कि कदम नहीं उठाए गए ?

**मन्त्री** : बार 2 इस सवाल को टेक अप किया है। यू. पी. सरकार इसको ट्रांसफर करने के लिये एग्रीएबल नहीं थी। दो दफा मीटिंग्ज़ हो चुकी हैं। इस मामला को परसू करेंगे।

**चौधरी नेत राम** : क्या मंत्री महोदय बताने की कृपा करेंगे कि दूसरी जगहों पर भी जहां किसानों की फसलें खड़ी हैं नहरों में पानी नहीं और इस के नतीजा के तौर पर खुराक में भी कमी है क्या सरकार उन किसानों को अनाज पैदा करने की सुविधा देगी ?

**श्री अध्यक्ष** : यह सवाल पैदा नहीं होता। (This question does not arise.)

**श्री बाबू दयाल शर्मा** : पंजाब सरकार ने यू. पी. सरकार को बार 2 यह बात पेश की ज्यादा रेट चार्ज करने की और उनके न मानने पर इन्होंने यूनियन सरकार को यह मामला कितनी बार पेश किया कि हम से चौगना रेट चार्ज किया जा रहा है ?

**ਬਾਬੂ ਬਚਨ ਸਿੰਘ** : ਡਿਪਟੀ ਸਪੀਕਰ ਸਾਹਿਬਾ, ਮੈਂ ਇਸ ਕਿਸਮ ਦੀ ਹੈਪਹੈਜ਼ਰਡ ਅਮੈਂਡ-ਮੈਂਟ ਦੇ ਹੱਕ ਵਿਚ ਨਹੀਂ ਹਾਂ । ਇਸ ਦੇ ਡਾਈਸੈਂਟਿੰਗ ਨੋਟ ਦੇ ਵਿਚ ਲਿਖਿਆ ਹੈ ਜੋ ਮੈਂ ਆਪਦੀ ਵਾਕਫੀਅਤ ਲਈ ਏਥੇ ਪੜ੍ਹ ਦਿੰਦਾ ਹਾਂ :

> We do not agree with the present amendment in the Punjab Agricultural Produce Markets (Amendment) Bill, 1965, in principle. We will oppose it in the Vidhan Sabha apart from other grounds, on the ground that nominated members should have no right of vote on any matter"

ਮੈਂ ਤਾਂ ਇਹ ਅਰਜ਼ ਕਰ ਰਿਹਾ ਸੀ ਕਿ ਇਹ ਸਭ ਕੁਝ ਗੌਰਮੈਂਟ ਦੀ ਕਨਫਿਊਜ਼ਡ ਥਿੰਕਿੰਗ ਕਰਕੇ ਹੋਇਆ ਹੈ। ਮੈਂ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ ਕਿ ਅਜ ਇਹ ਐਮ. ਐਲ. ਸੀ. ਅਤੇ ਐਮ. ਐਲ. ਏਜ਼. ਨੂੰ ਵੋਟ ਦਾ ਅਧਿਕਾਰ ਦਿਵਾਉਣਾ ਚਾਹੁੰਦੇ ਹਨ। ਪਹਿਲਾਂ ਪ੍ਰਿੰਸੀਪਲ ਐਕਟ ਤਾਂ ਵੇਖਣ। ਇਸ ਦੇ ਵਿਚ ਇਹ ਸਾਫ ਲਿਖਿਆ ਹੋਇਆ ਹੈ ਕਿ ਐਕਸ ਆਫੀਸ਼ੋ ਮੈਂਬਰ ਅਤੇ ਐਸੋਸ਼ੀਏਟਿਡ ਮੈਂਬਰ ਦੋਵਾਂ ਨੂੰ ਅਧਿਕਾਰ ਨਹੀਂ ਹੋਵੇਗਾ ਵੋਟ ਦੇਣ ਦਾ। ਹੋਰ ਤਾਂ ਹੋਰ ਤੁਸੀਂ ਸੰਮਤੀਆਂ ਦੀ ਬਣਤਰ

ਹੀ ਵੇਖ ਲਵੋ ਇਸ ਦੇ ਵਿਚ ਕਿਸੇ ਵੀ ਐਕਸ ਆਫੀਸ਼ੋ ਮੈਂਬਰ ਜਾਂ ਅਸੋਸ਼ੀਏਟਿਡ ਮੈਂਬਰ ਨੂੰ ਰਾਈਟ ਆਫ ਵੋਟ ਨਹੀਂ ਦਿੱਤਾ ਫੇਰ ਕੀ ਵਜ੍ਹਾ ਹੈ ਕਿ ਐਗਰੀਕਲਚਰਲ ਮਾਰਕਟਿੰਗ ਪ੍ਰੋਡੀਊਸ ਐਕਟ ਦੇ ਵਿਚ ਮੈਂਬਰਜ਼ ਨੂੰ ਰਾਈਟ ਆਫ ਵੋਟ ਦਿੱਤਾ ਜਾਵੇ। ਪਰ ਕਿਸੇ ਆਫੀਸ਼ਅਲ ਨੂੰ ਰਾਈਟ ਦਿਲਾ ਦੇਣਾ ਮੈਂ ਸਮਝਦਾ ਹਾਂ ਕਿ ਉਹ ਇਨ੍ਹਾਂ ਦੀਆਂ ਵੋਟਾਂ ਦੇ ਵਿਚ ਖੁਦ ਇੰਟਰੈਸਟਿਡ ਹਨ ਤਾਂ ਐਸਾ ਰਾਈਟ ਦੇ ਰਹੇ ਹਨ। ਜਿਸ ਤਰ੍ਹਾਂ ਇਕ ਤਹਿਸੀਲਦਾਰ ਹੈ ਉਹ ਇਕ ਐਕਸਪਰਟ ਦੇ ਤੌਰ ਤੇ ਬੇਸ਼ਕ ਆਪਣੀ ਰਾਏ ਦੇ ਦੇਵੇ ਪਰ ਉਸ ਨੂੰ ਵੋਟ ਦਾ ਹਕ ਨਹੀਂ ਹੋਣਾ ਚਾਹੀਦਾ ਉਹ ਆਪਣੀ ਐਡਵਾਈਸ ਦੇ ਸਕਦਾ ਹੈ ਇਸ ਤਰ੍ਹਾਂ ਕਿਸੇ ਅਫਸਰ ਨੂੰ ਵੀ ਬੁਲਾਕੇ ਉਸ ਦੀ ਐਡਵਾਈਸ ਲਈ ਜਾ ਸਕਦੀ ਹੈ। ਹਕੀਕਤ ਇਹ ਹੈ ਕਿ ਇਹ ਗੌਰਮੈਂਟ ਕੋਈ ਕਾਨੂੰਨ ਬਣਾਕੇ ਉਸ ਦੀ ਮਿਟੀ ਪਲੀਦ ਕਰਨਾ ਚਾਹੁੰਦੀ ਹੈ। ਇਸ ਵਿਚ ਇਨ੍ਹਾਂ ਨੇ ਲਿਖਿਆ ਹੈ ਕਿ ਮਾਰਕਟਿੰਗ ਬੋਰਡ ਦਾ ਜਿਹੜਾ ਸਰਕਾਰੀ ਮੈਂਬਰ ਹੋਵੇਗਾ ਉਹ ਸਹੀ ਮਨਿਆਂ ਦੇ ਵਿਚ ਮਾਰਕਿਟਿੰਗ ਬੋਰਡ ਦਾ ਮੈਂਬਰ ਹੀ ਹੋਵੇਗਾ। ਮਾਰਕਟਿੰਗ ਬੋਰਡ ਦਾ ਉਹ ਚੇਅਰਮੈਨ ਵੀ ਹੋ ਸਕਦਾ ਹੈ। ਤੁਹਾਨੂੰ ਇਹ ਸਾਰੀ ਹਿਸਟਰੀ ਦਾ ਪਤਾ ਹੀ ਹੈ ਕਿ ਕਿਸ ਤਰ੍ਹਾਂ ਇਨ੍ਹਾਂ ਨੇ ਕਾਨੂੰਨ ਦੀ ਮਿੱਟੀ ਪਲੀਦ ਕੀਤੀ ਹੈ। ਇਨ੍ਹਾਂ ਨੇ ਮਾਰਕਟਿੰਗ ਬੋਰਡ ਦੇ ਚੇਅਰਮੈਨ ਨੂੰ ਹਟਾਕੇ ਇਕ ਨਾਨ-ਆਫੀਸ਼ੀਅਲ ਨੂੰ ਚੇਅਰਮੈਨ ਬਣਾਇਆ ਹੈ ਜਿਸ ਦੀਆਂ ਪੰਜਾਬ ਦੇ ਵਿਚ ਧੁਮਾਂ ਪੈ ਗਈਆਂ ਹਨ। ਇਸ ਤੋਂ ਬਾਅਦ ਮਾਰਕਟਿੰਗ ਬੋਰਡ ਨੂੰ ਤੋੜ ਕੇ ਸਾਰੇ ਕੰਮਾਂ ਲਈ ਡਾਇਰੈਕਟਰ ਦੇ ਸਪੁਰਦ ਕਰ ਦਿੱਤਾ। ਇਸ ਤੋਂ ਬਾਅਦ ਨਵਾਂ ਬੋਰਡ ਕਾਨਸਟੀਚੀਊਟ ਕਰ ਦਿੱਤਾ। ਇਸ ਤਰ੍ਹਾਂ ਦੇ ਕਾਰੋਬਾਰ ਇਹ ਸਰਕਾਰ ਕਾਨਸਟੀਟਿਊਸ਼ਨ ਦੇ ਖਿਲਾਫ ਕਰਦੀ ਹੈ। ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਜੇ ਸਰਕਾਰ ਕੁਝ ਕਰਨਾ ਹੀ ਚਾਹੁੰਦੀ ਹੈ ਤਾਂ ਉਹ ਸਿਧੇ ਤੌਰ ਤੇ ਕੋਈ ਗੱਲ ਕਿਉਂ ਨਹੀਂ ਕਰਦੀ ਉਹ ਇਸ ਤਰ੍ਹਾਂ ਦੇ ਕਾਨੂੰਨ ਬਣਾਕੇ ਲੋਕਾਂ ਨੂੰ ਕਿਉਂ ਕਨਫਿਊਜ਼ ਕਰਦੀ ਹੈ। ਇਕ ਪਾਸੇ ਤਾਂ ਇਹ ਇਸ ਤਰ੍ਹਾਂ ਦਾ ਕਾਨਸਟੀਟਿਊਸ਼ਨ ਤਿਆਰ ਕਰਦੇ ਹਨ ਕਿ ਉਨ੍ਹਾਂ ਨੂੰ ਜਿਹੜੇ ਕਿ ਮਾਰਕਟਿੰਗ ਕਮੇਟੀ ਦੇ ਚੇਅਰਮੈਨ ਜਾਂ ਵਾਈਸ-ਚੇਅਰਮੈਨ ਹਨ ਉਹ ਅਲੈਕਸ਼ਨ ਵਿਚ ਹਿਸਾ ਨਾ ਲੈ ਸਕਣ ਪਰ ਦੂਸਰੀ ਤਰਫ ਸਰਕਾਰੀ ਆਫੀਸ਼ੀਅਲਜ਼ ਨੂੰ ਵੋਟ ਦਾ ਅਧਿਕਾਰ ਦੇ ਕੇ ਉਨ੍ਹਾਂ ਲੱਖਾਂ ਪੰਜਾਬ ਦੇ ਲੋਕਾਂ ਨਾਲ ਬੇਇਨਸਾਫੀ ਕੀਤੀ ਹੈ। ਇਹ ਆਪਣੀ ਮੈਜਾਰਿਟੀ ਬਰਕਰਾਰ ਰੱਖਣ ਲਈ ਇਸਤਰ੍ਹਾਂ ਦੀਆਂ ਗੱਲਾਂ ਕਰਕੇ ਇਕ ਐਸ. ਡੀ. ਐਮ ਬੀ. ਡੀ. ਓ, ਐਮ. ਐਲ. ਏ. ਜਾਂ ਐਮ. ਐਲ. ਸੀ. ਨੂੰ ਇਸ ਤਰ੍ਹਾਂ ਅਧਿਕਾਰ ਦਿਵਾਉਣ ਦੀ ਕੋਸ਼ਸ਼ ਕਰਦੇ ਹਨ ਜਿਹੜਾ ਕਿ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਅਸੀਂ ਇਸ ਗਲ ਦੇ ਬਿਲਕੁਲ ਵੀ ਹਕ ਵਿਚ ਨਹੀਂ ਹਾਂ।

**Minister for Transport and Elections :** Madam, I have to make a humble submission that whether there is any note of dissent or not and whether it is the Regional Committee Stage or the Vidhan Sabha stage, the scope of this Bill is very limited i.e. whether the official members should or should not have the right of vote. If it were a general amemdment of the Principal Act, then anything could be said and this suggestion of my hon. Friend opposite could have been within the scope of the Bill, but not in the case of the present Bill where the scope is very limited.

**उपाध्यक्षा** : अब 11-30 बजे बिज़ोनैस ऐडवाईज़री कमेटी की मीटिंग है। पैनल आफ चेयरमैन में से कोई मैम्बर हाज़िर नहीं है अगर आप इजाजत दें तो डाक्टर बाल कृष्ण को सभा की कार्रवाई चलाने के लिये कह दिया जाये। (The Business Advisory Committee is scheduled to meet

[उपाध्यक्षा]

at 11-30 a. m. Since out of the Panel of Chairmen, none is present now, and I want to go out, Dr. Bal Krishan may be determined by the Assembly to occupy the Chair in my absence, to conduct the proceedings of the House.)

**परिवहन तथा निर्वाचन मंत्री** : मिनिस्टर्ज को एक ही वक्त में बहुत सारे काम अटैंड करने पड़ते हैं आप इधर कहती हैं कि मिनिस्टर्ज हाजर नहीं रहते अब तीन चार कमेटियां हो रही हैं आप कहती हैं इधर हाजर हों, बिज़नैस एडवाईज़री कमेटी की मीटिंग है, एक कमेटी गवर्नर साहिब ने बुलाई है और भी कई हैं। चेयर को चाहिये कि सारी बातों का ध्यान रखे।

उपाध्यक्षा : जिन हालात के अंदर मुझे जाना पड़ा है मैं ने बता दिया है। यह भी ठीक है एक ही वक्त इतनी मीटिंगज़ नहीं होना चाहिये। अगर आप मुनासिब नहीं समझते तो मैं नहीं जाती। (I have informed the House of the circumstances under which I have to leave the House. This is also right that so many meetings should not be held simulteneously. I would not go, if they think that my absence from the House is not proper.)

**ਬਾਬੂ ਬਚਨ ਸਿੰਘ** : ਡਿਪਟੀ ਸਪੀਕਰ ਸਾਹਿਬਾ, ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਇਸ ਗੌਰਮੈਂਟ ਨੇ ਅਫਸਰਾਂ ਨੂੰ ਕੌਂਸਲ ਦੀ ਇਲੈਕਸ਼ਨ ਵਿਚ ਵੋਟ ਦੇਣ ਦਾ ਹਕ ਦੇ ਕੇ ਇਕ ਐਸਾ ਕੰਮ ਕੀਤਾ ਹੈ ਜਿਸ ਨਾਲ ਡੈਮੋਕਰੇਸੀ ਦੀ ਜਿੰਨੀ ਮਿਟੀ ਪਲੀਦ ਇਹ ਕਰ ਸਕਦੇ ਸਨ ਉਹ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਜ ਇਸ ਐਕਟ ਵਿਚ ਇਹ ਤਰਮੀਮ ਲਿਆਉਣ ਲਗੇ ਹਨ। ਰਿਜਨਲ ਕਮੇਟੀ ਵਿਚ ਸਰਦਾਰ ਦਰਬਾਰਾ ਸਿੰਘ ਇਸ ਬਿਲ ਨੂੰ ਪਾਈਲਾਟ ਕਰ ਰਹੇ ਸਨ। ਅਸੀਂ ਉਨ੍ਹਾਂ ਦੀ ਖਿਦਮਤ ਵਿਚ ਅਰਜ਼ ਕੀਤੀ ਸੀ ਕਿ ਆਫੀਸ਼ਲ ਮੈਂਬਰਾਂ ਨੂੰ ਰਾਈਟ ਆਫ ਵੋਟ ਨਾ ਦਿਓ ਤਾਂ ਇਹ ਪਰੋਗਰੈਸਿਵ ਮੇਜ਼ਰ ਹੋਵੇਗਾ। (ਇਸ ਸਮੇਂ ਡਾਕਟਰ ਬਾਲ ਕ੍ਰਿਸ਼ਨ ਚੇਅਰ ਤੇ ਆਏ) ਤੁਸੀਂ ਜਿਹੜਾ ਇਹ ਹੈਪਹਜ਼ਰਡ ਅਤੇ ਹਾਫ ਹਾਰਟਿਡ ਮੇਯਰ ਲਿਆਂਦਾ ਹੈ ਕਿ ਇਲੈਕਸ਼ਨ ਵਿਚ ਤਾਂ ਉਨ੍ਹਾਂ ਤੋਂ ਰਾਈਟ ਲੈ ਲਓਗੇ ਲੇਕਿਨ ਡੇ ਟੂ ਡੇ ਕੰਮਾਂ ਵਿਚ ਵੋਟ ਕਰਨ ਦਾ ਹਕ ਦਿਓਗੇ ਇਹ ਡੈਮੋਕਰੈਟਿਕ ਸੈਟ ਅਪ ਦੇ ਉਲਟ ਹੈ। ਲੇਕਿਨ ਮੈਨੂੰ ਅਫਸੋਸ ਹੈ, ਕਿ ਜਿਸ ਤਰ੍ਹਾਂ ਅਜ ਏਥੇ ਮੁਜ਼ਾਹਿਰਾ ਹੋ ਰਿਹਾ ਹੈ ਬਿਲਕੁਲ ਏਸੇ ਤਰ੍ਹਾਂ ਰੋਜ਼ ਮੁਜ਼ਾਹਰੇ ਹੋ ਰਹੇ ਹਨ। ਇਹ ਮਨਿਸਟਰ ਬਿਲਕੁਲ ਇਨਕੰਪੀਟੈਂਟ ਹਨ।

**ਟ੍ਰਾਂਸਪੋਰਟ ਅਤੇ ਚੋਣ ਮੰਤਰੀ** : ਬਾਬੂ ਜੀ, ਇਹ ਸੈਂਟੈਂਸ ਹਰ ਵੇਲੇ ਲਾ ਦਿੰਦੇ ਹਨ, ਇਹ ਠੀਕ ਨਹੀਂ, ਇਹ ਬੇਮੌਕਾ ਹੈ।

**ਬਾਬੂ ਬਚਨ ਸਿੰਘ** : ਮੈਂ ਜੋ ਕੁਛ ਕਹਿ ਰਿਹਾ ਹਾਂ ਠੀਕ ਹੈ। ਸੈਕਰੀਟੇਰੀਏਟ ਵਲੋਂ ਜੋ ਸਲਿਪ ਆ ਜਾਂਦੀ ਹੈ ਜਾਂ ਇਹ ਕਹੋ ਕਿ ਜਿਹੜਾ ਪਿਛੋਂ ਹੁਕਮ ਇਨ੍ਹਾਂ ਨੂੰ ਆਉਂਦਾ ਹੈ ਇਹ ਤਾਂ ਹਿਜ਼ ਮਾਸਟਰਜ਼ ਵਆਇਸ ਸਾਬਤ ਹੁੰਦੇ ਹਨ, ਹੋਰ ਕੁਛ ਨਹੀਂ। ਸਵਾਲ ਇਹ ਹੈ ਕਿ ਅਗਰ ਉਨ੍ਹਾਂ ਨੂੰ ਇਲੈਕਸ਼ਨ ਵਿਚ ਹਿੱਸਾ ਲੈਣ ਤੋਂ ਮਹਿਰੂਮ ਕਰਨਾ ਹੈ, ਅਗਰ ਇਹ ਚੇਅਰਮੈਨ ਜਾਂ ਵਾਈਸ ਚੇਅਰਮੈਨ ਖੜ੍ਹੇ ਨਹੀਂ ਹੋ ਸਕਦੇ, ਜਿਸ ਤਰ੍ਹਾਂ ਐਕਸ ਆਫੀਸ਼ਿਓ ਮੈਂਬਰਾਂ ਨੂੰ ਰਾਈਟ ਆਫ ਵੋਟ ਨਹੀਂ ਤਾਂ ਮਾਰਕਿਟ ਕਮੇਟੀਆਂ ਵਿਚ ਰਾਈਟ ਆਫ਼ ਵੋਟ ਕਿਉਂ ਦਿਤਾ ਜਾਏ। ਮੈਨੂੰ

ਨਹੀਂ ਆਈ, ਮਨਿਸਟਰਜ਼ ਨੇ ਕਦੇ ਇਸ ਵਿਚ ਸੋਚਿਆ ਨਹੀਂ, ਕਦੇ ਇਸ ਤੇ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ। ਇਹ ਬਿਲਕੁਲ ਹੈਪਹੈਜ਼ਰਡ ਤਰੀਕੇ ਨਾਲ ਕਰ ਰਹੇ ਹਨ। ਮੈਨੂੰ ਸਰਦਾਰ ਗੁਰਦਿਆਲ ਸਿੰਘ ਮੁਆਫ ਕਰਨ। ਇੰਪਰੂਵਮੈਂਟ ਟ੍ਰਸਟ ਲੁਧਿਆਣਾ ਵਿਚ ਸਰਦਾਰ ਅਜਮੇਰ ਸਿੰਘ ਇਸ ਦੇ ਮਹਿਕਮੇ ਦੇ ਇਨਚਾਰਜ ਮਨਿਸਟਰ ਹੋਰਾਂ ਨੇ ਉਥੋਂ ਦੇ ਐਸ. ਡੀ. ਐਮ. ਨੂੰ ਮਜਬੂਰ ਕੀਤਾ ਹੈ।

[*At this stage Dr. Bal Krishan, a member of the Panel of Chairmen, occupied the Chair.*]

**Transport and Elections Minister :** I would request you, Mr. Chairman to ask the hon. Member to confine himself to the matter under discussion. How is Improvement Trust concerned with it ?

Babooji, I have all respect for you but I have the right to invite the attention of the Chair to it.

**ਬਾਬੂ ਬਚਨ ਸਿੰਘ :** ਨਹੀਂ, ਨਹੀਂ, ਤੁਹਾਨੂੰ ਪੂਰਾ ਰਾਈਟ ਹੈ। ਚੇਅਰਮੈਨ ਸਾਹਿਬ, ਮੈਂ ਇਹ ਅਰਜ਼ ਕਰਾਂ ਕਿ ਮੈਂ ਇਹ ਕਹਿ ਰਿਹਾ ਹਾਂ ਕਿ ਇਹ ਸਰਕਾਰ ਦੀ ਇਨਕੰਪੀਟੈਂਸੀ ਦਾ ਸਬੂਤ ਹੈ ਕਿ ਸਰਕਾਰ ਕੋਈ ਗੱਲ ਸੋਚ ਸਮਝ ਕੇ ਨਹੀਂ ਕਰਦੀ ਅਤੇ ਸਰਕਾਰ ਇਸ ਮਾਮਲੇ ਵਿਚ ਪਾਵਰਲੈਸ ਹੈ ਕਿ ਕਿਤੇ ਇਕ ਗਲ ਕਰ ਰਹੀ ਹੈ ਅਤੇ ਕਿਤੇ ਦੂਜੀ ਗੱਲ ਕਰ ਰਹੀ ਹੈ।

**ਟ੍ਰਾਂਸਪੋਰਟ ਅਤੇ ਚੋਣ ਮੰਤਰੀ :** ਜਿਥੇ ਚੰਗੀ ਗਲ ਕਰਦੇ ਹਾਂ ਓਥੇ ਤਾਂ ਕਹਿ ਦਿਓ।

**ਬਾਬੂ ਬਚਨ ਸਿੰਘ :** ਲੁਧਿਆਣੇ ਵਿਚ ਇੰਪਰੂਵਮੈਂਟ ਟਰਸਟ ਦਾ ਚੇਅਰਮੈਨ ਐਸ. ਡੀ. ਐਮ. ਹੈ।

**Transport and Elections Minister :** I would again request you to ask the hon. Member to be relevant.

**Mr. Chairman :** I would request the hon. Member to be relevant. Rule 132 of the Assembly Rules is absolutely clear on the point. If the hon. Member likes, I can read it out.

**Transport and Elections Minister :** He knows it well.

**ਬਾਬੂ ਬਚਨ ਸਿੰਘ :** ਮਿਸਟਰ ਚੇਅਰਮੈਨ, ਮੈਂ ਤੁਹਾਡੀ ਖਿਦਮਤ ਵਿਚ ਗੁਜ਼ਾਰਿਸ਼ ਕਰਾਂਗਾ ਕਿ ਅਗਰ ਮੈਂ ਕਿਸੇ ਗਲ ਨੂੰ, ਕਿਸੇ ਪੁਆਇੰਟ ਨੂੰ ਥ੍ਰਸਟ ਕਰਨਾ ਚਾਹੁੰਦਾ ਹਾਂ ਜਬਰਨ ਤਾਂ ਤੁਸੀਂ ਮੈਨੂੰ ਜ਼ਰੂਰ ਰੋਕੋ ਲੇਕਿਨ ਅਗਰ ਮੈਂ ਉਸ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹਾਂ ਕਿ ਮੈਂ ਆਪਣੀ ਗੱਲ ਦੀ ਪੁਸ਼ਟੀ ਲਈ, ਜਿਹੜੀ ਗਲ ਮੈਂ ਕਹਿ ਰਿਹਾ ਹਾਂ ਉਸ ਗੱਲ ਨੂੰ ਮਜ਼ਬੂਤ ਕਰਨ ਲਈ ਕਹਿ ਰਿਹਾ ਹਾਂ ਤਾਂ ਠੀਕ ਹੈ।

**ਚੀਫ ਪਾਰਲੀਮੈਂਟਰੀ ਸਕਟਰੀ :** ਜਬਰਨ ਥ੍ਰਸਟ ਕੀ ਹੁੰਦਾ ਹੈ।

**ਬਾਬੂ ਬਚਨ ਸਿੰਘ :** ਇਹ ਨਾ ਪੁਛੋ ਤਾਂ ਚੰਗਾ ਹੈ।

**ਟਰਾਂਸਪੋਰਟ ਅਤੇ ਚੋਣ ਮੰਤਰੀ :** ਅਸੀਂ ਵੈਸੇ ਹੀ ਮੰਨਦੇ ਹਾਂ। ਅਸੀਂ ਇਸ ਤੋਂ ਬਗੈਰ ਹੀ ਮਜ਼ਬੂਤ ਮੰਨਦੇ ਹਾਂ।

**ਬਾਬੂ ਬਚਨ ਸਿੰਘ :** ਚੇਅਰਮੈਨ ਸਾਹਿਬ, ਗੁਜ਼ਾਰਿਸ਼ ਇਹ ਹੈ ਕਿ ਇਹ ਮਨਿਸਟਰੀ ਸੋਚ ਸਮਝ ਕੇ ਨਹੀਂ ਚਲ ਰਹੀ। ਮੇਰਾ ਤਾਂ ਪੁਆਇੰਟ ਇਹ ਹੈ ਕਿ ਇਹ ਅਮੈਂਡਮੈਂਟ ਬਗੈਰ ਸੋਚੇ ਸਮਝੇ ਲਿਆਂਦੀ ਗਈ ਹੈ ਕਿਉਂਕਿ ਇਨ੍ਹਾਂ ਅਸਲ ਹਾਕਮਾਂ ਨੇ ਇਨ੍ਹਾਂ ਨੂੰ ਹੁਕਮ ਦਿਤਾ ਹੈ ਇਸ ਕਰਕੇ ਇਹ ਗਲ ਭਾਵੇਂ ਦਿਲੋਂ ਮੰਨਦੇ ਹੋਣ, ਭਾਵੇਂ ਇਨ੍ਹਾਂ ਨਾਲ ਦਲੀਲ ਦੇ ਕੇ ਗਲ ਕਰੋ ਤਾਂ ਇਹ

[ਬਾਬੂ ਬਚਨ ਸਿੰਘ]

ਉਸ ਦੇ ਨਾਲ ਸਹਿਮਤ ਵੀ ਹੋ ਜਾਣ ਲੇਕਿਨ ਚੂੰਕਿ ਪਿਛੇ ਤੋਂ ਕਾਰਵਾਈ ਹੁੰਦੀ ਹੈ ਇਸ ਕਰਕੇ ਇਹ ਮਜਬੂਰ ਹਨ ਵਿਚਾਰੇ । ਇਨ੍ਹਾਂ ਨੂੰ ਤਾਂ ਹੋਰ ਗਲਾਂ ਤੋਂ ਵਕਤ ਹੀ ਨਹੀਂ ਮਿਲਦਾ । 11 ਜਨਵਰੀ ਤੋਂ ਬਾਅਦ ਅਜ ਤਕ ਦਿੱਲੀ ਇਨ੍ਹਾਂ ਦੀ ਖਹਿੜਾ ਨਹੀਂ ਛਡਦੀ । ਇਹ ਕੀ ਕਰਨ। ਕਿਤੇ ਐਸ. ਡੀ. ਐਮ. ਨੂੰ ਮੈਂਬਰੀ ਤੋਂ ਹਟਾ ਰਹੇ ਨੇ ਤੇ ਕਿਤੇ ਐਸ. ਡੀ. ਐਮ. ਨੂੰ ਚੇਅਰਮੈਨ ਲਾ ਰਹੇ ਨੇ । ਜਿਥੇ ਐਨੀ ਕੰਟਰਾਡਿਕਸ਼ਨ ਹੋਵੇ, ਅਗਰ ਮਨਿਸਟਰੀ ਸੁਤੀ ਪਈ ਹੋਵੇ ਤਾਂ ਹਾਊਸ ਦਾ ਫਰਜ਼ ਹੈ ਕਿ ਉਸ ਨੂੰ ਜਗਾਵੇ । ਇਹ ਹਾਊਸ ਦਾ ਕੰਮ ਹੈ । ਅਗਰ ਮਨਿਸਟਰੀ ਬੇਅਕਲ ਹੈ ਤਾਂ ਉਸ ਨੂੰ ਕੰਮ ਲਿਆਵੇ ਤੇ ਅਕਲ ਵਾਲੇ ਸੁਝਾ ਦੇਵੇ । ਇਹ ਹਾਊਸ ਦਾ ਕੰਮ ਹੈ।

**ਟ੍ਰਾਂਸਪੋਰਟ ਅਤੇ ਚੋਣ ਮੰਤਰੀ** : ਸਾਨੂੰ ਕੋਈ 15 ਜਾਂ 20 ਦਿਨ ਹੋ ਗਏ ਹਨ ਅਕਲ ਬੇਅਕਲ ਸੁਣਦੇ ਹਾਂ । ਅਸੀਂ ਸਫੈਦ ਰੀਸ਼ ਹੋਣ ਦੇ ਨਾਤੇ ਉਨ੍ਹਾਂ ਦੀ ਕਦਰ ਕਰਦੇ ਹਾਂ ਵਰਨਾ ਅਕਲ ਦਾ ਤਕਾਜ਼ਾ ਪਤਾ ਨਹੀਂ ਕਿਹੜੇ ਪਾਸੇ ਹੈ।

**ਬਾਬੂ ਬਚਨ ਸਿੰਘ** : ਜਿਥੋਂ ਤਕ ਸਰਦਾਰ ਗੁਰਦਿਆਲ ਸਿੰਘ ਦਾ ਤਅੱਲੁਕ ਹੈ ਮੈਨੂੰ ਪਰਮਨਲੀ ਉਨ੍ਹਾਂ ਦੇ ਖਿਲਾਫ ਕੋਈ ਗਰੱਜ ਨਹੀਂ । ਮੈਂ ਮਿਨਿਸਟਰੀ ਐਜ਼ ਏ ਹੋਲ ਕਹਿੰਦਾ ਹਾਂ।

**ਟ੍ਰਾਂਸਪੋਰਟ ਅਤੇ ਚੋਣ ਮੰਤਰੀ** : ਅਸੀਂ ਵਿਚ ਆ ਜਾਂਦੇ ਹਾਂ।

**ਬਾਬੂ ਬਚਨ ਸਿੰਘ** : ਇਸ ਦੇ ਵਿਚ ਥੋੜ੍ਹਾ ਜਿਹਾ ਹੀ ਆਉਂਦੇ ਹੋ । ਫੇਰ ਹਾਊਸ ਵਿਚ ਵੀ ਆ ਜਾਓਗੇ । ਇਸ ਵੇਲੇ ਹਾਊਸ ਦੀ ਡਿਊਟੀ ਇਹ ਹੈ ਕਿ..........

**ਸ੍ਰੀ ਚੇਅਰਮੈਨ** : ਬਾਬੂ ਜੀ, ਹਾਊਸ ਦੀ ਡਿਊਟੀ ਨਾ ਦਸੋ, ਰੈਲੇਵੈਂਟ ਪੁਆਇੰਟ ਦਸੋ ।

(Addressing Babu Bachan Singh—the hon. member should not state the duties of the House, he should state only relevant points.)

**ਬਾਬੂ ਬਚਨ ਸਿੰਘ** : ਇਸ ਮਾਮਲੇ ਵਿਚ ਬਹੁਤ ਜ਼ਿਆਦਤੀ ਹੋ ਰਹੀ ਹੈ, ਬਹੁਤ ਬੰਗਲਿੰਗ ਹੋ ਰਹੀ ਹੈ ਤਾਂ ਕੀ ਮੈਂ ਇਸ ਪੁਆਇੰਟ ਤੇ ਤੁਹਾਡੀ ਖਿਦਮਤ ਵਿਚ ਅਰਜ਼ ਨਾ ਕਰਾਂ ਅਤੇ ਤੁਹਾਡੀ ਮਾਰਫਤ ਹਾਊਸ ਨੂੰ ਅਰਜ਼ ਨਾ ਕਰਾਂ ? ਕੋਈ ਸਿਸਟੇਮੈਟਿਕ ਕੰਮ ਹੋਣਾ ਚਾਹੀਦਾ ਹੈ । ਜਿਹੜਾ ਹੈਪ ਹੈਜ਼ਰਡ ਹੈ, ਹਾਫ ਹਾਰਟਿਡ ਹੈ ਇਹ ਕੰਮ ਨਹੀਂ ਹੋਣਾ ਚਾਹੀਦਾ । ਅਗਰ ਇਹ ਮਹਿਸੂਸ ਕਰਦੇ ਨੇ ਕਿ ਵਾਕਈ ਇਨ੍ਹਾਂ ਨੇ ਜਿਹੜਾ ਆਫੀਸ਼ੀਅਲਜ਼ ਨੂੰ ਵੋਟ ਦਾ ਰਾਈਟ ਦਿਤਾ ਸੀ ਚੇਅਰਮੈਨ ਖੜੇ ਹੋਣ ਲਈ ਜਾਂ ਵਾਈਸ ਚੇਅਰਮੈਨ ਲਈ ਘਟੋ ਘਟ ਹੁਣ ਤਾਂ ਆਫੀਸ਼ੀਅਲ ਬਾਡੀ ਦੇ ਚੇਅਰਮੈਨ ਨਾ ਬਣਾਓ ਜਿਸ ਤਰ੍ਹਾਂ ਹੁਣੇ ਹੁਣੇ ਸਰਦਾਰ ਅਜਮੇਰ ਸਿੰਘ ਨੇ ਇਕ ਐਸ. ਡੀ. ਐਮ. ਨੂੰ ਚੇਅਰਮੈਨ ਬਣਾ ਦਿਤਾ ਹੈ। ਮੇਰਾ ਇਤਰਾਜ਼ ਹੈ।

**ਯੋਜਨਾ ਅਤੇ ਸਥਾਨਕ ਸ਼ਾਸਨ ਮੰਤਰੀ** : ਇਹ ਕਦੋਂ ਦਾ ਪਹਿਲਾ ਫੈਸਲਾ ਹੋਇਆ ਹੈ ਕਿ ਜਿਨ੍ਹਾਂ ਮਿਊਨਸਪਲ ਕਮੇਟੀਆਂ ਦਾ ਕੰਮ ਅਛਾ ਨਾ ਚਲੇ, ਉਨ੍ਹਾਂ ਦੀ ਇਨਕਮ ਥੋੜੀ ਹੋਵੇ ਓਥੇ ਪਰਮਾਨੈਂਟ ਇੰਪਰੂਵਮੈਂਟ ਟ੍ਰਸਟ ਨਾ ਬਣਾਇਆ ਜਾਵੇ। ਓਥੋਂ ਦੇ ਐਸ. ਡੀ. ਐਮ. ਨੂੰ ਪਾਰਟ ਟਾਈਮ ਲਈ ਬਣਾ ਦਿਤਾ ਜਾਵੇ। It is not a decision of this Government. It is here since long.

**Mr. Chairman** : It is a make shift arrangement so to say.

**ਬਾਬੂ ਬਚਨ ਸਿੰਘ** : ਕਿਤੇ ਤਾਂ ਇਹ ਐਸ. ਡੀ. ਐਮ. ਨੂੰ ਚੇਅਰਮੈਨ ਬਣਾਉਂਦੇ ਹਨ, ਕਿਤੇ ਬਣੇ ਹੋਏ ਐਸ. ਡੀ. ਐਮ. ਨੂੰ ਅਸਤੀਫਾ ਦੇਣ ਲਈ ਮਜਬੂਰ ਕਰਦੇ ਨੇ । ਅਸਲ ਵਿਚ ਇਨ੍ਹਾਂ

ਵਿਚ ਅਜੇ ਤਕ ਡੈਮੋਕਰੈਟਿਕ ਸਪਿਰਿਟ ਆਈ ਨਹੀਂ । ਇਹ ਆਪਣੇ ਆਪ ਨੂੰ ਬਾਦਸ਼ਾਹ ਸਮਝਦੇ ਨੇ । ਅਤੇ ਜਿਹੜੇ ਸੈਕਰੈਟਰੀਜ਼ ਹਨ ਉਹ ਇਨ੍ਹਾਂ ਤੋਂ ਵੀ ਉਪਰ ਹਨ, ਜਿਵੇਂ ਕੋਈ ਵਜ਼ੀਰ ਕਾਬਜ਼ ਹੋਵੇ ਤੇ ਉਹ ਬਾਦਸ਼ਾਹ ਨੂੰ ਕੁਝ ਨਾ ਸਮਝਦਾ ਹੋਵੇ, ਇਹੋ ਜਿਹੀ ਹਾਲਤ ਇਨ੍ਹਾਂ ਦੀ ਹੈ। ਨਾ ਉਨ੍ਹਾਂ ਨੂੰ ਕੋਈ ਡਰ ਹੈ । ਐਸੀ ਹਾਲਤ ਪੰਜਾਬ ਵਿਚ ਪੈਦਾ ਹੋ ਗਏ ਨੇ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਇਹ ਜੋ ਅਮੈਂਡਮੈਂਟ ਲਿਆਉਣੀ ਸੀ ਤਾਂ ਕੰਪਰੀਹੈਂਸਿਵ ਲਿਆਉਣੀ ਸੀ ਔਰ ਇਸ ਤਰ੍ਹਾਂ ਲਿਆਉਣੀ ਸੀ ਜਿਸ ਦੇ ਨਾਲ ਇਸ ਬਿਲ ਦੇ ਸਾਰੇ ਡੀਫੈਕਟ ਦੂਰ ਹੋ ਜਾਂਦੇ । ਅਮੈਂਡਮੈਂਟਾਂ ਦਾ ਇਹ ਹਾਲ ਹੈ ਕਿ ਲੋਕ ਹਾਈ ਕੋਰਟ ਦੇ ਵਿਚ ਜਾ ਕੇ ਜਦੋਂ ਰਿੱਟਾਂ ਕਰਦੇ ਹਨ ਤਾਂ ਉਸ ਤੋਂ ਬਾਅਦ ਇਹ ਹਰ ਵਾਰੀ ਅਮੈਂਡਮੈਂਟਾਂ ਲੈ ਆਉਂਦੇ ਹਨ। ਕਨਸਾਲੀਡੇਸ਼ਨ ਦੇ ਸਿਲਸਿਲੇ ਵਿਚ ਜਿਸ ਵੇਲੇ ਪਹਿਲਾਂ ਸਰਦਾਰ ਅਜਮੇਰ ਸਿੰਘ ਹੋਰੀਂ ਰੈਵੀਨਿਊ ਮਨਿਸਟਰ ਰਹੇ ਸਨ ਉਦੋਂ ਉਹ ਹਰ ਸੈਸ਼ਨ ਵਿਚ ਦੋ ਦੋ ਤਰਮੀਮਾਂ ਲਿਆਉਂਦੇ ਰਹੇ ਹਨ ਕਿਉਂਕਿ ਹਾਈਕੋਰਟ ਕਦੇ ਕਿਸੇ ਸੈਕਸ਼ਨ ਨੂੰ ਖਿਲਾਫ਼ ਕਾਨੂੰਨ ਕਰਾਰ ਦੇ ਦਿੰਦੀ ਸੀ ਔਰ ਕਦੇ ਕਿਸੇ ਨੂੰ। ਉਸ ਤੋਂ ਬਾਅਦ ਇਹ ਫੇਰ ਤਰਮੀਮ ਲਿਆਉਂਦੇ ਸੀ । ਇਸ ਤੋਂ ਸਾਫ ਜ਼ਾਹਿਰ ਹੈ ਕਿ ਇਹ ਕਦੇ ਵੀ ਕਿਸੇ ਗਲ ਲਈ ਸੀਰੀਅਸ ਥਾਟ ਨਹੀਂ ਦਿੰਦੇ । ਮੈਂ ਕਹਿੰਦਾ ਹਾਂ ਕਿ ਇਨ੍ਹਾਂ ਸਾਰੇ ਮਾਮਲਿਆਂ ਤੇ ਗੌਰਮੈਂਟ ਨੂੰ ਸਿਸਟ-ਮੈਟੀਕਲੀ ਕੰਮ ਕਰਨਾ ਚਾਹੀਦਾ ਹੈ, ਆਏ ਰੋਜ਼ ਦਿੱਲੀ ਵਲ ਭਜ ਨਠ ਛਡ ਦੇਣੀ ਚਾਹੀਦੀ ਹੈ। ਤੁਸੀਂ ਪੰਜਾਬ ਦੇ ਮਾਮਲਿਆਂ ਵਲ ਧਿਆਨ ਦਿਉ, ਏਸ ਵੇਲੇ ਪੰਜਾਬ ਨੂੰ ਚੰਗੀ ਐਡਮਨਿਸਟਰੇਸ਼ਨ ਦੀ ਲੋੜ ਹੈ, ਪੰਜਾਬ ਨੂੰ ਮਜ਼ਬੂਤ ਅਤੇ ਐਫੀਸ਼ੀਐਂਟ ਗੌਰਮੈਂਟ ਦੀ ਲੋੜ ਹੈ । (ਕਿਸੇ ਮਾਨਯੋਗ ਮੈਂਬਰ ਵੱਲੋਂ ਆਵਾਜ਼ : ਬਾਬੂ ਜੀ, ਤੁਹਾਡੀਆਂ ਬੈਂਚਾਂ ਤੇ ਕੋਈ ਮੈਂਬਰ ਵੀ ਬੈਠਾ ਹੈ।) ਚੇਅਰਮੈਨ ਸਾਹਿਬ, ਅਗਰ ਆਪੋਜ਼ੀਸ਼ਨ ਦੇ ਮੈਂਬਰ ਨਾ ਵੀ ਹੋਣ ਤਾਂ ਉਸ ਦੇ ਨਾਲ ਗੌਰਮੈਂਟ ਦੀ ਜ਼ਿਮੇਵਾਰੀ ਕਮ ਨਹੀਂ ਹੋ ਜਾਂਦੀ, ਗੌਰਮੈਂਟ ਦੀ ਜ਼ਿਮੇਦਾਰੀ ਆਪਣੀ ਜ਼ਿੰਮੇਦਾਰੀ ਔਰ ਗੌਰਮੈਂਟ ਦੀ ਜ਼ਿਮੇਦਾਰੀ ਹੈ ਪੰਜਾਬ ਦੇ ਵਿਚ ਇਕ ਗੁਡ ਗੌਰਮੈਂਟ ਕਾਇਮ ਕਰੇ ਔਰ ਉਸ ਦਾ ਬੁਨਿਆਦੀ ਅਸੂਲ ਇਹ ਹੈ ਕਿ ਏਥੇ ਡੈਮੋਕਰੈਟਿਕ ਸੈਟਅਪ ਹੋਣਾ ਚਾਹੀਦਾ ਹੈ । ਡੈਮੋਕਰੈਟਿਕ ਸੈਟ ਅਪ ਦਾ ਅਸੂਲ ਇਹ ਹੈ ਕਿ ਨੌਕਰ ਨੂੰ ਕਦੇ ਵੀ ਮਾਲਕ ਨਹੀਂ ਬਣਾਉਣਾ ਚਾਹੀਦਾ, ਨੌਕਰ ਕਾਬਲ ਹੋ ਸਕਦਾ ਹੈ, ਨੌਕਰ ਦੀ ਰਾਏ ਚੰਗੀ ਹੋ ਸਕਦੀ ਹੈ, ਉਸ ਦੀ ਤੁਸੀਂ ਵਧ ਤੋਂ ਵਧ ਇਜ਼ਤ ਕਰੋ ਲੇਕਿਨ ਨੌਕਰ ਨੂੰ ਨੌਕਰ ਦੇ ਥਾਂ ਤੇ ਰੱਖੋ। ਇਹ ਅਮੈਂਡਮੈਂਟ ਲਿਆ ਕੇ ਮੈਂ ਸਮਝਦਾ ਹਾਂ ਨੌਕਰ ਨੂੰ ਮਾਲਿਕ ਬਣਾਇਆ ਗਿਆ ਹੈ । ਇਨ੍ਹਾਂ ਨੇ ਨੌਕਰ ਨੂੰ ਹੁਣ ਅੱਧੀ ਮਾਲਕੀ ਤੋਂ ਹਟਾਉਣ ਦੀ ਕੋਸ਼ਿਸ਼ ਕੀਤੀ ਹੈ ਔਰ ਅਧ ਨਾਲੋਂ ਘਟ ਉਸ ਨੂੰ ਮਾਲਿਕ ਰਖਣ ਦੀ ਕੋਸ਼ਿਸ਼ ਕੀਤੀ ਹੈ ।

**ਸਰਦਾਰ ਹਰਚਰਨ ਸਿੰਘ ਬਰਾੜ** : ਬਾਬੂ ਜੀ, ਉਹ ਮਾਲਿਕ ਹੀ ਹਨ, ਨੌਕਰ ਤਾਂ ਅਸੀਂ ਹਾਂ।

**ਬਾਬੂ ਬਚਨ ਸਿੰਘ** : ਹਾਂ ਜੀ ਉਨ੍ਹਾਂ ਨੇ ਸਚ ਕਿਹਾ ਹੈ ਬਿੱਲੀ ਥੈਲੇ ਵਿਚੋਂ ਨਿਕਲ ਹੀ ਆਉਂਦੀ ਹੈ। ਪਰ ਇਹ ਕਿਸੇ ਦਿਨ ਥੈਲੇ ਨੂੰ ਪਾੜ ਹੀ ਦੇਵੇਗੀ । ਪਰ ਜੇ ਬਿੱਲੀ ਨੂੰ ਥੈਲੇ ਵਿਚ ਵੜਨ ਨਾ ਦਿਉ ਤਾਂ ਥੈਲਾ ਬਚ ਸਕਦਾ ਹੈ । ਏਸ ਅਮੈਂਡਮੈਂਟ ਨਾਲ ਗੌਰਮੈਂਟ ਨੂੰ ਕਲੀਅਰ ਤੌਰ ਤੇ ਅਸ਼ੋਰੈਂਸ ਦੇਣੀ ਚਾਹੀਦੀ ਹੈ ਕਿ ਨੌਕਰ ਨੂੰ ਕਦੇ ਵੀ ਮਾਲਿਕ ਬਣਾਉਣ ਦੀ ਕੋਸ਼ਿਸ਼ ਨਹੀਂ ਕੀਤੀ ਜਾਵੇਗੀ ਔਰ ਉਸ ਨੂੰ ਕਿਤੇ ਵੀ ਰਾਈਟ ਆਫ ਵੋਟ ਨਹੀਂ ਦਿੱਤਾ ਜਾਵੇਗਾ । He is to serve and not to dominate. ਇਹ ਜਿਹੜੀ ਤੁਸੀਂ ਅਮੈਂਡਮੈਂਟ ਲਿਆਂਦੀ ਹੈ ਇਹ ਪਰਪਜ਼ ਸਰਵ ਨਹੀਂ ਕਰਦੀ ਬਲਕਿ ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਉਸ ਮਕਸਦ ਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ । ਮਿਹਰਬਾਨੀ ਕਰਕੇ ਇਨ੍ਹਾਂ ਪਰਦਿਆਂ ਨੂੰ ਉਗੜਨ ਦਿਉ ਔਰ ਕਲੀਅਰ ਤੌਰ ਤੇ ਕਹੋ ਕਿ ਨੌਕਰ ਨੌਕਰ ਰਹੇਗਾ ਔਰ ਮਾਲਿਕ ਮਾਲਿਕ ਰਹੇਗਾ।

[ਬਾਬੂ ਬਚਨ ਸਿੰਘ]

ਮੈਂ ਕਹਿੰਦਾ ਹਾਂ ਕਿ ਇਹ ਬਿਲ ਸਾਨੂੰ ਇਸ ਸੂਰਤ ਵਿਚ ਨਹੀਂ ਪਾਸ ਕਰਨਾ । ਮੈਂ ਕਹਿੰਦਾ ਹਾਂ ਕਿ ਇਸ ਨੂੰ ਇਸ ਸੂਰਤ ਵਿਚ ਨਹੀਂ ਪਾਸ ਕਰਨਾ ਚਾਹੀਦਾ ਬਲਕਿ ਇਕ ਕੰਪਰੀਹੈਂਸਿਵ ਅਮੈਂਡ-ਮੈਂਟ ਲਿਆਉਣੀ ਚਾਹੀਦੀ ਹੈ। ਇਹ ਤਾਂ ਸਾਰਾ ਰੌਟਨ ਬਿਲ ਹੈ ਜਿਸ 'ਤੇ ਜੇ ਬਹਿਸ ਕਰੀਏ ਤਾਂ ਬੜੀ ਦੇਰ ਲਗਦੀ ਔਰ ਉਤਨਾ ਸਾਡੇ ਕੋਲ ਸਮਾਂ ਨਹੀਂ ਹੈ । ਇਸ ਕਰਕੇ ਮੈਂ ਸਿਰਫ ਇਹ ਹੀ ਕਹਿੰਦਾ ਹਾਂ ਕਿ ਗੌਰਮੈਂਟ ਨੂੰ ਬੜੀ ਸੰਜੀਦਗੀ ਨਾਲ ਵਿਚਾਰ ਕਰਨਾ ਚਾਹੀਦਾ ਹੈ ਔਰ ਜਿਹੜੀਆਂ ਖਾਮੀਆਂ ਹਨ ਉਨ੍ਹਾਂ ਨੂੰ ਦੂਰ ਕਰ ਦੇਣਾ ਚਾਹੀਦਾ ਹੈ । ਕਮ ਅਜ਼ ਕਮ ਇਤਨਾ ਜ਼ਰੂਰ ਕਹਿ ਦੇਣਾ ਚਾਹੀਦਾ ਹੈ ਕਿ ਕਿਸੇ ਆਫੀਸ਼ਲ ਨੂੰ ਵੋਟ ਦੇਣ ਦਾ ਰਾਈਟ ਨਹੀਂ ਹੋਵੇਗਾ । ਮੈਨੂੰ ਆਸ ਹੈ ਕਿ ਗੌਰਮੈਂਟ ਇਨ੍ਹਾਂ ਗੱਲਾਂ ਵਲ ਜ਼ਰੂਰ ਧਿਆਨ ਦੇਵੇਗੀ।

**ਕਾਮਰੇਡ ਰਾਮ ਪਿਆਰਾ** (ਕਰਨਾਲ) : ਚੇਅਰਮੈਨ ਸਾਹਿਬ, ਜਿੱਥੋਂ ਤਕ ਮਿਨਿਸਟਰ ਨੇ ਇਹ ਕਿਹਾ ਹੈ ਕਿ ਇਹ ਪਰੋਗਰੈਸਿਵ ਸਟੈਪ ਹੈ ਮੈਂ ਉਸ ਦੇ ਨਾਲ ਇਤਫਾਕ ਕਰਦਾ ਹਾਂ। ਇਤਫਾਕ ਇਸ ਵਾਸਤੇ ਕਰਦਾ ਹਾਂ ਕਿ ਗੌਰਮੈਂਟ ਨੂੰ ਜਿਸ ਵਕਤ ਮੈਂਬਰਾਂ ਦੇ ਕਰਿਟੀਸਿਜ਼ਮ ਤੋਂ ਬਾਅਦ ਪਤਾ ਲਗਾ ਕਿ ਕਈ ਅਫਸਰ ਸਿਰਫ ਅਫਸਰਾਂ ਵਾਲਾ ਅਤੇ ਐਡਮਨਿਸਟਰੇਟਿਵ ਕੰਮ ਹੀ ਨਹੀਂ ਕਰਦੇ ਬਲਕਿ ਪਾਲੇਟਿਕਸ ਵਿਚ ਉਲਝ ਕੇ ਪੁਲੀਟੀਕਲ ਅਖਾੜਾ ਬਣਾ ਦਿੰਦੇ ਹਨ, ਇਸ ਤੋਂ ਬਾਅਦ ਗੌਰਮੈਂਟ ਨੂੰ ਖਿਆਲ ਆਇਆ ਔਰ ਉਹ ਇਹ ਤਰਮੀਮ ਲਿਆਈ ਗਈ, ਜਿਥੋਂ ਤਕ ਸਟੇਟਮੈਂਟ ਆਫ ਆਬਜੈਕਟਸ ਐਂਡ ਰੀਜ਼ਨਜ਼ ਦਾ ਤਅੱਲੁਕ ਹੈ ਉਸ ਵਿਚ ਕਲੀਅਰਲੀ ਲਿਖਿਆ ਹੈ :—

> "This provision has often been criticised on the ground that the official members get involved in party politics in connection with the elections of Chairman and Vice-Chairman."

ਤੇ, ਚੇਅਰਮੈਨ ਸਾਹਿਬ, ਇਸ ਤੋਂ ਮੈਂ ਇਕ ਨਤੀਜੇ ਤੇ ਪਹੁੰਚਿਆ ਹਾਂ ਕਿ ਗੌਰਮੈਂਟ ਕੋਲ ਆਪਣੀ ਕਾਬਲੀਅਤ ਕੋਈ ਨਹੀਂ ਹੈ ਜਿਸ ਵਕਤ ਹਾਊਸ ਦੇ ਵਿਚ ਨੁਕਤਾਚੀਨੀ ਕੀਤੀ ਜਾਂਦੀ ਹੈ, ਔਰ ਕਈ ਪੁਆਇੰਟ ਇਨ੍ਹਾਂ ਦੇ ਨੋਟਿਸ ਵਿਚ ਲਿਆਂਦੇ ਜਾਂਦੇ ਹਨ ਤਾਂ ਫੇਰ ਜਾ ਕੇ ਇਨ੍ਹਾਂ ਦੀ ਅਕਲ ਕੁਝ ਰਾਹੇਰਾਸਤ ਤੇ ਆਉਂਦੀ ਹੈ ਔਰ ਇਹ ਮੈਂਬਰਾਂ ਦਾ ਕਿਹਾ ਮਨਦੇ ਹਨ। ਇਸ ਈਸ਼ੂ ਤੇ ਇਤਫਾਕ ਕਰਦਾ ਹੋਇਆ ਮੈਂ ਇਨ੍ਹਾਂ ਨੂੰ ਮੁਬਾਰਿਕਬਾਦ ਦਿੰਦਾ ਹਾਂ ਲੇਕਿਨ ਇਹ ਗਲ ਵੀ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਅਗਲੀਆਂ ਗਲਤੀਆਂ ਫੇਰ ਨਾ ਕਰਨ। ਕਰਨਾਲ ਦੀ ਮਾਰਕਿਟ ਕਮੇਟੀ ਦਾ ਇਲੈਕਸ਼ਨ 1965 ਦੇ ਵਿਚ ਹੋਇਆ ਸੀ ਮਗਰ ਪੰਜਾਬ ਦੇ ਹੋਮ ਮਨਿਸਟਰ ਸਰਦਾਰ ਦਰਬਾਰਾ ਸਿੰਘ ਨੇ ਆਪਣੇ ਜ਼ਾਤੀ ਸਿਆਸੀ ਅਗਰਾਜ਼ ਲਈ ਉਸ ਮਾਰਕਿਟ ਕਮੇਟੀ ਨੂੰ ਨੋਟੀਫਾਈ ਨਹੀਂ ਹੋਣ ਦਿੱਤਾ ਔਰ ਨਾ ਹੀ ਗਜ਼ਟ ਹੋਣ ਦਿਤਾ ਹੈ। ਐਸੀਆਂ ਚੀਜ਼ਾਂ ਨਹੀਂ ਹੋਣੀਆਂ ਚਾਹੀਦੀਆਂ। ਮੈਂ ਸਮਝਦਾ ਹਾਂ ਕਿ ਜਿੱਥੇ ਅਸੀਂ ਅਫਸਰਾਂ ਕੋਲੋਂ ਐਕਸਪੈਕਟ ਕਰਦੇ ਹਾਂ ਔਰ ਉਨ੍ਹਾਂ ਨੂੰ ਮਜਬੂਰ ਕਰਦੇ ਹਾਂ ਕਿ ਉਹ ਬਤੌਰ ਅਫਸਰਾਂ ਦੇ ਆਪਣੀ ਡਿਊਟੀ ਨੂੰ ਪੂਰੀ ਤਰ੍ਹਾਂ ਨਿਭਾਉਣ ਉਥੇ ਮਨਿਸਟਰਾਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਬਤੌਰ ਮਿਨਿਸਟਰ ਆਪਣੇ ਫਰਜ਼ਾਂ ਅਤੇ ਡਿਊਟੀ ਨੂੰ ਠੀਕ ਤਰ੍ਹਾਂ ਨਾਲ ਅਦਾ ਕਰਨ ਔਰ ਆਪਣੇ ਜ਼ਾਤੀ ਅਗਰਾਜ਼ ਨੂੰ ਉਸ ਦੇ ਵਿਚ ਨਾ ਲਿਆਉਣ। ਚੇਅਰ-ਮੈਨ ਸਾਹਿਬ, ਮਾਰਕਿਟ ਕਮੇਟੀ ਦੀ ਟਰਮ ਸਿਰਫ ਤਿੰਨ ਸਾਲ ਹੁੰਦੀ ਹੈ। ਉਸ ਦੇ ਵਿਚੋਂ ਇਕ ਸਾਲ ਗੁਜ਼ਰ ਗਿਆ ਹੋਵੇ ਔਰ ਉਸ ਨੂੰ ਨੋਟੀਫਾਈ ਨਾ ਕੀਤਾ ਜਾਵੇ ਤਾਂ ਉਹ ਬਦਦਿਆਨਤੀ ਨਹੀਂ ਤਾਂ ਹੋਰ ਕੀ ਹੈ। ਸਰਦਾਰ ਦਰਬਾਰਾ ਸਿੰਘ ਹੋਮ ਮਿਨਿਸਟਰ ਨੇ ਹਰ ਜਗ੍ਹਾ ਗੜਬੜ ਦਾ ਮਾਹੌਲ ਬਣਾ ਦਿੱਤਾ ਹੈ।

ਜੋ ਅੰਬਾਲੇ ਵਿਚ ਇਸ ਦੇ ਧੜੇ ਦੀ ਮੈਜਾਰਟੀ ਨਹੀਂ ਤਾਂ ਮੁਲਤਵੀ ਕਰਵਾ ਦਿੱਤਾ। ਮੈਂ ਹੈਰਾਨ ਹਾਂ ਕਿ ਡੀ. ਸੀ. ਅਤੇ ਐਸ. ਪੀ. ਕਹਿੰਦੇ ਹਨ ਕਿ ਕੋਈ ਖਤਰਾ ਨਹੀਂ, ਡਿਵੈਲਪਮੈਂਟ ਕਮਿਸ਼ਨਰ ਕਹਿੰਦਾ ਹੈ ਕਿ ਕੋਈ ਖਤਰਾ ਨਹੀਂ ਮਗਰ ਹੋਮ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਖਤਰਾ ਹੈ। ਖਤਰਾ ਤਾਂ ਅਸਲ ਵਿਚ ਇਨ੍ਹਾਂ ਨੂੰ ਆਪਣੇ ਸਿਆਸੀ ਅਗਰਾਜ਼ ਦਾ ਹੈ। ਏਸੇ ਤਰ੍ਹਾਂ ਹਿਸਾਰ ਦੇ ਵਿਚ ਇਲੈਕਸ਼ਨ ਮੁਲਤਵੀ ਕੀਤੀ। ਲੇਕਿਨ ਨਤੀਜਾ ਇਹ ਹੋਇਆ ਕਿ ਪਹਿਲੇ ਤਾਂ 19 ਬੰਦੇ ਸੀ ਲੇਕਿਨ ਬਾਅਦ ਵਿਚ ਜਾ ਕੇ ਸਿਰਫ 11 ਰਹਿ ਗਏ। ਇਸ ਮਨਿਸਟਰ ਦੀ ਕੀਮਤ ਇਕ ਟਕਾ ਰਹਿ ਗਈ। ਚੇਅਰਮੈਨ ਸਾਹਿਬ, ਜਿਥੇ ਮੈਂ ਪਰੋਗਰੈਸਿਵ ਹੋਣ ਦੀ ਮੁਬਾਰਕਬਾਦ ਦਿੰਦਾ ਹਾਂ ਉਥੇ ਮੈਂ ਇਹ ਕਹੇ ਬਿਨਾ ਵੀ ਨਹੀਂ ਰਹਿ ਸਕਦਾ ਕਿ ਪੰਜਾਬ ਦਾ ਹੋਮ ਮਨਿਸਟਰ ਸਰਦਾਰ ਦਰਬਾਰਾ ਸਿੰਘ ਇਤਨੀਆਂ ਘਟੀਆ ਗੱਲਾਂ ਕਰਦਾ ਹੈ ਕਿ ਉਸ ਨੇ ਜਮਹੂਰੀਅਤ ਦਾ ਨਾਮ ਬਦਨਾਮ ਕਰ ਦਿੱਤਾ ਹੈ। ਮਾਰਕਿਟ ਕਮੇਟੀ ਦਾ ਇਲੈਕਸ਼ਨ ਹੋਵੇ ਜਾਂ ਨਾ ਹੋਵੇ ਕੀ ਫਰਕ ਪੈਂਦਾ ਹੈ, ਜਿਹੜੇ ਵੇਲੇ ਮਨਿਸਟਰ ਸਾਹਿਬ ਦੀ ਖਾਹਿਸ਼ ਹੋਵੇ ਇਲੈਕਸ਼ਨ ਕਰਵਾ ਦੇਵੇ ਜਿਹੜੇ ਵੇਲੇ ਚਾਹੇ ਰੋਕ ਦੇਵੇ। ਇਹ ਜਿਹੜੀਆਂ ਅਮੈਂਡਮੈਂਟਸ ਲਿਆਂਦੀਆਂ ਜਾਂਦੀਆਂ ਹਨ ਇਨ੍ਹਾਂ ਨੂੰ ਐਕਸੀਕਿਊਟ ਕਰਨ ਦੀ ਜ਼ਿਮੇਵਾਰੀ ਅਫਸਰਾਂ ਦੀ ਹੈ ਲੇਕਿਨ ਅਫਸਰਾਂ ਦੀ ਬਜਾਏ ਉਨ੍ਹਾਂ ਨੂੰ ਮਨਿਸਟਰ ਖੁਦ ਜੇਬ ਵਿਚ ਰਖ ਲੈਂਦਾ ਹੈ ਕਿਉਂਕਿ ਮਨਿਸਟਰ ਦੇ ਜੋ ਸਿਆਸੀ ਅਗਰਾਜ਼ ਪੂਰੇ ਨਹੀਂ ਹੁੰਦੇ, ਮਨਿਸਟਰ ਦਾ ਵਕਾਰ ਘਟਦਾ ਹੈ, ਮਨਿਸਟਰ ਦੀ ਸਿਆਸੀ ਪਾਰਟੀ ਕਾਮਯਾਬ ਨਹੀਂ ਹੁੰਦੀ——————

ਮੈਂ ਮਨਿਸਟਰ ਨੂੰ ਕਰਿਟੀਸਾਈਜ਼ ਨਹੀਂ ਕਰ ਰਿਹਾ ਬਲਕਿ ਉਸਦੇ ਕੁਰਪਟ ਐਕਸ਼ਨਜ਼ ਨੂੰ ਕਰਿਟੀਸਾ-ਈਜ਼ ਕਰ ਰਿਹਾ ਹਾਂ। ਉਨ੍ਹਾਂ ਐਕਸ਼ਨਜ਼ ਨੂੰ ਜਿਨ੍ਹਾਂ ਐਕਸ਼ਨਜ਼ ਬਾਰੇ ਖੁਦ ਉਨ੍ਹਾਂ ਨੇ ਇਸ ਬਿਲ ਵਿਚ ਕਿਹਾ ਹੈ ਕਿ ਕਰਿਟੀਸਾਈਜ਼ ਕਰੋ ਅਤੇ ਤਾਂ ਉਹ ਅਮੈਂਡਮੈਂਟ ਲਿਆਉਣਗੇ। ਜੇਕਰ ਉਨ੍ਹਾਂ ਨੇ ਇਸ ਬਿਲ ਦੇ ਆਬਜੈਕਟਸ ਐਂਡ ਰੀਜ਼ਨਜ਼ ਵਿਚ ਨਾ ਇਹ ਲਿਖਿਆ ਹੁੰਦਾ ਤਾਂ ਮੈਂ ਇਸ ਤਰ੍ਹਾਂ ਨਾ ਕਰਦਾ। ਇਸ ਸਰਕਾਰ ਨੇ ਸਾਡੇ ਸਾਹਮਣੇ ਇਹ ਕੰਨਵੈਨਸ਼ਨ ਰਖੀ ਹੈ ਕਿ ਜੇਕਰ ਇਨ੍ਹਾਂ ਦੇ ਐਕਸ਼ਨਜ਼ ਨੂੰ ਕਰਿਟੀਸਾਈਜ਼ ਕਰੋ, ਇਨ੍ਹਾਂ ਨੂੰ ਰਗੜਾ ਦਿਓ ਅਤੇ ਇਨ੍ਹਾਂ ਦੀਆਂ ਖਾਮੀਆਂ ਵਲ ਧਿਆਨ ਦਿਲਾਉ ਤਾਂ ਹੀ ਇਨ੍ਹਾਂ ਨੂੰ ਅਕਲ ਆਉਂਦੀ ਹੈ। ਇਸੇ ਕਰਕੇ ਮੈਂ ਇਨ੍ਹਾਂ ਨੂੰ ਦਸ ਰਿਹਾ ਹਾਂ ਕਿ ਜੇਕਰ ਤੁਸੀਂ ਡੈਮੋਕਰੇਸੀ ਨੂੰ ਕਾਮਯਾਬ ਕਰਨਾ ਹੈ ਅਤੇ ਜੇਕਰ ਤੁਸੀਂ ਸਮਝਦੇ ਹੋ ਕਿ ਜਮਹੂਰੀਅਤ ਅਵਾਮ ਦਾ ਰਾਜ ਹੁੰਦਾ ਹੈ ਅਤੇ ਉਸ ਵਿਚ ਅਵਾਮ ਦੀ ਆਵਾਜ਼ ਦੀ ਕਦਰ ਹੁੰਦੀ ਹੈ ਤਾਂ ਫਿਰ ਇਸ ਮਨਿਸਟਰ ਨੂੰ ਆਪਣਾ ਤਰੀਕਾ ਕਾਰ ਬਦਲਨਾ ਪਵੇਗਾ ਅਤੇ ਜੇਕਰ ਇਸਨੇ ਨਾ ਬਦਲਿਆ ਤਾਂ ਫਿਰ ਉਸਦਾ ਹਸ਼ਰ ਪਰਤਾਪ ਸਿੰਘ ਕੈਰੋਂ ਨਾਲੋਂ ਵੀ ਭੈੜਾ ਹੋਵੇਗਾ। ਸੰਗਰੂਰ ਜ਼ਿਲਾ ਪ੍ਰੀਸ਼ਦ ਦਾ ਇਲੈਕਸ਼ਨ ਪੋਸਟਪੋਨ ਕਰਨ ਵੇਲੇ ਜੇਕਰ ਮੈਂ ਸਰਦਾਰ ਪਰਤਾਪ ਸਿੰਘ ਕੈਰੋਂ ਦੀ ਨੁਕਤਾਚੀਨੀ ਕੀਤੀ ਤਾਂ ਹੁਣ ਮੈਂ ਜੇਕਰ ਉਸੇ ਤਰ੍ਹਾਂ ਦੀ ਹਰਕਤ ਕਰਨ ਤੇ ਸਰਦਾਰ ਦਰਬਾਰਾ ਸਿੰਘ ਦੀ ਨਖੇਧੀ ਨਾ ਕਰਾਂ ਤਾਂ ਮੈਂ ਆਪਣੀ ਡਿਊਟੀ ਅਦਾ ਨਹੀਂ ਕਰਾਂਗਾ। ਜੇਕਰ ਕੈਰੋਂ ਉਸ ਵਕਤ ਇਸ ਕੰਮ ਕਾਰਨ ਬੁਰਾ ਸੀ ਤਾਂ ਦਰਬਾਰਾ ਸਿੰਘ ਵੀ ਇਸੇ ਤਰ੍ਹਾਂ ਦੇ ਕੰਮਾਂ ਨੂੰ ਕਰਨ ਕਾਰਨ ਬੁਰਾ ਹੈ ਅਤੇ ਉਸਦੇ ਖਿਲਾਫ ਆਵਾਜ਼ ਉਠਾਉਣੀ ਪਵੇਗੀ। ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਜਮਹੂਰੀਅਤ ਕਿਵੇਂ ਰਹੇਗੀ ਜਦੋਂ ਕਿ ਮਾਰਚ, 1965 ਵਿਚ ਕਰਨਾਲ ਮਾਰਕਿਟ ਕਮੇਟੀ ਦੀਆਂ ਚੋਣਾਂ ਹੋਈਆਂ ਪਰ ਅਜ ਤਕ ਉਨ੍ਹਾਂ ਦਾ ਗਜ਼ਟ ਨਹੀਂ ਹੋਇਆ। ਵਜ਼ੀਰ ਸਾਹਿਬ ਨੇ ਖੁਦ ਆਪਣੇ ਆਰਡਰਜ਼ ਤੇ ਅਮਲ ਨਹੀਂ ਕੀਤਾ ਬਲਕਿ ਉਨ੍ਹਾਂ ਦੇ ਉਲਟ ਗਏ। ਉਨ੍ਹਾਂ ਦੇ ਆਰਡਰ ਤਹਿਤ ਇਹ ਕੇਸ ਐਲ. ਆਰ. ਦੀ ਉਪੀਨੀਅਨ ਵਾਸਤੇ ਭੇਜਿਆ ਗਿਆ ਲੇਕਿਨ ਐਲ. ਆਰ. ਦੀ ਉਪੀਨੀਅਨ ਆਉਣ ਤੋਂ ਪਹਿਲਾਂ ਹੀ ਮਨਿਸਟਰ ਨੇ ਹੋਰ ਹੁਕਮ ਕਰ ਦਿਤਾ। ਜਦੋਂ ਐਲ. ਆਰ ਨੂੰ ਰਾਏ ਲਈ ਭੇਜਿਆ ਸੀ ਤਾਂ ਇਹ ਮਨਿਸਟਰ ਦੀ ਡਿਊਟੀ ਸੀ ਕਿ ਉਹ ਹੁਕਮ ਕਰਨ ਤੋਂ ਪਹਿਲਾਂ ਉਸ ਉਪੀਨੀਅਨ ਦੀ ਉਡੀਕ ਕਰਦਾ। ਲੇਕਿਨ ਹੋਇਆ ਕੀ ਕਿ ਸੈਕਟਰੀ ਦੀ ਸਿਫਾਰਸ਼

[ਕਾਮਰੇਡ ਰਾਮ ਪਿਆਰਾ]

ਸੀ ਪਤਾ ਨਹੀਂ ਉਸ ਨੇ ਪੈਸੇ ਖਾ ਲਏ ਅਤੇ ਫਿਰ ਆਰਡਰ ਹੋ ਗਏ। ਮੈਨੂੰ ਪਤਾ ਹੈ ਕਿ ਐਲ. ਆਰ. ਦੀ ਰਾਏ ਆਈ ਹੋਈ ਹੈ ਕਿ ਗਜ਼ਟ ਕੀਤਾ ਜਾਵੇ ਲੇਕਿਨ ਇਸਦੇ ਬਾਵਜੂਦ ਗਜ਼ਟ ਨਹੀਂ ਕੀਤਾ ਜਾਂਦਾ। ਜਿਸ ਮੈਂਬਰ ਬਾਰੇ ਇਤਰਾਜ਼ ਕੀਤਾ ਗਿਆ ਹੈ, ਉਸ ਬਾਰੇ ਵੀ ਰਾਏ ਆਈ ਹੋਈ ਹੈ ਕਿ ਸਰਕਾਰ ਗਜ਼ਟ ਨੋਟੀਫਿਕੇਸ਼ਨ ਰੋਕ ਨਹੀਂ ਸਕਦੀ ਹੈ। ਮੈਂ ਪੁਛਦਾ ਹਾਂ ਕਿ ਕੀ ਇਸ ਨੂੰ ਰੋਕ ਲਿਆ ਹੋਇਆ ਹੈ ਕਿ ਸੈਕਟਰੀ ਦੀ ਸਿਫਾਰਸ਼ ਹੈ ਅਤੇ ਉਸਨੇ ਕੁਝ ਖਾ ਲਿਆ ਹੈ ਜਾਂ ਮਨਿਸਟਰ ਦਾ ਸਿਆਸੀ ਮਕਸਦ ਹਲ ਨਹੀਂ ਹੁੰਦਾ ਉਸਦੀ ਸਿਆਸੀ ਤਾਕਤ ਘਟਦੀ ਹੈ ਤੇ ਮੁਖਾਲਫਾਂ ਦੀ ਸਿਆਸੀ ਤਾਕਤ ਵਧਦੀ ਹੈ ? ਮੈਂ ਕਹਿੰਦਾ ਹਾਂ ਕਿ ਇਹ ਚੀਜ਼ ਨਹੀਂ ਚਲਣ ਦਿਤੀ ਜਾਵੇਗੀ। ਜਿਥੇ ਮੈਂ ਇਸ ਤਰਮੀਮ ਦੀ ਤਾਈਦ ਕਰਦਾ ਹਾਂ ਉਥੇ ਮੈਂ ਮਿਨਸਟਰ ਦੇ ਅਨਡੈਮੋਕਰੈਟਿਕ ਤਰੀਕਿਆਂ ਨੂੰ, ਐਲ. ਆਰ. ਦੀ ਰਾਏ ਦੇ ਬਾਵਜੂਦ ਕਰਨਾਲ ਮਾਰਕਿਟ ਕਮੇਟੀ ਨੂੰ ਨੋਟੀਫਾਈ ਨਾ ਕਰਨ ਦੀ ਕਾਰਵਾਈ ਨੂੰ ਅਤੇ ਬਹੁਤ ਸਾਰੇ ਜ਼ਿਲਾ ਪ੍ਰੀਸ਼ਦਾਂ ਦੀਆਂ ਚੋਣਾਂ ਦੇ ਨਾਜਾਇਜ਼ ਤੌਰ ਤੇ ਰੋਕਣ ਨੂੰ ਸਖਤ ਅਲਫਾਜ਼ ਨਾਲ ਕੰਨਡੈਮ ਕਰਦਾ ਹਾਂ। ਜੇਕਰ ਮਨਿਸਟਰ ਸਾਹਿਬ ਨੇ ਆਪਣੇ ਰਵੀਏ ਵਿਚ ਸੁਧਾਰ ਨਾ ਕੀਤਾ ਤਾਂ ਮੈਂ ਉਨ੍ਹਾਂ ਨੂੰ ਚਿਤਾਉਣੀ ਦਿੰਦਾ ਹਾਂ ਕਿ ਉਨ੍ਹਾਂ ਦਾ ਹਾਲ ਕੈਰੋਂ ਸਾਹਿਬ ਨਾਲੋਂ ਵੀ ਭੈੜਾ ਹੋਵੇਗਾ। ਇਨ੍ਹਾਂ ਅਲਫਾਜ਼ ਨਾਲ ਮੈਂ ਇਸ ਅਮੈਂਡਮੈਂਟ ਦੀ ਤਾਈਦ ਕਰਦਾ ਹਾਂ।

ਸਰਦਾਰ ਜਸਦੇਵ ਸਿੰਘ ਸੰਧੂ (ਰਾਇਪੁਰ) : ਚੇਅਰਮੈਨ ਸਾਹਿਬ, ਜਿਥੋਂ ਤਕ ਇਕ ਤਰਮੀਮ ਦਾ ਸਬੰਧ ਹੈ ਭਾਵੇਂ ਇਹ ਲੇਟ ਹੀ ਆਈ ਹੈ ਮੈਂ ਇਸਦੀ ਤਾਈਦ ਕਰਦਾ ਹਾਂ ਲੇਕਿਨ ਇਹ ਹੈ ਅਧੂਰੀ। ਜਿਸ ਤਰ੍ਹਾਂ ਬਾਬੂ ਬਚਨ ਸਿੰਘ ਨੇ ਵੀ ਕਿਹਾ ਹੈ ਮੈਂ ਵੀ ਅਰਜ਼ ਕਰਦਾ ਹਾਂ ਕਿ ਜੇਕਰ ਕਿਸੇ ਸਰਕਾਰੀ ਨੌਕਰ ਨੂੰ ਕਿਸੇ ਕਮੇਟੀ ਜਾਂ ਬੋਰਡ ਦਾ ਮੈਂਬਰ ਬਣਾਇਆ ਜਾਵੇ ਤਾਂ ਉਸ ਤੋਂ ਹਰ ਮਾਮਲੇ ਵਿਚ ਵੋਟ ਪਾਉਣ ਦਾ ਹਕ ਖੋਹ ਲੈਣਾ ਚਾਹੀਦਾ ਹੈ ਅਤੇ ਉਸਦੀ ਕੈਪੈਸਿਟੀ ਐਡਵਾਈਜ਼ਰੀ ਹੀ ਹੋਣੀ ਚਾਹੀਦੀ ਹੈ। ਜਾਂ ਤਾਂ ਫਿਰ ਉਹ ਕਮੇਟੀ ਜਾਂ ਬੋਰਡ ਆਫੀਸ਼ਲ ਹੀ ਹੋਣਾ ਚਾਹੀਦਾ ਹੈ ਅਤੇ ਉਸ ਵਿਚ ਲੋਕਾਂ ਦੇ ਨੁਮਾਇੰਦੇ ਨਹੀਂ ਹੋਣੇ ਚਾਹੀਦੇ ਲੇਕਿਨ ਜੇਕਰ ਉਸ ਵਿਚ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹੋਣ ਤਾਂ ਫਿਰ ਵੋਟ ਦਾ ਹਕ ਉਨ੍ਹਾਂ ਨੂੰ ਹੀ ਹੋਣਾ ਚਾਹੀਦਾ ਹੈ ਅਤੇ ਅਫਸਰਾਂ ਨੂੰ ਕਤਈ ਇਹ ਹਕ ਨਹੀਂ ਹੋਣਾ ਚਾਹੀਦਾ। ਇਸ ਬਿਲ ਰਾਹੀਂ ਸੰਮਤੀਆਂ ਤੇ ਜ਼ਿਲਾ ਪ੍ਰੀਸ਼ਦਾਂ ਦੇ ਜੋ ਆਫੀਸ਼ਲ ਮੈਂਬਰ ਹਨ ਉਨ੍ਹਾਂ ਤੋਂ ਚੇਅਰਮੈਨ ਤੇ ਵਾਈਸ ਚੇਅਰਮੈਨ ਦੀ ਚੋਣ ਵਿਚ ਵੋਟ ਪਾਉਣ ਦਾ ਹਕ ਵਾਪਸ ਲਿਆ ਜਾ ਰਿਹਾ ਹੈ। ਲੇਕਿਨ ਜੇਕਰ ਚੇਅਰਮੈਨ, ਵਾਈਸ ਚੇਅਰਮੈਨ ਦੇ ਖਿਲਾਫ ਬੇਪਰਤਤੀ ਦਾ ਮਤਾ ਪਾਸ ਕਰਨਾ ਹੋਵੇ ਤਾਂ ਉਨ੍ਹਾਂ ਤੇ ਵੋਟ ਪਾਉਣ ਤੇ ਕੋਈ ਰੋਕ ਨਹੀਂ ਲਗਾਈ ਜਾ ਰਹੀ ਹੈ। ਇਸੇ ਲਈ ਮੈਂ ਕਹਿੰਦਾ ਹਾਂ ਕਿ ਇਹ ਤਰਮੀਮ ਬਿਲ ਬਿਲਕੁਲ ਅਧੂਰਾ ਹੈ। ਇਸ ਬਿਲ ਰਾਹੀਂ ਤਾਂ ਫਾਰ ਆਲ ਪਰਪਜ਼ਿਜ਼ ਅਫਸਰਾਂ ਨੂੰ ਜੋ ਮੈਂਬਰ ਹਨ ਵੋਟ ਦੇ ਹਕ ਤੋਂ ਡਿਬਾਰ ਕਰਨਾ ਚਾਹੀਦਾ ਹੈ ਵਰਨਾ ਇਸ ਤਰਮੀਮ ਦਾ ਕੋਈ ਫਾਇਦਾ ਨਹੀਂ। ਇਸਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਦਾ ਇਹ ਐਕਟ ਬਣਿਆ ਹੋਇਆ ਹੈ ਇਸ ਵਿਚ ਪੰਜ ਛੇ ਦਫਾ ਤਰਮੀਮਾਂ ਹੋ ਚੁਕੀਆਂ ਹਨ ਅਤੇ ਜਿਸ ਮਕਸਦ ਨੂੰ ਲੈਕੇ ਇਹ ਐਕਟ ਬਣਿਆ ਸੀ ਉਸ ਮਕਸਦ ਨੂੰ ਇਸ ਸਰਕਾਰ ਨੇ ਇਸ ਵਿਚ ਬਾਰ ਬਾਰ ਤਰਮੀਮਾਂ ਲਿਆ ਕੇ ਖਤਮ ਕਰ ਦਿਤਾ ਹੈ ਅਤੇ ਇਸਦਾ ਮੱਚ ਮਾਰ ਦਿਤਾ ਹੈ। ਇਹ ਐਕਟ ਗਰੋਅਰਜ਼ ਨੂੰ ਪਰੋਟੈਕਸ਼ਨ ਦੇਣ ਲਈ ਤੇ ਉਨ੍ਹਾਂ ਨੂੰ ਉਚਾ ਚੁਕਣ ਲਈ ਬਣਾਇਆ ਗਿਆ ਸੀ ਲੇਕਨ ਹੁਣ ਇਸ ਐਕਟ ਦਾ ਇਹ ਸਾਰਾ ਮਕਸਦ ਫੌਤ ਹੋ ਗਿਆ ਹੈ। ਪਹਿਲਾਂ ਇਨ੍ਹਾਂ ਨੇ ਸਿਰਫ ਇਕ ਆਦਮੀ ਦੇ ਮੁਫਾਦ ਨੂੰ ਮੁਖ ਰਖ ਕੇ ਡਾਇਰੈਕਟਰ ਨੂੰ ਬੋਰਡ ਦਾ ਸੈਕਟਰੀ ਬਣਾ ਦਿਤਾ ਅਤੇ ਫਿਰ ਇਸ ਦੇ ਨਾਲ ਹੀ ਵਪਾਰੀਆਂ ਤੋਂ ਰੌਲਾ ਪਵਾਕੇ ਇਸ ਐਕਟ ਵਿਚ ਤਰਮੀਮਾਂ ਕਰਕੇ ਅਤੇ ਰੂਲਜ਼ ਰਾਹੀਂ ਇਸ ਐਕਟ ਦੇ ਪਰਵਿਊ ਵਿਚੋਂ ਕਈ ਚੀਜ਼ਾਂ ਜੋ ਗਰੋਅਰਜ਼ ਨੂੰ ਤਹੱਫਜ਼ ਦਿੰਦੀਆਂ ਸਨ ਕਢ ਲਈਆਂ ਗਈਆਂ। ਅਜ ਹਾਲਤ ਇਹ ਹੈ ਕਿ ਇਸ ਐਕਟ ਤੋਂ ਪਹਿਲਾਂ ਪੈਪਸੂ 'ਰਿਜਨ' ਵਿਚ ਜੋ ਐਕਟ ਚੰਗੀ ਤਰ੍ਹਾਂ ਚਲ ਰਿਹਾ ਸੀ ਅਤੇ ਗਰੋਅਰਜ਼ ਨੂੰ ਜੋ ਸੇਫਗਾਰਡਜ਼ ਉਸ ਰਾਹੀਂ ਸਨ ਉਹ ਸਾਰੇ ਇਸ ਐਕਟ ਨਾਲ ਖਤਮ ਕਰ ਦਿਤੇ ਗਏ ਹਨ ਅਤੇ ਡੀਲਰਜ਼

ਨੂੰ ਜੋ ਅਖਤਿਆਰ ਉਸ ਵਿਚ ਨਹੀਂ ਸਨ ਇਸ ਵਿਚ ਦੇ ਦਿਤੇ ਗਏ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਸਾਰੀ ਚੀਜ਼ ਨੂੰ ਰਿਵਿਊ ਕਰੇ ਅਤੇ ਐਸੀ ਤਰਮੀਮ ਲਿਆਵੇ ਜੋ ਗਰੋਅਰਜ਼ ਦੇ ਹੱਕ ਦੀ ਹੋਵੇ ਇਸ ਐਕਟ ਦਾ ਮਕਸਦ ਵੀ ਇਹੋ ਸੀ ਕਿ ਗਰੋਅਰਜ਼ ਨੂੰ ਪਰੋਟੈਕਸ਼ਨ ਦੇਣੀ ਹੈ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਜਿਸ ਭਾਵਨਾ ਨੂੰ ਲੈਕੇ ਇਹ ਐਕਟ ਪਾਸ ਕੀਤਾ ਸੀ ਉਸਨੂੰ ਸਰਕਾਰ ਇਮਪਲੀਮੈਂਟ ਕਰੇ। ਇਸਦੇ ਨਾਲ ਹੀ ਮੈਂ ਅਰਜ਼ ਕਰਦਾ ਹਾਂ ਕਿ ਜਦੋਂ ਪੰਚਾਇਤਾਂ, ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ ਦੀ ਮਿਆਦ ਪੰਜ ਸਾਲ ਕਰ ਰਹੇ ਹੋ ਤਾਂ ਕੀ ਵਜ੍ਹਾ ਹੈ ਕਿ ਮਾਰਕਿਟ ਕਮੇਟੀਆਂ ਦੀ ਮਿਆਦ ਤਿੰਨ ਸਾਲ ਦੀ ਬਜਾਏ ਪੰਜ ਸਾਲ ਨਾ ਕੀਤੀ ਜਾਵੇ। ਪਿੰਡਾਂ ਵਾਲਿਆਂ ਨੂੰ ਬਾਰ ਬਾਰ ਇਲੈਕਸ਼ਨਾਂ ਦੇ ਝੰਜਟ ਵਿਚ ਨਾ ਪਾਓ। ਇਨ੍ਹਾਂ ਕਮੇਟੀਆਂ ਦੇ ਵੀ ਇਲੈਕਟਡ ਨੁਮਾਇੰਦੇ ਹੁੰਦੇ ਹਨ ਇਸ ਲਈ ਇਨ੍ਹਾਂ ਦੀ ਵੀ ਮਿਆਦ ਪੰਜ ਸਾਲ ਹੀ ਹੋਣੀ ਚਾਹੀਦੀ ਹੈ। ਇਹ ਜੋ ਸਟੇਟ ਐਗਰੀਕਲਚਰ ਮਾਰਕਿਟਿੰਗ ਬੋਰਡ ਬਣਾਇਆ ਹੈ ਇਹ ਨਾਮੀਨੇਟਡ ਹੈ ਅਤੇ ਇਲੈਕਟਡ ਹੋਣਾ ਚਾਹੀਦਾ ਹੈ। ਇਸ ਵਿਚ ਮਾਰਕਿਟ ਕਮੇਟੀਆਂ ਨੇ ਨੁਮਾਇੰਦੇ ਹਲਕੇ ਬਣਾ ਕੇ ਇਲੈਕਟ ਹੋਕੇ ਆਉਣੇ ਚਾਹੀਦੇ ਹਨ ਨਾ ਕਿ ਸਰਕਾਰ ਆਪਣੀ ਮਰਜ਼ੀ ਮੁਤਾਬਕ ਜਿਸ ਨੂੰ ਚਾਹੇ ਨਾਮਜ਼ਦ ਕਰ ਦੇਵੇ ਅਤੇ ਜਦੋਂ ਚਾਹੇ ਬੋਰਡ ਨੂੰ ਤੋੜ ਦੇਵੇ। ਇਹ ਬੋਰਡ ਪੰਜ ਸਾਲ ਲਈ ਮਾਰਕਿਟ ਕਮੇਟੀਆਂ ਦੇ ਹਲਕਿਆਂ ਵਿਚੋਂ ਇਲੈਕਟੇਡ ਮੈਂਬਰਾਂ ਦਾ ਹੋਣਾ ਚਾਹੀਦਾ ਹੈ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਤਨਾ ਮਜ਼ਾਕ ਦਾ ਮੌਜੂ ਇਨ੍ਹਾਂ ਨੇ ਮਾਰਕਿਟ ਕਮੇਟੀਆਂ ਨੂੰ ਬਣਾਇਆ ਹੋਇਆ ਹੈ ਉਤਨਾ ਹੋਰ ਕਿਸੇ ਨੂੰ ਨਹੀਂ। ਨੋਟੀਫਿਕੇਸ਼ਨ ਹੋ ਜਾਂਦੇ ਹਨ ਪਰ ਛੇ ਛੇ ਮਹੀਨੇ ਤਕ ਗਜ਼ਟ ਨਹੀਂ ਹੁੰਦੇ। ਰਿਟਰਨਿੰਗ ਅਫਸਰ ਕਾਗਜ਼ਾਤ ਸੈਕਟਰੀ ਟੂ ਗੌਰਮਿੰਟ ਨੂੰ ਭੇਜਦਾ ਹੈ ਅਤੇ ਉਹ ਇਥੇ ਮਹੀਨਿਆਂ ਤਕ ਰੁਲਦੇ ਫਿਰਦੇ ਹਨ। ਮੈਂ ਪੁਛਦਾ ਹਾਂ ਕਿ ਸੈਕਟਰੀ ਨੂੰ ਦਸਤਖਤਾਂ ਲਈ ਕਾਗਜ਼ ਭੇਜਣ ਦੀ ਕੀ ਲੋੜ ਹੈ ਅਤੇ ਰਿਟਰਨਿੰਗ ਅਫਸਰ ਹੀ ਕਿਉਂ ਸਿੱਧਾ ਨੋਟੀਫਿਕੇਸ਼ਨ ਨਹੀਂ ਕਰ ਦਿੰਦਾ ਹੈ ਜਿਸ ਤਰ੍ਹਾਂ ਕਿ ਸਮਤੀਆਂ, ਜ਼ਿਲਾ ਪ੍ਰੀਸ਼ਦਾਂ ਤੇ ਮਿਊਂਸਪਲ ਕਮੇਟੀਆਂ ਦੀਆਂ ਚੋਣਾਂ ਵਿਚ ਰਿਟਰਨਿੰਗ ਅਫਸਰ ਨੋਟੀਫਿਕੇਸ਼ਨ ਕਰ ਦਿੰਦੇ ਹਨ। ਕਿ ਇਸ ਐਕਟ ਵਿਚ ਇਹ ਕਿਤੇ ਪਰੋਵਾਈਡ ਨਹੀਂ ਕਿ ਸਰਕਾਰ ਇਹ ਕਰੇਗੀ ਇਨ੍ਹਾਂ ਨੇ ਆਪਣੇ ਆਪ ਹੀ ਇਹ ਅਖਿਤਿਆਰ ਲੈ ਲਏ ਹਨ। ਫਿਰ ਮੈਂ ਅਰਜ਼ ਕਰਦਾ ਹਾਂ ਕਿ ਨੋਟੀਫਿਕੇਸ਼ਨ ਤੋਂ ਬਾਅਦ ਵਾਈਸ ਚੇਅਰਮੈਨ ਦੀ ਚੋਣ ਹੁੰਦੀ ਹੈ ਉਸਨੂੰ ਨੋਟੀਫਾਇਡ ਕੀਤਾ ਜਾਂਦਾ ਹੈ। ਪੁਰਾਣੀ ਕਮੇਟੀ ਟੁਟ ਜਾਂਦੀ ਹੈ ਅਤੇ ਨਵੀਂ ਦੇ ਚੇਅਰਮਨ, ਵਾਈਸ ਚੇਅਰਮੈਨ ਨੋਟੀਫਾਈ ਨਹੀਂ ਹੁੰਦੇ ਨਤੀਜਾ ਇਹ ਹੁੰਦਾ ਹੈ ਕਿ ਉਸਦਾ ਕੰਮ ਮੁਅੱਤਲ ਹੋ ਜਾਂਦਾ ਹੈ ਅਤੇ ਕਈ ਕਈ ਮਹੀਨੇ ਸੈਕਟਰੀ ਕੰਮ ਚਲਾਉਂਦੇ ਰਹਿੰਦੇ ਹਨ। ਜੇਕਰ ਮਿਨਿਸਟਰ ਸਾਹਿਬ ਚਾਹੁੰਦੇ ਹਨ ਤਾਂ ਮੈਂ ਉਨ੍ਹਾਂ ਨੂੰ ਉਨ੍ਹਾਂ ਕਮੇਟੀਆਂ ਦੀ ਲਿਸਟ ਦੇ ਸਕਦਾ ਹਾਂ ਜਿਥੇ ਚੇਅਰਮੈਨ, ਵਾਈਸ ਚੇਅਰਮੈਨ ਦਾ ਇਲੈਕਸ਼ਨ ਹੋ ਗਿਆ ਪਰ ਨੋਟੀਫਾਈ ਨਹੀਂ ਕੀਤਾ ਗਿਆ।

ਚੇਅਰਮੈਨ ਸਾਹਿਬ, ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਸਰਕਾਰ ਇਨ੍ਹਾਂ ਕਮੀਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੇ। ਅਗਰ ਇਹ ਕਮੀਆਂ ਦੂਰ ਹੋ ਜਾਣਗੀਆਂ ਤਾਂ ਮੈਂ ਸਮਝਦਾ ਹਾਂ ਕਿ ਸਰਕਾਰ ਦੀ ਇਸ ਬਾਰੇ ਨੁਕਤਾਚੀਨੀ ਭੀ ਖਤਮ ਹੋ ਜਾਵੇਗੀ।

12-00 noon

ਚੇਅਰਮੈਨ ਸਾਹਿਬ, ਇਸ ਐਕਟ ਦੇ ਅੰਦਰ ਪ੍ਰੋਵੀਜ਼ਨ ਕੀਤੀ ਗਈ ਕਿ ਹਰ ਰਿਜਨ ਲਈ ਇਕ ਐਡਵਾਇਜ਼ਰੀ ਕਮੇਟੀ ਬਣਾਈ ਜਾਵੇਗੀ। ਲੇਕਿਨ ਇਸ ਦੇ ਬਾਰੇ ਅਜੇ ਤਕ ਇਸ ਤਰ੍ਹਾਂ ਦੀ ਕੋਈ ਐਡਵਾਇਜ਼ਰੀ ਕਮੇਟੀਆਂ ਨਹੀਂ ਬਣਾਈਆਂ ਗਈਆਂ। ਇਨ੍ਹਾਂ ਕਮੇਟੀਆਂ ਦਾ ਕੰਮ ਮਾਰਕਿਟ ਕਮੇਟੀਆਂ ਦੇ ਵਰਕਿੰਗ ਵਿਚ ਠੀਕ ਕਰਨਾ ਹੈ। ਜਦੋਂ ਇਹ ਕਮੇਟੀਆਂ ਬਣਾਈਆਂ ਨਹੀਂ ਗਈਆਂ ਤਾਂ ਇਨ੍ਹਾਂ ਦੇ ਕੰਮ ਵਿਚ ਕਿਵੇਂ ਐਫੀਸ਼ੈਂਸੀ ਆ ਜਾਵੇਗੀ।

ਚੇਅਰਮੈਨ ਸਾਹਿਬ, ਸਟੇਟ ਮਾਰਕਿਟ ਬੋਰਡ ਮਾਰਕਿਟ ਕਮੇਟੀਆਂ ਕੋਲੋਂ ਉਨ੍ਹਾਂ ਦੀ ਆਮਦਨੀ ਦਾ 10 ਫੀ ਸਦੀ ਤੋਂ 20 ਫੀ ਸਦੀ ਲੈ ਲੈਂਦੇ ਹਨ ਲੇਕਿਨ ਉਨ੍ਹਾਂ ਦੀ ਸਹੂਲਤ ਲਈ ਇਹ ਬੋਰਡ ਕੁਝ ਨਹੀਂ

[ਸਰਦਾਰ ਜਸਦੇਵ ਸਿੰਘ ਸੰਧੂ]

ਕਰਦਾ ਅਤੇ ਬੋਰਡ ਇਨ੍ਹਾਂ ਕਮੇਟੀਆਂ ਨੂੰ ਗਾਈਡ ਵੀ ਨਹੀਂ ਕਰਦਾ। ਬੋਰਡ ਵਿਚ ਸਟਾਫ ਵਧਦਾ ਜਾ ਰਿਹਾ ਹੈ। ਬੋਰਡ ਦਾ ਸਟਾਫ ਇਸ ਤਰ੍ਹਾਂ ਵਧਦਾ ਜਾ ਰਿਹਾ ਹੈ ਜਿਵੇਂ ਸੈਕਰੀਟੇਰਿਏਟ ਦਾ ਜਾਂ ਕਿਸੇ ਮਿਨਿਸਟਰ ਦਾ ਸਟਾਫ਼ ਵਧਦਾ ਹੈ। ਸਰਕਾਰ ਕਿਸਾਨਾਂ ਕੋਲੋਂ ਟੈਕਸ ਜਿਸ ਮਕਸਦ ਲਈ ਉਗਰਾਉਂਦੀ ਹੈ, ਉਸ ਨੂੰ ਉਸੇ ਮਤਲਬ ਲਈ ਖਰਚ ਕਰਨਾ ਚਾਹੀਦਾ ਹੈ। ਕਿਸਾਨਾਂ ਨੂੰ ਗਾਈਡੈਂਸ ਦੇਣੀ ਚਾਹੀਦੀ ਹੈ ਚਾਹੇ ਉਹ ਪਰਚਾਰ ਦੇ ਰਾਹੀਂ ਗਾਈਡੈਂਸ ਦੇਣ।

ਚੇਅਰਮੈਨ ਸਾਹਿਬ, ਮੈ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਇਸ ਬਿਲ ਨੂੰ ਸੀਲੈਕਟ ਕਮੇਟੀ ਨੂੰ ਸਪੁਰਦ ਕਰੇ ਜਿਥੇ ਇਸ ਦੇ ਬਾਰੇ ਚੰਗੀ ਤਰ੍ਹਾਂ ਦੇ ਨਾਲ ਸੋਚਿਆ ਜਾਵੇ। ਉਸ ਕਮੇਟੀ ਦੇ ਅੰਦਰ ਗਰੋਅਰਜ਼ ਦੇ ਇਨਟਰੈਸਟ ਨੂੰ ਮੁੱਖ ਰਖਦਿਆਂ ਹੋਇਆਂ ਵਿਚਾਰ ਕੀਤਾ ਜਾਵੇ ਤਾਕਿ ਉਨ੍ਹਾਂ ਦੇ ਨਾਲ ਜਿਹੜਾ ਧੱਕਾ ਹੋ ਰਿਹਾ ਹੈ ਉਹ ਧੱਕਾ ਦੂਰ ਹੋ ਸਕੇ।

ਚੇਅਰਮੈਨ ਸਾਹਿਬ, ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਇਕ ਵਾਰ ਕੰਪਰੀਹੈਂਸਿਵ ਬਿਲ ਲੈ ਆਵੇ ਤਾਕਿ ਬਾਰ ਬਾਰ ਐਕਟ ਨੂੰ ਅਮੈਂਡ ਕਰਨ ਦੀ ਲੋੜ ਨਾ ਰਹਿ ਜਾਵੇ। ਮੈਂ ਇਸ ਬਿਲ ਦੀ ਸਪੋਰਟ ਕਰਦਾ ਹਾਂ ਅਤੇ ਮੈਂ ਆਸ ਰਖਦਾ ਹਾਂ ਕਿ ਸਰਕਾਰ ਮੇਰੇ ਸੁਝਾਵਾਂ ਵਲ ਜਰੂਰ ਧਿਆਨ ਦੇਵੇਗੀ।

**ਕਾਮਰੇਡ ਰਾਮ ਪਿਆਰਾ :** ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ। ਮੈਂ ਜਿਥੇ ਵੀ ਆਪਣੀ ਸਪੀਚ ਦੇ ਅੰਦਰ ਸੈਕਟਰੀ ਦਾ ਲਫਜ਼ ਕਿਹਾ ਹੈ ਉਸ ਦਾ ਮਤਲਬ ਸੈਕਟਰੀ ਟੂ ਦੀ ਡਿਵੈਲਪਮੈਂਟ ਮਿਨਿਸਟਰ ਸਮਝਿਆ ਜਾਣਾ ਚਾਹੀਦਾ ਹੈ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਰੋਪੜ) :** ਚੇਅਰਮੈਨ ਸਾਹਿਬ, ਜਿਹੜਾ ਬਿਲ ਹਾਊਸ ਦੇ ਅੰਦਰ ਜ਼ੇਰੇ ਬਹਿਸ ਹੈ ਮੈਂ ਉਸ ਦੀ ਵਿਰੋਧਤਾ ਇਸ ਲਈ ਕਰ ਰਿਹਾ ਹਾਂ ਕਿ ਇਹ ਬਿਲ ਇਨਕੰਪਰੀਹੈਂਸਿਵ ਬਿਲ ਹੈ। ਇਹ ਠੀਕ ਹੈ ਕਿ ਇਸ ਬਿਲ ਦੇ ਅੰਦਰ ਚੰਗੇ ਸਟੈਪਸ ਉਠਾਏ ਗਏ ਹਨ। ਜਿਹੜਾ ਮੰਤਵ ਮਾਨਯੋਗ ਮੰਤਰੀ ਨੇ ਆਪਣੀ ਸਪੀਚ ਦਿੰਦੇ ਹੋਏ ਦਸਿਆ ਹੈ ਉਹ ਵੀ ਇਸ ਬਿਲ ਤੋਂ ਪੂਰਾ ਨਹੀਂ ਹੁੰਦਾ ਹੈ। ਉਨ੍ਹਾਂ ਦਾ ਮਨਸ਼ਾ ਇਹ ਸੀ ਕਿ ਜਿਹੜੇ ਆਫੀਸ਼ਿਅਲ ਮੈਂਬਰਜ਼ ਨਾਮਜਦ ਹੁੰਦੇ ਹਨ ਉਹ ਚੇਅਰਮੈਨ ਜਾਂ ਵਾਈਸ ਚੇਅਰਮੈਨ ਦੀ ਇਲੈਕਸ਼ਨ ਦੇ ਮੌਕੇ ਪਾਰਟੀਬਾਜ਼ੀ ਵਿਚ ਦਖਲ ਨਾ ਦੇਣ। ਮੈਂ ਸਮਝਦਾ ਹਾਂ ਕਿ ਇਸ ਬਿਲ ਦੇ ਰਾਹੀਂ ਇਹ ਕਮੀ ਦੂਰ ਨਹੀਂ ਹੋ ਸਕਦੀ ਹੈ। ਇਸ ਦੇ ਇਲਾਵਾ ਮਾਰਕਿਟ ਕਮੇਟੀਆਂ ਬਜਟ ਪਾਸ ਕਰਦੀਆਂ ਹਨ ਅਤੇ ਕਈ ਰੈਜ਼ੋਲਿਊਸ਼ਨ ਉਤੇ ਵੀ ਵੋਟਿੰਗ ਹੁੰਦੀ ਹੈ। ਅਗਰ ਉਨ੍ਹਾਂ ਚੀਜ਼ਾਂ ਨੂੰ ਲਾਇਟਲੀ ਲਿਆ ਗਿਆ ਤਾਂ ਮੈਂ ਸਮਝਦਾ ਹਾਂ ਕਿ ਇਸ ਤੋਂ ਪਰਪਜ਼ ਸਰਵ ਨਹੀਂ ਹੋਵੇਗਾ। ਇਸ ਤਰ੍ਹਾਂ ਇਹ ਇਨਕੰਪਰੀਹੈਂਸਿਵ ਬਿਲ ਹੈ। ਚੇਅਰਮੈਨ ਸਾਹਿਬ, ਮੈਨੂੰ ਪਤਾ ਹੈ ਕਿ ਆਪ ਭੀ ਪੰਜਾਬੀ ਰਿਜਨਲ ਕਮੇਟੀ ਦੀ ਸਬ-ਕਮੇਟੀ ਦੇ ਮੈਂਬਰ ਰਹੇ ਹੋ। ਉਸ ਸਬ-ਕਮੇਟੀ ਦੇ ਅਗੇ ਰੈਜ਼ੋਲਿਊਸ਼ਨ ਇਹ ਸੀ ਕਿ to suggest improvement in the functioning of the Agricultural Marketing Committees. ਉਸ ਸਬ-ਕਮੇਟੀ ਦੀ ਰਿਪੋਰਟ ਮੇਰੇ ਕੋਲ ਮੌਜੂਦ ਹੈ। ਉਸ ਕਮੇਟੀ ਵਿਚ ਪਤਾ ਲੱਗਾ ਸੀ ਕਿ ਇਸ ਦੇ ਬਾਰੇ ਜਿਹੜਾ ਐਕਟ ਅਤੇ ਰੂਲਜ਼ ਬਣੇ ਹੋਏ ਹਨ ਉਹ ਬਹੁਤ ਹੀ ਨਾਕਾਰਾ ਹਨ। ਉਹ ਗਰੋਅਰਜ਼ ਦੇ ਇੰਟਰੈਸਟ ਦੇ ਖਿਲਾਫ ਹਨ। ਮੈਂ ਰੂਲਜ਼ ਦੇ ਬਾਰੇ ਜ਼ਿਆਦਾ ਮਿਸਾਲਾਂ ਹਾਊਸ ਦੇ ਅੰਦਰ ਨਹੀਂ ਪੇਸ਼ ਕਰਨੀਆਂ ਚਾਹੁੰਦਾ ਹਾਂ। ਵੈਸੇ ਐਕਟ ਦੇ ਅੰਦਰ ਕੋਈ ਪ੍ਰੋਵੀਜ਼ਨ ਨਹੀਂ ਲੇਕਿਨ ਰੂਲਜ਼ ਦੇ ਅੰਦਰ ਪ੍ਰੋਵਾਈਡ ਕੀਤਾ ਗਿਆ ਕਿ ਕਿਸੇ ਗਰੋਅਰਜ਼ ਦੇ ਮਾਲ ਦਾ ਮੀਂਹ ਦੇ ਕਾਰਨ ਨੁਕਸਾਨ ਹੋ ਜਾਂਦਾ ਹੈ ਤਾਂ ਉਸ ਤੋਂ ਕੁਆਲਿਟੀ ਚਾਰਜਿਜ਼ ਉਗਰਾਹੇ ਜਾ ਸਕਦੇ ਹਨ। ਇਹ ਨਾਵਾਜਿਬ ਅਤੇ ਨਾਮੁਨਾਸਿਬ ਗਲ ਹੈ। ਇਹ ਚੀਜ਼ ਐਕਟ ਦੀ ਧਾਰਾ 30 ਦੇ ਹੇਠ ਦਰਜ ਨਹੀਂ ਹੈ ਜਦੋਂ ਕਿ ਰੂਲਜ਼ ਦੇ ਅੰਦਰ ਹੀ ਇਹ ਚੀਜ਼ ਇਨਕਾਰਪੋਰੇਟ ਕੀਤੀ ਗਈ। ਇਸ ਤੋਂ ਇਲਾਵਾ

ਰੂਲਜ਼ ਦੇ ਰਾਹੀਂ ਇੰਮੀਡੇਟਲ ਚਾਰਜਿਜ਼ ਭੀ ਕੁਲੈਕਟ ਕੀਤੇ ਜਾਣਗੇ, ਜਦੋਂ ਕਿ ਸੈਕਸ਼ਨ 30 ਦੇ ਅੰਦਰ ਕੋਈ ਪ੍ਰੋਵੀਜ਼ਨ ਨਹੀਂ ਹੈ।

ਚੇਅਰਮੈਨ ਸਾਹਿਬ, ਚੇਅਰਮੈਨ ਅਤੇ ਵਾਈਸ-ਚੇਅਰਮੈਨ ਦੇ ਇਲੈਕਸ਼ਨ ਹੋਣੇ ਹੋਣ, ਉਸਦੇ ਬਾਰੇ ਨੋਟੀਫਾਈਡ ਭੀ ਹੋ ਜਾਵੇ। ਪਰ ਜਿਹੜਾ ਪੀਰੀਅਡ ਦਰਮਿਆਨ ਦਾ ਹੈ ਉਸ ਦੇ ਬਾਰੇ ਕੁਝ ਨਹੀਂ ਸੋਚਿਆ ਗਿਆ। ਇਸ ਪੀਰੀਅਡ ਦੇ ਦਰਮਿਆਨ ਮੁਲਾਜ਼ਮਾਂ ਦੀਆਂ ਤਨਖਾਹਾਂ ਸੈਂਕਸ਼ਨ ਕਰਨ ਦੀ ਕੋਈ ਪ੍ਰੋਵੀਜ਼ਨ ਨਹੀਂ ਰਖੀ ਗਈ। ਇਨ੍ਹਾਂ ਰੂਲਜ਼ ਦੇ ਮੁਤਾਬਿਕ ਜਦੋਂ ਤਕ ਈਲੈਕਸ਼ਨ ਨਹੀਂ ਹੋ ਜਾਂਦੀ ਉਦੋਂ ਤਕ ਕੁਝ ਨਹੀਂ ਹੋ ਸਕਦਾ ਹੈ। ਚੇਅਰਮੈਨ ਸਾਹਿਬ, ਸਰਦਾਰ ਦਰਬਾਰਾ ਸਿੰਘ ਜਿਸ ਮਹਿਕਮੇ ਦੇ ਮੰਤਰੀ ਬਣਦੇ ਹਨ, ਉਹ ਉਥੇ ਇਲੈਕਸ਼ਨ ਹੋਣ ਹੀ ਨਹੀਂ ਦਿੰਦੇ। ਮੇਰਾ ਖਿਆਲ ਹੈ ਕਿ ਅਗਰ ਉਨ੍ਹਾਂ ਨੂੰ ਸੈਂਟਰਲ ਈਲੈਕਸ਼ਨ ਕਮਿਸ਼ਨਰ ਬਣਾ ਦਿਤਾ ਜਾਵੇ ਤਾਂ ਉਹ ਤਾਂ ਪਾਰਲੀਮੈਂਟ ਦੀਆਂ ਈਲੈਕਸ਼ਨਾਂ ਨਹੀਂ ਹੋਣ ਦੇਣਗੇ। ਇਨ੍ਹਾਂ ਦਾ ਜਿਥੋਂ ਤਕ ਵੱਸ ਲਗਦਾ ਹੈ ਉਥੇ ਤਕ ਜ਼ਿਲ੍ਹਾ ਪਰੀਸ਼ਦ ਅਤੇ ਮਾਰਕਿਟ ਕਮੇਟੀਆਂ ਦੀ ਇਲੈਕਸ਼ਨਾਂ ਨਹੀਂ ਹੋਣ ਦਿੰਦੇ। ਵੈਸੇ ਭੀ ਇਹ ਜਿਨ੍ਹਾਂ ਦੀ ਮੱਦਦ ਕਰਦੇ ਹਨ ਉਸ ਨੂੰ ਜਨਤਾ ਨਹੀਂ ਚਾਹੁੰਦੀ ਹੈ। ਅਤੇ ਉਹ ਇਲੈਕਸ਼ਨ ਦੇ ਅੰਦਰ ਕਾਮਯਾਬ ਭੀ ਨਹੀਂ ਹੁੰਦਾ ਹੈ। ਇਹ ਤਾਂ ਆਪਣੇ ਆਦਮੀਆਂ ਨੂੰ ਹੈਲਪ ਕਰਨ ਲਈ ਇਲੈਕਸ਼ਨ ਨਹੀਂ ਹੋਣ ਦਿੰਦੇ ਹਨ।

ਚੇਅਰਮੈਨ ਸਾਹਿਬ, ਇਹ ਇਨਕੰਪਲੀਟ ਬਿਲ ਹੈ। ਮਨਿਸਟਰ ਸਾਹਿਬ ਦੇ ਪਾਸ ਟਾਈਮ ਹੀ ਨਹੀਂ, ਉਹ ਕਿੰਨੀ ਦੇਰ ਦਫਤਰ ਦੇ ਅੰਦਰ ਬੈਠਦੇ ਹਨ ਜਾਂ ਚੰਡੀਗੜ੍ਹ ਰਹਿੰਦੇ ਹਨ। ਇ ਹ ਦਾ ਪਤਾ ਇਸ ਗਲ ਤੋਂ ਲਾਇਆ ਜਾ ਸਕਦਾ ਹੈ ਕਿ ਅਸੈਂਬਲੀ ਦਾ ਬਜਟ ਸੈਸ਼ਨ ਚਾਲੂ ਹੋਵੇ। ਇਸ ਸੈਸ਼ਨ ਦੇ ਦੌਰਾਨ ਸਿਰਫ ਹਾਊਸ ਦੇ ਅੰਦਰ 2 ਦਿਨ ਆਏ ਹਨ। ਇਸ ਤੋਂ ਬਾਅਦ ਉਹ ਬਾਹਰ ਹੀ ਘੁੰਮਦੇ ਹਨ। ਇਸ ਦੇ ਇਲਾਵਾ ਹਾਊਸ ਦੇ ਅੰਦਰ ਉਨ੍ਹਾਂ ਦੇ ਮਹਿਕਮੇ ਦਾ ਇੰਪਾਰਟਮੈਂਟ ਬਿਲ ਜ਼ੇਰੇ ਬਹਿਸ ਹੋਵੇ। ਮੈਂਬਰਾਂ ਨੇ ਇਸ ਬਿਲ ਦੇ ਬਾਰੇ ਚੰਗੇ ਚੰਗੇ ਸੁਝਾਉ ਦੇਣੇ ਹਨ ਲੇਕਿਨ ਉਨ੍ਹਾਂ ਨੂੰ ਮੈਂਬਰਾਂ ਦੇ ਸੁਝਾਵਾਂ ਦੀ ਕੋਈ ਫਿਕਰ ਨਹੀਂ ਹੈ। ਉਹ ਫੇਰ ਵੀ ਹਾਊਸ ਦੇ ਅੰਦਰ ਮੌਜੂਦ ਨਾ ਹੋਣ। ਇਸ ਤੋਂ ਬੁਰੀ ਗੱਲ ਕੀ ਹੋ ਸਕਦੀ ਹੈ।

ਇਸ ਇਸ਼ੂ ਦੇ ਬਾਰੇ ਪੰਜਾਬੀ ਰਿਜਨਲ ਕਮੇਟੀ ਦੀ ਇਕ ਸਬ-ਕਮੇਟੀ ਬਣੀ। ਉਥੇ ਇਸ ਮਸਲੇ ਨੂੰ ਪਾਲੇਟਿਕਸ ਦੇ ਖਿਆਲ ਦੇ ਨਾਲ ਵਿਚਾਰ ਨਹੀਂ ਕੀਤਾ ਜਾਂਦਾ। ਉਸ ਕਮੇਟੀ ਦੇ ਪਰਧਾਨ ਸਰਦਾਰ ਗਿਆਨ ਸਿੰਘ ਰਾੜੇਵਾਲਾ ਸਨ। ਉਨ੍ਹਾਂ ਨੇ ਉਸ ਰਿਪੋਰਟ ਦੇ ਅੰਦਰ 28 ਸੁਜੈਸ਼ਨਾਂ ਸਰਕਾਰ ਨੂੰ ਦਿਤੀਆਂ ਲੇਕਿਨ ਸਰਕਾਰ ਨੇ ਉਨ੍ਹਾਂ ਉਤੇ ਕੋਈ ਅਮਲ ਨਹੀਂ ਕੀਤਾ। ਅਗਰ ਸਰਕਾਰ ਨੇ ਉਨ੍ਹਾਂ ਉਤੇ ਗੌਰ ਨਹੀਂ ਕਰਨਾ ਸੀ ਜਾਂ ਰੂਲਜ਼ ਦੇ ਅੰਦਰ ਜਾਂ ਐਕਟ ਦੇ ਅੰਦਰ ਜਿਹੜੀਆਂ ਕਮੀਆਂ ਹਨ ਉਨ੍ਹਾਂ ਨੂੰ ਦੂਰ ਨਹੀਂ ਕਰਨਾ ਸੀ ਤਾਂ ਉਸ ਦੇ ਬਾਰੇ ਕਮੇਟੀ ਬਣਾਉਣ ਦੀ ਕੀ ਲੋੜ ਸੀ। ਉਸ ਕਮੇਟੀ ਉਤੇ ਸਰਕਾਰ ਦਾ ਘਟ ਤੋਂ ਘਟ 40 ਹਜ਼ਾਰ ਰੁਪਏ ਖਰਚ ਹੋਏ ਹੋਣਗੇ। ਅਗਰ ਇਸ ਕਮੇਟੀ ਦੀ ਰਿਪੋਰਟ ਕੋਲਡ ਸਟੋਰੇਜ ਦੇ ਅੰਦਰ ਹੀ ਰੱਖਣੀ ਸੀ ਤਾਂ ਇਸ ਰਿਪੋਰਟ ਨੂੰ ਤਿਆਰ ਕਰਨ ਦਾ ਕੀ ਫਾਇਦਾ ਸੀ। ਮੈਂ ਮੰਗ ਕਰਦਾ ਹਾਂ ਕਿ ਸਰਕਾਰ ਨੂੰ ਇਹ ਬਿਲ ਵਾਪਸ ਲੈ ਲੈਣਾ ਚਾਹੀਦਾ ਹੈ ਅਤੇ ਇਸ ਦੀ ਬਜਾਏ ਸਬ-ਕਮੇਟੀ ਦੀ ਰਿਪੋਰਟ ਨੂੰ ਸਾਹਮਣੇ ਰਖ ਕੇ ਇਕ ਕੰਪਰੀਹੈਨਸਿਵ ਬਿਲ ਲਿਆਂਦਾ ਜਾਵੇ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਸ ਸਬ-ਕਮੇਟੀ ਅੰਦਰ ਇਸ ਮਸਲੇ ਤੇ ਬੜੀ ਗੰਭੀਰਤਾ ਦੇ ਨਾਲ ਵਿਚਾਰ ਕੀਤਾ ਗਿਆ ਲੇਕਿਨ ਸਰਕਾਰ ਨੇ ਉਸ ਰਿਪੋਰਟ ਦੀ ਕੋਈ ਕਦਰ ਨਹੀਂ ਕੀਤੀ। ਸਰਕਾਰ ਨੇ ਉਸ ਰਿਪੋਰਟ ਉਤੇ ਕੋਈ ਐਕਸ਼ਨ ਨਹੀਂ ਲਿਆ। ਸਰਕਾਰ ਮਾਰਕਿਟ ਕਮੇਟੀਆਂ ਦੀ ਹਾਲਤ ਸੁਧਾਰਨ ਲਈ ਕੁਝ ਕੰਮ ਨਹੀਂ ਕਰਦੀ। ਜਿਹੜੀਆਂ ਮਾਰਕਿਟ ਕਮੇਟੀਆਂ ਬਣਾਈਆਂ ਗਈਆਂ ਹਨ ਬੋਰਡ ਉਨ੍ਹਾਂ ਕੋਲੋਂ ਇਸ ਐਕਟ ਦੀ ਧਾਰਾ 26 ਅਤੇ 30 ਦੇ ਅਧੀਨ ਫੰਡਜ਼ ਲੈਂਦੀ ਹੈ। ਇਸ ਦੇ ਰਾਹੀਂ ਸਰਕਾਰ ਨੂੰ ਆਬਲੀਗੇਟਰੀ ਹੋ ਜਾਂਦਾ ਹੈ ਕਿ ਉਸ ਫੰਡ ਦਾ 50 ਫੀ ਸਦੀ ਰੁਪਿਆ ਮਾਰਕਿਟ ਕਮੇਟੀਆਂ ਦੀ ਡਿਵੈਲਪਮੈਂਟ ਲਈ ਖਰਚ ਕਰੇ। ਲੇਕਿਨ ਉਨ੍ਹਾਂ ਕਮੇਟੀਆਂ ਦੀ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਡਿਵੈਲਪਮੈਂਟ ਲਈ ਖਰਚ ਕੁਝ ਨਹੀਂ ਹੁੰਦਾ। ਕਈ ਜਗ੍ਹਾ ਸਰਕਾਰ ਆਪਣੀ ਮਨਮਾਨੀ ਕਰਾਉਂਦੀ ਹੈ। ਉਨ੍ਹਾਂ ਕੋਲੋਂ ਨੈਸ਼ਨਲ ਡਿਫੈਂਸ ਲਈ ਜਾਂ ਹੋਰ ਕਿਸੇ ਪਰਪਜ਼ ਲਈ ਫੰਡਜ਼ ਲੈ ਲੈਂਦੀ ਹੈ। ਸਰਕਾਰ ਨੇ ਰੀਲੀਫ ਲਈ 4 ਕਰੋੜ ਰੁਪਿਆ ਇਕੱਠਾ ਕੀਤਾ ਜਿਸ ਵਿਚ 60, 70 ਲਖ ਰੁਪਿਆ ਮਾਰਕਿਟ ਕਮੇਟੀਆਂ ਦੇ ਫੰਡਜ਼ ਵਿਚੋਂ ਇਕਠਾ ਕੀਤਾ ਗਿਆ। ਮੈਂ ਇਸ ਬਾਰੇ ਚੰਡੀਗੜ੍ਹ ਮਾਰਕਿਟ ਕਮੇਟੀ ਦੀ ਮਿਸਾਲ ਹਾਊਸ ਦੇ ਅੰਦਰ ਪੇਸ਼ ਕਰਨੀ ਚਾਹੁੰਦਾ ਹਾਂ। ਇਸ ਕਮੇਟੀ ਨੇ ਸਰਦਾਰ ਦਰਬਾਰਾ ਸਿੰਘ ਨੂੰ ਖੁਸ਼ ਕਰਨ ਲਈ 10 ਹਜ਼ਾਰ ਰੁਪਿਆ ਦਿਤਾ। 5 ਹਜ਼ਾਰ ਰੁਪਿਆ ਐਸ. ਡੀ. ਓ. ਨੂੰ ਦਿਤਾ। 1 ਹਜ਼ਾਰ ਰੁਪਿਆ ਬੀ. ਡੀ. ਓ. ਨੂੰ ਦਿਤਾ। ਉਸ ਕਮੇਟੀ ਦੇ ਪਾਸ 21 ਹਜ਼ਾਰ ਰੁਪਿਆ ਸੀ। ਇਸ ਤਰ੍ਹਾਂ ਉਸ ਦੇ ਪਾਸ ਬਹੁਤ ਘਟ ਰੁਪਿਆ ਰਹਿ ਗਿਆ। ਇਸ ਤੋਂ ਬਾਅਦ ਕੁਝ ਰੁਪਿਆ ਕਲਵਰਟਸ ਬਣਾਉਣ ਲਈ ਮਨਜ਼ੂਰ ਹੋਇਆ ਸੀ ਲੇਕਿਨ ਇਸ ਪਰਪਜ਼ ਲਈ ਕੋਈ ਪੈਸਾ ਨਹੀਂ ਮਿਲਿਆ।

ਕਲਵਰਟਸ ਲਈ ਵੀ ਪੈਸੇ ਨਹੀਂ ਮਿਲ ਰਹੇ। ਇਹ ਕੰਮ ਹੋ ਰਿਹਾ ਹੈ ਮਾਰਕਿਟ ਕਮੇਟੀਆਂ ਵਿਚ। ਇਨ੍ਹਾਂ ਦੇ ਰਾਹੀਂ ਬੀ. ਡੀ. ਓ. ਵੀ ਆਪਣਾ ਵਕਾਰ ਬਣਾਉਣਾ ਚਾਹੁੰਦੇ ਹਨ, ਐਸ. ਡੀ. ਓ. ਜ਼. ਵੀ ਆਪਣਾ ਵਕਾਰ ਬਣਾਉਣਾ ਚਾਹੁੰਦੇ ਹਨ ਅਤੇ ਕਈ ਮਿਨਿਸਟਰ ਵੀ ਆਪਣਾ ਵਕਾਰ ਬਣਾਉਣਾ ਚਾਹੁੰਦੇ ਹਨ। ਮੈਂ ਕਹਿੰਦਾ ਹਾਂ ਕਿ ਤੁਸੀਂ ਕਿਉਂ ਇਹ ਅਮੈਂਡਮੈਂਟ ਨਹੀਂ ਲਿਆਉਂਦੇ ਕਿ ਇਹ ਆਬਲੀਗੇਟਰੀ ਕਰ ਦਿਤਾ ਜਾਵੇ ਕਿ 50 ਫੀ ਸਦੀ ਮਾਰਕਿਟ ਕਮੇਟੀਆਂ ਦਾ ਉਨ੍ਹਾਂ ਦੇ ਇਲਾਕਿਆਂ ਤੇ ਖਰਚ ਕੀਤਾ ਜਾਵੇਗਾ। ਤੁਹਾਨੂੰ ਕੀ ਹਿਚ ਹੈ। ਨਹੀਂ ਤਾਂ ਚੋਣਾਂ ਕਰਵਾਉ ਅਤੇ ਜਾਂ ਫਿਰ ਡਾਇਰਕਟੋਰੇਟ ਹੀ ਬਣਾ ਦਿਉ। 15 ਵਿਚੋਂ 11 ਨਾਮੀਨੇਟਿਡ ਮੈਂਬਰ ਰਖੇ ਹੋਏ ਹਨ ਚਾਰ ਸਰਕਾਰੀ ਹੁੰਦੇ ਹਨ। ਨਾਮੀਨੇਸ਼ਨਾਂ ਵਿਚ ਪੋਲੀਟੀਕਲ ਕੁਰੱਪਸ਼ਨ ਹੁੰਦੀ ਹੈ। ਜਾਂ ਤਾਂ ਫੁਲ ਫਲੈਜਡ ਚੋਣਾਂ ਕਰਵਾਉ ਅਤੇ ਗੌਰਮਿੰਟ ਦਾ ਡਾਰੈਕਟੋਰੇਟ ਹੀ ਬਣਾ ਦਿਉ। ਤਾਂ ਜੋ ਅਸੀਂ ਕਿਸੇ ਨੂੰ ਪਕੜ ਤਾਂ ਸਕੀਏ। ਕਮੇਟੀ ਨੇ ਵੀ ਇਹੋ ਰਾਏ ਦਿਤੀ ਹੈ ਉਨ੍ਹਾਂ ਨੇ ਕਿਹਾ ਹੈ:—

**The State Marketing Board should be abolished and in its place Directorate cf Marketing should be established as a Government Department.**

ਮੈਂ ਵੀ ਇਹੋ ਗੱਲ ਕਹਿੰਦਾ ਹਾਂ। ਮਾਰਕਿਟ ਕਮੇਟੀ ਦੀ ਟਰਮ ਵੀ ਤਿੰਨਾ ਦੀ ਬਜਾਏ ਪੰਜ ਸਾਲ ਹੋਣੀ ਚਾਹੀਦੀ ਹੈ। ਤਾਂ ਜੋ ਸਾਰਾ ਸਿਲਸਿਲਾ ਠੀਕ ਹੋ ਜਾਵੇ, ਇਕੋ ਜਿਹਾ ਹੋਣਾ ਚਾਹੀਦਾ ਹੈ। ਪੰਜਾਬੀ ਰਿਜਨਲ ਕਮੇਟੀ ਦੀ ਅਤੇ ਸਬ-ਕਮੇਟੀ ਦੀ ਜਿਹੜੀ ਰਿਪੋਰਟ ਹੈ ਉਸ ਦੀ ਰੋਸ਼ਨੀ ਵਿਚ ਇਕ ਕੰਪਰੀਹੈਂਸਿਵ ਬਿਲ ਲਿਆਉ। ਸੂਬੇ ਵਿਚ ਇਸ ਵੇਲੇ ਜਿਸ ਤਰ੍ਹਾਂ ਨਾਲ ਐਕਟ ਤੇ ਅਮਲ ਹੋ ਰਿਹਾ ਹੈ ਅਤੇ ਰੂਲਜ਼ ਜਿਸ ਤਰ੍ਹਾਂ ਨਾਲ ਕੰਮ ਕਰ ਰਹੇ ਹਨ ਉਨ੍ਹਾਂ ਨੂੰ ਵੀ ਮੱਦੇਨਜ਼ਰ ਰਖਿਆ ਜਾਵੇ ਅਤੇ ਇਕ ਕੰਪ੍ਰੀਹੈਂਸਿਵ ਬਿਲ ਲਿਆਂਦਾ ਜਾਵੇ। ਅਮੈਂਡਮੈਂਟ ਲਿਆਂਦੀ ਜਾਵੇ। ਜੇਕਰ ਇਸ ਨੂੰ ਵਿਦ ਡਰਾ ਕਰ ਲਵੋ ਤਾਂ ਪੰਜਾਬ ਦਿਆਂ ਲੋਕਾਂ ਦਾ ਬੜਾ ਭਲਾ ਕਰੋਗੇ ਪੰਜਾਬੀ ਰਿਜਨਲ ਕਮੇਟੀ ਨੇ ਵੀ ਇਹੋ ਗਲ ਕਹੀ ਹੈ ਪਰ ਸਰਦਾਰ ਦਰਬਾਰਾ ਸਿੰਘ ਹੋਰੀਂ ਅੜੇ ਰਹੇ। ਹੁਣ ਉਹ ਨਹੀਂ ਹਨ ਤਾਂ ਕੈਪਟਨ ਰਤਨ ਸਿੰਘ ਹੋਰੀਂ ਹੀ ਨਾਮਨਾ ਖਟ ਲੈਣ ਅਤੇ ਕੰਪਰੀਹੈਂਸਿਵ ਅਮੈਂਡਮੈਂਟ ਲੈ ਆਉਣ ਜਿਸ ਨਾਲ ਮਾਰਕਿਟ ਕਮੇਟੀਆਂ ਦੇ ਕੰਮ ਵਿਚ ਸੁਧਾਰ ਹੋ ਜਾਵੇ ਅਤੇ ਅਸੀਂ ਜਿਹੜੀ ਸੇਵਾ ਕਰਨ ਲਈ ਇਥੇ ਆਏ ਹਾਂ ਉਹ ਸਹੀ ਮਾਨਿਆਂ ਵਿਚ ਕਰ ਸਕੀਏ।

**ਬਾਬੂ ਅਜੀਤ ਕੁਮਾਰ** (ਸਿਧਵਾਂ ਬੇਟ, ਐਸ. ਸੀ.): ਚੇਅਰਮੈਨ ਸਾਹਿਬ, ਮੈਥੋਂ ਪਹਿਲੇ ਬੋਲਣ ਵਾਲੇ ਦੋਸਤ ਨੇ ਸਾਰੇ ਆਸਪੈਕਟਸ ਤੇ ਰੋਸ਼ਨੀ ਪਾ ਦਿਤੀ ਹੈ। ਮੈਂ ਅਸੂਲੀ ਤੌਰ ਤੇ ਸਮਝਦਾ ਹਾਂ ਕਿ ਸਰਕਾਰ ਨੇ ਹਰ ਇਕ ਗਲਤ ਕੰਮ ਕਰਨ ਦਾ ਫੈਸਲਾ ਕੀਤਾ ਹੋਇਆ ਹੈ। ਛੋਟੀਆਂ ਛੋਟੀਆਂ ਅਮੈਂਡਮੈਂਟਸ

ਲਿਆ ਕੇ ਹਾਊਸ ਦਾ ਅਤੇ ਰੀਜਨਲ ਕਮੇਟੀਆਂ ਦਾ ਵਕਤ ਜ਼ਾਇਆ ਕਰਦੀ ਹੈ। ਪੰਜਾਬੀ ਰੀਜਨਲ ਕਮੇਟੀ ਦੀ ਬਹਿਸ ਦੇ ਦੌਰਾਨ ਸਾਰੇ ਹਾਊਸ ਵਲੋਂ ਇਹ ਗਲ ਜ਼ੋਰ ਨਾਲ ਕਹੀ ਗਈ ਸੀ ਕਿ ਜੇਕਰ ਸਰਕਾਰ ਅਮੈਂਡਮੈਂਟ ਬਿਲ ਲਿਆਵੇਗੀ ਤਾਂ ਬੜਾ ਕਪਰੀਹੈਂਸਿਵ ਹੋਣਾ ਚਾਹੀਦਾ ਹੈ। ਪਰ ਮਿਨਿਸਟਰ ਸਾਹਿਬ ਅੜੇ ਰਹੇ। ਪਾਰਟੀ ਦੇ ਵੋਟ ਜ਼ਿਆਦਾ ਸਨ ਇਸ ਕਰਕੇ ਰਿਜਨਲ ਕਮੇਟੀ ਵਿਚੋਂ ਕਢ ਲਿਆਏ ਕਿ ਜੇਕਰ ਨਾ ਲਿਆਉਂਦੇ ਤਾਂ ਚੰਗਾ ਹੁੰਦਾ। ਸਾਰੇ ਐਕਸਟ੍ਰੈਕਟਸ ਉਪਰ ਗੌਰ ਕਰ ਕੇ ਅਮੈਂਡਮੈਂਟ ਲਿਆਈ ਜਾਣੀ ਚੀਹੀਦੀ ਸੀ। ਸਰਕਾਰ ਨੇ ਬੜਾ ਕ੍ਰੈਡਿਟ ਲੈਣ ਦੀ ਕੋਸ਼ਿਸ਼ ਕਰਨੀ ਹੈ ਕਿ ਚੇਅਰਮੈਨ ਅਤੇ ਵਾਈਸ ਚੇਅਰਮੈਨ ਦੀ ਇਲੈਕਸ਼ਨ ਦੇ ਅੰਦਰ ਅਸੀਂ ਕਿਸੇ ਆਫੀਸ਼ੀਲਜ਼ ਨੂੰ ਖੜ੍ਹਾ ਨਹੀਂ ਹੋਣ ਦੇਵਾਂਗੇ। ਕਿਉਂ ਨਹੀਂ ਸਰਕਾਰ ਕਤੇਈ ਤੌਰ ਤੇ ਕਹਿੰਦੀ ਕਿ ਆਫੀਸ਼ਲਜ਼ ਨੂੰ ਮੈਂਬਰ ਹੀ ਨਹੀਂ ਬਣਾਵਾਂਗੇ ਪਬਲਿਕ ਦੇ ਨੁਮਾਇੰਦੇ ਹੀ ਮੈਂਬਰ ਹੋਣਗੇ ਬੀ. ਡੀ. ਉ. ਅਤੇ ਡੀ. ਡੀ. ਪੀ. ਓਜ਼ ਜਿਹੜੇ ਬਲਾਕ ਸੰਮਤੀਆਂ ਦੇ ਆਫੀ-ਸ਼ੀਅਲ ਮੈਂਬਰਜ਼ ਸਨ ਉਨ੍ਹਾਂ ਨੂੰ ਕੌਂਸਿਲ ਦੇ ਇਲੈਕਸ਼ਨਾਂ ਦੇ ਵੋਟਰਜ਼ ਬਣਾ ਦਿਤਾ ਕਿਉਂ ਜੋ ਸਰਕਾਰ ਸਮਝਦੀ ਸੀ ਕਿ ਜਿੰਨੇ ਬੀ. ਡੀ. ਓਜ਼ ਹਨ ਸਰਕਾਰ ਨੂੰ ਵੋਟ ਦੇਣਗੇ। ਉਨ੍ਹਾਂ ਨੇ ਕਾਂਗਰਸ ਉਮੀਦਵਾਰਾਂ ਦੇ ਹਕ ਵਿਚ ਲੋਕਲ ਬਾਡੀਜ਼ ਨੂੰ ਵੋਟ ਦਿਤੇ। ਇਨ੍ਹਾਂ ਗਲਾਂ ਨਾਲ ਸਰਕਾਰ ਆਫੀਸ਼ੀਅਲ ਇੰਟਰਫੀਅਰੈਂਸ ਜਾਰੀ ਰਖਣਾ ਚਾਹੁੰਦੀ ਹੈ ਤਾਂ ਜੋ ਉਹ ਜਿਵੇਂ ਚਾਹੇ ਕੰਮ ਕਰਵਾ ਸਕੇ। ਮੈਂ ਵਜ਼ੀਰ ਮੁਤਾਲਿਕਾ ਨੂੰ ਇਹ ਅਰਜ਼ ਕਰਾਂਗਾ ਕਿ ਉਹ ਇਹ ਗਲ ਕਲੀਅਰ ਕਰ ਦੇਣ ਕਿ ਕੀ ਸਰਕਾਰ ਇਹ ਚਾਹੁੰਦੀ ਹੈ ਕਿ ਆਫੀਸ਼ੀਲ ਮੈਂਬਰਜ਼ ਮਾਰਕਿਟਿੰਗ ਕਮੇਟੀਆਂ ਦੇ ਫੰਕਸ਼ਨਜ਼ ਵਿਚ ਡਾਮੀਨੇਟ ਕਰਨ ਅਤੇ ਦਖਲ ਅੰਦਾਜ਼ੀ ਕਰਦੇ ਰਹਿਣ। ਵਜ਼ੀਰ ਬਾਹਰ ਇਲਾਕਿਆਂ ਵਿਚ ਜਾਂਦੇ ਹਨ ਲੋਕ ਉਨ੍ਹਾਂ ਨੂੰ ਕਹਿੰਦੇ ਹਨ ਕਿ ਮਾਰਕਿਟਿੰਗ ਕਮੇਟੀਆਂ ਦੇ ਫੰਕਸ਼ਨਜ਼ ਠੀਕ ਨਹੀਂ ਹੈ। ਉਹ ਮੰਨ ਜਾਂਦੇ ਹਨ ਅਤੇ ਵਾਅਦੇ ਵੀ ਕਰਦੇ ਹਨ ਪਰ ਅਮਲ ਨਹੀਂ ਕਰਦੇ। **Half-hearted amendment** ਲਿਆ ਕੇ ਇਸ ਨੂੰ **rush through** ਕਰਨਾ ਚਾਹੁੰਦੇ ਹਨ। ਇਸ ਨੂੰ ਇਸ ਤਰ੍ਹਾਂ ਨਾਲ ਪਾਸ ਨਾ ਕਰਵਾਉ ਅਤੇ ਵਾਪਸ ਲੈ ਲਵੋ ਤਾਂ ਚੰਗੀ ਗਲ ਹੈ।

**ਪਸ਼ੂ ਪਾਲਣ ਅਤੇ ਖੇਤੀ ਬਾੜੀ ਦੇ ਰਾਜ ਮੰਤਰੀ** (ਕੈਪਟਨ ਰਤਨ ਸਿੰਘ) : ਚੇਅਰਮੈਨ ਸਾਹਿਬ, ਮੈਂ ਬਾਬੂ ਬਚਨ ਸਿੰਘ ਜੀ ਦਾ ਬੜਾ ਇਹਤਰਾਮ ਕਰਦਾ ਹਾਂ, ਬਜ਼ੁਰਗ ਹਨ ਪਰ ਅਜ ਪਹਿਲੀ ਦਫਾ ਉਹ ਬਿਲਕੁਲ ਇਰਰੈਲੇਵੈਂਟ ਬੋਲੇ ਹਨ। ਸਵਾਲ ਸਿਰਫ ਐਨਾ ਹੈ, ਅਮੈਂਡਮੈਂਟ ਸਿਰਫ ਇਹ ਹੈ, ਕਿ ਜਿਹੜੇ ਆਫੀਸ਼ੀਅਲ ਮੈਂਬਰਜ਼ ਹਨ ਉਨ੍ਹਾਂ ਨੂੰ ਨਾ ਇਲੈਕਸ਼ਨ ਵਾਸਤੇ ਖੜੇ ਹੋਣ ਦੀ ਇਜਾਜ਼ਤ ਹੈ ਨਾ ਵੋਟ ਪਾਉਣ ਦੀ ਇਜਾਜ਼ਤ ਹੈ। ਇਹ ਤਰਮੀਮ ਲਿਆਂਦੀ ਗਈ ਹੈ। ਮੈਨੂੰ ਖੁਸ਼ੀ ਹੈ ਕਿ ਸਿਵਾਏ ਇਨ੍ਹਾਂ ਦੇ ਬਾਕੀ ਸਭ ਨੇ ਗੁੱਜੰਗਲੀ ਇਸ ਨੂੰ ਪ੍ਰੋਗ੍ਰੈਸਿਵ ਸਟੈਪ ਕਿਹਾ ਹੈ। ਜੇਕਰ ਪ੍ਰੋਗ੍ਰੈਸਿਵ ਸਟੈਪ ਕਿਹਾ ਹੈ ਤਾਂ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਇਸ ਦੇ ਪਾਸ ਕਰਨ ਵਿਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ। ਮੈਂ ਅਰਜ਼ ਕਰਾਂ ਕਿ ਇਕ ਪਾਸੇ ਤਾਂ ਆਪੋਜ਼ੀਸ਼ਨ ਵਾਲੇ ਭਾਈ ਕਹਿੰਦੇ ਹਨ ਕਿ ਅਸਾਂ ਗਲ ਕੀਤੀ ਸੀ ਤਾਂ ਤਰਮੀਮ ਲਿਆਏ ਹਾਂ ਪਰ ਦੂਸਰੇ ਪਾਸੇ ਕਹਿੰਦੇ ਹਨ ਕਿ ਜੋ ਕੁਝ ਅਸੀਂ ਕਹਿੰਦੇ ਹਾਂ ਉਹ ਮੰਨਦੇ ਹੀ ਨਹੀਂ। ਮੇਰੀ ਅਰਜ਼ ਹੈ ਕਿ ਉਨ੍ਹਾਂ ਨੂੰ ਇਕ ਸਟੈਂਡ ਲੈਣਾ ਚਾਹੀਦਾ ਹੈ। ਜੇਕਰ ਅਸਾਂ ਅਸੈਂਬਲੀ ਦੇ ਮੈਂਬਰਾਂ ਦੀ ਗਲ ਮੰਨ ਲਈ ਹੈ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਸਾਨੂੰ ਸ਼ਾਬਾਸ਼ ਦੇਣ। ਜੋਸ਼ ਸਾਹਿਬ ਨੇ ਕਿਹਾ ਹੈ ਕਿ ਇਹ ਬਿਲ ਐਨਾ ਕੰਪ੍ਰੀਹੈਂਨਸਿਵ ਨਹੀਂ ਹੈ। ਮੈਂ ਕਿਸੇ ਹਦ ਤਕ ਉਨ੍ਹਾਂ ਨਾਲ ਇਤਫਾਕ ਰਾਏ ਰਖਦਾ ਹਾਂ। ਇਸ ਲਈ ਮੇਰੀ ਅਰਜ਼ ਹੈ ਕਿ ਇੰਨੀ ਗੱਲ ਤੁਸੀਂ ਪਾਸ ਕਰ ਲੋ . . . . (ਵਿਘਨ) ਮੈਂ ਮੰਨਦਾ ਹਾਂ ਕਿ ਆਫੀਸ਼ੀਅਲ ਮੈਂਬਰ ਨੂੰ ਵੋਟ ਨਹੀਂ ਪਾਉਣਾ ਚਾਹੀਦਾ। ਆਇੰਦਾ ਅਸੀਂ ਤਰਮੀਮ ਲਿਆਵਾਂਗੇ, ਜ਼ਰੂਰ . . . . . ਲਿਆਵਾਂਗੇ। ਮੈਂ ਐਸ਼ੋਰੈਂਸ ਦਿੰਦਾ ਹਾਂ।

**ਸ਼੍ਰੀ ਬਲਰਾਮਜੀ ਦਾਸ ਟੰਡਨ** : ਅਮੈਂਡਮੈਂਟ ਆਈ ਹੋਈ ਹੈ, ਉਸ ਨੂੰ ਮਨਜ਼ੂਰ ਕਰ ਲਓ ।

**ਪਸ਼ੂ ਪਾਲਨ ਅਤੇ ਖੇਤੀ ਬਾੜੀ ਦੇ ਰਾਜ ਮੰਤਰੀ** : ਹੁਣ ਨਹੀਂ, ਉਸ ਨਾਲ ਬੜਾ ਝਮੇਲਾ ਪਵੇਗਾ । ਮੈਂ ਅਸ਼ੋਰੈਂਸ ਦਿਦਾ ਹਾਂ ਕਿ ਜ਼ਰੂਰ ਲਿਆਵਾਂਗੇ । ਤੁਹਾਨੂੰ ਮੇਰੇ ਤੇ ਯਕੀਨ ਹੋਣਾ ਚਾਹੀਦਾ ਹੈ । ਜੇਕਰ ਤੁਹਾਨੂੰ ਪਿਆਰ ਹੈ ਤਾਂ ਤੁਸੀਂ ਮੰਨ ਲੋ । ਸਾਨੂੰ ਗਰੋਅਰਜ਼ ਨਾਲ ਬੜੀ ਹਮਦਰਦੀ ਹੈ ਅਸੀਂ ਪੂਰੀ ਕੋਸ਼ਿਸ਼ ਨਾਲ ਉਸ ਦੀ ਮਦਦ ਕਰਾਂਗੇ । ਸਰਦਾਰ ਜਸਦੇਵ ਸਿੰਘ ਸੰਧੂ ਨੇ ਨੋਟੀਫਿਕੇਸ਼ਨ ਦੀ ਬਾਬਤ ਕਿਹਾ ਹੈ । ਕਾਮਰੇਡ ਰਾਮ ਪਿਆਰਾ ਨੇ ਕਿਹਾ ਹੈ ਕਿ ਐਸ਼ੋਰੈਂਸ ਦੇਣੀ ਚਾਹੀਦੀ ਹੈ । ਉਨ੍ਹਾਂ ਦੀ ਗਲ ਦਾ ਪੂਰਾ ਧਿਆਨ ਰਖਿਆ ਜਾਵੇਗਾ । ਇਸ ਲਈ ਮੈਂ ਹਾਊਸ ਨੂੰ ਮੂਵ ਕਰਾਂਗਾ ਕਿ ਇਸ ਬਿਲ ਨੂੰ ਜਲਦੀ ਤੋਂ ਜਲਦੀ ਪਾਸ ਕੀਤਾ ਜਾਵੇ ।

**Mr. Chairman : (Dr. Bal Krishan) :** Question is—

That the Punjab Agricultural Produce Markets (Amendment) Bill, as reported by the Regional Committee be taken into consideration.

*The motion was carried*

**Mr. Chairman :** Now the House will take up the Bill, clause by clause.

Clause 2

**ਸ਼੍ਰੀ ਬਲਰਾਮਜੀ ਦਾਸ ਟੰਡਨ** (ਅੰਮ੍ਰਿਤਸਰ ਸ਼ਹਿਰ-ਪਛਮ) : ਚੇਅਰਮੈਨ ਸਾਹਿਬ, ਵੈਸੇ ਮੈਨੂੰ ਇਸ ਗਲ ਦੀ ਬੜੀ ਖੁਸ਼ੀ ਹੈ ਕਿ ਇਸ ਹਾਊਸ ਦੇ ਵਿਚ ਮੈਂਬਰਾਂ ਦੇ ਖਿਆਲਾਤ ਦਾ ਇਹਤਰਾਮ ਕਰਦੇ ਹੋਏ ਸਰਕਾਰ ਨੇ ਥੋੜ੍ਹੀ ਜਿਹੀ ਤਬਦੀਲੀ ਕਰਨ ਦੀ ਕੋਸ਼ਿਸ਼ ਕੀਤੀ ਹੈ ਲੇਕਿਨ ਮੈਨੂੰ ਇਸ ਗਲ ਦਾ ਥੋੜ੍ਹਾ ਜਿੰਨਾ ਅਫਸੋਸ ਭੀ ਹੈ ਕਿ ਇਹ "ਹਾਫ ਹਾਰਟਿਡ ਮੇਈਅਰ' ਕਿਉਂ ਲੈ ਆਏ ਹਨ । ਜ਼ਰੂਰਤ ਇਸ ਗਲ ਦੀ ਸੀ ਕਿ ਜਿਸ ਵਕਤ ਆਫੀਸ਼ੀਅਲ ਮੈਂਬਰਜ਼ ਨੂੰ ਡੀਬਾਰ ਕਰਨ ਲਗੇ ਸਨ ਕਿ ਉਹ ਚੇਅਰਮੈਨ ਨਾ ਬਣੇ, ਤਾਂ ਇਸ ਗਲ ਉਤੇ ਵਿਚਾਰ ਕਰਨਾ ਕਿ ਉਹ ਵੋਟ ਕਰ ਸਕਦੇ ਹਨ ਕਿ ਨਹੀਂ, ਮੇਰਾ ਕੰਮ ਨਹੀਂ, ਲੀਗਲ ਰੀਮੈਂਬਰੈਂਸਰ ਦਾ ਹੈ । ਫੈਸਲੇ ਕਰਨ ਲਗਿਆਂ ਮੈਜਾਰਿਟੀ ਨੂੰ ਕਾਇਮ ਰਖਣ ਲਈ, ਇਕ ਇਕ ਦਾ ਮੁਲ ਹੁੰਦਾ ਹੈ, ਇਕ ਇਕ ਵੋਟ ਕਾਊਂਟ ਕਰਦਾ ਹੈ । ਚਾਹੇ ਕਿਸੇ ਨੂੰ ਰੁਪਿਆ ਦੇਣਾ ਹੋਵੇ, ਕੋਈ ਕੰਮ ਉਸ ਇਲਾਕੇ ਵਿਚ ਕਰਨਾ ਹੋਵੇ, ਜਿਤਨਾ ਵੀ ਮਾਰਕਿਟਿੰਗ ਦਾ ਕੰਮ ਹੁੰਦਾ ਹੈ ਉਸ ਵਿਚ ਫੈਸਲੇ ਕਰਨ ਵੇਲੇ ਇਕ ਇਕ ਮੈਂਬਰ ਦੀ ਮਜਾਰਿਟੀ ਵੀ ਕਾਊਂਟ ਕਰਦੀ ਹੈ ਔਰ ਉਹ ਆਦਮੀ ਆਪਣੀ ਡਿਸਕਰੀਸ਼ਨ ਕਿਸੇ ਪਾਸੇ ਵੀ ਇਸਤੇਮਾਲ ਕਰ ਸਕਦਾ ਹੈ । ਪਤਾ ਨਹੀਂ ਕਲ ਨੂੰ ਵੋਟ ਆਫ ਨੋ ਕਾਨਫੀਡੈਂਸ ਹੋਵੇ ਤਾਂ ਉਸ ਵਿਚ ਆਫੀਸ਼ਲ ਮੈਂਬਰ ਦੀ ਵੋਟ ਬਾਰੇ ਲੀਗਲ ਪੁਜ਼ੀਸ਼ਨ ਕੀ ਹੈ ਇਹ ਐਲ. ਆਰ. ਹੀ ਦਸ ਸਕਦਾ ਹੈ । ਇਹ ਐਲ. ਆਰ. ਹੀ ਦਸ ਸਕਦਾ ਹੈ ਕਿ ਉਸ ਹਾਲਤ ਵਿਚ ਉਹ ਵੋਟ ਕਰ ਸਕਦੇ ਹਨ ਜਾਂ ਨਹੀਂ ਕਰ ਸਕਦੇ । ਇਸ ਬਾਰੇ ਪੁਜ਼ੀਸ਼ਨ ਕਲੀਅਰ ਕਰਨ ਬਾਰੇ ਮੈਂ ਕੰਮਪੀਟੈਂਟ ਨਹੀਂ ਹਾਂ । ਲੇਕਿਨ ਇਕ ਦੂਸਰੀ ਔਰ ਅਹਿਮ ਗਲ ਜਿਹੜੀ ਹੈ ਉਹ ਇਹ ਹੈ ਕਿ ਕਮੇਟੀ, ਜਿਹੜੀ ਕਿ ਇਕ ਸੈਮੀ ਗੌਰਮਿੰਟ ਅਦਾਰਾ ਹੈ, ਉਸ ਨੇ ਨਾ ਸਿਰਫ ਉਥੇ ਹੀ ਜਿਥੇ ਕਿ ਉਹ ਸੈਟ ਅਪ ਹੋਈ ਹੋਈ ਹੈ ਬਲਕਿ ਉਸ ਦੇ ਨਾਲ ਲਗਦੇ ਇਲਾਕੇ ਵਿਚ ਪਿੰਡ ਦਿਆਂ ਲੋਕਾਂ, ਕਿਸਾਨਾਂ ਦੇ ਆਉਣਾ ਜਾਣ ਵਾਸਤੇ ਬਿਹਤਰ ਸਾਧਨ ਪੈਦਾ ਕਰਨੇ ਹਨ, ਉਨ੍ਹਾਂ ਦਾ ਪ੍ਰਬੰਧ ਕਰਨਾ ਹੈ । ਕੋਈ ਸੜਕ, ਕੋਈ ਕਲਵਰਟ ਵਗੈਰਾ ਬਨਾਉਣਾ ਡਾਇਰੈਕਟਲੀ ਉਸ ਦੇ ਅਧਿਕਾਰ ਵਿਚ ਹੈ । ਉਸ ਦੇ ਵਾਸਤੇ ਕਮੇਟੀ ਨੇ ਪੈਸੇ ਅਲਾਟ ਕਰਨੇ ਹੁੰਦੇ ਹਨ । ਲੇਕਿਨ ਜਦ ਇਨ੍ਹਾਂ ਆਫੀਸ਼ਲ ਮੈਂਬਰਾਂ ਨੂੰ ਅਧਿਕਾਰ ਹੈ ਵੋਟ ਦਾ ਤਾਂ ਉਹ ਇਕ ਵੋਟ ਨਾਲ ਵੀ ਉਸ ਤਰ੍ਹਾਂ ਦੇ ਲੋਕ ਭਲਾਈ ਦੇ ਕੰਮਾਂ ਵਿਚ ਅੜਚਨ ਪੈਦਾ ਕਰ ਸਕਦੇ ਹਨ । ਡੀਫੈਂਸ ਲਈ ਸੈਂਟਰਲ ਗੌਰਮਿਟ ਕਰੋੜਾਂ ਰੁਪਿਆ ਖਰਚ ਕਰ ਰਹੀ ਹੈ, ਸਾਡੀ ਗੌਰਮਿੰਟ ਨੇ ਵੀ ਪੀ. ਏ. ਪੀ. ਉਤੇ ਰੁਪਿਆ ਖਰਚ ਕੀਤਾ ਹੈ । ਲੇਕਿਨ ਜੇ ਇਸ ਅਦਾਰੇ ਕੋਲੋਂ ਸਰਕਾਰ

ਨੇ ਫੰਡ ਹੀ ਇਕੱਠੇ ਕਰਨੇ ਹਨ ਤਾਂ ਕਿਸਾਨਾਂ ਦੀ ਭਲਾਈ ਦਾ ਕੀ ਕੰਮ ਹੋ ਸਕਦਾ ਹੈ ? ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਿਊਨਸਪਲ ਕਮੇਟੀਆਂ, ਇੰਪਰੂਵਮੈਂਟ ਟ੍ਰਸਟਾਂ ਅਤੇ ਹੋਰ ਅਜਿਹੇ ਸਾਰੇ ਅਦਾਰਿਆਂ ਕੋਲੋਂ ਲੱਖਾਂ ਰੁਪਿਆ ਇਕੱਠਾ ਕੀਤਾ ਗਿਆ ਔਰ ਜਿਹੜਾ ਅਸਲੀ ਕੰਮ ਹੈ ਉਸ ਤੋਂ ਡੀਬਾਰ ਕੀਤਾ ਗਿਆ। ਇਕ ਇਕ ਵੋਟ ਦੀ ਜ਼ਿਆਦਤੀ ਨਾਲ, ਇਕ ਇਕ ਵੋਟ ਦੀ ਮੈਜਾਰਿਟੀ ਨਾਲ, ਮੈਨੂੰ ਪਤਾ ਹੈ, ਦਸ ਦਸ, ਵੀਹ ਵੀਹ ਹਜ਼ਾਰ ਰੁਪਿਆ, ਦੋ ਦੋ ਲੱਖ ਰੁਪਿਆ 1962 ਵਿਚ ਮਿਊਨਿਸਪਲ ਕਮੇਟੀਆਂ ਨੇ ਦਿੱਤਾ। ਸਾਨੂੰ ਯਾਦ ਹੈ ਕਿ ਕਿਸ ਤਰ੍ਹਾਂ ਜਾ ਜਾ ਕੇ ਉਸ ਵੇਲੇ ਅੰਮ੍ਰਿਤਸਰ ਦੀ ਮਿਊਨਿਸਪਲ ਕਮੇਟੀ ਤੋਂ ਲੱਖਾਂ ਰੁਪੈ ਲੈ ਕੇ ਆਏ ਸਨ ਇਸ ਲਈ, ਮੈਂ ਸਮਝਦਾ ਹਾਂ ਕਿ ਜਿਥੇ ਇਕ ਨੇਕ ਕੰਮ ਕੀਤਾ ਹੈ, ਉਥੇ ਇਹ ਹਾਫਹਾਰਟਡ ਜਿਹਾ ਮੇਈਅਰ ਨਾ ਪਾਸ ਕਰਾਉ। ਕੈਪਟਨ ਸਾਹਿਬ ਨੇ ਇਕ ਚੰਗਾ ਕਦਮ ਚੁਕਿਆ ਹੈ ਦੂਸਰਾ ਕਦਮ ਵੀ ਚੁਕਣਾ ਚਾਹੀਦਾ ਹੈ ਔਰ ਆਫੀਸ਼ਲ ਮੈਂਬਰਜ਼ ਨੂੰ ਕਮੇਟੀ ਦੀ ਪ੍ਰੋਸੀਡਿੰਗਜ਼ ਵਿਚ ਕਿਸੇ ਤਰ੍ਹਾਂ ਵੀ ਵੋਟ ਪਾਉਣ ਤੋਂ ਡੀਬਾਰ ਕਰਨਾ ਚਾਹੀਦਾ ਹੈ। ਇਸ ਮਕਸਦ ਲਈ ਇਕ ਅਮੈਂਡ-ਮੈਂਟ ਸਰਕੂਲੇਟ ਹੋਈ ਹੈ ਉਸ ਨੂੰ ਅਕਸੈਪਟ ਕਰਨਾ ਚਾਹੀਦਾ ਹੈ। ਜਿਹੜੀ ਅਸ਼ੋਰੈਂਸ ਹੁਣੇ ਹੀ ਉਨ੍ਹਾਂ ਨੇ ਦਿੱਤੀ ਹੈ ਉਸ ਦੇ ਪੇਸ਼ੇਨਜ਼ਰ ਮਨੂੰ ਆਸ ਹੈ ਕਿ ਉਹ ਇਸ ਅਮੈਂਡਮੈਂਟ ਨੂੰ ਜ਼ਰੂਰ ਮੰਨ ਲੈਣਗੇ।

**ਕਾਮਰੇਡ ਭਾਨ ਸਿੰਘ ਭੌਰਾ** (ਧੂਰੀ—ਐਸ. ਸੀ.) : ਚੇਅਰਮੈਨ ਸਾਹਿਬ, ਅਸਾਂ ਕਮੇਟੀ ਵਿਚ ਵੀ ਨੋਟ ਆਫ ਡਿਸੈਂਟ ਦਿੱਤਾ ਸੀ ਔਰ ਉਹ ਇਸ ਕਰਕੇ ਦਿੱਤਾ ਸੀ। ਕਿਉਂਕਿ ਇਸ ਬਿਲ ਦੇ ਨਾਲ ਅਸੀਂ ਸਹਿਮਤ ਨਹੀਂ ਸੀ। ਭਾਵੇਂ ਇਥੇ ਕੈਪਟਨ ਸਾਹਿਬ ਨੇ ਐਸ਼ੋਰੈਂਸ ਦੇ ਦਿੱਤੀ ਹੈ ਪਰ ਜਿੰਨੀ ਦੇਰ ਉਹ ਐਸ਼ੋਰੈਂਸ ਲਿਖਤ ਰੂਪ ਵਿਚ ਨਹੀਂ ਆਉਂਦੀ ਉਨੀ ਦੇਰ ਸਾਨੂੰ ਯਕੀਨ ਨਹੀਂ ਕਿ ਉਹ ਅਗੇ ਇੰਪਲੀਮੈਂਟ ਵੀ ਹੋਵੇਗੀ ਜਾਂ ਨਹੀਂ ਕਿਉਂਕਿ ਪਿਛਲਾ ਤਜਰਬਾ ਦਸਦਾ ਹੈ ਕਿ ਹਰ ਵੇਰ ਸਰਕਾਰ ਨੇ ਆਫੀਸ਼ਲ ਮੈਂਬਰਾਂ ਨੂੰ ਆਪਣੇ ਹੱਕ ਵਿਚ ਵਰਤਿਆ ਹੈ। ਪਿਛੇ ਜਿਹੀ ਜਦੋਂ ਕੌਂਸਿਲ ਦੀ ਇਲੈਕਸ਼ਨ ਹੋਈ ਤਾਂ ਬਠਿੰਡੇ ਦੀ, ਕੌਂਸਲ ਦੀ ਇਲੈਕਸ਼ਨ ਵੇਲੇ, ਕਾਂਗਰਸ ਨੇ ਆਫੀਸ਼ਲ ਮੈਂਬਰਜ਼ ਨੂੰ ਆਪਣੇ ਹੱਕ ਵਿਚ ਵਰਤਿਆ ਔਰ ਉਨ੍ਹਾਂ ਦੀਆਂ 9 ਵੋਟਾਂ ਨਾਲ ਜਿੱਤੀ ਵਰਨਾ ਫੈਸਲਾ ਕਾਂਗਰਸ ਦੇ ਖਿਲਾਫ ਸੀ। ਸਰਕਾਰ ਕਿਸੇ ਨਾ ਕਿਸੇ ਤਰੀਕੇ ਨਾਲ ਇਹ ਕੋਸ਼ਿਸ਼ ਕਰਦੀ ਹੈ ਕਿ ਪਬਲਿਕ ਦੇ ਚੁਣੇ ਹੋਏ ਅਦਾਰੇ ਵਿਚ ਵੀ ਉਸ ਦਾ ਦਖਲ ਹੋਵੇ । ਸਭ ਤੋਂ ਵਡੀ ਗਲ ਇਥੇ ਇਹ ਹੈ ਕਿ ਜਦ ਇਹ ਚਾਹੁੰਦੇ ਹਨ ਕਿ ਆਫੀਸ਼ਲ ਮੈਂਬਰ ਚੇਅਰਮੈਨ ਨਾ ਬਣੇ ਤਾਂ ਅਗਲੀ ਗਲ, ਮੈਨੂੰ ਸਮਝ ਨਹੀਂ ਆਉਂਦੀ ਕਿ ਕਿਉਂ ਨਹੀਂ ਮੰਨ ਲੈਂਦੇ ? ਕਿਉਂ ਨਹੀਂ ਇਹ ਵੀ ਮੰਨ ਲੈਂਦੇ ਕਿ ਉਨ੍ਹਾਂ ਆਫੀਸ਼ਲ ਮੈਂਬਰਜ਼ ਨੂੰ ਵੋਟ ਦੇਣ ਦਾ ਹੱਕ ਨਹੀਂ ਹੋਵੇਗਾ ? ਬਲਾਕ ਸੰਮਤੀਆਂ ਵਿਚ ਖ਼ੁਦ ਸਰਕਾਰ ਨੇ ਇਹ ਚੀਜ਼ ਮਨ ਲਈ ਹੈ। ਉਥੇ ਵੀ ਆਫੀਸ਼ਲ ਮੈਂਬਰਜ਼, ਐਮ. ਐਲ. ਏਜ਼., ਬੀ. ਡੀ. ਓਜ਼, ਐਕਸ ਆਫੀਸ਼ੀਓ ਹਨ। ਗਲ ਇਹ ਨਹੀਂ, ਗਲ ਤਾਂ ਇਹ ਹੈ ਕਿ ਇਥੇ ਸਰਕਾਰ ਅਪਣੀ ਮੈਜਾਰਿਟੀ ਕਾਇਮ ਰਖਣਾ ਚਾਹੁੰਦੀ ਹੈ ਤਾਕਿ ਅਗਰ ਕਿਸੇ ਵੀ ਵੇਲੇ ਗੈਰ ਕਾਂਗਰਸੀ ਚੇਅਰਮੈਨ ਬਣ ਜਾਵੇ ਤਾਂ ਉਸ ਵੇਲੇ ਆਫੀਸ਼ਲ ਮੈਂਬਰਾਂ ਦੇ ਵੋਟਾਂ ਨਾਲ ਇਹ ਉਸ ਦਾ ਮੁਕਾਬਲਾ ਕਰ ਸਕਣ। ਸੋ ਇਹ ਆਫੀਸ਼ਲ ਮੈਂਬਰਾਂ ਨੂੰ ਆਪਣੀ ਮਰਜ਼ੀ ਦੇ ਮੁਤਾਬਕ ਇਸਤੇਮਾਲ ਕਰਨਾ ਚਾਹੁੰਦੇ ਹਨ। ਕੋਈ ਵੀ ਫੈਸਲਾ ਜਿਹੜਾ ਸਰਕਾਰ ਚਾਹੇ ਉਨ੍ਹਾਂ ਦੇ ਰਾਹੀਂ ਇੰਪਲੀਮੈਂਟ ਕਰਾਇਆ ਜਾ ਸਕਦਾ ਹੈ। ਇਸ ਦੇ ਨਾਲ ਡੈਮੋਕਰੈਟਿਕ ਸਪਿਰਿਟ ਖਤਮ ਹੋ ਜਾਂਦੀ ਹੈ। ਮੈਂ ਸਮਝਦਾ ਹਾਂ ਕਿ ਕੈਪਟਨ ਸਾਹਿਬ ਨੂੰ ਇਸ ਦੇ ਵਿਰੁਧ ਇਨਸਿਸਟ ਨਹੀਂ ਕਰਨਾ ਚਾਹੀਦਾ ਔਰ ਇਸ ਪੁਆਇੰਟ ਨੂੰ ਇਸੇ ਵੇਲੇ ਮੰਨ ਲੈਣਾ ਚਾਹੀਦਾ ਹੈ ਕਿ ਜਿਹੜੇ ਆਫੀਸ਼ਲ ਮੈਂਬਰਜ਼ ਹਨ ਇਨ੍ਹਾਂ ਨੂੰ ਵੋਟ ਦਾ ਹੱਕ ਨਹੀਂ ਹੋਵੇਗਾ।

ਇਸ ਤੋਂ ਇਲਾਵਾ ਸਾਡੇ ਨੋਟਿਸ ਵਿਚ ਇਹ ਚੀਜ਼ ਆਈ ਹੈ ਕਿ ਪਿਛੇ ਜਿਹੀ ਇਨ੍ਹਾਂ ਕਮੇਟੀਆਂ ਦੇ ਜਿਤਨੇ ਵੀ ਫੰਡਜ਼ ਹਨ ਉਹ ਗੌਰਮਿੰਟ ਨੇ ਆਪਣੀ ਮਰਜ਼ੀ ਨਾਲ ਇਸਤੇਮਾਲ ਕਰਾਏ ਹਨ। ਇਸ ਤੋਂ ਉਲਟ ਜੇਕਰ ਕੋਈ ਮਾਰਕੀਟ ਕਮੇਟੀ ਸੜਕਾਂ ਬਨਾਉਣ ਦੀ ਜਾਂ ਕਿਸਾਨਾਂ ਦੇ ਭਲੇ ਦੀ ਕੋਈ ਹੋਰ ਸਕੀਮ

[ਕਾਮਰੇਡ ਭਾਨ ਸਿੰਘ ਭੌਰਾ]

ਬਣਾਉਂਦੀ ਹੈ ਤਾਂ ਦੋ ਦੋ ਸਾਲ ਤਕ ਉਸ ਦੀ ਮਨਜ਼ੂਰੀ ਹੀ ਨਹੀਂ ਮਿਲਦੀ, ਇਥੇ ਹੀ ਪਈ ਰਹਿੰਦੀ ਹੈ ਔਰ ਕਈ ਵੇਰ ਕਮੇਟੀ ਦਾ ਬਜਟ ਬਣਿਆ ਬਣਾਇਆ ਰਹਿ ਜਾਂਦਾ ਹੈ, ਫੰਡਜ਼ ਹੀ ਲੈਪਸ ਹੋ ਜਾਂਦੇ ਹਨ, ਦੂਜੇ ਪਾਸੇ ਇਕੋ ਆਰਡਰ ਨਾਲ ਕਈਆਂ ਫੰਡਜ਼ ਲਈ ਉਨ੍ਹਾਂ ਤੋਂ ਰੁਪਿਆ ਮਨਜ਼ੂਰ ਕਰਵਾਇਆ ਜਾਂਦਾ ਹੈ ਜਿਵੇਂ ਕਿ ਡੀਫੈਂਸ ਫੰਡ ਹੈ, ਫਲਾਨਾ ਫੰਡ ਹੈ, ਢੀਂਗੜਾ ਫੰਡ ਹੈ। ਹੋਰ ਅਨੇਕਾਂ ਫੰਡ ਹਨ। ਜੇ ਮਿਨਿਸਟਰ ਸਾਹਿਬ ਡੈਮੋਕਰੇਸੀ ਵਿਚ ਯਕੀਨ ਰਖਦੇ ਹਨ ਤਾਂ ਉਨ੍ਹਾਂ ਨੂੰ ਇਹ ਗਲ ਮੰਨ ਲੈਣੀ ਚਾਹੀਦੀ ਹੈ ਵਰਨਾ ਉਨ੍ਹਾਂ ਆਫੀਸ਼ਲ ਮੈਂਬਰਾਂ ਨੂੰ ਵੋਟ ਦਾ ਹਕ ਦੇਣਾ ਡੈਮੋਕਰੇਸੀ ਦਾ ਗਲਾ ਘੁੱਟਣ ਵਾਲੀ ਗਲ ਹੈ।

**ਪਸ਼ੂ ਪਾਲਣ ਅਤੇ ਖੇਤੀ ਬਾੜੀ ਦੇ ਰਾਜ ਮੰਤਰੀ** (ਕੈਪਟਨ ਰਤਨ ਸਿੰਘ) : ਚੇਅਰਮੈਨ ਸਾਹਿਬ, ਜੋ ਕੁਝ ਮੈਂ ਪਹਿਲਾਂ ਕਹਿ ਚੁਕਾ ਹਾਂ, ਮੈਂ ਸਮਝਦਾ ਹਾਂ ਕਿ ਆਨਰੇਬਲ ਮੈਂਬਰਜ਼ ਨੂੰ ਉਹ ਮੰਨ ਲੈਣਾ ਚਾਹੀਦਾ ਹੈ। ਮੈਨੂੰ ਬੜਾ ਦੁੱਖ ਹੁੰਦਾ ਹੈ, ਔਰ ਇਸ ਹਾਊਸ ਵਿਚ ਐਸੋਰੈਂਸ ਦੇਣ ਦਾ ਕੋਈ ਖਾਸ ਮਤਲਬ ਨਹੀਂ ਜੇ ਇਸ ਵਿਚ ...................

**ਸ਼੍ਰੀ ਬਲਰਾਮਜੀ ਦਾਸ ਟੰਡਨ** : ਪਹਿਲੀਆਂ ਐਸ਼ੋਰੈਂਸਿਜ਼ ਦਾ ਸਾਨੂੰ ਤਜਰਬਾ ਹੈ।

**ਪਸ਼ੂ ਪਾਲਣ ਅਤੇ ਖੇਤੀ ਬਾੜੀ ਦੇ ਰਾਜ ਮੰਤਰੀ** : ਕਮ ਅਜ਼ ਕਮ, ਚੇਅਰਮੈਨ ਸਾਹਿਬ, ਮੈਂ ਉਸ ਚੀਜ਼ ਦਾ ਹਾਮੀ ਨਹੀਂ, ਮੈਂ ਸਮਝਦਾ ਹਾਂ ਕਿ ਅਗਰ ਹਾਊਸ ਵਿਚ ਕੋਈ ਵੀ ਮੈਂਬਰ ਕੋਈ ਅਸ਼ੋਰੈਂਸ ਦਿੰਦਾ ਹੈ ਤਾਂ ਉਸ ਨੂੰ ਉਸ ਉਤੇ ਕਾਇਮ ਰਹਿਣਾ ਚਾਹੀਦਾ ਹੈ। ਤੇ ਜੇ ਇਸ ਹਾਊਸ ਨੂੰ ਐਸ਼ੋਰੈਂਸ ਦਾ ਵੀ ਕੋਈ ਯਕੀਨ ਨਹੀਂ ਤਾਂ ਉਸ ਤੋਂ ਵਧ ਮੈਂ ਕੁਝ ਹੋਰ ਮੰਨਣ ਲਈ ਤਿਆਰ ਨਹੀਂ ਹਾਂ। ਬਾਕੀ ਮੇਰੇ ਕੋਲ ਅਮੈਂਡਮੈਂਟ ਨਹੀਂ ਆਈ (ਵਿਘਨ) ਮੇਰੇ ਕੋਲ ਕੋਈ ਨਹੀਂ ਆਈ, ਮੈਂ ਨਹੀਂ ਮੰਨਦਾ। ਇਸ ਵੇਲੇ ਮੈਂ ਕੋਈ ਹੋਰ ਅਮੈਂਡਮੈਂਟ ਮੰਨਣ ਲਈ ਤਿਆਰ ਨਹੀਂ ਹਾਂ। ਜੋ ਕੁਝ ਮੈਂ ਐਸ਼ੋਰੈਂਸ ਦੇ ਚੁਕਿਆ ਹਾਂ ਉਸ ਉਤੇ ਕਾਇਮ ਹਾਂ ਔਰ ਕਾਇਮ ਰਹਾਂਗਾ।

*[Shri Ram Saran Chand Mital, a member of the panel of Chairmen in the Chair]*

**श्री बलरामजी दास टंडन** : चेयरमैन साहिब, मुझे निहायत अफसोस से कहना पड़ता है कि कैप्टन रत्न सिंह जी जिन के लिये मेरे दिल में बड़ी इज्ज़त है और जिन से मैं उम्मीद करता था कि जिस बात की उन्होंने ऐशोरेंस दी है अगर उस के बारे में एक अमैंडमेंट आई है और उसके बा॰ अगर कहीं आफिस में देर हो गई है तो यह नहीं कह सकते कि वह बात हुई ही नहीं। वह सारा मामला क्लियर है और इन्होंने उस को पहले माना एशोरेंस भी दी कि हम इस को मानने के लिये तैयार हैं और अगर न हुई तो कहा कि हम खुद ले कर आएंगे। वही अमैंडमेंट दी जा चुकी है, आफिस में देर होने का यह मतलब तो नहीं है वह है ही नहीं। यह चैक कर सकते थे कुछ करते थे। इस मामले को प्रैस्टीज का मामला नहीं बनाना चाहिए। अगर एक बात आपोज़ीशन के बैंचों से आती है तो वह खराब होती है और वही जब इन की तरफ से आती है तो वह अच्छी हो जाती है। इस तरह की बात की कैप्टन साहिब जैसे सुलझे हुए आदमी से उम्मीद नहीं की जाती थी। (विघ्न) अगर इस को आप धोखा कहते हैं तो पता नहीं आप साफगोई किसे कहते हैं। इस लिये मेरी इन से मुअद्दबाना दरखास्त है कि यह इस बात की ऐशोरेंस इस तीसरी रीडिंग के वक्त दें कि इसी सैशन के दौरान इस बिल में जो आफिश्यल मैम्बरों को और कामों की तरह से इस में भी वोटिंग राइट्स से डिपराइव करने के मुतअल्लिक जो कमी रह गई है उस को दूर करने के लिये इसी सैशन में बिल पेश करेंगे और पास करेंगे।

**Mr. Chairman** (Shri Ram Saran Chand Mital) : Question is—

That clause 2 stand part of the Bill.

*The motion was carried*

CLAUSE 1

**Mr. Chairman :** Question is—

That Clause 1 stand part of the Bill.

*The motion was carried*

TITLE

**Mr. Chairman :** Question is—

That Title be the Title of the Bill.

*The motion was carried*

**Minister of State for Animal Husbandry and Agriculture** (Capt. Rattan Singh) : Sir, I beg to move —

That the Punjab Agricultural Produce Markets (Amendment) Bill as reported by the Regional Committees, be passed.

**Mr. Chairman :** Motion moved—

That the Punjab Agricultural Produce Markets (Amendment) Bill, as reported by the Regional Committees, be passed.

**Mr. Chairman :** Question is—

That the Punjab Agricultural produce Markets (Amendment) Bill, as reported by the Regional Committees, be passed.

*The motion was carried.*

---

**The Punjab Sugarcane (Regulation of Purchase and Supply ) Amendment *Bill, 1965 (Resumption)**

**Mr. Chairman :** Question is—

That the Punjab Sugarcane (Regulation of Purchase and supply) Amendment Bill be taken into consideration at once.

**श्री बलरामजी दास टंडन** : आन ए प्वायंट आफ आर्डर, सर। उस वक्त वह बिल विदड्रा हो गया था, अब तो नए सिरे से पेश होगा।

**श्री सभापति** : यह गलत ख्याल है; वह पोस्टपोन किया गया था, इट वाज़ डैफर्ड। (This is not correct. The Bill was postponed. It was deferred.)

**श्री बलरामजी दास टंडन** : मेरी दरखास्त है कि आप असैम्बली प्रोसीडिंग्ज़ से वैरीफाई कर लें। इन्हों ने कहा था कि इसे फार दी टाईम बीइंग विदड्रा करता हूं और री-कनसिडर कर के हाउस में पेश करूंगा।

---

*Note : — The Bill was introduced on 2nd November, 1965

**श्री सभापति** : उस दिन मैं हाउस में मौजूद था और गालबन चेयर में था। मगर हाउस में ज़रूर था। इस की पहली डिसकशन हो चुकी है। इट वाज़ डैफर्ड। अब उस के आगे कार्यवाही चलेगी। (On that day I was present in the House and probably I was in the Chair. Anyhow, I was definitely present in the House. A full dressed discussion has already taken place on the Consideration Motion. The Bill was then deferred. Now the House would proceed with next stage of the Bill.)

**श्री बलरामजी दास टंडन** : बहस तो होने दें।

**श्री सभापति** : उस दिन सरदार दरबारा सिंह जी ने आते ही कहा था कि मैं इस को डैफर करने के लिये तैयार हूं। गालबन उस दिन मैं चेयर में था; ऐनीवे, आई वाज़ इन दी हाउस। अब डिसकशन तो हो चुकी है......

(When the Minister for Home and Development, Sardar Darbara Singh attended the House the other day he readily expressed his willingness to defer the Bill. Most probably I was in the Chair on that day. Anyway, I was present in the House. Now when the discussion has already taken place....)

**श्री बलरामजी दास टंडन** : डिसकशन कन्टीन्यू करेगी।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਇਹ ਗੱਲ ਕਲੀਅਰ ਕਰ ਦਿਉ ਕਿ ਹੁਣ ਕਿਹੜੀ ਰੀਡਿਂਗ ਤੇ ਹੈ ਬਿਲ। (ਵਿਘਨ)

**श्री सभापति** : डिस्कशन हो गई है, सरदार दरबारा सिंह ने जवाब दे दिया है। (The discussion has taken place and Sardar Darbara Singh has replied to the debate.)

**Comrade Gurbax Singh Dhaliwal** : It was at the first reading stage.

**कामरेड राम प्यारा** : आन ए प्वायंट आफ आर्डर, सर। उस वक्त सरदार दरबारा सिंह जी इस बिल पर बोल रहे थे, उन्होंने इस को डैफर किया था। उन्होंने ऐशोरेंस दी थी कि इस को कनसिडर करके लाएंगे। तो जब तक होम मिनिस्टर, ऐग्रीकल्चर मिनिस्टर अपनी पोज़ीशन क्लीयर न करें कि उन्होंने क्या सोचा और उन की क्या राय है तब तक इस बिल को आगे चलना ही नहीं चाहिए। इस पर आप की रूलिंग चाहता हूं।

**श्री सभापति** : हमारे हाउस की यह प्रैक्टिस रही है कि हमारी जो रोजाना की प्रोसीडिंग्ज होती हैं इन का रोजाना एक बुलेटिन निकलता है। हर एक आनरेबल मैम्बर को उस की कापी जाती है। यह जो बुलेटिन है इस का नम्बर 14 है और इस की तारीख दो नवम्बर है।

है। उस में चौथा आइटम है लैजिसलेटिव बिज़नैस जो इस तरह है : (This is a practice with our House that a daily bulletin giving the brief record of the proceedings is issued and a copy thereof is made available to every Member. The item No. 4 relating to the Legislative Business, in the buletin No. 14 dated the 2nd November, 1965, indicates as lfollows—

**IV LEGISLATIVE BUSINESS**

**The Punjab Sugarcane (Resolution of Purchase and Supply) Amendmpnt Bill, 1966**

"The Home Minister who was in possession of the house when it adjourned on the 1st November, 1965 resuming is speech on the motion that the Punjab Sugercane (Regulation of purchase and Supply) Amendment Bill be taken into consideration at once spoke for 15 minutes. Further discussion on the Bill was deferred."

(विघ्न)

**श्री सभापति** : आप देखें इस पर तकरीबन **17** मैम्बर बोल चुके हैं और सरदार दरबारा सिंह जी ने इस का जवाब भी दिया था और अगले दिन भी चलना था। मगर नैक्स्ट डे उन्हों ने कहा कि इसे डैफर करता हूं। (The hon. Members would see that no less than 17 Members spoke on the Bill. Sardar Darbara Singh replied to the debate also and the discussion was to continue the next day. But on the next day he announced that he would defer its further consideration). (*Interruptions*)

**ਬਾਬੂ ਬਚਨ ਸਿੰਘ** : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਉਸ ਦਿਨ ਪਦਰਾ ਬੋਲਣ ਵਾਲੇ ਮੈਂਬਰਾਂ ਨੇ ਵਿਦਆਉਟ ਐਨੀ ਐਕਸੈਪਸ਼ਨ ਬਹੁਤ ਜ਼ਿਆਦਾ ਇਸ ਬਿਲ ਦੀ ਮੁਖਾਲਫਿਤ ਕੀਤੀ ਸੀ ਅਤੇ ਇਸ ਗਲ ਨੂੰ ਮਦੇਨਜ਼ਰ ਰਖਦੇ ਹੋਏ ਮਿਨਿਸਟਰ ਇਨਚਾਰਜ ਨੇ ਇਸ ਬਿਲ ਦੀ ਅਗਾਂਹ ਦੀ ਬਹਿਸ ਨੂੰ ਡੈਫਰ ਕੀਤਾ ਸੀ ਅਤੇ ਚੇਅਰਮੈਨ ਨੇ ਇਜਾਜ਼ਤ ਦਿਤੀ ਸੀ। ਇਹ ਤਾਂ ਮੈਨੂੰ ਪਤਾ ਨਹੀਂ ਕਿ ਤੁਹਾਥੋਂ ਇਜਾਜ਼ਤ ਲਈ ਗਈ ਸੀ ਜਾਂ ਹੋਰ ਕੋਈ ਪ੍ਰੀਜ਼ਾਇਡ ਕਰ ਰਹੇ ਸਨ ਅਤੇ ਹੁਣ ਜਦ ਤਕ ਹਾਊਸ ਵਿਚ ਉਹੀ ਮਿਨਿਸਟਰ ਇਹ ਆ ਕੇ ਨਾ ਦਸਣ ਕਿ ਪੋਜ਼ੀਸ਼ਨ ਕੀ ਹੈ ਅਤੇ ਉਹ ਕਿਹੜੇ ਹਾਲਾਤ ਸਨ ਜਿਨ੍ਹਾਂ ਕਾਰਨ ਇਸ ਬਿਲ ਤੇ ਬਹਿਸ ਨੂੰ ਡੈਫਰ ਕਰਨ ਦੀ ਇਜਾਜ਼ਤ ਉਨ੍ਹਾਂ ਨੇ ਲਈ ਸੀ ਅਤੇ ਹੁਣ ਕੀ ਹਾਲਾਤ ਬਦਲ ਗਏ ਹਨ ਜਿਨ੍ਹਾਂ ਕਾਰਨ ਇਸ ਨੂੰ ਫਿਰ ਕਿਉਂ ਇਥੇ ਪੇਸ਼ ਕੀਤਾ ਗਿਆ ਹੈ ਅਤੇ ਜਦ ਤਕ ਉਹ ਆਪਣਾ ਆਪ ਐਕਸਪਰੈਸ ਨਾ ਕਰ ਲੈਣ ਕਿਸੇ ਹੋਰ ਮੈਂਬਰ ਨੂੰ ਇਸ ਬਿਲ ਤੇ ਬਹਿਸ ਕਰਨ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ ਤੇ ਜੇਕਰ ਇਜਾਜ਼ਤ ਤੁਸੀਂ ਦੇ ਦਿਤੀ ਤਾਂ ਇਹ ਇਸ ਹਾਊਸ ਨਾਲ ਬੇਇਨਸਾਫੀ ਹੋਵੇਗੀ।

**ਯੋਜਨਾ ਅਤੇ ਸਥਾਨਕ ਸ਼ਾਸਨ ਮੰਤਰੀ** (ਸਰਦਾਰ ਅਜਮੇਰ ਸਿੰਘ) : ਚੇਅਰਮੈਨ ਸਾਹਿਬ, ਜੋ ਪੁਆਇੰਟ ਬਾਬੂ ਜੀ ਨੇ ਰੇਜ਼ ਕੀਤਾ ਹੈ, ਦਰੁਸਤ ਨਹੀਂ। ਇਸ ਬਿਲ ਦੀ ਬਹਿਸ ਨੂੰ ਪਿਛਲੀ ਵੇਰ ਡੈਫਰ ਕੀਤਾ ਗਿਆ ਤਾਂ ਫਿਰ ਇਸ ਮਾਮਲੇ ਨੂੰ ਕੈਬੀਨਟ ਵਿਚ ਪੇਸ਼ ਕੀਤਾ ਗਿਆ ਅਤੇ ਇਹ ਫੈਸਲਾ ਕੀਤਾ ਗਿਆ ਕਿ ਇਸ ਨੂੰ ਹਾਊਸ ਵਿਚ ਦੁਬਾਰਾ ਰਖਕੇ ਪਾਸ ਕਰਵਾ ਲਿਆ ਜਾਵੇ। ਇਸ ਲਈ ਇਸ ਫੈਸਲੇ ਦੇ ਅਨੁਸਾਰ ਇਥੇ ਕੋਈ ਵੀ ਡਿਪਟੀ ਮਿਨਿਸਟਰ ਜਾਂ ਸਟੇਟ ਮਿਨਿਸਟਰ ਇਸ ਨੂੰ ਪੇਸ਼ ਕਰ ਸਕਦਾ ਹੈ।

[ਯੋਜਨਾ ਅਤੇ ਸਥਾਨਕ ਸ਼ਾਸਨ ਮੰਤ੍ਰੀ]

Now, the hon. Minister is quite competent to come in the House and say or move that the Bill be taken into consideration.

**Comrade Bhan Singh Bhaura :** On what grounds ?
**Minister for Planning and Local Government :** Reasons he will give.

**श्री चेयरमैन** (श्री राम सरन चन्द मित्तल) : जो प्वायंट आफ आर्डर बाबू जी ने पेश किया है उस का जवाब मैं अभी नहीं दे रहा हूं। अगर इसी के बारे में किसी और मैम्बर ने अपने ख्यालात का इज़हार करना हो तो ब्रीफ में कर ले ताकि सब का जवाब दे सकूं।
(I am not yet giving my ruling on the point of order raised by Baboo Bachan Singh. If any other Member has to express his views on this matter, he may do so briefly so that I may be able to give my reply to all.)

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਚੇਅਰਮੈਨ ਸਾਹਿਬ, ਇਸ ਬਿਲ ਨੂੰ ਜਿਵੇਂ ਕਿ ਤੁਹਾਨੂੰ ਪਤਾ ਹੈ ਡੇਫਰ ਕੀਤਾ ਗਿਆ ਸੀ ਉਸ ਮੌਕੇ ਤੇ ਇਹ ਵੀ ਇਤਰਾਜ ਉਠਾਇਆ ਗਿਆ ਸੀ ਕਿ ਇਸ ਦੇ ਪਿਛੇ ਜਿਹੜਾ ਫਿਨਾਂਸ਼ਲ ਮੈਮੋਰੈਂਡਮ ਲਗਾ ਹੋਇਆ ਹੈ ਉਸ ਵਿਚ ਲਿਖਿਆ ਸੀ ਕਿ :—

"The amount involved for the year 1962—63 is Rs. 4.04, 550. The amount to be refunded for the year, 1963—64 nd 1964—65 is not available.

ਇਸ ਵਿਚ ਜਿਹੜਾ ਫਿਨਾਂਸ਼ਲ ਮੈਮੋਰੈਂਡਮ ਸੀ ਉਸ ਵਿਚ ਫਿਗਰਜ਼ ਨਹੀਂ ਸਨ ਦਿਤੀਆਂ ਹੋਈਆਂ। ਕਿਉਂਕਿ ਇਸ ਵਿਚ ਫਿਨਾਂਸਿਜ਼ ਇਨਵਾਲਵਡ ਸਨ ਇਸ ਲਈ ਇਹ ਇਕ ਕਨਕ੍ਰੀਟ ਗਲ ਸੀ ਜਿਸ ਲਈ ਬਿਲ ਤੇ ਬਹਿਸ ਨੂੰ ਡੈਫ਼ਰ ਕਰ ਲਿਆ ਗਿਆ ਸੀ ਅਤੇ ਇਹ ਸਰਕਾਰ ਦੀ ਨਾ ਅਹਿਲੀਅਤ ਦਾ ਸਵਾਲ ਹੈ ਕਿ 1963-64 ਅਤੇ 1964-65 ਦੀਆਂ ਫਿਗਰਜ਼ ਅਵੇਲੇਬਲ ਨਾ ਹੋਣ। ਇਹ ਪਤਾ ਹੀ ਨਹੀਂ ਕਿ ਮਿਲ ਮਾਲਕਾਂ ਨੂੰ 30 ਲਖ ਦੇਣਾ ਹੈ ਜਾਂ 40 ਲਖ ਦੇਣਾ ਹੈ ਇਹ ਤਾਂ ਪਹਿਲਾਂ ਪਤਾ ਹੋਣਾ ਚਾਹੀਦਾ ਹੈ ਇਸ ਬਹਿਸ ਨੂੰ ਮੁੜ ਕੇ ਸ਼ੁਰੂ ਕਰਨ ਵੇਲੇ।

**श्री बलरामजी दास टंडन :** मुझे तो इतना ही कहना है कि जो लफ्ज़ पिछली बार मिनिस्टर इन्चार्ज ने अपनी स्पीच के आखिर में कहे थे और जिन लफ्ज़ों के साथ उन्हों ने हाऊस के सामने यह बात रखी थी कि इस बिल पर बहस को डैफर कर दिया जाए वह आप देख लें कि क्या वह तमाम बातें पूरी हो गई हैं या नहीं जिस के कारण कि इस को फिर रिइन्ट्रोड्यूस किया जा रहा है ?

**Mr. Chairman** (Shri Ram Saran Chand Mital) : It has been observed by the hon. Member that the Bill has been reintroduced and if I, as now the Presiding Officer, admit that the Bill is reintroduced, complications will arise. So the position, as has been clearly stated in the agenda for today, is that discussion on this Bill was going on and the Minister concerned was giving a reply to the debate when at the last stage he requested the House to defer its consideration. Accordingly with the permission of the House, the consideration of the Bill was deferred. So now we are resuming that discussion and there is no question of reintroduction of the Bill.

Now the hon. Member from Ludhiana has observed that the Government should state reasons why it has been brought before the House when

its discussion was deferred. It is not obligatory on the part of the Government to make a statement. If they want to make a statement I do not come in their way. But if they do not want to do so, then I cannot compel them.

ਪਸ਼ੂ ਪਾਲਣ ਅਤੇ ਖੇਤੀ ਬਾੜੀ ਦੇ ਰਾਜ ਮੰਤਰੀ : ਚੇਅਰਮੈਨ ਸਾਹਿਬ, ਇਹ ਜਿਹੜਾ ਬਿਲ ਸੀ ਇਸ ਦੇ ਮੁਅੱਤਲਕ ਬਹੁਤ ਸਾਰੇ ਮੈਂਬਰਾਂ ਨੂੰ ਕੁਝ ਗਲਤ ਫਹਿਮੀ ਪੈ ਗਈ ਸੀ ਇਸ ਲਈ ਸਰਕਾਰ ਨੇ ਇਹ ਮੁਨਾਸਿਬ ਸਮਝਿਆ ਕਿ ਇਸ ਤੇ ਹੋਰ ਤਹਿਕੀਕਾਤ ਕਰ ਲਈ ਜਾਵੇ ਇਸ ਲਈ ਹੁਣ ਫਿਰ ਇਸ ਤੇ ਵਿਚਾਰ ਸ਼ੁਰੂ ਕਰ ਦਿਤਾ ਗਿਆ ਹੈ। ਮੈਂ ਹਾਊਸ ਨੂੰ ਇਹ ਗਲ ਦਸਣੀ ਚਾਹੁੰਦਾ ਹਾਂ ਕਿ ਇਹ ਗਲ ਸਮਝੀ ਗਈ ਸੀ ਕਿ ਇਹ ਪੈਸਾ ਪੰਜਾਬ ਸਰਕਾਰ ਨੇ ਸ਼ੂਗਰ ਮਿਲਾਂ ਵਾਲਿਆਂ ਨੂੰ ਦੇਣਾ ਹੈ ਜਿਹੜੀਆਂ ਕਿ ਪੰਜਾਬ ਵਿਚ ਹਨ ਜਿਨ੍ਹਾਂ ਵਿਚ ਯਮਨਾ ਨਗਰ ਦੀ ਸ਼ੂਗਰ ਮਿਲ ਵੀ ਹੈ। ਇਸ ਬਾਰੇ ਵਿਚ ਇਹ ਕ੍ਰਿਟਿਸਿਜ਼ਮ ਹੋਇਆ ਸੀ ਕਿ ਘਾਟਾ ਤਾਂ ਮਿਲ ਮਾਲਕਾਂ ਨੂੰ ਪਿਆ ਸੀ ਤੇ ਸਰਕਾਰ ਉਸ ਨੂੰ ਪੂਰਾ ਕਿਉਂ ਕਰੇ। ਮੈਂ ਇਸ ਸਬੰਧੀ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ ਖੰਡ ਦੀ ਜਿਹੜੀ ਐਕਸਪੋਰਟ ਹੋਈ ਸੀ ਉਹ ਸਾਰੀ ਦੀ ਸਾਰੀ ਗੌਰਮੈਂਟ ਆਫ ਇੰਡੀਆ ਦੇ ਅਕਾਊਂਟ ਵਿਚੋਂ ਹੋਈ ਸੀ ਜਿਸ ਦਾ ਮਤਲਬ ਇਹ ਹੈ ਕਿ ਇਸ ਦੇ ਘਾਟੇ ਤੇ ਮੁਨਾਫੇ ਦੀ ਜ਼ਿਮੇਵਾਰੀ ਗੌਰਮਿੰਟ ਆਫ ਇੰਡੀਆ ਤੇ ਹੈ। ਜਿਹੜੀ ਗਲ ਕਹੀ ਗਈ ਸੀ ਕਿ ਜਿਹੜਾ ਐਕਸਪੋਰਟ ਕਰਦਾ ਹੈ (ਵਿਘਨ)

**श्री बलरामजी दास टंडन** : ग्रान ए प्वायंट ग्राफ ग्रार्डर, सर। इन्हों ने कहा है कि जितनी भी खांड की एक्सपोर्ट हुई है वह गवर्नमैंट ग्राफ इंडिया के खाते से हुई है तो फिर जो ग्राल इंडिया शूगर मैनूफेक्चर्ज़ एसोसिएशन है उसकी ज़िम्मेदारी बनती है इस से तो बात ग्रौर भी कम्पलीकेटिड हो गई है ग्रौर इस से तो पता ही नहीं चल सकता कि जो खांड यहां पर यूज़ की गई वह सिर्फ पंजाब की मिलों की नहीं थी ग्रौर जितनी एक्सपोर्ट की गई वह पंजाब की मिलों की थी यह बात क्लियर हो जानी चाहिए।

**श्री चेयरमैन** : यह प्वायंट ग्राफ ग्रार्डर नहीं बनता। ग्राप प्वायंट ग्राफ ग्रार्डर रेज़ कर सकते हैं जहां कि कोई कान्सटीच्यूशनल बात ग्रा जाए ग्रौर ग्रागे काम न चल सकता हो। (This is no point of order. The hon. Member can raise a point of order where it involves a constitutional point and further proceedings cannot take place.)

ਪਸ਼ੂ ਪਾਲਣ ਅਤੇ ਖੇਤੀ ਬਾੜੀ ਦੇ ਰਾਜ ਮੰਤਰੀ : ਚੇਅਰਮੈਨ ਸਾਹਿਬ, ਇਹ ਖਿਆਲ ਦਸਿਆ ਗਿਆ ਸੀ ਕਿ ਜਿਨ੍ਹਾਂ ਨੇ ਖੰਡ ਐਕਸਪੋਰਟ ਕੀਤੀ ਹੈ ਉਨ੍ਹਾਂ ਨੂੰ ਇਮਪੋਰਟ ਲਾਈਸੰਸ ਮਿਲੇਗਾ ਜਿਸ ਤਰ੍ਹਾਂ ਕਿ ਹੋਰਨਾਂ ਇੰਡਸਟਰੀਆਂ ਵਿਚ ਹੁੰਦਾ ਹੈ ਪਰ ਬਾਅਦ ਵਿਚ ਇਹ ਵੀ ਪਤਾ ਲਗਾ ਕਿ ਜਿਨ੍ਹਾਂ ਨੇ ਖੰਡ ਐਕਸਪੋਰਟ ਕੀਤੀ ਹੈ ਉਨ੍ਹਾਂ ਨੂੰ ਇਮਪੋਰਟ ਲਾਇਸੰਸ ਇਨ ਲਿਯੂ ਨਹੀਂ ਦਿਤਾ ਜਾਵੇਗਾ। ਇਹ ਇਕ ਫੈਕਚੂਅਲ ਚੀਜ਼ ਹੈ ਜਿਹੜੀ ਰੀਜ਼ਨੇਬਲ ਵੀ ਹੈ।————

(*Mr. Speaker in the Chair*)

**डाक्टर बलदेव प्रकाश** : ग्रान ए प्वायंट ग्राफ ग्रार्डर, सर। यह जो बिल ग्राज हाउस के सामने है एक मनी बिल है इस के मुताबिक कुछ रुपया शूगर मिल्ज़ को देना पड़ेगा जो कि उन्होंने टैक्स की शक्ल में पे किया था। जो रुपया इस में इनवालवड है The amount involved for the year 1962-63 is Rs 4,04,550. The amount to be refunded for the year 1963-64 and 1964-65 is not available.

[डाक्टर बलदेव प्रकाश]

जब तक एमांउंट का पता ही न हो कि 5 करोड़ है या 10 करोड़ है या सारा बजट ही पंजाब का जाने वाला है Unless we get the exact amount involved.........

**Mr. Speaker** : That is a question regarding merits of the Bill.

**डाक्टर बलदेव प्रकाश** : ठीक है, मगर यह तो एक फाईनैन्शल बिल है, हमें पता ही नहीं कितना रुपया है। हम कैसे अपनी सहमती आप को दे दें।

**Mr. Speaker** : On this basis, it is for the hon. Members to vote it out or pass it

**डाक्टर बलदेव प्रकाश** : मैं स्पीकर साहिब, सब से पहले आप की इजाज़त चाहता हूं कि क्या इस तरह का इनकम्पलीट बिल इस तरह से आना चाहिए। It is not in the proper form. It is not in proper shape. It should not, therefore, be allowed.

**Planning and Local Government Minister** : What I remember is the Government is going to take power under this Bill to refund, prospectively, as well as retorspectively the tax imposed on, and paid by, such factories under section 17 of the parent Act in respect of the cane purchased by them and uilized in manufacturing such quantities of sugar as are exported out of India. The money involved does not form part of the Bill. It is only a short Bill whereby the Government is taking power to refund the tax imposed on cane utilised for manufacturing sugar exported out of India after satisfying itself that the requisite quantity of sugar thus manufacturd has been exported out of India. It does not suffer from any defect.

**Minister of State of Animal Husbandry and Agriculture** : Sir, this Bill was introduced during the last session. Today, only discussion thereon is being resumed. **अब भी अगर देखा जाये जो खांड़ हम ने एक्सपोर्ट की हैं उस पर जो सैस ली जानी थी उतनी ही वापिस करनी हैं और कोई ज्यादा सेस वापिस नहीं होगा।**

**ਸ੍ਰੀ ਸਪੀਕਰ** : No direct talks please. ਪਹਿਲੀ ਚੀਜ਼ ਤਾਂ ਇਹ ਹੈ ਕਿ ਜਿਸ ਤਰ੍ਹਾਂ ਕੈਪਟਨ ਰਤਨ ਸਿੰਘ ਨੇ ਬਤਾਇਆ ਹੈ, ਇਹ ਬਿਲ ਪਰਾਪਰ ਹੈ, ਇੰਟਰੋਡਿਊਸ ਹੋ ਸਕਦਾ ਹੈ ਯਾਂ ਨਹੀਂ ਮੈਂ ਸਮਝਦਾ ਹਾਂ ਕਿ ਜੇ ਕੋਈ ਐਸਾ ਆਬਜੈਕਸ਼ਨ ਸੀ ਵੀ ਤਾਂ ਇਹ ਇੰਟਰੋਡਕਸ਼ਨ ਸਟੇਜ ਤੇ ਹੀ ਕੀਤਾ ਜਾ ਸਕਦਾ ਸੀ। ਦੂਸਰੀ ਚੀਜ਼ ਕਿ ਗਵਰਨਰ ਸਾਹਿਬ ਦੀ ਇਜਾਜ਼ਤ ਹੋਣੀ ਚਾਹੀਦੀ ਸੀ ਅਤੇ ਐਕਸ-ਪਲੇਨੇਟਰੀ ਫਾਈਨੈਨਸ਼ਲ ਮੈਮੋਰੰਡਮ ਵੀ ਚਾਹੀਦਾ ਸੀ . . .

(No direct talks please. The first thing is that as already stated by Captain Rattan Singh, this Bill is in the proper form. As to whether this Bill can be introduced or not, I think, if at all there was any objection, it could be raised at the introduction stage. As to the other thing that it

it should have been accompanied by a recommendation of the Gov rnor as also the Explanatory financial Memorandum, I consider that . . . . .)

**Dr. Baldev Prakash :** Incomplete memorandum.

**Mr. Speaker :** Technically, on this basis it cannot be thrown out. It is under discussion now. But in view of the points made out by certain hon. Members, it is for the Government to consider or reconsider it.

**ਪਸ਼ੂ ਪਾਲਣ ਅਤੇ ਖੇਤੀ ਬਾੜੀ ਦੇ ਰਾਜ ਮੰਤਰੀ** (ਕੈਪਟਨ ਰਤਨ ਸਿੰਘ) : ਮੈਂ ਤਾਂ ਪਹਿਲਾਂ ਇਤਨੀ ਹੀ ਗੱਲ ਕਰ ਰਿਹਾ ਸੀ ਕਿ ਇਸ ਦੇ ਵਿਚ ਹੋਰ ਕੋਈ ਗੱਲ ਨਹੀਂ ਇਹ ਤਾਂ Under this Bill the Government is taking power to refund prospectively or retrospectively tax on cane utilised for manufacturing sugar exported out of India after satisfying itself that the requisite quantity of sugar thus manufactured has been exported out of India.

ਅਸਲ ਗੱਲ ਤਾਂ ਇਤਨੀ ਹੀ ਹੈ। ਮੈਂ ਇਸ ਹਾਊਸ ਨੂੰ ਅਸ਼ੋਰੈਂਸ ਦਿੰਦਾ ਹਾਂ ਕਿ ਇਹ ਘਾਟਾ ਇਸ ਸਟੇਟ ਨੂੰ ਨਹੀਂ ਬਲਕਿ ਗੌਰਮਿੰਟ ਆਫ ਇੰਡੀਆ ਨੂੰ ਹੀ ਸਹਿਣਾ ਪਵੇਗਾ। ਜੇ ਹੋਰ ਸਟੇਟਸ ਨਹੀਂ ਪੇ ਕਰਦੀਆਂ ਤਾਂ ਪੰਜਾਬ ਸਟੇਟ ਵੀ ਇਹ ਘਾਟਾ ਪੇ ਨਹੀਂ ਕਰੇਗੀ। ਮੈਂ ਸਮਝਦਾ ਹਾਂ ਕਿ ਇਸ ਬਿਲ ਦੇ ਵਿਚ ਕੋਈ ਐਸੀ ਖਦਸ਼ੇ ਵਾਲੀ ਗੱਲ ਨਹੀਂ ਹੈ। ਇਹ ਜੋ ਕੁਝ ਵੀ ਹੋਵੇਗਾ, ਸਾਰਾ ਆਲ ਇੰਡੀਆ ਪਾਲਿਸੀ ਦੇ ਮੁਤਾਬਿਕ ਹੀ ਹੋਵੇਗਾ। ਐਕਸਪੋਰਟ ਦੀ ਜ਼ਿੰਮੇਵਾਰੀ ਸਾਰੀ ਦੀ ਸਾਰੀ ਗਵਰਨਮੈਂਟ ਆਫ ਇੰਡੀਆ ਤੇ ਹੀ ਹੈ। ਮੈਂ ਸਮਝਦਾ ਹਾਂ ਕਿ ਅੱਵਲ ਤਾਂ ਖੰਡ ਵਿਕਦੀ ਨਹੀਂ, ਜੇ ਵਿਕਦੀ ਹੈ ਤਾਂ ਜਦੋਂ 990 ਰੁਪਏ ਟਨ ਦੇ ਭਾਉ ਦੀ ਏਧਰ ਵਿਕਦੀ ਹੋਵੇ ਤਾਂ ਕੀ ਉਸ ਦੀ ਮੱਤ ਮਾਰੀ ਗਈ ਹੈ ਕਿ ਉਹ 300 ਰੁਪਏ ਟਨ ਦੇ ਭਾਉ ਬਾਹਰ ਭੇਜੇਗਾ। ਇਸ ਦੇ ਲਈ ਕੋਈ ਇੰਪੋਰਟ ਲਾਈਸੈਂਸ ਮਿਲਦਾ ਹੋਵੇ ਅਤੇ ਇਸ ਤਰ੍ਹਾਂ ਪੈਸਾ ਬਣਦਾ ਹੋਵੇ ਤਦ ਤਾਂ ਉਨ੍ਹਾਂ ਦਾ ਇਤਰਾਜ਼ ਜਾਇਜ਼ ਸੀ ਪਰ ਇਸ ਦੇ ਲਈ ਕੋਈ ਇੰਪੋਰਟ ਲਾਈਸੈਂਸ ਨਹੀਂ ਮਿਲਦਾ। ਇਹ ਇਕ ਟੈਕਨੀਕਲ ਜਿਹੀ ਗੱਲ ਹੈ। ਜੇ ਦੂਸਰੀਆਂ ਸਟੇਟਸ ਪੇ ਕਰਨ ਤਾਂ ਅਸੀਂ ਕਰਨਾ ਹੈ, ਆਲ ਇੰਡੀਆ ਪਾਲਿਸੀ ਦੀ ਗੱਲ ਹੈ। ਅਸੀਂ ਕਿਸੇ ਇੰਡੀਵਿਜੁਅਲ ਨੂੰ ਕੋਈ ਮੁਨਾਫਾ ਨਹੀਂ ਦੇਣਾ ਚਾਹੁੰਦੇ।

(At this stage Comrade Gurbakhsh Singh Dhaliwal rose to speak).

**Mr. Speaker :** I am sorry. There has been protracted discussion. Moreover, the Minister has also replied to the discussion.

**Comrade Shamsher Singh Josh :** He was explaining the circumstances under which the refund can be made...

**ਸ੍ਰੀ ਸਪੀਕਰ :** ਜੋਸ਼ ਜੀ, ਸ਼ਾਇਦ ਤੁਹਾਨੂੰ ਯਾਦ ਨਹੀਂ, ਇਸ ਬਿਲ ਤੇ ਪਹਿਲਾਂ ਵੀ ਡਿਸਕਸ਼ਨ ਹੋ ਚੁਕੀ ਹੈ, 15—16 ਮੈਂਬਰਜ਼ ਵੀ ਬੋਲ ਚੁਕੇ ਹਨ। ਸਰਦਾਰ ਦਰਬਾਰਾ ਸਿੰਘ ਹੋਰਾਂ ਵਲੋਂ ਇਸ ਦਾ ਜਵਾਬ ਵੀ ਆ ਗਿਆ ਸੀ। ਇਸ ਲਈ ਡਿਸਕਸ਼ਨ ਕਲੋਜ਼ ਕੀਤੀ ਗਈ ਕਿ ਹੋਰ ਕੋਈ ਚੀਜ਼ ਬਾਕੀ ਨਹੀਂ ਸੀ। It is for the Government to decide whether to consider, reconsider or defer it. (The Hon. Member Comrade Josh perhaps does not recollect that discussion has already taken place on this Bill and 15 or 16 Members have also spoken on it. The reply to the discussion had also come from Sardar Darbara Singh. The discussion was, therefore closed as nothing more was left to be said on it. So it is for the Government to decide whether to consider, reconsider or defer it).

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਆਪਦੀ ਗੈਰ ਹਾਜ਼ਰੀ ਵਿਚ ਜਦੋਂ ਇਸ ਬਿਲ ਤੇ ਡਿਸਕਸ਼ਨ ਸ਼ੁਰੂ ਹੋਈ ਸੀ, ਤਾਂ ਸਰਦਾਰ ਦਰਬਾਰਾ ਸਿੰਘ ਨੇ ਕਿਹਾ ਸੀ ਕਿ ਡੈਫਰ ਕਰਨ ਲਈ ਆਏਗਾ, ਫੇਰ ਦੇਖਾਂਗੇ। ਇਹ ਸਵਾਲ ਉਠਿਆ ਸੀ.......

**ਸ੍ਰੀ ਸਪੀਕਰ** : ਇਹ ਠੀਕ ਹੈ ਕਿ ਪਹਿਲਾਂ ਮਿਨਿਸਟਰ ਸਾਹਿਬ ਨੇ ਐਸਾ ਕਰਨਾ ਮੰਨ ਲਿਆ ਸੀ।

(This is correct that the hon. Minister had previously agreed to defer it.)

Now the Government has again come back after its consideration or reconsideration of the Bill. It is for it to consider, reconsider or defer it or whatever it is.

**Transport and Elections Minister :** We want to pass it today. Already it has been delayed.

**Mr. Speaker :** Question is—

That the Punjab Sugarcane (Regulation of purchase and Supply) Amendment Bill be taken into consideration at once.

(After ascertaining the votes of the Members by voices Mr. Speaker said "I think Ayes have it". This opinion was challenged and division was claimed. Mr. Speaker after calling upon those Members who were for "Ayes" and those who were for "Noes" respectively to rise in their places and on a count having been taken, declared that the motion was carried.)

*The Motion was carried.*

**Mr. Speaker :** Now the House will consider the Bill clause by clause.

**ਕਲਾਜ਼ ੨**

**ਕਾਮਰੇਡ ਗੁਰਬਖ਼ਸ਼ ਸਿੰਘ ਧਾਲੀਵਾਲ** (ਨਿਹਾਲ ਸਿੰਘ ਵਾਲਾ) : ਸਪੀਕਰ ਸਾਹਿਬ, ਇਸ ਬਿਲ ਦੀ ਦੂਜੀ ਕਲਾਜ਼ ਰਾਹੀਂ ਸਰਕਾਰ ਇਸ ਹਾਊਸ ਤੋਂ ਇਸ ਗੱਲ ਦੀ ਮੰਨਜ਼ੂਰੀ ਲੈ ਰਹੀ ਹੈ ਕਿ ਉਹ ਗੰਨਾਂ ਜਿਸ ਦੇ ਵਿਚੋਂ ਖੰਡ ਨਿਕਲ ਕੇ ਬਾਹਰਲੇ ਦੇਸ਼ਾਂ ਵਿਚ ਭੇਜੀ ਹੈ ਉਸ ਤੇ ਸੈਸ ਦੀ ਛੋਟ ਕਾਰਖਾਨੇਦਾਰਾਂ ਨੂੰ ਦਿਤੀ ਜਾਏ। ਮੈਂ ਇਸ ਦੀ ਵਿਰੋਧਤਾ ਕਰਨ ਲਈ ਖੜ੍ਹਾ ਹੋਇਆ ਹਾਂ। ਸਪੀਕਰ ਸਾਹਿਬ, 1953 ਵਿਚ ਜਿਹੜਾ ਪੰਜਾਬ ਗੰਨਾ ਖਰੀਦ ਅਤੇ ਸਪਲਾਈ ਰੈਗੂਲੇਟ ਕਰਨ ਦਾ ਐਕਟ ਬਣਿਆ ਸੀ ਉਸ ਰਾਹੀਂ ਇਹ ਟੈਕਸ ਲਗਿਆ ਸੀ। ਇਹ ਟੈਕਸ ਕਿਉਂ ਲਗਾਇਆ ਗਿਆ ਸੀ, ਇਸ ਦਾ ਵੀ ਮੈਂ ਏਥੇ ਜ਼ਿਕਰ ਕਰਨਾ ਚਾਹੁੰਦਾ ਹਾਂ। 1953 ਵਿਚ ਸਰਦਾਰ ਪਰਤਾਪ ਸਿੰਘ ਕੈਰੋਂ ਇੰਚਾਰਜ਼ ਸਨ। ਉਨ੍ਹਾਂ ਨੇ ਇਹ ਬਿਲ ਪੇਸ਼ ਕੀਤਾ ਸੀ। ਇਸ ਦੇ ਸਟੇਟਮੈਂਟ ਆਫ ਆਬਜੈਕਟਸ ਐਂਡ ਰੀਜ਼ਨਜ਼ ਵਿਚ ਦਸਿਆ ਸੀ ਕਿ ਇਹ ਟੈਕਸ ਕੇਨਗਰੋਅਰਜ਼, ਗੰਨਾ ਪੈਦਾ ਕਰਨ ਵਾਲੇ ਕਾਸ਼ਤਕਾਰਾਂ ਦੀ ਬਿਹਤਰੀ ਲਈ ਲਗਾਇਆ ਜਾ ਰਿਹਾ ਹੈ। ਮੈਂ ਸਟੇਟਮੈਂਟ ਆਫ ਆਬਜੈਕਟਸ ਐਂਡ ਰੀਜ਼ਨਜ਼ ਤੁਹਾਡੇ ਸਾਹਮਣੇ ਪੜ੍ਹਨਾ ਚਾਹੁੰਦਾ ਹਾਂ ਤਾਕਿ ਤੁਹਾਨੂੰ ਪਤਾ ਲਗੇ ਕਿ ਇਹ ਟੈਕਸ ਲਗਾਉਣ ਦੇ ਕਾਰਨ ਕੀ ਸਨ।

1.00 p.m.

**Statement of objects and Reasons of the Parent Act passed in 1953.**

"With the promulgation of the Industries (Development and Regulation) Act, 1951 with effect from the 8th May, 1952 the Regulation of Sugar Industry has become conclusively a central subject. The State Government are now only concerned with the supply of sugarcane to Sugar Factories. Moreover in view of the financial position of the State, the State Government are not in a position to provide adequate funds for extensive cane development work in the areas supplying cane to Sugar Factories, with the result that the factories are not getting cane of good quality. The Bill is being introduced in order to provide for a rational distribution of sugarcane to factories, for its development on organised scientific lines making adequate funds available after imposing a tax on sugarcane purchased by sugar Factories to protect the interest of the cane growers and of the Industry and to put the new Act permanently on the Statute Book".

ਸਪੀਕਰ ਸਾਹਿਬ, ਜਦੋਂ ਇਹ ਮੂਲ ਐਕਟ ਪੇਸ਼ ਕੀਤਾ ਗਿਆ ਸੀ ਇਹ ਗੱਲ ਸਪੱਸ਼ਟ ਤੌਰ ਤੇ ਇਸ ਦੇ ਸ਼ਬਦਾਂ ਵਿਚ ਦੱਸੀ ਗਈ ਸੀ ਕਿ ਇਸ ਐਕਟ ਤੋਂ ਬਾਅਦ ਕੇਨ ਗਰੋਅਰਜ਼ ਦੀ ਮਦਦ ਲਈ, ਉਨ੍ਹਾਂ ਦੀ ਰਾਖੀ ਲਈ, ਚੰਗਾ ਗੰਨਾ ਪੈਦਾ ਕਰਨ ਲਈ ਸਾਇੰਟਿਫਿਕ ਢੰਗ ਨਾਲ ਕਿਸਾਨ ਦੀ ਮਦਦ ਕਰਨ ਲਈ ਡੀਵੈਲਪਮੈਂਟ ਦੇ ਤੌਰ ਤੇ ਕਿਸਾਨਾਂ ਦੇ ਪਿੰਡਾਂ ਨੂੰ ਸੜਕਾਂ ਰਾਹੀਂ ਫੈਕਟਰੀਆਂ ਨਾਲ ਜੋੜਨ ਲਈ, ਖਾਦ, ਬੀਜ ਅਤੇ ਉਨ੍ਹਾਂ ਨੂੰ ਹੋਰ ਚੰਗੇ ਸੰਦ ਸਪਲਾਈ ਕਰਨ ਲਈ ਇਹ ਟੈਕਸ ਲਗਾਇਆ ਗਿਆ ਸੀ। ਹੁਣ ਇਸ ਸੋਧਨਾ ਬਿਲ ਰਾਹੀਂ ਪੰਜਾਬ ਸਰਕਾਰ ਕਿਸਾਨਾਂ ਦੇ ਹਕ ਵਿਚ ਜਿਹੜਾ ਰੁਪਿਆ ਇਕੱਠਾ ਹੋਇਆ ਸੀ ਉਨ੍ਹਾਂ ਤੇ ਖਰਚ ਕਰਨ ਦੀ ਥਾਂ ਇਸ ਰੁਪਏ ਨੂੰ, ਇਸ ਟੈਕਸ ਨੂੰ ਉਸ ਮਿਕਦਾਰ ਤੇ ਵਾਪਸ ਦੇਵੇਗੀ ਜਿਹੜੀ ਖੰਡ ਦੀ ਮਿਕਦਾਰ ਬਾਹਰਲੇ ਦੇਸ਼ਾਂ ਵਿਚ ਭੇਜੀ ਜਾ ਰਹੀ ਹੈ। ਇਹ ਪੰਜਾਬ ਦੇ ਕਿਸਾਨ ਨਾਲ ਧੱਕਾ ਕਰ ਰਹੀ ਹੈ। ਇਹ ਟੈਕਸ ਪੰਜਾਬ ਦੀ ਜਨਤਾ ਤੋਂ ਜਿਹੜੇ ਹੋਰ ਕੰਮਾਂ ਲਈ ਉਗਰਾਹੇ ਜਾ ਰਹੇ ਹਨ ਉਹ ਨਹੀਂ। ਇਸ ਲਈ ਅਸੀਂ ਇਸ ਗੱਲ ਦੀ ਵਿਰੋਧਤਾ ਕਰਨ ਲਈ ਖੜ੍ਹੇ ਹੋਏ ਹਾਂ। ਕੇਵਲ ਇਸ ਗੱਲ ਦੀ ਵਿਰੋਧਤਾ ਨਹੀਂ ਕਰਦੇ, ਇਸ ਦੇ ਪਿਛੇ ਪੰਜਾਬ ਸਰਕਾਰ ਦਾ ਇਕ ਭਾਵ ਹੈ। ਸਰਦਾਰ ਪਰਤਾਪ ਸਿੰਘ ਕੈਰੋਂ ਨੇ 1962 ਵਿਚ ਸੈੱਸ ਦੇ ਰੂਪ ਵਿਚ 24 ਲਖ ਰੁਪਿਆ ਪੰਜਾਬ ਦੇ 3 ਸ਼ੂਗਰ ਫੈਕਟਰੀ ਮਾਲਿਕਾਂ ਨੂੰ ਦਿਤਾ ਸੀ। ਏਸੇ ਤਰ੍ਹਾਂ ਕਾਮਰੇਡ ਰਾਮ ਕਿਸ਼ਨ ਦੀ ਸਰਕਾਰ ਵੀ ਇਹ ਚਾਹੁੰਦੀ ਹੈ ਕਿ ਕਿਸੇ ਤਰ੍ਹਾਂ ਵੀ ਅਸੀਂ ਪੰਜਾਬ ਦੀ ਪੁਰਾਣੀ ਸਰਕਾਰ ਤੋਂ ਪਿਛੇ ਨਾ ਰਹੀਏ ਸਰਮਾਏਦਾਰਾਂ ਨਾਲ ਹਿਤ ਪਾਲਣ ਵਿਚ ਜਿਹੜਾ ਕੈਰੋਂ ਸਰਕਾਰ ਨੇ ਪਾਲਿਆ ਸੀ। ਇਸ ਫਿਨਾਂਨਸ਼ਲ ਮੈਮੋਰੈਂਡਮ ਤੇ ਨਿਗਾਹ ਮਾਰਦਿਆਂ ਪਤਾ ਲਗ ਜਾਏਗਾ ਕਿ ਸਰਕਾਰ ਮਿਲ ਮਾਲਿਕਾਂ ਨੂੰ ਕਿੰਨਾ ਰੁਪਿਆ ਰਿਫੰਡ ਕਰਨਾ ਚਾਹੁੰਦੀ ਹੈ। ਇਹ 1962-63 ਤੋਂ ਅਗਾਂਹ ਵਾਸਤੇ ਮੁਆਫ ਕਰਨ ਲਈ ਪਿਛਲੇ ਸਮੇਂ ਤੋਂ ਮੁਆਫੀ ਦੇਣਾ ਚਾਹੁੰਦੀ ਹੈ। 1962-63 ਦਾ ਇਨ੍ਹਾਂ ਨੇ 4,04,550 ਰੁਪਿਆ ਖਜ਼ਾਨੇ ਵਿਚੋਂ ਦੇਣਾ ਹੈ। 1963-64, 1964-65 ਅਤੇ 1965-66 ਦਾ ਅਜੇ ਪਤਾ ਨਹੀਂ ਕਿੰਨਾ ਦੇਣਾ ਹੈ। ਇਹ ਅਗੇ ਵਾਸਤੇ ਲਾਗੂ ਕਰ ਰਹੇ ਹਨ। 1962-63 ਦੀਆਂ ਫਿਗਰਜ਼ ਨੂੰ ਲਈਏ ਤਾਂ 4 ਲਖ ਤੇ ਸਾਢੇ ਚਾਰ ਹਜ਼ਾਰ ਰੁਪਿਆ ਹੈ ਜੋ ਇਨ੍ਹਾਂ ਨੇ ਮਿਲ ਮਾਲਿਕਾਂ ਨੂੰ ਹਰ ਸਾਲ ਘਟਾਉਣਾ ਹੈ। ਇਸ ਰੂਪ ਵਿਚ ਇਨ੍ਹਾਂ ਨੇ ਹਰ ਸਾਲ ਤਿੰਨ ਚਾਰ ਡੀ. ਡੀ. ਪੁਰੀ, ਥਾਪਰ ਅਤੇ ਜਗਤਜੀਤ ਮਿਲ ਮਾਲਿਕਾਂ ਨੂੰ 4 ਲਖ ਰੁਪਿਆ ਦੇਣਾ ਹੈ। ਕਿਉਂ ਨਾ ਦੇਣ ? 1967 ਦੀਆਂ ਚੋਣਾਂ ਆ ਰਹੀਆਂ ਹਨ। ਸਰਦਾਰ ਪਰਤਾਪ ਸਿੰਘ ਕੈਰੋਂ ਤਾਂ ਆਪਣੇ ਸਮੇਂ ਵਿਚ ਪਹਿਲਾਂ ਖੰਡ ਲੈ ਲਿਆ ਕਰਦਾ ਸੀ ਅਤੇ ਮਗਰੋਂ ਖਜ਼ਾਨੇ ਵਿਚੋਂ ਰੁਪਿਆ ਦਿੰਦਾ ਸੀ। ਹੁਣ ਦੀ ਸਰਕਾਰ ਦੀ ਅਹਲੀਅਤ ਦੀ ਆਮ ਚਰਚਾ ਹੈ ਕਿ ਸਰਕਾਰ ਐਨੀ ਕਾਬਲ ਨਹੀਂ। ਮਿਲ ਮਾਲਿਕਾਂ ਨੂੰ ਇਤਬਾਰ ਨਹੀਂ। ਉਹ ਸੋਚਦੇ ਹਨ ਕਿ ਜੇ ਪਹਿਲਾਂ ਫੰਡ ਦੇ ਦੇਈਏ ਤਾਂ ਬਾਅਦ ਵਿਚ ਸ਼ਾਇਦ ਇਹ ਰੁਪਿਆ ਨਾ ਦੇਣ। ਇਸ ਰਿਆਇਤ ਨੂੰ ਪੇਸ਼ਗੀ ਰੂਪ ਵਿਚ ਲਵਾਂਗੇ। ਇਹ ਚੋਣਾਂ ਤੋਂ ਪਹਿਲਾਂ ਦੇਣ ਲਈ ਮਾਫੀ ਦੇ ਰਹੇ ਹਨ, ਚਾਰ

[ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ]

ਚਾਰ, ਪੰਜ ਪੰਜ ਲਖ ਰੁਪਿਆ ਸਾਲ ਦਾ। ਅਸੀਂ ਇਨ੍ਹਾਂ ਦੀ ਨੀਯਤ ਤੇ ਸ਼ੱਕ ਕਰਦੇ ਹਾਂ। ਕੈਪਟਨ ਰਤਨ ਸਿੰਘ ਨੇ ਇਸ ਗਲ ਦਾ ਜ਼ਿਕਰ ਕੀਤਾ ਹੈ ਕਿ ਇਸ ਦਾ ਅਸਰ ਪੰਜਾਬ ਤੇ ਨਹੀਂ ਪੈਂਦਾ ਹੈ। ਜੇ ਸੈਂਟਰ ਦੀ ਸਰਕਾਰ ਨੇ ਦੇਣਾ ਹੋਵੇ ਤਾਂ ਪੰਜਾਬ ਸਰਕਾਰ ਕਿਉਂ ਮਾਫ ਕਰੇ। ਸੈਂਟਰ ਦੀ ਸਰਕਾਰ ਆਪਣੇ ਖਜ਼ਾਨੇ ਵਿਚੋਂ ਗਰਾਂਟ ਦੀ ਸ਼ਕਲ ਵਿਚ ਸਾਰੇ ਹਿੰਦੁਸਤਾਨ ਦੇ ਮਿਲ ਮਾਲਿਕਾਂ ਨੂੰ ਦੇਵੇ ਜੋ ਬਾਹਰ ਖੰਡ ਭੇਜਦੇ ਹਨ। ਪੰਜਾਬ ਦੇ ਖਜ਼ਾਨੇ ਵਿਚੋਂ, ਜਿਹੜਾ ਰੁਪਿਆ ਪੰਜਾਬ ਦੇ ਕੇਨ ਗਰੋਅਰਜ਼ ਲਈ ਅਲਾਟ ਹੋਇਆ ਹੈ, ਉਸ ਦੇ ਵਿਚੋਂ ਦੇਣ ਦਾ ਭਾਵ ਤਾਂ ਇਹ ਹੈ ਕਿ ਇਹ ਸਰਕਾਰ ਪੰਜਾਬ ਦੇ ਗਨੇ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਦੀ ਹਿਤਕਾਰੀ ਨਹੀਂ ਤੇ ਸਰਕਾਰ ਨੇ ਆਪਣਾ ਚਿਹਰਾ ਨੰਗਾ ਕਰ ਲਿਆ ਹੈ। ਹਕੀਕਤ ਵਿਚ ਇਹ ਸਰਕਾਰ ਧਨਾਢਾਂ ਦੀ ਸਰਕਾਰ ਹੈ ਅਤੇ ਇਹ ਉਨ੍ਹਾਂ ਦੇ ਮਨੋਰਥਾਂ ਦੀ ਹੀ ਰਾਖੀ ਕਰਦੀ ਹੈ ਅਤੇ ਹਰ ਤਰ੍ਹਾਂ ਦੀ ਉਨ੍ਹਾਂ ਦੀ ਮਦਦ ਕਰਦੀ ਹੈ। ਪਿਛਲੇ ਐਕਟ ਦੇ ਵਿਚ ਇਨ੍ਹਾਂ ਨੇ ਪੰਜਾਬ ਦੇ ਕਿਸਾਨਾਂ ਦੇ ਨਾਲ ਇਹ ਵਾਅਦਾ ਕੀਤਾ ਸੀ ਕਿ ਇਹ ਜਿਹੜਾ ਸ਼ੂਗਰਕੇਨ ਸੈਸ ਦਾ ਰੁਪਿਆ ਹੋਵੇਗਾ ਇਹ ਸਾਰਾ ਤੁਹਾਡੀ ਬਿਹਤਰੀ ਲਈ ਖਰਚ ਕੀਤਾ ਜਾਵੇਗਾ। ਇਸ ਕਰਕੇ ਮੈਂ ਸਮਝਦਾ ਹਾਂ ਕਿ ਸਰਕਾਰ ਨੇ ਉਨ੍ਹਾਂ ਮਿਲ ਮਾਲਿਕਾਂ ਨੂੰ ਰੁਪਿਆ ਦੇ ਕੇ ਕਿਸਾਨਾਂ ਦੇ ਨਾਲ ਧੋਖਾ ਅਤੇ ਧਰੋ ਕੀਤਾ ਹੈ। 1962 ਦੇ ਵਿਚ ਕੈਰੋਂ ਸਾਹਿਬ ਨੇ ਜਦੋਂ 24 ਲਖ ਰੁਪਿਆ ਇਨ੍ਹਾਂ ਖੰਡ ਦੇ ਮਿਲ ਮਾਲਿਕਾਂ ਨੂੰ ਦਿੱਤਾ ਸੀ ਤਾਂ ਉਨ੍ਹਾਂ ਨੇ ਦਲੀਲਾਂ ਇਹ ਦਿੱਤੀਆਂ ਸੀ ਕਿ 24 ਲਖ ਰੁਪਿਆ ਅਸੀਂ ਧੂਰੀ ਫਗਵਾੜੇ ਅਤੇ ਜਗਾਧਰੀ ਸ਼ੂਗਰ ਮਿਲਾਂ ਨੂੰ ਇਸ ਕਰਕੇ ਦੇ ਰਹੇ ਹਾਂ ਕਿਉਂਕਿ ਇਸ ਸਮੇਂ ਪੰਜਾਬ ਵਿਚ ਸਰਦੀ ਬਹੁਤ ਪਈ ਸੀ ਜਿਸ ਦੀ ਵਜ੍ਹਾ ਕਰਕੇ ਗੰਨੇ ਵਿਚੋਂ ਰਸ ਘਟ ਨਿਕਲਿਆ ਅਤੇ ਖੰਡ ਘਟ ਨਿਕਲੀ। ਇਸ ਲਈ ਅਸੀਂ ਗੰਨੇ ਦੇ ਮਿਲ ਮਾਲਿਕਾਂ ਨੂੰ ਐਕਸਗਰੇਸ਼ੀਆ ਗਰਾਂਟ ਦੇਣੀ ਹੈ। ਅਸੀਂ ਸਪੀਕਰ ਸਾਹਿਬ, ਉਦੋਂ ਵੀ ਆਵਾਜ਼ ਉਠਾਈ ਸੀ ਕਿ ਜੇਕਰ ਗੰਨੇ ਵਿਚੋਂ ਰੌਹ ਘਟ ਨਿਕਲੀ ਹੈ ਤਾਂ ਇਸ ਦਾ ਮਤਲਬ ਇਹ ਹੈ ਕਿ ਗੰਨੇ ਦਾ ਵਜ਼ਨ ਵੀ ਘਟਿਆ ਸੀ ਅਤੇ ਵਜ਼ਟ ਘਟਣ ਦੇ ਨਾਲ ਕਿਸਾਨਾਂ ਨੂੰ ਘਾਟਾ ਪਿਆ ਮਗਰ ਮਿਲ ਵਾਲਿਆਂ ਨੂੰ ਤਾਂ ਉਸ ਦਾ ਕੋਈ ਫਰਕ ਨਹੀਂ ਪਿਆ। ਅਸੀਂ ਉਦੋਂ ਕਿਹਾ ਸੀ ਕਿ ਉਹ ਐਕਸਗਰਸ਼ੀਆਂ ਗਰਾਂਟ ਕਿਸਾਨਾਂ ਨੂੰ ਦੇਣੀ ਚਾਹੀਦੀ ਸੀ। ਮਗਰ ਉਸ ਵੇਲੇ ਸਾਡੀ ਆਪੋਜ਼ੀਸ਼ਨ ਦੀ ਆਵਾਜ਼ ਨੂੰ ਨੀ ਸੁਣਦਿਆਂ ਹੋਇਆਂ 24 ਲਖ ਰੁਪਿਆ ਮਿਲ ਮਾਲਿਕਾਂ ਨੂੰ ਦਿੱਤਾ ਸੀ ਠੀਕ ਉਸੇ ਤਰ੍ਹਾਂ ਅਜ ਵੀ ਬੋਦੀ ਵਜ੍ਹਾ ਬਣਾ ਕੇ ਮਿਲ ਮਾਲਿਕਾਂ ਦੀਆਂ ਤਜ਼ੋਰੀਆਂ ਭਰੀਆ ਜਾ ਰਹੀਆਂ ਹਨ। ਮੈਂ ਸਮਝਦਾ ਹਾਂ ਇਹ ਗੰਨਾ ਪੈਦਾ ਕਰਨ ਵਾਲਿਆਂ ਦੇ ਨਾਲ ਧਕਾ ਹੋ ਰਿਹਾ ਹੈ। ਇਸ ਕਰਕੇ ਇਹ ਬਿਲ ਪਾਸ ਨਹੀਂ ਹੋਣਾ ਚਾਹੀਦਾ। ਪੰਜਾਬ ਸਰਕਾਰ ਨੇ ਏਸੇ ਹੀ ਬਿਲ ਰਾਹੀਂ ਇਸ ਗਲ ਦਾ ਕਰੜਾ ਪਰਬੰਧ ਕੀਤਾ ਹੋਇਆ ਹੈ ਕਿ ਮਿੱਲਾਂ ਦੇ ਏਰੀਏ ਦੇ ਵਿਚ ਜਿਹੜੇ ਕਿਸਾਨ ਗੰਨੇ ਦੀ ਕਾਸ਼ਤ ਕਰਦੇ ਹਨ ਉਹ ਆਪਣੇ ਗੰਨੇ ਨੂੰ ਪੀੜ ਨਹੀਂ ਸਕਦੇ, ਕੋਈ ਕਰੱਸ਼ਰ ਨਹੀਂ ਲਗਾ ਸਕਦੇ, ਉਨ੍ਹਾਂ ਨੂੰ ਮਿਲ ਮਾਲਿਕਾਂ ਨੂੰ ਗੰਨਾਂ ਸਪਲਾਈ ਕਰਨਾ ਪਏਗਾ। ਪਿਛਲੇ ਸਾਲ ਵਿਚ ਸਰਕਾਰ ਨੇ ਕਾਸ਼ਤਕਾਰਾਂ ਨੂੰ ਡੀ. ਆਈ. ਆਰ. ਰਾਹੀਂ ਮਜਬੂਰ ਕੀਤਾ ਸੀ ਕਿ ਉਹ ਮਿਲ ਮਾਲਿਕਾਂ ਨੂੰ ਗੰਨਾ ਸਪਲਾਈ ਕਰਨ ਲੇਕਿਨ ਐਤਕੀ ਦੇ ਸਾਲ ਹਾਲਤ ਇਹ ਹੈ ਕਿ ਮਿਲਾਂ ਦੇ ਏਰੀਏ ਵਿਚ ਕਿਸਾਨਾਂ ਨੇ ਗੰਨੇ ਦੀ ਪੈਦਾਵਾਰ ਬਹੁਤ ਕੀਤੀ ਹੈ। ਕਿਉਂਕਿ ਇਹ ਕੈਸ਼ ਕਰਾਪ ਹੈ ਪਰ ਉਨ੍ਹਾਂ ਦਾ ਗੰਨਾਂ ਖੇਤਾਂ ਦੇ ਵਿਚ ਹੀ ਗਲ ਸੜ ਰਿਹਾ ਹੈ। ਮਿਲ ਮਾਲਿਕ ਗਨਾਂ ਖਰੀਦ ਨਹੀਂ ਰਹੇ। ਮਗਰ ਸਾਡੀ ਸਰਕਾਰ ਹੁਣ ਉਨ੍ਹਾਂ ਤੇ ਤਾਂ ਕੋਈ ਡੀਫੈਂਸ ਆਫ ਇੰਡੀਆ ਰੂਲ ਲਾਗੂ ਨਹੀਂ ਕਰਦੀ ਅਤੇ ਉਨ੍ਹਾਂ ਨੂੰ ਗੰਨਾ ਚੁਕਣ ਲਈ ਮਜਬੂਰ ਨਹੀਂ ਕਰਦੀ ਬਲਕਿ ਉਲਟਾ ਉਨ੍ਹਾਂ ਨੂੰ ਲਖਾਂ ਰੁਪਿਆ ਦੇ ਕੇ ਨਿਵਾਜ ਰਹੀ ਹੈ ਕਿਉਂਕਿ ਉਨ੍ਹਾਂ ਦੇ ਕੋਲੋਂ ਆਉਣ ਵਾਲੀਆਂ ਚੋਣਾਂ ਦੇ ਵਿਚ ਫੰਡ ਲੈਣੇ ਹਨ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਧਾਰਾ ਦੀ ਕੜੀ ਵਿਰੋਧਤਾ ਕਰਦਾ ਹਾਂ। ਇਹ ਪਾਸ ਨਹੀਂ ਹੋਣੀ ਚਾਹੀਦੀ।

**ਬਾਬੂ ਬਚਨ ਸਿੰਘ** (ਲੁਧਿਆਣਾ, ਉੱਤਰ) : ਸਪੀਕਰ ਸਾਹਿਬ, ਇਹ ਜਿਹੜੀ ਕਲਾਜ਼ ਹੈ ਇਸ ਦੇ ਵਿਚ ਫੰਡਾਮੈਂਟਲ ਪਰਿੰਸੀਪਲ ਇਨਵਾਲਵਡ ਹੈ। ਚੀਜ਼ ਇਹ ਹੈ ਕਿ ਇਸ ਦੇ ਵਿਚ

ਦਫਾ 17 ਦੇ ਤਹਿਤ ਜਿਹੜਾ ਸੈਸ ਵਸੂਲ ਕੀਤਾ ਜਾਂਦਾ ਹੈ ਆਇਆ ਉਹ ਉਸ ਪਰਪਜ਼ ਲਈ ਇਸਤੇਮਾਲ ਕੀਤਾ ਜਾਵੇ ਜਾਂ ਕਿਸੇ ਹੋਰ ਪਰਪਜ਼ ਲਈ ਇਸਤੇਮਾਲ ਕੀਤਾ ਜਾਵੇ। ਸੈਸ ਹਮੇਸ਼ਾ ਕਿਸੇ ਖਾਸ ਪਰਪਜ਼ ਲਈ ਵਸੂਲ ਕੀਤਾ ਜਾਂਦਾ ਹੈ। ਇਹ ਸੈਸ ਗੰਨਾਂ ਗਰੋਅਰਜ਼ ਦੀ ਬਿਹਤਰੀ ਤੇ ਖਰਚ ਕਰਨ ਲਈ ਵਸੂਲ ਹੁੰਦਾ ਹੈ, ਉਨ੍ਹਾਂ ਲਈ ਐਪਰੋਚ ਰੋਡਜ਼ ਬਣਾਉਣ ਲਈ ਔਰ ਗੰਨੇ ਦੀ ਪੈਦਾਵਾਰ ਲਈ ਹੋਰ ਜ਼ਰੂਰੀ ਚੀਜ਼ਾਂ ਜਿਨ੍ਹਾਂ ਦੀ ਲੋੜ ਹੋਵੇ ਉਨ੍ਹਾਂ ਤੇ ਖਰਚ ਹੋਣਾ ਚਾਹੀਦਾ ਹੈ, ਫਰਟੀਲਾਈਜ਼ਰਜ਼ ਲਈ, ਪੈਸਟੀਸਾਈਡਜ਼ ਲਈ ਔਰ ਗਰੋਅਰਜ਼ ਦੇ ਹਰ ਲਿਹਾਜ਼ ਨਾਲ ਫਾਇਦੇ ਲਈ ਖਰਚ ਹੋਣਾ ਚਾਹੀਦਾ ਹੈ। ਇਸ ਸੂਰਤ ਵਿਚ ਜਦ ਕਿ ਸਾਡਾ ਸੂਬਾ ਖੰਡ ਦੇ ਮਾਮਲੇ ਵਿਚ ਇਕ ਡਿਫਿਸਿਟ ਸਟੇਟ ਹੈ ਤਾਂ ਸਾਡੀ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਸਾਡਾ ਸੂਬਾ ਗੰਨੇ ਦੀ ਪੈਦਾਵਾਰ ਦੇ ਵਿਚ ਅਗਰ ਸਰਪਲਸ ਨਹੀਂ ਹੋ ਸਕਦਾ ਤਾਂ ਕਮ ਅਜ਼ ਕਮ ਸੈਲਫ ਸਫੀਸ਼ੈਂਟ ਤਾਂ ਹੋ ਸਕੇ ਤਾਕਿ ਸਾਨੂੰ ਗੰਨੇ ਦੇ ਸਿਲਸਿਲੇ ਵਿਚ ਦੂਸਰਿਆਂ ਸੂਬਿਆਂ ਤੇ ਇਨਹਿਸਾਰ ਨਾ ਕਰਨਾ ਪਏ। ਇਸ ਲਈ ਜ਼ਰੂਰੀ ਹੈ ਕਿ ਕਿਸਾਨ ਨੂੰ ਇਨਸੈਂਟਿਵ ਦਿੱਤੇ ਜਾਣ ਔਰ ਇਹ ਜਦੋਂ ਸੈਸ ਲਾਏ ਸਨ ਮੈਨੂੰ ਪਤਾ ਹੈ ਇਕ ਜ਼ਮਾਨਾ ਇਹ ਸੀ ਜਦ ਹਿੰਦੁਸਤਾਨ ਵਿਚ ਸਿਰਫ 10 ਲਖ ਟਨ ਸ਼ੂਗਰ ਪੈਦਾ ਹੁੰਦੀ ਸੀ ਔਰ ਮੁਲਕ ਦੀ ਲੋੜ ਤੋਂ ਬਹੁਤ ਘਟ ਸੀ। ਉਸ ਵੇਲੇ ਕਿਸਾਨਾਂ ਨੂੰ ਜ਼ਿਆਦਾ ਇਨਸੈਂਟਿਵ ਦਿੱਤੇ ਗਏ। ਉਨ੍ਹਾਂ ਦੇ ਵਿਚ ਇਕ ਇਨਸੈਂਟਿਵ ਇਹ ਸੀ ਕਿ ਇਸ ਤਰ੍ਹਾਂ ਮਿੱਲਾਂ ਤੋਂ ਸੈਸ ਲੈ ਕੇ ਉਹ ਗਰੋਅਰਜ਼ ਦੇ ਭਲੇ ਲਈ ਖਰਚ ਕੀਤਾ ਜਾਵੇ। ਪੰਜਾਬ ਇਕ ਜ਼ਰਾਇਤੀ ਸੂਬਾ ਹੈ ਏਥੇ ਨਾ ਬੰਬਈ ਦੀ ਤਰ੍ਹਾਂ ਬਹੁਤ ਵਡੀਆਂ ਵਡੀਆਂ ਮਿੱਲਾਂ ਹਨ ਨਾ ਬੰਗਾਲ ਦੀ ਤਰ੍ਹਾਂ ਬਹੁਤ ਵਡੀਆਂ ਜੂਟ ਮਿਲਜ਼ ਹਨ। ਸਾਡੇ ਸੂਬੇ ਦੀ ਖੁਸ਼ਹਾਲੀ ਦਾ ਕਾਰਣ ਅਗਰ ਕੋਈ ਹੈ ਤਾਂ ਉਹ ਖੇਤੀ ਹੈ। ਸਪੀਕਰ ਸਾਹਿਬ, ਤੁਹਾਨੂੰ ਇਹ ਪਤਾ ਹੈ ਕਿ ਸਰਦਾਰ ਉੱਜਲ ਸਿੰਘ ਹੋਰਾਂ ਦੀ ਪਰਧਾਨਗੀ ਹੇਠ ਜਿਹੜੀ ਕਮੇਟੀ ਬਣੀ ਸੀ ਉਸ ਨੇ ਜੋ ਇਨਕੁਆਇਰੀ ਕੀਤੀ ਉਸ ਦੀ ਰਿਪੋਰਟ ਤੋਂ ਪਤਾ ਲਗਦਾ ਹੈ ਕਿ ਫੂਡਗਰੇਨਜ਼ ਦੀਆਂ ਕਰੰਟ ਕੀਮਤਾਂ ਜੋ ਹਨ ਇਹ ਜ਼ਮੀਂਦਾਰ ਲਈ ਪਰਾਫੀਟੇਬਲ ਨਹੀਂ ਹਨ ਸਗੋਂ ਉਲਟਾ ਉਸ ਨੂੰ ਘਾਟਾ ਪਾਉਂਦੀਆਂ ਹਨ। ਗੌਰਮੈਂਟ ਨੇ ਵੀ ਏਥੇ ਮੰਨਿਆ ਹੈ ਕਿ ਪੰਜਾਬ ਵਿਚ ਕਿਸਾਨ ਨੂੰ ਜਿਨ੍ਹਾਂ ਕਰਾਪਸ ਤੋਂ ਫਾਇਦਾ ਹੁੰਦਾ ਹੈ, ਉਹ ਹਨ ਕਪਾਹ ਮਿਰਚ ਅਤੇ ਗੰਨਾ। ਮਿਰਚਾਂ ਦਾ ਤਾਂ ਰਕਬਾ ਹੀ ਬਹੁਤ ਥੋੜਾ ਹੈ ਇਸ ਕਰਕੇ ਕੈਸ਼ ਕਰਾਪਸ ਦੋ ਹੀ ਰਹਿ ਗਈਆਂ ਕਪਾਹ ਅਤੇ ਗੰਨਾ। ਹੁਣ ਸਵਾਲ ਇਹ ਹੈ ਕਿ ਆਇਆ ਅਸੀਂ ਗੰਨੇ ਦੀ ਪੈਦਾਵਾਰ ਗਰੋਅਰਜ਼ ਲਈ ਪਰਾਫੀਟੇਬਲ ਬਣਾਉਣੀ ਚਾਹੁੰਦੇ ਹਾਂ ਜਾਂ ਮਿਲ ਮਾਲਿਕਾਂ ਲਈ ਪਰਾਫੀਟੇਬਲ ਬਣਾਉਣੀ ਚਾਹੁੰਦੇ ਹਾਂ। ਮਿਲ ਮਾਲਿਕ ਸਾਰਾ ਨਫਾ ਕਮਾ ਕੇ ਆਪਣੀਆਂ ਤਜ਼ੌਰੀਆਂ ਭਰੀ ਜਾਣ ਔਰ ਜੇਕਰ ਥੋੜ੍ਹੀ ਬਹੁਤੀ ਕੁਰਬਾਨੀ ਕਰਨੀ ਪਏ ਤਾਂ ਉਹ ਮਿਲ ਮਾਲਿਕ ਨੂੰ ਨਾ ਕਰਨੀ ਪਏ। ਗੌਰਮੈਂਟ ਨੂੰ ਵੀ ਨਾ ਕਰਨੀ ਪਏ ਬਲਕਿ ਹਰ ਸੂਰਤ ਵਿਚ ਕੁਰਬਾਨੀ ਗਰੋਅਰਜ਼ ਨੂੰ ਹੀ ਕਰਨੀ ਪਏ। ਉਸ ਦੀਆਂ ਸੜਕਾਂ ਰੁਕ ਜਾਣ, ਉਸ ਦੀ ਫਸਲ ਸੁਕ ਜਾਵੇ ਲੇਕਿਨ ਕਰਾਪ ਫੰਡ ਵਿੱਚੋਂ ਪੈਸਾ ਲੈ ਕੇ ਮਿਲ ਮਾਲਿਕਾਂ ਦੀਆਂ ਤਜ਼ੌਰੀਆਂ ਭਰ ਦਿੱਤੀਆਂ ਜਾਣ। ਇਹ ਸਵਾਲ ਇਸ ਲਈ ਵੀ ਬੜਾ ਅਹਿਮ ਹੈ ਕਿ ਆਇਆ ਪੰਜਾਬ ਗੌਰਮੈਂਟ ਨੇ ਕਦੇ ਮਿਲ ਮਾਲਿਕਾਂ ਨੂੰ ਖੰਡ ਐਕਸਪੋਰਟ ਕਰਨ ਲਈ ਕਿਹਾ ਔਰ ਆਇਆ ਪੰਜਾਬ ਗੌਰਮੈਂਟ ਨੇ ਕਦੇ ਇਹ ਕਿਹਾ ਕਿ ਜੇ ਤੁਸੀਂ ਐਕਸਪੋਰਟ ਕਰੋਗੇ ਤਾਂ ਅਸੀਂ ਤੁਹਾਨੂੰ ਐਕਸਪੋਰਟ ਲਈ ਕੋਈ ਇਨਸੈਂਟਿਵ ਦਿਆਂਗੇ ਜਾਂ ਤੁਹਾਡੀ ਕੋਈ ਮਦਦ ਕਰਾਂਗੇ।

ਇਹ ਕਹਿੰਦੇ ਹਨ ਕਿ ਇਸ ਮੁਲਕ ਵਿਚੋਂ ਜੋ ਸ਼ੂਗਰ ਐਕਸਪੋਰਟ ਕੀਤੀ ਜਾਂਦੀ ਹੈ ਉਹ ਬਹੁਤ ਹੀ ਜ਼ਿਆਦਾ ਘਾਟੇ ਤੇ ਕੀਤੀ ਜਾਂਦੀ ਹੈ। ਮੈਂ ਕਹਿੰਦਾ ਹਾਂ ਕਿ ਜੇਕਰ ਇਸ ਘਾਟੇ ਦੀ

[ਬਾਬੂ ਬਚਨ ਸਿੰਘ]

ਐਕਸਪੋਰਟ ਲਈ ਕੁਰਬਾਨੀ ਹੀ ਲੈਣੀ ਹੈ ਤਾਂ ਫਿਰ ਸਭ ਤੋਂ ਲਉ । ਮਿਲ ਮਾਲਿਕਾਂ ਨੂੰ ਤਾਂ ਇਕ ਪੈਸੇ ਦੀ ਇਕ ਧੇਲੇ ਦੀ ਕੁਰਬਾਨੀ ਕਰਨ ਲਈ ਨਹੀਂ ਕਿਹਾ ਜਾਂਦਾ, ਲੇਕਿਨ ਜੋ ਗਰੋਅਰਜ਼ ਹਨ ਸਮਾਜ ਦਾ ਵੀਕਰ ਸੈਕਸ਼ਨ ਹਨ ਉਨ੍ਹਾਂ ਦਾ ਪੇਟ ਕਟ ਕੇ ਇਹ ਸਰਕਾਰ ਮਿਲ ਮਾਲਿਕਾਂ ਨੂੰ ਫਾਇਦਾ ਪਹੁੰਚਾਣਾ ਚਾਹੁੰਦੀ ਹੈ । ਜੇਕਰ ਅਸੀਂ ਕਹਿੰਦੇ ਹਾਂ ਕਿ ਦਸ ਦਸ ਸਾਲ ਦੇ ਮੁਲਾਜ਼ਮਾਂ ਦੀ ਛਾਂਟੀ ਨਾ ਕਰੋ ਤਾਂ ਇਹ ਸਰਕਾਰ ਕਹਿੰਦੀ ਹੈ ਕਿ ਮਹਾਰਾਜ ਕੀ ਕਰੀਏ ਹਾਲਾਤ ਬੜੇ ਖਰਾਬ ਹਨ, ਖਜ਼ਾਨੇ ਵਿਚ ਪੈਸੇ ਨਹੀਂ ਹਨ ਇਸ ਲਈ ਅਸੀਂ ਛਾਂਟੀ ਕੀਤੇ ਬਗੈਰ ਨਹੀਂ ਰਹਿ ਸਕਦੇ । ਜੇਕਰ ਅਸੀਂ ਕਹਿੰਦੇ ਹਾਂ ਕਿ ਬੱਚਿਆਂ ਦੀ ਤਾਲੀਮ ਲਈ ਹੀ ਖਰਚ ਕਰੋ ਤਾਂ ਕਹਿੰਦੇ ਹਨ ਹਾਂ ਜੀ ਤਾਲੀਮ ਤਾਂ ਬੜੀ ਚੰਗੀ ਚੀਜ਼ ਹੈ ਪਰ ਕੀ ਕਰੀਏ ਖਜ਼ਾਨਾ ਖਾਲੀ ਹੈ। ਜੇ ਅਸੀਂ ਇਹਨਾਂ ਨੂੰ ਕਹਿੰਦੇ ਹਾਂ ਕਿ ਸੂਬੇ ਵਿਚ ਕਾਲ ਦੇ ਹਾਲਾਤ ਹੋ ਰਹੇ ਹਨ ਅਤੇ ਇਸ ਲਈ ਜੇ ਕੁਝ ਹੋਰ ਨਹੀਂ ਕਰ ਸਕਦੇ ਕਿਸਾਨਾਂ ਲਈ ਖੂਹ ਟਿਊਬਵੈਲਜ਼ ਹੀ ਲਗਾ ਦਿਓ ਅਤੇ ਬਿਜਲੀ ਦੇ ਕੁਨੈਕਸ਼ਨ ਦੇ ਦਿਓ ਤਾਕਿ ਇਸ ਤਰ੍ਹਾਂ ਲੋਕ ਤੁਹਾਡੀ ਸਬਸਿਡੀ ਦੀ ਭਿਖ ਲੈਣ ਦੀ ਬਜਾਏ ਖੁਦ ਕਮਾ ਕੇ ਖਾ ਸਕਨ ਤਾਂ ਜਵਾਬ ਮਿਲਦਾ ਹੈ ਕਿ ਸਲਾਹ ਤਾਂ ਬੜੀ ਨੇਕ ਹੈ ਅਤੇ ਸਾਨੂੰ ਕਿਸਾਨਾਂ ਨਾਲ ਬੜੀ ਹਮਦਰਦੀ ਹੈ ਪਰ ਕਰੀਏ ਕੀ ਫੰਡਜ਼ ਕਿਥੋਂ ਲਿਆਈਏ, ਮਰਕਜ਼ ਸਾਨੂੰ ਦੇਣ ਲਈ ਤਿਆਰ ਨਹੀਂ ਇਨ੍ਹਾਂ ਦੇ ਸੈਕਟਰੀ ਡਾਇਰੈਕਟਰ ਤਾਂ ਜੇਬਾਂ ਭਰ ਭਰ ਲੈ ਜਾ ਰਹੇ ਹਨ ਉਹ ਪਰਮਾਨੈਂਟ ਹਨ ਇਸ ਲਈ ਉਨ੍ਹਾਂ ਨੂੰ ਇਹ ਕਹਿੰਦੇ ਹਨ ਕਿ ਕਢ ਨਹੀਂ ਸਕਦੇ ਲੇਕਨ ਗਰੀਬ ਛੋਟੇ ਮੁਲਾਜ਼ਮਾਂ ਨੂੰ ਟੈਮਪਰੇਰੀ ਕਹਿ ਕੇ ਉਨ੍ਹਾਂ ਤੇ ਕਾਂਟੀ ਛਾਂਟੀ ਦਾ ਕੁਲਹਾੜਾ ਚਲਾਣ ਲਈ ਹਰ ਵਕਤ ਤਿਆਰ ਰਹਿੰਦੇ ਹਨ । ਹਮਦਰਦੀ ਤਾਂ ਇਨ੍ਹਾਂ ਨੂੰ ਉਨ੍ਹਾਂ ਨਾਲ ਬਹੁਤੀ ਹੈ ਪਰ ਦੇਣਾ ਉਨ੍ਹਾਂ ਨੂੰ ਕੁਝ ਨਹੀਂ ਹੈ । ਮਜ਼ਦੂਰ ਕਿਸਾਨ ਟੀਚਰਜ਼ ਤੇ ਮੁਲਾਜ਼ਮਾਂ ਲਈ ਤਾਂ ਇਨ੍ਹਾਂ ਪਾਸ ਪੈਸਾ ਨਹੀਂ ਖਜ਼ਾਨਾ ਖਾਲੀ ਹੈ ਪਰ ਸੈਕਟਰੀਆਂ ਤੇ ਡਾਇਰੈਕਟਰਾਂ ਨੂੰ ਤਨਖਾਹ ਦੇਣੀ ਹੋਵੇ ਤਾਂ ਇਨ੍ਹਾਂ ਪਾਸ ਕਾਫੀ ਪੈਸੇ ਹੋ ਜਾਂਦੇ ਹਨ ਅਤੇ ਮਿਲ ਮਾਲਿਕਾਂ ਨੂੰ ਘਾਟਾ ਪੈ ਜਾਵੇ ਤਾਂ ਇਨ੍ਹਾਂ ਦਾ ਖਜ਼ਾਨਾ ਉਛਾਲੇ ਲੈਂਦਾ ਹੈ ਪਰ ਗਰੀਬਾਂ ਲਈ ਇਨ੍ਹਾਂ ਪਾਸ ਕੁਝ ਨਹੀਂ । ਮੈਂ ਪੁੱਛਦਾ ਹਾਂ ਕਿ ਕੀ ਇਸੇ ਕਿਸਮ ਦਾ ਤੁਹਾਡਾ ਸੋਸ਼ਲਿਜ਼ਮ ਹੈ ਜਿਸਨੂੰ ਤੁਸੀਂ ਲਿਆਣਾ ਚਾਹੁੰਦੇ ਹੋ । ਮੈਂ ਤਾਂ ਕਹਿੰਦਾ ਹਾਂ ਕਿ ਤੁਸੀਂ ਤਾਂ ਸੋਸ਼ਲਿਜ਼ਮ ਦੀਆਂ ਜੜ੍ਹਾਂ ਤੇ ਕੁਲਹਾੜਾ ਚਲਾ ਕੇ ਉਸਦਾ ਸਤਿਆਨਾਸ ਕਰਨਾ ਚਾਹੁੰਦੇ ਹੋ ਅਤੇ ਲੋਕਾਂ ਦਾ ਜੋ ਸੋਸ਼ਲਿਜ਼ਮ ਤੇ ਇਤਬਾਰ ਹੈ ਉਸ ਨੂੰ ਖਤਮ ਕਰਨਾ ਚਾਹੁੰਦੇ ਹੋ । ਇਹ ਕਹਿੰਦੇ ਹਨ ਗੌਰਮਿੰਟ ਆਫ ਇੰਡੀਆ ਨੇ ਮਿਲ ਮਾਲਿਕਾਂ ਨਾਲ ਵਾਅਦਾ ਕੀਤਾ ਹੋਇਆ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਿਰਫ ਖੰਡ ਹੀ ਇਸ ਦੇਸ਼ ਤੋਂ ਐਕਸਪੋਰਟ ਕੀਤੀ ਜਾਂਦੀ ਹੈ ? ਇਸ ਮੁਲਕ ਵਿਚੋਂ ਬਾਈਸਿਕਲ, ਕਪੜੇ ਸੀਣ ਦੀਆਂ ਮਸ਼ੀਨਾਂ, ਪਖੇ, ਜਿਊਟ ਗੁਡਜ਼ ਅਤੇ ਕੋਈ 60 ਕਰੋੜ ਰੁਪਏ ਦਾ ਕਪੜਾ ਐਕਸਪੋਰਟ ਹੁੰਦਾ ਹੈ ਚਾਹ, ਜੁਤੀਆਂ ਹੌਜ਼ਰੀ ਤੇ ਹੋਰ ਮੈਂ ਕਿਸ ਕਿਸ ਚੀਜ਼ ਦਾ ਨਾਮ ਲਵਾਂ, ਐਕਸਪੋਰਟ ਹੁੰਦੇ ਹਨ ਅਤੇ ਉਸਦੇ ਬਦਲੇ ਵਿਚ ਗੌਰਮਿੰਟ ਆਫ ਇੰਡੀਆ ਉਨ੍ਹਾਂ ਨੂੰ ਕੋਟੇ ਲਾਈਸੈਂਸ ਤੇ ਹੋਰ ਕਈ ਕਿਸਮ ਦੀਆਂ ਰਿਆਇਤਾਂ ਦਿੰਦੀ ਹੈ । ਜਦੋਂ ਇਹ ਹਾਲ ਹੈ ਤਾਂ ਕੀ ਵਜ੍ਹਾ ਹੈ ਕਿ ਇਹ ਮਾੜ ਧਾੜ ਚਮਾਰਾਂ ਤੇ ਹੀ ਪੈਂਦੀ ਹੈ ਅਤੇ ਇਹ ਨਜ਼ਲਾ ਗਰੀਬ ਕਿਸਾਨਾਂ ਤੇ ਹੀ ਗਿਰਾਇਆ ਜਾ ਰਿਹਾ ਹੈ । ਜਿਨ੍ਹਾਂ ਗਰੀਬ ਕਿਸਾਨਾਂ ਨੂੰ ਕਦੇ ਕਾਲ ਤੰਗ ਕਰਦਾ ਹੈ, ਕਦੇ ਹੜ੍ਹ, ਸੇਮ ਤੇ ਖੁਸ਼ਕਸਾਲੀ ਤੰਗ ਕਰਦੀ ਹੈ ਤੇ ਉਨ੍ਹਾਂ ਗਰੋਅਰਜ਼ ਦਾ ਇਕੱਠਾ ਹੋਇਆ ਪੈਸਾ ਹੁਣ ਲਖ ਪਤੀਆਂ ਨੂੰ ਦਿਤਾ ਜਾ ਰਿਹਾ ਹੈ । ਇਹ ਸਲੂਕ ਹੈ ਜੋ ਇਹ ਸਰਕਾਰ ਪੰਜਾਬ ਦੇ ਗਰੋਅਰਜ਼ ਨਾਲ ਕਰ ਰਹੀ ਹੈ । ਇਹ ਸਰਕਾਰ ਮਿਲ ਮਾਲਿਕਾਂ ਤੇ ਲਖ ਪਤੀਆਂ ਨਾਲ ਕੀਤੇ ਵਾਅਦਿਆਂ ਦੀ ਤਾਂ ਬੜੀ ਪਾਬੰਦ ਹੈ ਪਰ ਕਿਸਾਨਾਂ ਨਾਲ ਕੀਤੇ ਵਾਅਦੇ ਨੂੰ ਇਹ ਵਾਅਦਾ ਨਹੀਂ

ਸਮਝਦੀ । ਇਨ੍ਹਾਂ ਨੇ ਕਿਸਾਨਾਂ ਨਾਲ ਵਾਅਦਾ ਕੀਤਾ ਕਿ ਜੋ ਡੀਜ਼ਲ ਇੰਜਨ ਦੇ ਪੰਪਿੰਗ ਸੈਟਸ ਲਗਾਏਗਾ ਉਸਨੂੰ 750 ਰੁਪਏ ਸਬਸਿਡੀ ਦਿਤੀ ਜਾਵੇਗੀ ਲੇਕਿਨ ਅਜ ਤਕ ਇਕ ਪੈਸਾ ਵੀ ਉਨ੍ਹਾਂ ਨੂੰ ਨਹੀਂ ਦਿਤਾ ਗਿਆ ਅਤੇ ਜੇਕਰ ਇਨ੍ਹਾਂ ਨੇ ਇਕ ਪੈਸਾ ਵੀ ਇਸ ਕੰਮ ਲਈ ਕਿਸਾਨ ਨੂੰ ਦਿਤਾ ਹੋਵੇ ਤਾਂ ਮੈਂ ਝੂਠਾ ਹਾਂ ਅਤੇ ਜੋ ਸਜ਼ਾ ਕਹੋ ਲੈਣ ਲਈ ਤਿਆਰ ਹਾਂ । ਇਨ੍ਹਾਂ ਦਾ ਤਾਂ ਇਹ ਹਾਲ ਹੈ ਕਿ ਮਾਂ ਫਿਰੇ ਫੋਸੀ ਫੋਸੀ ਨੂੰ ਪੁੱਤ ਲੁਟਾਵੇ ਹੀਰੇ । ਅਸੀਂ ਕਿਸਾਨ ਤਾਂ ਭਾਵੇਂ ਭੁਖੇ ਮਰੀਏ, ਨੰਗੇ ਰਹੀਏ ਅਤੇ ਦੋ ਵਕਤ ਰੋਟੀ ਵੀ ਨਾ ਖਾ ਸਕੀਏ ਸਾਡੇ ਲਈ ਤਾਂ ਇਹ ਸਲੂਕ ਹੈ ਕਿ 750 ਰੁਪਏ ਵੀ ਸਪੇਅਰ ਨਹੀਂ ਕਰ ਸਕਦੇ ਪਰ ਮਿਲ ਮਾਲਿਕਾਂ ਨੂੰ ਸਾਡੇ ਹੀ ਪੈਸੇ ਲੁਟਾਏ ਜਾ ਰਹੇ ਹਨ । ਮੈਂ ਅਰਜ਼ ਕਰਦਾ ਹਾਂ ਕਿ ਇਹ ਸੈਸ ਦਾ ਪੈਸਾ ਨਾ ਸਰਕਾਰ ਦਾ ਹੈ ਤੇ ਨਾ ਹੀ ਮਿਲ ਮਾਲਿਕਾਂ ਦਾ ਹੈ ਇਹ ਤਾਂ ਸਾਡੀ ਅਮਾਨਤ ਹੈ ਜੋ ਸਰਕਾਰੀ ਖਜ਼ਾਨੇ ਵਿਚ ਪਈ ਹੋਈ ਹੈ ਜਿਸ ਦੀ ਕਿ ਖਿਆਨਤ ਕੀਤੀ ਜਾ ਰਹੀ ਹੈ । ਇਸਦੀ ਖਿਆਨਤ ਵਿਚ ਦੋ ਸਾਥੀ ਮਿਲੇ ਹੋਏ ਹਨ। ਇਕ ਪਾਸੇ ਕਾਰਖਾਨੇਦਾਰ ਤੇ ਦੂਜੇ ਪਾਸ ਉਹ ਜੋ ਗੱਦੀਆਂ ਤੇ ਬੈਠੇ ਹਨ ਅਤੇ ਦੋਨੋ ਮਿਲ ਕੇ ਖਜ਼ਾਨੇ ਨੂੰ ਲੁਟੀ ਜਾ ਰਹੇ ਹਨ । ਇਹ ਤਾਂ ਇਹ ਹਾਲਾਤ ਪੰਜਾਬ ਵਿਚ ਪੈਦਾ ਕਰ ਰਹੇ ਹਨ ਕਿ ਕਿਸਾਨ ਗੰਨਾ ਬੀਜਣਾ ਛਡ ਦੇਣ । ਜੇਕਰ ਗਰੋਅਰਜ਼ ਦੇ ਨਾਲ ਇਹੋ ਹਮਦਰਦੀ ਤੁਹਾਡੀ ਹੋਣੀ ਹੈ ਤਾਂ ਉਨ੍ਹਾਂ ਨੂੰ ਸੋਚਣਾ ਪਵੇਗਾ ਕਿ ਆਇਆ ਉਨ੍ਹਾਂ ਨੂੰ ਗੰਨਾ ਪੈਦਾ ਕਰਕੇ ਫਾਇਦਾ ਹੈ ਜਾਂ ਕੁਝ ਹੋਰ ਪੈਦਾ ਕਰਕੇ । ਕਿਸਾਨ ਤੇ ਗੰਨੇ ਨੂੰ ਕੈਸ਼ ਕਰਾਪ ਕਰਾਰ ਦੇ ਕੇ ਚਾਰ ਰੁਪਏ ਏਕੜ ਇਹ ਕਹਿ ਕੇ ਸੈਸ ਲਗਾਇਆ ਗਿਆ ਹੈ ਕਿ ਇਸ ਪੈਸੇ ਨਾਲ ਤੁਹਾਡੇ ਲਈ ਸੜਕਾਂ ਬਣਨਗੀਆਂ ਪਰ ਹੁਣ ਕਹਿੰਦੇ ਹਨ ਕਿ ਇਹ ਪੈਸਾ ਤੁਹਾਡੇ ਪਾਸ ਨਹੀਂ ਰਹਿਣਾ । ਅਸੀਂ ਪਿਛਲੀ ਗਲ ਨੂੰ ਨਹੀਂ ਰੋਂਦੇ ਅਸੀਂ ਤਾਂ ਅਗੇ ਹੋਣ ਵਾਲੀ ਗਲ ਲਈ ਰੋਂਦੇ ਹਾਂ । ਇਹ ਤਾਂ ਇਸ ਬਿਲ ਰਾਹੀਂ ਇਹ ਅਖਤਿਆਰ ਲੈ ਰਹੇ ਹਨ ਕਿ ਪਹਿਲੇ ਵੀ ਲੁਟਾ ਦਿਤਾ ਅਤੇ ਅਗੇ ਨੂੰ ਵੀ ਲੁਟਾ ਦੇਵਾਂਗੇ।

**ਪਸ਼ੂ ਪਾਲਣ ਅਤੇ ਖੇਤੀ ਬਾੜੀ ਦੇ ਰਾਜ ਮੰਤਰੀ** : ਅਗੇ ਨੂੰ ਨਹੀਂ ਲੁਟਾਵਾਂਗੇ.........

**ਬਾਬੂ ਬਚਨ ਸਿੰਘ** : ਕੀ ਤੁਸੀਂ ਬਿਲ ਨੂੰ ਪੜ੍ਹਿਆ ਹੈ ਅਤੇ ਜੇ ਨਹੀਂ ਪੜ੍ਹਿਆ ਤਾਂ ਪੜ੍ਹ ਲਉ । ਇਸ ਵਿਚ ਲਿਖਿਆ ਹੈ ਕਿ ਰੈਟਰੋਸਪੈਕਟਿਵਲੀ ਐਂਡ ਪ੍ਰਾਸਪੈਕਟਵਲੀ.........

**ਸ੍ਰੀ ਸਪੀਕਰ** : ਬਾਬੂ ਜੀ, ਤੁਸੀਂ ਹੋਰ ਕਿਤਨਾ ਟਾਈਮ ਲਵੋਗੇ ? (How much more time will the hon. Member Baboo Bachan Singh take?)

**ਬਾਬੂ ਬਚਨ ਸਿੰਘ** : ਸਿਰਫ ਦੋ ਤਿੰਨ ਮਿੰਟ ਹੀ ਲਵਾਂਗਾ । ਮੈਂ ਅਰਜ਼ ਕਰ ਰਿਹਾ ਸੀ ਕਿ ਇਸ ਵਿਚ ਰੈਟਰੋਸਪੈਕਟਿਵ ਤੇ ਪ੍ਰਾਸਪੈਕਟਿਵ ਦੋਨਾਂ ਦਾ ਜ਼ਿਕਰ ਹੈ। ਇਸਦੇ ਮਅਨੇ ਵੀ ਸਮਝ ਲਉ ਇਹ ਹਨ ਕਿ ਪਹਿਲਾਂ ਵੀ ਇਹ ਕੰਮ ਕੀਤਾ ਹੈ ਅਤੇ ਅਗੇ ਨੂੰ ਵੀ ਇਸਤੋਂ ਬਾਜ਼ ਨਹੀਂ ਆਵਾਂਗੇ । ਇਕ ਗਲ ਤਾਂ ਸਮਝ ਵਿਚ ਆ ਸਕਦੀ ਸੀ । ਕਿ ਜੇਕਰ ਕਿਸੇ ਨੇ ਕੋਈ ਗਲਤ ਜਾਂ ਸਹੀ ਵਾਅਦਾ ਕਰ ਲਿਆ ਹੋਵੇ ਅਤੇ ਉਹ ਉਸ ਦੇ ਪਰੈਸਟੀਜ ਦਾ ਸਵਾਲ ਬਣ ਗਿਆ ਹੋਵੇ ਤਾਂ ਉਹ ਕਹੇ ਕਿ ਹੁਣ ਮੈਨੂੰ ਛਡੋ ਅਗੇ ਨੂੰ ਮੇਰੀ ਤੋਬਾ ਐਸਾ ਵਾਅਦਾ ਨਹੀਂ ਕਰਾਂਗਾ। ਪਰ ਇਹ ਕਹਿੰਦੇ ਹਨ ਕਿ ਸੈੱਸ ਦਾ ਪਹਿਲਾਂ ਵੀ ਪੈਸਾ ਦਿਤਾ ਹੈ ਅਤੇ ਅਗੇ ਨੂੰ ਵੀ ਉਹ ਪੈਸਾ ਇਕੱਠਾ ਕਰਕੇ ਮਿਲ ਮਾਲਿਕਾਂ ਨੂੰ ਦੇਵਾਂਗੇ ਅਤੇ ਗਰੋਅਰਜ਼ ਦੇ ਫਾਇਦੇ ਲਈ ਖਰਚ ਨਹੀਂ ਕਰਾਂਗੇ । ਇਹ ਚੀਜ਼ ਕਿਸ ਤਰ੍ਹਾਂ ਬਰਦਾਸ਼ਤ ਕੀਤੀ ਜਾ ਸਕਦੀ ਹੈ ਕਿ ਸੈਸ ਤਾਂ ਗਰੋਅਰਜ਼ ਤੋਂ ਵਸੂਲ ਹੁੰਦਾ ਰਹੇ ਪਰ ਉਹ ਪੈਸਾ ਉਨ੍ਹਾਂ ਦੀ ਭਲਾਈ ਦੀ ਬਜਾਏ ਮਿਲ ਮਾਲਿਕਾਂ ਨੂੰ ਦੇ ਦਿਤਾ ਜਾਵੇ । ਇਨ੍ਹਾਂ ਹਾਲਾਤ ਵਿਚ ਮੈਂ ਅਰਜ਼ ਕਰਦਾ ਹਾਂ ਕਿ ਹੁਣ ਤੁਸੀਂ ਸੋਸ਼ਲਿਜ਼ਮ ਦੀਆਂ ਗਲਾਂ ਤੇ ਗਰੀਬਾਂ ਦੀ ਭਲਾਈ

[ਬਾਬੂ ਬਚਨ ਸਿੰਘ]

ਦੀਆਂ ਗੱਲਾਂ ਕਰਨੀਆਂ ਛਡ ਦਿਉ ਅਤੇ ਖੁਲ੍ਹੇ ਤੌਰ ਤੇ ਪਰਦੇ ਤੋਂ ਬਾਹਰ ਆਉ ਕਿਉਂਕਿ ਇਹ ਜੋ ਤੁਸੀਂ ਘੁੰਗਟ ਵਿਚੋਂ ਜਮਾਲ ਵਖਾ ਰਹੇ ਹੋ ਇਹ ਕਸੂਤਾ ਹੈ...........

**ਪਸ਼ੂ ਪਾਲਣ ਅਤੇ ਖੇਤੀ ਬਾੜੀ ਦੇ ਰਾਜ ਮੰਤਰੀ** : ਕੋਈ ਪਰਦਾ ਨਹੀਂ ।

**ਬਾਬੂ ਬਚਨ ਸਿੰਘ** : ਜੇਕਰ ਕੋਈ ਪਰਦਾ ਨਹੀਂ ਤਾਂ ਖੁਲ੍ਹ ਕੇ ਕਹੋ ਕਿ ਅਸੀਂ ਤਾਂ ਮਿਲ ਮਾਲਿਕਾਂ ਦੇ ਲਖਪਤੀਆਂ ਦੇ ਨੁਮਾਇੰਦੇ ਹਾਂ ਅਤੇ ਗਰੀਬਾਂ ਨਾਲ ਸਾਡਾ ਕੋਈ ਵਾਸਤਾ ਨਹੀਂ। ਜੇਕਰ ਐਸਾ ਕਹਿ ਦਿਓ ਤਾਂ ਸਾਡਾ ਕੋਈ ਰੌਲਾ ਨਹੀਂ ਪਰ ਤੁਸੀਂ ਤਾਂ ਗਰੀਬਾਂ ਦੇ ਪਰਦੇ ਪਿਛੋਂ ਗ਼ਰੀਬਾਂ ਨੂੰ ਲੁਟ ਲੁਟ ਕੇ ਅਮੀਰਾਂ ਦੇ ਘਰ ਭਰ ਰਹੇ ਹੋ।

ਸਪੀਕਰ ਸਾਹਿਬ, ਜਿਹੜਾ ਕਿਸਾਨਾਂ ਕੋਲੋਂ ਰੁਪਿਆ ਟੈਕਸ ਦੇ ਰਾਹੀਂ ਇਕੱਠਾ ਕੀਤਾ ਜਾਂਦਾ ਹੈ, ਉਹ ਰੁਪਿਆ ਕਿਸਾਨਾਂ ਦੀ ਭਲਾਈ ਲਈ ਖਰਚ ਨਹੀਂ ਹੋ ਰਿਹਾ । ਕਿਸਾਨਾਂ ਦੀ ਹਾਲਤ ਨੂੰ ਹੋਰ ਭੀ ਬਦਤਰ ਕੀਤਾ ਜਾ ਰਿਹਾ ਹੈ। ਇਸ ਲਈ ਇਹ ਬਿਲ ਪਾਸ ਨਹੀਂ ਹੋਣਾ ਚਾਹੀਦਾ । ਸੋ ਮੈਂ ਇਨ੍ਹਾਂ ਲਫ਼ਜ਼ਾਂ ਦੇ ਨਾਲ ਇਸ ਬਿਲ ਦੀ ਮੁਖ਼ਾਲਫਤ ਕਰਦਾ ਹਾਂ ।

**Chief Parliamentary Secretary** (Shri Ram Partap Garg) : Sir, enough discussion has taken place. Therefore, I beg to move—

That the question be now put.

**Voices from the Opposition** : We have still to speak.

**Mr. Speaker** : Let one more hon. Member from the Opposition side speak. Sardar Gurcharan Singh, please.

**ਟ੍ਰਾਂਸਪੋਰਟ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਇਸ ਬਿਲ ਦੀ ਇਕ ਹੀ ਕਲਾਜ਼ ਹੈ ਅਤੇ ਇਕ ਕਲਾਜ਼ ਉਤੇ ਹੀ ਕਾਫੀ ਦੇਰ ਤੋਂ ਡਿਸਕਸ਼ਨ ਹੋ ਚੁਕੀ ਹੈ । ਮਾਨਯੋਗ ਮੈਂਬਰਾਂ ਨੇ ਆਪਣੇ ਖਿਆਲਾਤ ਦਾ ਕਾਫੀ ਇਜ਼ਹਾਰ ਕਰ ਲਿਆ ਹੈ । ਹੁਣ ਤਾਂ ਖਿਆਲਾਂ ਦੀ ਰੈਪੀਟੀਸ਼ਨ ਹੀ ਹੋ ਰਹੀ ਹੈ । ਇਸ ਲਈ ਮੈਂ ਅਰਜ਼ ਕਰਨੀ ਚਾਹੁੰਦਾ ਹਾਂ— That the question be now put.

**ਸਰਦਾਰ ਗੁਰਚਰਨ ਸਿੰਘ** (ਮੋਗਾ) : ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਸ਼ੂਗਰਕੇਨ ਉਤੇ ਜਿਹੜਾ 3 ਆਨੇ ਫੀ ਮਣ ਟੈਕਸ ਲਗਾਇਆ ਹੈ ਉਸ ਸੈੱਸ ਤੋਂ ਕਿਸਾਨਾਂ ਨੂੰ ਹੀ ਫਾਇਦਾ ਹੋਣਾ ਚਾਹੀਦਾ ਸੀ ਲੇਕਿਨ ਸਰਕਾਰ ਨੇ ਇਹ ਸੈੱਸ ਇਕੱਠਾ ਕਰਕੇ ਚੀਨੀ ਦੀਆਂ ਮਿਲਾਂ ਦੇ ਮਾਲਿਕਾਂ ਨੂੰ ਸਬਸਿਡੀ ਦੇ ਤੌਰ ਤੇ ਦੇ ਦਿਤਾ । ਸਬਸਿਡੀ ਜਾਂ ਦਾਨ ਕਮਜ਼ੋਰ, ਗਰੀਬ ਜਾਂ ਕੰਗਾਲ ਆਦਮੀਆਂ ਨੂੰ ਦਿਤਾ ਜਾਂਦਾ ਹੈ ਤਾਕਿ ਉਹ ਆਪਣਾ ਬਿਜ਼ਨੈਸ ਚਲਾ ਸਕਣ । ਵੈਸੇ ਤਾਂ ਜ਼ਿਮੀਂਦਾਰ ਨੂੰ ਸਭ ਤੋਂ ਕਮਜ਼ੋਰ ਤਬਕਾ ਸਮਝਿਆ ਜਾਂਦਾ ਹੈ ਲੇਕਿਨ ਅਗਰ ਕੋਈ ਸਬਸਿਡੀ ਦੇਣ ਦੀ ਗਲ ਸਰਕਾਰ ਦੇ ਸਾਹਮਣੇ ਆਉਂਦੀ ਹੈ ਤਾਂ ਉਹ ਸਬਸਿਡੀ ਮਿਲ ਮਾਲਿਕਾਂ ਨੂੰ ਹੀ ਮਿਲਦੀ ਹੈ । ਸਪੀਕਰ ਸਾਹਿਬ, ਕਿਸੇ ਲੋਨ ਦੇ ਇੰਟ੍ਰਸਟ ਨੂੰ ਲੈ ਲਉ । ਕਾਰਖਾਨੇ ਵਾਲਿਆਂ ਨੂੰ 3 ਫੀ ਸਦੀ ਇੰਟ੍ਰਸਟ ਉਤੇ ਕਰਜ਼ਾ ਦਿਤਾ ਜਾਂਦਾ ਹੈ ਅਤੇ ਕਿਸਾਨਾਂ ਨੂੰ $6\frac{1}{2}$ ਫੀ ਸਦੀ ਤੇ ਕਰਜ਼ਾ ਦਿਤਾ ਜਾਂਦਾ ਹੈ' ਜਦੋਂ ਕਿ ਕਾਰਖਾਨੇ ਵਾਲੇ ਕਰੋੜਪਤੀ ਹੁੰਦੇ ਹਨ । ਪੰਜਾਬ ਸਰਕਾਰ ਨੇ 3 ਆਨੇ ਫੀ ਮਣ ਸੈੱਸ ਲਗਾਇਆ ਹੈ । ਉਸ ਵਿਚੋਂ ਪਹਿਲਾਂ $1\frac{1}{2}$ ਆਨਾ ਫੀ ਮਣ ਮਿਲ ਮਾਲਿਕਾਂ ਕੋਲੋਂ ਵਸੂਲ ਕੀਤਾ ਅਤੇ ਬਾਅਦ ਵਿਚ $1\frac{1}{2}$ ਆਨਾ ਫੀ ਮਣ ਵਾਪਸ ਕਰ ਦਿਤਾ । ਇਸ ਤੋਂ ਇਲਾਵਾ ਆਂਧਰਾ ਪ੍ਰਦੇਸ਼ ਵਿਚ 6 ਆਨੇ ਫੀ ਮਣ ਸੈੱਸ ਲਾਈ ਗਈ । ਉਹ ਸੈੱਸ ਇਕੱਠੀ ਕਰਕੇ ਜ਼ਿਮੀਂਦਾਰਾਂ ਦੀ ਬਿਹਤਰੀ ਲਈ ਖਰਚ

ਕੀਤੀ ਗਈ ਪੰਜਾਬ ਦੇ ਅੰਦਰ ਉਸ ਤੋਂ ਉਲਟ ਕੀਤਾ ਜਾ ਰਿਹਾ ਹੈ । ਕਿਸਾਨਾਂ ਕੋਲੋਂ ਟੈਕਸ ਜਾਂ ਸੈੱਸ ਕੁਲੈਕਟ ਕਰਕੇ ਮਿਲ ਮਾਲਿਕਾਂ ਦੇ ਢਿਡ ਭਰੇ ਜਾ ਰਹੇ ਹਨ ਜਿਹੜੇ ਕਿ ਸਰਕਾਰ ਲਈ ਮੁਨਾਸਿਬ ਗੱਲ ਨਹੀਂ ਹੈ। ਸਾਡੇ ਸੂਬੇ ਵਿਚ ਕਿਸਾਨਾਂ ਦੀ ਭਲਾਈ ਲਈ ਘਟ ਧਿਆਨ ਦਿਤਾ ਜਾ ਰਿਹਾ ਹੈ। ਸਰਕਾਰ ਨੇ ਗੰਨੇ ਨੂੰ ਕਮਰਸ਼ਿਅਲ ਕਰਾਪਸ ਕਰਾਰ ਦਿਤਾ ਸੀ । ਵੈਸੇ ਗੰਨੇ ਦੀ ਫਸਲ ਕਮਰਸ਼ਿਅਲ ਕਰਾਪਸ ਦੇ ਹੇਠ ਨਹੀਂ ਲਾਈ ਜਾ ਸਕਦੀ ਕਿਉਂਕਿ ਇਕ ਏਕੜ ਵਿਚ 300 ਜਾਂ 400 ਮਣ ਗੰਨਾ ਹੁੰਦਾ ਹੈ । ਇਸ ਦਾ ਕਾਰਨ ਇਹ ਹੈ ਕਿ ਨਹਿਰਾਂ ਦੇ ਅੰਦਰ ਪਾਣੀ ਘਟ ਹੈ ਅਤੇ ਸਰਕਾਰ ਗੰਨੇ ਦੀ ਫਸਲ ਲਈ ਪੂਰਾ ਪਾਣੀ ਭੀ ਸਪਲਾਈ ਨਹੀਂ ਕਰ ਸਕੀ । ਕਿਸਾਨਾਂ ਨੂੰ ਵਾਟਰ ਰੇਟਸ ਵੀ, ਲੈਂਡ ਰੈਵੇਨਿਊ ਵੀ ਪਹਿਲੇ ਹਿਸਾਬ ਦੇ ਨਾਲ ਦੇਣਾ ਪਵੇਗਾ ਲੇਕਿਨ ਉਸ ਨੂੰ ਉਸ ਦੀ ਜ਼ਰੂਰਤ ਦੇ ਮੁਤਾਬਿਕ ਫੈਸਿਲੀਟੀਜ਼ ਪ੍ਰੋਵਾਈਡ ਨਹੀਂ ਹੋ ਰਹੀਆਂ । ਦੂਜੇ ਪਾਸੇ ਸ਼ਹਿਰਾਂ ਦੇ ਅੰਦਰ ਜਾਂ ਕਾਰਖਾਨਿਆਂ ਵਿਚ ਬਿਜਲੀ ਅਤੇ ਪਾਣੀ ਦੀ ਕੰਜ਼ਮਪਸ਼ਨ ਸ਼ੋ ਕਰਨ ਲਈ ਮੀਟਰਜ਼ ਲਗਾਏ ਹੋਏ ਹਨ। (ਘੰਟੀ) (ਵਿਘਨ) ਲੇਕਿਨ ਕਿਸਾਨਾਂ ਨੂੰ ਇਸ ਬਾਰੇ ਭੀ ਕੋਈ ਸਹੂਲਤ ਨਹੀਂ ਦਿਤੀ ਜਾ ਰਹੀ। ਮਿਲ ਮਾਲਿਕ ਕਿਸਾਨਾਂ ਕੋਲੋਂ ਰਾ ਮੈਟੀਰੀਅਲ ਲੈ ਕੇ ਫਾਇਦਾ ਉਠਾ ਰਹੇ ਹਨ ਲੇਕਿਨ ਦੂਜੇ ਪਾਸੇ ਕਿਸਾਨਾਂ ਉਤੇ ਸੈਸ ਜਾਂ ਟੈਕਸ ਲਾ ਕੇ ਉਨ੍ਹਾਂ ਦੀ ਹਾਲਤ ਅੱਗੇ ਤੋਂ ਭੀ ਬਦਤਰ ਕੀਤੀ ਜਾ ਰਹੀ ਹੈ । ਕਿਸਾਨਾਂ ਦੇ ਨਾਲ ਬਹੁਤ ਬੇਇਨਸਾਫੀ ਹੋ ਰਹੀ ਹੈ।

ਸਪੀਕਰ ਸਾਹਿਬ, 4, 5 ਸਾਲਾਂ ਤੋਂ ਸਾਡੇ ਦੇਸ਼ ਦੇ ਅੰਦਰ ਖੰਡ ਦੀ ਕਮੀ ਮਹਿਸੂਸ ਹੋ ਰਹੀ ਹੈ । ਮੈਂ ਮੰਨਦਾ ਹਾਂ ਕਿ ਦੇਸ਼ ਵਿਚ ਖੰਡ ਦੀ ਕਮੀ ਹੈ ਲੇਕਿਨ ਇਸ ਦੇ ਨਾਲ ਸਾਡੇ ਦੇਸ਼ ਦੇ ਅੰਦਰ ਬਲੈਕ ਮਾਰਕੀਟੀਆਂ ਦੀ ਭੀ ਕਮੀ ਨਹੀਂ ਹੈ । ਮੈਂ ਸਮਝਦਾ ਹਾਂ ਕਿ ਮਿਲ ਮਾਲਿਕ ਹੀ ਇਸ ਤਰ੍ਹਾਂ ਦੀਆਂ ਹੇਰਾ ਫੇਰੀਆਂ ਕਰਕੇ ਫਾਇਦਾ ਉਠਾ ਰਹੇ ਹਨ। ਇਸ ਲਈ ਇਨ੍ਹਾਂ ਮਿਲਾਂ ਨੂੰ ਨੈਸ਼ਨਲਾਈਜ਼ ਕਰ ਲਿਆ ਜਾਵੇ ਤਾਕਿ ਇਸ ਦਾ ਝਗੜਾ ਖਤਮ ਹੋ ਜਾਵੇ । ਸਰਕਾਰ ਇਨ੍ਹਾਂ ਕਰੋੜਪਤੀਆਂ ਦੀ ਮਦਦ ਕਰਨੀ ਚਾਹੁੰਦੀ ਹੈ ਅਤੇ ਕਿਸਾਨ ਤਬਕੇ ਨੂੰ ਤਬਾਹ ਕਰਨ ਤੇ ਤੁਲੀ ਹੋਈ ਹੈ ।

ਕਿਸਾਨਾਂ ਨਾਲ ਕਿੰਨੀ ਬੇਇਨਸਾਫੀ ਹੋ ਰਹੀ ਹੈ । ਇਸ ਦੀ ਮਿਸਾਲ ਹਾਊਸ ਦੇ ਅੰਦਰ ਪੇਸ਼ ਕਰਨੀ ਚਾਹੁੰਦਾ ਹਾਂ। ਸਰਕਾਰ ਕਿਸਾਨਾਂ ਨੂੰ ਵਧ ਤੋਂ ਵਧ ਗੰਨਾ ਬੀਜਣ ਲਈ ਕਹਿੰਦੀ ਹੈ । ਉਸ ਦੇ ਬਾਅਦ ਪਿਛਲੇ ਸਾਲ ਕਿਸਾਨ ਨੂੰ ਗੰਨਾ ਪੀੜਨ ਦੀ ਇਜਾਜ਼ਤ ਨਹੀਂ ਦਿਤੀ ਗਈ ਜਦੋਂ ਕਿ ਗੁੜ ਦੀ ਕੀਮਤ ਜ਼ਿਆਦਾ ਹੋ ਜਾਂਦੀ ਹੈ । ਅਗਰ ਕੋਈ ਕਿਸਾਨ ਗੰਨਾ ਖੁਦ ਪੀੜਦਾ ਹੈ ਤਾਂ ਉਸ ਨੂੰ ਡੀ. ਆਈ. ਆਰ. ਦੇ ਹੇਠ ਫੜ ਲਿਆ ਜਾਂਦਾ ਹੈ ਕਿਉਂਕਿ ਸਰਕਾਰ ਨੇ ਆਰਡਰ ਪਾਸ ਕਰ ਦਿਤਾ ਸੀ ਕਿ ਕਿਸਾਨ ਗੰਨੇ ਨੂੰ ਖੁਦ ਪੀੜ ਨਹੀਂ ਸਕਦਾ, ਉਸ ਨੂੰ ਹੁਕਮ ਜਾਰੀ ਕੀਤਾ ਕਿ ਉਹ ਗੰਨਾ ਮਿਲਾਂ ਨੂੰ ਬੇਚੇ। ਲੇਕਿਨ ਇਸ ਸਾਲ ਕੀ ਹੋਇਆ ? ਕਿਸਾਨ ਨੇ ਵਧ ਤੋਂ ਵਧ ਗੰਨੇ ਦੀ ਫਸਲ ਬੀਜੀ ਤਾਕਿ ਇਸ ਫਸਲ ਵਿਚੋਂ ਫਾਇਦਾ ਉਠਾ ਸਕੇ । ਲੇਕਿਨ ਇਸ ਕਿਸਾਨ ਦਾ ਗੰਨਾ ਮਿਲਾਂ ਵਾਲਿਆਂ ਨੇ ਖੁਦ ਨਹੀਂ ਖਰੀਦਿਆ ਕਿਉਂਕਿ ਇਸ ਸਾਲ ਗੁੜ ਦੀ ਕੀਮਤ ਘਟ ਹੈ। ਇਨ੍ਹਾਂ ਹਾਲਾਤ ਦੇ ਮੁਤਾਬਿਕ ਸਰਕਾਰ ਦਾ ਫਰਜ਼ ਹੈ ਕਿ ਡੀ. ਆਈ. ਆਰ. ਮਿਲ ਮਾਲਿਕਾਂ ਉਤੇ ਲਾਗੂ ਕੀਤਾ ਜਾਵੇ । ਸਰਕਾਰ ਕਿਸਾਨਾਂ ਉਤੇ ਸੈੱਸ ਲਾ ਦਿੰਦੀ ਹੈ..........

**Mr. Speaker :** The hon. Member should be relevant.

**ਸਰਦਾਰ ਗੁਰਚਰਨ ਸਿੰਘ :** ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਜ਼ਮੀਂਦਾਰਾਂ ਦੀ ਕੋਈ ਮਦਦ ਨਹੀਂ ਕਰ ਰਹੀ । ਫਲੱਡਜ਼ ਦੇ ਕਾਰਨ ਵੀ ਕਿਸਾਨ ਤਬਾਹ ਹੋ ਰਹੇ

[ਸਰਦਾਰ ਗੁਰਚਰਨ ਸਿੰਘ]

ਹਨ ਲੇਕਿਨ ਇਸ ਦੇ ਬਾਵਜੂਦ ਵੀ ਕਿਸਾਨਾਂ ਉਤੇ ਟੈਕਸ ਅਤੇ ਸੈੱਸ ਲਾਏ ਜਾ ਰਹੇ ਹਨ। ਦੂਜੇ ਪਾਸੇ ਸਰਕਾਰ ਕਰੋੜਪਤੀਆਂ ਦੀ ਮਦਦ ਕਰ ਰਹੀ ਹੈ। ਇਹ ਸਰਕਾਰ ਲਈ ਮੁਨਾਸਿਬ ਗੱਲ ਨਹੀਂ ਹੈ। ਮੈਂ ਸਮਝਦਾ ਹਾਂ ਕਿ ਇਹ ਬਿਲ ਚੰਗਾ ਨਹੀਂ ਹੈ। ਕਾਂਗਰਸ ਪਾਰਟੀ ਦੇ ਮੈਂਬਰਜ਼ ਇਸ ਬਿਲ ਦੇ ਹੱਕ ਵਿਚ ਨਹੀਂ ਹਨ। ਉਨ੍ਹਾਂ ਨੇ ਪਿਛਲੇ ਸੈਸ਼ਨ ਦੇ ਮੌਕੇ ਜਦੋਂ ਪਾਰਟੀ ਮੀਟਿੰਗ ਹੋਈ ਉਸ ਵਿਚ ਇਸ ਬਿਲ ਨੂੰ ਕ੍ਰਿਟੀਸਾਈਜ਼ ਕੀਤਾ ਸੀ। ਇਸੇ ਕਾਰਨ ਸਰਕਾਰ ਪਿਛਲੇ ਸੈਸ਼ਨ ਵਿਚ ਇਸ ਬਿਲ ਨੂੰ ਪੇਸ਼ ਨਾ ਕਰ ਸਕੀ। ਅਗਰ ਇਹ ਬਿਲ ਐਕਟ ਦੀ ਸ਼ਕਲ ਵਿਚ ਆ ਗਿਆ ਤਾਂ ਮੈਂ ਸਮਝਦਾ ਹਾਂ ਕਿ ਕਿਸਾਨਾਂ ਲਈ ਇਹ ਮੁਜਰਮਾਨਾ ਕਦਮ ਹੋਵੇਗਾ। ਇਹ ਬਿਲ ਸਰਕਾਰ ਨੂੰ ਵਾਪਸ ਲੈਣਾ ਚਾਹੀਦਾ ਹੈ।

**ਪਸ਼ੂ ਪਾਲਨ ਅਤੇ ਖੇਤੀ ਬਾੜੀ ਦੇ ਰਾਜ ਮੰਤਰੀ** (ਕੈਪਟਨ ਰਤਨ ਸਿੰਘ) : ਸਪੀਕਰ ਸਾਹਿਬ, ਮੈਂ ਇਸ ਬਿਲ ਦੇ ਬਾਰੇ ਪਹਿਲਾਂ ਬਹੁਤ ਚੰਗੀ ਤਰ੍ਹਾਂ ਦੇ ਨਾਲ ਐਕਸਪਲੇਨ ਕਰ ਚੁਕਾ ਹਾਂ। ਸਰਕਾਰ ਦਾ ਕੋਈ ਮੁੱਦਾ ਨਹੀਂ ਹੈ ਕਿ ਮਿਲ ਮਾਲਿਕਾਂ ਦੀ ਮਦਦ ਕੀਤੀ ਜਾਵੇ। ਬਾਬੂ ਬਚਨ ਸਿੰਘ ਨੇ ਆਪਣੀ ਸਪੀਚ ਕਰਦੇ ਹੋਏ ਸੋਸ਼ਲਿਜ਼ਮ ਦੀ ਗਲ ਕਹੀ ਹੈ। ਮੈਂ ਉਸ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਦੋਂ ਐਕਸਪੋਰਟ ਪ੍ਰੋਮੋਸ਼ਨ ਦੀ ਗਲ ਹੁੰਦੀ ਹੈ ਤਾਂ ਕਾਫ਼ੀ ਸਖਤੀ ਦੇ ਨਾਲ ਐਕਸਪੋਰਟ ਕੀਤੀ ਜਾਂਦੀ ਹੈ। ਮੈਂ ਹਾਊਸ ਵਿਚ ਦਸਣਾ ਚਾਹੁੰਦਾ ਹਾਂ ਕਿ 1964-65 ਦੇ ਬਾਅਦ ਸਾਡੀ ਗੌਰਮਿੰਟ ਆਫ਼ ਇੰਡੀਆ ਦੇ ਨਾਲ ਕੋਈ ਕੁਮਿਟਮੈਂਟ ਨਹੀਂ ਹੈ।

ਸੈੱਸਿਜ਼ ਦੀ ਗੱਲ ਕਰਦੇ ਵੇਲੇ ਦੋਨੋਂ ਸੈੱਸਿਜ਼ ਨੂੰ ਮਿਲਾ ਦਿਤਾ ਜਾਂਦਾ ਹੈ। ਜਿੰਨੀ ਖੰਡ ਐਕਸਪੋਰਟ ਹੋਈ ਹੈ, ਜਿੰਨਾ ਗੰਨਾ ਇਸਤੇਮਾਲ ਹੋਇਆ ਹੈ ਉਹ ਉਸ ਸੈੱਸ ਦੀ ਗੱਲ ਹੈ ਜਿਹੜਾ ਸ਼ੂਗਰ ਮਿਲਾਂ ਪੇ ਕਰਦੀਆਂ ਹਨ। ਇਸ ਵਿਚ ਕਿਸਾਨ ਦਾ ਤੁਅੱਲਕ ਨਹੀਂ ਹੈ। ਮੈਂ ਮੁਤਫਿਕ ਹਾਂ ਕਿ ਗੁੜ ਦਾ ਭਾਅ ਘਟ ਹੋਣ ਕਰਕੇ ਕਿਸਾਨ ਨੂੰ ਨੁਕਸਾਨ ਹੋਇਆ ਹੈ। ਪਰ ਇਸ ਵਿਚ ਮਿਲਾਂ ਦਾ ਕੋਈ ਕਸੂਰ ਨਹੀਂ ਹੈ। ਉਹ ਲਗਾਤਾਰ without stoppage ਕੰਮ ਕਰਦੀਆਂ ਰਹੀਆਂ ਹਨ। ਜੇਕਰ ਮਿਲਾਂ ਦੇ ਬੰਦ ਹੋਣ ਕਰਕੇ ਗੰਨਾ ਸੜਦਾ ਤਾਂ ਇਨ੍ਹਾਂ ਦਾ ਇਤਰਾਜ਼ ਠੀਕ ਸੀ। ਪਰ ਮਿਲਾਂ ਪੂਰੀਆਂ ਚਲ ਰਹੀਆਂ ਹਨ। ਸਗੋਂ ਤੁਹਾਨੂੰ ਸੁਣ ਕੇ ਖੁਸ਼ੀ ਹੋਵੇਗੀ ਕਿ ਮਿਲਾਂ 15, 20 ਦਿਨ ਪਹਿਲੇ ਹੀ ਚਾਲੂ ਹੋ ਗਈਆਂ ਸਨ ਤਾਂ ਜੋ ਗੰਨਾਂ ਜ਼ਾਇਆ ਨਾ ਜਾਵੇ। ਗੁੜ ਦੇ ਇਸ਼ੂ ਤੇ ਅਸੀਂ ਬੜੇ ਅਵੇਅਰ ਹਾਂ। ਅਸੀਂ ਅਜ ਤੋਂ 15 ਦਿਨ ਪਹਿਲੇ ਹੀ ਕੋਸ਼ਿਸ਼ ਕੀਤੀ ਸੀ ਕਿ ਯੂ. ਪੀ. ਤੋਂ ਗੁੜ ਆਉਣਾ ਬੰਦ ਹੋ ਜਾਵੇ। ਕੁਝ ਲੀਗਲ ਅੜਚਣ ਹੋਣ ਕਰ ਕੇ ਇਹ ਚੀਜ਼ ਸਿਰੇ ਨਹੀਂ ਚੜ੍ਹੀ ਹੈ। ਪਰ ਮੈਂ ਉਮੀਦ ਕਰਦਾ ਹਾਂ ਕਿ ਇਹ ਹੋ ਜਾਏਗਾ। ਗਰੋਅਰਜ਼ ਦਾ, ਫਾਰਮਰਜ਼ ਦਾ ਸਾਨੂੰ ਬੜਾ ਖਾਸ ਖਿਆਲ ਹੈ, ਅਤੇ ਹੋਣਾ ਵੀ ਚਾਹੀਦਾ ਹੈ। ਭਾਵੇਂ ਅਸੀਂ ਇਧਰ ਬੈਠੇ ਹੋਈਏ ਅਤੇ ਭਾਵੇਂ ਉਧਰ ਬੈਠੇ ਹੋਈਏ ਕਿਸਾਨ ਦੀ ਬਹਿਬੂਦੀ ਦਾ ਪਹਿਲੇ ਖਿਆਲ ਹੋਣਾ ਚਾਹੀਦਾ ਹੈ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਇਸ ਬਿਲ ਨੂੰ ਜਲਦੀ ਤੋਂ ਜਲਦੀ ਪਾਸ ਕਰਨਾ ਚਾਹੀਦਾ ਹੈ।

**Mr. Speaker :** Question is—

**That Clause 2 stand part of the Bill.**

*The motion was carried.*

CLAUSE 1 AND TITLE

**Mr. Speaker** : Question is—

That Clause one and the Title stand part of the Bill.

*The motion was carried.*

**Minister of State for Animal Husbandry and Agriculture** (Captain Rattan Singh) : Sir, I beg to move—

That the Punjab Sugarcane (Regulation of purchase and supply) Amendment Bill be passed.

**Mr. Speaker** : Motion moved—

That the Punjab Sugarcane (Regulation of purchase and supply) Amendment bill be passed.

**ਸਰਦਾਰ ਅਜਾਇਬ ਸਿੰਘ ਸੰਧੂ** (ਮੋਰਿੰਡਾ, ਐਸ. ਸੀ.) : ਮਾਨਯੋਗ ਸਪੀਕਰ ਸਾਹਿਬ, ਮੈਥੋਂ ਪਹਿਲੇ ਇਸ ਬਿਲ ਦੇ ਬਾਰੇ ਵਿਚ ਕਾਫੀ ਕੁਝ ਕਿਹਾ ਜਾ ਚੁਕਿਆ ਹੈ । ਖਿਆਲ ਇਹ ਸੀ ਕਿ ਕੁਝ ਨਾ ਕੁਝ ਅਸਰ ਇਨ੍ਹਾਂ ਉਪਰ ਪਵੇਗਾ । ਫਿਰ ਵੀ ਅਸੀਂ ਚਾਹੁੰਦੇ ਹਾਂ ਕਿ ਜਿੰਨਾਂ ਜ਼ਿਆਦਾ ਸਮਝਾਇਆ ਜਾਵੇ ਉਨ੍ਹਾਂ ਹੀ ਚੰਗਾ ਹੈ । ਹੋ ਸਕਦਾ ਹੈ ਕਿ ਸਵੇਰ ਦਾ ਭੁਲਿਆ ਹੋਇਆ ਸ਼ਾਮ ਨੂੰ ਵਾਪਸ ਆ ਜਾਵੇ ਜਾਂ ਫਿਰ ਅਗਲੇ ਦਿਨ ਹੀ ਘਰ ਆ ਜਾਵੇ ਅਤੇ ਫਿਰ ਆ ਕੇ ਆਪਣੇ ਘਰ ਵਾਲਿਆਂ ਨਾਲ ਇਨਸਾਫ ਕਰੇਗਾ ।

ਮੈਂ ਇਸ ਸਟੇਜ ਤੇ ਵੀ ਅਰਜ਼ ਕਰਾਂਗਾ ਕਿ ਇਹ ਬਿਲ ਐਂਟੀ-ਸੋਸ਼ਲਿਸਟ ਹੈ, ਐਂਟੀ ਨੈਸ਼ਨਲ ਹੈ, ਐਂਟੀ-ਜੱਟ ਹੈ ਅਤੇ ਐਂਟੀ ਕਿਸਾਨ ਹੈ । ਬਿਲਕੁਲ ਅਜਿਹੀ ਗੱਲ ਨਹੀਂ ਹੈ ਕਿ ਕਾਰਖਾਨੇ-ਦਾਰਾਂ ਨੂੰ ਕੋਈ ਮੁਸ਼ਕਿਲ ਬਣੀ ਹੋਈ ਹੈ ਜਾਂ ਉਹ ਭੁੱਖਾ ਮਰ ਰਿਹਾ ਹੈ ਅਤੇ ਉਸ ਨੂੰ ਜ਼ਰੂਰ ਕੁਝ ਦੇਣ ਦੀ ਲੋੜ ਹੈ । ਮੈਂ ਤੁਹਾਡੇ ਰਾਹੀਂ ਚੀਫ ਪਾਰਲੀਮੈਂਟਰੀ ਸੈਕਰੇਟਰੀ ਸਾਹਿਬ ਕੋਲੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸੈਸ਼ਨ ਵਿਚ ਜਦੋਂ ਇਹ ਬਿਲ ਡੈਫਰ ਹੋਇਆ ਸੀ—15 ਸਪੀਕਰ ਇਧਰੋਂ ਅਤੇ ਉਧਰੋਂ ਬੋਲ ਚੁਕੇ ਸਨ ਉਨ੍ਹਾਂ ਵਿਚੋਂ ਇਕ ਵੀ ਇਸ ਬਿਲ ਦੀ ਫੇਵਰ ਵਿਚ ਨਹੀਂ ਸੀ ਬੋਲਿਆ ਭਾਵੇਂ ਉਹ ਇਧਰ ਬੈਠਾ ਸੀ ਅਤੇ ਭਾਵੇਂ ਉਹ ਉਧਰ ਬੈਠਾ ਸੀ । ਕਿਸੇ ਨੇ ਵੀ ਇਸ ਦੀ ਹਿਮਾਇਤ ਨਹੀਂ ਸੀ ਕੀਤੀ । ਅਜ ਵੀ ਸਿਵਾਏ ਕੈਪਟਨ ਰਤਨ ਸਿੰਘ ਦੇ ਜਿਹੜੇ ਕਿ ਇਸ ਨੂੰ ਪਾਈਲਾਟ ਕਰ ਰਹੇ ਹਨ—ਜਿੰਨੇ ਵੀ ਸਪੀਕਰਜ਼ ਬੋਲੇ ਹਨ ਇਕ ਨੇ ਵੀ ਇਸ ਬਿਲ ਦੀ ਹਿਮਾਇਤ ਨਹੀਂ ਕੀਤੀ । ਪਿਛਲੇ ਸੈਸ਼ਨ ਵਿਚ ਇਸ ਬਿਲ ਨੂੰ ਇਸ ਲਈ ਡੈਫਰ ਕੀਤਾ ਸੀ ਕਿਉਂਕਿ ਦੇਸ਼ ਵਿਚ ਐਮਰਜੈਂਸੀ ਲਾਗੂ ਹੋਈ ਸੀ । ਚੀਫ ਪਾਰਲੀਮੈਂਟਰੀ ਸੈਕ੍ਰਟਰੀ ਸਾਹਿਬ ਨੂੰ ਇਹ ਪਤਾ ਨਹੀਂ ਹੈ ਕਿ ਅਜੇ ਭਲਾ ਸਮਾਂ ਤਾਂ ਆਇਆ ਹੀ ਨਹੀਂ ਹੈ ਪਰ ਇਹ ਬਿਲ ਫਿਰ ਲੈ ਆਂਦਾ ਹੈ । ਅਜ ਜਦੋਂ ਮੈਂਬਰਾਂ ਦੇ ਪਿੰਡ ਜਾਣ ਦਾ ਵਕਤ ਸੀ ਇਨ੍ਹਾਂ ਨੇ ਚੁਪ ਚੁਪਾਤੇ ਇਹ ਬਿਲ ਲੈ ਆਂਦਾ ਹੈ । ਇਹ ਜ਼ਾਹਿਰ ਕਰਦਾ ਹੈ ਕਿ ਸਰਕਾਰ ਦੀ ਨੀਅਤ ਸਾਫ ਨਹੀਂ ਹੈ । ਗਲਤ ਮਲਤ ਗੱਲਾਂ ਦਸਣ ਦੀ ਕੋਸ਼ਿਸ਼ ਕਰਦੇ ਹਨ । ਕਹਿੰਦੇ ਹਨ ਕਿ ਸੈੱਸ ਦੋ ਤਰ੍ਹਾਂ ਦਾ ਹੈ । ਇਕ ਸੈਸ ਉਹ ਹੈ ਜੋ ਗੰਨੇ ਤੇ ਲਗਦਾ ਹੈ ਅਤੇ ਦੂਸਰਾ ਸੈਸ ਉਹ ਹੈ ਜਿਹੜਾ ਫੈਕਟ੍ਰੀ ਤੇ ਲਗਾਇਆ ਗਿਆ ਹੈ । ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਤੁਸੀਂ ਸਾਨੂੰ ਅਣਜਾਣ ਨਾ ਸਮਝੋ, ਅਸੀਂ ਦੋਹਾਂ ਸੈੱਸਾਂ ਨੂੰ ਜਾਣਦੇ ਹਾਂ । ਜਦੋਂ ਇਹ ਕਲਾਜ਼ ਪਾਸ ਹੋਈ ਸੀ ਤਾਂ ਬਾਰ ਬਾਰ ਇਹ ਕਹਿੰਦੇ ਸਨ ਕਿ ਇਹ ਸੈੱਸ ਜਿਹੜਾ ਗੰਨੇ ਤੇ ਲਗਾਇਆ ਜਾ ਰਿਹਾ ਹੈ ਇਹ ਉਸੇ ਇਲਾਕੇ ਵਿਚ ਸੜਕਾਂ ਬਣਾਉਣ ਤੇ ਖਰਚਿਆ ਜਾਵੇਗਾ, ਕਿਸਾਨਾਂ ਨੂੰ ਫਰਟੇਲਾਈਜ਼ਰਜ਼ ਦੇਣ ਤੇ ਖਰਚ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਹੋਰ ਸਹੂਲਤਾਂ ਦੇਣ ਉਪਰ ਖਰਚ ਕੀਤਾ ਜਾਵੇਗਾ ।

[ਸਰਦਾਰ ਅਜਾਇਬ ਸਿੰਘ ਸੰਧੂ]
ਤਾਂ ਜੋ ਜਿਹੜਾ ਗੰਨਾ ਕਿਸਾਨ ਬੀਜਦੇ ਹਨ ਉਹ ਆਸਾਨੀ ਨਾਲ ਫੈਕਟਰੀਆਂ ਵਿਚ ਭੇਜ ਸਕਣ ਉਸ ਪਾਸੇ ਤਾਂ ਕੋਈ ਧਿਆਨ ਨਹੀਂ ਦਿਤਾ ਗਿਆ । ਮੈਨੂੰ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਮੁਰਿੰਡੇ ਦੀ ਜੋ ਸੂਗਰ ਮਿਲ ਹੈ ਉਸ ਤੋਂ 10-11 ਮੀਲ ਦੇ ਫਾਸਲੇ ਤੇ ਚਮਕੌਰ ਸਾਹਿਬ ਤਕ ਕੋਈ ਟਿਊਬ ਵੈਲ ਨਹੀਂ ਹੈ । ਇਕ ਜ਼ਿਮੀਂਦਾਰ ਭਾਈ ਜਿਹੜਾ ਗੰਨਾ ਬੀਜਦਾ ਹੈ ਜੇ ਕਰ ਉਸ ਦਾ ਟਿਊਬਵੈੱਲ ਲਗ ਜਾਂਦਾ ਤਾਂ ਉਸ ਦਾ ਪਾਣੀ 100 ਏਕੜ ਜ਼ਮੀਨ ਨੂੰ ਲਗਣਾ ਸੀ । ਉਹ ਢਾਈਆਂ ਸਾਲਾਂ ਦਾ ਫਿਰ ਰਿਹਾ ਹੈ.........

**ਸ੍ਰੀ ਸਪੀਕਰ** : ਤੁਸੀਂ ਕਿਧਰ ਤੁਰ ਪਏ ਹੋ ? (The hon. Member has gone off the track.)

**ਸਰਦਾਰ ਅਜਾਇਬ ਸਿੰਘ ਸੰਧੂ** : ਮੈਂ ਅਰਜ਼ ਕਰਦਾ ਹਾਂ ਕਿ ਆਰਡਰ ਹੋਇਆ ਸੀ ਕਿ ਉਸ ਨੂੰ ਟਿਊਬਵੈੱਲ ਦਾ ਕੁਨੈਕਸ਼ਨ ਦੇ ਦਿਉ...........

**Mr. Speaker** : Will you please try to be relevant ?

**Sardar Ajaib Singh Sandhu** : I am relevant.

**Mr. Speaker** : Please do not side track.

**ਸਰਦਾਰ ਅਜਾਇਬ ਸਿੰਘ ਸੰਧੂ** : ਜਨਾਬ, ਮੈਂ ਇਹ ਗੱਲ ਇਸ ਲਈ ਅਰਜ਼ ਕਰ ਰਿਹਾ ਹਾਂ ਕਿ ਜਿਸ ਪਾਸੇ ਇਹ ਗੰਨੇ ਵਾਲਾ ਸੈਸ ਖਰਚ ਹੋਣਾ ਸੀ ਇਸ ਉਪਰ ਸਰਕਾਰ ਨੇ ਧਿਆਨ ਨਹੀਂ ਦਿਤਾ । ਜਿਨ੍ਹਾਂ ਨੇ ਨੇਸ਼ਨ ਵਾਸਤੇ ਬਹੁਤ ਕੁਝ ਨਹੀਂ ਕੀਤਾ ਸਰਕਾਰ ਉਸ ਪਾਸੇ ਜ਼ਿਆਦਾ ਧਿਆਨ ਦੇ ਰਹੀ ਹੈ । ਜਿਨ੍ਹਾਂ ਨੇ ਨੇਸ਼ਨ ਦੀ ਜ਼ਿਆਦਾ ਸੇਵਾ ਕੀਤੀ ਹੈ ਉਨ੍ਹਾਂ ਨੂੰ ਸਹੂਲਤਾਂ ਨਹੀਂ ਦਿਤੀਆਂ ਜਾਂਦੀਆਂ । ਬਿਜਲੀ ਬੋਰਡ ਵਾਲੇ ਉਸ ਕਿਸਾਨ ਨੂੰ ਕਹਿੰਦੇ ਹਨ ਕਿ ਤੁਸੀ ਰਿਜ਼ਕ ਰਾਮ ਕੋਲੋਂ ਜਾ ਕੇ ਕੁਨੈਕਸ਼ਨ ਲੈ ਲਉ......(ਵਿਘਨ) ਇਸ ਵਿਚ ਲਿਖਿਆ ਹੋਇਆ ਹੈ ਕਿ ਜਦੋਂ ਸਰਕਾਰ ਦੀ ਤਸੱਲੀ ਹੋ ਜਾਵੇ । ਸਾਨੂੰ ਪਤਾ ਹੈ ਕਿ ਸਰਕਾਰ ਦੀ ਤਸੱਲੀ ਕਿਸ ਢੰਗ ਨਾਲ ਹੁੰਦੀ ਹੈ । ਜਿੰਨੀ ਖੰਡ ਬਾਹਰ ਦੇ ਦੇਸ਼ਾਂ ਵਿਚ ਜਾਂਦੀ ਹੈ ਉਸ ਦੇ ਵਿਚ ਤਸੱਲੀ ਦੀ ਜ਼ਰੂਰਤ ਹੈ ਉਸ ਦੇ ਤਾਂ ਆਂਕੜੇ ਉਨ੍ਹਾਂ ਕੋਲ ਹੁੰਦੇ ਹਨ । ਜੇਕਰ ਫਿਰ ਵੀ ਤਸੱਲੀ ਨਹੀਂ ਹੁੰਦੀ ਤਾਂ ਇਸ ਦਾ ਮਤਲਬ ਇਹ ਹੈ ਕਿ ਇਹ ਵੇਖਣਗੇ ਕਿ ਡੀ. ਡੀ. ਪੁਰੀ ਚੰਗਾ ਆਦਮੀ ਹੈ ਸਾਡੇ ਕੰਮ ਆਉਂਦਾ ਹੈ ਇਸ ਲਈ ਇਥੇ ਕਰ ਦਿਉ । ਖਾਸ ਤੌਰ ਤੇ ਲਿਖਿਆ ਹੋਇਆ ਹੈ ਕਿ "ਤਸੱਲੀ ਹੋ ਜਾਵੇ" ਜਿਹੜੇ ਲੋਕੀਂ ਆਪਣੇ ਆਪ ਨੂੰ ਸੋਸ਼ਲਿਸਟ ਸਮਝਦੇ ਹਨ ਮੈਂ ਉਨ੍ਹਾਂ ਤੇ ਸ਼ੱਕ ਕਰਦਾ ਹਾਂ । ਉਹ ਆਪਣੀ ਡਿਸਕ੍ਰੀਸ਼ਨ ਇਸਤੇਮਾਲ ਕਰਨਗੇ ਅਤੇ ਗ਼ਲਤ ਤਰੀਕੇ ਨਾਲ ਇਸਤੇਮਾਲ ਕਰਨਗੇ ।

ਸਪੀਕਰ ਸਾਹਿਬ, ਮੈਂ ਇਕ ਹੋਰ ਅਰਜ਼ ਕਰਦਾ ਹਾਂ । ਜੇ ਕਰ ਕਰੋੜਪਤੀਆਂ ਨੇ ਬਾਹਰ ਖੰਡ ਭੇਜ ਕੇ ਫਾਰਨ ਐਕਸਚੇਂਜ ਅਰਨ ਕੀਤੀ ਹੈ ਤਾਂ ਤੁਸੀਂ ਉਨ੍ਹਾਂ ਨੂੰ ਕਹੋ ਕਿ ਜਟ ਗੰਨਾ ਪੈਦਾ ਕਰਦਾ ਹੈ ਤੇ ਉਹ ਵੀ ਆਪਣਾ ਫਰਜ਼ ਅਦਾ ਕਰਦੇ ਹਨ । ਇਹ ਉਨ੍ਹਾਂ ਦਾ ਫਰਜ਼ ਹੈ । ਜਿਹੜੇ ਲੋਕੀਂ ਫੌਜੀ ਖਿਦਮਾਤ ਕਰਦੇ ਹਨ ਉਨ੍ਹਾਂ ਨੂੰ ਤਸੀਂ ਸਹੂਲਤਾਂ ਨਹੀਂ ਦੇ ਰਹੇ । ਕਰੋੜਪਤੀਆਂ ਨੂੰ ਸੈੱਸ ਛੱਡ ਰਹੇ ਹੋ । ਜੇਕਰ ਕਿਸੇ ਮਿਲ ਮਾਲਿਕ ਨੇ ਖੰਡ ਬਾਹਰ ਭੇਜ ਕੇ ਦੇਸ਼ ਦੀ ਸੇਵਾ ਕੀਤੀ ਹੈ ਤਾਂ ਉਸ ਨੇ ਅਪਣਾ ਫਰਜ਼ ਅਦਾ ਕੀਤਾ ਹੈ । ਜੇਕਰ ਉਹ ਇਹ ਕੰਮ ਨਹੀਂ ਕਰਦਾ ਤਾਂ ਮੈਂ ਸਮਝਦਾ ਹਾਂ ਕਿ ਉਹ ਦੇਸ਼ ਦਾ ਧਰੋਹੀ ਹੈ । ਇਸ ਲਈ ਇਹ ਬਿਲ ਐਂਟੀ-ਸੋਸ਼ਲਿਸਟ ਹੈ, ਐਂਟੀ-ਪੀਪਲ ਹੈ ਅਤੇ ਐਂਟੀ-ਕਿਸਾਨ ਹੈ । ਇਹ ਜਿਹੜੀ ਰਿਆਇਤ ਉਨ੍ਹਾਂ ਨੂੰ ਦਿਤੀ ਜਾ ਰਹੀ ਹੈ

ਇਸ ਦੇ ਬਦਲੇ ਅਗਲੇ ਇਲੈਕਸ਼ਨਾਂ ਵਿਚ ਉਨ੍ਹਾਂ ਕੋਲੋਂ ਪੈਸੇ ਲਏ ਜਾਣਗੇ । ਇਸ ਲਈ ਇਸ ਬਿਲ ਨੂੰ ਵਾਪਸ ਲਿਆ ਜਾਣਾ ਚਾਹੀਦਾ ਹੈ।

**ਪਸ਼ੂ ਪਾਲਣ ਅਤੇ ਖੇਤੀਬਾੜੀ ਦੇ ਰਾਜ ਮੰਤਰੀ** (ਕੈਪਟਨ ਰਤਨ ਸਿੰਘ) : ਮੈਂ ਸੰਧੂ ਸਾਹਿਬ ਨਾਲ ਮੁਤਫ਼ਿਕ ਹਾਂ ਕਿ ਇਹ ਜਿਹੜਾ.......

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : You cannot speak like this. ਇਸ ਉਤੇ ਬੋਲਣ ਦਾ ਸਾਡਾ ਰਾਈਟ ਹੈ।

**ਪਸ਼ੂ ਪਾਲਣ ਅਤੇ ਖੇਤੀ ਬਾੜੀ ਦੇ** ਰਾਜ ਮੰਤਰੀ : ਤੁਸੀਂ ਕੋਈ ਨਵਾਂ ਇਤਰਾਜ਼ ਨਹੀਂ ਕੀਤਾ। ਜੋ ਕੁਝ ਸੰਧੂ ਸਾਹਿਬ ਨੇ ਕਿਹਾ ਹੈ, ਮੈਂ ਉਨ੍ਹਾਂ ਨਾਲ ਮੁਤਫਿਕ ਹਾਂ ਕਿ........... (*Interruptions*)

**ਸ੍ਰੀ ਸਪੀਕਰ** : ਉਨ੍ਹਾਂ ਦਾ ਰਾਈਟ ਹੈ ਬੋਲਣ ਦਾ, ਜੋਸ਼ ਸਾਹਿਬ ਨੂੰ ਬੋਲ ਲੈਣ ਦਿਓ ।
(He has a right to speak. Let Comrade Josh have his say.)

**ਪਸ਼ੂ ਪਾਲਣ ਅਤੇ ਖੇਤੀ ਬਾੜੀ ਦੇ** ਰਾਜ ਮੰਤਰੀ : ਤੁਸੀਂ ਮੈਨੂੰ ਕਾਲ ਅਪਾਨ ਕੀਤਾ ਸੀ।

**ਸ੍ਰੀ ਸਪੀਕਰ** : ਨਹੀਂ, ਉਨ੍ਹਾਂ ਦਾ ਰਾਈਟ ਹੈ ਬੋਲਣ ਦਾ। Let him speak.
(No. He has the right to speak. Let him speak.)

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** (ਰੋਪੜ) : ਸਪੀਕਰ ਸਾਹਿਬ, ਜੇ ਕੋਈ ਬਹੁਤ ਜ਼ਰੂਰੀ ਸਵਾਲ ਨਾ ਹੁੰਦਾ ਤਾਂ ਮੈਂ ਨਾ ਵੀ ਬੋਲਦਾ ਲੇਕਿਨ ਜਿਹੜਾ ਇਹ ਮਸਲਾ ਹੈ, ਇਹ ਸਾਡੇ ਲਈ ਜ਼ਿੰਦਗੀ ਔਰ ਮੌਤ ਦਾ ਸਵਾਲ ਹੈ—ਪੰਜਾਬ ਦੇ ਕਿਸਾਨ ਗਰੌਅਰਜ਼ ਲਈ ਇਕ ਬੜਾ ਅਹਿਮ ਸਵਾਲ ਹੈ। ਇਸ ਲਈ ਮੈਂ ਕੁਝ ਬੇਨਤੀਆਂ ਜ਼ਰੂਰ ਕਰਨੀਆਂ ਚਾਹੁੰਦਾ ਹਾਂ ।

ਪਹਿਲੀ ਗਲ ਤਾਂ ਇਹ ਹੈ ਕਿ ਇਹ ਜਿਹੜਾ ਬਿੱਲ ਲਿਆਂਦਾ ਗਿਆ ਹੈ ਇਹ ਗੌਰਮੈਂਟ ਦੀ ਅਪਣੀ ਉਸ ਐਸ਼ੋਰੈਂਸ ਦੇ ਬਿਲਕੁਲ ਖਿਲਾਫ਼ ਹੈ ਜਿਹੜੀ ਕਿ 14 ਅਕਤੂਬਰ, 1953 ਨੂੰ ਇਸ ਹਾਊਸ ਵਿਚ ਦਿੱਤੀ ਗਈ ਜਦੋਂ ਕਿ the East Punjab Sugarcane (Regulation of Purchase and Supply) Bill ਪੇਸ਼ ਕੀਤਾ ਗਿਆ ਸੀ। ਸਰਦਾਰ ਉੱਜਲ ਸਿੰਘ ਜੀ ਜਿਹੜੇ ਸਾਡੇ ਰਾਜਪਾਲ ਹਨ, ਇਹ ਉਸ ਵੇਲੇ ਪੰਜਾਬ ਦੇ ਵਿੱਤ ਮੰਤਰੀ ਸਨ। ਉਨ੍ਹਾਂ ਨੇ ਉਸ ਵੇਲੇ ਇਕ ਐਸ਼ੋਰੰਸ ਦਿੱਤੀ ਸੀ । ਫੇਰ ਇਸੇ ਸਬੰਧ ਵਿਚ ਪਿਛਲੇ ਮੁਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਵੀ ਹਾਊਸ ਵਿਚ ਇਕ ਐਸ਼ੋਰੈਂਸ ਦਿੱਤੀ ਸੀ । This government is throwing to the winds assurances after assurances, given in this House. ਇਹ ਹਾਊਸ ਵਿਚ ਦਿੱਤੀਆਂ ਐਸ਼ੋਰੰਸਿਜ਼ ਨੂੰ ਹਵਾ ਵਿਚ ਉੜਾ ਰਹੇ ਹਨ। ਮੈਂ ਉਸ ਵੇਲੇ ਯਾਨੀ ਸੰਨ 1953 ਦੇ ਸਰਦਾਰ ਉੱਜਲ ਸਿੰਘ ਹੋਰਾਂ ਦੇ ਲਫ਼ਜ਼ ਕੋਟ ਕਰਦਾ ਹਾਂ। ਉਨ੍ਹਾਂ ਨੇ ਕਿਹਾ ਸੀ.................

> "The amount so realised is to be spent for improving the quality of sugarcane in the State I may also assure the House that the money thus realised from the cess would be spent........

**ਚੀਫ ਪਾਰਲੀਮੈਂਟਰੀ ਸੈਕ੍ਰੇਟਰੀ** : ਸਪੀਕਰ ਸਾਹਿਬ, ਅਸਾਂ ਇਹ ਬਿਲ ਤਾਂ ਅਜ ਪਾਸ ਕਰਨਾ ਹੀ ਹੈ । ਅਗਰ ਮੈਂਬਰ ਸਾਹਿਬਾਨ ਨੇ ਟਾਈਮ ਜ਼ਿਆਦਾ ਲੈਣਾ ਹੋਵੇ ਤਾਂ ਹਾਊਸ ਦਾ ਟਾਈਮ ਐਕਸਟੈਂਡ ਕਰ ਦਿਉ or the question be now put. ਕਈ ਮੈਂਬਰ ਬੋਲ ਚੁਕੇ ਹਨ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : Question ਕਿਵੇਂ ਪੁਟ ਕੀਤਾ ਜਾ ਸਕਦਾ ਹੈ ਜਦ ਕਿ I am on my legs.

**Mr. Speaker :** You have missed the bus. When the Member is on his legs you cannot put the question.

**Chief Parliamentary Secretary :** Then, Sir, the sitting of the Sabha be extended by half-an-hour.

**Mr. Speaker :** What is the sense of the House ?

**Voices :** No.

**Voices :** Yes.

**ਪਸ਼ੂ ਪਾਲਣ ਅਤੇ ਖੇਤੀ ਬਾੜੀ ਦੇ ਰਾਜ ਮੰਤਰੀ** : ਬਿਲ ਪਾਸ ਕੀਤੇ ਬਗੈਰ ਨਹੀਂ ਜਾਣਾ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਮੈਂ ਬੋਲ ਰਿਹਾ ਹਾਂ । ਇਸ ਦੇ ਦੌਰਾਨ ਮੋਸ਼ਨ ਪੁਟ ਨਹੀਂ ਹੋ ਸਕਦੀ । ਮੈਨੂੰ ਪੂਰਾ ਟਾਈਮ ਨਹੀਂ ਮਿਲਿਆ, ਪੂਰਾ ਟਾਈਮ ਮਿਲਣਾ ਚਾਹੀਦਾ ਹੈ ।

**ਟ੍ਰਾਂਸਪੋਰਟ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਅਗੇ ਵੀ ਕਾਫੀ ਮੈਂਬਰ ਸਾਹਿਬਾਨ ਬੋਲ ਚੁਕੇ ਹਨ । ਇਕ ਦੋ ਕਲਾਜ਼ਿਜ਼ ਦਾ ਬਿਲ ਹੈ; ਤਿੰਨ ਸਟੇਜਿਜ਼ ਵਾਲਾ ਤਾਂ ਇਹ ਬਿਲ ਹੀ ਨਹੀਂ ਹੈ ਜਿਸ ਦੇ ਪ੍ਰਿੰਸੀਪਲਜ਼ ਔਰ ਬਾਡੀ ਉਤੇ ਅਲਹਿਦਾ ਅਲਹਿਦਾ ਡਿਸਕਸ਼ਨ ਦੀ ਲੋੜ ਹੋਵੇ । ਇਸ ਲਈ ਜਿਤਨਾ ਟਾਈਮ ਲੈਣਾ ਚਾਹੁਣ ਲੈ ਲੈਣ—ਪੰਜ, ਸਤ, ਦਸ, ਮਿੰਟ ਜਿਤਨਾ ਬੋਲਣਾ ਹੈ ਬੋਲ ਲੈਣ । ਟਾਈਮ ਐਕਸਟੈਂਡ ਕਰ ਦਿਉ ਤਾਕਿ ਫੇਰ ਦੋਬਾਰਾ ਨਾ ਇਸ ਨੂੰ ਲਿਆਉਣਾ ਪਵੇ।

**Mr. Speaker :** The sitting of the Sabha is extended by half-an hour.

**Comrade Shamsher Singh Josh :** Sir, I was quoting from the speech of the then Finance Minister, Sardar Ujjal Singh—

> "........that the money thus realised from the cess would be spent on the improvement of sugarcane production in the State and will not be treated and spent as general revenues of the State".

ਸਪੀਕਰ ਸਾਹਿਬ, ਇਹ ਇਨ੍ਹਾਂ ਦੀ ਪਾਰਟੀ ਦੀ ਸਰਕਾਰ ਦੇ ਮਿਨਿਸਟਰ ਦੀ ਐਸ਼ੋਰੈਂਸ ਇਸੇ ਹਾਊਸ ਵਿਚ ਦਿੱਤੀ ਗਈ ਹੋਈ ਹੈ । ਪਰ ਹੁਣ ਇਹ ਕੀ ਮਜ਼ਾਕ ਹੋ ਰਿਹਾ ਹੈ ? ਸਾਨੂੰ ਕੈਪਟਨ ਸਾਹਿਬ ਨੇ ਇਕ ਨਵੀਂ ਇਕਨਾਮਿਕਸ ਪੜ੍ਹਾਉਣ ਦੀ ਕੋਸ਼ਿਸ਼ ਕੀਤੀ ਹੈ । ਪਤਾ ਨਹੀਂ ਇਹ ਇਸ ਇਕਨਾਮਿਕਸ ਨੂੰ ਕਿਥੋਂ ਪੜ੍ਹ ਆਏ ਹਨ । ਇਨ੍ਹਾਂ ਨੇ ਕਿਹਾ ਹੈ ਕਿ ਇਹ ਸੈਸ ਕੋਈ ਹੋਰ ਸੈਸ ਹੈ; ਉਹ ਕੋਈ ਹੋਰ ਸੈਸ ਸੀ । ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਪੰਜਾਬ ਵਿਚ "ਸ਼ੂਗਰ ਕੇਨ ਸੈਸ" ਇਕੋ ਹੀ ਸੈਸ ਹੈ ਔਰ ਉਹ ਇਹ ਹੈ ਕਿ ਜੇ ਇਕ ਮਣ ਪੱਕਾ ਗੰਨਾਂ ਕੋਈ ਕਿਸਾਨ ਮਿੱਲ ਨੂੰ ਸਪਲਾਈ ਕਰਦਾ ਹੈ ਤਾਂ 1½ ਆਨਾ ਮਣ ਸ਼ੂਗਰ ਕੇਨ ਸੈਸ ਦਾ ਦਿੰਦਾ ਹੈ, ਜਿਹੜਾ ਪੈਸਾ ਸ਼ੂਗਰ ਕੇਨ ਦੀ ਡੀਵੈਲਪਮੈਂਟ ਲਈ ਖਰਚ ਕੀਤਾ ਜਾਣਾ ਹੈ । ਇਸ ਦੇ ਲਈ ਸਰਕਾਰ ਨੇ ਕੇਨ ਕਮਿਸ਼ਨਰ ਨਿਯੁਕਤ ਕੀਤਾ ਹੋਇਆ ਹੈ, ਕੇਨ ਡਿਪਾਰਟਮੈਂਟ ਵਖਰਾ ਬਣਿਆ ਹੋਇਆ ਹੈ ਔਰ ਇਹ ਜਿਹੜਾ ਪੈਸਾ ਇਕੱਠਾ ਹੁੰਦਾ ਹੈ ਇਸ ਨਾਲ ਮਿੱਲ ਦੇ ਇਰਦ ਗਿਰਦ ਵਾਲੇ ਇਲਾਕੇ ਵਿਚ ਕੇਨ ਗਰੋਅਰਜ਼ ਦੀ ਸਹੂਲੀਅਤ ਵਾਸਤੇ ਸੜਕਾਂ ਬਣਾਉਣ ਦਾ ਕੰਮ ਕਰਨਾ ਸੀ, ਫਰਟੇਲਾਈਜ਼ਰ ਵਾਸਤੇ ਪੈਸਾ ਦੇਣਾ ਸੀ ਔਰ ਹੋਰ ਕਈ ਕਿਸਮ ਦੀਆਂ ਰਿਆਇਤਾਂ ਦੇਣੀਆਂ ਮਕਸੂਦ ਸਨ। ਕੀ ਇਨ੍ਹਾਂ ਗੱਲਾਂ ਵਾਸਤੇ ਸਰਕਾਰ ਹਾਊਸ ਤੋਂ ਆਗਿਆ ਲੈਣ ਲਈ ਆਈ ਹੈ ? ਸਪੀਕਰ ਸਾਹਿਬ, ਕਿਤਨੇ

ਅਫ਼ਸੋਸ ਦੀ ਗਲ ਹੈ ਕਿ ਮਿਨਿਸਟਰ ਸਾਹਿਬ ਵੱਲੋਂ ਕਿਹਾ ਇਹ ਗਿਆ ਹੈ ਕਿ ਸੈਂਟਰਲ ਗੌਰਮੈਂਟ ਨੇ ਇਹ ਫੈਸਲਾ ਕੀਤਾ ਹੈ । ਸੈਂਟਰਲ ਗੌਰਮੈਂਟ ਨੇ ਪੈਸਾ ਦੇਣਾ ਹੈ । ਮੈਂ ਪੁਛਦਾ ਹਾਂ ਕਿ ਅਗਰ ਸੈਂਟਰਲ ਗੌਰਮੈਂਟ ਨੇ ਹੀ ਪੈਸਾ ਦੇਣਾ ਹੈ ਤਾਂ ਫੇਰ ਇਸ ਹਾਊਸ ਤੋਂ ਮਨਜ਼ੂਰੀ ਲੈਣ ਦੀ ਕੀ ਲੋੜ ਹੈ ? ਜੇ ਸੈਂਟਰਲ ਗੌਰਮੈਂਟ ਆਪਣੇ ਰੈਵੀਨੀਊ ਫੰਡਜ਼ ਵਿਚੋਂ ਪੈਸਾ ਪੂਰੀ ਨੂੰ ਦੇਣਾ ਚਾਹੁੰਦੀ ਹੈ ਜਾਂ ਕਿਸੇ ਹੋਰ ਨੂੰ ਦੇਣਾ ਚਾਹੁੰਦੀ ਹੈ ਤਾਂ ਦੇ ਦੇਵੇ । ਠੀਕ ਹੈ, ਸਾਨੂੰ ਕੀ ਇਤਰਾਜ਼ ਹੋ ਸਕਦਾ ਹੈ । ਆਪੇ ਪਾਰਲੀਮੈਂਟ ਦੇ ਮੈਂਬਰ ਪੁੱਛਣਗੇ । ਲੇਕਿਨ ਇਹ ਸਰਕਾਰ ਅਗਰ ਇਕ ਆਨਾ ਵੀ ਪੰਜਾਬ ਦੇ ਖਜ਼ਾਨੇ ਵਿਚੋਂ ਮਿਲ ਮਾਲਿਕਾਂ ਨੂੰ ਦੇਵੇਗੀ, ਲੋਕਾਂ ਦੇ ਖੂਨ ਪਸੀਨੇ ਦੀ ਕਮਾਈ ਨੂੰ ਇਸ ਤਰ੍ਹਾਂ ਲੁਟਾਏਗੀ, ਤਾਂ ਅਸੀਂ ਇਸ ਦੀ ਘੋਰ ਵਿਰੋਧਤਾ ਕਰਾਂਗੇ ; ਹਾਊਸ ਦੇ ਅੰਦਰ ਔਰ ਹਾਊਸ ਤੋਂ ਬਾਹਰ ਵੀ ਇਸ ਦੀ ਸਖਤ ਮੁਖਾਲਫਤ ਕਰਾਂਗੇ । ਇਹ ਕਿਹਾ ਗਿਆ ਹੈ ਕਿ ਸੈਂਟਰ ਨੇ ਕਰ ਦਿੱਤਾ ਸੀ ਤਾਂ ਅਸੀਂ ਵੀ ਕਰ ਰਹੇ ਹਾਂ । ਮੈਂ ਹੈਰਾਨ ਹਾਂ ਕਿ ਇਸ ਸਬੰਧ ਵਿਚ ਇਥੇ ਸੈਂਟਰ ਦਾ ਕੀ ਤਅੱਲੁਕ ਹੈ । ਠੀਕ ਹੈ, ਪਾਲਿਸੀ ਬਣਾ ਦਿੱਤੀ ਹੋਵੇਗੀ ਸੈਂਟਰ ਨੇ ਪਰ ਇੰਪਲੀਮੈਂਟ ਤਾਂ ਅਸਾਂ ਕਰਨੀ ਹੈ, ਪੰਜਾਬ ਨੇ ਕਰਨੀ ਹੈ । ਸੈਂਟਰ ਕਹੇਗੀ ਕਿ ਕੇਨ ਸੈਸ ਹੀ ਹਟਾ ਦਿਉ ਤਾਂ ਕੀ ਤੁਸੀਂ ਹਟਾ ਦਿਓਗੇ ? ਇਸ ਲਈ ਇਸ ਵਿਚ ਇਕ ਬੇਸਿਕ ਚੀਜ਼ ਇਨਵਾਲਵਡ ਹੁੰਦੀ ਹੈ ਔਰ ਉਹ ਇਹ ਕਿ ਜਿਹੜਾ ਰੁਪਿਆ ਇਕੱਠਾ ਹੁੰਦਾ ਹੈ, ਜਿਹੜਾ ਪਿੰਡਾਂ ਦੀ ਡਿਵੈਲਪਮੈਂਟ ਲਈ, ਮਿਲ ਏਰੀਆ ਦੇ ਇਰਦ ਗਿਰਦ ਦੇ ਇਲਾਕੇ ਦੀ ਡਿਵੈਲਪਮੈਂਟ ਲਈ, ਕੇਨ ਗਰੋਇੰਗ ਦੀ ਡਿਵੈਲਪਮੈਂਟ ਲਈ ਖਰਚ ਹੋਣਾ ਹੈ, ਜੇ ਤੁਸੀਂ ਕਹੋ ਕਿ ਉਹ ਮਿਲ ਮਾਲਿਕਾਂ ਨੂੰ ਹੀ ਦੇ ਦਿੱਤਾ ਜਾਵੇ, ਉਨ੍ਹਾਂ ਨੂੰ ਇੰਸੈਂਟਿਵ ਦੇਣ ਲਈ ਦਿੱਤਾ ਜਾਵੇ ਤਾਂਕਿ ਕਾਰਖਾਨਿਆਂ ਵਿਚ ਜ਼ਿਆਦਾ ਸ਼ੂਗਰ ਪੈਦਾ ਕਰਨ ਜਿਸ ਨੂੰ ਬਾਹਰ ਐਕਸਪੋਰਟ ਕੀਤਾ ਜਾਵੇ ਤਾਂ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਇਕ ਇਕੱਲੇ ਕਾਰਖਾਨੇਦਾਰਾਂ ਦੇ ਇਖਤਿਆਰ ਵਿਚ ਹੈ ਕਿ ਉਹ ਸ਼ੂਗਰ ਦੀ ਪ੍ਰੋਡਕਸ਼ਨ ਵਧਾ ਸਕਣ ? ਸ਼ੂਗਰ ਦੀ ਪ੍ਰੋਡਕਸ਼ਨ ਤਦ ਵਧ ਸਕਦੀ ਹੈ ਅਗਰ ਮਿੱਲ ਦੇ ਇਰਦ ਗਿਰਦ ਦੇ ਇਲਾਕੇ ਵਿਚ ਬੈਸਟ ਕੁਆਲਿਟੀ ਦਾ ਗੰਨਾਂ ਪੈਦਾ ਹੋਵੇ ਅਤੇ ਲਾਰਜਰ ਕੁਆਂਟਿਟੀ ਵਿਚ ਗੰਨਾਂ ਪੈਦਾ ਹੋਵੇ । ਅਗਰ ਇਹ ਦੋਵੇਂ ਚੀਜ਼ਾਂ ਨਹੀਂ ਹੋਣਗੀਆਂ ਤਾਂ ਕਾਰਖਾਨੇਦਾਰ ਕਿਥੋਂ ਜ਼ਿਆਦਾ ਸ਼ੂਗਰ ਪੈਦਾ ਕਰ ਸਕੇਗਾ ? ਕੀ ਉਹ ਦਰਖਤਾਂ ਨਾਲ ਜਾਂ ਕਿੱਕਰ ਤੋਂ ਜ਼ਿਆਦਾ ਚੀਨੀ ਪੈਦਾ ਕਰ ਸਕੇਗਾ ? ਅਗਰ ਸ਼ੂਗਰਕੇਨ ਹੀ ਚੰਗੀ ਕੁਆਲਿਟੀ ਦਾ ਨਾ ਹੋਵੇਗਾ, ਚੰਗੀ ਮਿਕਦਾਰ ਵਿਚ ਪੈਦਾ ਨਾ ਹੋਵੇਗਾ ਤਾਂ ਮਿੱਲ ਮਾਲਿਕ ਕੀ ਕਰ ਸਕਦਾ ਹੈ ? ਗੰਨੇ ਵਿਚੋਂ ਰੀਕਵਰੀ ਹੀ ਚੰਗੀ ਨਾ ਹੋਵੇਗੀ ਤਾਂ ਸ਼ੂਗਰ ਦੀ ਉਹ ਡਿਵੈਲਪ-ਮੈਂਟ ਕਿਵੇਂ ਕਰ ਸਕੇਗਾ ? ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਤਨੇ ਸਾਲਾਂ ਵਿਚ ਵੀ ਪੰਜਾਬ ਗੌਰਮੈਂਟ ਨੇ ਸ਼ੂਗਰ ਕੇਨ ਦੀ ਡਿਵੈਲਪਮੈਂਟ ਵਾਲੇ ਪਾਸੇ ਕੋਈ ਧਿਆਨ ਦਿੱਤਾ ਹੀ ਨਹੀਂ। ਨਤੀਜਾ ਇਹ ਹੈ ਕਿ ਰੀਕਵਰੀ ਜਿਹੜੀ ਹੁੰਦੀ ਹੈ ਉਹ ਬਹੁਤ ਘਟ ਹੈ—ਹੋਰ ਸੂਬਿਆਂ ਦੇ ਮੁਕਾਬਲੇ ਵਿਚ ਪੰਜਾਬ ਦੇ ਸ਼ੂਗਰਕੇਨ ਦੀ ਰੀਕਵਰੀ ਬਹੁਤ ਥੋੜ੍ਹੀ ਹੈ । ਵੈਸੇ ਤਾਂ ਸਮੁਚੇ ਤੌਰ ਤੇ ਸਾਰੇ ਹਿੰਦੁਸਤਾਨ ਵਿਚ ਹੀ ਦੁਨੀਆਂ ਦੇ ਬਾਕੀ ਮੁਲਕਾਂ ਦੇ ਮੁਕਾਬਲੇ ਵਿਚ ਰੀਕਵਰੀ ਬਹੁਤ ਹੀ ਘਟ ਹੈ । ਇਸ ਲਈ ਇਹ ਕਹਿਣਾ ਕਿ ਅਸੀਂ ਸੈਂਟਰ ਦੇ ਕਹਿਣ ਤੇ ਕਰਨ ਲਗੇ ਹਾਂ; ਇਸ ਗੱਲ ਵਿਚ ਕੋਈ ਆਰਗੂਮੈਂਟ ਨਹੀਂ ਬਣਦਾ।

ਇਕ ਹੋਰ ਗੱਲ ਬੜੀ ਹੈਰਾਨਗੀ ਦੀ ਹੈ । ਬਿਲ ਵਿਚ ਇਹ ਕਿਹਾ ਗਿਆ ਹੈ ਕਿ ਜਿਹੜੇ ਕਾਰਖਾਨੇਦਾਰਾਂ ਨੇ ਖੰਡ ਪੈਦਾ ਕਰਕੇ ਵਿਦੇਸ਼ਾਂ ਨੂੰ ਭੇਜੀ ਉਨ੍ਹਾਂ ਨੂੰ ਸੈਸ ਦੀ ਛੋਟ ਦਿਤੀ ਜਾਵੇਗੀ । ਜੇ ਇਹ ਹੁੰਦਾ ਕਿ ਜਿਹੜੇ ਕਾਰਖਾਨੇਦਾਰ ਖੰਡ ਜ਼ਿਆਦਾ ਪੈਦਾ ਕਰਕੇ ਬਾਹਰ ਭੇਜਣ ਲਈ ਸੈਂਟਰ ਦੀ ਸਰਕਾਰ ਨੂੰ, ਕਾਰਪੋਰੇਸ਼ਨ ਨੂੰ, ਦੇਣਗੇ ਉਨ੍ਹਾਂ ਨੂੰ ਇਨਸੈਂਟਿਵ ਦਿਆਂਗੇ ਤਦ ਤਾਂ ਗੱਲ ਸਮਝ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਵਿਚ ਆ ਸਕਦੀ ਸੀ । ਮੈਂ ਪੁਛਦਾ ਹਾਂ ਕਿ ਜਿਹੜੀ ਖੰਡ ਸੰਨ 1962-63 ਵਿਚ ਜਾਂ 1963-64 ਵਿਚ ਭੇਜੀ ਗਈ ਉਸ ਖੰਡ ਦੇ ਮਿਲ ਮਾਲਿਕਾਂ ਨੂੰ ਕੀ ਇਨਸੈਨਟਿਵ ਦਿਉਗੇ । ਉਨ੍ਹਾਂ ਨੇ ਤਾਂ ਜਿਹੜੀ ਭੇਜਣੀ ਸੀ ਭੇਜ ਦਿੱਤੀ । ਜਿਨ੍ਹਾਂ ਨੇ ਭੇਜ ਦਿੱਤੀ ਉਨ੍ਹਾਂ ਨੂੰ ਜੇ ਇਨਸੈਨਟਿਵ ਨਾ ਵੀ ਦਿਉ ਤਦ ਵੀ ਭੇਜ ਦਿੱਤੀ ਜੇ ਇਨਸੈਨਟਿਵ ਦਿਉਗੇ ਤਦ ਵੀ ਭੇਜ ਦਿੱਤੀ । ਮੈਂ ਹੈਰਾਨ ਹਾਂ ਕਿ ਖੰਡ ਤਾਂ ਲੋਕਾਂ ਨੇ ਪਿਛਲੇ ਸਾਲਾਂ ਵਿਚ ਭੇਜ ਦਿੱਤੀ ਔਰ ਬਿਲ ਉਨ੍ਹਾਂ ਨੂੰ ਇਨਸੈਨਟਿਵ ਦੇਣ ਈ ਹੁਣ ਲਿਆਂਦਾ ਜਾ ਰਿਹਾ ਹੈ । ਜੇ ਇਨਸੈਨਟਿਵ ਦੇਣਾ ਹੀ ਸੀ ਤਾਂ ਤਿੰਨ ਚਾਰ ਸਾਲ ਪਹਿਲਾਂ ਦਿੰਦੇ। ਸੋ ਇਹ ਗੱਲ ਸਾਡੀ ਸਮਝ ਵਿਚ ਨਹੀਂ ਆਈ।

**ਇਕ ਆਵਾਜ਼** : ਇਨਸੈਨਟਿਵ ਇਹ ਹੈ ਕਿ ਇਹ ਕਹਿੰਦੇ ਹਨ ਕਿ ਅਸੀਂ ਤੁਹਾਡੇ ਵਫ਼ਾਦਾਰ ਹਾਂ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਜੇ ਇਨਸੈਨਟਿਵ ਦੇਣਾ ਹੀ ਹੈ ਤਾਂ ਉਹ ਤੁਸੀਂ ਕੇਨ ਗਰੋਅਰਜ਼ ਨੂੰ ਦਿਉ । ਕੇਨ ਗਰੋਅਰਜ਼ ਨੂੰ ਤੁਸਾਂ ਕੀ ਇਨਸੈਨਟਿਵ ਦਿੱਤਾ ? ਇਹੋ ਕਿ ਜਿਥੇ ਪਹਿਲਾਂ ਫ਼ਰੀ ਸਪਲਾਈ ਆਫ਼ ਕੇਨ ਹੁੰਦੀ ਸੀ—ਕੇਨ ਗਰੋਅਰਰ ਨੂੰ ਆਗਿਆ ਸੀ ਕਿ ਉਹ ਮਿੱਲ ਨੂੰ ਗੰਨਾ ਦੇਵੇ ਜਾਂ ਨਾ ਦੇਵੇ—ਉਸ ਨੂੰ ਇਨਸੈਨਟਿਵ ਇਹ ਦਿੱਤਾ ਕਿ ਉਸ ਨੂੰ ਲਾਜ਼ਮੀ ਤੌਰ ਤੇ ਮਿਲ ਨੂੰ ਫਿਕਸਡ ਟਰਮਜ਼ ਉਤੇ ਗੰਨਾਂ ਦੇਣਾ ਪਵੇਗਾ । ਇਹ ਚੀਜ਼ ਸਰਕਾਰ ਨੇ 1953 ਵਿਚ ਐਕਟ ਬਣਾ ਕੇ ਕੀਤੀ ਔਰ ਕਿਰਸਾਨ ਉਤੇ ਪਾਬੰਦੀ ਲਗਾ ਦਿੱਤੀ ਕਿ ਇਹ ਇਕ ਮਿਲ ਦੇ ਇਰਦ ਗਿਰਦ 'appointed area' ਵਿਚ 10/15 ਮੀਲ ਦੇ ਏਰੀਏ ਵਿਚ ਲਾਜ਼ਮੀ ਤੌਰ ਤੇ ਗੰਨਾ ਸਪਲਾਈ ਕਰੇਗਾ ਔਰ ਫਿਕਸ ਕੀਤੇ ਹੋਏ ਸਸਤੇ ਭਾ ਉਤੇ ਹੀ ਦੇਣਾ ਪਵੇਗਾ। ਅਗਰ ਉਹ ਨਹੀਂ ਦਿੰਦਾ ਤਾਂ ਡੀ. ਆਈ. ਆਰ. ਲਾਗੂ ਕਰਕੇ ਉਸ ਤੋਂ ਜ਼ਬਰਦਸਤੀ ਗੰਨਾਂ ਲਿਆ ਜਾਵੇਗਾ ਔਰ ਫੇਰ ਵੀ ਜੇ ਕੋਈ ਗੰਨਾਂ ਦੇਣ ਤੋਂ ਰਿਜ਼ਿਸਟ ਕਰੇ ਤਾਂ ਮਿਲ ਮਾਲਿਕ ਨੂੰ ਇਜਾਜ਼ਤ ਹੈ ਕਿ ਉਹ ਆਪਣੇ ਮਜ਼ਦੂਰ ਰਖ ਕੇ ਕਿਸਾਨਾਂ ਕੋਲੋਂ ਗੰਨਾਂ ਕਟਵਾ ਲਵੇ। ਟ੍ਰੱਕਾਂ ਤੇ ਲਦ ਲਿਆਵੇ ਅਤੇ ਮਿੱਲਾਂ ਵਿਚ ਲੈ ਆਵੇ। ਉਥੇ ਜਾਕੇ ਸਾਰਾ ਹਿਸਾਬ ਕਰਕੇ ਪੈਸੇ ਜੋੜ ਕੇ ਕਾਟ ਕਰ ਲਈ ਜਾਵੇ । ਅਗਰ ਤਾਂ ਉਨ੍ਹਾਂ ਦੇ ਗੰਨੇ ਦਾ ਮੁੱਲ ਇਸ ਖਰਚ ਨਾਲੋਂ ਵਧ ਗਿਆ ਤਾਂ ਪੈਸੇ ਮੋੜ ਦਿਤੇ ਨਹੀਂ ਤਾਂ ਕਿਸਾਨਾਂ ਦੀ ਕੁਰਕੀ ਕਰਾ ਕੇ ਬਾਕੀ ਦਾ ਪੈਸਾ ਵਸੂਲ ਕਰਾ ਲਿਆ। ਇਹ ਹੈ ਇਨ੍ਹਾਂ ਦਾ ਸੋਸ਼ਲਿਜ਼ਮ ਅਤੇ ਜਟ ਨੂੰ ਇਨਸੈਨਟਿਵ, ਜਿਸ ਦਾ ਇਹ ਢੋਲ ਪਿਟ ਦੇ ਹਨ ਕਹਿੰਦੇ ਹਨ ਕਿ ਮਿਲ ਮਾਲਿਕਾਂ ਨੂੰ ਖੰਡ ਵੇਚਣ ਲਈ ਇਨਸੈਨਟਿਵ ਦੇ ਰਹੇ ਹਾਂ । ਕਿਉਂ ਜੀ ਉਹ ਖੰਡ ਬਣਾਉਂਦੇ ਕਿਸ ਲਈ ਹਨ, ਵੇਚਣ ਲਈ ਨਹੀਂ ਬਣਾਉਂਦੇ ਤਾਂ ਕੀ ਉਨ੍ਹਾਂ ਨੇ ਖੰਡ ਦਾ ਅਚਾਰ ਪਾਉਣਾ ਹੈ ?। ਜੇ ਨਾ ਵੇਚੇ ਤਾਂ ਉਸ ਤੇ ਡੀਫੈਂਸ ਆਫ ਇੰਡੀਆ ਰੂਲਜ਼ ਲਾਗੂ ਕਰੋ । ਰੋਜ਼ ਹੋਰ ਜੋ ਛੋਟੀਆਂ ੨ ਗਲਾਂ ਲਾਗੂ ਕਰ ਦਿੰਦੇ ਹੋ, ਇਹ ਜੋ ਲਖਾਂ ਰੁਪਏ ਕਮਾਉਂਦੇ ਹਨ ਇਨ੍ਹਾਂ ਤੇ ਕਿਉਂ ਨਹੀਂ ਲਾਗੂ ਕਰਦੇ । ਇਸ ਵਿਚ 20 ਲਖ ਰੁਪਿਆ ਇਨਵਾਲਡ ਹੈ । ਇਹ ਜੋ ਚਾਰ ਲੱਖ ਦਸਦੇ ਹਨ, ਇਹ ਠੀਕ ਨਹੀਂ, ਇਹ ਅਸਲੀਅਤ ਛੁਪਾ ਰਹੇ ਹਨ । ਇਹ ਲੋਕਾਂ ਦਾ ਪੈਸਾ ਹੈ ਜੋ ਮਿਲ ਮਾਲਿਕਾਂ ਨੂੰ ਦੇ ਰਹੇ ਹਨ । ਅਸੀਂ ਗਰੋਅਰਜ਼ ਦੇ ਪ੍ਰਤੀਨਿਧ ਹਾਂ ਅਤੇ ਇਸ ਤੇ ਪ੍ਰੋਟੈਸਟ ਕਰਦੇ ਹਾਂ । ਆਪ ਦਾ ਧੰਨਵਾਦ ਕਿ ਤੁਸੀਂ ਮੈਨੂੰ ਅਪਣੀ ਗੱਲ ਕਹਿਣ ਦਾ ਮੌਕਾ ਦਿਤਾ।

2—00 p.m.

**Chief Parliamentary Secretary** : Sir, I beg to move—

That question be now put.

**Voices** : No. No.

**Comrade Ram Piara** : Sir, We have a right to speak on the Bill.

**ਸ਼੍ਰੀ ਸਪੀਕਰ** : ਸਰਦਾਰ ਗੁਰਦਿਆਲ ਸਿੰਘ ਜੀ ਹੁਣ ਜਦ ਕਿ ਅਧਾ ਘੰਟਾ ਟਾਈਮ ਹੋਰ ਵਧ ਗਿਆ ਹੈ ਤਾਂ ਮੇਰਾ ਖਿਆਲ ਹੈ ਕਿ ਇਕ ਅਧ ਮੈਂਬਰ ਹੋਰ ਬੋਲ ਲੈਣ ਤਾਂ ਕੀ ਹਰਜ਼ ਹੈ ? (Addressing Sardar Gurdial Singh Dhillon : Now that the sitting has been extended for half an hour, I think, there is no harm if one or two hon. Members are allowed to speak.)

**ਟ੍ਰਾਂਸਪੋਰਟ ਅਤੇ ਚੋਣ ਮੰਤਰੀ** (ਸਰਦਾਰ ਗੁਰਦਿਆਲ ਸਿੰਘ ਢਿਲੋਂ) : ਸਪੀਕਰ ਸਾਹਿਬ, ਬਾਬੂ ਜੀ ਨੇ ਵੀ ਕਿਹਾ ਹੋਰਾਂ ਦੋਸਤਾਂ ਨੇ ਵੀ ਕਿਹਾ, ਕਿ ਇਹ ਸੋਸ਼ਲਿਸਟ ਸਰਕਾਰ ਕਿਸ ਤਰ੍ਹਾਂ ਦੀਆਂ ਗਲਾਂ ਕਰਦੀ ਹੈ । ਵੈਸੇ ਇਹ ਬਿਲ ਤਾਂ ਸਰਦਾਰ ਦਰਬਾਰਾ ਸਿੰਘ ਦਾ ਹੈ ਪਰ ਸਾਡੀ ਜ਼ਿੰਮੇਦਾਰੀ ਕੁਲੈਕਟਿਵ ਹੁੰਦੀ ਹੈ । ਮੈਂ ਅਰਜ਼ ਕਰਦਾ ਹਾਂ ਕਿ ਨੇਸ਼ਨ ਦੇ ਕੁਝ ਵਾਈਡਰ ਇੰਟ੍ਰੈਸਟਸ ਵੀ ਹੁੰਦੇ ਹਨ ਜਿਨ੍ਹਾਂ ਪਿਛੇ ਕੁਝ ਇਸ ਤਰ੍ਹਾਂ ਦੀਆਂ ਚੀਜ਼ਾਂ ਕਰਨੀਆਂ ਪੈਂਦੀਆਂ ਹਨ । ਤੁਸੀਂ ਵੀ ਬਾਹਰ ਹੋ ਕੇ ਆਏ ਹੋ ਅਤੇ ਆਪ ਨੂੰ ਪਤਾ ਹੈ ਕਿ ਕੁਝ ਚੀਜ਼ਾਂ ਜਿਵੇਂ ਕਿ ਸਿਊਇੰਗ ਮਸ਼ੀਨਜ਼ ਹਨ ਜਾਂ ਹੋਰ ਦੂਜੀ ਮਸ਼ੀਨਰੀ ਹੈ ਜੋ ਕਿ ਇਥੇ ਮਹਿੰਗੀ ਹੁੰਦੀ ਹੈ ਮਗਰ ਬਾਹਰ ਮੁਲਕਾਂ ਦੀਆਂ ਮਾਰਕਿਟਸ ਵਿਚ ਫੁਟਿੰਗ ਕਾਇਮ ਕਰਨ ਲਈ ਉਨ੍ਹਾਂ ਦੀ ਕੀਮਤ ਘਟ ਕਰ ਦਿਤੀ ਜਾਂਦੀ ਹੈ ਅਤੇ ਉਨ੍ਹਾਂ ਇੰਡਸਟਰੀਜ਼ ਨੂੰ ਗੌਰਮਿੰਟ ਸਬਸੇਡਾਈਜ਼ ਕਰਦੀ ਹੈ । ਇਕ ਪਾਸੇ ਤਾਂ ਤੁਸੀਂ ਕਹਿੰਦੇ ਹੋ ਕਿ ਗੰਨਾ ਨਹੀਂ ਚੁਕਿਆ ਜਾ ਰਿਹਾ, ਇਹ ਜ਼ਿਆਦਾ ਤੋਂ ਜ਼ਿਆਦਾ ਲਿਆ ਜਾਵੇ ਅਤੇ ਦੂਜੇ ਪਾਸੇ ਇਸ ਦੀ ਮੁਖਾਲਫਤ ਕਰਦੇ ਹੋ । ਮਿਲ ਉਨਰਾਂ ਵਿਚੋਂ ਡੀ. ਡੀ. ਪੁਰੀ ਦਾ ਨਾਮ ਲਿਆ ਗਿਆ ਕਿ ਉਸ ਨੂੰ ਫਾਇਦਾ ਪਹੁੰਚਾਇਆ ਜਾ ਰਿਹਾ ਹੈ ਮਗਰ ਨਾਲ ਹੀ ਤੁਸੀਂ ਭੋਗਪੁਰ, ਮੋਰਿੰਡਾ, ਪਾਣੀਪਤ ਦੀਆਂ ਕੋਆਪਰੇਟਿਵ ਮਿਲਾਂ ਨੂੰ ਭੁਲ ਜਾਂਦੇ ਹੋ ਜਿਨ੍ਹਾਂ ਵਿਚ ਆਮ ਕਿਸਾਨ ਸ਼ੇਅਰ-ਹੋਲਡਰ ਹਨ, ਉਨ੍ਹਾਂ ਨੂੰ ਵੀ ਫਾਇਦਾ ਹੋਵੇਗਾ । ਜੇਕਰ ਸ਼ੂਗਰ ਦੀ ਪਰੋਡਕਸ਼ਨ ਵਧੇਗੀ ਤਾਂ ਅਸੀਂ ਬਾਹਰ ਵੀ ਜ਼ਿਆਦਾ ਭੇਜ ਸਕਾਂਗੇ । ਤੁਸੀਂ ਕਿਊਬਾ ਕੇਸ ਲਉ । ਉਸ ਦੀ ਐਕਸਪੋਰਟ ਬੰਦ ਹੋਈ ਤਾਂ ਅਸੀਂ ਯੂ. ਐਸ. ਏ. ਦੀ ਮਾਰਕਿਟ ਕੈਪਚਰ ਕਰ ਸਕਦੇ ਸੀ । ਫਿਰ ਸਾਡੀਆਂ ਸਿਊਇੰਗ ਮਸ਼ੀਨਜ਼ ਅਫਰੀਕਨ ਕੰਟਰੀਜ਼ ਨੂੰ ਜਾਂਦੀਆਂ ਹਨ ।

**ਬਾਬੂ ਬਚਨ ਸਿੰਘ** : On a point of information, Sir, ਇਹ ਦੱਸ ਦੇਣ ਕਿ ਕਿਸੇ ਕੋਆਪਰੇਟਿਵ ਮਿਲ ਨੇ ਇਕ ਧੇਲੇ ਦੀ ਵੀ ਖੰਡ ਬਾਹਰ ਭੇਜੀ ਹੋਵੇ ਤਾਂ ।

**ਟ੍ਰਾਂਸਪੋਰਟ ਅਤੇ ਚੋਣ ਮੰਤਰੀ** : ਇਸ ਮੇਯਰ ਦਾ ਫਾਇਦਾ ਜਨਤਾ ਨੂੰ ਹੋਣਾ ਹੈ । ਕੀ ਉਹ ਸੋਸ਼ਲਿਜ਼ਮ ਵਿਚ ਨਹੀਂ ਆਉਂਦੀ । ਖੰਡ ਜ਼ਿਆਦਾ ਮੈਨੂਫੈਕਚਰ ਹੋਵੇਗੀ । ਇਸ ਲਈ ਇਨਸੈਨਟਿਵ ਦੇਣ ਦੀ ਲੋੜ ਹੈ । ਇਸ ਦੇ ਬਿਨਾਂ ਕੋਈ ਕਿਉਂ ਕਰੇਗਾ । ਇਸ ਦਾ ਫਾਇਦਾ ਸ਼ੇਅਰ-ਹੋਲਡਰਾਂ ਨੂੰ ਹੋਵੇਗਾ ।

**कामरेड राम प्यारा** (करनाल) : स्पीकर साहिब, इस बिल की स्टेटमैंट आफ़ आबजैक्ट्स ऐंड रीज़न्ज़ में यह कहते हैं कि "प्रोवाईडिंग इनसैंटिव रैट्रोस्पैक्टिवली" अर्ज़ यह है कि रैट्रोस्पैक्टिव इफैक्ट और इनसैंटिव का कोई सम्बन्ध नहीं है । इनसैंटिव आने वाले वक्त के लिये दिया जा सकता है न कि गुज़रे वक्त के लिये । अगर इनसैंटिव दिया जाता है तो इस लिये कि आगे के लिये ज़्यादा प्रोडक्शन हो । पहले तो यह गलत बात है कि सरकार गुज़रे हुए वक्त के लिये इनसैंटिव देने चली है । इस में कोई न कोई राज़ है जिसे सरकार बताना नहीं चाहती ।

[कामरेड राम प्यारा]

> "I am in receipt of your demi-official letter No. 21-LA-66/9921, dated the 23rd February, 1966, together with a copy of the Motion of Thanks passed by the Punjab Vidhan Sabha on the 23rd February, 1966, for the Address I delivered to both the Houses on the 14th February, 1966.
>
> I am grateful to the Punjab Vidhan Sabha for their Motion of Thanks".

---

## POINT OF ORDER

**श्री बलरामजी दास टंडन** : स्पीकर साहब, चौधरी सुन्दर सिंह ने आज रिटन स्टेटमेंट देनी थी .....

**श्री अध्यक्ष** : आप बैठ जाएं । (The hon. Member may please resume his seat.)

(श्री बलरामजी दास टडन की तरफ से विघ्न)

**श्री अध्यक्ष** : आप ने जो प्रोसीजर ले किया है मैं उसी के मुताबिक चल रहा हूं । जो काल अटेन्शन मोशनज़ एडमिट की गई हैं मैं वही ला रहा हूं । (I am following the procedure laid by the House. I have taken up only those call attention notices which have been admitted.)

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਆਨ ਏ ਪੁਆਇੰਟ ਆਫ ਆਰਡਰ, ਸਰ ।

**ਸ੍ਰੀ ਸਪੀਕਰ** : ਕੀ ਤੁਸੀਂ ਕੰਮ ਨਹੀਂ ਚਲਣ ਦਿਉਗੇ ? (Will the hon. Member not allow the proceedings to be conducted?)

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਸਪੀਕਰ ਸਾਹਿਬ, ਤੁਸੀਂ ਕਿਉਂਕਿ ਪਿਛਲੀਆਂ ਕਾਲ ਅਟੈਨਸ਼ਨ ਨੋਟਿਸਿਜ਼ ਔਰ ਐਡਜਰਨਮੈਂਟ ਮੋਸ਼ਨਜ਼ ਦੇ ਨੋਟਿਸਿਜ਼ ਦੇ ਬਾਰੇ ਆਪਣਾ ਫੈਸਲਾ ਦਿਤਾ ਹੈ, ਮੇਰੀ ਵੀ ਕਿਉਂਕਿ ਇਕ ਅਡਜਰਨਮੈਂਟ ਮੋਸ਼ਨ ਸੀ, ਉਸ ਦੇ ਸਬੰਧ ਵਿਚ ਮੈਂ ਆਪ ਅਗੇ ਇਕ ਰੀਕੁਐਸਟ ਕਰਨੀ ਹੈ ਕਿਉਂਕਿ ਤੁਸੀਂ ਉਸ ਦਿਨ ਪਰਾਮਿਜ਼ ਕੀਤਾ ਸੀ......

**Mr. Speaker :** Not here, please.

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਤੁਸੀਂ ਇਹ ਕਿਹਾ ਸੀ ਕਿ ਚੀਫ ਮਨਿਸਟਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਤੇ ਹੋਈ ਡਿਸਕਸ਼ਨ ਦਾ ਜਵਾਬ ਦਿੰਦਿਆਂ ਇਸ ਦਾ ਵੀ ਜਵਾਬ ਦੇਣਗੇ ਕਿਉਂਕਿ ਉਹ ਉਸ ਦਾ ਜਵਾਬ ਦੇ ਰਹੇ ਸੀ। ਲੇਕਿਨ ਉਨ੍ਹਾਂ ਇਸ ਚੀਜ਼ ਦਾ ਜਵਾਬ ਨਹੀਂ ਸੀ ਦਿੱਤਾ ਹਾਲਾਂਕਿ ਉਨ੍ਹਾਂ ਦਾ ਧਿਆਨ ਇਸ ਪਾਸੇ ਦਿਵਾਇਆ ਵੀ ਗਿਆ ਸੀ। ਕਿਉਂਕਿ ਸਾਡਾ ਇਹ ਡੈਫੀਨਿਟ ਚਾਰਜ ਹੈ ਕਿ ਪਬਲਿਕ ਦੇ ਖਜ਼ਾਨੇ ਵਿਚੋਂ 75 ਹਜ਼ਾਰ ਰੁਪਿਆ ਇਸ ਮਕਸਦ ਲਈ ਕਿਸ ਤਰ੍ਹਾਂ ਦਿੱਤਾ ਗਿਆ ਜਦ ਕਿ ਅਜ ਤਕ ਕਿਸੇ ਵੀ ਇਨਸਟੀਚੂਸ਼ਨ ਨੂੰ ਇਤਨੀ ਵਡੀ ਰਕਮ ਨਹੀਂ ਦਿੱਤੀ ਗਈ..........

**ਸ੍ਰੀ ਸਪੀਕਰ :** ਕਾਮਰੇਡ ਜੋਸ਼, ਆਪ ਬੈਠੋਗੇ ਜਾਂ ਨਹੀਂ ਬੈਠੋਗੇ ? (Will Comrade Josh please take his seat or not?)

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਮੈਂ ਤੁਹਾਡੇ ਕੋਲੋਂ, ਸਪੀਕਰ ਸਾਹਿਬ, ਪੁਛਣਾ ਚਾਹੁੰਦਾਂ ਹਾਂ ਕਿ ਮੇਰੀ ਐਡਜਰਨਮੈਂਟ ਮੋਸ਼ਨ ਦਾ ਆਪ ਨੇ ਕੀ ਫੈਸਲਾ ਕੀਤਾ ਹੈ।

**श्री अध्यक्ष :** जो Call Attention Notices मैं नें ऐडमिट किए हैं वहीं यहां पर लाए गए हैं और जो एडमिट नहीं किए वह नहीं लाए गए । (Only those Call Attention Notices have been taken up here which have been admitted by me.)

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਮੈਂ ਪਰੋਟੈਸਟ ਦੇ ਤੌਰ ਤੇ ਵਾਕ ਆਊਟ ਕਰਦਾ ਹਾਂ ਕਿਉਂਕਿ ਮੈਂ ਸਮਝਦਾ ਹਾਂ ਕਿ 75 ਹਜ਼ਾਰ ਰੁਪਿਆ ਸਰਕਾਰੀ ਜ਼ਖਾਨੇ ਵਿਚੋਂ-ਨਾਜਾਇਜ਼ ਤੌਰ ਤੇ ਇਸ ਮਤਲਬ ਲਈ ਦਿੱਤਾ ਗਿਆ ਹੈ। (At this stage Comrade Shamsher Singh Josh staged a walked out.)

**श्री अध्यक्ष :** मुझे अफसोस है कि बावजूद इस बात के कि इस बारे में तमाम ग्रुप लीडरज़ ने फैसला कर के एक लिबरल पालिसी अख्तयार की है कामरेड जोश ने यह तरीका अख्तयार किया है। हालांकि लोक सभा में सिर्फ एक ही काल अटेनशन नोटिस एडमिट किया जाता है लेकिन हम ने यहां पर यह फैसला किया है कि आम तौर पर दो एडमिट की जाएं और अगर कोई मामला खास अहमीयत रखता हो तो तीन कर ली जाएं । इस के बावजूद अगर कामरेड जोश यह समझते थे कि उन की काल अटेनशन मोशन जरूर एडमिट होनी चाहिए थी तो उन को बजाए यह तरीका अपनाने के हाउस में यह मसला उठाना चाहिए था और हाउस की मर्जी पर छोड़ देना चाहिए था। लेकिन क्योंकि सिर्फ वह समझते हैं कि यह जरूर एडमिट होनी चाहिए, इस तरह से काम नहीं

चल सकता (I am constrained to observe that despite the fact that in this connection a liberal policy based on the unanimous decision taken by all the group leaders in the House is being followed Comrade Josh has adopted this way of protest. Although in the Lok Sabha only one Call Attention Motion is admitted yet here we have decided that normally two motions may be admitted and in case a matter was of vital importance, the third one may also be admitted. If inspite of this Comrade Josh thinks that his call attention motion must be admitted then instead of adopting this method of walking out he should have raised the matter in the House and left it to its decision. But since he alone thinks that it must have been admitted, the business of the House cannot be carried on like this.)

**सरदार गुरनाम सिंह** : उन की क्या काल अटेनशन नोटिस थी या एजर्नमेंट मोशन थी ?

**श्री अध्यक्ष** : आई ऐम सारी। उन की एडजर्नमेंट मोशन थी। (I am sorry. This was an Adjournment Motion.)

**श्री बलरामजी दास टण्डन** : स्पीकर साहिब, आप ने यह जो फैसला किया है क्या यह काल अटेनशन नोटिसिज़ के बारे में है या एडजर्नमेंट मोशनज़ के बारे में है ?

**श्री अध्यक्ष** : यह फैसला काल अटेनशन नोटिसिज़ के बारे में है। तो मैं अर्ज़ कर रहा था कि कामरेड जोश ने यह तरीका अख्तयार करके रिफलैक्शन करने की कोशिश की है। लेकिन मैं समझता हूं कि यह कोई ऐसी चीज़ नहीं थी जिस के लिये वाक आऊट करने की ज़रूरत पड़े। जो फैसला ग्रुप लीडरज़ ने कर लिया हो उस पर अमल होना ही चाहिए। मैं उमीद करता हूं कि आयंदा के लिए हाऊस इस फैसले पर अमल करने की कोशिश करेगा। (This decision relates to the Call Attention Notices. I was submitting that by adopting this way of protest, Comrade Josh had attempted to cast a reflection on the Chair. But I think that it was not such a matter as required a walk out. Any decision taken by the group leaders must be implemented. I hope that in future, the House will make an endeavour to act upon this decision.)

**शिक्षा मंत्री** (श्री प्रबोध चंद्र) : स्पीकर साहिब, आप के कहने के बावजूद इस बारे में यहां पर एक ऐसा नज़रिया दिया गया है जिस से एक गलतफहमी पैदा हो सकती है क्योंकि उन्होंने कहा है कि 75 हज़ार रुपया पंजाब मिनिस्टरी की तरफ से दिया गया है। मैं आप की इजाज़त से यह बात साफ कर देना चाहता हूं कि यह सारा रुपया मिनिस्टरी की तरफ से नहीं दिया गया बल्कि कुछ मिनिस्टरों ने अपने 2 डिसक्रेशनरी फण्डज़ में से जितना जितना मुनासब समझा इस मतलब के लिये दिया है। The Ministry as Government has not paid anything for this memorial.

**ਸਰਦਾਰ ਲਛਮਣ ਸਿੰਘ ਗਿਲ** : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਉਸ ਦਿਨ ਜਿਸ ਵੇਲੇ ਇਸ ਐਡਜਰਨਮੈਂਟ ਮੋਸ਼ਨ ਤੇ ਬਹਿਸ ਹੋ ਰਹੀ ਸੀ ਤਾਂ ਤੁਸੀਂ ਇਕ ਗਲ ਕਹੀ ਸੀ ਕਿ ਗੌਰਮਿਟ ਇਸ ਗਲ ਦਾ ਜਵਾਬ ਦੇਵਗੀ ਜਦੋਂ ਉਸ ਦੀ ਤਰਫੋਂ ਗਵਰਨਰ ਸਾਹਿਬ ਦੇ ਐਡਰੈਸ ਤੇ ਹੋ ਰਹੀ ਡਿਸਕਸ਼ਨ ਦਾ ਜਵਾਬ ਦਿੱਤਾ ਜਾਵੇਗਾ । ਲੇਕਿਨ ਜਿਸ ਵੇਲੇ ਚੀਫ ਮਨਿਸਟਰ ਸਾਹਿਬ ਉਸ ਬਹਿਸ ਦਾ ਜਵਾਬ ਦੇ ਰਹੇ ਸਨ, ਹਾਲਾਂਕਿ ਉਨ੍ਹਾਂ ਦੀ ਤਵੱਜੋ ਇਸ ਪਾਸੇ ਵਲ 3 ਜਾਂ 4 ਦਫਾ ਦਿਲਾਈ ਵੀ ਗਈ ਸੀ, ਉਨ੍ਹਾਂ ਇਸ ਦਾ ਜਵਾਬ ਨਹੀਂ ਦਿੱਤਾ ਸੀ, ਹਾਲਾਂਕਿ ਚੀਫ ਮਨਿਸਟਰ ਸਾਹਿਬ ਨੇ ਖੁਦ ਵੀ ਇਸ ਮੈਮੋਰੀਅਲ ਲਈ ਰੁਪਿਆ ਦਿੱਤਾ ਹੋਇਆ ਸੀ। ਇਸ ਲਈ ਮੈਂ ਆਪ ਕੋਲੋਂ ਜਾਣਨਾ ਚਾਹੁੰਦਾ ਹਾਂ ਕਿ ਇਕ ਤਰਫ ਤਾਂ ਇਹ ਐਡਜਰਨਮੈਂਟ ਮੋਸ਼ਨ ਡਿਸਐਲਾਉ ਹੋ ਗਈ ਔਰ ਆਪ ਦਾ ਆਰਡਰ ਕੈਰੀ ਆਊਟ ਹੋ ਗਿਆ ਔਰ ਦੂਸਰੀ ਤਰਫ ਗੌਰਮਿੰਟ ਨੇ ਇਸ ਦਾ ਕੋਈ ਜਵਾਬ ਨਹੀਂ ਦਿਤਾ, ਇਨ੍ਹਾਂ ਹਲਾਤ ਵਿਚ ਮੈਂ ਆਪ ਕੋਲੋਂ ਪੁਛਣਾ ਚਾਹੁੰਦਾ ਹਾਂ ਕਿ ਸਾਡੇ ਪਾਸ ਇਸ ਲਈ ਕੀ ਰੈਮੇਡੀ ਹੈ..........

**श्री अध्यक्ष** : उस दिन मैं ने यह कहा था कि अगर कोई प्वायंट यहां पर किसी काल अटेनशन नोटिस के ज़रिए रेज़ किया गया हो और उस का जवाब गवर्नमेंट की तरफ से न आए तो उस काल अटेनशन नोटिस को मैं फिर से री कानसिडर करने के लिये तैयार हूंगा। यह चीज़ मैं ने काल अटेनशन नोटिसिज़ के बारे में कहीं थी और एडजर्नमेण्ट मोशनज़ के बारे में नहीं थी। एडजर्नमेंट मोशनज़ के बारे में तो यह प्रैक्टिस है कि अगर वह किसी खास अहमीयत रखने वाले मामला के बारे में होगी तो वह एडमिट हो जाएगी लेकिन गवर्नर के एड्रैस पर बहस के दौरान तो हर ऐसे मामले पर डिसकशन हो सकती है जिस का जवाब गवर्नमैण्ट की तरफ से आ जाता है। अगर किसी मामला पर गवर्नमैण्ट की तरफ से जवाब नहीं आता या जो जवाब उस की तरफ से आता है वह किसी आनरेबल मैम्बर को पसंद नहीं आता तो यह एक अलग बात है। इस बारे में मैं समझता हूं कि यहां पर काफी डिसकशन हो चुकी है। (The other day I stated that in case a point sought to be raised through a Call Attention Notice, remained unanswered by Government, when referred to during the general discussions, then I would be prepared to reconsider that Call Attention Notice. But I must make it clear that I said so in relation to Call Attention Notices alone and not to Adjournment Motions. As regards the Adjournment Motions the practice is that if it relates to specific matter of public importance, then it is admitted. But generaly during the discussion on Governor's Address, all such matters can be discussed and replied to by the Government. But if in connection with a certain matter, the Government fails to give a reply or the reply given by the Government is not acceptable to an hon. Member, then this is quite a different thing. However, I think a lot of discussion has taken place regarding this matter.)

**Sardar Gurnam Singh** : Sir, if you refer to the record you will find that one of the reasons given by you for rejecting the Adjournment Motions is that we will have ample opportunities to speak on the matter during the

general discussion. Now, Sir, you have been pleased to say that you did not say so.

**Mr. Speaker** : I said it with regard to the Call Attention Notices and not with regard to the Adjournment Motions.

**श्री बलरामजी दासटंडन** : आन ए प्वायट आफ आडर, सर। स्पीकर साहिब, मेरा प्वायंट आफ आडर यह है कि इन दिनों बहुत सी काल अटेनशन नोटिसिज़ और एडजर्नमेंट मोशन्ज़ सिर्फ इस लिये रिजैक्ट होती रही है क्योंकि उन दिनों गवर्नर के एडरेस पर डिसकशन हो रही थी और इन के बारे में मैम्बर साहिबान को डिसकस करने का मौका मिल सकता था। और अगर इस के बारे में यहां पर कुछ कहा जाएगा तो उस का जवाब गवर्नमेंट की तरफ से दिया जाएगा। इस बारे में कई मैम्बरों की तरफ से ज़िक्र किये जाने के बावजूद भी मिनिस्टरी की तरफ से इस का कोई जवाब नहीं दिया गया और इस की कोई एक्सप्लेनेशन नहीं दी गई तो .......

**श्री अध्यक्ष** : 17 तारीख के बाद मैं ने सारी काल अटैनशन मोशनज़ पैंडिंग रखी थीं, पैंडिंग दी डिसीयन आफ दी ग्रुप लीडर्ज़। उस से पहले का मुझे मालूम नहीं। (After the 17th February I had kept all the Call attention Notices pending till the decision of the group leaders. I am not aware of any other notices earlier to that).

**कामरेड राम प्यारा**: आन ए प्वायट आफ आर्डर, सर। जहां तक आप ने पार्लियामेंट के प्रोसीजर का हवाला दिया है वह ठीक है, आप का राईट हैं। लेकिन यहां पर वाज़े तौर पर एक मिनिस्टर ने कहा था कि गवर्नमैण्ट की तरफ से हम दे रहे हैं। दूसरे ने कहा कि हम स्कूल के लिये दे रहे हैं मैमोरियल के लिये नहीं दे रहे। उस वक्त मैं ने प्वायंट रेज़ किया था। बाद में एक मिनिस्टर ने कहा कि वह अपने डिस्क्रीशनरी फंड में से दे रहे हैं। तो यह बात इसी तरह बीच में रह गई। यह बात सरकार साफ करे। हम यह नहीं कहते कि आप मोशन ऐक्सैप्ट करें मगर सरकार यह बात ज़रूर साफ करे कि यह किस तरह दिया जा रहा है। अभी दास कमिशन की किताब कायम है। इस तरह से लोगों के खून पसीने की कमाई ... (विघ्न)।

**श्री अध्यक्ष** : आप की बात आ गई, आप बैठें। (The hon. Member may take his seat. This point has come.)

**कामरेड राम प्यारा** : गवर्नमैण्ट को आप हुक्म दें कि वह यह बात क्लीयर करे, हम यह नहीं कहते कि आप मोशन ऐडमिट करें।

**Mr. Speaker** : The hon. Minister for Education has made the position clear.

**ਸਰਦਾਰ ਲਛਮਣ ਸਿੰਘ ਗਿਲ** : ਕੀ ਜੀ ?

**ਸ੍ਰੀ ਸਪੀਕਰ** : ਤੁਸੀਂ ਸੁਣਿਆ ਨਹੀਂ ? (Has he not heard about it?)

**ਸਰਦਾਰ ਲਛਮਣ ਸਿੰਘ ਗਿਲ** : ਉਹ ਤਾਂ ਉਨ੍ਹਾਂ ਨੇ ਟਾਂਟਿੰਗਲੀ ਕਿਹਾ ਸੀ।

**Minister for Education** : It was no taunting. I stated the factual position. The amount has not been given on behalf of the Punjab Government or collectively on behalf of the Ministry. The individual Ministers

[Minister for Education]

have paid money out of their respective discretionary fund. The Punjab Ministry has nothing to do with it.

**कामरेड राम प्यारा** : ग्रान ए प्वायंट ग्राफ ग्रार्डर, सर। ग्रानरेबल मिनिस्टर ने कहा है कि वज़ीरों ने ग्रपने डिसक्रीशनरी फंड में से दिया है। हम यह पूछना चाहते हैं कि क्या वह पंजाब गवर्नमैंट का पैसा नहीं है, क्या मिनिस्टरों ने यह पैसा ग्रपनी जेब से दिया है ?

**ਸਰਦਾਰ ਲਛਮਣ ਸਿੰਘ ਗਿਲ** : ਸਪੀਕਰ ਸਾਹਿਬ, ਮੇਰੀ ਪ੍ਰਿਵਿਲਜ ਮੋਸ਼ਨ ਦਾ ਕੀ ਬਣਿਆ ?

**Mr. Speaker :** It is lying pending.

**ਸਰਦਾਰ ਲਛਮਣ ਸਿੰਘ ਗਿਲ** : ਇਕ ਸਾਲ ਤੋਂ ਜ਼ਿਆਦਾ ਦੀ ਪੈਂਡਿੰਗ ਪਈ ਹੈ। ਉਹ ਲੁਧਿਆਣੇ ਦੇ ਅਖ਼ਬਾਰ ਬਾਰੇ ਹੈ..........

**ਸ੍ਰੀ ਸਪੀਕਰ** : ਥੋੜਾ ਜਿਹਾ ਪੇਸ਼ੈਂਸ ਰਖੋ। ਆਪ ਦੀ ਪਹਿਲੀ ਪ੍ਰਿਵਿਲਜ ਮੋਸ਼ਨ ਪ੍ਰਿਵਿਲਜ ਕਮੇਟੀ ਨੂੰ ਰੈਫਰ ਕਰ ਦਿਤੀ ਸੀ। ਉਸ ਨੇ ਉਸ ਤੇ ਰਿਪੋਰਟ ਵੀ ਕਰ ਦਿਤੀ ਹੈ। (ਵਿਘਨ) ਪ੍ਰਿਵਿਲਜ ਕਮੇਟੀ ਨੇ ਜੋ ਫੈਸਲਾ ਕੀਤਾ ਹੈ ਉਹ ਆਪ ਦੇ ਸਾਹਮਣੇ ਉਸ ਦੀ ਰਿਪੋਰਟ ਦੀ ਸ਼ਕਲ ਵਿਚ ਆ ਜਾਵੇਗਾ। ਜ਼ਰਾ ਪੇਸ਼ੈਂਸ ਰਖੋ। (Let the hon. Member have a little patience. His earlier Question of Privilege was referred to the Committee of Privileges. The matter has been reported by it. (Interruption) The decision taken by the Committee will come before him in the shape of its report. He need not be impatient.)

---

## Papers Laid on the Table

**Minister for Health** (Shrimati Om Prabha Jain) : Sir, I beg to lay on the Table the Punjab State Legislature Officers, Ministers and Members (Medical Facilities) Rules, 1966, as required under section 2(2) of the Punjab State Legislature Officers, Ministers and Members (Medical Facilities) Act, 1965.

---

## BILLS

### (Extension of time for making the Final Reports by the Regional Committees)

### THE PUNJAB MUNICIPAL CORPORATIONS BILL, 1963

**Minister for Planning and Local Government** (Sardar Ajmer Singh) : Sir, I beg to move—

> That the time fixed for the presentation of the Final Reports of the Regional Committees on the Punjab Municipal Corporations Bill, be further extended up to the 31st August, 1966.

**Mr. Speaker** : Motion moved—

> That the time fixed for the presentation of the Final Reports of the Regional Committees on the Punjab Municipal Corporations Bill, be further extended up to the 31st August, 1966.

**ਸਰਦਾਰ ਲਛਮਣ ਸਿੰਘ ਗਿਲ** (ਜਗਰਾਉਂ) : ਮੈਂ ਇਸ ਵਕਤ ਦੀ ਐਕਸਟੈਨਸ਼ਨ ਬਾਰੇ ਕੁਝ ਅਰਜ਼ ਕਰਨੀ ਚਾਹੁੰਦਾ ਹਾਂ । (ਵਿਘਨ) ਇਹ ਟਾਈਮ ਨਹੀਂ ਚਾਹੀਦਾ ਦੇਣਾ ।

**ਸ੍ਰੀ ਸਪੀਕਰ** : ਇਹ ਇੰਡੀਵਿਜ਼ ਅਲ ਮਾਮਲਾ ਤਾਂ ਹੈ ਨਹੀਂ । It is for the Regional Committee ਉਸ ਦੇ ਆਪ ਵੀ ਮੈਂਬਰ ਹੋ। (It is not a matter relating to an individual. It is for the Regional Committee to decide. He is also a Member of that Committee.)

**ਸਰਦਾਰ ਲਛਮਣ ਸਿੰਘ ਗਿਲ** : ਗਲ ਇਹ ਹੈ ਕਿ ਅਸੀਂ ਤਾਂ ਰਿਜਨਲ ਕਮਟੀ ਵਿਚ ਵੀ ਕਈ ਵਾਰ ਕਿਹਾ ਹੈ, ਬਾਰ ਬਾਰ ਕਹਿ ਚੁਕੇ ਹਾਂ । ਇਨ੍ਹਾਂ ਨੇ ਕਿੰਨੀਆਂ ਹੀ ਐਸ਼ੋਰੈਂਸਿਜ਼ ਹਾਊਸ ਵਿਚ ਦਿਵਾਈਆਂ ਹਨ ਪਰ ਹਰ ਛੇ ਮਹੀਨਿਆਂ ਮਗਰੋਂ ਤਾਂ ਵਜ਼ੀਰ ਬਦਲ ਜਾਂਦਾ ਹੈ । ਸਰਦਾਰ ਗੁਰਬੰਤਾ ਸਿੰਘ 10 ਸਾਲ ਵਜ਼ੀਰ ਰਹੇ, 10 ਸਾਲ ਹੀ ਯਕੀਨ ਦਿਵਾਉਂਦੇ ਰਹੇ, ਹੁਣ ਸਰਦਾਰ ਅਜਮੇਰ ਸਿੰਘ ਵੀ ਯਕੀਨ ਦਿਲਾਉਂਦੇ ਰਹੇ ਹਨ, ਮਗਰ ਬਿਲ ਨਹੀਂ ਆ ਰਿਹਾ, ਇਨ੍ਹਾਂ ਨੂੰ ਲੋਕਾਂ ਦੀਆਂ ਤਕਲੀਫਾਂ ਦਾ ਅਹਿਸਾਸ ਨਹੀਂ ਹੈ । ਇਹ ਬਿਲਕੁਲ ਤਵਜੁਹ ਨਹੀਂ ਦੇ ਰਹੇ । ਮੁਸੀਬਤ ਇਹ ਹੈ ਕਿ ਇਹ ਬਹੁਤ ਇੰਪਾਰਟੈਂਟ ਬਿਲ ਹੈ । ਮਗਰ ਇਹ ਵਜ਼ੀਰ ਰੋਜ਼ ਪਾਰਟੀਬਾਜ਼ੀ ਅਤੇ ਧੜੇ ਬਾਜ਼ੀ ਕਰਕੇ ਦਿੱਲੀ ਭਜੇ ਰਹਿੰਦੇ ਹਨ, ਇਸ ਪਾਸੇ ਵਲ ਧਿਆਨ ਨਹੀਂ ਦੇ ਰਹੇ । ਹੁਣ ਚੀਫ ਅਤੇ ਹੋਮ ਮਨਿਸਟਰ ਸਾਹਿਬ, ਇਥੋਂ ਪਿਛਲੇ ਕਈ ਹਫਤਿਆਂ ਤੋਂ ਗ਼ੈਰ ਹਾਜ਼ਿਰ ਹਨ। ਬਾਰ ਬਾਰ ਕਹਿਣ ਦੇ ਬਾਵਜੂਦ ਇਕ ਕੰਪਰੀਹੈਨਸਿਵ ਬਿਲ ਨਹੀਂ ਲਿਆ ਰਹੇ । ਇਹ ਐਕਸਟੈਨਸ਼ਨ ਨਹੀਂ ਹੋਣੀ ਚਾਹੀਦੀ ਬਲਕਿ ਵਜ਼ੀਰ ਨੂੰ ਵਾਰਨਿੰਗ ਹੋਣੀ ਚਾਹੀਦੀ ਹੈ।

**ਸਰਦਾਰ ਕੁਲਬੀਰ ਸਿੰਘ** (ਫੀਰੋਜ਼ਪੁਰ) : ਸਪੀਕਰ ਸਾਹਿਬ, ਇਹ ਬਿਲ 9 ਸਾਲ ਤੋਂ ਉਪਰ ਤੋਂ ਚਲਿਆ ਆ ਰਿਹਾ ਹੈ । ਇਸ ਦੌਰਾਨ ਵਿਚ ਕਿੰਨੇ ਹੀ ਵਜ਼ੀਰ ਬਦਲੇ, ਵਜ਼ਾਰਤਾਂ ਬਦਲੀਆਂ ਮਗਰ ਇਸ ਨੂੰ ਜਾਣ ਬੁਝ ਕੇ ਡੀਲੇ ਕੀਤਾ ਜਾ ਰਿਹਾ ਹੈ । ਹਰ ਦਫਾ ਬਹਾਨੇ ਲਾ ਦਿਤੇ ਜਾਂਦੇ ਹਨ । (ਵਿਘਨ) ਨਵੇਂ ਨਵੇਂ ਹਰਬੇ ਇਸਤੇਮਾਲ ਕੀਤੇ ਜਾਂਦੇ ਹਨ, ਪੁਰਾਣੇ ਸ਼ਿਕਾਰੀ ਨਵੇਂ ਨਵੇਂ ਜਾਲ ਲੈਕੇ ਆਉਂਦੇ ਹਨ । ਕਦੀ ਕਹਿੰਦੇ ਹਨ ਸਬ ਕਮੇਟੀ ਬਣਾ ਦਿਤੀ ਹੈ, ਉਹ ਰਿਜਨਲ ਕਮੇਟੀ ਨੂੰ ਰਿਪੋਰਟ ਕਰੇਗੀ, ਮਹੀਨੇ ਗੁਜ਼ਰ ਜਾਂਦੇ ਹਨ' ਸਾਲ ਹੀ ਹੋ ਜਾਂਦੇ ਹਨ ਪਰ ਉਹ ਰਿਪੋਰਟ ਹੀ ਪੇਸ਼ ਨਹੀਂ ਹੁੰਦੀ । (ਵਿਘਨ) ਸ਼ੱਕ ਹੈ ਕਿ ਇਸ ਨੂੰ ਨਾਜਾਇਜ਼ ਤੌਰ ਤੇ ਡੀਲੇ ਕੀਤਾ ਜਾ ਰਿਹਾ ਹੈ । ਕਾਂਗਰਸ ਪਾਰਟੀ ਸਮਝਦੀ ਹੈ ਕਿ ਇਸ ਨੇ ਆਇੰਦਾ ਜਨਰਲ ਇਲੈਕਸ਼ਨਜ਼ ਵਿਚ ਹਾਰ ਜਾਣਾ ਹੈ, ਸੋ ਇਹ ਉਸ ਤੋਂ ਪਹਿਲਾਂ ਨਹੀਂ ਲਿਆਉਣਾ ਚਾਹੁੰਦੀ । ਇਹ ਜ਼ਿਆਦਤੀ ਹੈ, ਕਾਂਗਰਸ ਪਾਰਟੀ ਲੋਕਾਂ ਦੇ ਰਾਈਟਸ ਜੋ ਕਨਸਟੀਟਿਊਸ਼ਨ ਨੇ ਉਨ੍ਹਾਂ ਨੂੰ ਦਿਤੇ ਹਨ, usurp ਕਰ ਰਹੀ ਹੈ । ਇਸ ਲਈ ਅਗਰ ਵਕਤ ਦੇਣਾ ਹੀ ਹੈ ਤਾਂ ਇਸ ਸੈਸ਼ਨ ਦੇ ਦੌਰਾਨ ਤਕ ਹੀ ਮਿਆਦ ਵਧਾਈ ਜਾਵੇ, ਇਸ ਤੋਂ ਵਧ ਨਹੀਂ ।

**ਬਾਬੂ ਅਜੀਤ ਕੁਮਾਰ** (ਸਿਧਵਾਂ ਬੇਟ, ਐਸ. ਸੀ.) : ਸਪੀਕਰ ਸਾਹਿਬ, ਮੈਂ ਤਾਂ ਸਿਰਫ ਇਤਨੀ ਹੀ ਅਰਜ਼ ਕਰਨਾ ਹੈ ਕਿ ਜੋ ਕੁਝ ਦੋਸਤਾਂ ਨੇ ਕਮੇਟੀ ਦੇ ਕੰਮ ਬਾਰੇ ਜ਼ਿਕਰ ਕੀਤਾ ਹੈ ਉਸ ਬਾਰੇ ਅਰਜ਼ ਹੈ ਕਿ ਦੋਵ੍ਹਾਂ ਰਿਜਨਲ ਕਮੇਟੀਆਂ ਦੀ ਇਕ ਸਾਂਝੀ ਕਮੇਟੀ ਬਣੀ ਹੋਈ ਹੈ । ਉਸ ਨੇ ਬਹੁਤ ਮੀਟਿੰਗਾਂ ਕੀਤੀਆਂ ਹਨ, ਬੜੀ ਮਿਹਨਤ ਨਾਲ ਕਮ ਕੀਤਾ ਹੈ, ਅਤੇ ਬਿਲ ਤਿਆਰ ਹੈ, ਰਿਪੋਰਟ ਤਿਆਰ ਹੈ. ਹੁਣ ਤਾਂ ਬਸ ਰਿਜਨਲ ਕਮੇਟੀਆਂ ਵਲੋਂ ਪਾਸ ਕਰਨਾ ਦੀ ਹੀ ਦੇਰ ਹੈ । ਹੋਰ ਕੋਈ

[ਬਾਬੂ ਅਜੀਤ ਕੁਮਾਰ]
ਜਾਣ ਬੁਝ ਕੇ ਦੇਰ ਨਹੀਂ ਕੀਤੀ ਜਾ ਰਹੀ । ਇਹ ਹੋਰ ਬਿਲ ਹੈ ਮਿਊਨਿਸਪਲ ਕਾਰਪੋਰੇਸ਼ਨਜ਼ ਬਾਰੇ ਹੈ, ਉਹ ਇਸ ਤੋਂ ਜੁਦਾ ਹੈ । ਇਹ ਤਿਆਰ ਹੈ ਅਤੇ ਜਲਦੀ ਹੀ ਪਾਸ ਵੀ ਹੋ ਜਾਵੇਗਾ ।

**श्री अध्यक्ष** : यह मोशन म्यूनिसिपल कारपोरेशन्ज़ बिल के बारे है जबकि मैम्बरज़ दूसरे बिल के बारे जो कि म्यूनिसिपैलेटीज़ के बारे है, बोल रहे हैं। (This motion relates to the Municipal Corporations Bill, while the hon. Members are referring to the other Bill which is Punjab Municipal Bill.)

**कामरेड राम प्यारा** (करनाल) : स्पीकर साहिब, इस में सन 1963 लिखा हुआ है। यह गवर्नमैंट पर एक बहुत बड़ी रिफलैक्शन है कि यह इस को तब से ले कर अब तक पास नहीं करवा सकी, बल्कि लटकाती आ रही है। इस पर बहुत सा वक्त और रुपया ज़ाया किया गया है। यह हाउस गवर्नमैंट से इस बारे में पूछताछ कर सकता है। बड़ी हैरानी की बात है कि सरकार हर बार इस बारे में ऐक्स्टैनशन ही मांगती चली जा रही है। मुझे याद है कि सरदार अजमेर सिंह ने रिजनल कमेटी में एश्योरेंस दिलाई थी कि जल्दी ही इस को पास कर देंगे। मगर ऐसा नहीं किया गया। इस तरह से सरकार सारे डैमोक्रेटिक सैट अप को इग्नोर कर रही है और स्टेट के रैवेन्यूज़ पर बोझ डाल रही है। हम यह चाहते हैं कि इस तरह से गरीब आदमी के टैक्स का रुपया ज़ाया न हो और इस में इतनी देर न की जाए।

**ਯੋਜਨਾ ਅਤੇ ਸਥਾਨਕ ਸ਼ਾਸਨ ਮੰਤਰੀ** (ਸਰਦਾਰ ਅਜਮੇਰ ਸਿੰਘ) : ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਮੈਂਬਰ ਸਾਹਿਬਾਨ ਵਿਚ ਕੋਈ ਮਿਸਅੰਡਰਸਟੈਂਡਿੰਗ ਜਾਪਦੀ ਹੈ । ਕਿਉਂਕਿ ਜਿਹੜੇ ਮੈਂਬਰ ਸਬ-ਕਮੇਟੀ ਦੇ ਹਨ ਉਹ ਤਾਂ ਅਸਲੀ ਪੋਜ਼ੀਸ਼ਨ ਨੂੰ ਜਾਣਦੇ ਹਨ । ਮੈਂ ਆਪ ਦੀ ਰਾਹੀਂ ਬਾਕੀ ਦੇ ਮੈਂਬਰਾਂ ਦੇ ਗਿਆਤ ਲਈ ਇਹ ਦਸ ਦੇਣਾ ਚਾਹੁੰਦਾ ਹਾਂ ਕਿ ਅਸਲ ਪੋਜ਼ੀਸ਼ਨ ਇਹ ਹੈ ਕਿ ਇਸ ਸਬੰਧ ਵਿਚ ਦੋ ਬਿਲ ਹਨ । ਇਕ ਮਿਊਨਿਸਪਲ ਕਾਰਪੋਰੇਸ਼ਨਜ਼ ਸਬੰਧੀ ਅਤੇ ਇਸ ਤੋਂ ਅਗਲਾ ਮਿਊਨਿਸਪਲ ਕਮੇਟੀਆਂ ਬਾਰੇ ਹੈ, ਮਊਨਿਸਪਲ ਬਿਲ । ਜਿਥੋਂ ਤਕ ਪੰਜਾਬ ਮਿਊਨਿਸਪਲ ਬਿਲ ਦਾ ਸਬੰਧ ਹੈ ਇਸ ਤੇ ਬਹੁਤ ਮਿਹਨਤ ਕੀਤੀ ਗਈ ਹੈ ਅਤੇ ਮੈਂ ਸਮਝਦਾ ਹਾਂ ਕਿ ਇਸ ਦਾ ਕਰੈਡਿਟ ਮੈਂਬਰਾਂ ਨੂੰ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਬਹੁਤ ਵਕਤ ਦਿਤਾ ਹੈ ਅਤੇ ਕਈ ਦਫਾ ਬੈਠ ਕੇ ਇਸ ਬਿਲ ਦੀਆਂ ਜਿੰਨੀਆਂ ਵੀ ਕਲਾਜ਼ਾਂ ਸਨ ਉਨ੍ਹਾਂ ਨੂੰ ਚੈਕ ਕਰਕੇ, ਵਿਚਾਰ ਕੇ ਆਪਣੀ ਰੀਪੋਰਟ ਤਿਆਰ ਕੀਤੀ ਹੈ ਅਤੇ ਰਿਜਨਲ ਕਮੇਟੀ ਵਿਚ ਪੇਸ਼ ਕਰ ਦਿਤੀ ਹੈ। ਹੁਣ ਰਿਜਨਲ ਕਮੇਟੀ ਨੇ ਇਸ ਨੂੰ ਪਾਸ ਕਰਨਾ ਹੈ ਅਤੇ ਇਹ ਉਨ੍ਹਾਂ ਤੇ ਹੀ ਮੁਨਹਸਰ ਹੈ ਕਿ ਜਦ ਉਹ ਪਾਸ ਕਰਨ ਤਾਂ ਉਹ ਇਸ ਹਾਊਸ ਵਿਚ ਆਵੇ । ਕਿਉਂਕਿ ਜਿਹੜਾ ਬਿਲ ਇਸ ਹਾਊਸ ਵਿਚ ਮੂਵ ਹੋਇਆ ਅਤੇ ਰਿਜਨਲ ਕਮੇਟੀਆਂ ਨੂੰ ਰੈਫਰ ਕੀਤਾ ਗਿਆ ਅਤੇ ਫਿਰ ਰਿਜਨਲ ਕਮੇਟੀਆਂ ਨੇ ਆਪਣੀ ਜਾਇੰਟ ਸਬ-ਕਮੇਟੀ ਨੂੰ ਸੌਂਪ ਦਿਤਾ ਇਸ ਲਈ ਜਦ ਤਕ ਰਿਜਨਲ ਕਮੇਟੀਆਂ ਵਲੋਂ ਪਾਸ ਨਹੀਂ ਹੋ ਜਾਂਦਾ ਇਸ ਹਾਊਸ ਵਿਚ ਨਹੀਂ ਆ ਸਕਦਾ । ਇਸ ਲਈ ਸਾਡੇ ਪਾਸ ਹੋਰ ਦੂਜਾ ਆਲਟਰਨੇਟਿਵ ਨਹੀਂ ਰਹਿ ਜਾਂਦਾ ਕਿ ਇਸ ਹਾਊਸ ਪਾਸੋਂ ਹੋਰ ਟਾਈਮ ਮੰਗਿਆ ਜਾਵੇ ਤਾਂ ਜੋ ਇਸ ਨੂੰ ਰਿਜਨਲ ਕਮੇਟੀ ਵਿਚੋਂ ਪਾਸ ਕਰਵਾ ਕੇ ਇਸ ਹਾਊਸ ਵਿਚ ਪੇਸ਼ ਕੀਤਾ ਜਾ ਸਕੇ । ਇਸ ਸੈਸ਼ਨ ਦੇ ਦੌਰਾਨ ਤਾਂ ਵਕਤ ਮਿਲ ਨਹੀਂ ਸਕੇਗਾ ਇਸ ਲਈ ਕੁਦਰਤੀ ਸੀ ਕਿ ਇਸ ਸੈਸ਼ਨ ਤੋਂ ਬਾਅਦ ਦਾ ਵਕਤ ਮੰਗਿਆ ਜਾਂਦਾ । ਇਸ ਲਈ ਮਿਊਨਿਸਪਲ ਬਿਲ

ਆਖਰੀ ਸਟੇਜ ਤੇ ਹੈ । ਮਿਊਨਿਸਪਲ ਕਾਰਪੋਰੇਸ਼ਨਜ਼ ਬਿਲ ਬਾਰੇ ਮੈਂਬਰਾਂ ਨੇ ਕਿਹਾ ਸੀ ਕਿ ਇਟ ਕੈਨ ਵੇਟ ਕਿਉਂਕਿ ਇਸ ਦਾ ਸਬੰਧ ਇਕ ਦੋ ਸ਼ਹਿਰਾਂ ਦੇ ਨਾਲ ਹੈ । ਜਿਥੋਂ ਤਕ ਇਸ ਬਿਲ ਦਾ ਸਬੰਧ ਹੈ ਇਸ ਤੇ ਵੀ ਮੈਂਬਰ ਸਾਹਿਬਾਨ ਨੇ ਵਿਚਾਰ ਸ਼ੁਰੂ ਕੀਤੀ ਹੋਈ ਹੈ ਅਤੇ ਕੋਈ ਅਧਾ ਕਵਰ ਕਰ ਲਿਆ ਹੈ। ਅਤੇ ਅਧੀਆਂ ਕਲਾਜ਼ਾਂ ਕਰ ਚੁਕੇ ਹਾਂ ਅਤੇ ਇਸ ਦਾ ਟਾਈਮ ਹੀ ਪਹਿਲਾਂ ਹੀ ਰਿਜਨਲ ਕਮੇਟੀ ਪਾਸੋਂ 30 ਜੂਨ, 1966 ਤਕ ਦਾ ਲੈ ਚੁਕੇ ਹਾਂ । ਕਿਉਂਕਿ ਰੀਜਨਲ ਕਮੇਟੀ **ਕੋਲ** 30 ਜੂਨ ਤਕ ਦਾ ਸਮਾਂ ਹੈ ਇਸ ਲਈ ਇਥੇ ਇਸ ਹਾਊਸ ਪਾਸੋਂ 31 ਅਗਸਤ ਤਕ ਦਾ ਵਕਤ ਮੰਗਿਆ ਗਿਆ ਹੈ । ਬਾਕੀ ਅਸੀਂ ਕੋਸ਼ਿਸ਼ ਕਰਾਂਗੇ ਕਿ ਦੋਹਾਂ ਬਿਲਾਂ ਨੂੰ ਸੈਸ਼ਨ ਤੋਂ ਬਾਅਦ ਛੇਤੀ ਤੋਂ ਛੇਤੀ ਵਿਚਾਰ ਕਰਕੇ ਪਾਸ ਕਰਵਾ ਲਿਆ ਜਾਵੇ ਤਾਂ ਜੋ ਫਿਰ ਹਾਊਸ ਵਿਚ ਲਿਆਂਦਾ ਜਾ ਸਕੇ । ਇਸ ਲਈ ਇਸ ਹਾਊਸ ਨੂੰ ਟਾਈਮ ਦੀ ਐਕਸਟੈਨਸ਼ਨ ਲਈ ਪਰਵਾਨਗੀ ਦੇਣੀ ਚਾਹੀਦੀ ਹੈ।

**Mr. Speaker** : Question is—

> That the time fixed for the presentation of the Final Report of the Regional Committees on the Punjab Municipal Corporations Bill, be further extended upto 31st August, 1966.

*The motion was carried.*

## The Punjab Municipal Bill, 1963

**Planning and Local Government Minister** (Sardar Ajmer Singh) : Sir, I beg to move—

> That the time fixed for the presentation of the Final Reports of the Regional Committees on the Punjab Municipal Bill, be further extended upto 31st August, 1966.

**Mr. Speaker** . Motion moved—

> That the time fixed for the presentation of the Final Reports of the Regional Committees on the Punjab Municipal Bill, be further extended upto 31st August, 1966.

**Mr. Speaker** : Question is—

> That the time fixed for the presentation of the Final Reports of the Regional Committees on the Punjab Municipal Bill, be further extended upto 31st August, 1966.

*The motion was carried.*

---

## The Punjab Cattle Preservation Bill, 1964

**Minister of State for Animal Husbandry and Agriculture** (Captain Rattan Singh) : Sir, I beg to move—

> That the time fixed for the presentation of the Reports of the Regional Committees on the Punjab Cattle Preservation Bill, as amended by the Punjab Vidhan Parishad, be extended upto the 15th March, 1966.

**Mr. Speaker** : Motion moved—

> That the time fixed for the presentation of the Reports of the Regional Committees on the Punjab Cattle Preservation Bill, as amended by the Punjab Vidhan Parishad, be extended upto the 15th March, 1966.

**Mr. Speaker** : Question is—

That the time fixed for the presentation of the Reports of the Regional Committees on the Punjab Cattle Preservation Bill, as amended by the Punjab Vidhan Parishad, be extended upto the 15th March, 1966.

*The motion was carried.*

## The Punjab Gram Panchayat (Amendment) Bill 1965

**Minister of State for Animal Husbandry and Agriculture** (Captain Rattan Singh) : Sir, I beg to move—

That the time fixed for the presentation of the Report of the Hindi Regional Committee on the Punjab Gram Panchayat (Amendment) Bill, be further extended upto the 30th June, 1966.

**Mr. Speaker** : Motion moved—

That the time fixed for the presentation of the Report of the Hindi Regional Committee on the Punjab Gram Panchayat (Amendment) Bill, be further extended upto the 30th June, 1966.

**Mr. Speaker** : Question is—

That the time fixed for the presentation of the Report of the Hindi Regional Committee on the Punjab Gram Panchayat (Amendment) Bill, be further extended upto the 30th June, 1966.

*The motion was carried*

---

## Supplementary Estimates (Second Instalment) 1965-66

1. *Discussion on the Estimates of the expenditure charged on the revenues of the State*

**Mr. Speaker** : If any hon. Member wants to raise discussion on the charged items, he may do so.

*(No hon. member rose to speak)*

2. *Voting of the Demands for Supplementary Grants.*

**Mr. Speaker** : In order to save time of the House and keeping in view the past practice, all the under mentioned Demands for Supplementary Grants will be deemed to have been read and moved. All the cut motions given notice of by the hon. Members, will also be deemed to have been read and moved. The members, while raising discussion, may please indicate the Demands on which they wish to speak, so that the Ministers concerned may also keep a note of them.

The guillotine will be applied at 6.00 p.m.

*Demand No.* 1.—that a Supplementary sum not exceeding Rs. 1,41,780 be granted to the Governor to defray the charges that will come in course of payment for the year ending the 31st March, 1966, in respect of 12—Sales Tax.

*Demand No.* 2.—that a Supplementary sum not exceeding Rs. 9,10,040 be granted to the Governor to defray the charges that will come in course of payment for the year ending 31st March, 1966, in respect of 22—Jails.

*Demand No.* 3.—That a Supplementary sum not exceeding Rs. 1,55,79,760 be granted to the Governor to defray the charges that will come in course of payment for the year ending the 31st March, 1966, in respect of 28—Education.

*Demand No.* 4.—That a Supplementary sum not exceeding Rs. 14,89,000 be granted to the Governor to defray the charges that will come in course of payment for the year ending the 31st March, 1966, in respect of 30—Public Health.

*Demand No.* 5.—That a Supplementary sum not exceeding Rs. 1,45,580 be granted to the Governor to defray the charges that will come in course of payment for the year ending the 31st March, 1966, in respect of 42—Multipurpose River Schemes.

*Demand No.* 6.—That a Supplementary sum not exceeding Rs. 22,49,100 be granted to the Governor to defray the charges that will come in course of payment for the year ending the 31st March, 1966, in respect of 43—Irrigation, Navigation, Embankment and Drainage Works (Commercial).

*Demand No.* 7.—That a supplementary sum not exceeding Rs. 25,52,340 be granted to the Governor to defray the charges that will come in course of payment for the year ending the 31st March, 1966, in respect of Charges on Irrigition Establishment.

*Demand No.* 8.—That a Supplementary sum not exceeding Rs. 21,05,200 be granted to the Governor to defray the charges that will come in course of pavment for the year ending the 31st March, 1966, in respect of 50—Public Works.

*Demand No.* 9.—That a Supplementary sum not exceeding Rs. 3,42,280 be granted to the Governor to defray the charges that will come in course of payment for the year ending the 31st March, 1966, in respect of 70—Forests.

*Demand No.* 10—That a Supplementary sum not exceeding Rs. 57,36,110 be granted to the Governor to defray the charges that will come in course of payment for the year ending the 31st March, 1966, in respect of 71—Miscellaneous.

*Demand No.* 11.—That a Supplementary sum not exceeding Rs. 91,58,700 be granted to the Governor to defray the charges that will come in course of payment for the year ending the 31st March, 1966, in respect of 78-A-Expenditure connected with National Emergency.

*Demand No.* 12.—That a Supplementary sum not exceeding Rs. 1,92,26,790 be granted to the Governor to defray the charges that will come in course of payment for the year ending the 31st March, 1966, in respect of 99—Capital Outlay on Irrigation, Navigation, Embankment and Drainage Works (Commercial).

*Demand No.* 13.—That a Supplementary sum not exceeding Rs. 62,000 be granted to the Governor to defray the charges that will come in course of payment for the year ending the 31st March, 1966, in respect of 120—Payment of Commuted value of Pension.

*Demand No.* 14.—That a Supplementary sum not exceeding Rs. 2,63,56,560 be granted to the Governor to defray the charges tht will come in course of payment for the year ending the 31st March, 1966, in respect of 124—Capital Outlay on Schemes of Government Trading.

*Demand No.* 15.—That a Supplementary sum not exceeding Rs. 17,56,140 be granted to the Governor to defray the charges that will come in course of payment for the year ending the 31st March, 1966, in respect of Loans to Local Funds—Private Parties, etc., and Loans to Government Servants.

*Demand No.* 16.—That a Supplementary sum not exceeding Rs. 10 be granted to the Governor to defray the charges that will come in course of nayment for the year ending the 31st March, 1966, in respect of 31—Agriculture.

*Demand No.* 17.—That a Supplementary sum not exceeding Rs. 10 be granted to the Governor to defray the charges that will come in course of payment for the year ending the 31st March, 1966, in respect of 103—Capital Outlay on Public Works.

## CUT MOTIONS

### DEMAND NO. 3

### (28—Education)

1. **Principal Rala Ram :**

That the demand be reduced by Re. 1.

### DEMAND NO. 7

### (Charges on Irrigation Establishment)

2. **Principal Rala Ram :**

That the demand be reduced by Re. 1.

**कामरेड राम चन्द्र** (नूरपुर) : स्पीकर साहिब, मेरा ख्याल तो था कि बजट की जनरल बहस के वक्त बोलूं लेकिन इस वक्त मेरी कानशंस प्रिक कर रही है इस लिये खड़ा हो गया हूं। इस सम्बन्ध में दो चार बातें अर्ज करना चाहता हूं। पहली बात यह है कि सरदार प्रताप सिंह की यादगार के लिये जो रुपया मन्त्रियों ने दिया है वह कानून विरुद्ध है..... (विघ्न)।

**श्री अध्यक्ष** : आप किस डिमांड पर बोलना चाहते हैं ? (Which Demand, the hon. Member wants to discuss ?)

**कामरेड राम चन्द्र** : मेरी अर्ज़ यह है कि वैसे कोई पर्टिकुलर डिमांड तो नहीं है। मैं तो जनरल एडमिनिस्ट्रेशन के बारे में जिक्र करना चाहता हूं और यह कहना चाहता हूं कि बजट की बहस में Omission और Commission दोनों बहस में आ सकते हैं। यह जो डिस्क्रीश्नरी ग्रांटें हैं इस को एक ऐसे आदमी की यादगार बनाने पर खर्च किया जा रहा है जो कुरप्ट साबित हुआ। (विरोधी पक्ष की ओर से शेम शेम) और यह मिसयूज़ आफ दी मनी है। दूसरी अर्ज मैं यह करना चाहता हूं कि हम एक बार discretionary grants की मंजूरी दे चुके हैं। उन का गलत इस्तेमाल हुआ है। मैं उसका विरोध करना चाहता हूं।

**श्री अध्यक्ष** : इस में तो इस डिमांड का ज़िक्र नहीं है। आप कल के बाद बजट की आम बहस में इन बातों पर बोल सकते हैं। इस वक्त तो परटिकुलर डीमांड पर ही बोल सकते हैं। (There is no mention of this demand in the supplementary Demands. The hon. Member can discuss these general matters during the discussion on the Budget. At present he can speak on a particular demand only.)

**ਸਰਦਾਰ ਕੁਲਬੀਰ ਸਿੰਘ** (ਫੀਰੋਜ਼ਪੁਰ) : ਸਪੀਕਰ ਸਾਹਿਬ, ਮੈਂ ਇਸ ਸਪਲੀਮੈਂਟਰੀ ਡੀਮਾਂਡਜ਼ ਦੇ ਮੇਜਰ ਹੈਡ 9—ਲੈਂਡ ਰੈਵੇਨਿਊ, ਗਰਾਂਟ ਨੰ: 1 ਦੇ ਸਬੰਧ ਵਿਚ ਕੁਝ ਕਹਿਣਾ ਚਾਹੁੰਦਾ

ਹਾਂ । ਇਸ ਵਿਚ ਤਕਰੀਬਨ ਸਾਰੀਆਂ ਹੀ ਰਕਮਾਂ ਡੀਕ੍ਰੀਟਲ ਅਮਾਊਂਟ ਦੀਆਂ ਹਨ। ਮੈਂ ਇਨ੍ਹਾਂ ਦੀ ਤਫਸੀਲ ਵਿਚ ਨਹੀਂ ਜਾਣਾ ਚਾਹੁੰਦਾ ਕਿ ਕਿੰਨੀ ਕਿੰਨੀ ਰਕਮ ਕਿਸ ਕਿਸ ਨੂੰ ਦੇਣੀ ਪਈ, ਕਿਉਂਕਿ ਡਿਗਰੀ ਸਰਕਾਰ ਦੇ ਖਿਲਾਫ ਪਾਸ ਹੋਈ । ਮੈਂ ਇਕ ਗਲ ਕਹਿਣੀ ਚਾਹੁੰਦਾ ਹਾਂ ਕਿ ਮਹਿਕਮੇ ਦੇ ਜਿੰਨੇ ਅਹਿਲਕਾਰ ਕੁਰਪਟ ਸਾਬਤ ਹੋਏ ਹਨ ਉਨ੍ਹਾਂ ਤੇ ਜਿਹੜੇ ਮੁਕਦਮੇ ਚਲਾਏ ਗਏ ਉਨ੍ਹਾਂ ਵਿਚ ਸਰਕਾਰ ਕਾਮਯਾਬ ਨਹੀਂ ਹੋਈ । ਇਸ ਦੀ ਤਫਸੀਲ ਵਿਚ ਮੈਂ ਨਹੀਂ ਜਾਣਾ ਚਾਹੁੰਦਾ । ਹਰ ਇਕ ਕੇਸ ਵਿਚ ਇਬਾਰਤ ਲਿਖੀ ਹੋਈ ਹੈ ਪਰ ਉਸ ਤੋਂ ਸਹੀ ਹਾਲਾਤ ਦਾ ਪਤਾ ਨਹੀਂ ਲਗਦਾ। ਇਨ੍ਹਾਂ ਡੀਕ੍ਰੀਟਲ ਰਕਮਾਂ ਨੂੰ ਵੇਖ ਕੇ ਇਕ ਗਲ ਸਾਫ ਹੋ ਗਈ ਹੈ ਕਿ ਸਰਕਾਰ ਦਾ ਲਾ ਡੀਪਾਰਟ-ਮੈਂਟ ਜਾਂ ਤਾਂ ਸੁਤਾ ਰਹਿੰਦਾ ਹੈ ਜਾਂ ਆਪਣੇ ਕੰਮ ਵਿਚ ਤਵਜੋ ਨਹੀਂ ਦਿੰਦਾ । ਮੁਕਦਮੇ ਚਲਾਏ ਜਾਣ ਤੇ ਫਿਰ ਬਰੀ ਹੋ ਜਾਣ, ਕਿੰਨੀ ਸ਼ਰਮਿੰਦਗੀ ਦਾ ਬਾਇਸ ਹੈ । ਇਸ ਨਾਲ ਕੁਰਪਸ਼ਨ ਜ਼ੋਰਾਂ ਤੇ ਹੋ ਗਈ ਹੈ ।

ਦੂਜੇ ਪਾਸੇ ਦੇਸ਼ ਵਿਚ ਕੁਰਪਸ਼ਨ ਇਤਨੇ ਜ਼ੋਰਾਂ ਨਾਲ ਹੈ ਕਿ ਕਾਰਵਾਈ ਵੀ ਕਰਨੀ ਮੁਸ਼ਕਲ ਹੁੰਦੀ ਹੈ । ਜੇ ਕਿਤੇ ਹਥ ਪੈ ਜਾਂਦਾ ਹੈ ਤਾਂ ਵਕੀਲ ਪੇਸ਼ ਨਹੀਂ ਹੁੰਦਾ, ਹਾਲਾਂਕਿ ਇਹ ਬੜੀਆਂ ਬੜੀਆਂ ਰਕਮਾਂ ਸਰਕਾਰ ਤੋਂ ਚਾਰਜ ਕਰਦੇ ਹਨ । ਇਹ ਕੋਈ ਨਵੀਂ ਗੱਲ ਨਹੀਂ ਪਿਛਲੇ ਤਿੰਨ ਚਾਰ ਸਾਲ ਤੋ ਅਸੀਂ ਦੇਖ ਰਹੇ ਹਾਂ ਹਰ ਸਾਲ ਸਪਲੀਮੈਂਟਰੀ ਐਸਟੀਮੇਟਸ ਰਾਹੀਂ ਇਸ ਤਰ੍ਹਾਂ ਦੇ ਕੇਸਿਜ਼ ਆਉਂਦੇ ਹਨ । ਅਦਾਲਤ ਦਾ ਕਿਉਂਕਿ ਸਰਕਾਰ ਦੇ ਖ਼ਿਲਾਫ ਫੈਸਲਾ ਦਿਤਾ ਹੁੰਦਾ ਹੈ ਇਸ ਲਈ ਸਰਕਾਰ ਪੈਸਾ ਦੇਣ ਲਈ ਮਜਬੂਰ ਹੋ ਜਾਂਦੀ ਹੈ, ਪਰ ਅੱਜ ਤਾਈਂ ਇਸ ਗੱਲ ਦੀ ਕੋਈ ਤਹਿਕੀਕਾਤ ਨਹੀਂ ਕਰਦਾ ਕਿ ਇਸ ਦੀ ਜ਼ਿੰਮੇਵਾਰੀ ਕਿਸ ਤੇ ਹੈ । ਮੈਂ ਚਾਹੁੰਦਾ ਹਾਂ ਕਿ ਸਰਕਾਰ ਨੂੰ ਇਕ ਕਮੇਟੀ ਬਣਾਕੇ ਇਸ ਗੱਲ ਦੀ ਤਹਿਕੀਕਾਤ ਕਰਨੀ ਚਾਹੀਦੀ ਹੈ ਕਿ ਜਿਤਨੇ ਵੀ ਪਿਛਲੇ ਤਿੰਨ ਚਾਰ ਸਾਲ ਵਿਚ ਸਰਕਾਰ ਦੇ ਖਿਲਾਫ ਅਦਾਲਤਾਂ ਰਾਹੀਂ ਕੇਸਿਜ਼ ਹੋਏ ਹਨ ਇਸ ਦੇ ਵਿਚ ਕਿਸ ਦੀ ਗ਼ਲਤੀ ਹੈ । ਆਇਆ ਲਾ ਡਿਪਾਰਟਮੈਂਟ ਦੀ ਅਣਗਹਿਲੀ ਹੈ ਜਾਂ ਕੋਈ ਹੋਰ ਜ਼ਿੰਮੇਵਾਰ ਹੈ । ਜਿਥੇ ਡੀਪਾਰਟਮੈਂਟ ਨੇ ਦੁਗਣਾ ਦੁਗਣਾ ਖਰਚਾ ਪਵਾਇਆ ਹੈ, ਉਹਦਾ ਪਰਾਪਰ ਟਾਈਮ ਵਿਚ ਕਿਸੇ ਤਰ੍ਹਾਂ ਦਾ ਕੋਈ ਫੈਸਲਾ ਨਹੀਂ ਕੀਤਾ, ਕੋਰਟ ਵਿਚ ਜਾਣ ਦੀ ਕਿਉਂ ਲੋੜ ਪਈ, ਇਹ ਸਾਰੀਆਂ ਗੱਲਾਂ ਦੀ ਤਹਿਕੀਕਾਤ ਕਰਨ ਦੀ ਜ਼ਰੂਰਤ ਹੈ।

ਦੂਸਰੀ ਚੀਜ਼ ਜਿਸ ਦੇ ਵੱਲ ਮੈਂ ਸਰਕਾਰ ਦੀ ਤਵੱਜੋ ਦਿਲਾਉਣੀ ਚਾਹੁੰਦਾ ਹਾਂ ਉਹ ਇਹ ਹੈ ਕਿ ਸਪਲੀਮੈਂਟਰੀ ਡੀਮਾਂਡ ਦੇ ਪੇਜ 39, ਮੇਜਰ ਹੈਡ ਲੋਨਜ਼ ਟੂ ਪ੍ਰਾਈਵੇਟ ਪਾਰਟੀ, ਆਈਟਮ ਨੰ: 3 ਵਿਚ ਇਹ ਦਸਿਆ ਗਿਆ ਹੈ ਕਿ ਜਿਹੜੀ ਜ਼ਮੀਨ ਫਰਟੀਲਾਈਜ਼ਰ ਕਾਰਪੋਰੇਸ਼ਨ ਵੱਲੋਂ ਰਿਕੁਈਜ਼ੀਸ਼ਨ ਕੀਤੀ ਗਈ ਹੈ, ਉਨ੍ਹਾਂ ਨੂੰ ਹੁਣ ਤਾਈਂ ਕੀਤੀ ਗਈ 1,000 ਏਕੜ ਜ਼ਮੀਨ ਦਾ ਮੁਆਵਜ਼ਾ ਦੇਣ ਵਾਸਤੇ ਕਰਜ਼ਾ ਮਿਲਣਾ ਚਾਹੀਦਾ ਹੈ ਤਾਕਿ ਉਹ ਆਪਣਾ ਗੁਜ਼ਾਰਾ ਕਰ ਸਕਣ। ਇਹ ਇਕ ਬੜਾ ਪੁਰਾਣਾ ਝਗੜਾ ਹੈ । ਮੈਨੂੰ ਇਕ ਦਫਾ ਸਵਰਗਵਾਸੀ ਪ੍ਰਾਈਮ ਮਨਿਸਟਰ ਪੰਡਤ ਜਵਾਹਰ ਲਾਲ ਸਾਹਿਬ ਦੀ ਕੋਠੀ ਜਾਣ ਦਾ ਇਤਫਾਕ ਮਿਲਿਆ, ਉਥੇ ਨੰਗਲ ਦੇ ਲੋਕ ਇਸੇ ਮੁਆਵਜ਼ੇ ਦਾ ਰੋਣਾ ਰੋ ਰਹੇ ਸਨ । ਇਸ ਦੌਰਾਨ ਵਿਚ ਕਿਸੇ ਗੱਲ ਤੇ ਬਦਮਜ਼ਗੀ ਪੈਦਾ ਹੋ ਗਈ, ਪੰਡਤ ਜੀ ਨਾਰਾਜ਼ ਹੋ ਗਏ ਅਤੇ ਪੁਲਿਸ ਨੇ ਉਨ੍ਹਾਂ ਨੂੰ ਡੰਡੇ ਮਾਰ ਮਾਰ ਕੇ ਬਾਹਰ ਕੱਢ ਦਿੱਤਾ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਸਰਕਾਰ ਲਈ ਇਹ ਇਕ ਮਾਮੂਲੀ ਜੇਹੀ ਗੱਲ ਹੈ, ਲੋਕਾਂ ਨੂੰ ਖਾਹ-ਮਖਾਹ ਤਕਲੀਫ ਦੇ ਵਿਚ ਪਾਇਆ ਹੋਇਆ ਹੈ । ਇਨ੍ਹਾਂ ਦੇ ਰਿਹੈਬਿਲੀਟੇਸ਼ਨ ਦੇ ਮਸਲੇ ਹੁਣ ਤਾਈਂ ਸਰਕਾਰ ਵਾਸਤੇ ਵੀ ਸਰਦਰਦੀ ਦਾ ਬਾਇਸ ਬਣੇ ਹੋਏ ਹਨ । ਪਹਿਲਾਂ ਦੋ ਹਜ਼ਾਰ ਏਕੜ ਐਕੁਆਇਰ ਕਰ ਲਈ, ਫੇਰ ਵਧ ਸਮਝ ਕੇ ਇਕੋ ਹਜ਼ਾਰ ਲੋਕਾਂ ਨੂੰ ਦੇਣਾ ਚਾਹੁੰਦੇ ਹਨ । ਵਾਪਸ

[ਸਰਦਾਰ ਕੁਲਬੀਰ ਸਿੰਘ]

ਕਰਨ ਵਿਚ ਵੀ ਲੋਕਾਂ ਤੋਂ ਮੁਨਾਫਾ ਕਮਾਉਣਾ ਚਾਹੁੰਦੇ ਹਨ । ਇਹ ਇਕ ਬਹੁਤ ਹੀ ਬੁਰੇ ਤਰੀਕੇ ਦੀ ਲੀਗਲ ਹਿਟ ਹੈ, ਜੋ ਸਰਕਾਰ ਨਾਜਾਇਜ਼ ਢੰਗ ਨਾਲ ਨੰਗਲ ਦੇ ਲੋਕਾਂ ਨੂੰ ਪਹੁੰਚਾਉਣਾ ਚਾਹੁੰਦੀ ਹੈ । ਇਸ ਤਰ੍ਹਾਂ ਦੀਆਂ ਨਾਜਾਇਜ਼ ਗੱਲਾਂ ਦੀ, ਜਿਹੜੇ ਨਾਜਾਇਜ਼ ਫਾਇਦਾ ਉਠਾਉਣਾ ਚਾਹੁੰਦੇ ਹੋਣ, ਲੋਕਾਂ ਨੂੰ ਰੋਕ ਹੋਣੀ ਚਾਹੀਦੀ ਹੈ।

ਇਸ ਦੇ ਨਾਲ ਹੀ ਡੀਮਾਂਡ ਨੰ: 5 ਹੈ ਜੇਲਜ਼ ਦੇ ਮੁਅਤਲਿਕ । ਇਸ ਦੇ ਵਿਚ ਪੰਜਾਬ ਸਰਕਾਰ ਨੇ ਕਿਹਾ ਹੈ, ਜੰਗ ਦੇ ਦੌਰਾਨ ਜੋ ਪਾਕਿਸਤਾਨ ਦੇ ਕੈਦੀਆਂ ਨੂੰ ਰੱਖਣ ਦਾ ਖਰਚਾ ਆਇਆ ਹੈ, ਇਹ ਖਰਚ ਉਹ ਹੈ । ਇਸ ਬਾਰੇ ਮੈਂ ਇਤਨਾ ਹੀ ਅਰਜ਼ ਕਰਾਂਗਾ ਕਿ ਇਹ ਜੋ ਜੰਗ ਹੈ ਇਹ ਪੰਜਾਬ ਸਰਕਾਰ ਦੀ ਨਹੀਂ ਹੈ । ਇਹ ਸਾਰਾ ਖਰਚਾ ਸੈਂਟਰਲ ਸਰਕਾਰ ਨੂੰ ਬਰਦਾਸ਼ਤ ਕਰਨਾ ਚਾਹੀਦਾ ਸੀ । ਇਹ ਠੀਕ ਹੈ ਕਿ ਇਲਾਕੇ ਦੇ ਲਿਹਾਜ਼ ਨਾਲ ਪੰਜਾਬ ਸਰਕਾਰ ਦਾ ਹੀ। ਤਅਲੱਕ ਹੈ ਪਰ ਡੀਫੈਂਸ ਪਰਪਜ਼ਜ਼ ਲਈ ਸਾਰਾ ਖਰਚਾ ਸੈਂਟਰ ਸਰਕਾਰ ਤੋਂ ਲੈਣਾ ਚਾਹੀਦਾ ਹੈ ।

***(At this stage the Deputy Speaker occupied the Chair.)***

ਇਕ ਆਈਟਮ ਹੈ ਇਥੇ ਅਹਿਲਕਾਰਾਂ ਦੇ ਟੀ. ਏ., ਡੀ. ਏ. ਦੇ ਮੁਤਅਲਿਕ। ਇਸ ਸਿਲਸਿਲੇ ਵਿਚ ਮੈਂ ਇਹੋ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸੈਂਟਰਲ ਸਰਕਾਰ ਨੇ ਜਿਤਨੀ ਮਹਿੱਗਾਈ ਭੱਤਾ ਆਪਣੇ ਮੁਲਾਜ਼ਮਾਂ ਦਾ ਵਧਾਇਆ ਹੈ ਉਤਨਾ ਹੀ ਰਾਜ ਸਰਕਾਰ ਦੇ ਮੁਲਾਜ਼ਮਾਂ ਦਾ ਵੀ ਵਧਣਾ ਚਾਹੀਦਾ ਸੀ । ਪਰ ਵੇਖਣ ਵਿਚ ਇਹ ਆਇਆ ਹੈ ਕਿ ਸੈਂਟਰ ਦੇ ਮੁਲਾਜ਼ਮਾਂ ਦਾ ਮਹਿੰਗਾਈ ਭੱਤਾ ਹੋਰ ਹੈ ਅਤੇ ਸੂਬੇ ਦੇ ਮੁਲਾਜ਼ਮਾਂ ਦਾ ਹੋਰ । ਮੈਨੂੰ ਸਮਝ ਨਹੀਂ ਆਉਂਦੀ ਕਿ ਜੇ ਕੁਝ ਮਹਿੰਗਾਈ ਭੱਤੇ ਤੋਂ ਬਿਨਾਂ ਸੈਂਟਰ ਦੇ ਮੁਲਾਜ਼ਮ ਗੁਜ਼ਾਰਾ ਨਹੀਂ ਕਰ ਸਕਦੇ ਤਾਂ ਪੰਜਾਬ ਦੇ ਮੁਲਾਜ਼ਮ ਕਿਵੇਂ ਗੁਜ਼ਾਰਾ ਕਰ ਸਕਦੇ ਹਨ । ਇਸ ਲਈ ਇਹ ਮਹਿੰਗਾਈ ਅਲਾਊਂਸ ਜੋ ਸੈਂਟਰ ਦਾ ਹੈ ਉਹੀ ਪੰਜਾਬ ਦਾ ਹੋਣਾ ਚਾਹੀਦਾ ਹੈ । ਇਕ ਦਰਜੇ ਦੇ ਆਦਮੀਆਂ ਨਾਲ ਇਕ ਕਿਸਮ ਦਾ ਹੀ ਸਲੂਕ ਹੋਣਾ ਚਾਹੀਦਾ ਹੈ । ਇਸ ਦਾ ਨਤੀਜਾ ਇਹ ਵੀ ਹੋਇਆ ਹੈ ਕਿ ਲੋਕ ਪੰਜਾਬ ਸਟੇਟ ਦੀ ਨੌਕਰੀ ਛਡ ਕੇ ਸੈਂਟਰ ਨੂੰ ਜਾ ਰਹੇ ਹਨ । ਉਥੇ ਜਾ ਕੇ ਉਹ ਵਧ ਪੈਸੇ ਲੈਂਦੇ ਹਨ ਭਾਵੇਂ ਉਨ੍ਹਾਂ ਦੀ ਕੁਆਲੀਫੀਕੇਸ਼ਨ ਘਟ ਕਿਉਂ ਨਾ ਹੋਵੇ । ਤਨਖਾਹ ਅਤੇ ਮਹਿੰਗਾਈ ਅਲਾਊਂਸ ਪੰਜਾਬ ਦੇ ਮੁਲਾਜ਼ਮਾਂ ਦਾ ਇਸ ਲਈ ਮੈਂ ਕਹਾਂਗਾ ਕਿ ਸੈਂਟਰ ਦੇ ਲੈਵਲ ਤੇ ਹੋਣਾ ਚਾਹੀਦਾ ਹੈ ।

**ਸਰਦਾਰ ਕਰਮ ਸਿੰਘ ਕਿਰਤੀ** (ਜਾਲੰਧਰ ਛਾਉਣੀ) : ਡਿਪਟੀ ਸਪੀਕਰ ਸਾਹਿਬਾ, ਡੀਮਾਂਡ ਨੰ: 14 ਦੇ ਵਿਚ ਸਰਕਾਰ ਨੇ 63 ਕਰੋੜ ਰੁਪਏ ਦੀ ਮੰਗ ਕੀਤੀ ਹੈ । ਮੈਂ ਇਸ ਦੇ ਮੁਤਅਲਿਕ ਇਕ ਦੋ ਸੁਝਾਉ ਆਪ ਜੀ ਦੀ ਖਿਦਮਤ ਦੇ ਵਿਚ ਪੇਸ਼ ਕਰਨਾ ਚਾਹੁੰਦਾ ਹਾਂ।

ਪਹਿਲੀ ਗੱਲ ਤਾਂ ਮੈਂ ਇਹ ਅਰਜ਼ ਕਰਾਂਗਾ ਕਿ ਇਹ ਚੰਗਾ ਨਹੀਂ ਲਗਦਾ ਕਿ ਸਰਕਾਰ ਵੀ ਵਪਾਰੀਆਂ ਦੀ ਤਰ੍ਹਾਂ ਦਾ ਢੰਗ ਇਖਤਿਆਰ ਕਰੇ । ਇਸ ਬਾਰੇ ਡਿਟੇਲ ਨਾਲ ਤਾਂ ਜਦੋਂ ਬਜਟ ਡਿਸਕਸ ਹੋਵੇਗਾ ਉਦੋਂ ਹੀ ਅਰਜ਼ ਕਰਾਂਗਾ ਇਸ ਵੇਲੇ ਤਾਂ ਇਤਨਾ ਹੀ ਕਹਿ ਦੇਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਐਗਰੀਕਲਚਰ ਫੂਡ ਟਰੇਡਿੰਗ ਕਰਕੇ ਸਾਰੀ ਦੀ ਸਾਰੀ ਪੈਦਾਵਾਰ ਗਰੋਅਰ ਦੀ ਖਰੀਦ ਕਰਨੀ ਚਾਹੀਦੀ ਹੈ। ਹੋਰ ਕਿਸੇ ਚੀਜ਼ ਦਾ ਵਪਾਰ ਕਰਨਾ ਸਰਕਾਰ ਨੂੰ ਸ਼ੋਭਦਾ ਨਹੀਂ । ਜ਼ਿਮੀਂ-ਦਾਰ ਦੀ ਜੋ ਹਾਲਤ ਇਸ ਵੇਲੇ ਹੈ ਉਸ ਤੋਂ ਆਪ ਸਾਰੇ ਜਾਣੂ ਹੋ । ਇਸ ਪਾਸ ਇਕ ਪੈਸਾ ਤੱਕ ਨਹੀਂ ਬਚਦਾ, ਨਾ ਉਸਦੀ ਕੋਈ ਇਮਦਾਦ ਕੀਤੀ ਜਾਂਦੀ ਹੈ । ਦੂਸਰੇ ਪਾਸੇ ਤੋਂ ਕਰੋੜਾਂ ਰੁਪਏ ਦਾ ਅਨਾਜ ਸਰਕਾਰ ਬਾਹਰ ਤੋਂ ਮੰਗਵਾਉਂਦੀ ਹੈ । ਪੰਜਾਬ ਦੇ ਕਿਸਾਨ ਦੀ ਹਾਲਤ ਦਾ

ਜੇ ਦੂਸਰੇ ਸੂਬਿਆਂ ਦੇ ਨਾਲ ਮੁਕਾਬਲਾ ਕਰਕੇ ਵੇਖੀ ਜਾਵੇ ਤਾਂ ਜੋ ਪੈਸੇ ਪੰਜਾਬ ਦੇ ਕਿਸਾਨ ਨੂੰ ਮਿਲਦੇ ਹਨ ਉਸਦੇ ਨਾਲੋਂ ਕਿਤੇ ਜ਼ਿਆਦਾ ਮਦਰਾਸ, ਦਿੱਲੀ, ਯੂ. ਪੀ., ਆਦਿ ਦੇ ਕਿਸਾਨ ਨੂੰ ਉਸ ਦੀ ਪੈਦਾਵਾਰ ਦੇ ਮਿਲਦੇ ਹਨ । ਇਸ ਦਾ ਮਤਲਬ ਇਹ ਨਹੀਂ ਹੋਣਾ ਚਾਹੀਦਾ ਕਿ ਜੇ ਕੋਈ ਸ਼ਖਸ ਆਪਣਾ ਖਰਚ ਘਟ ਕਰਕੇ ਪੈਦਾਵਾਰ ਕਰੇ ਤਾਂ ਉਸ ਨੂੰ ਇਵਜ਼ਾਨਾ ਵੀ ਘਟ ਮਿਲੇ। ਜ਼ਿਮੀਂਦਾਰ ਦੀ ਜੋ ਮੱਕੀ ਹੋਈ ਹੈ ਉਸ ਦਾ ਭਾਉ ਮਾਰਕਿਟ ਵਿਚ 47 ਰੁਪਏ ਕਵਿੰਟਲ ਹੈ ਜਦੋਂ ਕਿ ਜੇਕਰ 50 ਮੀਲ ਪਰੇ ਦਿੱਲੀ ਚਲੇ ਜਾਈਏ ਤਾਂ 67 ਰੁਪਏ ਹੈ, ਯੂ ਪੀ. ਵਿਚ ਚਲੇ ਜਾਉ ਤਾਂ 87 ਰੁਪਏ ਹੈ । ਮੈਂ ਕਹਿੰਦਾ ਹਾਂ ਕਿ ਜੇਕਰ ਸਰਕਾਰ ਨੇ ਵਪਾਰ ਕਰਨਾ ਹੈ ਤਾਂ ਉਹ ਲੋਕਾਂ ਕੋਲੋਂ 87 ਰੁਪਏ ਦੇ ਹਿਸਾਬ ਨਾਲ ਕਿਉਂ ਨਹੀਂ ਖਰੀਦਦੀ । ਅੱਜ ਕਲ ਸਿਆਲ ਦੇ ਦਿਨਾਂ ਵਿਚ ਲੋਕ ਰਹੁ ਪੀੜ ਕੇ ਆਪਣਾ ਗੁਜ਼ਾਰਾ ਕਰ ਲੈਂਦੇ ਸੀ ਲੇਕਿਨ ਹੁਣ ਸਰਕਾਰ ਨੇ ਗੰਨੇ ਤੇ ਵੀ ਟੈਕਸ ਲਾਇਆ ਹੋਇਆ ਹੈ । ਸਰਦਾਰ ਕਪੂਰ ਸਿੰਘ ਹੋਰੀਂ ਮੇਰੇ ਨਾਲ ਪਿੰਡਾਂ ਦੇ ਵਿਚ ਚਲ ਕੇ ਵੇਖਣ ਕਿ ਗੰਨੇ ਦੀ ਕੀ ਹਾਲਤ ਹੋ ਰਹੀ ਹੈ । ਪਿੰਡਾਂ ਦੇ ਵਿਚ ਜਿਨ੍ਹਾਂ ਨੂੰ ਖੰਡਸਾਰੀ ਦੇ ਲਾਈਸੈਂਸ ਮਿਲੇ ਹੋਏ ਹਨ ਉਹ 11 ਆਨੇ ਮਣ ਦੇ ਹਿਸਾਬ ਨਾਲ ਗੰਨਾ ਪੀੜ ਰਹੇ ਹਨ, ਗੁੜ ਦੀ ਕੀਮਤ ਇਸ ਵੇਲੇ 13 ਰੁਪਏ ਮਣ ਹੈ, ਮੰਡੀਆਂ ਦੇ ਵਿਚ ਗੁੜ ਰੁਲ ਰਿਹਾ ਹੈ । ਪਿਛਲੇ ਸਾਲ 36/37 ਰੁਪਏ ਮਣ ਗੁੜ ਸੀ, ਹੁਣ ਵੀ ਸ਼ੁਰੂ ਸ਼ੁਰੂ ਵਿਚ ਜਦੋਂ 27 ਰੁਪਏ ਮਣ ਹੋਇਆ ਤਾਂ ਮਾਸਟਰ ਗੁਰਬੰਤਾ ਸਿੰਘ ਹੋਰਾਂ ਵਰਗਿਆਂ ਗੁੜ ਕਢ ਕੇ ਵੇਚਿਆ ਲੇਕਿਨ ਹੁਣ ਜਦੋਂ ਗੁੜ ਦਾ ਭਾਉ ਗਿਰ ਗਿਆ ਹੈ ਤਾਂ ਲੋਕ ਕਮਾਦ ਪੀੜਨਾ ਨਹੀਂ ਚਾਹੁੰਦੇ ਬਲਕਿ ਮਿਲ ਵਾਲਿਆਂ ਨੂੰ ਗੰਨਾ ਦੇਣਾ ਚਾਹੁੰਦੇ ਹਨ ਮਗਰ ਮਿੱਲਾਂ ਵਾਲੇ ਖਰੀਦਦੇ ਨਹੀਂ । ਮਿਲ ਭੋਗਪੁਰ ਜਾਂ ਬਠਿੰਡੇ ਹੁੰਦੀ ਹੈ ਪਰ ਲੋਕ ਫੀਰੋਜ਼-ਪੁਰ ਤੋਂ ਆਉਂਦੇ ਹਨ ਕਿ ਸਾਨੂੰ ਗੰਨੇ ਦੀ ਪਰਚੀ ਲੈ ਦਿਉ । ਸਰਕਾਰ ਨੂੰ ਚਾਹੀਦਾ ਹੈ ਕਿ ਜ਼ਿਮੀਂਦਾਰਾਂ ਦੀ ਹਾਲਤ ਤੇ ਤਰਸ ਕਰੇ। ਜਿਹੜੀ ਫੂਡ ਦੀ ਟਰੇਡ ਹੈ ਇਹ ਆਪਣੇ ਹਥ ਵਿਚ ਲਏ ਔਰ ਇਸ ਦੇ ਯੂਨੀਫਾਰਮ ਰੇਟ ਹੋਣੇ ਚਾਹੀਦੇ ਹਨ । ਗੰਨਾ ਵੀ ਗੌਰਮੈਂਟ ਦਾ ਫਰਜ਼ ਹੈ ਖੁਦ ਖਰੀਦੇ । ਬਸ ਏਨਾ ਕਹਿ ਕੇ ਮੈਂ ਬੈਠਦਾ ਹਾਂ।

**ਸਰਦਾਰ ਉਮਰਾਉ ਸਿੰਘ** (ਪੱਟੀ) : ਡਿਪਟੀ ਸਪੀਕਰ ਸਾਹਿਬਾ, ਮੈਂ ਬੋਲਣਾ ਤਾਂ ਦੂਸਰੀ ਡੀਮਾਂਡ ਤੇ ਸੀ ਪਰ ਪਹਿਲਾਂ ਖੇਮ ਕਰਨ ਤੇ ਹੀ ਬੋਲਦਾ ਹਾਂ ਕਿਉਂਕਿ ਤੁਸੀਂ ਆਗਿਆ ਦਿਤੀ ਹੈ । ਮੈਂ ਅਖਬਾਰਾਂ ਵੀ ਪੜ੍ਹੀਆਂ ਹਨ ਔਰ ਖੇਮਕਰਨ ਜਾ ਕੇ ਪਿੰਡਾਂ ਦੇ ਵਿਚ ਦੇਖਿਆ ਹੈ ਕਿ ਕੀ ਹਾਲ ਹੈ । ਮੈਂ ਹੈਰਾਨ ਹਾਂ ਕਿ ਤਾਸ਼ਕੰਦ ਦਾ ਸਮਝੌਤਾ ਕਿਸ ਤਰ੍ਹਾਂ ਨੇਪਰੇ ਚੜ੍ਹੇਗਾ । ਡਿਪਟੀ ਸਪੀਕਰ ਸਾਹਿਬਾ, ਜਿੱਥੋਂ ਤਕ ਤੁਸੀਂ ਗਏ ਸੀ ਉਥੋਂ ਤੋਂ ਲੈ ਕੇ ਆਖੀਰ ਬਾਰਡਰ ਤਕ ਨਾ ਕੋਈ ਟਾਹਲੀ ਹੈ ਔਰ ਨਾ ਹੀ ਉਨ੍ਹਾਂ ਨੇ ਕੋਈ ਕਿੱਕਰ ਹੀ ਛੱਡੀ ਹੈ । ਲੇਕਿਨ ਦੂਸਰੇ ਪਾਸੇ ਤੁਸੀਂ ਬਰਕੀ ਅਤੇ ਇੱਛੋਗਿਲ ਚਲ ਕੇ ਦੇਖੋ ਸਾਡੀਆਂ ਫੌਜਾਂ ਨੇ ਕੋਈ ਚੀਜ਼ ਵੀ ਨਹੀਂ ਹਿਲਾਈ। ਮਗਰ ਅਫਸੋਸ ਦੀ ਗਲ ਹੈ ਕਿ ਪਾਕਿਸਤਾਨ ਵਾਲਿਆਂ ਨੇ ਖੇਮਕਰਨ ਦੇ ਵਿਚ ਇਕ ਮਕਾਨ ਵੀ ਠੀਕ ਹਾਲਤ ਵਿਚ ਨਹੀਂ ਰਹਿਣ ਦਿੱਤਾ । ਜਦੋਂ ਪਾਕਿਸਤਾਨ ਨੇ ਹਮਲਾ ਕੀਤਾ ਸੀ ਤਾਂ ਇਕ ਆਦਮੀ ਦੇ ਪਿਤਾ ਦੀ ਮਕਾਨ ਦੇ ਵਿਚ ਹੀ ਮੌਤ ਹੋ ਗਈ ਸੀ । ਉਹ ਇਸ ਖਿਆਲ ਦੇ ਨਾਲ ਉਥੇ ਗਿਆ ਕਿ ਸ਼ਾਇਦ ਉਸ ਨੂੰ ਉਸ ਦੇ ਬਾਪ ਦੀ ਹਡੀ ਪਸਲੀ ਮਿਲ ਜਾਵੇ ਤੇ ਉਹ ਸੰਸਕਾਰ ਕਰੇ ਲੇਕਿਨ ਉਥੇ ਜਾ ਕੇ ਦੇਖਿਆ ਤਾਂ ਉਥੇ ਝਾੜੂ ਫਿਰਿਆ ਹੋਇਆ ਸੀ । ਜਿਹੜੇ ਆਦਮੀ ਪਾਕਿਸਤਾਨ ਨੇ ਫੜੇ ਸੀ ਉਹ ਦਸਦੇ ਹਨ ਕਿ ਇਕ ਇਕ ਮਕਾਨ ਵਿਚ 25, 25 ਡੰਗਰ ਮਰੇ ਪਏ ਸਨ ਲੇਕਿਨ ਉਨ੍ਹਾਂ ਨੇ ਉਹ ਬਿਲਕੁਲ ਸਾਫ ਕਰ ਦਿਤੇ ਔਰ ਆਖੀਰਲੇ ਦਿਨਾਂ ਵਿਚ ਉਨ੍ਹਾਂ ਨੇ ਗਰੀਬ ਆਦਮੀਆਂ ਦੀਆਂ ਝੌਂਪੜੀਆਂ ਤੋਂ ਛੱਤਾਂ ਵੀ ਲਾਹ ਕੇ ਢੋ ਲਈਆਂ ਸਨ। ਮੈਂ ਸਰਕਾਰ

[ਸਰਦਾਰ ਉਮਰਾਉ ਸਿੰਘ]

ਦਾ ਧਿਆਨ ਏਸ ਪਾਸੇ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਉਹ ਨਿਰੇ ਕਾਗਜ਼ਾਂ ਅਤੇ ਫਾਈਲਾਂ ਤੇ ਹੀ ਨਾ ਜਾਣ ਬਲਕਿ ਉਹ ਆਪਣੇ ਪਰਾਈਮ ਮਨਿਸਟਰ ਨੂੰ ਇਹ ਕਹਿਣ ਕਿ ਜਿਹੜੇ 12/13 ਪਿੰਡ ਪਾਕਿਸਤਾਨ ਦੇ ਕਬਜ਼ੇ ਵਿਚ ਆਏ ਸਨ ਉਹ ਖੁਦ ਜਾ ਕੇ ਉਨ੍ਹਾਂ ਨੂੰ ਦੇਖਣ। ਮੌਕੇ ਤੇ ਜਾ ਕੇ ਦੇਖਣ। ਬੀਬੀ ਜੀ, ਜਦੋਂ ਲੜਾਈ ਹੋ ਰਹੀ ਸੀ ਉਦੋਂ ਮੈਨੂੰ ਇਤਨਾ ਅਫਸੋਸ ਨਹੀਂ ਸੀ ਲੇਕਿਨ ਹੁਣ ਜਦੋਂ ਮੈਂ ਜਾ ਕੇ ਉਨ੍ਹਾਂ ਪਿੰਡਾਂ ਦੀ ਹਾਲਤ ਵੇਖੀ ਹੈ ਤਾਂ ਮੈਨੂੰ ਦੋ ਰਾਤਾਂ ਨੀਂਦ ਨਹੀਂ ਆਈ। ਤੁਸੀਂ ਬਰਕੀ ਅਤੇ ਡੋਗਰੈਈ ਦਾ ਹਾਲ ਵੀ ਵੇਖੋ ਅਤੇ ਸਾਡੇ ਪਿੰਡਾਂ ਦਾ ਹਾਲ ਵੀ ਦੇਖੋ। ਜਦੋਂ ਅਸੀਂ ਅਫਸਰਾਂ ਦੇ ਕੋਲੋਂ ਇਸ ਗਲ ਦੀ ਮੰਗ ਕਰਦੇ ਹਾਂ ਕਿ ਇਹ ਜਿਨ੍ਹਾਂ ਲੋਕਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਮੁਆਵਜ਼ਾ ਮਿਲਣਾ ਚਾਹੀਦਾ ਹੈ ਤਾਂ ਅੱਗੋਂ ਜਵਾਬ ਮਿਲਦਾ ਹੈ ਕਿ ਤੁਸੀਂ ਨੈਸ਼ਨਲ ਇੰਟਰੈਸਟ ਦੇ ਵਿਚ ਸਭ ਕੁਝ ਬਰਦਾਸ਼ਤ ਕਰੋ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਨੈਸ਼ਨਲ ਇੰਟਰੈਸਟ ਦਾ ਭਾਰ ਸਾਰਾ ਉਨ੍ਹਾਂ ਲੋਕਾਂ ਦੇ ਸਿਰ ਤੇ ਹੀ ਪਾਉਣਾ ਹੈ ? ਉਨ੍ਹਾਂ ਦੇ ਕੋਲ ਏਸ ਵੇਲੇ ਨਾ ਕੋਈ ਰਹਿਣ ਨੂੰ ਥਾਂ ਹੈ ਅਤੇ ਨਾ ਹੀ ਕੋਈ ਡੰਗਰ ਵੱਛਾ ਹੈ। ਮੈਂ ਐਡਮਨਿਸ-ਟਰੇਟਿਵ ਕਮੇਟੀ ਦੇ ਅਗੇ ਅਪੀਲ ਕੀਤੀ ਸੀ ਕਿ ਉਹ ਇਲਾਕਾ ਮੈਦਾਨੇ ਜੰਗ ਬਣ ਗਿਆ ਹੈ। ਇਸ ਕਰਕੇ 50, 60 ਹਜ਼ਾਰ ਏਕੜ ਜ਼ਮੀਨ ਕਿਸੇ ਦੂਸਰੇ ਸੂਬੇ ਵਿਚ ਜਾਂ ਆਪਣੇ ਸੂਬੇ ਦੇ ਵਿਚ ਕਿਸੇ ਹੋਰ ਥਾਂ ਤੇ ਦਿੱਤੀ ਜਾਵੇ ਔਰ ਜਿਹੜੀ ਬਾਰਡਰ ਤੇ ਜ਼ਮੀਨ ਹੈ ਉਹ ਉਸ ਜ਼ਮੀਨ ਦੇ ਜਿਹੜੇ ਮਾਲਕ ਹਨ ਉਨ੍ਹਾਂ ਨੂੰ ਹੀ ਲੀਜ਼ ਤੇ ਦੇ ਕੇ ਵਾਹੁਣ ਦੀ ਇਜਾਜ਼ਤ ਦਿੱਤੀ ਜਾਵੇ। ਮੈਂ ਏਥੇ ਬਗੈਰ ਕਿਸੇ ਝਿਜਕ ਤੋਂ ਦਸਣਾ ਚਾਹੁੰਦਾ ਹਾਂ ਕਿ ਇਹ ਸਮਝੌਤਾ ਬਹੁਤੀ ਦੇਰ ਤਕ ਨਹੀਂ ਨਿਭਣਾ। ਉਥੇ ਜੋ ਕੁਝ ਸ਼ਾਸਤਰੀ ਜੀ ਨੂੰ ਅਤੇ ਸਾਡੇ ਹੋਰ ਲੀਡਰਾਂ ਨੂੰ ਗਾਲਾਂ ਲਿਖ ਕੇ ਗਏ ਹਨ ਉਸ ਤੋਂ ਇਹ ਮਾਲੂਮ ਹੁੰਦਾ ਹੈ ਕਿ ਇਹ ਜ਼ਿਆਦਾ ਚਿਰ ਨਹੀਂ ਨਿਭਣੀ। ਅਗੇ ਵੀ ਅਸੀਂ ਅਣਭੋਲ ਹੀ ਮਾਰੇ ਗਏ ਸੀ। ਇਹ ਤੁਹਾਡਾ ਮੈਦਾਨੇ ਜੰਗ ਬਣਿਆ ਹੋਇਆ ਹੈ। ਹੁਣ ਤੁਸੀਂ ਮੌਕੇ ਨੂੰ ਸੰਭਾਲੋ। ਬਾਰਡਰ ਤੇ ਉਨ੍ਹਾਂ ਨੇ ਇਕ ਰੁਖ ਵੀ ਨਹੀਂ ਰਹਿਣ ਦਿੱਤਾ ਤਾਕਿ ਕੋਈ ਲੁਕ ਛੁਪ ਨਾ ਜਾਵੇ। ਪਿੰਡਾਂ ਦੇ ਵਿਚ ਸਾਰੇ ਮਕਾਨ ਵੀ ਗਿਰਾ ਦਿੱਤੇ ਹਨ। ਸਰਕਾਰ ਨੇ ਇਹ ਕਿਹਾ ਹੈ ਕਿ ਜਿਸ ਦਾ ਪੱਕਾ ਮਕਾਨ ਸੀ ਉਸ ਨੂੰ ਦੋ ਹਜ਼ਾਰ ਰੁਪਿਆ ਦੇਵਾਂਗੇ ਔਰ ਕੱਚੇ ਵਾਲੇ ਨੂੰ ਇਕ ਹਜ਼ਾਰ ਦਿਆਂਗੇ। ਪਰ ਅੱਜ ਕਲ ਤੁਹਾਨੂੰ ਪਤਾ ਹੈ ਕਿ ਦੋ ਹਜ਼ਾਰ ਰੁਪਏ ਨਾਲ ਤਾਂ ਇਕ ਕਧ ਵੀ ਨਹੀਂ ਬਣ ਸਕਦੀ। ਉਥੇ ਜਿਹੜਾ ਮਲਬਾ ਹੈ ਜਿਤਨਾ ਚਿਰ ਤਕ ਸਰਕਾਰ ਨੇ ਉਸ ਨੂੰ ਉਠਾਉਣ ਦਾ ਪ੍ਰਬੰਧ ਨਾ ਕੀਤਾ ਉਹ ਕੁਝ ਨਹੀਂ ਕਰ ਸਕਦੇ। ਇਸ ਤੋਂ ਇਲਾਵਾ ਜਿਹੜੇ ਲੋਕ ਉਥੇ ਸੈਂਟੀਮੈਂਟਸ ਦੀ ਵਜ੍ਹਾ ਕਰਕੇ ਜਾਣਾ ਚਾਹੁੰਦੇ ਹਨ ਉਨ੍ਹਾਂ ਲਈ ਇਕ ਹੋਰ ਬੜੀ ਵੱਡੀ ਰੁਕਾਵਟ ਖੜੀ ਹੋ ਗਈ ਹੈ। ਪਾਕਿਸਤਾਨ ਨੇ ਜਿਸ ਤਰ੍ਹਾਂ ਇੱਛੋਗਿਲ ਨਹਿਰ ਖੋਦੀ ਸੀ ਏਸੇ ਤਰ੍ਹਾਂ ਇਨ੍ਹਾਂ ਨੇ ਵੀ ਜਦੋਂ ਉਸ ਕਿਸਮ ਦੀ ਨਹਿਰ ਏਧਰ ਬਣਾਉਣ ਦੀ ਸਕੀਮ ਬਣਾਈ ਤਾਂ ਖੇਮ ਕਰਨ ਦੇ ਲੋਕਾਂ ਨੂੰ ਉਦੋਂ ਇਹ ਹੌਂਸਲਾ ਹੋਇਆ ਕਿ ਸਾਨੂੰ ਉਸ ਦੇ ਨਾਲ ਕੁਝ ਹਿਫਾਜ਼ਤ ਮਿਲੇਗੀ ਲੇਕਿਨ ਇਨ੍ਹਾਂ ਨੇ ਉਸ ਨਹਿਰ ਨੂੰ ਪਿੱਛੋਂ ਦੀ ਕਢਣ ਦੀ ਸਕੀਮ ਬਣਾ ਕੇ ਉਨ੍ਹਾਂ ਲੋਕਾਂ ਨੂੰ ਬਿਲਕੁਲ ਲੜਾਈ ਦੇ ਮੂੰਹ ਦੇ ਵਿਚ ਪਾ ਦਿੱਤਾ ਹੈ। ਮੈਂ ਮਨਿਸਟਰੀ ਆਫ ਡੀਫੈਂਸ ਨੂੰ ਆਪ ਦੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਉਹ ਆਪਣੀ ਸਕੀਮ ਨੂੰ ਬਦਲ ਕੇ ਖੇਮ ਕਰਨ ਦੇ ਉਤੋਂ ਦੀ ਨਹਿਰ ਕਢਣ ਤਾਕਿ ਲੋਕਾਂ ਨੂੰ ਪਰੋਟੈਕਸ਼ਨ ਮਿਲੇ। ਬਾਕੀ ਜ਼ਿਮੀਂਦਾਰਾਂ ਨੂੰ ਉਨ੍ਹਾਂ ਦੀਆਂ ਫਸਲਾਂ ਦਾ ਅਤੇ ਜਿਹੜੇ ਦਾ ਕਾਨਦਾਰ ਹਜ਼ਾਰਾਂ ਰੁਪਿਆਂ ਦਾ ਮਾਲ ਦੁਕਾਨਾਂ ਦੇ ਵਿਚ ਛਡ ਕੇ ਗਏ ਸਨ ਉਨ੍ਹਾਂ ਨੂੰ ਉਸ ਦਾ ਕੰਪੈਨਸੇਸ਼ਨ ਮਿਲਣਾ ਚਾਹੀਦਾ ਹੈ। 1947 ਦੇ ਵਿਚ ਤਾਂ ਚਾਕੂ ਅਤੇ ਛੁਰੀਆਂ ਦੀ ਲੜਾਈ ਸੀ ਇਸ ਕਰਕੇ ਜਿਹੜੇ ਉਧਰੋਂ ਛੱਡ ਕੇ ਆਏ ਸੀ ਉਨ੍ਹਾਂ ਨੂੰ ਏਧਰ ਆ ਕੇ ਕ ਝ ਮਿਲ ਗਿਆ ਸੀ

ਲੇਕਿਨ ਹੁਣ ਜਿਹੜੇ ਲੋਕ ਬੰਬਾਂ ਅਤੇ ਤੋਪਾਂ ਨਾਲ ਮਾਰੇ ਗਏ ਹਨ ਜੇ ਉਨ੍ਹਾਂ ਨੂੰ ਕੁਝ ਨਾ ਦਿਤਾ ਤਾਂ ਇਹ ਉਨ੍ਹਾਂ ਦੇ ਨਾਲ ਬੜਾ ਭਾਰੀ ਧੱਕਾ ਹੋਵੇਗਾ ।

ਮੈਂ ਜ਼ਿਆਦਾ ਵਕਤ ਨਾ ਲੈਂਦਾ ਹੋਇਆ ਆਪਦੀ ਮਾਰਫਤ ਸੈਂਟਰਲ ਸਰਕਾਰ ਤੇ ਪੰਜਾਬ ਸਰਕਾਰ ਨੂੰ ਅਰਜ਼ ਕਰਦਾ ਹਾਂ ਕਿ ਉਥੇ ਮੌਕੇ ਤੇ ਜਾਕੇ ਸਾਰੇ ਹਾਲਾਤ ਵੇਖੇ ਜਾਣ ਅਤੇ ਫਿਰ ਉਹ ਕਾਰਵਾਈ ਕੀਤੀ ਜਾਵੇ ਜਿਸ ਨਾਲ ਲੋਕਾਂ ਨੂੰ ਸੰਤੋਸ਼ ਹੋਵੇ । ਅਜ ਹਾਲਤ ਇਹ ਹੈ ਕਿ ਜੋ ਰੇਲਵੇ ਲਾਈਨ ਹੈ ਰਤੋਕੀ ਖੇਮਕਰਨ ਵਾਲੀ ਉਹ ਸਾਰੀ ਉਨ੍ਹਾਂ ਨੇ ਪੁੱਟ ਲਈ ਹੋਈ ਹੈ । ਉਨ੍ਹਾਂ ਇਥੋਂ ਤਕ ਗੰਦੀਆਂ ਹਰਕਤਾਂ ਕੀਤੀਆਂ ਹਨ ਕਿ ਦਸਣ ਵਿਚ ਸ਼ਰਮ ਆਉਂਦੀ ਹੈ । ਸਾਡੀ ਸਰਕਾਰ ਨੇ ਤਾਂ ਬਰਕੀ ਤੇ ਦੂਜੇ ਪਿੰਡਾਂ ਵਿਚ ਉਨ੍ਹਾਂ ਦੀਆਂ ਮਸਜਦਾਂ ਬਣਾ ਕੇ ਦਿਤੀਆਂ ਹਨ ਪਰ ਸਾਡੇ ਖੇਮਕਰਨ ਵਿਚ ਦੋ ਹਿਸਟਾਰਿਕ ਗੁਰਦਵਾਰੇ ਸਨ ਉਨ੍ਹਾਂ ਦੀਆਂ ਦੀਵਾਰਾਂ ਤੇ ਅਸੀਂ ਜਾਕੇ ਵੇਖਿਆ ਉਹ ਕੁਝ ਕਾਲੇ ਕੋਲੇ ਨਾਲ ਲਿਖਿਆ ਸੀ ਕਿ ਅਸੀਂ ਉਥੇ ਖੜੇ ਨਹੀਂ ਹੋ ਸਕਦੇ ਸੀ । ਬਹੁਤ ਗੰਦੇ ਅਲਫਾਜ਼ ਲਿਖੇ ਸਨ । ਮੈਂ ਅਖਬਾਰਾਂ ਵਿਚ ਪੜ੍ਹ ਕੇ ਹੈਰਾਨ ਹੋਇਆ ਕਿ ਸਾਡੀ ਸਰਕਾਰ ਨੇ ਉਨ੍ਹਾਂ ਦੇ ਟਰੈਕਟਰ ਵਾਪਸ ਕਰ ਦਿਤੇ ਅਤੇ ਮੋਟਰਾਂ ਵਾਪਸ ਕਰ ਦਿਤੀਆਂ । ਸਾਡੇ ਲੋਕਾਂ ਨੇ ਜੋ ਟਰੈਕਟਰ ਛਡੇ ਉਨ੍ਹਾਂ ਦਾ ਕੋਈ ਨਾਮ ਨਿਸ਼ਾਨ ਨਹੀਂ ਅਤੇ ਸਾਡੇ ਲੋਕ ਅਜ ਰੁਲਦੇ ਫਿਰਦੇ ਹਨ ਪਰ ਸਾਡੀ ਸਰਕਾਰ ਉਨ੍ਹਾਂ ਦੀਆਂ ਚੀਜ਼ਾਂ ਵਾਪਸ ਕਰ ਰਹੀ ਹੈ । ਚਾਹੀਦਾ ਤਾਂ ਇਹ ਸੀ ਕਿ ਜੇਕਰ ਉਹ ਸਾਡਾ ਮਾਲ ਵਾਪਸ ਕਰ ਦਿੰਦੇ ਤਾਂ ਉਨ੍ਹਾਂ ਦਾ ਇਹ ਵਾਪਸ ਕਰ ਦਿੰਦੇ । ਇਹ ਕਿਥੇ ਦੀ ਸਿਆਣਪ ਹੈ ਕਿ ਅਸੀਂ ਲੋਕ ਜੰਗ ਵਿਚ ਵੀ ਰੋਈਏ ਅਤੇ ਸੁਲਾਹ ਵਿਚ ਰੋਈਏ । ਇਹ ਤਾਂ ਸੱਪ ਨੂੰ ਦੁਧ ਪਿਆਣ ਵਾਲੀ ਗਲ ਹੈ ਜੋ ਸਰਕਾਰ ਕਰ ਰਹੀ ਹੈ ਅਤੇ ਮੈਂ ਇਹ ਇਨ੍ਹਾਂ ਨੂੰ ਚਿਤਾਉਣੀ ਦਿੰਦਾ ਹਾਂ ਕਿ ਇਹ ਪਾਲੀਸੀ ਕਦੇ ਕਾਮਯਾਬ ਨਹੀਂ ਹੋ ਸਕੇਗੀ । ਮੈਂ ਪੰਜਾਬ ਸਰਕਾਰ ਤੇ ਸੈਂਟਰਲ ਸਰਕਾਰ ਨੂੰ ਅਰਜ਼ ਕਰਦਾ ਹਾਂ ਕਿ ਜੇਕਰ ਤੁਸੀਂ ਸਚ ਮੁਚ ਉਸ ਉਜੜੇ ਇਲਾਕੇ ਨੂੰ ਆਬਾਦ ਕਰਨਾ ਹੈ ਤਾਂ ਉਥੇ ਮੌਕੇ ਤੇ ਜਾਕੇ ਉਸਦੀ ਖਬਰ ਲਉ ਅਤੇ ਉਨ੍ਹਾਂ ਦੇ ਵਸਣ ਲਈ ਸਾਰੀਆਂ ਸਹੂਲਤਾਂ ਦਿਉ । ਅੱਜ ਉਨ੍ਹਾਂ ਪਾਸ ਆਪਣਾ ਕੋਈ ਹਲ ਨਹੀਂ, ਪੰਜਾਲੀ ਨਹੀਂ । ਸਰਕਾਰ ਨੂੰ ਚਾਹੀਦਾ ਹੈ ਕਿ ਸਰਕਾਰੀ ਟਰੈਕਟਰ ਲਗਾ ਕੇ ਉਨ੍ਹਾਂ ਜ਼ਮੀਨਾਂ ਦੀ ਕਾਸ਼ਤ ਕਰਾਏ ਅਤੇ ਨਹਿਰੀ ਪਾਣੀ ਦੇਵੇ ਤਾਕਿ ਉਥੇ ਕੁਝ ਨਾ ਕੁਝ ਹੋ ਸਕੇ । ਬਾਕੀ ਗਲ ਮੈਂ ਇਸ ਬਾਰੇ ਬਜਟ ਦੇ ਮੌਕੇ ਤੇ ਕਰਾਂਗਾ । ਅੱਜ ਮੈਂ ਉਹ ਦਸਿਆ ਹੈ ਜੋ ਮੈਂ ਉਥੇ ਵੇਖਿਆ ਹੈ।

ਸਫਾ 33 ਤੇ ਜੋ ਇਰੀਗੇਸ਼ਨ ਦੀ ਡਿਮਾਂਡ ਹੈ ਹੁਣ ਮੈਂ ਉਸ ਬਾਰੇ ਅਰਜ਼ ਕਰਦਾ ਹਾਂ । ਮੈਂ ਚੀਫ ਮਨਿਸਟਰ ਸਾਹਿਬ, ਇਰੀਗੇਸ਼ਨ ਮਨਿਸਟਰ ਸਾਹਿਬ ਅਤੇ ਖਾਸ ਤੌਰ ਤੇ ਫਿਨਾਂਸ ਮਨਿਸਟਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਜੋ ਉਨ੍ਹਾਂ ਨੇ ਮੇਰੀ ਇਕ ਸਾਲ ਦੀ ਬਾਰ ਬਾਰ ਬੇਨਤੀ ਤੋਂ ਬਾਅਦ ਮੇਰੀ ਗਲ ਮੰਨ ਲਈ ਹੈ ਅਤੇ ਉਸ ਉਜੜੇ ਇਲਾਕੇ ਲਈ ਪੈਸਾ ਦੇਣਾ ਮੰਨ ਲਿਆ ਹੈ..... (ਵਿਘਨ) ਉਥੇ 45 ਹਜ਼ਾਰ ਏਕੜ ਜ਼ਮੀਨ ਜੋ ਫੂਡ ਪਰਾਬਲਮ ਨੂੰ ਹਲ ਕਰ ਸਕਦੀ ਹੈ । ਉਸ ਲਈ ਰੁਪਿਆ ਤਾਂ ਇਨ੍ਹਾਂ ਨੇ ਕਾਫੀ ਸੈਂਕਸ਼ਨ ਕਰ ਦਿਤਾ ਹੈ ਪਰ ਮੈਂ ਅਰਜ਼ ਕਰਦਾ ਹਾਂ ਕਿ ਉਸਦਾ ਸਹੀ ਇਸਤੇਮਾਲ ਹੋਣਾ ਚਾਹੀਦਾ ਹੈ । ਇਰੀਗੇਸ਼ਨ ਮਨਿਸਟਰ ਸਾਹਿਬ ਨੂੰ ਮੈਂ ਨਵੰਬਰ, 1964 ਵਿਚ ਸਾਰਾ ਇਲਾਕਾ ਫਰਾ ਕੇ ਵਖਾਇਆ ਸੀ । ਡਿਪਟੀ ਸਪੀਕਰ ਸਾਹਿਬਾ, ਤੁਸੀਂ ਤੇ ਕਈ ਮੈਂਬਰ ਸਾਹਿਬਾਨ ਉਥੋਂ ਗੁਜ਼ਰੇ ਹੋਣਗੇ । ਜਿਸ ਪੁਲ ਤੇ ਟੌਲ ਟੈਕਸ ਲਗਦਾ ਹੈ ਉਸਤੋਂ ਕੋਈ ਦੋ ਫਰਲਾਂਗ ਪਿਛਾਂ ਸੜਕ ਕਟ ਕੇ ਉਸ 45 ਹਜ਼ਾਰ ਏਕੜ ਜ਼ਮੀਨ ਨੂੰ ਸਤਲੁਜ-ਬਿਆਸ ਦਾ ਪਹਿਲਾਂ ਬਣਾਈ ਸਕੀਮ ਮੁਤਾਬਕ ਪਾਣੀ ਮਿਲਣਾ ਸੀ ਲੇਕਿਨ ਹੁਣ ਮੈਨੂੰ ਸੁਣ ਕੇ ਬੜਾ ਦੁਖ ਹੋਇਆ ਹੈ ਕਿ ਉਸ ਸਕੀਮ ਨੂੰ ਛਡਕੇ ਰਾਵੀ ਤੋਂ ਪਾਣੀ ਦੇਣ ਦੀ ਸਕੀਮ ਬਣਾ ਰਹੇ ਹਨ । ਦਸ ਦਫਾ ਮੈਂ ਨੋਟ

[ਸਰਦਾਰ ਉਮਰਾਉ ਸਿੰਘ]

ਚੀਫ ਮਨਿਸਟਰ ਸਾਹਿਬ, ਇਰੀਗੇਸ਼ਨ ਮਨਿਸਟਰ ਸਾਹਿਬ ਤੇ ਗਵਰਨਰ ਸਾਹਿਬ ਨੂੰ ਪੇਸ਼ ਕੀਤਾ ਹੈ ਕਿ ਪਹਿਲਾਂ ਜੋ ਹਰੀਕੇ ਤੋਂ ਪਾਣੀ ਦੇਣ ਦੀ ਸਕੀਮ ਸੀ ਉਹ ਬਹੁਤ ਫਾਇਦਾਮੰਦ ਤੇ ਚੰਗੀ ਸੀ ਕਿਉਂਕਿ ਉਸ ਨਾਲ 15 ਹਜ਼ਾਰ ਏਕੜ ਜ਼ਮੀਨ ਵੀ ਵਧ ਸੈਰਾਬ ਹੋਵੇਗੀ ਅਤੇ ਉਸ ਨਾਲ ਪੰਜ ਸਤ ਲਖ ਰੁਪਏ ਦੀ ਵੀ ਬੱਚਤ ਹੋਵੇਗੀ। ਇਸਦੀ ਵਜ੍ਹਾ ਇਹ ਹੈ ਕਿ ਇਸ ਕੰਮ ਲਈ ਜੋ ਜ਼ਮੀਨ ਐਕੁਆਇਰ ਕਰਨੀ ਹੈ ਉਹ ਕੀਮਤੀ ਨਹੀਂ ਹੈ ਪਰ ਜੋ ਹੁਣ ਨਵੀਂ ਸਕੀਮ ਮੁਤਾਬਕ ਐਕੁਆਇਰ ਕੀਤੀ ਜਾਣੀ ਹੈ ਉਸਦੀ ਇਕ ਇਕ ਕਿੱਲੇ ਦੀ ਕੀਮਤ ਛੇ ਛੇ ਹਜ਼ਾਰ ਰੁਪਏ ਹੈ। ਅਤੇ ਇਸ ਤੋਂ ਇਲਾਵਾ ਕਨਸਾਲੀਡੇਸ਼ਨ ਤੇ ਸੀਲਿੰਗ ਰਾਹੀਂ ਜਿਨ੍ਹਾਂ ਜ਼ਿਮੀਂਦਾਰਾਂ ਦੀਆਂ ਜ਼ਮੀਨਾਂ ਥੋੜੀਆਂ ਰਹਿ ਗਈਆਂ ਹਨ ਉਹ ਵੀ ਚੀਕਣਗੇ। ਮੈਂ ਡੇਢ ਮਹੀਨੇ ਤੋਂ ਵਜ਼ੀਰ ਸਾਹਿਬਾਨ ਦੇ ਦਰਵਾਜ਼ਿਆਂ ਤੇ ਫਿਰ ਰਿਹਾ ਹਾਂ ਕਿ ਮੌਕੇ ਤੇ ਜਾਕੇ ਵੇਖੋ ਅਤੇ ਸਾਰੀ ਗਲ ਨੂੰ ਸੋਚੋ। ਇਹ ਮਹਿਕਮਾ ਤਾਂ ਬਿਲਕੁਲ ਪਰਵਾਹ ਨਹੀਂ ਕਰ ਰਿਹਾ ਹੈ ਇਸ ਲਈ ਬਿਉਰੋਕਰੇਸੀ ਤੇ ਹੀ ਇਹ ਗਲ ਨਾ ਛਡੋ ਅਤੇ ਖ਼ੁਦ ਜਾਕੇ ਸਾਰੇ ਹਾਲਾਤ ਵੇਖੋ ਅਤੇ ਫਿਰ ਉਸ ਮੁਤਾਬਕ ਅਲਾਈਨਮੈਂਟ ਕੀਤੀ ਜਾਵੇ। ਪੁਰਾਣੀ ਸਕੀਮ ਚੰਗੀ ਹੈ ਕਿਉਂਜੋ ਇਸ ਨਾਲ 15/20 ਹਜ਼ਾਰ ਏਕੜ ਜ਼ਮੀਨ ਵੀ ਵਧ ਸੈਰਾਬ ਹੋਵੇਗੀ, ਪਾਣੀ ਵੀ ਮੁੱਢ ਹੋਵੇਗਾ, ਸਰਕਾਰ ਦਾ ਪੈਸਾ ਵੀ ਘਟ ਖਰਚ ਆਵੇਗਾ ਅਤੇ ਫੂਡ ਪਰੋਡਕਸ਼ਨ ਵੀ ਵਧੇਗੀ। ਮੈਂ ਆਸ ਕਰਦਾ ਹਾਂ ਕਿ ਸਰਕਾਰ ਇਸ ਤੇ ਵਿਚਾਰ ਕਰੇਗੀ ਤਾਕਿ ਲੋਕਾਂ ਨੂੰ ਵੀ ਫਾਇਦਾ ਹੋਵੇ ਅਤੇ ਸਰਕਾਰ ਦਾ ਵੀ ਪੈਸਾ ਬਚੇ। ਇਨ੍ਹਾਂ ਅਲਫਾਜ਼ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ ਜੋ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿਤਾ ਹੈ।

**ਸਰਦਾਰ ਗੁਰਚਰਨ ਸਿੰਘ** (ਮੋਗਾ) : ਡਿਪਟੀ ਸਪੀਕਰ ਸਾਹਿਬਾ, ਮੈਂ ਡਿਮਾਂਡ ਨੰ: 12 ਤੇ 14 ਬਾਰੇ ਅਰਜ਼ ਕਰਨਾ ਚਾਹੁੰਦਾ ਹਾਂ। ਇਨ੍ਹਾਂ ਨੇ ਫਰਟੇਲਾਈਜ਼ਰ ਬਾਰੇ ਡਿਮਾਂਡ ਰਖੀ ਹੈ। ਫਰਟਲਾਈਜ਼ਰ ਦੀ ਜੋ ਪੁਜ਼ੀਸ਼ਨ ਅਜ ਪੰਜਾਬ ਵਿਚ ਹੈ ਉਹ ਬੜੀ ਸੀਰੀਅਸ ਹੈ। ਪੈਦਾਵਾਰ ਵਧਾਣ ਲਈ ਪਹਿਲਾਂ ਤਾਂ ਸਰਕਾਰ ਨੇ 10/15 ਸਾਲ ਤਕ ਲੋਕਾਂ ਨੂੰ ਫਰਟੇਲਾਈਜ਼ਰ ਇਸਤੇਮਾਲ ਕਰਨ ਲਈ ਐਜੂਕੇਟ ਕੀਤਾ ਅਤੇ ਉਨ੍ਹਾਂ ਨੂੰ ਫਰਟੇਲਾਈਜ਼ਰ ਮਾਇੰਡਡ ਬਣਾਇਆ ਅਤੇ ਫਿਰ ਜਦੋਂ ਇਸਨੂੰ ਇਸਤੇਮਾਲ ਕਰਨ ਲਗੇ ਤਾਂ ਉਨ੍ਹਾਂ ਨੂੰ ਤੰਗੀ ਪਰ ਤੰਗੀ ਦੇਣੀ ਸ਼ੁਰੂ ਕਰ ਦਿਤੀ ਹੈ। ਮੈਂ **ਦਸਣਾ** ਚਾਹੁੰਦਾ ਹਾਂ ਕਿ ਇਹ ਸਰਕਾਰ ਜ਼ਿਮੀਂਦਾਰਾਂ ਦੀ ਕਿਤਨੀ ਕੁ ਮਦਦ ਕਰ ਰਹੀ ਹੈ। ਸਰਕਾਰ ਨੇ ਜ਼ਿਮੀਂਦਾਰਾਂ ਤੋਂ ਇਸ ਸਾਲ ਗੰਨਾ ਬਿਜਵਾਇਆ। ਲੋਕਾਂ ਨੇ ਖਾਦ ਪਾਈ ਅਤੇ ਇਸਦੀ ਪੈਦਾ ਵਾਰ ਵਧਾਈ। ਤੁਸੀਂ ਜਾਣਦੇ ਹੋ ਕਿ ਖੰਡ ਦਾ ਸਾਡ ਦੇਸ਼ ਵਿਚ ਤੋੜਾ ਵੀ ਹੈ ਅਤੇ ਇਹ ਡਾਲਰ ਅਰਨ ਕਰਦੀ ਹੈ। ਲੇਕਨ ਇਹ ਸਰਕਾਰ ਐਨੀ ਸਿਆਣੀ ਹੈ ਅਤੇ ਐਨੀ ਜ਼ਿਮੀਂਦਾਰਾਂ ਦੀ ਹਮਦਰਦ ਹੈ ਕਿ ਅਜ ਉਨ੍ਹਾਂ ਦਾ ਖੰਡ ਦਾ ਰਾ ਮੈਟੀਰੀਅਲ ਗੰਨਾਂ ਨਹੀਂ ਸਾਂਭਿਆ ਜਾ ਰਿਹਾ ਹੈ। ਕਲ ਪਹਿਲੀ ਮਾਰਚ ਹੈ ਅਤੇ 15 ਮਾਰਚ ਤੋਂ ਜ਼ਿਮੀਂਦਾਰਾਂ ਨੇ ਹਾੜ੍ਹੀ ਦੀ ਫਸਲ ਸਹੁੰ ਦਾ ਕੰਮ ਕਰਨਾ ਸ਼ੁਰੂ ਕਰ ਦੇਣਾ ਹੈ ਲੇਕਿਨ ਗੰਨਾ ਉਨ੍ਹਾਂ ਦਾ ਖੜਾ ਹੈ ਅਤੇ ਸਿਰਫ 25 ਫੀਸਦੀ ਗੰਨਾ ਹੀ ਕਰੱਸ਼ ਹੋਇਆ ਹੈ। ਨਾ ਖ਼ੁਦ ਉਨ੍ਹਾਂ ਨੂੰ ਕਰੱਸ਼ ਕਰਨ ਦਿੰਦੇ ਹਨ ਅਤੇ ਨਾ ਉਨ੍ਹਾਂ ਦਾ ਮਾਲ ਲੈਂਦੇ ਹਨ। ਦੂਜੇ ਪਾਸੇ ਉਨ੍ਹਾਂ ਦਾ ਗੁੜ 14 ਰੁਪਏ ਮਣ ਲਿਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਕੋਈ ਪਰੋਟੈਕਸ਼ਨ ਨਹੀਂ ਦਿਤੀ ਜਾ ਰਹੀ ਹੈ। ਜਦੋਂ ਸਰਕਾਰ ਤੇ ਕੋਈ ਸੰਕਟ ਆਉਂਦਾ ਹੈ ਤਾਂ ਇਹ ਲੋਕ ਸਭ ਤੋਂ ਵਧ ਸਰਕਾਰ ਦੀ ਮਦਦ ਕਰਦੇ ਹਨ ਅਤੇ ਟੈਕਸ, ਚੰਦੇ, ਭਰਤੀ ਦਿੰਦੇ ਹਨ ਅਤੇ ਡੀਫੈਂਸ ਲਈ ਹਰ ਕਿਸਮ ਦੀ ਮਦਦ ਦਿੰਦੇ ਹਨ ਤਾਂ ਕੀ ਵਜ੍ਹਾ ਹੈ ਕਿ ਸਰਕਾਰ ਉਨ੍ਹਾਂ ਦੀ ਸੰਕਟ ਵੇਲੇ ਮਦਦ ਨਾ ਕਰ। ਭਾਖੜਾ ਡੈਮ ਬਣਿਆ ਅਤੇ ਉਸ ਬਾਰੇ ਹਰ ਕਿਸਮ ਦੇ ਟੈਕਸ, ਖ਼ੁਸ਼ ਹਸੀਤੀ ਟੈਕਸ ਤੇ ਟੋਲ ਟੈਕਸ ਪੰਜਾਬ ਦੇ ਲੋਕਾਂ ਤੇ ਲਗਦੇ ਹਨ ਅਤੇ ਉਨ੍ਹਾਂ ਤੋਂ ਹੀ ਵਧ

ਹਿੱਸਾ ਲਿਆ ਜਾਂਦਾ ਹੈ ਲੇਕਿਨ ਉਥ ਜੋ ਬਿਜਲੀ ਪੈਦਾ ਹੁੰਦੀ ਹੈ ਉਸਦਾ 60 ਫੀਸਦੀ ਫਰਟੇ-ਲਾਈਜ਼ਰ ਫੈਕਟਰੀ ਵਿਚ ਖਪਤ ਹੁੰਦਾ ਹੈ । ਉਸ 60 ਫੀਸਦੀ ਬਿਜਲੀ ਪੈਦਾ ਕਰਨ ਦੇ ਸਾਰੇ ਟੈਕਸ ਤਾਂ ਅਸੀਂ ਪੰਜਾਬੀ ਦਿੰਦੇ ਹਾਂ ਪਰ ਜੋ ਉਥੇ ਮਾਲ ਪੈਦਾ ਹੁੰਦਾ ਹੈ ਉਸਨੂੰ ਜਦੋਂ ਅਸੀਂ ਮੰਗਦੇ ਹਾਂ ਤਾਂ ਪੰਜਾਬ ਵਾਲਿਆਂ ਤੇ ਵੀ ਉਸਦਾ ਉਹੋ ਭਾਉ, ਬੰਗਾਲ ਤੇ ਮਦਰਾਸ ਵਾਲਿਆਂ ਤੇ ਵੀ ਉਸਦਾ ਉਹੋ ਰਟ ਚਾਰਜ ਕੀਤਾ ਜਾਂਦਾ ਹੈ । ਬੰਬਈ, ਬੰਗਾਲ ਤੇ ਮਦਰਾਸ ਨੂੰ ਇਹ ਰੇਲ ਤੇ ਲੱਦ ਕੇ ਖਾਦ ਲੈ ਜਾਕੇ ਉਸ ਭਾਉ ਤੇ ਦਿੰਦੇ ਹਨ ਜਿਸ ਭਾਉ ਇਥ ਫੈਕਟਰੀ ਦੇ ਕੋਲੋਂ ਸਾਨੂੰ ਦਿੰਦੇ ਹਨ । ਉਹ ਤਾਂ ਸਾਡੇ ਭਾਉ ਤੇ ਐਨੀ ਦੂਰ ਬੈਠੇ ਖਾਦ ਪਾਕੇ 120 ਰੁਪਏ ਕਣਕ ਵੇਚਦੇ ਹਨ ਪਰ ਸਾਨੂੰ 14/15 ਰੁਪਏ ਮਣ ਦੇ ਵਚਣੀ ਪੈਂਦੀ ਹੈ । ਮੈਂ ਪੁਛਦਾ ਹਾਂ ਕਿ ਜੇਕਰ ਸਾਨੂੰ ਕਣਕ ਦੇ ਭਾਉ ਵਿਚ ਉਨ੍ਹਾਂ ਦੇ ਐਟ ਪਾਰ ਨਹੀਂ ਲਿਆਇਆ ਜਾਂਦਾ ਤਾਂ ਫਰਟੇਲਾਈਜ਼ਰ ਦੀ ਸਪਲਾਈ ਵਿਚ ਕਿਉਂ ਐਟ ਪਾਰ ਰਖ ਰਹੇ ਹੋ । ਭਾਖੜਾ ਡੈਮ ਦੀ ਟੈਕਸੇਸ਼ਨ ਤਾਂ ਅਸੀਂ ਪੰਜਾਬੀ ਬਰਦਾਸ਼ਤ ਕਰਦੇ ਹਾਂ ਪਰ ਫਾਇਦਾ ਦੂਜਿਆਂ ਨੂੰ ਪਹੁੰਚਾਇਆ ਜਾ ਰਿਹਾ ਹੈ । ਮੈਂ ਕਹਿੰਦਾ ਹਾਂ ਕਿ ਸਾਡਾ ਗਲ ਵਢ ਕੇ ਮਦਰਾਸ, ਬੰਗਾਲ, ਬੰਬਈ ਵਗੈਰਾ ਵਾਲਿਆਂ ਨੂੰ ਫਾਇਦਾ ਪਹੁੰਚਾਇਆ ਜਾ ਰਿਹਾ ਹੈ ।

ਡਿਪਟੀ ਸਪੀਕਰ ਸਾਹਿਬਾ, ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਜ਼ਿਮੀਂਦਾਰਾਂ ਦੇ ਨਾਲ ਹਰ ਪਾਸੇ ਬੇਈਮਾਨੀ ਕਰ ਰਹੀ ਹੈ। ਸਰਕਾਰ ਕਿਸਾਨਾਂ ਨੂੰ ਬਰਬਾਦ ਕਰ ਦੇਣਾ ਚਾਹੁੰਦੀ ਹੈ। ਅਗਰ ਸਰਕਾਰ ਨੇ ਕਿਸਾਨਾਂ ਦੀ ਹਾਲਤ ਸੁਧਾਰਨ ਲਈ ਛੇਤੀ ਕਦਮ ਨਾ ਚੁਕਿਆ ਤਾਂ ਮੈਂ ਸਮਝਦਾ ਹਾਂ ਕਿ ਕਿਸਾਨ ਆਪਣੀ ਇਕ ਅਸੋਸੀਏਸ਼ਨ ਕਾਇਮ ਕਰਨਗੇ ਜਿਵੇਂ ਕਿ ਦੁਕਾਨਦਾਰਾਂ ਨੇ ਆਪਣੀ ਲਵੈਫੇਅਰ ਲਈ ਐਸੋਸੀਏਸ਼ਨ ਕਾਇਮ ਕੀਤੀ ਹੈ ਕਿਸਾਨਾਂ ਨੂੰ ਮਜਬੂਰ ਹੋਕੇ ਆਪਣੀਆਂ ਮੰਗਾਂ ਲਈ ਹੜਤਾਲ ਜਾਂ ਹੋਰ ਕੋਈ ਸਟੈਪ ਉਠਾਉਣਾ ਪਵੇਗਾ ।

ਡਿਪਟੀ ਸਪੀਕਰ ਸਾਹਿਬਾ, ਪਹਿਲਾਂ ਕਿਸਾਨਾਂ ਨੂੰ ਫਰਟੇਲਾਈਜ਼ਰ ਖਰੀਦਣ ਲਈ ਲੋਨ ਮਿਲਦਾ ਸੀ, ਲੇਕਿਨ ਸਰਕਾਰ ਨੇ ਉਹ ਲੋਨ ਭੀ ਕਿਸਾਨਾਂ ਨੂੰ ਦੇਣਾ ਬੰਦ ਕਰ ਦਿਤਾ ਹੈ। ਇਸ ਦੇ ਮੁਕਾਬਲੇ ਵਿਚ ਚੰਡੀਗੜ੍ਹ ਦੇ ਅੰਦਰ ਜਾਂ ਹੋਰ ਕਿਸੇ ਸ਼ਹਿਰ ਦੇ ਅੰਦਰ ਕਰੋੜਾਂ ਰੁਪਏ ਮਕਾਨ ਬਣਾਉਣ ਵਾਲਿਆਂ ਨੂੰ ਲੋਨ ਦੀ ਸ਼ਕਲ ਵਿਚ ਦਿਤੇ ਜਾ ਰਹੇ ਹਨ। ਇਸ ਦੇ ਇਲਾਵਾ ਫਰਟੇਲਾਈਜ਼ਰ ਦੀ ਕੀਮਤ ਭੀ ਦੁਗਣੀ ਕਰ ਦਿਤੀ ਹੈ। ਸਰਕਾਰ ਜ਼ਿਮੀਂਦਾਰਾਂ ਦੀ ਮਦਦ ਨਹੀਂ ਕਰਨਾ ਚਾਹੁੰਦੀ ਹੈ। ਸਰਕਾਰ ਕਿਸਾਨਾਂ ਨੂੰ ਖਤਮ ਕਰਨ ਤੇ ਤਲੀ ਹੋਈ ਹੈ । ਇਹ ਚੀਜ਼ ਕਾਬਲੇ ਬਰਦਾਸ਼ਤ ਨਹੀਂ ਹੈ।

ਡਿਪਟੀ ਸਪੀਕਰ ਸਾਹਿਬਾ, ਮੈਂ ਆਈਟਮ ਨੰ. 12 ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਸਰਕਾਰ ਦਾ ਪੈਸਾ ਕਿਵੇਂ ਭਰਸ਼ਟਾਚਾਰ ਦੇ ਰਾਹੀਂ ਜ਼ਾਇਆ ਹੈ ਰਿਹਾਖ । ਰਾਵੀ ਦਰਿਆ ਦੇ ਉਤੇ ਅਜਨਾਲਾ ਸਰਕਲ ਦੇ ਵਿਚ ਇਕ ਪੁਲ ਬਣਾਇਆ ਜਾ ਰਿਹਾ ਹੈ । ਇਸ ਪੁਲ ਦੇ ਰਾਹੀਂ ਸਾਡੇ ਸੂਬੇ ਦੀ ਜ਼ਮੀਨ ਬਰਬਾਦ ਹੋਣ ਤੋਂ ਬੱਚਣੀ ਹੈ। ਉਥੇ ਪਥੱਰ ਅਤੇ ਲੋਹੇ ਦਾ ਜਾਲ ਵਿਛਾਉਣਾ ਸੀ। ਉਹ ਠੇਕਾ ਸ੍ਰੀ ਬੀ. ਐਮ. ਮੁਕਰਜੀ ਨੂੰ ਦਿਤਾ ਗਿਆ ਜਿਹੜਾ ਕਿ ਬਾਅਦ ਵਿਚ ਪਠਾਨਕੋਟ ਕਾਂਗਰਸ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। ਇਸ ਠੇਕੇਦਾਰ ਨੂੰ ਪੰਡਤ ਮੋਹਨ ਲਾਲ ਐਕਸ ਹੋਮ ਮਨਿਸਟਰ ਨੇ ਸ਼ੈਲਟਰ ਦਿਤੀ ਕਿਉਂਕਿ ਇਸ ਠੇਕੇਦਾਰ ਨੇ ਉਥੇ ਥੋੜੇ ਜਿਹੇ ਪੱਥਰ ਫੈਂਕੇ ਅਤੇ ਜਾਲ ਵਿਛਾਇਆ ਭੀ ਨਹੀਂ । ਇਸ ਦੇ ਇਲਾਵਾ ਉਸ ਠੇਕੇਦਾਰ ਨੂੰ ਸਰਕਾਰ ਨੇ ਲੱਖਾਂ ਰੁਪਏ ਪੇਮੈਂਟ ਪਹਿਲਾਂ ਹੀ ਦੇ ਦਿਤੀ। ਇਹ ਗਲ ਵਿਜੀਲੈਂਸ ਡਿਪਾਰਟਮੈਂਟ ਵਲੋਂ ਸਰਕਾਰ ਦੇ ਪਾਸ ਰਿਪੋਰਟ ਵਿਚ ਲਿਖੀ ਜਦੋਂ ਇਹ ਮਾਮਲਾ ਉਸ ਡਿਪਾਰਟਮੈਂਟ ਨੂੰ ਭੇਜਿਆ ਗਿਆ । ਲੇਕਿਨ ਬਹੁਤ ਹੈਰਾਨੀ ਦੀ ਗਲ ਹੈ ਕਿ ਸਰਕਾਰ ਨੇ ਵਿਜੀਲੈਂਸ ਡਿਪਾਰਟਮੈਂਟ ਦੀ ਰਿਪੋਰਟ ਦੀ ਕੋਈ ਪਰਵਾਹ ਨਹੀਂ ਕੀਤੀ । ਪਿਛਲੀ ਸਰਕਾਰ ਨੇ ਉਸ ਨੂੰ ਹੋਰ ਠੇਕੇ ਦੇ ਦਿੱਤੇ। ਮੈਂ ਸਮਝਦਾ ਹਾਂ ਕਿ ਸਾਡੇ ਦੇਸ਼ ਦਾ ਸਾਰਾ ਰੁਪਿਆ 15 ਫੀ ਸਦੀ ਕੈਪੀਟਲਿਸਟਾਂ ਦੇ ਹਥ ਵਿਚ ਹੈ। ਇਸ ਕਰਕੇ ਸਾਡੀ 85 ਫੀ ਸਦੀ

[ਸਰਦਾਰ ਗੁਰਚਰਨ ਸਿੰਘ]

ਜਨਤਾ ਜਿਹੜੀ ਪਿੰਡਾਂ ਦੇ ਅੰਦਰ ਰਹਿੰਦੀ ਹੈ, ਉਸ ਦਾ ਕੋਈ ਧਿਆਨ ਨਹੀਂ ਹੋ ਰਿਹਾ ਹੈ । ਇਕ ਪਾਸੇ ਲਖਾਂ ਰੁਪਏ ਗਬਨ ਹੋ ਰਹੇ ਹਨ। ਉਨ੍ਹਾਂ ਵਲ ਸਰਕਾਰ ਕੋਈ ਧਿਆਨ ਨਹੀਂ ਦੇ ਰਹੀ ਹੈ। ਸਰਕਾਰ ਨੂੰ ਇਸ ਕੁਰਪਸ਼ਨ ਨੂੰ ਦੂਰ ਕਰਨ ਲਈ ਸਖਤ ਅਤੇ ਛੇਤੀ ਕਦਮ ਉਠਾਉਣੇ ਚਾਹੀਦੇ ਹਨ। ਮੈਂ ਸਮਝਦਾ ਹਾਂ ਕਿ ਸਰਕਾਰ ਮੇਰੀਆਂ ਗਲਾਂ ਉਤੇ ਜ਼ਰੂਰ ਗੌਰ ਕਰੇਗੀ। ਮੈਂ ਜ਼ਿਆਦਾ ਹਾਊਸ ਦਾ ਸਮਾਂ ਨਾ ਲੈਂਦਾ ਹੋਇਆ ਆਪਣੀ ਸੀਟ ਸੰਭਾਲਦਾ ਹਾਂ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** (ਰੋਪੜ): ਡਿਪਟੀ ਸਪੀਕਰ ਸਾਹਿਬਾ, ਹਾਊਸ ਦੇ ਅੰਦਰ ਸਪਲੀਮੈਂਟਰੀ ਐਸਟੀਮੇਟਸ ਉਤੇ ਬਹਿਸ ਹੋ ਰਹੀ ਹੈ । ਮੈਂ ਡਿਮਾਂਡ ਨੰਬਰ 3 ਦੇ ਬਾਰੇ ਜ਼ਿਕਰ ਕਰਨੀ ਚਾਹੁੰਦਾ ਹਾਂ। ਇਹ ਡੀਮਾਂਡ ਐਜੂਕੇਸ਼ਨ ਡਿਪਾਰਟਮੈਂਟ ਨਾਲ ਸਬੰਧ ਰਖਦੀ ਹੈ। ਜਿਥੋਂ ਤਕ ਪਿਛਲੇ ਸਾਲ ਪ੍ਰਾਇਮਰੀ ਸਕੂਲਜ਼ ਅਤੇ ਮਿਡਲ ਸਕੂਲਜ਼ ਨੂੰ ਅਪਗਰੇਡ ਕਰਨ ਲਈ ਕੰਮ ਹੋਇਆ ਹੈ, ਉਹ ਕਾਫੀ ਚੰਗਾ ਹੋਇਆ ਹੈ। ਇਸ ਬਾਰੇ ਜਿੰਨੀ ਵੀ ਐਮਾਊਂਟ ਦੀ ਮੰਗ ਕੀਤੀ ਗਈ ਹੈ ਉਸ ਬਾਰੇ ਕਿਸੇ ਨੂੰ ਇਤਰਾਜ਼ ਨਹੀਂ ਹੋਵੇਗਾ। ਇਸ ਮੰਗ ਵਿਚ 25 ਲੱਖ ਰੁਪਿਆ ਮੰਗਿਆ ਗਿਆ ਹੈ। ਇਹ ਰੁਪਿਆ ਟੀਚਰਜ਼ ਨੂੰ ਕੰਸੈਸ਼ਨ ਦੇਣ ਲਈ ਮੰਗਿਆ ਗਿਆ ਹੈ। ਇਸ ਦੇ ਬਾਰੇ ਮੈਂ ਹਾਊਸ ਵਿਚ ਪੜ੍ਹ ਦੇਣਾ ਚਾਹੁੰਦਾ ਹਾਂ। ਉਹ ਇਹ ਹੈ ਕਿ—

> "....As the amount was too meagre to cover all the categories of teaching personnel, it was decided in consultation with the representatives of teachers in the Punjab Legislative Council as also the accredited representatives of the teachers Unions in the State, to extend the financial benefit to those teachers who had put in five years or more service on 1st March, 1965. Similarly, the benefit and to Masters/Mistresses who had put in two years or more service on 1st March, 1965. Accordingly, a supplementary demand for Rs. 25 lakhs is presented."

ਡਿਪਟੀ ਸਪੀਕਰ ਸਾਹਿਬਾ, ਆਪ ਜੀ ਨੂੰ ਪਤਾ ਹੋਵੇਗਾ ਕਿ ਸਾਡੇ ਸੂਬੇ ਦੇ ਅੰਦਰ 80 ਹਜ਼ਾਰ ਦੇ ਕਰੀਬ ਟੀਚਰ ਅਤੇ ਮਾਸਟਰ ਹਨ। ਪਿਛਲੇ ਬਜਟ ਸੈਸ਼ਨ ਦੇ ਅਦਰ ਟੀਚਰਜ਼ ਦੇ ਰੈਪ੍ਰੀਜ਼ੈਂਟੇਟਿਵਜ਼ ਨੇ ਹੰਗਰ ਸਟ੍ਰਾਈਕ ਕੀਤੀ ਸੀ। ਉਹ ਸਟ੍ਰਾਈਕ ਵੀ ਕਾਫੀ ਦੇਰ ਤਕ ਚਲਦੀ ਰਹੀ। ਇਸ ਹਾਊਸ ਦੇ ਕੁਝ ਮੈਂਬਰਾਂ ਨੇ ਇਸ ਮਸਲੇ ਵਿਚ ਪੈਕੇ ਫੈਸਲਾ ਕਰਾਇਆ ਸੀ। ਉਸ ਵੇਲੇ ਸਰਕਾਰ ਨੇ ਕਿਹਾ ਸੀ ਕਿ 25 ਲੱਖ ਰੁਪਿਆ ਟੀਚਰਾਂ ਅਤੇ ਮਾਸਟਰਜ਼ ਨੂੰ ਕੰਸੈਸ਼ਨ ਦੇ ਰੂਪ ਵਿਚ ਸਰਕਾਰ ਦੇਵੇਗੀ। ਇਸ ਦੇ ਇਲਾਵਾ ਉਨ੍ਹਾਂ ਨੂੰ ਹੋਰ ਰਿਆਇਤਾਂ ਵੀ ਦਿਤੀਆਂ ਜਾਣਗੀਆਂ। ਸਰਕਾਰ ਨੇ ਕਿਹਾ ਸੀ ਕਿ ਇਸ ਦੇ ਬਾਰੇ ਟੀਚਰਜ਼ ਦੇ ਰੈਪ੍ਰੀਜ਼ੈਂਟੇਟਿਵਜ਼ ਅਤੇ ਕੌਂਸਲ ਦੇ 2 ਐਮ. ਐਲ. ਸੀਜ਼. ਜਿਹੜੇ ਟੀਚਰਜ਼ ਨੂੰ ਰੈਪ੍ਰੀਜ਼ੈਂਟ ਕਰਦੇ ਹਨ, ਉਨ੍ਹਾਂ ਦਾ ਮਸ਼ਵਰਾ ਲਿਆ ਜਾਵੇਗਾ। ਸਰਕਾਰ ਨੇ ਜਿਹੜਾ 25 ਲੱਖ ਰੁਪਿਆ ਮੰਗਿਆ ਹੈ ਉਸ ਤੋਂ ਸਿਰਫ 32 ਹਜ਼ਾਰ ਟੀਚਰਾਂ ਨੂੰ ਫਾਇਦਾ ਮਿਲੇਗਾ। 48 ਹਜ਼ਾਰ ਟੀਚਰਜ਼ ਇਸ ਕੰਸੈਸ਼ਨ ਤੋਂ ਵੰਚਿਤ ਰਹਿਣਗੇ। ਸਰਕਾਰ ਨੇ ਜਿਹੜਾ ਫਾਰਮੂਲਾ ਤਿਆਰ ਕੀਤਾ ਹੈ ਉਹ ਟੀਚਰਜ਼ ਅਤੇ ਉਨ੍ਹਾਂ ਦੇ ਰੈਪ੍ਰੀਜ਼ੈਂਟੇਟਿਵਜ਼ ਨੂੰ ਮਨਜ਼ੂਰ ਨਹੀਂ ਹੈ। ਇਸ ਫਾਰਮੂਲੇ ਦੇ ਰਾਹੀਂ ਜਿਨ੍ਹਾਂ ਜੇ. ਬੀ. ਟੀ. ਟੀਚਰਜ਼ ਦੀ 5 ਸਾਲ ਤੋਂ ਘਟ ਨੌਕਰੀ ਹੈ ਅਤੇ ਬੀ. ਟੀ. ਜਾਂ ਬੀ. ਐਡ. ਜਿਨ੍ਹਾਂ ਦੀ 2 ਸਾਲ ਤੋਂ ਘਟ ਸਰਵਿਸ ਹੈ, ਉਨ੍ਹਾਂ ਨੂੰ ਕੋਈ ਰਿਆਇਤ ਨਹੀਂ ਮਿਲ ਰਹੀ। ਸਰਕਾਰ ਨੇ ਕਿਹਾ ਕਿ ਇਹ ਫਾਰਮੂਲਾ ਉਨ੍ਹਾਂ ਦੇ ਰੈਪ੍ਰੀਜ਼ੈਂਟੇਟਿਵਜ਼ ਨਾਲ ਮਿਲ ਕੇ ਬਣਾਇਆ ਗਿਆ ਹੈ। ਇਸ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਰੈਪ੍ਰੀਜ਼ੈਂਟੇਟਿਵਜ਼ ਮੈਨੂੰ ਮਿਲੇ ਅਤੇ ਕੌਂਸਲ ਦੇ 2 ਐਮ. ਐਲ. ਸੀਜ਼ ਭੀ ਮਿਲੇ। ਉਨ੍ਹਾਂ ਦੇ ਨਾਲ ਇਸ ਬਾਰੇ ਗਲ ਹੋਈ। ਉਹ ਕਹਿੰਦੇ ਹਨ ਕਿ ਇਹ ਫਾਰਮੂਲਾ ਸਾਨੂੰ ਮਨਜ਼ੂਰ ਨਹੀਂ ਹੈ। ਇਹ ਫਾਰਮੂਲਾ ਐਜੂਕੇਸ਼ਨ ਡਿਪਾਰਟਮੈਂਟ ਨੇ ਖੁਦ ਤਿਆਰ ਕੀਤਾ ਹੈ। ਟੀਚਰਜ਼ ਭੀ ਇਸ ਫਾਰਮੂਲੇ ਦੇ ਨਾਲ ਸਹਿਮਤ ਨਹੀਂ ਹਨ। ਸਰਕਾਰ ਨੇ ਇਨ੍ਹਾਂ ਲਈ ਜਿਹੜਾ 25 ਲਖ ਰੁਪਿਆ ਰਖਿਆ ਹੈ ਉਹ ਬਹੁਤ ਘਟ ਹੈ। ਇਸ ਦੇ ਨਾਲ ਬਹੁਤ ਘਟ ਟੀਚਰਜ਼ ਨੂੰ ਫਾਇਦਾ ਹੋ ਰਿਹਾ ਹੈ। ਟੀਚਰਾਂ ਨੂੰ ਇਸ ਫਾਰਮੂਲੇ ਦੇ ਬਾਰੇ ਬਹੁਤ ਗੁੱਸਾ ਹੈ। ਮੈਂ ਫਿਨਾਂਸ ਮਨਿਸਟਰ ਸਾਹਿਬ ਨੂੰ

ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ ਇਸ ਮਾਮਲੇ ਦੀ ਇੰਪਲੀਕੇਸ਼ਨਜ਼ ਦੇ ਵਲ ਜ਼ਰੂਰ ਧਿਆਨ ਦੇਣ ਤਾਕਿ ਬਾਕੀ ਟੀਚਰਜ਼ ਨੂੰ ਵੀ ਫਾਇਦਾ ਹੋ ਸਕੇ। ਉਨ੍ਹਾਂ ਲਈ ਹੋਰ ਰੁਪਿਆ ਰਖਿਆ ਜਾਵੇ ਤਾਕਿ ਕਿਸੇ ਦੇ ਨਾਲ ਬੇਇਨਸਾਫੀ ਨਾ ਹੋਵੇ। ਇਸ ਦੇ ਅਲਾਵਾ ਇਸ ਬਾਰੇ ਸਰਕਾਰ ਨੂੰ ਸੂਟੇਬਲ ਅਮੈਂਡਮੈਂਟ ਕਰਨੀ ਚਾਹੀਦੀ ਹੈ ਅਤੇ ਟੀਚਰਜ਼ ਐਸੋਸੀਏਸ਼ਨ ਨੂੰ ਕਾਨਫੀਡੈਂਸ ਵਿਚ ਲੈਕੇ ਦੋਬਾਰਾ ਫੈਸਲਾ ਕੀਤਾ ਜਾਵੇ।

ਡਿਪਟੀ ਸਪੀਕਰ ਸਾਹਿਬਾ, ਮੈਂ ਡਿਮਾਂਡ ਨੰਬਰ 15 ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਸਰਕਾਰ ਨੇ ਕਰਮਚਾਰੀਆਂ ਲਈ ਵੀਟ ਲੋਨ ਦਿਤਾ ਸੀ। ਇਸ ਬਾਰੇ ਪਹਿਲਾਂ ਜਿਹੜੀ ਰਕਮ ਰਖੀ ਸੀ ਉਹ ਘਟ ਸੀ। ਉਸ ਦੇ ਬਾਅਦ ਦੋਬਾਰਾ ਇਸ ਸਪਲੀਮੈਂਟਰੀ ਐਸਟੀਮੇਟਸ ਵਿਚ ਅਮਾਊਂਟ ਪ੍ਰੋਵਾਈਡ ਕੀਤੀ ਹੈ ਇਸ ਦੇ ਨਾਲ ਇਨ੍ਹਾਂ ਦਾ ਮਸਲਾ ਹਲ ਨਹੀਂ ਹੋ ਜਾਂਦਾ ਹੈ ਬਲਕਿ ਇਸ ਮਸਲੇ ਨੂੰ ਬਨਿਆਦੀ ਤੌਰ ਤੇ ਹਲ ਕਰਨ ਦੀ ਲੋੜ ਹੈ। $2\frac{1}{2}$ ਲੱਖ ਕਰਮਚਾਰੀ ਇਹ ਮੰਗਾਂ 16, 17 ਸਾਲਾਂ ਤੋਂ ਲਗਾਤਾਰ ਮੰਗਦੇ ਚਲੇ ਆ ਰਹੇ ਹਨ ਲੇਕਿਨ ਕੋਈ ਗੌਰ ਨਹੀਂ ਕੀਤਾ ਜਾ ਰਿਹਾ ਹੈ। ਇਨ੍ਹਾਂ ਕਰਮਚਾਰੀਆਂ ਦੇ ਪੇ-ਸਕੇਲਜ਼ ਅੰਗਰੇਜ਼ਾਂ ਦੇ ਜ਼ਮਾਨੇ ਤੋਂ ਚਲੇ ਆ ਰਹੇ ਹਨ। ਉਸ ਵੇਲੇ ਦੇ ਅਤੇ ਅੱਜ ਦੇ ਪ੍ਰਾਈਸ ਇੰਡੈਕਸ ਦਾ ਮੁਕਾਬਲਾ ਕੀਤਾ ਜਾਵੇ ਤਾਂ ਪਤਾ ਚਲੇਗਾ ਕਿ ਚੀਜ਼ਾਂ ਦੀਆਂ ਕੀਮਤਾਂ ਵਧਦੀਆਂ ਗਈਆਂ ਅਤੇ ਇਨ੍ਹਾਂ ਕੀਮਤਾਂ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਡਿਪਟੀ ਸਪੀਕਰ ਸਾਹਿਬਾ, ਮਹਿੰਗਾਈ ਵਧਦੀ ਗਈ ਲੇਕਿਨ ਪ੍ਰਾਈਸ ਇੰਡੈਕਸ ਦੇ ਹਿਸਾਬ ਨਾਲ ਡੀ ਏ. ਵਿਚ ਇਜ਼ਾਫਾ ਨਹੀਂ ਹੋਇਆ। ਅਗਰ ਤੁਸੀਂ ਸੈਂਟਰ ਦੀ ਮਿਸਾਲ ਲਉ ਉਨ੍ਹਾਂ ਨੇ ਆਪਣੇ ਕਰਮਚਾਰੀਆਂ ਦਾ 3 ਵਾਰ ਡੀ. ਏ. ਵਧਾਇਆ ਹੈ। ਸੈਂਟਰ ਦੇ ਕਲਰਕ ਦੀ ਤਨਖਾਹ 150 ਰੁਪਏ ਹੈ ਅਤੇ ਪੰਜਾਬ ਦੇ ਕਲਰਕ ਦੀ ਤਨਖਾਹ 100 ਰੁਪਏ ਹੈ। ਇਸ ਤੋਂ ਅਲਾਵਾ **Class 1V** ਦੇ ਕਰਮਚਾਰੀਆਂ ਦੀ ਤਨਖਾਹ ਸੈਂਟਰਲ ਗੌਰਮਿੰਟ ਦੇ ਮੁਲਾਜ਼ਮਾਂ ਕੋਲੋਂ ਬਹੁਤ ਹੀ ਘਟ ਹੈ। ਇਥੇ ਸਟੇਟ ਗੌਰਮਿੰਟ ਅਤੇ ਸੈਂਟਰਲ ਗੌਰਮਿਟ ਦੇ ਐਂਪਲਾਈਜ਼ ਦੇ ਨਾਲ ਬਹੁਤ ਡਿਸਕ੍ਰਿਮੀਨੇਸ਼ਨ ਹੋ ਰਹੀ ਹੈ। ਮਹਿੰਗਾਈ ਦੀ ਪ੍ਰਾਬਲਮ ਦੋਹਾਂ ਵਾਸਤੇ ਇਕੋ ਜਿਹੀ ਹੈ ਪਰ ਦੋਹਾਂ ਦੀਆਂ ਤਨਖਾਹਾਂ ਦੇ ਅੰਦਰ ਬਹੁਤ ਜ਼ਿਆਦਾ ਫਰਕ ਹੈ। ਸਰਕਾਰ ਇਸ ਮਹਿੰਗਾਈ ਨੂੰ ਚੈਕ ਨਹੀਂ ਕਰ ਸਕੀ ਅਤੇ ਮਹਿੰਗਾਈ ਦਿਨੋ ਦਿਨ ਵਧਦੀ ਜਾ ਰਹੀ ਹੈ। ਇਸੇ ਕਰਕੇ ਕਰਮਚਾਰੀਆਂ ਦੀ ਅਸੋਸੀਏਸ਼ਨ ਨੇ ਮੰਗ ਕੀਤੀ ਕਿ ਉਨ੍ਹਾਂ ਦੇ ਪੇ-ਸਕੇਲਜ਼ ਰੀਵਾਈਜ਼ ਕੀਤੇ ਜਾਣ। ਉਨ੍ਹਾਂ ਨੇ ਇਹ ਮੰਗ ਕੀਤੀ ਕਿ ਪੇ-ਕਮੀਸ਼ਨ ਮੁਕੱਰਰ ਕੀਤਾ ਜਾਵੇ, ਤਾਕਿ ਕਰਮਚਾਰੀਆਂ ਦੇ ਗਰੇਡਜ਼ ਰੀਵਾਈਜ਼ ਹੋ ਸਕਣ।

ਪਿਛਲੇ ਸਾਲ ਸਤੰਬਰ ਵਿਚ ਸਾਡੀ ਸਰਕਾਰ ਨੇ ਹਨੂਮੰਨਥੈਯਾ ਕਮੀਸ਼ਨ ਮੁਕੱਰਰ ਕੀਤੀ ਸੀ। ਉਸ ਕਮੀਸ਼ਨ ਨੇ ਆਪਣੀ ਰੀਪੋਰਟ ਸਰਕਾਰ ਨੂੰ ਭੇਜ ਦਿਤੀ ਹੈ। ਉਸ ਰੀਪੋਰਟ ਵਿਚ ਕਮੀਸ਼ਨ ਨੇ ਮੰਗ ਕੀਤੀ ਹੈ ਕਿ **Pay Commission for low-paid Government Employees** ਮੁਕੱਰਰ ਕੀਤੀ ਜਾਏ। ਹੁਣ ਤਾਂ ਫਾਈਨੈਂਸ ਮਿਨਿਸਟਰ ਸਾਹਿਬ ਦੇ ਹੱਥ ਹੋਰ ਵੀ ਮਜ਼ਬੂਤ ਹੋ ਗਏ ਹਨ। ਗੌਰਿਮਿੰਟ ਦੀ ਬਣਾਈ ਹੋਈ ਕਮੀਸ਼ਨ ਨੇ ਇਹ ਗਲ ਕਹੀ ਹੈ ਕਿ ਗੌਰਮਿੰਟ ਦੇ ਲੋ-ਪੇਡ ਐਂਪਲਾਈਜ਼ ਵਿਚ ਬੜੀ ਰੈਸਟਲੈਸਨੈਸ ਹੈ, ਉਸ ਨੂੰ ਦੂਰ ਕਰਨ ਲਈ ਪੇ-ਕਮੀਸ਼ਨ ਮੁਕੱਰਰ ਕੀਤਾ ਜਾਣਾ ਚਾਹੀਦਾ ਹੈ ਅਤੇ ਗ੍ਰੇਡਜ਼ ਨੂੰ ਬੁਨਿਆਦੀ ਤੌਰ ਤੇ ਰੀਵਾਈਜ਼ ਕੀਤਾ ਜਾਣਾ ਚਾਹੀਦਾ ਹੈ। ਤਨਖਾਹਾਂ ਵਧਾਉਣ ਵੇਲੇ ਸੈਂਟ੍ਰਲ ਸਰਕਾਰ ਦੇ ਗ੍ਰੇਡਾਂ ਨੂੰ ਧਿਆਨ ਵਿਚ ਰਖਿਆ ਜਾਏ। ਉਨ੍ਹਾਂ ਨੂੰ ਮੱਦੇ ਨਜ਼ਰ ਰਖ ਕੇ ਉਨ੍ਹਾਂ ਦੀਆਂ ਤਨਖਾਹਾਂ ਵਧਾਈਆਂ ਜਾਣੀਆਂ ਚਾਹੀਦੀਆਂ ਹਨ। ਕਮੀਸ਼ਨ ਦੀ ਨਿਯੁਕਤੀ ਦੇ ਬਾਅਦ ਉਸ ਦੀ ਰੀਪੋਰਟ ਆਉਣ ਤਕ ਜਿਹੜਾ ਦਰਮਿਆਨੀ ਸਮਾਂ ਹੈ ਉਸ ਵਿਚ ਸਰਕਾਰ ਨੂੰ ਗੁਡਵਿਲ ਜੈਸਚਰ ਕਰਨਾ ਚਾਹੀਦਾ ਹੈ ਅਤੇ ਸਟੇਟ ਐਂਪਲਾਈਜ਼ ਲਈ ਮਹਿੰਗਾਈ ਭੱਤੇ ਵਿਚ ਇੰਟੈਰਿਮ ਇਨਕ੍ਰੀਜ਼ ਕਰਨੀ ਚਾਹੀਦੀ ਹੈ। ਮਹਿੰਗਾਈ ਨੇ ਹਾਲਾਤ ਅਜਿਹੇ ਪੈਦਾ ਕਰ ਦਿਤੇ ਹਨ ਕਿ ਸਾਡੇ ਸੂਬੇ ਵਿਚ ਲੋਕਾਂ ਨੂੰ ਬੜੀ ਭਾਰੀ ਚਿੰਤਾ ਹੈ ਲੋਕ ਘਰਾਂ ਵਿਚ ਬਹੁਤ ਬੇਚੈਨ ਅਤੇ ਪਰੇਸ਼ਾਨ ਹਨ। ਸੋਕੇ ਦੇ ਕਾਰਣ ਫਸਲਾਂ ਨਾ ਹੋਣ ਕਰਕੇ ਭਾਅ ਹੋਰ ਵਧ ਜਾਣਗੇ ਅਤੇ ਪੋਜ਼ੀਸ਼ਨ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਹੋਰ ਨਾਜ਼ਕ ਹੋ ਜਾਵੇਗੀ। ਇਸ ਲਈ ਮੇਰਾ ਸੁਝਾਉ ਕਿ ਸਾਡੀ ਸਰਕਾਰ ਨੂੰ ਕਲਾਸ ਤਿੰਨ ਅਤੇ ਕਲਾਸ ਚਾਰ ਦੇ ਗੌਰਮਿੰਟ ਇੰਪਲਾਈਜ਼ ਲਈ ਇੰਟੈਰਿਮ ਡੀਅਰਨੈਸ ਅਲਾਊਂਸ ਵਿਚ ਵਾਧੇ ਦਾ ਇਲਾਨ ਬਜਟ ਸੈਸ਼ਨ ਦੇ ਦੌਰਾਨ ਕਰ ਕੇ ਨਾਮਣਾ ਖੱਟਣਾ ਚਾਹੀਦਾ ਹੈ। ਹਨੂੰਮੰਥੈਯਾ ਕਮੀਸ਼ਨ ਦੀ ਰੀਪੋਰਟ ਮਹੱਤਤਾ ਰਖਦੀ ਹੈ। ਸਰਕਾਰ ਨੂੰ ਪੇ-ਕਮੀਸ਼ਨ ਮੁਕੱਰਰ ਕਰਨਾ ਚਾਹੀਦਾ ਹੈ ਤਾਂ ਜੋ ਬੁਨਿਆਦੀ ਦੌਰ ਤੇ ਸਰਕਾਰੀ ਮੁਲਾਜ਼ਮਾਂ ਦੀਆਂ ਤਨਖਾਹਾਂ ਵਧਾਈਆਂ ਜਾਣ। ਸਟੇਟ ਵਿਚ ਢਾਈ ਤਿੰਨ ਲੱਖ ਗੌਰਮਿੰਟ ਇੰਪਲਾਈਜ਼ ਹਨ, ਉਨ੍ਹਾਂ ਦਾ ਮਸਲਾ ਹੈ, ਇਸ ਨੂੰ ਖਾਸ ਧਿਆਨ ਨਾਲ ਅਤੇ ਜਲਦੀ ਹਲ ਕਰਨ ਦਾ ਜਤਨ ਕੀਤਾ ਜਾਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬਾ, ਅਗੇ 14 ਨੰਬਰ ਦੀ ਮੰਗ ਐਗ੍ਰੀਕਲਚਰ ਦੇ ਬਾਰੇ ਹੈ। ਕੁਝ ਰਕਮ ਫਰਟੇਲਾਈਜ਼ਰ ਦੇ ਸਿਲਸਿਲੇ ਵਿਚ ਜ਼ਿਆਦਾ ਖਰਚ ਹੋਣੀ ਹੈ ਉਸ ਲਈ ਮੰਗ ਕੀਤੀ ਗਈ ਹੈ। ਇਹ ਬੜੀ ਚੰਗੀ ਗਲ ਹੈ। ਫਰਟੇਲਾਈਜ਼ਰ ਖੇਤੀ ਬਾੜੀ ਦੀ ਜਿੰਦ ਜਾਨ ਹੈ ਅਤੇ ਇਸ ਵੇਲੇ ਸਾਡੇ ਸੂਬੇ ਦੇ ਸਾਹਮਣੇ ਡੀਫੈਂਸ ਦੇ ਬਾਅਦ ਅਗਰ ਕੋਈ ਨੈਸ਼ਨਲ ਮਹੱਤਤਾ ਦਾ ਕੰਮ ਹੈ ਤਾਂ ਉਹ ਹੈ ਐਗ੍ਰੀਕਲਚਰ ਪ੍ਰੋਡੀਊਸ ਵਿਚ ਵਾਧਾ ਕਰਨਾ ਹੈ। ਸਾਡੇ ਸੂਬੇ ਦਾ ਇਹ ਬੇਸਿਕ ਫਰਜ਼ ਹੈ ਕਿ ਦੇਸ ਦੀ ਪ੍ਰੋਡਕਸ਼ਨ ਵਿਚ ਵਾਧਾ ਕਰੇ। ਅਜ ਸਾਡਾ ਦੇਸ਼ ਕਰੋੜਾਂ ਰੁਪਏ ਦਾ ਅਨਾਜ ਵਿਦੇਸ਼ਾਂ ਤੋਂ ਮੰਗਾਕੇ ਹਰ ਸਾਲ ਆਪਣੇ ਲੋਕਾਂ ਦਾ ਢਿਡ ਭਰਦਾ ਹੈ। ਪੀ. ਐਲ. 480 ਸਕੀਮ ...ਮਾਤਹਿਤ ਅਮਰੀਕਾਂ ਤੋਂ ਅਨਾਜ ਮੰਗਵਾਉਣਾ ਪੈਂਦਾ ਹੈ। ਇਹ ਹੋਰ ਵੀ ਅਪਮਾਨ ਦੀ ਗਲ ਹੈ ਕਿ ਸਾਡੇ ਦੇਸ ਵਿਚ 75 ਫੀ ਸਦੀ ਆਬਾਦੀ ਖੇਤੀ ਕਰਨ ਵਾਲੀ ਹੋਵੇ ਪਰ ਫਿਰ ਵੀ ਦੂਸਰੇ ਮੁਲਕਾਂ ਵਿਚ ਗਿਰਜ਼ਿਆਂ ਵਿਚ ਠੂਠੇ ਰਖੇ ਜਾਣ ਕਿ ਭੁਖੇ ਹਿੰਦੁਸਤਾਨੀਆਂ ਲਈ ਅੰਨ ਇੱਕਠਾ ਕੀਤਾ ਜਾਵੇ ਅਤੇ ਪੈਸੇ ਇੱਕਠੇ ਕੀਤੇ ਜਾਣ। ਹਾਲਾਤ ਇਥੋਂ ਤਕ ਪਹੁੰਚ ਚੁਕੇ ਹੋਣ ਤਾਂ ਸਾਡੇ ਵਾਸਤੇ ਸ਼ਰਮ ਵਾਲੀ ਗਲ ਹੈ। ਸਾਨੂੰ ਅਪਣੇ ਦੇਸ਼ ਦੀ ਪ੍ਰੋਡਕਸ਼ਨ ਵਧਾਕੇ ਇਸ ਨੂੰ ਅੰਨ ਵਿਚ ਸੈਲਫ-ਸਫੀਸੈਂਟ ਅਤੇ ਸੈਲਫ ਰੀਲਾਇੰਟ ਬਣਾਉਣਾ ਚਾਹੀਦਾ ਹੈ। ਇਹ ਬੜਾ ਭਾਰੀ ਮਸਲਾ ਹੈ ਅਤੇ ਮੈਂ ਕਹਾਂਗਾ ਕਿ ਇਸ ਨੂੰ ਹਲ ਕਰਨ ਲਈ ਫਰਟੇਲਾਈਜ਼ਰ ਬੜੀ ਮਹਤੱਤਾ ਰਖਦੀ ਹੈ। ਐਮੋਨੀਆ ਨਾਈਟ੍ਰੇਟ ਦੇ ਭਾਅ ਵਧ ਗਏ ਹਨ ਜਿਸ ਲਈ ਰੁਪਏ ਦੀ ਮੰਗ ਕੀਤੀ ਗਈ ਹੈ। ਉਸ ਦਾ ਭਾਅ 20 ਰੁਪਏ ਪਰ ਬੈਗ ਹੋ ਗਿਆ ਹੈ। ਕਿਸਾਨੀ ਖਾਦ 17 ਰੁਪਏ ਤੋਂ 18.50 ਪਰ ਬੈਗ ਹੋ ਗਈ ਹੈ। ਕਿੰਨੀ ਹੈਰਾਨੀ ਦੀ ਗਲ ਹੈ ਕਿ ਫਰਟੇਲਾਈਜ਼ਰਜ਼ ਦੇ ਭਾਅ ਵਧ ਗਏ ਹਨ ਅਤੇ ਸਰਕਾਰ ਐਗਰੀਕਲਚਰਲ ਪ੍ਰੋਡਕਸ਼ਨ ਵਧਾਉਣ ਦੀਆਂ ਗਲਾਂ ਕਰਦੀ ਹੈ। ਮੈਂ ਅਰਜ਼ ਕਰਾਂ ਕਿ ਇਹ ਗਲ ਕਿੰਨੀ ਵਾਰ ਕਹੀ ਗਈ ਹੈ ਕਿ ਫਰਟੇਲਾਈਜ਼ਰ ਇੰਡਸਟਰੀ ਪ੍ਰਾਈਵੇਟ ਇੰਡਸਟਰੀ ਨਹੀਂ ਹੈ। ਪਬਲਿਕ ਸੈਕਟਰ ਦੀ ਇੰਡਸਟਰੀ ਹੈ। ਸਰਕਾਰ ਕਾਰਖਾਨੇ ਦੀ ਮਾਲਕ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਜਦ ਪਬਲਿਕ ਅੰਡਰਟੇਕਿਗ ਹੈ, ਸਰਕਾਰੀ ਕਾਰ-ਖਾਨਾ ਹੈ ਤਾਂ ਫਿਰ ਇਸ ਨੂੰ ਮੁਨਾਫਾ ਕਮਾਉਣ ਦੀ ਖਾਤਰ ਕਿਉਂ ਇਸਤੇਮਾਲ ਕੀਤਾ ਜਾ ਰਿਹਾ ਹੈ। 244 ਲਖ ਰੁਪਿਆ ਸਰਕਾਰ ਨੇ ਫਰਟੇਲਾਈਜ਼ਰ ਵਿਚੋਂ ਮੁਨਾਫਾ ਕਮਾਇਆ ਹੈ। ਇਹ ਚੀਜ਼ ਬੈਲੰਸ-ਸ਼ੀਟ ਤੋਂ ਸਾਫ ਤੌਰ ਤੇ ਜ਼ਾਹਰ ਹੁੰਦੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਫਰਟੇਲਾਈਜ਼ਰ ਵਾਸਤੇ ਧੇਲਾਂ ਯੂਨਿਟ ਦੇ ਭਾਅ ਬਿਜਲੀ ਦਿੰਦੀ ਹੈ, ਕਰੋੜਾਂ ਰੁਪਏ ਮੁਨਾਫਾ ਫਰਟੇਲਾਈਜ਼ਰ ਵਿਚੋਂ ਹੋ ਰਿਹਾ ਹੈ, ਪਰ ਫਿਰ ਵੀ ਫਰਟੇਲਾਈਜ਼ਰ ਕਿਸਾਨ ਨੂੰ ਐਨੀ ਮਹਿੰਗੀ ਦਿਤੀ ਜਾਂਦੀ ਹੈ, ਇਸ ਦਾ ਕੀ ਕਾਰਨ ਹੈ? ਪਬਲਿਕ ਇੰਡਸਟਰੀ ਤਾਂ 'ਨੋ-ਪ੍ਰਾਫਿਟ, ਨੋ ਲਾਸ' ਦੀ ਬੇਸਿਜ਼ ਤੇ ਚਲਣੀ ਚਾਹੀਦੀ ਹੈ। ਜੇ ਕਰ ਸਰਕਾਰ ਹਕੀਕਤ ਵਿਚ ਸੂਬੇ ਦੀ ਸੇਵਾ ਕਰਨੀ ਚਾਹੁੰਦੀ ਹੈ, ਕਿਸਾਨਾਂ ਦੀ ਸਬਸਟਾਂਸ਼ਲ ਇਮਦਾਦ ਕਰਨੀ ਚਾਹੁੰਦੀ ਹੈ ਤਾਂ ਉਨ੍ਹਾਂ ਨੂੰ 'ਨੋ ਪ੍ਰਾਫਿਟ ਨੋ ਲਾਸ' ਬੇਸਿਜ਼ ਤੇ ਫਰਟੇਲਾਈਜ਼ਰ ਸਪਲਾਈ ਕਰੇ। ਇਸ ਦੀਆਂ ਫਾਈਨੈਂਸ਼ਲ ਇੰਪਲੀਕੇਸ਼ਨਜ਼ ਸੋਚੇ ਅਤੇ ਪੰਜਾਬ ਸਰਕਾਰ ਨੰਗਲ ਫਰਟੇਲਾਈਜ਼ਰਜ਼ ਫੈਕਟਰੀ ਨੂੰ ਟੇਕ ਉਵਰ ਕਰ ਲਵੇ।

ਜੇਕਰ ਇਹ ਇੰਡਸਟਰੀ ਪੰਜਾਬ ਸਰਕਾਰ ਦੀ ਹੋ ਜਾਵੇਗੀ ਤਾਂ ਫਿਰ ਇਹ ਕਿਸਾਨਾਂ ਨੂੰ 'ਨੋ ਪ੍ਰਾਫਿਟ ਨੋ ਲਾਸ' ਦੇ ਬੇਸਿਜ਼ ਤੇ ਫਰਟੇਲਾਈਜ਼ਰ ਸਪਲਾਈ ਕਰ ਸਕੇਗੀ। ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਸਰਕਾਰ ਨੂੰ 8 ਰੁਪਏ ਪਰ ਬੈਗ ਤੋਂ ਜ਼ਿਆਦਾ ਕਾਸਟ ਪ੍ਰਾਈਸ ਨਹੀਂ ਪੈ ਸਕਦੀ। ਜੇਕਰ 10 ਰੁਪਏ ਪਰ ਬੈਗ ਵੀ ਵੇਚੇ ਤਾਂ ਵੀ ਗੌਰਮਿੰਟ ਨੂੰ 2 ਰੁਪਏ ਪਰ ਬੈਗ ਬਚ ਸਕਦੇ ਹਨ। ਸਰਕਾਰ ਕਿਸਾਨ ਨੂੰ ਫਰਟੇਲਾਈਜ਼ਰ ਦੇਵੇ ਤਾਂ ਵੇਖੋ ਫਿਰ ਕਿਵੇਂ ਕਿਸਾਨ ਖੇਤਾਂ ਵਿਚੋਂ ਸੋਨਾ ਪੈਦਾ ਕਰਕੇ ਦਸਦਾ ਹੈ। ਕਿਵੇਂ ਉਹ ਕਣਕ ਉਗਾ ਕੇ ਵਿਖਾਉਂਦਾ ਹੈ, ਕਿਵੇਂ ਮੱਕੀ ਪੈਦਾ ਕਰਦਾ ਹੈ ਅਤੇ ਕਿਵੇਂ ਗੰਨਾ ਪੈਦਾ ਕਰ ਕੇ ਦਸਦਾ ਹੈ। ਪੰਜਾਬ ਤਾਂ ਪਹਿਲਾਂ ਹੀ ਹਿੰਦੁਸਤਾਨ ਦੀ ਗ੍ਰੈਨਰੀ ਹੈ। ਹਿੰਦੁਸਤਾਨ ਦੀ ਰਖਿਆ ਵਾਸਤੇ ਸਾਡੇ ਲੋਕਾਂ ਨੇ ਆਪਣੀਆਂ ਜਾਨਾਂ ਵਾਰਿਆਂ ਹਨ, ਇਨ੍ਹਾਂ ਨੇ ਆਪਣੇ ਪੁਤਰਾਂ ਨੂੰ ਮੈਦਾਨੇ ਜੰਗ ਵਿਚ ਸ਼ਹੀਦ ਕਰਵਾਇਆ ਹੈ, ਤਾਂ ਹੀ ਜਾ ਕੇ ਸੋਰਡ ਆਰਮ ਆਫ ਇੰਡੀਆਂ ਬਣੇ ਹਨ। ਕੋਈ ਵਜ੍ਹਾ ਨਹੀਂ ਹੈ ਕਿ ਐਗ੍ਰੀਕਲਚਰ ਵਿਚ ਸੈਲਫ ਡੀਪੈਂਡੈਂਟ ਬਣਨ ਲਈ ਇਹ ਸਭ ਤੋਂ ਅਗੇ ਹੋ ਕੇ ਜਤਨ ਨਾ ਕਰ ਕੇ ਵਿਖਾਉਣ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਐਗ੍ਰੀਕਲਚਰ ਲਈ ਵੀ ਸਾਡੇ ਲੋਕ ਸਭ ਤੋਂ ਮੂਹਰਲੀਆਂ ਸਫਾਂ ਵਿਚ ਖੜੇ ਹੋਣਗੇ ਅਤੇ ਸਾਡੇ ਦੇਸ਼ ਦੀ ਅਣਖ ਰਖ ਵਿਖਾਉਣਗੇ। ਸਾਡੀ ਸਰਕਾਰ ਨੂੰ ਇਸ ਮਸਲੇ ਵੱਲ ਗੰਭੀਰ ਧਿਆਨ ਦੇਣਾ ਚਾਹੀਦਾ ਹੈ। ਐਗ੍ਰੀਕਲਚਰ ਪ੍ਰੋਡਿਊਸ ਵਧਾਉਣ ਲਈ ਫਰਟੇਲਾਈਜ਼ਰ ਸਸਤਾ ਦੇਣਾ ਚਾਹੀਦਾ ਹੈ। ਕਿਸਾਨਾਂ ਨੂੰ ਦੂਸਰੀਆਂ ਸਹੂਲਤਾਂ ਵੀ ਦੇਣੀਆਂ ਚਾਹੀਦੀਆਂ ਹਨ। ਤਾਂ ਹੀ ਐਗ੍ਰੀਕਲਚਰ ਪ੍ਰੋਡਿਊਸ ਵਧ ਸਕਦੀ ਹੈ। ਸਾਡੇ ਸੂਬੇ ਵਿਚ ਕੁਲ 43 ਫੀ ਸਦੀ ਧਰਤੀ ਨੂੰ ਪਾਣੀ ਲਗਦਾ ਹੈ, 57 ਫੀਸਦੀ ਧਰਤੀ ਨੂੰ ਪਾਣੀ ਨਹੀਂ ਲਗਦਾ ਹੈ। ਜਿਸ ਸੂਬੇ ਵਿਚ 57 ਫੀ ਸਦੀ ਧਰਤੀ ਨੂੰ ਪਾਣੀ ਨਾ ਲਗਦਾ ਹੋਵੇ, ਉਹ ਉਨਾ ਅਨਾਜ ਨਹੀਂ ਪੈਦਾ ਕਰ ਸਕਦਾ ਜਿੰਨ੍ਹਾਂ ਕਿ ਉਸ ਨੂੰ ਕਰਨਾ ਚਾਹੀਦਾ ਹੈ। ਮੇਰੀ ਇਕ ਹੋਰ ਅਰਜ਼ ਇਹ ਹੈ ਕਿ ਸਰਕਾਰ ਜਿੰਨੀ ਦਿਲਚਸਪੀ ਇੰਡਸਟ੍ਰੀਅਲ ਲੋਨਜ਼ ਤੇ ਲੈਂਦੀ ਹੈ ਉਨੀਂ ਹੀ ਜਿਹੜਾ ਲੋਨ ਐਗ੍ਰੀਕਲਚਰ ਪਰਪਜ਼ ਵਾਸਤੇ ਲਿਆ ਜਾਂਦਾ ਹੈ ਉਸ ਉਪਰ ਲੈਣੀ ਚਾਹੀਦਾ ਹੈ। ਅਜ ਕਿਸਾਨ ਨੂੰ ਪੰਪਿੰਗ ਸੈਟ ਲਈ ਲੋਨ ਵਾਸਤੇ, ਟਿਊਬ-ਵੈਲ ਲਗਾਉਣ ਲਈ ਲੋਨ ਵਾਸਤੇ ਅਤੇ ਖੂਹ ਲਗਾਉਣ ਲਈ ਲੋਨਜ਼ ਵਾਸਤੇ $7\frac{3}{4}$ ਫੀ ਸਦੀ ਵਿਆਜ ਦੇਣਾ ਪੈਂਦਾ ਹੈ। ਪਰ ਇੰਡਸਟ੍ਰੀਅਲ ਲੋਨ ਤੇ ਸਰਕਾਰ ਕੇਵਲ 3 ਫੀ ਸਦੀ ਵਿਆਜ਼ ਲੈਂਦੀ ਹੈ। ਮੈਂ ਸਰਕਾਰ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਹ ਡਿਸਕ੍ਰੀਮੀਨੇਸ਼ਨ ਕਿਉਂ ਹੈ ? ਐਗ੍ਰੀਕਲਚਰਲ ਕਮਿਊਨਿਟੀ ਨਾਲ, ਹਜ਼ਾਰਾਂ ਕਿਸਾਨਾਂ ਨਾਲ ਕਿਉਂ ਇਹ ਧੱਕਾ ਕੀਤਾ ਜਾ ਰਿਹਾ ਹੈ ? ਕਿਉਂ ਉਨ੍ਹਾਂ ਨੂੰ $7\frac{3}{4}$ ਫੀ ਸਦੀ ਵਿਆਜ਼ ਤੇ ਕਰਜ਼ਾ ਲੈਣਾ ਪੈਂਦਾ ਹੈ ? ਕਿਉਂ ਨਹੀਂ ਸਰਕਾਰ ਇੰਡਸਟਰੀਅਲ ਲੋਨ ਦ.ਸ੍ਹਾ ਦੇ ਮੁਤਾਬਿਕ ਹੀ ਐਗਹੀਕਲਚਰਲ ਲੋਨ ਦੇਣ ਦਾ ਉਪਾਏ ਕਰਦੀ ? ਇਸੇ ਤਰ੍ਹਾਂ ਹੀ ਬਿਜਲੀ ਦੇ ਭਾ ਵਿਚ ਫਰਕ ਹੈ। ਟਿਊਬਵੈਲ ਲਈ ਇੰਡਸਟਰੀਅਲ ਭਾ ਤੋਂ ਘਟ ਭਾ ਹੋਣਾ ਚਾਹੀਦਾ ਹੈ। ਸਰਕਾਰ ਨੂੰ ਇਨ੍ਹਾਂ ਸਾਰੀਆਂ ਗੱਲਾਂ ਉਤੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਤਾਂ ਹੀ ਕਿਸਾਨ ਅਤੇ ਸੂਬਾ ਅਨਾਜ ਦੇ ਪੱਖ ਵਿਚ ਆਤਮ-ਨਿਰਭਰ ਹੋ ਸਕਦਾ ਹੈ। ਸੂਬੇ ਵਿਚ ਜਿਹੜਾ ਅਨਰੈਸਟ ਹੈ, ਜਿਹੜੀ ਰੈਸਟਲੈਸਨੈਸ ਹੈ ਉਸ ਨੂੰ ਰੋਕਣ ਲਈ ਔਰ ਐਡਮਿਨਿਸਟਰੇਸ਼ਨ ਨੂੰ ਇੰਸਪਾਇਰ ਕਰਨ ਲਈ, ਗੌਰਮਿੰਟ ਐਂਪਲਾਈਜ਼ ਲਈ ਫੌਰੀ ਤੌਰ ਤੇ ਇਕ ਪੇ-ਕਮਿਸ਼ਨ ਮੁਕੱਰਰ ਹੋਣਾ ਚਾਹੀਦਾ ਹੈ, ਇਨਟੈਰਿਮ ਪੀਰੀਅਡ ਲਈ ਉਨ੍ਹਾਂ ਦਾ ਡੀਅਰਨੈਸ ਐਲਾਊਂਸ ਇਨਕਰੀਜ਼ ਹੋਣਾ ਚਾਹੀਦਾ ਹੈ, ਟੀਚਰਜ਼ ਨੂੰ ਉਤਸ਼ਾਹ ਦੇਣ ਦੇ ਨਾਰਮਜ਼ ਨੂੰ ਵੀ ਰੀਵਾਈਜ਼ ਕਰਨਾ ਚਾਹੀਦਾ ਹੈ, ਕਿਸਾਨਾਂ ਨੂੰ ਉਤਸ਼ਾਹ ਦੇਣ ਲਈ ਫਰਟੇਲਾਈਜ਼ਰ ਸਸਤੇ ਭਾ ਤੇ ਮਿਲਣਾ ਚਾਹੀਦਾ ਹੈ, ਇਰੀਗੇਸ਼ਨ ਫੈਸਿਲਿਟੀਜ਼ ਵਧੇਰੇ ਹੋਣੀਆਂ ਚਾਹੀਦੀਆਂ ਹਨ। ਇਹ ਸਾਰੇ ਕਦਮ ਸਾਡੀ ਸਰਕਾਰ ਨੂੰ ਪੁਟਣੇ ਚਾਹੀਦੇ ਹਨ। ਫੇਰ ਮੈਂ ਆਸ ਕਰਦਾ ਹਾਂ ਕਿ ਇਹ ਸਾਡਾ ਸੂਬਾ ਅਗੇ ਵਧੇਗਾ, ਤਰੱਕੀ ਕਰੇਗਾ ਔਰ ਇਸਨੂੰ ਵਿਸ਼ਾਲ ਚੰਗਾ, ਨਰੋਆ ਸੂਬਾ ਬਣਾਉਣ ਦੇ ਸਾਡੇ ਸਪਨੇ ਪੂਰੇ ਹੋਣਗੇ। ਇਨ੍ਹਾਂ ਲਫਜ਼ਾ ਨਾਲ ਮੈਂ ਅਪਣੀ ਥਾਂ ਲੈਂਦਾ ਹਾਂ।

**कामरेड राम प्यारा** (करनाल) : डिप्टी स्पीकर साहिबा, यह जो ऐजूकेशन की डिमांड नम्बर 3 है, इस में हम से कोई डेढ़ करोड़ के करीब रुपया मांगा जा रहा है। इस में दो तीन आईटम्ज़ बड़ी इम्पारटैंट हैं। काफी रुपया मांगा गया है। अपग्रेडिंग आफ प्राइमरी स्कूलज इनटू मिडल और मिडल स्कूल्ज इनटू हाई स्टैंडर्ड के सम्बन्ध में कोई बत्तीस लाख रुपए की मांग की गई है। इस के अलावा एवार्ड आफ मैरिट स्कालरशिप टू स्टूडैंट्स के लिये भी रुपया मांगा गया है। डिप्टी स्पीकर साहिबा, यह दोनों आईटम्ज़ अच्छी हैं जिन की मैं तारीफ करता हूं। लेकिन मेरे अन्दाज़े के मुताबिक यह जो डिस्ट्रिब्यूशन है यह बिल्कुल अनफेअर है। वह इस लिये कि मिडल स्कूल से हाई स्कूल तो इस लिये होगा क्योंकि आबादी बढ़ रही है जिस से तालीम की मांग बढ़ती जा रही है। जब मिडल से हाई स्कूल हो जाएगा तो वहां पर लाजमी तौर पर एकामोडेशन की ज़रूरत होगी, कमरों की ज़रूरत होगी, बिल्डिग की जरूरत होगी और उन के लिये हमारे पास पैसा नहीं है और ऐजूकेशन मिनिस्टर साहिब ने कुएश्चन आवर में खुद ही फरमाया है कि एक एक रुपया, दो दो रुपये, तीन तीन और चार चार रुपये मुख्तलिफ तरह से स्टूडैंट्स से हम बिल्डिग फंड के लिये ले रहे हैं ताकि उस रुपए से स्कूलों की बिल्डिंग्ज़ बन सकें या उन की मुरम्मत की जा सके। डिप्टी स्पीकर साहिबा, एक तरफ तो हम ने यह कदम उठाया कि फीसें मुआफ कर दीं। जो बड़े बड़े बिग बिज़नसमैन हैं, बिज़नैस मैगनेट्स हैं, जो बड़े बड़े बिग इनकम टैक्स पेयर हैं, हाई सेलरीड पर्सन्ज़ वगैरा हैं जो कि अंग्रेज़ों के वक्त बड़ी बड़ी फीसें दिया करते थे उन के बच्चों के लिये हम ने यक कलम फीस मुआफ कर दी। यानि जो पांच, पांच सौ, सात सात सौ, हज़ार, दो, तीन चार और पांच पांच हजार रुपये माहवार तनखाह पाने वाले लोग हैं उन के बच्चों के लिये फीस मुआफ कर दी, और दूसरी तरफ एक एक, दो दो और तीन तीन रुपया पर स्टूडैंट के हिसाब से हम किन से यह फंड लेते हैं? उन से जो चपड़ासी के बच्चे हैं, क्लास फोर एम्पलाईज़ के बच्चे हैं, बेलदार के बच्चे हैं। उन से पैसे लेकर हम रिलीफ किन को देना चाहते हैं? उन को जिन की तनखाहें बहुत बड़ी २ हैं। बिल्डिंग्ज की मुरम्मत के लिये और उन को बनाने के लिये रुपया उन लोगों से लिया जाएगा जो कि महां गरीब हैं हालांकि हमारी गवर्नमेंट कमिटिड तो इस बात के लिये है कि जो दे सकते हैं उन पर ज़्यादा से ज्यादा बोझ डाला जाए और जो नहीं दे सकते उन को ज़्यादा से ज़्यादा रिलीफ दिया जाए। लेकिन यहां तो बात बिल्कुल उलटी की गई है। इस के साथ साथ, डिप्टी स्पीकर साहिबा, इस सप्लीमेंटरी ऐस्टीमेट्स के सफा 17 पर सैनिक स्कूल के लिये स्कालरशिप्स की बाबत यह बताया गया है कि जिन वालदैन की तनखाह दो सौ रुपये तक है उन के बच्चों को पूरा यानि 1500 रुपया सालाना स्कालरशिप मिलेगा, जिन की दो सौ से लेकर चार सौ रुपये माहवार तनखाह है उन के बच्चों को 1125 रुपए सालाना वज़ीफा मिलेगा, जिन की चार सौ से छः सौ रुपया माहवार है उन के बच्चों को 750 रुपए सालाना मिलेगा और जिनकी तनखाह छः सौ एक से लेकर एक हज़ार रुपए माहवार तक है उन के बच्चों को 375 रुपए सालाना वज़ीफा मिलेगा। यानि जो लोग एक एक हज़ार रुपया माहवार पाते हैं उन के तईं भी हमारी गवर्नमेंट इतनी मेहरबान है और वह इस लिये कि सैनिक स्कूल में उन के बच्चे जाएं। सैनिक स्कूल में बच्चे जा रहे हैं अपने मैरिट पर लेकिन हमारी मेहरबानी उन के ऊपर है जो एक एक हज़ार रुपया माहवार पाते हैं। और बिन

लोगों से वह चन्दा वसूल होगा ? किन लोगों से वह रुपया वसूल होगा ? उन से जिन की आमदन चालीस, पचास, साठ, सत्तर और पचहत्तर रुपये माहवार है। यह हजार हजार वालों को जो 375 रुपए दिए जाएंगे यह लाज़मी तौर पर गरीब के ऊपर बोझ बनता है–तब बनता है जब कि उन से एक एक रुपया वसूल किया जाए। इस लिये, डिप्टी स्पीकर साहिबा, मैं यह अर्ज करूं कि यह एक बहुत अनफेअर डिस्ट्रिब्यूशन है। इसे हमें कुछ अमैंड करना चाहिए। जो गरीब है उस की फीस बिल्कुल माफ हो और अगर दो चार सौ रुपया माहवार लेने वाले लोगों के बच्चों का वजीफा बढ़ा भी दिया जाए तो मैं उसे स्पोर्ट करूंगा लेकिन यह बात ठीक मालूम नहीं देती कि एक तरफ तो एक एक हज़ार रुपया माहवार पाने वालों को वजीफा दिया जाए और दूसरी तरफ गरीब लोगों पर इस तरह एक एक रुपया, दो दो और तीन तीन रुपया का बोझ डाला जाए। इस लिये मैं गवर्नमेंट से कहूंगा कि वह इस सम्बन्ध में अपनी पालिसी को रिवाईज़ करे।

ठीक है कि हम ने कान्स्टीच्यूशन के मुताबिक ऐजूकेशन को कुछ हद तक फ्री किया हुआ है। लेकिन जो रूरल पापुलेशन है वहां पर पांच से लेकर चौदह साल की उम्र के सिर्फ पच्चास या साठ फीसदी बच्चे ही स्कूल जाते हैं। क्यों? इस लिये कि वह निहायत गरीब है। वह वहां पर बच्चों को स्कूलों में भेज नहीं सकते। इसी तरह से ही अर्बन एरियाज में 70 से 75 फीसदी बच्चे ही स्कूलों में जाते हैं। पच्चीस फीसदी के लगभग बच्चे अर्बन एरियाज़ में भी स्कूल नहीं जाते क्योंकि उन के वालदेन बहुत गरीब होते हैं। वह उन को स्कूलों में भेजना एफोर्ड नहीं कर सकते क्योंकि मैजारिटी आफ दैम यह सोचते हैं कि जब तक उन के बच्चे मज़दूरी न करेंगे, चने न बेचेंगे, रिक्शा न चलायेंगे तब तक उन की रोटी का काम नहीं चल सकता। इस लिये यह निहायत ही अनफेअर और अनबैलेंस्ड डिस्ट्रिब्यूशन है जिस की तरफ मैं गवर्नमैंट का ध्यान दिलाना चाहता हूं। जहां तक किसी की मदद करने का सवाल है, मैं मानता हूं और इस बात को एप्रीशिएट करता हूं कि गवर्नमैंट को उन की ज़रूर मदद करनी चाहिए।

डिप्टी स्पीकर साहिबा, अगली बात मेजर हैड 56 से सम्बन्ध रखती है। यह एविएशन डिपार्टमैंट के मुताल्लिक है। लैंड एक्वीज़ीशन कुलैक्टर ने 3,04,826 रुपये का एवार्ड दिया। जिन की जमीन थी उन्होंने अपील कर दी और अपील पर एवार्ड की रकम सात लाख रुपए ज्यादा बढ़ गई। अगर हम इस सप्लीमेंटरी एस्टीमेट्स को पढ़ें तो कोई सफा खाली नहीं रह जाता जहां पर कि गवर्नमेंट के खिलाफ डिग्री की एमाउंट का जि़क्र न हुआ हो। अगर हम थोड़ा सा भी ज्यादा कन्ट्रोल रखें तो हमारा जो मुफ्त में टाइम ज़ाया होता है वह भी बच जाए और जो रुपया फज़ूल ज़ाया जाता है वह भी न जाए। कहां तो तीन लाख रुपया और कहां दस लाख रुपया। फिर आप हाईकोर्ट में गए तो कोर्ट ने स्टे नहीं दिया। इस का यही कारण है कि हमारी गवर्नमेंट का जो कन्ट्रोल है वह बहुत वीक है और अगर कंट्रोल वीक न होता तो जो रुपया स्टेट के रैवेन्यू का इस तरह से ज़ाया होता है वह न होता। बहुत सारा रुपया बच सकता है। अगर हम पूरी तरह से ध्यान दें तो मैं कह सकता हूं कि इस तरह से हमारा कुछ न कुछ रुपया बच सकता है और हालात में इम्प्रूवमेंट हो सकती है।

[कामरेड राम प्यारा]

एक और बड़ी इम्पारटेंट आईटम है। यह डिमांड नम्बर 12 है। सरदार गुरचरन सिंह जी ने कुछ इस की तरफ इशारा भी किया है और मैं समझता हूं कि जो कुछ उन्होंने कहा है कि जो मिस्टर महाजन है उस ठेकेदार ने न सिर्फ पत्थर ही नहीं डाला बल्कि जो गवर्नमेंट की तरफ से तार कन्ट्रोल रेट पर उसे मिली थी उसने उसका भी बहुत सारा हिस्सा बलैक मार्किट में बेचा। विजिलैंस के ज़िम्मे इस की इन्क्वायरी हुई। मेरी इत्तलाह के मुताबिक विजिलैंस वालों ने अपनी इन्क्वायरी में एक फिकरा बड़ा ही शानदार लिखा है जिस की बाबत मैं विजिलेंस वालों को तो क्रेडिट देता हूं लेकिन गवर्नमेंट को उस के लिये डिसक्रेडिट ही करूंगा क्योंकि उन्होंने लिखा है कि मिस्टर महाजन का जो कान्डक्ट था वह ऐसा था कि He has corrupted the whole of thc department of the whole of the circle क्यों? उस में एक्स. ई. ऐन. भी सस्पैंड हुआ, ऐस. डी. ओ. सस्पैंड हुआ, ओवरसियर सस्पैंड हुआ और दो क्लर्क भी सस्पैंड हुए। और उसका नतीजा क्या हुआ? उस के पीछे जो मास्टर माइंड वह ठेकेदार था उसको किसी ने नहीं पूछा। सरदार गुरचरन सिंह जी ने इल्ज़ाम लगाया है कि जो साबका होम मिनिस्टर पंडित मोहन लाल हैं, उसे उन्होंने शील्ड किया। मैं सरदार गुरचरन सिंह जी को यकीन दिलाना चाहता हूं कि अगर उन्होंने उस को शील्ड किया है तो अपनी फीस लिए बगैर शील्ड नहीं किया होगा। (आपोज़ीशन की तरफ से प्रशंसा) मैं तो सरकार से यह डिमांड करूंगा कि न सिर्फ उस ठेकेदार, बल्कि उस शील्ड करने वाले साबका होम मिनिस्टर के खिलाफ इनक्वायरी होनी चाहिए, और इसके बाद उन की प्रासीक्यूशन होनी चाहिए (आपोजीशन की तरफ से प्रशंसा)। इस लिये कि जब हम किसी गुनाह को पकड़ते हैं मगर उसको मुनासिब सज़ा नहीं देते तो आम तौर पर उस का असर यह होता है कि जो ऐसे ही और आदमी हैं उन को टैम्पटेशन मिलता है और वह समझते हैं कि जब किसी गुनाहगार को हम नहीं पकड़ते तो उन को शैह मिल जाती है और अगर उसके खिलाफ कोई बात होती है तो वह गवर्नमेंट के सामने इस तरह से प्रैसीडैंट्स को रखेगा। इस से बहुत बड़ी और बहुत बुरी बात और कोई नहीं हो सकती, चाहे यह पंडित मोहन लाल साबिका होम मिनिस्टर की तरफ से प्रोटेक्शन देने की वजह से हुई है या श्री महाजन ने की है, क्योंकि इस से हिन्दुस्तान को बहुत बड़ा घाटा पड़ा है क्योंकि वहां जो स्पर बनाया जाना था वह नहीं बनाया गया और उस के न बनने की वजह से दरिया ने अपना रुख इधर मोड़ लिया और दरिया का इस तरह से रुख मुड़ने की वजह से हिन्दुस्तान की बहुत सी ज़मीन पाकिस्तान की तरफ चली गई। अगर यह स्पर बना लिया जाता तो वह ज़मीन जो कि इस तरह से पाकिस्तान को चली गई थी वह न जाती और हमारे देश को घाटा न पड़ता। इस लिये मैं कहता हूं कि इस तरह से सिर्फ कुरप्शन ही नहीं हुई बल्कि श्री महाजन ने और पंडित मोहन लाल, साबिका होम मिनिस्टर ने एक एंटी नेशनल काम किया है। इस लिये गवर्नमैंट को चाहिए कि वह इस बारे में इनकुआइरी करवाए और इस के लिये जिस किसी के ज़िम्मे भी कसूर हो उसे सख्त से सख्त सज़ा दी जाए। उस की प्रासीक्यूशन होनी चाहिए। यह प्रासीक्यूशन सिर्फ इस लिये ही नहीं होनी चाहिए क्योंकि इस में कुरप्शन इनवालव्ड है लेकिन इस लिये होनी चाहिए

क्योंकि इस तरह से हमारे देश को नुक्सान पहुंचाया गया है। हम ऐसा गुनाह कभी भी मुग्राफ नहीं कर सकते।

तो इस लिये मैं कहता हूं कि इस गवर्नमैंट के सामने जब बड़े २ ग्रादमियों का सवाल ग्राता है तो उन के लिये यह एक प्रोसीजर मान लेती है ग्रौर जब गरीब ग्रादमियों का सवाल ग्राता है तब उन के लिये यह नहीं मानती। इसे ग्रपनी इस पालेसी को बदलना चाहिए। ग्रभी यहां पर फर्टीलाईज़र की डिस्ट्रिब्यूशन का सवाल उठाया गया था, जिस का ज़िक्र कामरेड जोश ने ग्रपनी तकरीर में किया था। क्योंकि वह कम्यूनिस्ट हैं तो उन के मूंह से जाट का लफ्ज़ इस बारे में निकला था जो कि मैं समझता हूं कि उन्हें नहीं कहना चाहिए था मैं उन्हें समझाना चाहता हूं कि ज़मीन पर किसी खास तबका की मनापली नहीं है। मैं तो उन की तक्सीम दो तरह के लोगों में करता हूं यानी एक वह जो बड़े बड़े ज़मीदार हैं ग्रौर एक वह जो छोटे 2 रकबों के मालिक हैं। इस तरह से मैं उन की तक्सीम इकनामिक बेसिज़ पर किया करता हूं क्योंकि मेरे पास ग्राम तौर पर जो लोग ग्राते हैं वह छोटे २ रकबों के मालिक होते हैं ग्रौर जो बड़े २ रकबों के मालिक होते हैं उन की तरफ से जो गैर-कानूनी चीजें की जाती हैं वह मैं ग्राम तौर पर गवर्नमैंट के नोटिस में लाता रहता हूं। इसी लिए मैं ने ज़िला फिरोज़पुर के एक बहुत बड़े ज़मींदार की फैमली को पकड़वाया है जिस की 216 एकड़ ज़मीन सरप्लस निकलती थी लेकिन वह ग्रपने ग्रसरोरसूख की वजह से यूटेलाईज़ नहीं होने दे रहा था क्योंकि वह खुद डिप्टी कमिश्नर था, फिर उस का एक भाई डिप्टी कमिशनर था, एक भाई उस का हाईकोर्ट का जज है ग्रौर एक भाई उस का वहां के ज़िला परीषद का चेयरमैन है। इस तरह से वह ग्रपने ग्रसरोरसूख से ग्रपनी सारी सरप्लस ज़मीन दबाए बैठे थे, मैं ने उन से वह निकलवाई है। इस के इलावा 220 एकड़ ग्रौर ज़मीन जो ग्रौर सरप्लस निकलनी चाहिए थी ग्रौर नहीं निकली हुई थी वह निकलवाई है क्योंकि उन्होंने सिक्योरिटी ग्राफ लैण्ड टैन्योर एक्ट के रूल 8 के तहत एक ज्वायंट कोग्राप्रेटिव फारमिंग के नाम पर उस रकबा की एग्ज़ेंपशन ले रखी हुई थी हालांकि उन की वह सोसायटी रिजिसटर नहीं हुई थी। That was a fraud with the Government मैं इस लिये ज़मींदारों की तकसीम दो हिस्सों में किया करता हूं। इसी तरह से मैं ने ज़िला करनाल के एक बड़े ज़मींदार की कोई दो ढाई लाख रुपए की मालियत की ज़मीन का एवार्ड कैंनसिल करवाया है। इस लिये मैं गवर्नमैंट से कहूंगा कि वह ग्रपनी इस पालेसी को रीवाईज़ करे ताकि जिस ग्रनफेयर ग्रौर ग्रन इकनामिक बेसिज़ पर इस का काम चल रहा है उस में तबदीली ग्राए ग्रौर हम सोशलिस्टिक पैट्रन ग्राफ सोसाईटी जो हम यहां कायम करने का फैसला कर चुके हैं उस की तरफ दो चार कदम उठा सकें। इतना कह कर मैं, डिप्टी स्पीकर साहिबा, ग्राप का शुक्रिया ग्रदा करता हूं जो ग्राप ने मुझे बोलने का मौका दिया है।

**चौधरी इन्द्र सिंह मलिक** (सफीदों) : डिप्टी स्पीकर साहिबा, ग्राज यहां सप्लीमेंटरी डिमांडज़ पर बहस जारी है, इस लिये मैं ग्राप की विसातत से फाइनेंस मिनिस्टर साहिब से कहना चाहता हूं कि जो हर साल लाखों रुपये डिक्रीटल एमाऊंट की शक्ल में गवनमेंट को पे करने पड़ते हैं इस को रोकने का इंतज़ाम करें क्योंकि यह एक खाहमखाह का बोझ

[चौधरी इन्दर सिंह मलिक]

सरकारी खज़ाने पर पड़ता है। इस का कारण यह है कि जो गवर्नमेंट का एल. ग्रार. का डिपार्टमेंट है वह बड़ा नाग्रहल है क्योंकि जब गवर्नमेंट का कोई एम्पलाई या कोई ग्रोर गवर्नमेंट को नोटिस देता है तो केस जब इस की राए के लिये जाता है तो इस डिपार्टमेंट की तरफ से कह दिया जाता है कि केस को कनटैस्ट किया जाए ग्रौर कनटैस्ट यह कोर्ट में जाकर कर नहीं सकते। इस का नतीजा यह होता है कि कोर्ट खर्चा समेत गवर्नमेंट के खिलाफ डिगरी कर देती है। इस तरह से लाखों रुपये हर साल गवर्नमेंट को डिक्रीटल एमाउंट के तौर पर देने पड़ते हैं। इन स्पलीमेंटरी डिमांड्ज़ के ग्रन्दर 70 हज़ार की एक रकम दर्ज है जो गवर्नमेंट को एक श्री गुप्ता को देनी पड़ी है। मैं समझता हूं कि इस डिक्रीटल एमाऊंट को एवाएड करने के लिये ज़रूरी है कि गवर्नमेंट का जो एल. ग्रार. का डिपार्टमेंट है वह तेज़ी से ग्रौर ज्यादा होशयारी से काम करे। कई दफा ऐसा देखा गया है कि गवर्नमेंट के कई डिपार्टमेंटस में कई सरकारी मुलाज़मों को डिसमिस कर दिया जाता है ग्रौर जो एथारेटी उन्हें डिसमिस करती है उस को ऐसा करने का ग्रख्तयार हासल नहीं होता हालांकि उस ने ऐसा एल. ग्रार. की सलाह पर किया होता है। इस तरह से जब वह कोर्ट में जाते हैं तो वह फैसला सेट एसाइड कर दिया जाता है जिस करके गवर्नमैंट को बहुत रुपया उन्हें तनखाहें ग्रादि की शक्ल में देना पड़ता है। इस तरह से सरकारी खज़ाने पर खाहमखाह का बोझा डाला जाता है। गवर्नमेंट को इस तरफ ध्यान देने की ज़रूरत है।

इसी तरह से, डिप्टी स्पीकर साहिबा, हर साल हम देखते हैं कि जो ज़मीनें गवर्नमेंट एक्वायर करती हैं उन की कीमतों के जो एवार्ड दिये जाते हैं वह बहुत कम दिये जाते हैं हालांकि उन की कीमत वहुत ज्यादा होती है। इस का नतीजा यह होता है कि जिन ज़मींदारों की ज़मीनें यह एक्वायर करती हैं वह कोर्ट में ग्रपील दायर कर देते हैं ग्रौर कोर्ट उन के हक में ज़्यादा कीमत का एवार्ड दे देती है। इस लिये मैं कहूंगा कि ज़मीनों की कीमतों का एवार्ड देने वाली एथारेटी को जो ज़मीन एक्वायर की जाए उस के ग्रास पास की ज़मीनों की कीमतों को ध्यान में रख कर ठीक कीमत का एवार्ड देना चाहिए ताकि उन लोगों को मुनासिब कीमत ग्रपनी ज़मीन की मिल सके। इस तरह से लाखों रुपये जो हर साल गवर्नमेंट को बाद में ज़्यादा देने पड़ते हैं वह बच जायेंगे जिस तरह से 14 लाख रुपया जो गवर्नमेंट ने हिन्दुस्तान मशीन टूलज़ फैक्टरी के लिये ज़मीन एक्वायर की थी उस का देना पड़ा था। वह रकम बचाई जा सकती थी ग्रगर पहले से ही सही कीमत लगाई जाती। इस लिये मैं गवर्नमैंट से कहूंगा कि जहां डिक्रीटल एमाउंट को कम करने की ज़रूरत है वहां एवार्डों के कम देने से जो इस पर दोबारा खर्चा पड़ता है उस को बचाने की ज़रूरत है। इस से एक तो गवर्नमेंट का खर्च बच जाएगा दूसरा गरीब ज़मींदारों को जो कोर्ट में जाने के लिये सरदरदी करनी पड़ती है ग्रौर खर्च करना पड़ता है वह नहीं करना पड़ेगा।

फिर, डिप्टी स्पीकर साहिबा, इन डिमांड्ज़ में वेस्टर्न जमुना कैनाल के लिये एक मांग ग्राई है जिस में जींद डिस्ट्रीब्यूटरी को रीमाडल करने का ज़िक्र है, यानी मुर्खी माइनर, सरफाबाद माइनर, माट माइनर ग्रौर ग्राबलपुर माइनर बनाए जा रहे हैं। कई सालों से इन पर काम लगातार चल रहा है लेकिन यह ग्रभी तक मुकम्मल नहीं किए गए। ज़मीन में नाले खोद

दिए गए हैं लेकिन उन के अन्दर अभी तक पानी नहीं दिया गया। यह सारी की सारी माइनर्ज़ खाली पड़ी हुई हैं। जिन ज़मींदारों से इन के लिये ज़मीन ली गई थी उन को उस की कीमत अभी तक नहीं दी गई। न तो ज़मींदार उन ज़मीनों में खेती ही कर सकते हैं और न ही उन्हें खेती करने के लिये पानी ही दिया जा रहा है जिस की वजह से वह बड़े दुखी हो गए हैं। फिर जो मुर्खी माइनर है उस पर जो हैड बनाया गया है वह नाकिस बना है क्योंकि उस पर पानी चढ़ता ही नहीं। सिंचाई विभाग के डिप्टी मिनिस्टर उस हैड को देखने के लिये गए भी थे। उन्होंने भी देखा कि यह हैड नाकिस बना है और उन्होंने वहां पूछा भी था कि इस हैड को किस इन्जीनियर ने बनाया है। अभी तक उस को ठीक नहीं किया गया। फिर यह सारा काम एक साल के अन्दर खत्म किया जाना था लेकिन अब दो साल हो गए हैं मुकम्मल नहीं हुआ। उधर जो बेचारे ज़मींदार हैं वह पानी के लिये तरस रहे हैं। अब तो वह सारा इलाका वैसे ही ड्राट एफैकटिड है। फिर जो नहरें पहले की बनी हुई हैं उन के अन्दर भी पानी नहीं है। उन की हालत आज यह है कि सारे महीना में सिर्फ 6 दिन उन में पानी छोड़ा जाता है और इस का नतीजा यह हो रहा है कि जो छोटे २ खाले हैं या माइनर्ज़ हैं उन के अन्दर तो पानी पहुंचता ही नहीं। इस के नतीजे के तौर पर वहां के ज़मींदारों को सारे महीना में एक दिन भी पानी नहीं मिलता लेकिन उन से आबयाना सारे साल के लिये ले लिया जाता है। यह उन के साथ बड़ी बेइन-साफी हो रही है। चाहिए तो यह कि जिस फसल के लिये उन लोगों को पानी दिया जाए सिर्फ उसी के लिये आबयाना उन से चार्ज किया जाए लेकिन यह उन से सारे साल के लिये चार्ज कर लेते हैं। इस लिये मैं फिनांस मिनिस्टर साहब से गुज़ारिश करूंगा कि नहरी पानी की डिस्ट्रीब्यूशन उसी तरह से की जाए जिस तरह से बिजली की की जाती है यानी मीटर के हिसाब से पानी दिया जाए। जिस तरह से बिजली के मीटर लगे हुए होते हैं और जितनी बिजली कोई इस्तेमाल करता है उतना उस से चार्ज किया जाता है इसी तरह से नहरी पानी का किया जाए। जितना पानी एक ज़मींदार को दिया जाता है, उसे उतना ही आबयाना देना पड़े। यह न हो कि आबयाना उस से ज्यादा लिया जाए और पानी कम दिया जाए। इस से ज़मींदार को नकसान होता है।

डिप्टी स्पीकर साहिबा, आप जानते हैं कि ज़मींदार जो है वह देश की रीढ़ की हड्डी है। अगर वह खुशहाल हैं तो देश भी खुशहाल होगा। अगर वह दुखी हैं तो देश भी दुखी होगा। इसी लिए शास्त्री जी ने 'जय जवान, जय किसान' का नारा लगाया था। आप ने देखा कि पाकिस्तान के साथ इस लड़ाई में पंजाब के और बाकी देश के किसानों नें किस तरह से उस का सामना किया और पाकिस्तान को मुंह की खानी पड़ी। इस तरह से हम ने अपने वकार पर चीन के साथ लड़ाई में आए धब्बे को भी धो डाला। मगर इसी किसान के साथ खाद देते वक्त, पानी देते वक्त, बीज और अच्छे औज़ार देते वक्त बुरा बर्ताव किया जाता है। खाद की कीमत कम होनी चाहिए मगर यहां पर इस के उल्ट 16 रुपये से बढ़ा कर साढ़े 18 रुपये कर दी गई है और फिर इस में भी अफसर देते 12 थैले हैं और साल के बाद कीमत मांगते हैं, 22 थैलों की। उस बेचारे को इस तरह से दुगना पैसा देना पड़ता है। अगर गवर्नमैंट किसान को सारी सहूलतें देती हैं तब ही वह ज्यादा अनाज पैदा कर

[चौधरी इन्दर सिंह मलिक]

सकता है। आप देखें कि सरकार किसान के साथ कैसे डिस्क्रिमीनेशन करती है। स्टेट फार्मज़ को इन से दुगना पानी दिया जाता है। आप जानते हैं कि जो रजिस्टर्ड ग्रोअर है वह इन के कहने पर अच्छे बीज पैदा करता है और लोगों को यह सप्लाई होते हैं। उस को और दूसरे किसानों को खाद की सप्लाई नो प्राफिट और नो लास' बेसिज़ पर 8–10 रुपये थैला के हिसाब से होनी चाहिए। बीज वक्त पर मिलना चाहिये। होता यह है कि जिस वक्त ज़मींदार फसल बो चुकता है तो सरकार के पास बीज आता है। बाज़ दफा ट्रेडर नाकस बीज मिला देते हैं जिस से ज़मींदार का नुकसान हो जाता है। किसान और देश की तरक्की के लिये यह बातें खत्म होनी चाहिएं और किसान को पूरी २ सहूलतें वक्त पर मिलनी चाहिएं। तभी वह ज्यादा से ज्यादा अनाज पैदा कर सकता है और जो हमारा रुपया दूसरे देशों को जाता है और हमें जो शर्म उठानी पड़ती है उस को वह मिटा सकता है। मगर शर्त यह है कि उस को पूरी २ सहूलतें मिलें।

डिप्टी स्पीकर साहिबा, अब मैं कुछ ऐजुकेशन की मद के बारे में गुज़ारिश करना चाहता हूं। इस ाल इस मद में 158 स्कूल अपग्रेड किये गये हैं। मैं वज़ीर साहिब को इस के लिये मुबारिकबाद देता हूं। आप को पता है कि कई सालों से यह स्कूल अपग्रेड नहीं किये जा रहे थे। यह मामला यूंही खटाई में पड़ा था। मगर उन्होंने जुरअत की और देहात के इन स्कूलों को अपग्रेड किया। यह बात ठीक है कि पैसे लिये मगर यहां पर तो लोगों ने पैसे भी जमा करा रखे थे मगर पहली हुकूमतों ने उन को अपग्रेड नहीं किया। जिस एम.एल.ए. ने कहा उसी का स्कूल अपग्रेड हो गया। मैं इन को इस के लिये मुबारकबाद देता हूं। मगर इतना ज़रूर कहूंगा कि अभी इन स्कूलों में पूरा स्टाफ और सायंस का सामान नहीं पहुंचा है। इन से दरखास्त है कि इस तरफ तवज्जुह देकर उन को पूरा स्टाफ और सामान भिजवाएं। इन लफ्ज़ों के साथ मैं आप का शुक्रिया अदा करता हूं।

**शिक्षा मन्त्री** (श्री प्रबोध चन्द्र) : डिप्टी स्पीकर साहिबा, जहां तक ऐजूकेशन का ताल्लुक है 8 मदों के तहत रुपया मांगा गया है। उन में से एक है 27,90,500 रु० की। यह एक सैंट्रल गवर्नमैन्ट द्वारा स्पानसर्ड स्कीम है जिस के तहत स्कूलों को साइंस का सामान मुहैया किया जाना है ताकि उन का मियार ऊंचा हो सके यह रुपया हमें गवर्नमेंट आफ इंडिया की तरफ से मिलना है। चूंकि इस का प्रोवियन हम पहले नहीं कर पाए इस लिये सप्लीमेंट्री डिमांड के ज़रिए मांगा है। जब यह गवर्नमैंट आफ इंडिया की तरफ से मिलेगा तो रीइम्बर्स कर दिया जाएगा। मेरा ख्याल है कि इस पर किसी को एतराज़ नहीं होना चाहिए।

दूसरी डिमांड है अपग्रेडिंग आफ स्कूल्ज़ के बारे में। मुझे खुशी है कि मेरे मोहतरिम दोस्तों ने इस बारे में कुछ अच्छे लफ्ज़ कहे हैं कि सरकार ने पहली दफा बहुत से स्कूलों को अप ग्रेड किया है। करीब 150 से ऊपर मिडल स्कूलों को हाई बनाया गया है, 350 प्राइमरी स्कूलों को मिडल बनाया गया है। कोई ऐसा स्कूल नहीं है जिस का रुपया जमा किया गया हो और उस को अपग्रेड न किया गया हो। और पहली दफा इस बात को कतई नज़रअन्दाज़ किया गया है कि किस इलाके में ज्यादा सयासी दबाव डाला गया। बल्कि इस बात का ख्याल रखा गया कि कम से कम हर हलके को एक स्कूल दे दिया जाए और यह पहली बार है

कि पिछड़े इलाकों को उन के हिस्से से ज्यादा स्कूल दिये गये ताकि उन का घाटा पूरा किया जाए। मलिक इन्द्र सिंह ने कहा कि टीचर्ज और सामान की कमी है जो कि पूरी होनी चाहिए। यह मुनासिब शिकायत है और हम पूरी कोशिश कर रहे हैं कि यह कमी दूर की जाए। मगर मुश्किल यह है कि हमारे पास इस वक्त साइंस टीचर्ज की बहुत कमी है। और कई तरह के वज़ीफे देने के बावजूद हम काफी टीचर्ज को ट्रेंड नहीं कर सके। (विघ्न) हम ज्यादा से ज्यादा कोशिश कर रहे हैं और तकरीबन 90--93 फीसदी स्कूलों में 95 फीसदी ज़रूरी स्टाफ पहुंच गया है। कुछ कमी है वह भी जल्दी पूरी हो जायगी।

एक दोस्त ने कहा कि एक तरफ तो स्कूल बढ़ रहे हैं और दूसरी तरफ बच्चों से एक २ या दो २ रुपया बिल्डिंग फंड के तौर पर लिया जा रहा है। मैं अर्ज़ करूं कि वह फंड सिर्फ उन स्कूलों के बच्चों से ही लिया जा रहा है जिनकी इमारतें पुरानी है और जिन की मुरम्मत की जरूरत है या जो बच्चों के बैठने के लिये पूरी नहीं हैं। बाकी जहां पर स्कूल बनते हैं वह पंचायतों या दूसरी लोकल बाडीज़ से पैसा लेते हैं।

यह भी गिला किया गया है कि हम ने अमीर बच्चों की फीस माफ कर दी है और हम उन को वजीफे दे रहे हैं और कि हम गरीब बच्चों पर बोझ डाल रहे हैं। मैं समझता हूं कि यह बात किसी गलत फहमी की वजह से कही गई है। बदकिस्मती यह है कि जो फैसला पहिले किया गया वह काफी जज़बाती बातों को सामने रख कर किया गया। मैं मानता हूं कि हमारी ऐप्रोच गलत थी। 14 साल के हज़ारों बच्चों की फीस माफ... (विघ्न) आप जरा देर से आए हैं। उन्होंने दूसरे स्कूलों का जिक्र किया था। उस में करीब 25 लाख के करीब ऐसे बच्चे हैं जिन की फीस माफ है। और उन में से 4-5 लाख के करीब ऐसे होंगे जिन के मां बाप अपने बच्चों की फीस दे सकते होंगे। मैंने इस तरफ यूनियन ऐजूकेशन मिनिस्टर की तवज्जुह दिलाई थी मगर उन्होंने अपनी मजबूरी जाहिर की कि जब तक कन्स्टीटयूशन को बदला न जाए तब यह तबदीली नहीं कर सकते। जहां तक सैनिक स्कूलों का संबंध है अगर आप लिस्ट को देखें तो पता चल सकता है कि किस रेशो से वज़ीफे दिये जा रहे हैं। और आप को यकीन हो सकता है कि कहां पर गरीबों के 100 बच्चों को वजीफा का फायदा होता है वहां पर अमीरों के बच्चों की परसैन्टेज 7 या 10 है। और फिर यह ख्याल करना भी गलत है कि जो 800 या 900 रुपया लेते हैं वह अपने बच्चों को सैनिक स्कूलों में भेज कर 200 या 250 रुपया माहवार का खर्च बर्दाश्त कर सकें। आप ही अंदाजा लगा सकते हैं कि जिस के पांच बच्चे हों चाहे वह 800 या 900 रुपया माहवार तनखाह पाता हो कैसे 200 या 250 रुपया अपने बच्चे की फीस अदा कर सकता है। आप को तो पंजाब सरकार को दाद देनी चाहिए कि हमारे सूबा में बाकी के सूबों में से सब से ज्यादा सैनिक स्कूल हैं और पंजाब के बच्चे हिन्दुस्तान के दूसरे स्कूलों में भी तालीम पा रहे हैं। और जहां तक रेशो का सम्बन्ध है मिल्टरी आफीसर्ज़ में पंजाब के बच्चों की जिन्होंने हमारे सैनिक स्कूलों में तालीम हासिल की है सब से ज्यादा है।

[शिक्षा मन्त्री ]

इस के आगे हरिजन बच्चों के लिये 20 लाख रुपया की रकम मांगी गई है। यह हमारी खुशकिस्मती समझिए या बदकिस्मती कि हरिजन भाईयों की तादाद बड़ी तेज़ी से बढ़ रही है और हमारी जितनी भी अलाटमेंट होती है वह आखिर में आ कर ग़लत हो जाती है। अगर 40 लाख रुपया रखा जाता है तो 50 लाख तक खर्च हो जाता है। इस की वजह यह है कि आबादी तेज़ी से बढ़ रही है। कहां हम 12 और 14 लाख की आबादी से चल थे और अब 60 लाख तक पहुंच गई है। (विघ्न)

**ਬਾਬੂ ਅਜੀਤ ਕੁਮਾਰ** : ਡਿਪਟੀ ਸਪੀਕਰ ਸਾਹਿਬਾ, ਆਨ ਏ ਪੁਆਇੰਟ ਆਫ ਆਸਡਰ

* * * * * * * *

**ਡਿਪਟੀ ਸਪੀਕਰ** : ਤੁਸੀਂ ਬਿਨਾਂ ਮੇਰੀ ਇਜਾਜ਼ਤ ਤੇ ਬੋਲ ਰਹੇ ਹੋ। ਇਤਨਾ ਲੰਬਾ ਪੁਆਇੰਟ ਆਫ ਆਰਡਰ ਨਹੀਂ ਹੋ ਸਕਦਾ। (The hon. Member is speaking without my permission. The point of order cannot be so long.)

**शिक्षा मन्त्री** मैं, डिप्टी स्पीकर साहिबा, सिर्फ इस बात का जिक्र कर रहा था कि हरिजन बच्चों के लिये 20 लाख की रकम मांगी गई है। इस मद में सिरफ हरिजन बच्चों को वज़ीफे देने की बात थी और मुझे यह बात कहने में ज़रा भी झिजक नहीं कि हरिजन बच्चों की गिनती आऊट आफ प्रोपोर्शन बढ़ रही है। या तो हरिजनों के बच्चे एजुकेशन माइंडिड बन रहे हैं या इन की गिनती बढ़ गई है। (विघ्न)

**ਬਾਬੂ ਅਜੀਤ ਕੁਮਾਰ** : ਆਨ ਏ ਪੁਆਇੰਟ ਆਫ ਆਰਡਰ, ਮੈਡਮ।

**Deputy Speaker**: Please take your seat.

**ਬਾਬੂ ਅਜੀਤ ਕੁਮਾਰ** : ਆਨ ਏ ਪੁਆਇੰਟ ਆਫ ਕਲੈਰੀਫਿਕੇਸ਼ਨ, ਮੈਡਮ।

**Deputy Speaker**: Please take your seat.

**बाबू अजीत कुमार** : * * * * * * * *

**ਡਿਪਟੀ ਸਪੀਕਰ**। ਤੁਹਾਨੂੰ ਤਾਂ ਮੈਂ ਇਜਾਜ਼ਤ ਨਹੀਂ ਸੀ ਦਿਤੀ ਬੋਲਣ ਲਈ। ਇਹ ਜੋ ਕੁਝ ਸ੍ਰੀ ਅਜੀਤ ਕੁਮਾਰ ਨੇ ਬਿਨਾਂ ਇਜਾਜ਼ਤ ਦੇ ਕਿਹਾ ਹੈ ਪ੍ਰੋਸੀਡਿੰਗਜ਼ ਦਾ ਪਾਰਟ ਨਹੀਂ ਹੋਵੇਗਾ। (I did not permit the hon. Member to speak. whatever Shri Ajit Kumar has said, will not form part of the proceedings. )

**शिक्षा मन्त्री** इस में दो चार बिरादरियों और शामिल की गई है जैसे कि कमबो हैं लेकिन उनकी तादाद सिरफ 5 परसेंटेज से ज्यादा नहीं।

इसके इलावा 12 लाख रुपया की रकम गुरू गोबिन्द सिंह ट्राई सेन्टेनरी सैलीब्रेशन्ज़ के लिये दिए गए हैं। हमें अफसोस है कि सरकार इस नेक काम के लिये और ज्यादा रकम न दे सकी। अगर और ज्यादा रकम हम दे सकते तो हमें खुशी होती। और इस बात पर तो किसी को भी एतराज़ नहीं है।

---

**Note*. Expunged as ordered by the Chair.

एक बात श्री राम प्यारा और सरदार गुरचरन सिंह ने कुरप्शन के बारे में कही। जब पहली बार इन्होंने मेरे नोटिस में यह बात लाई तो उसी वक्त हम ने फौरी तवज्जो दी और इरिगेशन मिनिस्टर साहिब को भी कहा और सी.एम. साहिब को भी बताया गया और उसी दिन इन्क्वायरी शुरु कर दी गई। एक बात मैं साफ कर दूं कि इस मौजूदा रीजीम में कोई भी कम्पलेंट किसी के खिलाफ कुरप्शन की आए तो उस की पूरी तरह से जांच होगी और चाहे कितना भी बड़े से बड़ा आदमी क्यों न हो इस बात पर सख्ती से अमल किया जाएगा कि अगर कम्पलेंट सही है तो एक्शन लिया जाए। गवर्नमेंट किसी आदमी के सियासी दबाव में और किसी और ढंग से ऐसे केसों को छोड़ेगी नहीं जहां कि कुरप्शन की गई हो। (प्रशंसा)

यही 5 या 6 मद्दें तालीम के बारे में थीं। जहां तक टीचरों को 25 लाख रुपया की सहूलियतें देने के बारे में सम्बन्ध है कुछ एतराज़ उठाए गए हैं कि सरकारी टीचरों की एक बड़ी तादाद ऐसी है जिन्हें फायदा नहीं पहुंच रहा है। मैंने इस सम्बन्ध में टीचरों की यूनियनों को कहा है कि वह डी.पी.आई. और महकमा तालीम के दूसरे अफसरों के पास बैठ कर जिस तरह भी चाहें बात कर लें कि किस ढंग से रुपया दिया जाए। हम किसी किस्म की कोई एक्सैप्शन नहीं चाहते। हम तो कैटेगरीवाइज़ देना चाहते हैं। हो सकता है कि कैटेगरी बनाते वक्त कोई एक आध रह गया हो लेकिन जो कैटेगरीज़ बनाई गई हैं उन में पिक्क एंड चूज़ नहीं किया गया है और इस बात की कोशिश नहीं की गई कि 'ए' को या 'बी' को या 'सी' को मिले। और हम चाहते हैं कि ज़्यादा से ज़्यादा फायदा हो। और यही डिप्टी स्पीकर साहिबा, हल था जिस से ज़्यादा से ज़्यादा टीचरों को फायदा हो सकता था इन लफ्ज़ों के साथ आप का शुक्रिया अदा करता हूं।

**चौधरी राम सरूप** : मैं यह बात पूछना चाहता हूं कि जो आप ने एम.एस. सी. के टीचर न मिलने के लिये कनडैन्स्ड कोर्स शुरू किए हैं और बाद में बन्द कर दिए हैं तो जो लड़के दाखिल हुए थे वह न तो एम.ए. ही रहे और न एम.एस.सी. बने, इस की क्या वजह है और इस के बारे में क्या किया जा रहा है ?

5.00 p.m.

**शिक्षा मन्त्री** : यह बात जेरे ग़ौर है और सोच रहे हैं।

ਮੈਂ ਬਾਬੂ ਜੀ ਦੀ ਵਾਕਫੀਅਤ ਲਈ ਇਹ ਦਸਣਾ ਚਾਹੁੰਦਾ ਹਾਂ ਕਿ ਅਸੀਂ ਇਸ ਸਿਲਸਿਲੇ ਵਿਚ ਕੁਰੂਕਸ਼ੇਤਰ ਅਤੇ ਪੰਜਾਬੀ ਯੂਨੀਵਰਸਟੀ ਦੇ ਵਿਚ 20 ਸੀਟਾਂ ਹੋਰ ਵਧਾਈਆਂ ਹਨ। ਅਸੀਂ ਜ਼ਿਆਦਾ ਤੋਂ ਜ਼ਿਆਦਾ ਸੀਟਾਂ ਚਾਹੁੰਦੇ ਹਾਂ।

**ਕਾਮਰੇਡ ਗੁਰਬਖਸ਼ ਸਿੰਘ** : ਕੀ ਇਹ ਗਲ ਠੀਕ ਹੈ ਕਿ ਫਿਜ਼ਿਕਸ ਦੇ ਐਮ. ਐਸ. ਸੀ. ਸਟੂਡੈਂਟਸ ਦੀ ਤਾਦਾਦ ਘਟ ਹੈ ਕੈਮਿਸਟਰੀ ਦੇ ਸਟੂਡੈਂਟਸ ਦੀ ਨਿਸਬਤ ? ਉਹ ਇਸ ਲਈ ਕਿ ਐਮ. ਐਸ. ਸੀ. ਕੰਡੈਂਸਡ ਕੋਰਸ ਦੀਆਂ ਜਿਹੜੀਆਂ ਕਲਾਸਿਜ਼ ਚਲਦੀਆਂ ਹਨ ਉਨ੍ਹਾਂ ਵਿੱਚ ਕੈਮਿਸਟਰੀ ਦੇ ਸਟੂਡੈਂਟਸ ਨੂੰ ਤਾਂ ਵਜ਼ੀਫਾ ਦਿੱਤਾ ਜਾਂਦਾ ਹੈ ਪਰ ਫਿਜ਼ਿਕਸ ਵਾਲਿਆਂ ਨੂੰ ਨਹੀਂ ਦਿੱਤਾ ਜਾਂਦਾ ?

**ਵਿਦਿਆ ਮੰਤਰੀ** : ਮੈਂ ਉਨ੍ਹਾਂ ਦੇ ਇਸ ਖਿਆਲ ਨਾਲ ਸਹਿਮਤ ਨਹੀਂ ਹਾਂ। ਅਸੀਂ ਜਿਸ ਮਜ਼ਮੂਨ ਦੇ ਟੀਚਰਜ਼ ਦੀ ਜ਼ਿਆਦਾ ਜ਼ਰੂਰਤ ਹੁੰਦੀ ਹੈ ਉਨ੍ਹਾਂ ਦੇ ਸਟੂਡੈਂਟਸ ਨੂੰ ਵਜ਼ੀਫਾ ਦਿੰਦੇ ਹਾਂ।

**ਡਿਪਟੀ ਸਪੀਕਰ** : ਤੁਸੀਂ ਇਸ ਤਰ੍ਹਾਂ ਇਨਫਰਮੇਸ਼ਨ ਸੀਕ ਕਰਦੇ ਕਰਦੇ ਇਕ ਦੂਸਰੇ ਦਾ ਵਕਤ

ਜ਼ਾਇਆ ਨਾ ਕਰੋ। ਆਪਣੇ ਆਪਣੇ ਵਕਤ ਤੇ ਹਰ ਕੋਈ ਮੈਂਬਰ ਜੋ ਕਹਿਣਾ ਚਾਹੇ ਕਹਿ ਸਕਦਾ ਹੈ।
(The hon Members need not waste the time of each other while seeking information. Every Member can have his say at his turn.

**ਸਰਦਾਰ ਗੁਰਚਰਨ ਸਿੰਘ** : On a point of order Madam. ਕੀ ਕੋਈ ਮੈਂਬਰ ਇਸ ਹਾਊਸ ਵਿੱਚ ਮੇਜ਼ ਤੇ ਲੱਤਾਂ ਰੱਖ ਕੇ ਬੈਠ ਸਕਦਾ ਹੈ ? ਸਾਡੇ ਫਾਈਨੈਂਸ ਮਨਿਸਟਰ ਸਾਹਿਬ ਬੈਠੇ ਹੋਏ ਹਨ।

**ਬਾਬੂ ਬਚਨ ਸਿੰਘ**: ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕੀ ਕੋਈ ਡੈਕੋਰਮ ਜਾਂ ਜ਼ਾਬਤਾ ਅਤੇ ਕਾਇਦਾ ਇਸ ਹਾਊਸ ਦਾ ਹੈ ?

**ਡਿਪਟੀ ਸਪੀਕਰ** : ਬਾਬੂ ਜੀ, ਜਿਥੇ ਤੁਸੀਂ ਹੋਵੋ, ਉਥੇ ਸਾਰਾ ਕੁਝ ਹੀ ਹੈ। (ਹਾਸਾ)
(Every thing is there where the hon Member, Baboo Bachan Singh is present. (Laughter)

**ਸਰਦਾਰ ਲਛਮਣ ਸਿੰਘ ਗਿਲ** (ਜਗਰਾਉਂ) : ਡਿਪਟੀ ਸਪੀਕਰ ਸਾਹਿਬਾ, ਮੈਂ ਡੀਮਾਂਡ ਨੰ. 7—8 ਅਤੇ 6 ਦੇ ਬਰਖਲਾਫ ਕੁਝ ਕਹਿਣਾ ਚਾਹੁੰਦਾ ਹਾਂ। 8 ਨੰ. ਹੈ ਪੀ. ਡਬਲਿਊ. ਡੀ. ਦੇ ਮੁਤਾਲਿਕ ਅਤੇ 7 ਹੈ ਇਰੀਗੇਸ਼ਨ ਦੇ ਮੁਤਾਲਿਕ ਅਤੇ 6 ਹੈ ਡਰੇਨੇਜ ਦੇ ਮੁਤਾਲਿਕ। ਇਸ ਗੱਲ ਤੇ ਤੁਸੀਂ ਮੇਰੇ ਨਾਲ ਸਾਰੇ ਹੀ ਐਗਰੀ ਕਰੋਗੇ ਜੇਕਰ ਹਾਲਾਤ ਦੇ ਮੁਤਾਬਿਕ ਵੇਖੋ ਤਾਂ ਇਸ ਡੀਪਾਰਟਮੈਂਟ ਦੀ ਨੈਗਲੀਜੈਂਸ ਦੇ ਨਾਲ ਰੁਪਿਆ ਜ਼ਾਇਆ ਹੁੰਦਾ ਹੈ। ਮੈਂ ਡੀਮਾਂਡ ਨੰ. 6 ਵੱਲ ਆਪਦੀ ਤਵਜੋ ਫੇਰ ਦਿਵਾਵਾਂਗਾ, ਪਹਿਲਾਂ ਮੈਂ ਇਰੀਗੇਸ਼ਨ ਹੀ ਲੈਂਦਾ ਹਾਂ। ਜਦੋਂ ਬਾਰਸ਼ਾਂ ਦੀ ਮੌਸਮ ਹੋਵੇ ਤਾਂ ਜਾਣ ਬੁਝ ਕੇ ਬੰਦ ਬਨਾਉਣ ਦਾ ਕੰਮ ਲਿਆ ਜਾਂਦਾ ਹੈ ਜਿਸ ਕਰਕੇ ਬਾਰ ਬਾਰ ਬੰਦ ਬਣਦੇ ਅਤੇ ਟੁਟਦੇ ਹਨ ਅਤੇ ਇਸ ਤਰ੍ਹਾਂ ਸਰਕਾਰ ਦਾ ਰੁਪਿਆ ਜ਼ਾਇਆ ਹੁੰਦਾ ਹੈ। ਜਿਤਨੇ ਵੀ ਕੰਮ ਕੀਤੇ ਜਾਂਦੇ ਹਨ ਉਹ ਛੇਤੀ ਛੇਤੀ ਦੇ ਵਿਚ ਕੀਤੇ ਜਾਂਦੇ ਹਨ ਜਿਸ ਦਾ ਭਾਰ ਸਰਕਾਰੀ ਖਜ਼ਾਨੇ ਤੇ ਪੈਂਦਾ ਹੈ। ਅਗਰ ਇਸ ਸਬੰਧ ਵਿਚ ਵਿਜੀਲੈਂਸ ਅਲਰਟ ਹੋਵੇ ਤਾਂ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਬੰਦ ਬਾਰ ਬਾਰ ਨਾ ਬਣਨ ਅਤੇ ਬਾਰ ਬਾਰ ਸਰਕਾਰ ਦਾ ਨੁਕਸਾਨ ਵੀ ਨਾ ਹੋਵੇ। ਕੰਟਰੈਕਟਰ ਨੂੰ ਖੁਦ ਡਿਪਾਰਟਮੈਂਟ ਵਾਲੇ ਸਫੀਸ਼ੈਂਟ ਅਮਾਊਂਟ ਤੇ ਕੰਟਰੈਕਟ ਦੇਣ ਜਾਂਦੇ ਹਨ ਜਿਸ ਦੇ ਨਾਲ ਖਰਾਬ ਕੰਮ ਹੁੰਦਾ ਹੈ ਅਤੇ ਵਧ ਤੋਂ ਵਧ ਲਗਿਆ ਪੈਸਾ ਜ਼ਾਇਆ ਜਾਂਦਾ ਹੈ। ਇਸ ਤਰ੍ਹਾਂ ਦੇ ਜਿਹੜੇ ਲੋਕਾਂ ਦੇ ਇੰਟਰੈਸਟ ਹਨ ਇਹ ਕਰਿਮੀਨਲ ਹਨ, ਇਨ੍ਹਾਂ ਬਾਰੇ ਜਦੋਂ ਮੈਂ ਬਜਟ ਡਿਸਕਸ ਕਰਾਂਗਾ ਪੂਰੀ ਡੀਟੇਲ ਬਿਆਨ ਕਰਾਂਗਾ ਅਤੇ ਸਾਰੀ ਪਿਕਚਰ ਡੀਪਾਰਟਮੈਂਟ ਦੇ ਸਾਹਮਣੇ ਪੇਸ਼ ਕਰਾਂਗਾ ਕਿ ਕਿਸ ਤਰੀਕੇ ਨਾਲ ਇਹ ਸਰਕਾਰੀ ਫੰਡਜ਼ ਐਮਬੇਜ਼ਲ ਕਰਦੇ ਹਨ। ਮੈਂ ਇਸ ਵੇਲੇ ਫਾਈਨੈਂਸ ਮਨਿਸਟਰ ਸਾਹਿਬ ਨੂੰ ਇਰੀਗੇਸ਼ਨ ਅਤੇ ਡਰੇਨੇਜ ਬਾਰੇ ਹੀ ਕੁਝ ਅਰਜ਼ ਕਰਾਂਗਾ ਕਿ ਇਥੇ ਕਿਸ ਤਰੀਕੇ ਨਾਲ ਰੁਪਿਆ ਖਰਚ ਹੁੰਦਾ ਹੈ ਅਤੇ ਜਿਸ ਵਿਚੋਂ ਬਹੁਤਾ ਜ਼ਾਇਆ ਜਾਂਦਾ ਹੈ। ਇਸ ਦਾ ਮੇਨ ਕਾਰਣ ਮਹਿਕਮੇ ਦੀ ਨੈਗਲੀਜੈਂਸ ਹੈ। ਤੁਸੀਂ ਪਿਛਲੇ ਖਰਚ ਕਢ ਕੇ ਵੇਖੋ ਕਿ ਇਤਨੀ ਭਾਰੀ ਰਕਮ ਡਰੇਨੇਜ ਦੇ ਸਬੰਧ ਵਿਚ ਖਰਚ ਕੀਤੀ ਗਈ ਹੈ ਪਰ ਇਸ ਦਾ ਅਜੇ ਤੱਕ ਜ਼ਿਮੀਂਦਾਰ ਨੂੰ ਕੋਈ ਫਾਇਦਾ ਨਹੀਂ ਹੋਇਆ ਬਲਕਿ ਨੁਕਸਾਨ ਹੋਇਆ ਹੈ। ਇਹ ਸਾਰੇ ਦਾ ਸਾਰਾ ਇਲਜ਼ਾਮ ਮੈਂ ਇਸ ਦੇ ਮਹਿਕਮੇ ਤੇ ਲਾਉਂਦਾ ਹੈ। ਇਹ ਮੰਨਦਾ ਹਾਂ ਕਿ ਮਹਿਕਮੇ ਦੇ ਵਿਚ ਬੜੇ ਬੜੇ ਕਾਬਲ ਇੰਜਨੀਅਰਜ਼ ਹਨ, ਬੜੇ ਬੜੇ ਐਕਸਪਰਟ ਹਨ ਚੀਫ ਇੰਜਨੀਅਰਜ਼ ਪਰ ਉਹ ਕੀ ਕਰ ਸਕਦੇ ਹਨ ? ਕਿਸੇ ਪੁਲੀਟੀਕਲ ਪ੍ਰੈਸ਼ਰ ਪੈ ਜਾਣ ਤੇ ਉਨ੍ਹਾਂ ਨੂੰ ਇਕ ਦਮ ਚੰਗੀ ਭਲੀ ਜਾਂਦੀ ਸਿੱਧੀ ਡਰੇਨੇਜ ਦੀ ਲਾਈਨਿੰਗ ਨੂੰ ਬਦਲ ਦਿੱਤੇ ਜਾਣ ਦਾ ਹੁਕਮ ਦਿੱਤਾ ਜਾਂਦਾ ਹੈ। ਬਗੈਰ ਉਸ ਜ਼ਮੀਨ ਦਾ ਉਚਾ ਨੀਵਾਂ ਲੈਵਲ ਦੇਖੇ ਐਟ ਏ ਸਟਰੈਚ ਆਰਡਰ ਕੀਤਾ ਜਾਂਦਾ ਹੈ। ਟਰੈਯਰੀ ਬੈਂਚਿਜ਼ ਦੇ ਚੰਦ ਇਕ

ਬੰਦਿਆਂ ਨੂੰ ਖੁਸ਼ ਕਰਨ ਵਾਸਤੇ ਇਹ ਆਪਣੀ ਡਰਾਉਣੀ ਸੂਰਤ ਦਿਖਾਉਂਦੇ ਹਨ ਅਤੇ ਲਾਈਨ ਹੀ ਬਦਲਵਾ ਦਿੰਦੇ ਹਨ। ਅਸੀਂ 60 ਕਰੋੜ ਰੁਪਿਆ ਇਸ ਦੇ ਵਾਸਤੇ ਹੁਣ ਤੱਕ ਖਰਚ ਕਰ ਚੁਕੇ ਹਾਂ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਕੋਈ ਫਾਇਦਾ ਹੋਵੇ, ਪਰ ਅਜੇ ਤਕ ਕਿਸੇ ਨੂੰ ਕੋਈ ਫਾਇਦਾ ਨਹੀਂ ਹੋਇਆ। ਫੇਰ ਡਰੇਨਾਂ ਦੀ ਖੁਦਾਈ ਦਾ ਜਿਹੜਾ ਇਨ੍ਹਾਂ ਦਾ ਤਰੀਕਾ ਹੈ ਉਹ ਵੀ ਬੜਾ ਹੀ ਅਜੀਬ ਹੈ। ਕਿਸੇ ਜਗ੍ਹਾ ਜੇ 10 ਮੀਲ ਲੰਬੀ ਡਰੇਨ ਬਨਣੀ ਹੋਵੇ ਤਾਂ ਕਿਤੇ ਪਹਿਲਾਂ 2 ਮੀਲ ਪਿੱਛੇ ਤੋਂ ਸ਼ੁਰੂ ਕਰ ਦਿੱਤੀ ਜਾਂਦੀ ਅਤੇ ਕਦੇ ਇਕ ਮੀਲ ਅੱਗੇ ਤੋਂ ਸ਼ੁਰੂ ਕਰ ਦਿੱਤੀ ਜਾਂਦੀ ਹੈ। ਜਿਵੇਂ ਜਿਵੇਂ ਜਿਥੇ ਜਿਥੇ ਪੁਲੀਟੀਕਲ ਪ੍ਰੈਸ਼ਰ ਵਧਦਾ ਜਾਂਦਾ ਹੈ ਇਨ੍ਹਾਂ ਦਾ ਕੰਮ ਹੁੰਦਾ ਰਹਿੰਦਾ ਹੈ ਜਿਸ ਦਾ ਨਤੀਜਾ ਬਰਸਾਤ ਆ ਜਾਣ ਤੇ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਚੰਦਰਭਾਨ ਡਰੇਨ ਇਸ ਗੱਲ ਦੀ ਗਵਾਹ ਹੈ ਮੈਂ ਸਮਝਦਾ ਹਾਂ ਜਿਸ ਤਰ੍ਹਾਂ ਜਨਤਾ ਦਾ ਰੁਪਿਆ ਸਰਕਾਰ ਰਾਹੀਂ ਜ਼ਾਇਆ ਹੁੰਦਾ ਹੈ, ਇਹ ਕਰਿਮਨਲ ਨੀਤੀ ਹੈ ਜੋ ਇਸ ਸਰਕਾਰ ਨੇ ਧਾਰਨ ਕੀਤੀ ਹੈ। ਡਰੇਨ ਜੇ ਇਧਰ ਖੁਦਦੀ ਹੈ ਤਾਂ ਅਗੇ ਪਾਣੀ ਦੀ ਨਿਕਾਸੀ ਵਾਸਤੇ ਕੋਈ ਰਾਹ ਨਹੀਂ ਹੁੰਦਾ, ਪਾਣੀ ਅਗਲੇ ਪਿੰਡਾਂ ਦੇ ਵਿਚ ਚਲਾ ਜਾਂਦਾ ਹੈ। ਤੁਸੀਂ ਦੇਖੋ ਇਨ੍ਹਾਂ ਦੀ ਗਲਤ ਪਾਲੀਸੀ ਦੇ ਨਤੀਜੇ ਦੇ ਤੌਰ ਤੇ ਕਿਵੇਂ ਦੂਸਰੇ ਪਿੰਡਾਂ ਦੇ ਵਿਚ ਸੇਮ ਹੋਈ ਹੈ, ਅਤੇ ਫਸਲਾਂ ਤਬਾਹ ਹੋਈਆਂ ਹਨ।

ਤੀਸਰੀ ਗੱਲ ਜਿਹੜੀ ਮੈਂ ਅਰਜ਼ ਕਰਨੀ ਹੈ, ਬਰਿਜਜ਼ ਦੀ ਸਪੈਸੀਫੀਕੇਸ਼ਨ ਬੜੀ ਪੂਅਰ ਹੈ। ਇਹ ਪੁਲੀਟੀਕਲ ਨੁਕਤਾ ਨਿਗਾਹ ਦੇ ਨਾਲ ਤਿਆਰ ਕੀਤੇ ਜਾਂਦੇ ਹਨ। ਜਿਥੋਂ ਦੀ ਰਸਤਾ ਹੁੰਦਾ ਹੈ ਉਥੇ ਤਾਂ ਬਰਿਜ ਬਣਦਾ ਨਹੀਂ, ਕਿਤੇ ਹੋਰ ਹੀ ਕਿਸੇ ਇਕ ਬੰਦੇ ਦੇ ਪੁਲੀਟੀਕਲ ਪ੍ਰੈਸ਼ਰ ਪਾ ਦੇਣ ਨਾਲ ਬਰਿਜ ਤਿਆਰ ਕਰ ਦਿੱਤਾ ਜਾਂਦਾ ਹੈ। ਇਸ ਗੱਲ ਤੇ ਆਮ ਬਹਿਸ ਹੁੰਦੀ ਰਹਿੰਦੀ ਹੈ ਕਿ ਏਥੇ ਬਰਿਜ ਨਹੀਂ, ਏਥੇ ਚਾਹੀਦਾ ਸੀ, ਇਸ ਦੇ ਲਈ ਸਰਕਾਰ ਨੂੰ ਖਿਆਲ ਰੱਖਣਾ ਚਾਹੀਦਾ ਸੀ ਪਰ ਜਦੋਂ ਨਿਕੰਮੀ ਕਿਸਮ ਦੀਆਂ ਸਪੈਸੀਫੀਕੇਸ਼ਨ ਐਡਾਪਟ ਕਰ ਲਈਆਂ ਜਾਣ ਤਾਂ ਉਸ ਦਾ ਨਤੀਜਾ ਖਰਾਬ ਹੀ ਹੋਇਆ ਕਰਦਾ ਹੈ। ਕੁਝ ਡਰੇਨੇਜ ਦੀ ਗਲਤ ਲਾਈਨਿੰਗ ਨਾਲ ਅਤੇ ਕੁਝ ਬਰਿਜਜ਼ ਦੀ ਵਜਾਹ ਨਾਲ ਜ਼ਿਮੀਂਦਾਰਾਂ ਦਾ ਨੁਕਸਾਨ ਹੁੰਦਾ ਹੈ। ਬਰਿਜਜ਼ ਨਾਲ ਘਟ ਤੋਂ ਘਟ 20 ਪ੍ਰਸੈਂਟ ਤਬਾਹੀ ਹੋ ਰਹੀ ਹੈ ਅਤੇ ਜ਼ਿਮੀਂਦਾਰ ਇਨ੍ਹਾਂ ਦੀ ਜਾਨ ਨੂੰ ਰੋਂਦੇ ਰਹਿੰਦੇ ਹਨ ਕਿ ਕਿਸ ਤਰ੍ਹਾਂ ਦੀ ਇਹ ਸਰਕਾਰ ਡੀਵੈਲਪਮੈਂਟ ਕਰ ਰਹੀ ਹੈ। (ਇਕ ਮਾਨਯੋਗ ਮੈਂਬਰ : ਇਹ ਸਭ ਠਕੇਦਾਰਾਂ ਦੀ ਮੇਹਰਬਾਨੀ ਹੈ)। ਇਹ ਦੇ ਵਿਚ ਕੋਈ ਸ਼ਕ ਨਹੀਂ, ਕੁਝ ਤੁਸੀਂ ਮੇਹਰਬਾਨ ਹੋ ਕੁਝ ਠੇਕੇਦਾਰ ਮੇਹਰਬਾਨ ਹਨ। ਬਰਿਜਜ਼ ਦੀ ਪਰਾਪਰ ਸਪੈਸੀਫੀਕੇਸ਼ਨ ਨਾ ਹੋਣ ਕਰਕੇ ਹਰ ਸਾਲ ਬਰਿਜਜ਼ ਟੁਟਦੇ ਹਨ ਅਤੇ ਪੈਸਾ ਜ਼ਾਇਆ ਹੁੰਦਾ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਇਨ੍ਹਾਂ ਨੇ ਇਸ ਚੀਜ਼ ਦੀ ਅਹਿਮੀਅਤ ਨੂੰ ਨਹੀਂ ਸਮਝਿਆ ਅਤੇ ਠੀਕ ਢੰਗ ਨਾਲ ਮਨ ਐਪਲਾਈ ਕਰਨ ਦੀ ਕੋਸ਼ਸ਼ ਵੀ ਨਹੀਂ ਕੀਤੀ। ਇਸੇ ਤਰ੍ਹਾਂ ਹੀ ਸੜਕਾਂ ਦੀ ਬਣਾਉਣ ਵੇਲੇ ਸਰਕਾਰ ਮੈਟੀਰੀਅਲ ਪਵਾਉਣ ਤੇ ਖਰਚ ਕਰਦੀ ਰਹਿੰਦੀ ਹੈ। ਪੀ. ਡਬਲਿਊ. ਡੀ. ਦਾ ਮਹਿਕਮਾ ਜੇਕਰ ਵੇਖਿਆ ਜਾਵੇ ਸਰਕਾਰੀ ਫੰਡਜ਼ ਦੀ ਐਮਬੈਜ਼ਲਮੈਂਟ ਅਤੇ ਮਿਸਯੂਜ਼ ਵਿਚ ਇਕ ਮੁਜਰਮ ਡੀਪਾਰਟਮੈਂਟ ਹੈ। ਜੇਕਰ ਵਿਜੀਲੈਂਸ ਡੀਪਾਰਟਮੈਂਟ ਆਪਣੀ ਆਈਜ਼ ਇਸ ਤੇ ਰੱਖੇ ਤਾਂ ਬੜੀ ਸੇਵਿੰਗ ਹੋ ਸਕਦੀ ਹੈ। ਇਹ ਕਿਸੇ ਚੀਜ਼ ਦੇ ਜੋ ਟੈਂਡਰ ਕਾਲ ਕਰਦੇ ਹਨ ਤਾਂ ਬੜੇ ਹਾਈਐਸਟ ਰੇਟ ਦੇ ਠੇਕੇਦਾਰ ਨਾਲ ਮਿਲ ਕੇ ਟੈਂਡਰ ਐਕਸਸੈਪਟ ਕਰਦੇ ਹਨ, ਪਰ ਬਰਿਜਜ਼ ਦੀ ਸਪੈਸੀਵਿਕੇਸ਼ਨ ਬੜੀ **ਪੂਅਰ ਹੈ। ਇਤਨੀ ਪੂਅਰ ਸਪੈਸੀਫੀਕੇਸ਼ਨ ਹੈ ਕਿ ਮੈਂ ਹੈਰਾਨ ਹੋ ਜਾਂਦਾ ਹੈਂ।** ਜਿਹੜੀਆਂ ਸੀਮੈਂਟ **ਅਤੇ ਕਨਕਰੀਟ ਦੀਆਂ** ਸੜਕਾਂ ਹੋਣ, ਜਿਨ੍ਹਾਂ ਦੀ ਲਾਈਫ 100, 100 ਸਾਲ ਹੋਵੇ ਉਹ ਹਰ ਸਾਲ ਬੈਠ ਜਾਂਦੀਆਂ ਹਨ। ਇਹ ਜਿਹੜੀ ਸਪਲੀਮੈਂਟਰੀ ਡੀਮਾਂਡ ਲਿਆਂਦੀ ਗਈ ਹੈ ਇਸ ਦੇ ਵਿਚ ਗੌਰਮਿੰਟ ਦੀ ਨਾਲਾਇਕੀ ਦਾ ਅਕਸ ਮਾਲੂਮ ਹੁੰਦਾ ਹੈ। ਇਸ ਕਿਸਮ ਦੀਆਂ ਚੀਜ਼ਾਂ ਨੂੰ ਇਹ ਪਹਿਲਾਂ ਬਜਟ ਦੇ ਵਿਚ ਕਿਉਂ ਨਹੀਂ ਲਿਆਉਂਦੇ ? ਕਿਡੀ ਹੈਰਾਨੀ ਦੀ ਗਲ ਹੈ ਕਿ 1963-64 ਦੇ ਵਿਚ ਰੁਪਿਆ ਖਰਚ ਹੋਇਆ ਲੇਕਿਨ ਉਸ ਦੀ ਮਨਜ਼ੂਰੀ ਅਜ 1966 ਦੇ ਵਿਚ ਮੰਗਦੇ ਹਨ। ਇਹ ਸਾਨੂੰ ਜੋ ਵਿਧਾਨ ਰਾਹੀਂ ਹਕੂਕ ਮਿਲੇ ਹੋਏ ਹਨ ਉਨ੍ਹਾਂ ਤੇ ਛਾਪਾ ਨਹੀਂ ਤਾਂ ਹੋਰ ਕੀ ਹੈ ? ਅਗਰ ਇਹ ਚੀਜ਼ਾਂ ਜਦੋਂ ਉਸ ਸਾਲ ਦਾ ਬਜਟ ਪੇਸ਼ ਹੋਇਆ ਸੀ

[ਸਰਦਾਰ ਲਛਮਣ ਸਿੰਘ ਗਿਲ]

ਉਦੋਂ ਹੀ ਲਿਆਂਦੀਆਂ ਜਾਂਦੀਆਂ ਜਾਂ ਉਸ ਤੋਂ ਅਗਲੇ ਸਾਲ ਦੇ ਬਜਟ ਸੈਸ਼ਨ ਦੇ ਵਿਚ ਲਿਆਂਦੀਆਂ ਜਾਂਦੀਆਂ ਤਾਂ ਸਾਨੂੰ ਮੌਕਾ ਮਿਲ ਸਕਦਾ ਸੀ ਸਾਰੀ ਚੀਜ਼ ਨੂੰ ਐਗਜ਼ੈਮਿਨ ਕਰਨ ਦਾ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਰੁਪਿਆ ਦੇਣ ਤੋਂ ਪਹਿਲਾਂ ਵਾਊਚਰ ਵਗੈਰਾ ਚੰਗੀ ਤਰ੍ਹਾਂ ਨਾਲ ਦੇਖ ਲਏ ਹਨ। ਤੁਸੀਂ ਖੁਦ ਦੇਖ ਰਹੇ ਹੋ ਕਿ ਜਿਹੜੀਆਂ ਹਰ ਮਹੀਨੇ ਚੀਜ਼ਾਂ ਆਡਿਟ ਹੋਣੀਆਂ ਚਾਹੀਦੀਆਂ ਸੀ ਉਹ ਦੋ ਸਾਲ ਬਾਅਦ ਆਡਿਟ ਹੋਈਆਂ। ਇਸ ਕਰਕੇ ਮੈਂ ਪੁਰ ਜ਼ੋਰ ਲਫਜ਼ਾ ਵਿਚ ਇਹ ਕਹਾਂਗਾ ਕਿ ਇਹ ਜਿਹੜੀ ਮੱਦ ਹੈ ਇਹ ਨਹੀਂ ਪਾਸ ਹੋਣੀ ਚਾਹੀਦੀ। ਹੁਣ ਇਸ ਤੋਂ ਬਾਅਦ ਐਗਰੀਕਲਚਰ ਯੂਨੀਵਰਸਿਟੀ ਦੀ ਡੀਮਾਂਡ ਤੇ ਮੈਂ ਆਉਂਦਾ ਹਾਂ। ਸਾਡੀ ਪੰਜਾਬ ਦੀ ਸਟੇਟ ਇਕ ਜ਼ਰਾਇਤੀ ਸਟੇਟ ਸੀ ਇਸ ਕਰਕੇ ਏਥੇ ਐਗਰੀਕਲਚਰ ਯੂਨੀਵਰਸਟੀ ਬਣੀ ਸੀ ਲੇਕਿਨ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਸ ਐਗਰੀਕਲਚਰ ਯੂਨੀਵਰਸਟੀ ਨੇ ਕੋਈ ਪਰਪਜ਼ ਪੰਜਾਬ ਦਾ ਅਤੇ ਪੰਜਾਬ ਦੇ ਕਿਸਾਨਾਂ ਦਾ ਹਲ ਨਹੀਂ ਕੀਤਾ। ਲੁਧਿਆਣੇ ਦੇ ਵਿਚ ਬਿਲਡਿੰਗਾਂ ਤੇ ਕਰੋੜਾਂ ਰੁਪਿਆਂ ਦਾ ਖਰਚ ਕਰਕੇ ਉਸ ਨੂੰ ਕੰਟਰੋਲ ਕਰਨ ਵਾਲਾ ਵਾਈਸ ਚਾਂਸਲਰ ਚੰਡੀਗੜ੍ਹ ਦੇ ਵਿਚ ਮਹਿਲ ਬਣਾ ਕੇ ਬੈਠਾ ਹੋਇਆ। ਮੈਂ ਚੈਲਿਜ ਕਰਦਾ ਹਾਂ ਕਿ ਉਸ ਆਈ. ਸੀ. ਐਸ ਅਫਸਰ ਨੂੰ ਇਸ ਕਰਕੇ ਲਾਇਆ ਗਿਆ ਕਿ ਉਹ ਉਥੇ ਫਿਰਕਾਦਾਰੀ ਦਾ ਜ਼ਹਿਰ ਫੈਲਾਏ। ਇਸ ਵੇਲੇ ਉਥੇ ਸਵਾਏ ਬਿਲਡਿੰਗਾਂ ਦੇ ਹੋਰ ਕੁਝ ਨਹੀਂ ਹੈ। ਉਥੇ ਦੋ ਧੜੇ ਬਣੇ ਹੋਏ ਹਨ ਜਿਹੜੇ ਸਾਰੀ ਦਿਹਾੜੀ ਇਕ ਦੂਸਰੇ ਦੇ ਖਿਲਾਫ ਲੜਦੇ ਰਹਿੰਦੇ ਹਨ। ਇਸ ਕਰਕੇ ਮੈਂ ਸਮਝਦਾ ਹਾਂ ਕਿ ਇਸ ਸਟੇਟ ਦੇ ਵਿਚ ਮੁਜਰਮ ਹਨ ਉਹ ਲੋਕ ਜਿਹੜੇ ਫਿਰਕਾਪਰਸਤੀ ਦੀ ਜ਼ਹਿਨੀਅਤ ਨਾਲ ਉਥੇ ਕਰੋੜਾਂ ਰੁਪਏ ਡਕਾਰਦੇ ਰਹੇ। ਇਸ ਵਿਚ ਬੜੀ ਮਾਸੂਮ ਅਦਾ ਨਾਲ ਕਿਹਾ ਗਿਆ ਹੈ ਕਿ ਛੇ ਲਖ ਰੁਪਿਆ ਇਸ ਕਰਕੇ ਖਰਚ ਕੀਤਾ ਜਾਂਦਾ ਹੈ ਕਿਉਂਕਿ ਦੋ ਲੱਖ ਰੁਪਿਆ ਮੁਕਦਮਿਆਂ ਦਾ ਦੇਣਾ ਹੈ। ਕਿਡੀ ਹੈਰਾਨੀ ਦੀ ਗਲ ਕਿ ਐਗਰੀਕਲਚਰ ਯੂਨੀਵਰਸਟੀ ਦੇ ਵਿਚ ਮੁਕਦਮਿਆਂ ਦੀ ਗਲ ਕਿੱਥੋਂ ਆ ਸਕਦੀ ਹੈ। ਡਿਪਟੀ ਸਪੀਕਰ ਸਾਹਿਬਾ, ਤਨਖਾਹਾਂ ਦੇ ਹਿਸਾਬ ਨਾਲ ਤੁਸੀਂ ਦੇਖੋ ਕਈ ਲੱਖ ਰੁਪਿਆ ਸਟਾਫ ਦੀਆਂ ਤਨਖਾਹਾਂ ਦਾ ਮਹੀਨੇ ਦਾ ਬਣਦਾ ਹੈ ਲੇਕਿਨ ਜਿਹੜੇ ਉਪਰਲੇ ਅਫਸਰ ਹਨ ਉਨ੍ਹਾਂ ਦਾ ਹੇਠਲੇ ਸਟਾਫ ਨਾਲ ਏਨਾ ਭੈੜਾ ਸਲੂਕ ਹੈ ਕਿ ਉਨ੍ਹਾਂ ਦੀ ਆਪਸ ਦੇ ਵਿਚ ਕੋਈ ਕੋਆਪਰੇਸ਼ਨ ਨਹੀਂ। ਜਿਹੜਾ ਬੀ. ਐਸ. ਸੀ ਔਰ ਐਮ ਐਸ. ਸੀ. ਵਾਲਾ ਸਟਾਫ ਹੈ ਉਹ ਬੜੇ ਅਫਸਰਾਂ ਨਾਲੋਂ ਏਨੇ ਦੂਰ ਹਨ ਜਿਸ ਦਾ ਕੋਈ ਹਦ ਹਿਸਾਬ ਨਹੀਂ। ਐਗਰੀਕਲਚਰ ਯੂਨੀਵਰਸਿਟੀ ਦੀ ਸਾਰੀ ਪਲੈਨਿੰਗ ਬਿਲਡਿੰਗਾਂ ਦੇ ਵਿਚ ਹੀ ਵਾੜ ਦਿੱਤੀ। ਅਗਲੇ ਪਾਸੇ ਕੋਈ ਥੋੜਾ ਬਹੁਤ ਕੰਮ ਕੀਤਾ ਹੋਇਆ ਹੈ, ਪਿਛਲੇ ਪਾਸੇ ਚਲੇ ਜਾਉ ਤਾਂ ਕੁਝ ਵੀ ਨਹੀਂ। ਉਨ੍ਹਾਂ ਨੇ ਤਰੀਕਾ ਇਹ ਫੜਿਆ ਹੋਇਆ ਹੈ ਕਿ ਜਦੋਂ ਉਥੇ ਕੋਈ ਬਾਹਰੋਂ ਮਨਿਸਟਰ ਜਾਂ ਐਮ. ਐਲ. ਏ ਜਾਂ ਕੋਈ ਬਾਹਰ ਦਾ ਬੰਦਾ ਜਾਂਦਾ ਹੈ ਤਾਂ ਉਸ ਨੂੰ ਯੂਨੀਵਰਸਟੀ ਦਾ ਅਗਲਾ ਹਿੱਸਾ ਵਖਾ ਕੇ ਉਥੇ ਉਸ ਦੀ ਤਕਰੀਰ ਕਰਵਾ ਦਿੰਦੇ ਹਨ ਔਰ ਜਿਹੜਾ ਤਸਵੀਰ ਦਾ ਕਾਲਾ ਪਹਿਲੂ ਹੈ ਉਹ ਉਸ ਨੂੰ ਨਹੀਂ ਦਿਖਾਉਂਦੇ। ਲੁਧਿਆਣੇ ਦੇ ਵਿਚ ਜ਼ਿਮੀਂਦਾਰਾਂ ਨੇ ਜਿਹੜੇ ਆਪਣੇ ਮੌਡਲ ਫਾਰਮ ਖੋਲ੍ਹੇ ਹੋਏ ਹਨ ਉਨ੍ਹਾਂ ਦੇ ਵਿਚ ਐਗਰੀਕਲਚਰ ਯੂਨੀਵਰਸਟੀ ਦੇ ਮੁਕਾਬਲੇ ਵਿਚ ਆਲੂ ਵਗੈਰਾ ਦੁਗਣੇ ਨਿਕਲਦੇ ਹਨ ਔਰ ਉਹ ਖਰਚਾ ਵੀ ਉਸ ਯੂਨੀਵਰਸਟੀ ਨਾਲੋਂ ਘਟ ਕਰਦੇ ਹਨ। ਮੈਂ ਕਹਿੰਦਾ ਹਾਂ ਕਿ ਜੇ ਤੁਹਾਡਾ ਜ਼ਿਮੀਂਦਾਰ ਦੇ ਨਾਲ ਕੋਈ ਤਅੱਲੁਕ ਹੈ ਤਾਂ ਤੁਸੀਂ ਉਸ ਵਾਈਸ ਚਾਂਸਲਰ ਤੋਂ ਜਿਹੜਾ ਫਿਰਕਾ ਪਰਸਤੀ ਪੈਦਾ ਕਰਦਾ ਹੈ, ਜਿਹੜਾ ਸਵਾਏ ਬਿਲਡਿੰਗਾਂ ਦੇ ਹੋਰ ਕੋਈ ਕੰਮ ਨਹੀਂ ਹੋਣ ਦਿੰਦਾ ਜਲਦੀ ਤੋਂ ਜਲਦੀ ਛੁਟਕਾਰਾ ਕਰਵਾਉ। ਜਿਹੜੇ ਜ਼ਿਮੀਂਦਾਰਾਂ ਨੂੰ ਬੀਜ ਨਹੀਂ ਦਿੰਦੇ ਔਰ ਕੋਈ ਤਰੀਕੇ ਦੀ ਚੀਜ ਪੈਦਾ ਨਹੀਂ ਕਰਦੇ ਉਨ੍ਹਾਂ ਦੇ ਵਾਸਤੇ ਇਹ ਮਦ ਨਹੀਂ ਪਾਸ ਹੋਣੀ ਚਾਹੀਦੀ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਦੀ ਕਰੜੀ ਵਿਰੋਧਤਾ ਕਰਦਾ ਹਾਂ।

**ਬਾਬੂ ਅਜੀਤ ਕੁਮਾਰ** (ਸਿਧਵਾਂ ਬੇਟ): ਇਨ੍ਹਾਂ ਨੇ ਜੇਲ੍ਹ ਦੀ ਡੀਮਾਂਡ ਹੇਠ 9 ਲੱਖ 10 ਹਜ਼ਾਰ ਰੁਪਿਆ ਮੰਗਿਆ ਹੈ, ਦਲੀਲ ਇਹ ਦਿਤੀ ਹੈ ਕਿ ਕੁਝ ਤਾਂ ਪਾਕਿਸਤਾਨੀ ਜਿਹੜੇ ਘੇਰੇ ਦੇ ਵਿਚ ਅਸੀਂ ਲਏ ਸੀ ਉਨ੍ਹਾਂ

ਦਾ ਖਰਚਾ ਹੈ ਔਰ ਕੁਝ ਐਂਟੀ ਨੈਸ਼ਨਲ ਐਲੀਮੈਂਟ ਜਿਹੜਾ ਡੀਫੈਂਸ ਆਫ ਇੰਡੀਆ ਰੂਲਜ਼ ਤੇ ਤਹਿਤ ਡੀਟੇਨ ਕੀਤਾ ਹੋਇਆ ਹੈ ਉਨ੍ਹਾਂ ਲਈ ਹੈ। ਡੀਫੈਂਸ ਆਫ ਇੰਡੀਆ ਰੂਲਜ਼ ਦੇ ਤਹਿਤ ਇਨ੍ਹਾਂ ਦੇ ਕੋਈ ਵਡਾ ਸਰਮਾਏਦਾਰ ਨਹੀਂ ਫੜਿਆ ਜਿਸ ਨੇ ਬਲੈਕ ਕੀਤੀ ਸੀ ਐਸੇ ਬੰਦੇ ਨਹੀਂ ਫੜੇ ਜਿਹੜੇ ਸੋਸਾਇਟੀ ਦੇ ਵਿਚ ਮੁਜਰਿਮ ਕਰਾਰ ਦਿੱਤੇ ਗਏ ਹੋਣ ਮਗਰ ਬੜੇ ਅਫਸੋਸ ਦੀ ਗਲ ਹੈ ਕਿ ਦੋ ਐਮ. ਐਲ. ਏਜ਼ ਨੂੰ ਬਗੈਰ ਮੁਕਦਮਾ ਚਲਾਏ, ਬਗੈਰ ਕੋਰਟ ਦਾ ਵਰਡਿਕਟ ਲੈਣ ਦੇ ਜੇਲ ਵਿਚ ਬੰਦ ਕਰ ਦਿਤਾ ਔਰ ਐਂਟੀਨੈਸ਼ਨਲ ਕਰਾਰ ਦੇ ਦਿੱਤਾ। ਉਨ੍ਹਾਂ ਬੰਦਿਆਂ ਨੂੰ ਜੇਲ੍ਹ ਦੇ ਵਿਚ ਬੰਦ ਕਰਕੇ ਨਾਜਾਇਜ਼ ਤੌਰ ਤੇ ਉਨ੍ਹਾਂ ਦੇ ਖਰਚੇ ਦਾ ਬੋਝ ਲੋਕਾਂ ਦੇ ਸਿਰਾਂ ਤੇ ਪਾਇਆ ਜਾ ਰਿਹਾ ਹੈ। ਜਿੱਥੋਂ ਤਕ ਪਾਕਿਸਤਾਨ ਅਤੇ ਹਿੰਦੁਸਤਾਨ ਦੇ ਦਰਮਿਆਨ ਜੰਗ ਦੇ ਵਕਤ ਜਾਸੂਸੀ ਕਰਨ ਦਾ ਤਅੱਲੁਕ ਹੈ ਉਸ ਦੇ ਵਿਚ ਨਾ ਤਾਂ ਕੋਈ ਕਮਿਊਨਿਸਟ ਫੜਿਆ ਗਿਆ ਹੈ ਔਰ ਨਾ ਹੀ ਕੋਈ ਹੋਰ ਆਪੋਜ਼ੀਸ਼ਨ ਦਾ ਬੰਦਾ ਫੜਿਆ ਗਿਆ ਹੈ ਬਲਕਿ ਕਾਂਗਰਸ ਪਾਰਟੀ ਦੇ ਆਪਣੇ ਵਰਕਰ ਇਸ ਤਰ੍ਹਾਂ ਦੀ ਗੱਦਾਰੀ ਕਰਦੇ ਫੜੇ ਗਏ ਹਨ ਔਰ ਇਨ੍ਹਾਂ ਦਾ ਇਕ ਸਬ-ਰਜਿਸਟਰਾਰ ਸੀ ਉਹ ਵੀ ਫੜਿਆ ਗਿਆ ਹੈ। ਇਸ ਕਰਕੇ ਇਨ੍ਹਾਂ ਨੇ ਅਸਲੀ ਗੱਦਾਰਾਂ ਵਲ ਕਰੜੀ ਨਜ਼ਰ ਨਹੀਂ ਕੀਤੀ ਤੇ ਜਿਨ੍ਹਾਂ ਦਾ ਕੋਈ ਕਸੂਰ ਨਹੀਂ ਸੀ ਉਨ੍ਹਾਂ ਨੂੰ ਬਗੈਰ ਕੋਰਟ ਦਾ ਵਰਡਿਕਟ ਲੈਣ ਦੇ ਜੇਲ੍ਹਾਂ ਵਿਚ ਬੰਦ ਕਰ ਦਿਤਾ ਹੈ।

ਇਸ ਤੋਂ ਬਾਅਦ ਮੈਂ ਐਜੂਕੇਸ਼ਨ ਦੀ ਡੀਮਾਂਡ ਤੇ ਕੁਝ ਕਹਿਣਾ ਚਾਹੁੰਦਾ ਹਾਂ। ਬੜੇ ਦੁਖਦੀ ਗਲ ਹੈ ਕਿ ਸਾਡੀ ਹਿੰਦੁਸਤਾਨ ਦੀ ਸਰਕਾਰ ਅਜੇ ਤਕ ਆਮ ਵਾਸੀਆਂ ਨੂੰ ਡੇਢ ਦੋਂ ਰੁਪਏ ਰੋਜ਼ ਦਾ ਜਾਂ 50/60 ਰੁਪਏ ਮਹੀਨੇ ਦਾ ਰੋਜ਼ਗਾਰ ਨਹੀਂ ਦੇ ਸਕੀ। ਸਾਡੇ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਇਹ ਕਿਹਾ ਕਿ 8 ਸੌ ਰੁਪਿਆ ਮਾਹਵਾਰ ਲੈਣ ਵਾਲਾ ਆਪਣੇ ਬਚਿਆਂ ਨੂੰ ਸੈਨਿਕ ਸਕੂਲ ਦੇ ਵਿਚ ਤਾਲੀਮ ਨਹੀਂ ਦਿਵਾ ਸਕਦਾ। ਮੈਂ ਕਹਿੰਦਾ ਹਾਂ ਕਿ ਪਜਾਬ ਦੇ ਵਿਚ 99 ਫੀਸਦੀ ਲੋਕ ਐਸੇ ਹਨ ਜਿਹੜੇ ਆਪਣੇ ਬਚਿਆਂ ਨੂੰ ਰੋਟੀ ਅਤੇ ਕਪੜਾ ਨਹੀਂ ਦੇ ਸਕਦੇ, ਉਹ ਆਪਣੇ ਬਚਿਆਂ ਨੂੰ ਪਬਲਿਕ ਅਤੇ ਸੈਨਿਕ ਸਕੂਲਾਂ ਨੂੰ ਭੇਜਣ ਦਾ ਸੁਪਨਾ ਵੀ ਨਹੀਂ ਲੈ ਸਕਦੇ। ਇਸਦਾ ਮਤਲਬ ਇਹ ਹੈ ਕਿ ਪਬਲਿਕ ਸਕੂਲ ਜਿਹੜੇ ਹਨ ਉਨ੍ਹਾਂ 1 ਫੀ ਸਦੀ ਲੋਕਾਂ ਦੇ ਬਚਿਆਂ ਲਈ ਹੀ ਹਨ। ਇਹ ਸਰਕਾਰ ਗਰੀਬਾਂ ਦੇ ਭਲੇ ਲਈ ਕਦੇ ਵੀ ਨਹੀਂ ਸੋਚਦੀ ਬਲਕਿ ਉਨ੍ਹਾਂ ਨੂੰ ਹਮੇਸ਼ਾ ਲਈ ਆਪਣਾ ਗੁਲਾਮ ਬਣਾ ਕੇ ਰਖਣਾ ਚਾਹੁੰਦੀ ਹੈ। ਏਥੇ ਵਜ਼ੀਰ ਸਾਹਿਬ ਨੇ ਗਲਤ ਸਟੇਟਮੈਂਟ ਦਿਤੀ ਹੈ ਕਿ 20 ਲੱਖ 70 ਹਜ਼ਾਰ ਰੁਪਏ ਦੀ ਡੀਮਾਂਡ ਹਰੀਜਨਾਂ ਦੇ ਬਚਿਆਂਨੂੰ ਵਜ਼ੀਫੇ ਦੇਣ ਦੀ ਖਾਤਰ ਹੈ। ਸਾਰੇ ਲੋਕਾਂ ਨੂੰ ਇਹ ਪਤਾ ਹੈ ਕਿ ਇਨ੍ਹਾਂ ਨੇ ਨਾ ਸਿਰਫ ਸ਼ਡੀਊਲਡ ਕਾਸਟ ਅਤੇ ਬੈਕਵਰਡ ਕਲਾਸਾਂ ਦੇ ਮੁੰਡਿਆਂ ਦੀ ਫੀਸ ਮਾਫ ਕਰਨ ਦਾ ਫੈਸਲਾ ਕੀਤਾ ਹੈ ਬਲਕਿ ਸਸਤੀ ਸ਼ੋਹਰਤ ਹਾਸਲ ਕਰਨ ਲਈ ਔਰ ਆਉਣ ਵਾਲੀਆਂ ਚੋਣਾਂ ਦੇ ਵਿਚ ਵੋਟਾਂ ਲੈਣ ਲਈ ਇਕ ਸੋਸ਼ਲੀ ਬੈਕਵਰਡ ਕਲਾਸ ਨਵੀਂ ਖੜੀ ਕਰ ਲਈ ਹੈ। ਉਹ ਉਹ ਲੋਕ ਹੋਣਗੇ ਜਿਨ੍ਹਾਂ ਦੇ ਮਾਂ ਬਾਪ ਦੀ ਸਾਲਾਨਾ ਆਮਦਨ ਇਕ ਹਜ਼ਾਰ ਰੁਪਿਆਂ ਤੋਂ ਘਟ ਹੋਵੇਗੀ। ਮੈਨੂੰ ਅਫਸੋਸ ਹੈ ਕਿ ਜਿਨ੍ਹਾਂ ਦੀਆਂ ਚੰਗੀਆਂ ਆਮਦਨਾਂ ਹਨ ਉਹ ਗਲਤ ਐਫੀਡੇਵਿਟ ਦੇ ਕੇ ਸਾਡੇ ਕੋਲੋਂ ਤਸਦੀਕ ਕਰਵਾਉਣ ਆਉਂਦੇ ਹਨ। ਇਸ ਲਈ ਮੈਂ ਮੰਗ ਕਰਦਾ ਹਾਂ ਕਿ ਇਹ ਰੁਪਿਆ ਗੌਰਮਿੰਟ ਆਫ ਇੰਡੀਆ ਦੀ ਸਕੀਮ ਮੁਤਾਬਕ ਖਰਚ ਹੋਣਾ ਚਾਹੀਦਾ ਹੈ........

**ਡਿਪਟੀ ਸਪੀਕਰ :** ਜਿਨ੍ਹਾਂ ਦੀ ਤੁਸੀਂ ਗਲ ਕਰਦੇ ਹੋ ਉਨ੍ਹਾਂ ਦੀ ਤੁਸੀਂ ਤਸਦੀਕ ਕਰਦੇ ਹੋ ਜਾਂ ਨਹੀਂ ? Does the hon. Member attest the affidavits or not of those whom he is referring to ?

**ਬਾਬੂ ਅਜੀਤ ਕੁਮਾਰ :** ਮੈਂ ਤਸਦੀਕ ਨਹੀਂ ਕਰਦਾ, ਮੈਂ ਤਾਂ ਉਨ੍ਹਾਂ ਨੂੰ ਫਸਾਣ ਵਾਲਿਆਂ ਵਿਚੋਂ ਹਾਂ

**ਲੈਫਟੀਨੈਂਟ ਭਾਗ ਸਿੰਘ :** ਅਸੀਂ ਤਾਂ ਇਹ ਤਸਦੀਕ ਕਰਦੇ ਹਾਂ ਕਿ ਜੋ ਗਲ ਇਹ ਆਦਮੀ ਕਹਿੰਦਾ ਹੈ ਉਸਦੀ ਤਸਦੀਕ ਕਰਦੇ ਹਾਂ ਇਹ ਤਸਦੀਕ ਨਹੀਂ ਕਰਦੇ ਕਿ ਇਸਦੀ ਆਮਦਨੀ ਇਕ ਹਜ਼ਾਰ ਰੁਪਿਆ ਹੈ।

**ਬਾਬੂ ਅਜੀਤ ਕੁਮਾਰ** : ਬੜੇ ਦੁਖ ਦੀ ਗਲ ਹੈ ਕਿ ਇਸ ਤਰ੍ਹਾਂ ਦੀ ਮਿਸਸਟੇਟਮੈਂਟ ਕਰਕੇ ਲੋਕਾਂ ਨੂੰ ਗਲਤ ਫਹਿਮੀ ਵਿਚ ਪਾਇਆ ਜਾਂਦਾ ਹੈ। ਨਵੀਆਂ ਕਲਾਸਾਂ ਸ਼ੁਰੂ ਹੋਈਆਂ ਨੂੰ ਇਕ ਸਾਲ ਹੋ ਗਿਆ ਹੈ ਪਰ ਸਰਕਾਰ ਇਕ ਸਟੂਡੈਂਟ ਦਾ ਨਾਮ ਵੀ ਦਸ ਦੇਵੇ ਜਿਸ ਨੂੰ ਅਜ ਤਕ ਇਕ ਮਹੀਨੇ ਦਾ ਸਟਾਈਪੈਂਡ ਵੀ ਮਿਲਿਆ ਹੋਵੇ। ਮੇਰਾ ਇਹ ਅਲਜ਼ਾਮ ਹੈ ਇਸ ਸਰਕਾਰ ਤੇ ਕਿ ਇਹ ਨਹੀਂ ਚਾਹੁੰਦੀ ਕਿ ਗਰੀਬਾਂ ਦੇ ਬੱਚੇ ਤਾਲੀਮ ਹਾਸਲ ਕਰ ਸਕਣ ਅਤੇ ਤਰਕੀ ਕਰ ਸਕਣ। ਜੋ ਆਪ ਆਪਣੇ ਬਚੇ ਨੂੰ ਰੋਟੀ ਕਪੜਾ ਨਹੀਂ ਦੇ ਸਕਦਾ ਉਹ ਕਿਸ ਤਰ੍ਹਾਂ ਉਸਨੂੰ ਤਾਲੀਮ ਦੇ ਸਕਦਾ ਹੈ। ਇਹ ਕਹਿੰਦੇ ਹਨ ਕਿ 6 ਰੁਪਏ ਵਜ਼ੀਫਾ ਤਾਂ ਦੇਵਾਂਗੇ ਪਰ ਸਾਲ ਦੇ ਆਖਰ ਵਿਚ। ਮੈਂ ਪੁਛਦਾ ਹਾਂ ਕਿ ਕਿਹੜਾ ਗਰੀਬ ਆਦਮੀ ਹੈ ਜੋ ਇਕ ਸਾਲ ਤਕ ਆਪਣੇ ਪਲੇ ਤੋਂ ਖਰਚ ਕਰ ਸਕਦਾ ਹੈ। ਜਦ ਉਸਦੇ ਪਾਸ ਪੈਸੇ ਨਹੀਂ ਹਨ ਤਾਂ ਉਹ ਇਕ ਸਾਲ ਤਕ ਕਿਥੋਂ ਖਰਚ ਕਰੇਗਾ। ਇਸੇ ਲਈ ਤਾਂ ਮੈਂ ਕਹਿੰਦਾ ਹਾਂ ਕਿ ਇਹ ਸਰਕਾਰ ਨਹੀਂ ਚਾਹੁੰਦੀ ਕਿ ਗਰੀਬਾਂ ਦੇ ਬਚੇ ਤਾਲੀਮ ਹਾਸਲ ਕਰ ਸਕਨ। ਮੈਂ ਪਹਿਲਾਂ ਵੀ ਮੰਗ ਕੀਤੀ ਸੀ ਕਿ ਇਹ ਸਾਰਾ ਪੈਸਾ ਵੈਲਫੇਅਰ ਡਿਪਾਰਟਮੈਂਟ ਦੀ ਡਿਸਪੋਜ਼ਲ ਤੇ ਰਖਣਾ ਚਾਹੀਦਾ ਹੈ ਅਤੇ ਜਿਸ ਤਰ੍ਹਾਂ ਟੀਚਰਜ਼ ਦੇ ਹਰ ਮਹੀਨੇ ਮਸਟਰ ਰੋਲ ਬਣਦੇ ਹਨ ਉਸੇ ਤਰ੍ਹਾਂ ਮਹੀਨੇ ਦੇ ਮਹੀਨੇ ਇਸ ਸਟਾਈਪੈਂਡ ਦੇ ਪੈਸੇ ਹੈਡ ਮਾਸਟਰਜ਼ ਡਿਸਬਰਸ ਕਰਿਆ ਕਰਨ ਤਾਂ ਹੀ ਇਸਦਾ ਕੋਈ ਫਾਇਦਾ ਹੋ ਸਕਦਾ ਹੈ। ਫਿਰ ਇਨ੍ਹਾਂ ਨੇ ਇੰਡੋ-ਪਾਕਿਸਤਾਨ ਜੰਗ ਦੇ ਵਕਤ ਜੋ ਇੰਡਸਟਰੀ ਬੰਦ ਰਹੀ ਉਨ੍ਹਾਂ ਨੂੰ ਲੋਨ ਦੇਣ ਲਈ 50 ਲਖ ਰੁਪਏ ਦੀ ਮੰਗ ਕੀਤੀ ਹੈ। ਕੁਲ ਮੰਗ ਤਾਂ 75 ਲਖ ਰੁਪਏ ਦੀ ਹੈ ਪਰ 25 ਲਖ ਪਹਿਲਾਂ ਖਰਚ ਕਰ ਚੁਕੇ ਹਨ ਅਤੇ 50 ਲਖ ਐਡੀਸ਼ਨਲ ਪੈਸੇ ਮੰਗੇ ਹਨ। ਇਸਦਾ ਮਤਲਬ ਹੈ ਕਿ ਇਨ੍ਹਾਂ ਨੇ ਇੰਡਸਟਰੀਲਿਟਸ ਨੂੰ 75 ਲਖ ਰੁਪਿਆ ਐਡਵਾਂਸ ਕੀਤਾ ਹੈ। ਇਸਦੇ ਮੁਕਾਬਲੇ ਵਿਚ ਜੋ ਐਨੀ ਸਾਰੀ ਲੇਬਰ ਉਸ ਵਕਤ ਬੇਕਾਰ ਰਹੀ ਉਨ੍ਹਾਂ ਨੂੰ 20 ਲਖ ਰੁਪਿਆ ਲੋਨ ਦਿਤਾ ਹੈ। ਇਹ ਵਿਤਕਰੇ ਵਾਲੀ ਗਲ ਕੀਤੀ ਗਈ ਹੈ। ਇਹ ਠੀਕ ਹੈ ਕਿ ਅੰਮ੍ਰਿਤਸਰ ਤੇ ਬਟਾਲਾ **ਵਿਚ ਉਨ੍ਹਾਂ ਦਿਨਾਂ ਵਿਚ ਰਾਤ ਦੇ ਵਕਤ ਇੰਡਸਟਰੀ ਬੰਦ ਰਹੀ ਲੇਕਿਨ ਬਾਕੀ ਥਾਵਾਂ ਤੇ ਬਾਕਾਇਦਾ** ਚਲਦਾ ਰਿਹਾ। ਕੁਝ ਕਾਰਖਾਨੇ ਵਾਲੇ ਆਪਣੇ ਵਰਕਰਜ਼ ਨੂੰ ਪੇਮੈਂਟ ਨਹੀਂ ਕਰ ਸਕੇ ਅਤੇ ਵਰਕਰਜ਼ ਬੇਕਾਰ ਹੋਕੇ ਪਿੰਡਾਂ ਵਿਚ ਵਾਪਸ ਆ ਗਏ। ਬਜਾਏ ਇਸਦੇ ਕਿ ਸਰਕਾਰ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੇ ਪੇਮੈਂਟ ਨਹੀਂ ਕੀਤੀ ਫੜ ਕੇ ਅੰਦਰ ਕਰਦੀ ਇਸਨੇ ਲੇਬਰ ਨੂੰ ਹੀ ਡਿਫੈਂਸ ਆਫ ਇੰਡੀਆਂ ਰੂਲਜ਼ ਤਹਿਤ ਫੜ ਕੇ ਅੰਦਰ ਕਰ ਦਿਤਾ (ਘੰਟੀ) ਜੋ ਸਰਕਾਰ ਕਾਰਖਾਨੇਦਾਰਾਂ ਨੂੰ ਲੋਨ ਦੇ ਰਹੀ ਹੈ, ਉਸਦੇ ਚੀਫ ਮਨਿਸਟਰ ਨੇ ਲੁਧਿਆਣਾ, ਅਮ੍ਰਿਤਸਰ ਤੇ ਦੂਜੇ ਸ਼ਹਿਰਾਂ ਵਿਚ ਜਾਕੇ ਲੋਕਾਂ ਨੂੰ ਕਿਹਾ ਕਿ ਪੰਜਾਬੀ ਸੂਬਾ ਬਣ ਜਾਣਾ ਹੈ।ਇਸ ਲਈ ਕੋਸ਼ਿਸ਼ ਕਰਕੇ ਸਰਕਾਰੀ ਰੁਪਏ ਨਾਲ ਹੀ ਇੰਡਸਟਰੀ ਚਲਾਉ, ਆਪਣੇ ਪੱਲੇ ਤੋਂ ਪੈਸਾ ਇਨਵੈਸਟ ਨਾ ਕਰੋ। ਇਸੇ ਕਰਕੇ ਕਾਰਖਾਨੇਦਾਰਾਂ ਨੇ ਤਹੱਈਆ ਕੀਤਾ ਹੋਇਆ ਹੈ ਕਿ ਸਰਕਾਰ ਦੇ ਪੈਸੇ ਨਾਲ ਹੀ ਇੰਡਸਟਰੀ ਚਲਾਣੀ ਹੈ ਅਤੇ ਖੁਦ ਕੁਝ ਖਰਚ ਨਹੀਂ ਕਰਨਾ ———

**ਡਿਪਟੀ ਸਪੀਕਰ** : ਹੁਣ ਤੁਸੀਂ ਬੈਠ ਜਾਉ। (Now he may resume his seat.)

**ਬਾਬੂ ਅਜੀਤ ਕੁਮਾਰ** : ਮੈਂ ਇਕ ਪੁਆਇੰਟ ਅਰਜ਼ ਕਰਕੇ ਬੈਠ ਜਾਂਦਾ ਹਾਂ। ਇਸ ਜੰਗ ਦੇ ਦੌਰਾਨ ਜੋ ਦੋ ਹਫਤੇ ਰਹੀ ਰਾਤ ਨੂੰ ਇੰਡਸਟਰੀ ਬੰਦ ਰਹਿੰਦੀ ਸੀ ਅਤੇ ਦਿਨ ਨੂੰ ਚਲਦੀ ਸੀ ਪਰ ਹੁਣ ਸਰਕਾਰ ਨੇ ਕੁਝ ਕਟ ਲਗਾ ਦਿਤਾ ਹੈ ਅਤੇ ਆਰਡਰ ਕਰ ਦਿਤਾ ਹੈ ਕਿ ਸੁਬਹ 8 ਬਜੇ ਤੋਂ ਪੰਜ ਬਜੇ ਤਕ ਬਿਜਲੀ ਮਿਲੇਗੀ ਅਤੇ ਉਸਤੋਂ ਬਾਅਦ ਫੈਕਟਰੀਆਂ ਨਹੀਂ ਚਲਣਗੀਆਂ ਕਿਉਂਕਿ ਪਾਵਰ ਨਹੀਂ ਹੈ। ਲੇਕਿਨ ਮੈਨੂੰ ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਦਫਤਰਾਂ ਵਿਚ ਜਾਕੇ ਵੇਖੋ ਉਸੇ ਤਰ੍ਹਾਂ ਹੀਟਰ ਚਲਦੇ ਹਨ ਅਤੇ ਰਾਤ ਸੜਕਾਂ ਤੇ ਟਿਊਬਾਂ ਜਗਮਗਾਂਦੀਆਂ ਨੇ। ਇਹ ਜੋ ਲਾਈਟ ਖਰਚ ਕੀਤੀ ਜਾਂਦੀ ਇਸਦੀ ਕੀ ਲੋੜ ਹੈ। ਮੈਂ ਤਾਂ ਸਮਝਦਾ ਹਾਂ ਕਿ ਘਰਾਂ ਵਿਚ ਵੀ ਲਾਈਟ ਬੰਦ ਕਰ ਦੇਣੀ ਚਾਹੀਦੀ ਹੈ ਅਤੇ ਮਿਟੀ ਦੇ ਤੇਲ ਨਾਲ ਕੰਮ ਚਲਾਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਬਿਜਲੀ ਬਚਾ ਕੇ ਟਿਊਬਵੈਲਜ਼ ਤੇ ਦਸਤਕਾਰੀ ਚਲਾਣ ਲਈ ਦਿਤੀ

ਜਾਣੀ ਚਾਹੀਦੀ ਹੈ (ਘੰਟੀ)। ਮੈਂ ਆਖਰ ਵਿਚ ਬੇਨਤੀ ਕਰਦਾ ਹਾਂ ਕਿ ਜੇਕਰ ਆਉਣ ਵਾਲੇ ਵਕਤ ਵਿਚ ਪੰਜਾਬੀਆਂ ਨੂੰ ਜ਼ਿੰਦਾ ਰਖਣਾ ਹੈ ਤਾਂ ਕਾਸ਼ਤਕਾਰਾਂ ਤੇ ਦਸਤਕਾਰਾਂ ਨੂੰ ਹਰ ਕਿਸਮ ਦੀਆਂ ਸਹੂਲਤਾਂ ਦਿਉ ਤਾਂਕਿ ਪਰੋਡਕਸ਼ਨ ਵਧੇ ਤੇ ਦੇਸ਼ ਦਾ ਭਲਾ ਹੋਵੇ।

**ਵਿੱਤ ਮੰਤਰੀ** (ਸਰਦਾਰ ਕਪੂਰ ਸਿੰਘ) : ਡਿਪਟੀ ਸਪੀਕਰ ਸਾਹਿਬਾ, ਪੇਸ਼ਤਰ ਇਸਦੇ ਕਿ ਮੈਂ ਜੋ ਖਿਆਲਾਤ ਮੈਂਬਰ ਸਾਹਿਬਾਨ ਨੇ ਜ਼ਾਹਰ ਕੀਤੇ ਹਨ ਉਨ੍ਹਾਂ ਦਾ ਜਵਾਬ ਦੇਵਾਂ ਮੈਂ ਪਹਿਲਾਂ ਜੋ ਕੁਝ ਗਿਲ ਸਾਹਿਬ ਨੇ ਕਿਹਾ ਹੈ ਉਸਦੇ ਬਾਰੇ ਕਹਿਣਾ ਚਾਹੁੰਦਾ ਹਾਂ। ਉਨ੍ਹਾਂ ਨੇ ਕਿਹਾ ਕਿ ਵੇਖੋ ਜੀ ਇਨ੍ਹਾਂ ਨੂੰ ਅਸਲੀ ਬਜਟ ਹੀ ਬਣਾਉਣਾ ਨਹੀਂ ਆਂਉਂਦਾ ਵਰਨਾ ਕੀ ਜ਼ਰੂਰਤ ਸੀ ਕਿ ਇਹ 12 ਕਰੋੜ ਰੁਪਏ ਦਾ ਸਪਲੀਮੈਂਟਰੀ ਬਜਟ ਲਿਆਇਆ ਜਾਂਦਾ। ਉਨ੍ਹਾਂ ਦੀ ਵਾਕਫੀਅਤ ਲਈ ਮੈਂ ਦਸਣਾ ਚਾਹੁੰਦਾ ਹਾਂ ਕਿ ਕਈ ਖਰਚ ਐਸੇ ਹੁੰਦੇ ਹਨ ਜੋ ਅਨਫੋਰਸੀਨ ਹੁੰਦੇ ਹਨ ਅਤੇ ਜਿਨ੍ਹਾਂ ਦਾ ਬਜਟ ਬਣਾਂਦੇ ਵਕਤ ਕੋਈ ਪਤਾ ਨਹੀਂ ਹੁੰਦਾ ਕਿ ਪੈ ਜਾਣੇ ਹਨ। ਮਿਸਾਲ ਦੇ ਤੌਰ ਤੇ ਕਿਸੇ ਨੂੰ ਕੋਈ ਪਤਾ ਨਹੀਂ ਸੀ ਕਿ ਇੰਡੋ-ਪਾਕਿਸਤਾਨ ਕਨਫਲਿਕਟ ਸ਼ੁਰੂ ਹੋ ਜਾਣਾ ਹੈ ਅਤੇ ਪੰਜਾਬ ਗੌਰਮਿੰਟ ਨੂੰ ਐਨਾ ਖਰਚ ਕਰਨਾ ਪੈ ਜਾਣਾ ਹੈ। ਇਸ ਤੋਂ ਗਿਲ ਸਾਹਿਬ ਨੂੰ ਖੁਸ਼ ਹੋਣਾ ਚਾਹੀਦਾ ਹੈ ਕਿ ਡਿਵੈਲਪਮੈਂਟ ਦੇ ਕੰਮਾਂ ਲਈ ਅਸੀਂ ਬਜਟ ਤੋਂ ਬਾਹਰ ਜਾਕੇ ਵੀ ਖਰਚ ਕਰਨ ਦੀ ਕੋਸ਼ਸ਼ ਕੀਤੀ ਹੈ ਅਤੇ ਲੋਕਾਂ ਦੇ ਭਲਾਈ ਦੇ ਕੰਮਾਂ ਲਈ ਵਧ ਤੋਂ ਵਧ ਖਰਚ ਕੀਤਾ ਹੈ। ਸਰਕਾਰ ਨੇ ਖਿਆਲ ਕੀਤਾ ਕਿ ਕਿਸਾਨਾਂ ਦੀ ਬਿਹਤਰੀ ਲਈ ਉਨ੍ਹਾਂ ਦੇ ਟਿਊਬਵੈਲਜ਼ ਲਈ ਬਿਜਲੀ ਦਿਤੀ ਜਾਣੀ ਚਾਹੀਦੀ ਹੈ ਅਤੇ ਇਸੇ ਲਈ ਇਸ ਕੰਮ ਲਈ ਸਰਕਾਰ ਨੇ ਦੋ ਕਰੋੜ ਰੁਪਏ ਦਾ ਐਡੀਸ਼ਨਲ ਖਰਚ ਕਰਨਾ ਮਨਜ਼ੂਰ ਕੀਤਾ ਹੈ। ਫਿਰ ਜਦੋਂ ਸਰਕਾਰ ਨੇ ਸਕੂਲਾਂ ਨੂੰ ਅਪਗਰੇਡ ਕਰਨ ਦਾ ਫੈਸਲਾ ਕੀਤਾ ਤਾਂ ਪੂਰਾ ਪਤਾ ਨਹੀਂ ਸੀ ਕਿ ਕਿਤਨਾ ਖਰਚ ਹੋ ਜਾਣਾ ਹੈ ਕਿਉਂ ਕਿ ਸਾਰੀ ਸਕੀਮ ਪੂਰੀਤਰ੍ਹਾਂ ਮੁਕੰਮਲ ਨਹੀਂ ਹੋਈ ਸੀ। ਇਸ ਸਿਲਸਿਲੇ ਵਿਚ ਇਕ ਕਰੋੜ ਰੁਪਏ ਦਾ ਖਰਚ ਸਰਕਾਰ ਨੇ ਬਰਦਾਸ਼ਤ ਕੀਤਾ ਹੈ ਤਾਂਕਿ ਜਿਤਨਾ ਲੋਕਾਂ ਨੂੰ ਫਾਇਦਾ ਹੋ ਸਕੇ ਕੀਤਾ ਜਾਵੇ। ਇਸ ਤਰ੍ਹਾਂ ਇਹ ਸਾਰੇ ਖਰਚ ਇਸ ਸਪਲੀਮੈਂਟਰੀ ਬਜਟ ਵਿਚ ਲਿਆਣੇ ਪਏ ਹਨ ਅਤੇ ਉਹੋ ਖਰਚ ਇਸ ਵਿਚ ਲਿਆਦੇ ਜਾਂਦੇ ਹਨ ਜੋ ਬਹੁਤ ਜ਼ਰੂਰੀ ਹੁੰਦੇ ਹਨ। ਇਸ ਲਈ ਉਨ੍ਹਾਂ ਨੇ ਇਹ ਗਲ ਐਵੇਂ ਹੀ ਕਹਿ ਦਿਤੀ ਹੈ। ਉਨ੍ਹਾਂ ਨੇ ਇਰੀਗੇਸ਼ਨ ਦੇ ਖਰਚ ਦਾ ਵੀ ਚਰਚਾ ਕੀਤਾ ਅਤੇ ਕਿਹਾ ਕਿ ਡਰੇਨੇਜ ਵਗੈਰਾ ਦਾ ਸਿਸਟਮ ਬੜਾ ਡਿਫੈਕਟਿਵ ਹੈ। ਮੈਂ ਇਕ ਚੀਜ਼ ਸਾਫ ਤੌਰ ਤੇ ਮੰਨਣ ਨੂੰ ਤਿਆਰ ਹਾਂ ਕਿ ਮੈਂ ਪੂਰੀ ਤਰ੍ਹਾਂ ਕੋਸ਼ਸ਼ ਕੀਤੀ ਹੈ ਕਿ ਕਿਸੇ ਤਰ੍ਹਾਂ ਇਰੀਗੇਸ਼ਨ ਡਿਪਾਰਟਮੈਂਟ ਨੂੰ ਫਿਨਾਂਸ਼ਲ ਕੰਟਰੋਲ ਹੇਠ ਲਿਆਂਦਾ ਜਾਵੇ। ਪਰ ਮੈਨੂੰ ਇਹ ਮਨਨ ਵਿਚ ਵੀ ਇਨਕਾਰ ਨਹੀਂ ਕਿ ਬਾਵਜੂਦ ਮੇਰੀਆਂ ਕੋਸ਼ਸ਼ਾਂ ਦੇ ਉਹ ਅਜੇ ਤਕ ਕੰਟਰੋਲ ਹੇਠ ਆਇਆ ਨਹੀਂ ਹੈ।

ਡਿਪਟੀ ਸਪੀਕਰ ਸਾਹਿਬਾ, ਫਿਨਾਂਸ ਡਿਪਾਰਟਮੈਂਟ ਨੇ ਇਰੀਗੇਸ਼ਨ ਡਿਪਾਰਟਮੈਂਟ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕੀਤੀ ਲੇਕਿਨ ਇਤਫਾਕ ਦੀ ਗਲ ਹੈ ਕਿ ਅਸੀਂ ਇਸ ਡਿਪਾਰਟਮੈਂਟ ਉਤੇ ਪੂਰੀ ਤਰ੍ਹਾਂ ਕੰਟਰੋਲ ਨਹੀਂ ਕਰ ਸਕੇ। ਇਸ ਦਾ ਕਾਰਣ ਇਹ ਹੈ ਕਿ ਇਰੀਗੇਸ਼ਨ ਡਿਪਾਰਟਮੈਂਟ ਨੇ 3, 4 ਸਾਲਾਂ ਤੋਂ ਸਕੀਮਾਂ ਸ਼ੁਰੂ ਕੀਤੀਆਂ ਹੋਈਆਂ ਹਨ ਜਿਹੜੀਆਂ ਅਜੇ ਭੀ ਅਧੂਰੀਆਂ ਹਨ। ਇਹ ਸਕੀਮਾਂ ਕਿਸੇ ਕਾਰਣ ਰੁਕੀਆਂ ਰਹੀਆਂ। ਮੈਂ ਡਰੇਨੇਜ ਦੇ ਮਸਲੇ ਨੂੰ ਹੀ ਟੇਕ ਆਪ ਕਰ ਲੈਂਦਾ ਹਾਂ। ਇਹ ਡਿਪਾਰਟਮੈਂਟ ਇਸਦੇ ਬਾਰੇ ਕੀ ਕਰਦਾ ਹੈ। ਇਹ ਡਿਪਾਰਟਮੈਂਟ ਇਸ ਕੰਮ ਨੂੰ ਸਿਸਟੇਮੈਟਿਕ ਢੰਗ ਦੇ ਨਾਲ ਸ਼ੁਰੂ ਨਹੀਂ ਕਰਦਾ। ਅਗਰ ਕੋਈ ਡਰੇਨ 6 ਮੀਲ ਦੀ ਬਣਨੀ ਹੋਵੇ ਤਾਂ ਇਸ ਡਿਪਾਰਟਮੈਂਟ ਨੇ 2 ਮੀਲ ਇਕ ਜਗ੍ਹਾ ਬਣਾਉਣੀ ਸ਼ੁਰੂ ਕੀਤੀ ਅਤੇ ਇਸ ਦੇ ਦੋ ਮੀਲ ਬਾਅਦ ਫਿਰ ਕੰਮ ਸ਼ੁਰੂ ਕਰ ਦਿਤਾ। ਇਸ ਤਰ੍ਹਾਂ ਇਹ ਡਰੇਨਾਂ ਇਨਕੰਪਲੀਟ 3, 4 ਸਾਲਾਂ ਤੋਂ ਪਈਆਂ ਹਨ। ਅਸੀਂ ਸੋਚਦੇ ਹਾਂ ਕਿ ਜਿਹੜੇ ਕੰਮ ਅਧੂਰੇ ਪਏ ਹਨ ਉਹ ਕਿਸੇ ਨਾ ਕਿਸੇ ਤਰ੍ਹਾਂ ਪੂਰੇ ਕੀਤੇ ਜਾਣ। ਕਈ ਵੇਰ ਕੌੜਾ ਘੁਟ ਕਰਕੇ ਪਾਣੀ ਪੀਣਾ ਪੈਂਦਾ ਹੈ। ਇਸ ਲਈ ਇਨ੍ਹਾਂ ਕੰਮਾਂ ਨੂੰ ਪੂਰਾ ਕਰਨ ਲਈ ਰੁਪਿਆ ਪ੍ਰੋਵਾਈਡ ਕਰਨਾ ਪੈਂਦਾ ਹੈ। ਅਸੀਂ ਸੋਚਦੇ ਹਾਂ ਕਿ ਜਿਹੜੇ ਕਰੋੜਾਂ ਰੁਪਏ ਸਰਕਾਰ ਖਰਚ ਕਰ ਚੁਕੀ ਹੈ ਉਨ੍ਹਾਂ ਦਾ ਪ੍ਰਾਪਰਲੀ ਇਸਤੇਮਾਲ ਹੋ ਸਕੇ। ਇਸ ਲਈ ਇਨ੍ਹਾਂ

[ਵਿਤ ਮੰਤਰੀ]

ਕਮਾਂ ਲਈ ਰੁਪਿਆ ਇਸ ਸਪਲੀਮੈਂਟਰੀ ਐਸਟੀਮੇਟਸ ਵਿਚ ਮੰਗਿਆ ਹੈ। ਮੈਂ ਮਾਨਯੋਗ ਮੈਂਬਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਗਰ ਸਰਕਾਰ ਇਨ੍ਹਾਂ ਕੰਮਾਂ ਨੂੰ ਪੂਰਾ ਕਰਨ ਲਈ ਰੁਪਿਆ ਮੰਗਦੀ ਹੈ ਤਾਂ ਮਾਨਯੋਗ ਮੈਂਬਰਾਂ ਨੂੰ ਬਹੁਤ ਖਿਆਲ ਨਹੀਂ ਕਰਨਾ ਚਾਹੀਦਾ ਹੈ। ਇਸ ਸਾਲ ਫਲਡਜ਼ ਤੋਂ ਬਚ ਗਏ ਹਾਂ, ਇਹ ਸਾਡੀ ਖੁਸ਼ਕਿਸਮਤੀ ਹੈ। ਇਹ ਠੀਕ ਹੈ ਕਿ ਅਸੀਂ ਡਰਾਟ ਦੇ ਚੁੰਗੱਲ ਵਿਚ ਫਸ ਗਏ ਹਾਂ।

ਡਿਪਟੀ ਸਪੀਕਰ ਸਾਹਿਬਾ, ਅਗਰ ਸਰਕਾਰ ਮਾਈਨਰ ਇਰੀਗੇਸ਼ਨ ਲਈ ਜ਼ਿਆਦਾ ਖਰਚ ਕਰਦੀ ਹੈ ਤਾਂ ਵੀ ਮੈਂਬਰਾਂ ਨੂੰ ਜ਼ਿਆਦਾ ਕ੍ਰਿਟੀਸਾਈਜ਼ ਨਹੀਂ ਕਰਨਾ ਚਾਹੀਦਾ ਹੈ। ਮਾਨਯੋਗ ਮੈਂਬਰਾਂ ਨੂੰ ਪਤਾ ਹੈ ਕਿ ਇਸ ਸਾਲ ਵਰਖਾ ਨਾ ਹੋਣ ਦੇ ਕਾਰਣ ਕੈਨਾਲਜ਼ ਵਿਚ ਪਾਣੀ ਘਟ ਹੋ ਗਿਆ ਹੈ। ਅਸੀਂ ਤਾਂ ਇਸ ਚੀਜ਼ ਨੂੰ ਸੈਕੰਡ ਡਿਫੈਂਸ ਲਾਈਨ ਬਣਾਉਣਾ ਚਾਹੁੰਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਜ਼ਿਆਦਾ ਤੋਂ ਜ਼ਿਆਦਾ ਟਿਊਬਵੈਲਜ਼ ਲਾਏ ਜਾਣ। ਉਨ੍ਹਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਐਨਰਜਾਈਜ਼ ਕੀਤਾ ਜਾਵੇ ਅਤੇ ਜ਼ਿਆਦਾ ਤੋਂ ਜ਼ਿਆਦਾ ਡਿਸਟਰੀਬਿਊਟਰੀਜ਼ ਤੋਂ ਕਿਸਾਨਾਂ ਨੂੰ ਪਾਣੀ ਦਿਤਾ ਜਾਵੇ ਤਾਕਿ ਖੇਤੀ ਦੀ ਉਪਜ ਵਿਚ ਇਜ਼ਾਫਾ ਹੋ ਸਕੇ। ਸਰਦਾਰ ਲਛਮਣ ਸਿੰਘ ਨੇ ਰੁਪਏ ਦੀ ਪ੍ਰਾਪਰ ਯੂਟੇਲਾਈਜੇਸ਼ਨ ਦੇ ਬਾਰੇ ਜਿਹੜੀਆਂ ਸਜੈਸ਼ਨਜ਼ ਦਿਤੀਆਂ ਹਨ, ਮੈਂ ਉਨ੍ਹਾਂ ਦੇ ਨਾਲ ਇਤੇਫਾਕ ਰਖਦਾ ਹਾਂ। ਇਨ੍ਹਾਂ ਮੰਗਾਂ ਵਿਚ ਬਹੁਤ ਜ਼ਿਆਦਾ ਰੁਪਿਆ ਮਾਈਨਰ ਇਰੀਗੇਸ਼ਨ ਦੇ ਬਾਰੇ ਹੈ। ਸਰਕਾਰ ਦਾ ਫਰਜ਼ ਹੈ ਕਿ ਕਿਸਾਨਾਂ ਦੀਆਂ ਤਕਲੀਫਾਂ ਵਲ ਧਿਆਨ ਦੇਵੇ। ਅਸੀਂ ਇਸ ਫਰਜ਼ ਤੋਂ ਅਣਗਹਿਲੀ ਨਹੀਂ ਕਰ ਰਹੇ ਹਾਂ। (ਵਿਘਨ)

ਡਿਪਟੀ ਸਪੀਕਰ ਸਾਹਿਬਾ, ਅਗਰ ਕਿਸੇ ਦੇ ਬਰਖਲਾਫ ਸ਼ਿਕਾਇਤ ਆਉਂਦੀ ਹੈ ਤਾਂ ਉਸ ਤੇ ਜ਼ਰੂਰ ਐਕਸ਼ਨ ਹੁੰਦਾ ਹੈ ਜਿਵੇਂ ਕਿ ਮੇਰੇ ਸਾਥੀ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਠੇਕੇਦਾਰ ਦੇ ਬਰਖਲਾਫ ਜਿਹੜੇ ਇਲਜ਼ਾਮ ਦਸੇ ਗਏ ਹਨ, ਉਸ ਦੀ ਇਨਕੁਆਰੀ ਹੋਣ ਤੋਂ ਬਾਅਦ ਅਗਰ ਉਸ ਦੇ ਬਰਖਲਾਫ ਕਾਰਵਾਈ ਕਰਨ ਦੀ ਲੋੜ ਹੋਈ ਤਾਂ ਜ਼ਰੂਰ ਕੀਤੀ ਜਾਵੇਗੀ। (ਵਿਘਨ) ਅਗਰ ਮਾਨਯੋਗ ਮੈਂਬਰਾਂ ਨੂੰ ਇਨਕੁਆਇਰੀ ਬਾਅਦ ਭੀ ਕੋਈ ਨੁਕਸ ਦਿਖਾਈ ਦੇਵੇ ਤਾਂ ਆਨਰੇਬਲ ਮੈਂਬਰ ਬਹੁਤ ਖੁਸ਼ੀ ਦੇ ਨਾਲ ਸਾਨੂੰ ਦਸ ਸਕਦੇ ਹਨ।

ਡਿਪਟੀ ਸਪੀਕਰ ਸਾਹਿਬਾ, ਮੇਰੇ ਤੋਂ ਪਹਿਲਾਂ ਜਿਹੜੇ ਆਨਰੇਬਲ ਮੈਂਬਰ ਬੋਲੇ ਹਨ ਉਨ੍ਹਾਂ ਨੇ ਕਿਹਾ ਕਿ ਡੀ. ਆਈ. ਆਰ. ਸਿਰਫ ਛੋਟੇ ਛੋਟੇ ਆਦਮੀਆਂ ਲਈ ਲਾਗੂ ਹੁੰਦਾ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਗਰ ਵੱਡੇ ਆਦਮੀ ਜਾ ਵੱਡੀ ਕੰਸਰਨਜ਼ ਉਲਟੇ ਕੰਮ ਨਾ ਕਰਨ ਤਾਂ ਅਸੀਂ ਉਨ੍ਹਾਂ ਨੂੰ ਕਿਵੇਂ ਫੜ ਲਈਏ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਥੇ ਡੀ. ਆਈ. ਆਰ. ਦੇ ਤਹਿਤ ਐਕਸ਼ਨ ਲੈਣ ਦੀ ਲੋੜ ਪਈ ਉਥੇ ਐਕਸ਼ਨ ਲਿਆ ਗਿਆ। (ਵਿਘਨ) (ਸ਼ੋਰ)

ਡਿਪਟੀ ਸਪੀਕਰ ਸਾਹਿਬਾ, ਜਿਨ੍ਹਾਂ ਮਾਨਯੋਗ ਮੈਂਬਰਾਂ ਨੇ ਸਰਕਾਰ ਦਾ ਧਿਆਨ ਫਰਟੇਲਾਈਜ਼ਰ ਦੇ ਬਾਰੇ, ਸਟੇਟ ਟਰੇਡਿੰਗ ਦੇ ਬਾਰੇ ਅਤੇ ਸ਼ੂਗਰ-ਕੇਨ ਦੇ ਭਾਉਂ ਦੇ ਬਾਰੇ ਦਿਵਾਇਆ ਹੈ, ਮੈਂ ਉਨ੍ਹਾਂ ਦਾ ਸ਼ੁਕਰ-ਗੁਜ਼ਾਰ ਹਾਂ। ਮੈਂ ਸਮਝਦਾ ਹਾਂ ਕਿ ਜਿੰਨੇ ਅਰਸੇ ਤਕ ਕਿਸਾਨਾਂ ਦੀਆਂ ਤਕਲੀਫਾਂ ਦੂਰ ਨਾ ਕੀਤੀਆਂ ਗਈਆਂ ਜਾਂ ਉਨ੍ਹਾਂ ਦੀ ਮਦਦ ਨਾ ਕੀਤੀ ਗਈ ਤਦ ਤਕ ਖੇਤੀ ਦੀ ਉਪਜ ਨਹੀਂ ਵਧ ਸਕਦੀ। ਉਨ੍ਹਾਂ ਲਈ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਵਕਤ ਉਤੇ ਖਾਦ ਮਿਲੇ, ਚੰਗੀ ਕਿਸਮ ਦਾ ਬੀਜ ਮਿਲੇ ਅਤੇ ਉਸ ਨੂੰ ਪਾਣੀ ਭੀ ਖੇਤੀ ਲਈ ਮਿਲੇ। ਇਸ ਦੇ ਇਲਾਵਾ ਉਸ ਨੂੰ ਉਸ ਦੀ ਪੈਦਾਵਾਰ ਦੀ ਮੁਨਾਸਿਬ ਕੀਮਤ ਮਿਲੇ। ਮੈਂ ਜਾਣਦਾ ਹਾਂ ਕਿ ਕਿਸਾਨਾਂ ਨੂੰ ਸ਼ੂਗਰਕੇਨ ਦੀ ਕਿੰਨੀ ਕੀਮਤ ਮਿਲਣੀ ਚਾਹੀਦੀ ਹੈ, ਜਿਹੜੀ ਸਰਕਾਰ ਨੇ ਕੀਮਤ ਮੁਕੱਰਰ ਕੀਤੀ ਸੀ, ਉਹ ਕਿਸਾਨ ਨੂੰ ਨਹੀਂ ਮਿਲ ਰਹੀ. ਜਿਹੜੀ ਕੀਮਤ ਸਰਕਾਰ ਨੇ ਫਿਕਸ ਕੀਤੀ ਸੀ ਉਹ ਕੀਮਤ ਬਰਕਰਾਰ ਨਹੀਂ ਰਹੀ। ਇਸ ਦਾ ਸਭ ਤੋਂ ਮੇਨ ਰੀਜ਼ਨ ਇਹ ਹੈ ਕਿ ਪਹਿਲਾਂ ਗੁੜ ਯੂ. ਪੀ. ਤੋਂ ਪੰਜਾਬ ਦੇ ਅੰਦਰ ਨਹੀਂ ਆਉਂਦਾ ਸੀ ਲੇਕਿਨ ਇਸ ਸਾਲ ਉਥੋਂ ਵੀ ਗੁੜ ਆਇਆ।

ਇਸ ਸਾਲ ਯੂ. ਪੀ. ਵਿਚੋਂ ਗੁੜ ਆਉਣ ਕਰਕੇ ਗੁੜ ਦੀ ਕੀਮਤ ਘਟ ਹੋ ਗਈ ਹੈ। ਠੀਕ ਹੈ ਜ਼ਿਮੀਂਦਾਰਾਂ ਨੂੰ ਮੁਸ਼ਕਿਲ ਪੇਸ਼ ਆ ਰਹੀ ਹੈ। ਜੇਕਰ ਗੁੜ ਬਣਾਉਣ ਤਾਂ ਉਸ ਦੀ ਉਨ੍ਹਾਂ ਨੂੰ ਕੀਮਤ ਘਟ ਮਿਲਦੀ ਹੈ ਅਤੇ ਜੇਕਰ ਨਾ ਬਣਾਉਣ ਅਤੇ ਆਪਣਾ ਗੰਨਾਂ ਕੰਟ੍ਰੋਲ ਰੇਟ ਤੇ ਸ਼ੂਗਰ ਮਿਲਾਂ ਵਿਚ ਲੈ ਜਾਣ ਤਾਂ ਸ਼ੂਗਰ ਮਿਲਾਂ ਦੀ ਐਨੀ ਕਪੈਸਿਟੀ ਨਹੀਂ ਹੈ ਕਿ ਜਿੰਨਾਂ ਗੰਨਾਂ ਉਨ੍ਹਾਂ ਨੂੰ ਮਿਲਦਾ ਹੈ ਉਨ੍ਹਾਂ ਉਹ ਪੀੜ ਸਕਣ। ਗੌਰਮਿੰਟ ਦਾ ਇਸ ਪਾਸੇ ਪੂਰਾ ਧਿਆਨ ਹੈ। ਗੰਨੇ ਦੀਆਂ ਕੀਮਤਾਂ ਘਟ ਹੋਣ ਕਰਕੇ ਅਤੇ ਮਿਲਾਂ ਦੇ ਪੂਰਾ ਗੰਨਾ ਨਾ ਲੈਣ ਕਰਕੇ ਜਿਹੜੀ ਤਕਲੀਫ ਕਿਸਾਨਾਂ ਨੂੰ ਹੈ ਉਸ ਪਾਸੇ ਵਲ ਸਰਕਾਰ ਦੀ ਪੂਰੀ ਤਵਜੋ ਹੈ। ਇਸੇ ਖਿਆਲ ਨਾਲ ਫੈਸਲਾ ਕੀਤਾ ਗਿਆ ਹੈ ਕਿ ਨਵੇਂ ਸ਼ਹਿਰ ਵਾਲੀ ਸ਼ੂਗਰ ਮਿਲ ਜਲਦੀ ਚਾਲੂ ਕੀਤੀ ਜਾਵੇ ਅਤੇ ਨਾਲ ਹੀ ਗੁੜ ਦੇ ਭਾਅ ਵਲ ਵੀ ਧਿਆਨ ਦਿਤਾ ਜਾਵੇ।

ਸਟੇਟ ਟ੍ਰੇਡਿੰਗ ਦੀ ਬਾਬਤ ਹਾਊਸ ਵਿਚ ਗੱਲ ਕੀਤੀ ਗਈ ਹੈ। ਕਿਹਾ ਗਿਆ ਹੈ ਕਿ ਟ੍ਰੇਡਰਜ਼ ਅਤੇ ਗਰੋਅਰਜ਼ ਦੋਵੇਂ ਚਾਹੁੰਦੇ ਹਨ ਕਿ ਸਟੇਟ ਟ੍ਰੇਡਿੰਗ ਹੋਣੀ ਚਾਹੀਦੀ ਹੈ। ਟ੍ਰੇਡਰਜ਼ ਅਤੇ ਗ੍ਰੋਅਰਜ਼ ਦੋਹੇ, ਮੁਤਫਿਕ ਹਨ ਕਿ ਜ਼ੋਨਲ ਸਿਸਟਮ ਦੇ ਕਾਰਣ ਹੀ ਅਜ ਅਨਾਜ ਦੇ ਭਾਅ ਗਿਰੇ ਹੋਏ ਹਨ। ਇਸ ਲਈ ਟ੍ਰੇਡਰ ਵੀ ਚਾਹੁੰਦਾ ਹੈ ਕਿ ਜ਼ੋਨਲ ਸਿਸਟਮ ਟੁਟ ਜਾਵੇ। ਦੂਸਰੀ ਤਰਫ ਜ਼ਿਮੀਂਦਾਰ ਕੁਦਰਤੀ ਤੌਰ ਤੇ ਚਾਹੁੰਦਾ ਹੈ ਕਿ ਫਰੀ ਟ੍ਰੇਡ ਹੋ ਜਾਵੇ ਅਤੇ ਉਹਦੀਆਂ ਜਿਨਸਾਂ ਦਾ ਭਾਅ ਵਧ ਜਾਵੇ। ਇਸ ਸਬੰਧ ਵਿਚ ਮੇਰੀ ਅਰਜ਼ ਇਹ ਹੈ ਕਿ ਜੇਕਰ ਦੋਹਾਂ ਦੀ ਗਲ ਮੰਨ ਕੇ ਜ਼ੋਨਲ ਸਿਸਟਮ ਨੂੰ ਤੋੜ ਦਿਤਾ ਜਾਵੇ ਤਾਂ ਫਿਰ ਵੀ ਕਿਸਾਨ ਦੀ ਮਦਦ ਨਹੀਂ ਹੋਵੇਗੀ, ਉਸ ਦਾ ਫਾਇਦਾ ਵੀ ਮਿਡਲ ਮੈਨ ਲੈ ਜਾਵੇਗਾ। ਕਿਉਂਕਿ ਜਾਂ ਤਾਂ ਸਟੇਟ ਟ੍ਰੇਡਿੰਗ ਵੀ ਨਾਲ ਹੀ ਹੋਵੇ। ਅਤੇ ਸਾਰੀ ਜਿਨਸ ਨੂੰ ਸਰਕਾਰ ਖਰੀਦ ਲਵੇ ਪਰ ਇੰਨੀ ਤਾਕਤ ਸਰਕਾਰ ਕੋਲ ਨਹੀਂ ਹੈ। ਇਹ ਮੁਮਕਿਨ ਨਹੀਂ ਹੈ। ਜੇਕਰ ਜ਼ੋਨਲ ਸਿਸਟਮ ਤੋੜ ਦਿਤਾ ਜਾਵੇ ਅਤੇ ਟ੍ਰੇਡਰਜ਼ ਨੂੰ ਖਰੀਦਣ ਦੀ ਇਜਾਜ਼ਤ ਹੋਵੇ ਤਾਂ ਮਿਡਲ ਮੈਨ ਜ਼ਿਆਦਾ ਫਾਇਦਾ ਲੈ ਜਾਵੇਗਾ ਕਿਉਂਜੋ ਖਰੀਦਦਾਰ ਅਕੇਲਾ ਉਹੋ ਹੋਵੇਗਾ। ਜਦੋਂ ਹੋਰ ਕੋਈ ਖਰੀਦਣ ਵਾਲਾ ਨਹੀਂ ਹੋਵੇਗਾ ਗ੍ਰੋਅਰ ਨੂੰ ਪੈਸਾ ਚਾਹੀਦਾ ਹੋਵੇਗਾ ਤਾਂ ਉਸ ਨੂੰ ਸਸਤਾ ਮਾਲ ਦੇਣਾ ਪਵੇਗਾ। ਹੋਰ ਕੋਈ ਖਰੀਦਣ ਲਈ ਅਗੇ ਨਹੀਂ ਆਵੇਗਾ ਤਾਂ ਮਿਡਲ ਮੈਨ ਜ਼ਿਆਦਾ ਫਾਇਦਾ ਲੈ ਜਾਵੇਗਾ......

**ਆਵਾਜ਼ਾਂ** : ਅਸੀਂ ਇਲਾਜ ਚਾਹੁੰਦੇ ਹਾਂ, ਗੱਲਾਂ ਨਹੀਂ।

**ਵਿੱਤ ਮੰਤਰੀ** : ਗਲਾਂ ਵਿਚ ਵੀ ਦਲੀਲ ਹੁੰਦੀ ਹੈ। ਮੈਂ ਅਰਜ਼ ਕਰਦਾ ਹਾਂ ਕਿ ਦੋਹਾਂ ਚੀਜ਼ਾਂ ਨੂੰ **ਬੈਲੈਂਸਡ ਰਖਣ ਦੀ** ਖਾਤਰ ਅਨਾਜ ਦੀਆਂ ਕੀਮਤਾਂ ਮੁਕੱਰਰ ਕਰ ਦਿਤੀਆਂ ਗਈਆਂ ਹਨ ਕਿ ਉਸ ਤੋਂ ਘਟ ਮੁਲ ਤੇ ਨਾ ਵੇਚਿਆ ਜਾਵੇ.......

**ਆਵਾਜ਼** : ਇਹ ਝੂਨਿਆਂ ਦੀ ਵਕਾਲਤ ਕਰਦੇ ਹਨ।

**ਵਿੱਤ ਮੰਤਰੀ** : ਮੇਰੀ ਤਵੱਜੋ ਇਕ ਹੋਰ ਮਾਮਲੇ ਵਲ ਦਿਵਾਈ ਗਈ ਹੈ। ਜਿਥੋਂ ਤਕ ਧਾਨ ਅਤੇ ਪੈਡੀ ਦਾ ਤਅਲੁੱਕ ਹੈ......

**ਇਕ ਅਵਾਜ਼** : ਮਕੱਈ ਦੀ ਗਲ ਕਰੋ।

**ਵਿੱਤ ਮੰਤਰੀ** : ਮੈਨੂੰ ਮਕੱਈ ਦਾ ਵੀ ਪਤਾ ਹੈ। ਧਾਨ ਦਾ ਵੀ ਪਤਾ ਹੈ (*Interruptions*) ਮੇਰੀ ਅਰਜ਼ ਹੈ ਕਿ ਜਿੰਨੇ ਜ਼ਿਆਦਾ ਸ਼ੈਲਰਜ਼ ਕੋਆਪ੍ਰੇਟਿਵ ਬੇਸਿਜ਼ ਤੇ ਲਗਾਏ ਜਾਣ ਉਨ੍ਹਾਂ ਹੀ ਜ਼ਿਮੀਂਦਾਰਾਂ ਨੂੰ ਪੈਡੀ ਦੀਆਂ ਕੀਮਤਾਂ ਵਿਚ ਫਾਇਦਾ ਰਹੇਗਾ। ਗੌਰਮਿੰਟ ਨੇ ਇਹ ਫੈਸਲਾ ਕੀਤਾ ਹੈ ਕਿ ਇਸ ਸਾਲ ਦੇ ਅੰਦਰ ਜਾਂ ਅਗਲੇ ਸਾਲ ਦੇ ਅੰਦਰ ਸ਼ੈਲਰਜ਼ ਕੋਆਪ੍ਰੇਟਿਵ ਬੇਸਿਜ਼ ਤੇ ਲਗਾਏ ਜਾਣ ਤਾਂ ਜੋ ਪੈਡੀ ਦੀਆਂ ਕੀਮਤਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਨਾਲ ਉਚਾ ਰਖਿਆ ਜਾਵੇ। ਕੋਈ ਨਾਜਾਇਜ਼ ਫਾਇਦਾ ਨਾ ਲੈ ਜਾਵੇ।

(ਸਰਦਾਰ ਹਰਚੰਦ ਸਿੰਘ ਵਲੋਂ ਵਿਘਨ)।

**ਡਿਪਟੀ ਸਪੀਕਰ** : ਸਰਦਾਰ ਹਰਚੰਦ ਸਿੰਘ ਜੀ ਤੁਹਾਨੂੰ ਇਜਾਜ਼ਤ ਲੈ ਕੇ ਖੜ੍ਹੇ ਹੋਣਾ ਚਾਹੀਦਾ ਹੈ ਤੁਸੀਂ ਆਪਣੇ ਆਪ ਹੀ ਖੜੇ ਹੋ ਜਾਂਦੇ ਹੋ। (The hon. Member Sardar Harchand Singh should first obtain the premission and then stand. He rises of his own accord.)

**ਸਰਦਾਰ ਹਰਚੰਦ ਸਿੰਘ** : ਡਿਪਟੀ ਸਪੀਕਰ ਸਾਹਿਬਾ, ਬੰਦੇ ਭੁਖੇ ਮਰ ਰਹੇ ਹਨ । ਇਹ ਗਲਤ ਬਿਆਨੀ ਕਰ ਰਹੇ ਹਨ। **ਵਿਘਨ** (ਸ਼ੋਰ)

**ਵਿੱਤ ਮੰਤਰੀ** : ਮੈਂ ਆਨਰੇਬਲ ਮੈਂਬਰ ਦੀ ਗਿਆਤ ਲਈ ਇਹ ਅਰਜ਼ ਕਰਦਾ ਹਾਂ ਕਿ ਮੈਂ ਇਹ ਗਲ ਸੋਚ ਲਈ ਹੈ । ਕਾਨੂੰਨ ਵਾਲੇ ਕਹਿੰਦੇ ਹਨ ਕਿ ਇਹ ਲੀਗਲ ਨਹੀਂ ਹੈ । ਮੈਂ ਕਹਿੰਦਾ ਹਾਂ ਕਿ Legal or illegal let me try it ਮੈਂ ਚਾਹੰਦਾ ਹਾਂ ਕਿ ਪੈਡੀ ਤੇ ਜਿਹੜਾ ਸੇਲਜ਼ ਟੈਕਸ ਲਗਦਾ ਹੈ ਉਹ rice ਤੇ ਲਗਣਾ ਚਾਹੀਦਾ ਹੈ........

**ਇਕ ਅਵਾਜ਼** : ਇਸ ਨਾਲ ਕੀ ਫਰਕ ਪੈ ਜਾਵੇਗਾ ?

**ਵਿੱਤ ਮੰਤਰੀ** : ਇਹ ਫਰਕ ਮੈਂ ਫਿਰ ਦਸਾਂਗਾ । ਇਸ ਗਲ ਨੂੰ ਦਸਣ ਤੇ ਘੰਟਾ ਲਗਦਾ ਹੈ । ਤੁਸੀਂ ਆਪਣੇ ਮਨ ਵਿਚ ਸੋਚੋ ਕਿ ਕਿਸ ਤਰ੍ਹਾਂ ਫਰਕ ਪੈਂਦਾ ਹੈ । ਗੌਰਮਿਟ ਹਰ ਇਕ ਮਸਲੇ ਵਲ ਧਿਆਨ ਦੇ ਰਹੀ ਹੈ । ਜਿਥੋਂ ਤਕ ਕਿਸਾਨ ਦਾ ਮਸਲਾ ਹੈ, ਗੌਰਮਿੰਟ ਨੂੰ ਫਿਕਰ ਰਹਿੰਦਾ ਹੈ। ਗੌਰਮਿੰਟ ਨੂੰ ਇਸ ਗਲ ਦਾ ਪੂਰਾ ਖਿਆਲ ਹੈ ਕਿ ਮਿਡਲਮੈਨ ਜਾਂ ਹੋਰ ਕੋਈ ਕਿਸਾਨ ਨੂੰ ਐਕਸ-ਪਲਾਇਟ ਨਾ ਕਰ ਸਕੇ ।

**ਸਰਦਾਰ ਮੱਖਣ ਸਿੰਘ** : ਗੁੜ ਦਾ ਜਿਹੜਾ ਭਾਅ ਅਜ ਘਟ ਹੈ ਉਸ ਦਾ ਕੀ ਕੀਤਾ ਹੈ ?

**ਵਿੱਤ ਮੰਤਰੀ** : ਤੁਸੀਂ ਵੀ ਕੁਝ ਨਾ ਕੁਝ ਹਿੰਮਤ ਕਰੋ । ਦੂਸਰਿਆਂ ਦੇ ਸਿਰ ਤੇ ਨਹੀਂ ਰਹਿਣਾ ਚਾਹੀਦਾ । ਹਰ ਇਕ ਗ੍ਰੋਅਰ ਨੂੰ ਇਸ ਗਲ ਦਾ ਖਿਆਲ ਹੋਣਾ ਚਾਹੀਦਾ ਹੈ ਕਿ ਉਹ ਕਿਸ ਤਰ੍ਹਾਂ ਨਾਲ ਆਪਣੇ ਮਾਲ ਦੀ ਕੀਮਤ ਜ਼ਿਆਦਾ ਤੋਂ ਜ਼ਿਆਦਾ ਲੈ ਸਕਦਾ ਹੈ........

**ਸਰਦਾਰ ਗੁਰਚਰਨ ਸਿੰਘ** : ਗੁੜ ਦੀਆਂ ਜਲੇਬੀਆਂ ਬਣਾ ਕੇ ਵੇਚ ਦੇਈਏ ? (ਹਾਸਾ)

**ਵਿੱਤ ਮੰਤਰੀ** : ਕਿਉਂ ਨਹੀਂ ? ਕਦੀ ਕਦੀ ਆਪਣਾ ਕਸੂਰ ਵੀ ਮੰਨ ਲਿਆ ਕਰੋ । ਰੋਹਤਕ ਅਤੇ ਪਾਨੀਪਤ ਦੇ ਬਿਨਾਂ ਸਾਰੀਆਂ ਮਿਲਾਂ ਘਾਟੇ ਵਿਚ ਜਾ ਰਹੀਆਂ ਹਨ। (ਵਿਘਨ) ਇਸ ਵਿਚ ਕੁਝ ਸ਼ੱਕ ਨਹੀਂ ਹੈ ਕਿ ਜਿੰਨੀ ਖਾਦ ਪੰਜਾਬ ਨੂੰ ਚਾਹੀਦੀ ਹੈ ਉਂਨੀ ਸਪਲਾਈ ਨਹੀਂ ਹੁੰਦੀ। ਗੌਰਮਿੰਟ ਨੇ ਆਪਣੀ ਵਲੋਂ ਬੜੀ ਕੋਸ਼ਸ਼ ਕੀਤੀ ਹੈ । ਸਭ ਤੋਂ ਜ਼ਿਆਦਾ ਸੈਂਟ੍ਰਲ ਗੌਰਮਿੰਟ ਤੇ ਜ਼ੋਰ ਪਾਇਆ ਹੈ ਕਿ ਪ੍ਰਾਈਵੇਟ ਸੈਕਟਰ ਜਾਂ ਪਬਲਿਕ ਸੈਕਟਰ ਵਿਚ ਜਿੰਨੇ ਵੀ ਫਰਟੇਲਾਈਜ਼ਰਜ਼ ਪ੍ਰੋਡਕਸ਼ਨ ਦੀਆਂ ਮਿਲਾਂ ਜਾਂ ਯੂਨਿਟਸ ਲਗ ਸਕਦੇ ਹੋਣ ਉਹ ਪੰਜਾਬ ਵਿਚ ਲਗਾਏ ਜਾਣ । ਗੌਰਮਿਟ ਨੇ ਇਸ ਗਲ ਦਾ ਵੀ ਜ਼ੋਰ ਪਾਇਆ ਹੈ ਕਿ 25 ਫੀ ਸਦੀ ਸਬਸਿਡੀ ਨੂੰ ਜ਼ਿਆਦਾ ਕੀਤਾ ਜਾਵੇ । ਮੈਨੂੰ ਪੂਰੀ ਉਮੀਦ ਹੈ ਕਿ ਕਿਸਾਨਾਂ ਨੂੰ ਜ਼ਿਆਦਾ ਸਹੂਲਤਾਂ ਦਿਲਾਉਣ ਵਿਚ ਸਰਕਾਰ ਜ਼ਰੂਰ ਕਾਮਯਾਬ ਹੋਵੇਗੀ।

**ਸਰਦਾਰ ਗੁਰਚਰਨ ਸਿੰਘ** : On a point of information. ਮੈਂ ਜਾਣਨਾ ਚਾਹੁੰਦਾ ਹਾਂ ਕਿ ਪੰਜਾਬ ਦੀ ਐਗ੍ਰੀਕਲਚਰ ਪ੍ਰੋਡਿਊਸ ਵਧਾਉਣ ਦੀਆਂ ਗਲਾਂ ਕੀਤੀਆਂ ਜਾ ਰਹੀਆਂ ਹਨ, ਰਾਜਸਥਾਨ ਵਿਚ ਪੰਜਾਬ ਨਾਲੋਂ ਕਣਕ ਦਾ ਡਿਉਢਾ ਭਾਅ ਹੈ, ਯੂ੦ ਪੀ੦ ਵਿਚ ਦੁਗਣਾ ਅਤੇ ਬੰਬਈ ਵਿਚ ਤਿਗਣਾ ਹੈ ਲੇਕਿਨ ਫਰਟੇਲਾਈਜ਼ਰ ਸਾਨੂੰ ਵੀ ਉਸੇ ਭਾਅ ਦਿਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਵੀ ਉਸੇ ਭਾਅ ਦਿਤੀ ਜਾਂਦੀ ਹੈ, ਜਿਥੇ 40 ਰੁਪਏ ਕੁਇੰਟਲ ਕਣਕ ਹੈ ਉਥੇ ਵੀ ਫਰਟੇ-

ਲਾਈਜ਼ਰ ਦਾ ਉਹੋ ਭਾਅ ਅਤੇ ਜਿਥੇ 100 ਰੁਪਿਆ ਕੁਇੰਟਲ ਹੈ ਉਥੇ ਵੀ ਉਹੋ ਭਾਅ ਇਸ ਦਾ ਕੀ ਕਾਰਣ ਹੈ ?

**ਵਿੱਤ ਮੰਤਰੀ** : ਇਸ ਸਾਲ ਦੇ ਬਜਟ ਵਿਚ ਤਕਰੀਬਨ 7 ਕਰੋੜ ਰੁਪਿਆ ਜ਼ਿਆਦਾ ਹੈ ਜਿਸ ਵਿਚੋਂ 25 ਫੀ ਸਦੀ ਗੌਰਮੈਂਟ ਨੇ ਆਪਣੇ ਕੋਲੋਂ ਦੇਣਾ ਹੈ ਉੱਚੇ ਭਾਅ ਨੂੰ ਨੀਵੇਂ ਲਿਆਉਣ ਵਾਸਤੇ ਔਰ ਕਿਸਾਨਾਂ ਦੀ ਮਦਦ ਕਰਨ ਵਾਸਤੇ।

**ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ** : ਆਨ ਏ ਪੁਆਇੰਟ ਆਫ ਆਰਡਰ, ਮੈਡਮ।

**Deputy Speaker** : Will you please take yourseat

**ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ** : ਅਜ ਮੇਰੇ ਤੇ ਕਾਹਦੀ ਕਰੋਪੀ ਹੈ ਜੀ ?

**Deputy Speaker** Please take your seat. ਉਨ੍ਹਾਂ ਨੂੰ ਅਪਣੀ ਗਲ ਕਹਿ ਲੈਣ ਦਿਉ। (The hon. Member may please take his seat. Let the hon. Minister first have his say.)

**ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ** : ਮੈਂ ਇਸੇ ਸਬੰਧ ਵਿਚ ਉਨ੍ਹਾਂ ਤੋਂ ਇਕ ਗਲ ਪੁਛਣਾ ਚਾਹੁੰਦਾ ਹਾਂ। ਰੇਹ ਬਾਰੇ........

**ਡਿਪਟੀ ਸਪੀਕਰ** : ਪਹਿਲਾਂ ਉਨ੍ਹਾਂ ਨੂੰ ਖਤਮ ਕਰ ਲੈਣ ਦਿਉ। ਫੇਰ ਇਜਾਜ਼ਤ ਦੇ ਦੇਵਾਂਗੀ। (Let the hon. Minister first complete his speech. Then I will permit him to speak.)

**ਵਿਤ ਮੰਤਰੀ** : ਰੇਹ ਦੇ ਬਾਰੇ ਸਾਡੀ ਉਨ੍ਹਾਂ ਦੇ ਨਾਲ ਤੁਹਾਡੇ ਨਾਲੋਂ ਘਟ ਹਮਦਰਦੀ ਨਹੀਂ, ਜ਼ਿਆਦਾ ਹੀ ਹਮਦਰਦੀ ਹੈ ਔਰ ਯਕੀਨ ਦਿਵਾਦਿਆਂ ਕਿ ਇਸ ਬਾਰੇ ਮੈਂ ਪੂਰੀ ਕੋਸ਼ਿਸ਼ ਕਰ ਰਿਹਾ ਹਾਂ। ਹਰ ਮੁਮਕਿਨ ਕੋਸ਼ਿਸ਼ ਕਰ ਰਹੇ ਹਾਂ ਕਿ ਫਰਟੇਲਾਈਜ਼ਰ ਸਾਡੇ ਪੰਜਾਬ ਦੇ ਕਿਸਾਨ ਨੂੰ ਜਿਤਨਾ ਸਸਤੇ ਤੋਂ ਸਸਤਾ ਹੋ ਸਕਦਾ ਹੈ, ਉਸ ਨੂੰ ਦਿਵਾਈਏ (*Interruption*)

**Deputy Speaker**: Order please.

**ਵਿੱਤ ਮੰਤਰੀ** : ਖੇਮਕਰਨ ਦੇ ਬਾਰੇ ਵੀ ਮੇਰੇ ਫਾਜ਼ਲ ਦੋਸਤ ਨੇ ਬਾਤਾਂ ਦਸੀਆਂ ਹਨ। ਉਹ ਸਾਰੀਆਂ ਨੋਟ ਕਰ ਲਈਆਂ ਹਨ। ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬਾ, ਕਿ ਕਿਉਂਕਿ ਉਨ੍ਹਾਂ ਵਿਚ ਬਹੁਤ ਸਾਰਾ ਸੈਂਟਰਲ ਗੌਰਮੈਂਟ ਦਾ ਹੱਥ ਹੈ; ਇਸ ਲਈ ਸਾਨੂੰ ਸੈਂਟਰਲ ਗੌਰਮੈਂਟ ਨੂੰ ਲਿਖਣਾ ਪਵੇਗਾ ਕਿ ਸਾਡੇ ਉਸ ਏਰੀਏ ਵਿਚ, ਜਿਹੜਾ ਪਾਕਿਸਤਾਨ ਦੇ ਕਬਜ਼ੇ ਵਿਚ ਰਿਹਾ ਹੈ, ਉਨ੍ਹਾਂ ਨੇ ਅਜਿਹੀ ਹਾਲਤ ਕੀਤੀ ਹੈ। ਇਸ ਲਈ ਸਾਡੇ ਵਲੋਂ ਪੂਰੀ ਡਿਮਾਂਡ ਹੋਵੇਗੀ ਕੀ ਉਨ੍ਹਾਂ ਨੂੰ ਜਿਤਨੀ ਜ਼ਿਆਦਾ ਤੋਂ ਜ਼ਿਆਦਾ ਮਦਦ ਹੋ ਸਕਦੀ ਹੈ, ਉਹ ਦਿੱਤੀ ਜਾਵੇ।

ਬਾਕੀ ਜ਼ਿਆਦਾ ਜ਼ਿਕਰ ਇਥੇ ਡਿਗਰੀਆਂ ਦਾ ਕੀਤਾ ਗਿਆ ਹੈ ਕਿ ਬਹੁਤ ਸਾਰੀਆਂ ਡਿਗਰੀਆਂ ਸਰਕਾਰ ਦੇ ਖਿਲਾਫ ਹੋਈਆਂ। ਇਸ ਵਿਚ ਦੋ ਤਰ੍ਹਾਂ ਦੀਆਂ ਡਿਗਰੀਆਂ ਹਨ। ਇਕ ਤਾਂ ਉਹ ਜਿਹੜੀਆਂ ਗੌਰਮੈਂਟ ਦੇ ਮੁਲਾਜ਼ਮਾਂ ਦੀਆਂ ਹਨ। ਗਲ ਇਹ ਹੈ ਕਿ ਜਿੱਥੇ ਕਰੋੜਾਂ ਰੁਪਏ ਦੀ ਗਲ ਹੁੰਦੀ ਹੈ, ਇਤਨਾ ਜ਼ਿਆਦਾ ਖਰਚਾ ਹੁੰਦਾ ਹੈ, ਉਥੇ ਕਿਤੇ ਨਾ ਕਿਤੇ ਕੋਈ ਗ਼ਲਤੀ ਹੋ ਹੀ ਜਾਂਦੀ ਹੈ ਕੋਈ ਨਾ ਕੋਈ irregularity ਹੋ ਜਾਂਦੀ ਹੈ ਜਿਸ ਕਰਕੇ ਗੌਰਮੈਂਟ ਨੂੰ, ਜਦ ਉਹ ਅਦਾਲਤ ਵਿਚ ਜਾਂਦਾ ਹੈ, ਉਸ ਦਾ ਖਮਿਆਜ਼ਾ ਭੁਗਤਣਾ ਪੈਂਦਾ ਹੈ। ਜਿਥੋਂ ਤਕ ਇਨ੍ਹਾਂ ਸਾਰੀਆਂ ਡਿਗਰੀਆਂ ਦਾ ਤਅੱਲੁਕ ਹੈ, ਜਿਹੜੇ ਐਂਪਲਾਈਜ਼ ਨੇ ਮੁਕਦਮੇ ਕੀਤੇ ਗੌਰਮੈਂਟ ਦੇ ਖਿਲਾਫ, ਉਨ੍ਹਾਂ ਬਾਰੇ ਬਹੁਤ ਥੋੜਾ ਖਰਚ ਹੈ।

ਦੂਸਰੇ ਪਾਸੇ ਮਾਮਲਾ ਹੈ ਲੈਂਡ ਦੀ ਐਕੁਈਜ਼ੀਸ਼ਨ ਬਾਰੇ ਕੰਪੈਨਸੇਸ਼ਨ ਦਾ। ਇਸ ਵਾਸਤੇ ਇਕ ਪ੍ਰੋਸੀਜਰ ਮੁਕੱਰਰ ਹੈ। ਉਹ ਇਹ ਹੈ ਕਿ ਜਦ ਕੋਈ ਲੈਂਡ ਐਕੁਆਇਰ ਕੀਤੀ ਜਾਵੇ ਤਾਂ ਲੈਂਡ

[ਵਿੱਤ ਮੰਤਰੀ]

ਐਕੁਈਜ਼ੀਸ਼ਨ ਐਕਟ ਦੇ ਅੰਡਰ ਪੰਜ ਸਾਲਾ ਕੀਮਤ ਦੀ ਜਾਂਚ ਪਟਵਾਰੀ ਦੇ ਜ਼ਰੀਏ, ਤਹਿਸੀਲਦਾਰ ਦੇ ਜ਼ਰੀਏ, ਕੀਤੀ ਜਾਂਦੀ ਹੈ ਔਰ ਲੈਂਡ ਐਕੁਈਜ਼ੀਸ਼ਨ ਅਫਸਰ ਉਸ ਪੰਜ ਸਾਲਾ ਕੀਮਤ ਦੇ ਹਿਸਾਬ ਨਾਲ ਕੀਮਤ ਲਗਵਾਂਦਾ ਹੈ । ਲੇਕਿਨ ਬਾਅਜ਼ ਦਫਾ ਐਸਾ ਹੁੰਦਾ ਹੈ ਕਿ ਜਿਹੜੀ ਕੀਮਤ ਗੌਰਮੈਂਟ ਪੰਜ ਸਾਲਾ ਕੀਮਤ ਦੇ ਮੁਤਾਬਕ ਅਦਾ ਕਰ ਦਿੰਦੀ ਹੈ, ਉਸ ਉਤੇ ਜ਼ਮੀਨ ਦੇ ਮਾਲਕ ਦਾਅਵਾ ਕਰ ਦਿੰਦੇ ਹਨ । ਇਕ ਤਾਂ ਇਸੇ ਹਿੰਦੁਸਤਾਨ ਮਸ਼ੀਨ ਟੂਲ ਵਾਲਿਆਂ ਨੇ ਜ਼ਮੀਨ ਲੈਣੀ ਸੀ । ਪਹਿਲੇ ਤਾਂ ਉਹ ਬਹੁਤ ਜ਼ਿਆਦਾ ਜ਼ਮੀਨ ਚਾਹੁੰਦੇ ਸੀ । ਉਸ ਵੇਲੇ ਉਨ੍ਹਾਂ ਦਾ ਖਿਆਲ ਸੀ ਕਿ ਇਤਨੀ ਜ਼ਮੀਨ ਚਾਹੀਦੀ ਹੈ । ਇਸੇ ਨਾਲ ਕੰਮ ਸਰੂਗਾ । ਬਾਅਦ ਵਿਚ ਘਟ ਲੈ ਲਈ (ਵਿਘਨ) ਅਗਰ ਕੋਈ ਆਦਮੀ ਇਕ ਮਰਲਾ ਜ਼ਮੀਨ ਖਰੀਦਦਾ ਹੈ ਔਰ ਦੂਸਰਾ ਦੋ ਸੌ ਤਿੰਨ ਸੌ ਏਕੜ ਖਰੀਦਾ ਹੈ ਤਾਂ ਮਰਲੇ ਵਾਲਾ ਬਾਅਜ਼ ਦਫਾ ਵਧ ਕੀਮਤ ਦੇ ਜਾਂਦਾ ਹੈ ਕਿਉਂਕਿ ਉਹ ਖਿਆਲ ਕਰਦਾ ਹੈ ਕਿ ਜੇਕਰ 40 ਜਾਂ 50 ਰੁਪੈ ਜ਼ਿਆਦਾ ਦੇ ਦਿੱਤੇ ਤਾਂ ਕੀ ਫਰਕ ਪੈਂਦਾ ਹੈ । ਜਿਸ ਵਕਤ ਕੇਸ ਅਦਾਲਤ ਵਿਚ ਜਾਂਦਾ ਹੈ ਤਾਂ ਕਦੀ ਕਦੀ ਇਹ ਹੁੰਦਾ ਹੈ ਕਿ ਇਤਨੇ ਨੂੰ ਥੋੜੀ ਬਹੁਤ ਕੀਮਤ ਵੀ ਘਟ ਵਧ ਜਾਂਦੀ ਹੈ । ਇਸ ਕਰਕੇ ਇਸ ਮਾਮਲੇ ਉਤੇ ਹੋਰ ਕੁਝ ਨਹੀਂ ਕਹਿਣਾ ਚਾਹੁੰਦਾ । ਜਿਹੜੀ ਇਥੇ ਏਵੀਏਸ਼ਨ ਵਾਲੀ ਗਲ ਕੀਤੀ ਗਈ ਹੈ ਉਹ ਕੇਸ ਹੈ ਵੀ ਲੁਧਿਆਣੇ ਦਾ । ਮੈਂ ਜਾਣਦਾ ਹਾਂ—ਭਾਵੇਂ ਉਨ੍ਹਾਂ ਨੇ ਠੀਕ ਹੀ ਕੀਤਾ ਹੈ ਅਪਣੇ ਖਿਆਲ ਵਿਚ—ਪਰ ਗੌਰਮੈਂਟ ਦੇ ਖਿਆਲ ਵਿਚ ਜਿਹੜਾ ਉਨ੍ਹਾਂ ਨੇ ਕੰਪੈਨਸੇਸ਼ਨ ਪਾਇਆ ਹੈ ਉਹ ਠੀਕ ਨਹੀਂ । ਇਹੋ ਰੀਜ਼ਨ ਥਾ ਜਿਸ ਕਰਕੇ ਗਰਮੈਂਟ ਨੇ ਮੂਵ ਕੀਤਾ । ਇਹ ਜਿਹੜੀ ਡਿਗਰੀ ਹੋਈ ਹੈ ਇਸ ਵਿਚ ਸਾਨੂੰ ਤਕਰੀਬਨ 7 ਲੱਖ ਰੁਪਿਆ ਦੇਣਾ ਪਿਆ ਹੈ।

**ਬਾਬੂ ਬਚਨ ਸਿੰਘ** : ਹਰ ਵਾਰੀ ਗ਼ਲਤ ਦਿੰਦੇ ਹੋ ? ਕੁਲੈਕਟਰ ਵੀ ਤਾਂ ਤੁਸੀਂ ਮੁਕੱਰਰ ਕੀਤਾ ਹੈ ?

**ਵਿੱਤ ਮੰਤਰੀ** : ਕੁਲੈਕਟਰ ਤਾਂ ਠੀਕ ਹੈ ਅਸੀਂ ਮੁਕੱਰਰ ਕਰਦੇ ਹਾਂ ਔਰ ਉਹ ਪਿਛਲੇ ਪੰਜ ਸਾਲਾਂ ਦੀ ਕੀਮਤ ਦਾ ਹਿਸਾਬ ਲਗਾ ਕੇ ਨੇੜੇ ਤੇੜੇ ਦਾ ਐਵਾਰਡ ਦੇ ਦਿੰਦਾ ਹੈ । ਪਰ ਜਿਥੋਂ ਤਕ ਇਸ ਮਾਮਲੇ ਦਾ ਤਅੱਲੁਕ ਹੈ ਮੈਂ ਕਹਿ ਸਕਦਾ ਹਾਂ ਕਿ ਉਨ੍ਹਾਂ ਕੰਪੈਨਸੇਸ਼ਨ ਜ਼ਿਆਦਾ ਪਾਈ ਹੈ । ਉਸ ਦੇ ਵਾਸਤੇ ਗੌਰਮੈਂਟ ਨੇ ਆਪਣੇ ਵੱਲੋਂ ਸਟੈਪਸ ਲਏ ਹਨ ਔਰ ਉਸ ਕੇਸ ਵਿਚ ਗੌਰ-ਮੈਂਟ ਨੇ ਹਾਈਕੋਰਟ ਵਿਚ ਅਪੀਲ ਕੀਤੀ ਹੋਈ ਹੈ।

**ਡਿਪਟੀ ਸਪੀਕਰ** : ਤੁਹਾਡਾ ਟਾਈਮ ਹੋ ਗਿਆ ਹੈ। (The time at the disposal of the hon. Minister is over)

**ਵਿੱਤ ਮੰਤਰੀ** : ਪੇ ਕਮਿਸ਼ਨ ਬਾਰੇ ਕਿਸੇ ਨੇ ਸਵਾਲ ਉਠਾਇਆ ਸੀ । ਮੇਰੇ ਇਕ ਫ਼ਾਜ਼ਲ ਦੋਸਤ ਨੇ ਕਿਹਾ ਕਿ ਗੌਰਮੈਂਟ ਐਂਪਲਾਈਜ਼ ਬਾਰੇ ਇਕ ਪੇ ਕਮਿਸ਼ਨ ਮੁਕੱਰਰ ਕਰ ਦਿਉ । ਮੈਂ ਸੋਚਿਆ ਕਿ ਇਹ ਤਾਂ ਉਨ੍ਹਾਂ ਦੇ ਕੋਈ ਜ਼ਿਆਦਾ ਖੈਰਖਾਹ ਨਹੀਂ ਨਜ਼ਰ ਆਉਂਦੇ ਕਿਉਂਕਿ ਪੇ ਕਮਿਸ਼ਨ ਤਾਂ ਤਦ ਮੁਕੱਰਰ ਕਰੀਏ ਜਦ ਕਿਸੇ ਮਾਮਲੇ ਨੂੰ ਲੰਬਾ ਕਰਨਾ ਹੋਵੇ, ਜਾਂ ਟਾਲਣਾ ਹੋਵੇ। ਪੇ ਕਮਿਸ਼ਨ ਵਾਲੀ ਸੁਜੈਸ਼ਨ ਜੇ ਕਬੂਲ ਕਰ ਲਈ ਜਾਵੇ ਤਾਂ ਪਹਿਲੀ ਗਲ ਤਾਂ ਇਹ ਹੈ ਕਿ ਕਮਿਸ਼ਨ ਵਾਲੇ ਅਪਣਾ ਕੰਮ ਪੂਰਾ ਕਰਨ ਵਿਚ, ਜਿਸ ਤਰ੍ਹਾਂ ਕਿ ਆਪ ਨੂੰ ਪਤਾ ਹੀ ਹੈ, ਛੇ ਮਹੀਨੇ ਸਾਲ ਸਾਲ ਲਗਾ ਲੈਂਦੇ ਹਨ।

**ਬਾਬੂ ਬਚਨ ਸਿੰਘ** : ਕੀ ਉਨ੍ਹਾਂ ਨੂੰ ਕੁਝ ਦੇਣ ਨੂੰ ਵੀ ਤਿਆਰ ਹੋ ਕਿ ਨਹੀਂ ?

**ਵਿੱਤ ਮੰਤਰੀ** : ਤਦ ਦੇਵਾਂਗੇ ਜਦੋਂ ਇਸ ਤਰ੍ਹਾਂ ਦੇ ਪੇ ਕਮਿਸ਼ਨ ਅਤੇ ਹਨੂਮਨਥੈਆ ਕਮਿਸ਼ਨ ਦੀਆਂ ਸਿਫਾਰਸ਼ਾਂ ਉਤੇ ਗ਼ੌਰ ਹੋ ਜਾਵੇਗਾ । ਇਕ ਪਾਸੇ ਹਨੂਮਨਥੈਈਆ ਕਮਿਸ਼ਨ ਹੈ, ਦੂਜੇ

ਪਾਸੇ ਪੇ ਕਮਿਸ਼ਨ ਹੈ ਜਿਸ ਬਾਰੇ ਆਨਰੇਬਲ ਮੈਂਬਰ ਸਾਹਿਬਾਨ ਸੁਜੈਸ਼ਨ ਦੇ ਰਹੇ ਹਨ। ਜੇ ਦੋ ਸਾਲ ਤਕ ਇੰਤਜ਼ਾਰ ਕਰਨ ਨੂੰ ਤਿਆਰ ਹੋ ਤਾਂ ਮੈਂ ਤਾਂ ਕਲ ਨੂੰ ਹੀ ਤਿਆਰ ਹਾਂ ।

**ਇਕ ਆਨਰੇਬਲ ਮੈਂਬਰ :** ਹਨੂਮਨਥੈਈਆ ਕਮਿਸ਼ਨ ਦੀ ਰਿਪੋਰਟ ਉਤੇ ਅਮਲ ਕਦ ਕਰੋਗੇ ?

**ਵਿੱਤ ਮੰਤਰੀ :** ਅਮਲ ਤਾਂ ਪਿਛੋਂ ਹੋਵੇਗਾ ਪਹਿਲਾਂ ਉਸ ਉਤੇ ਗ਼ੌਰ ਤਾਂ ਹੋ ਜਾਵੇ । ਗ਼ੌਰ ਕਰਨ ਤੋਂ ਬਾਅਦ ਜੋ ਕੁਝ ਵੀ ਉਨ੍ਹਾਂ ਦਾ ਡਿਊ ਹੋਵੇਗਾ ਮੁਨਾਸਬ ਹੋਵੇਗਾ ਉਹ ਜ਼ਰੂਰ ਦਿੱਤਾ ਜਾਵੇਗਾ । (ਘੰਟੀ)

ਮੈਂ ਚਾਹੁੰਦਾ ਸਾਂ ਕਿ ਜਿਹੜੇ ਛੋਟੇ ਛੋਟੇ ਪੁਆਇੰਟਸ ਹੋਰ ਰਹਿ ਗਏ ਹਨ ਉਨ੍ਹਾਂ ਦਾ ਜਵਾਬ ਦਿੰਦਾ । ਪਰ ਤੁਹਾਡਾ ਹੁਕਮ ਹੈ ਇਸ ਲਈ ਖਤਮ ਕਰਦਾ ਹਾਂ ਔਰ ਉਨ੍ਹਾਂ ਦਾ ਜਵਾਬ ਫ਼ੇਰ ਕਿਸੇ ਵੇਲੇ ਦੇ ਦੇਵਾਂਗਾ।

**ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ :** ਡਿਪਟੀ ਸਪੀਕਰ ਸਾਹਿਬਾ, ਤੁਹਾਡੀ ਰਾਹੀਂ ਮੈਂ ਫਾਈਨੈਂਸ ਮਨਿਸਟਰ ਸਾਹਿਬ ਕੋਲੋਂ ਦੋ ਛੋਟੀਆਂ ਛੋਟੀਆਂ ਗੱਲਾਂ ਬਾਰੇ ਇਨਫਾਰਮੇਸ਼ਨ ਲੈਣਾ ਚਾਹੁੰਦਾ ਹਾਂ । ਪਹਿਲੀ ਗਲ ਤਾਂ ਇਹ ਹੈ........... (*Interruption*)

**ਡਿਪਟੀ ਸਪੀਕਰ:** ਕਾਮਰੇਡ ਗੁਰਬਖਸ਼ ਸਿੰਘ, ਗਿਲੋਟੀਨ ਦਾ ਟਾਈਮ ਹੋ ਗਿਆ ਹੈ, ਫੇਰ ਪੁਛ ਲੈਣਾ (Let Comrade Gurbakhsh Singh enquire about them at some other time because now it is the time for the guillotine)

(*At this time Comrade Gurbakhsh Singh rose in his seat to say something but his voice was drowned in interruptions.*)

**ਡਿਪਟੀ ਸਪੀਕਰ :** ਫੇਰ ਪੁਛ ਲੈਣਾ । (He may get this clarification at some other time)

**ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ :** ਮੈਂ ਸਿਰਫ਼ ਇਹ ਪੁਛਣਾ ਹੈ ਕਿ ਰੇਹ ਦੀਆਂ ਕੀਮਤਾਂ ਕਿਉਂ ਵਧ ਰਹੀਆਂ ਹਨ ਔਰ...........(*Interruption*)

**ਡਿਪਟੀ ਸਪੀਕਰ :** ਆਰਡਰ ਪਲੀਜ਼ । ਹੁਣ ਗਿਲੋਟੀਨ ਦਾ ਟਾਈਮ ਹੈ । (Order please. Now it is time to apply the guillotine.)

**ਵਿੱਤ ਮੰਤਰੀ :** 25 ਫ਼ੀਸਦੀ ਸਾਡਾ ਵੀ ਤਾਂ ਖਰਚ ਨਾਲ ਵਧਦਾ ਹੈ।

**Deputy Speaker :** It is 6.00 P.M. now. I will apply guillotine and put the Demands one by one to the vote of the House.

DEMAND NO. 1

**Deputy Speaker :** Question is—

That a Supplementary sum not exceeding Rs 1,41,780 be granted to the Governor to defray the charges that will come in course of payment for the year ending the 31st March, 1966, in respect of 12—SALES TAX.

*The motion was carried.*

DEMAND NO. 2

**Deputy Speaker :** Question is—

That a Supplementary sum not exceeding Rs 9,10,040 be granted to the Governor to defray the charges that will come in course of payment for the year ending the 31st March, 1966, in respect of 22—JAILS.

*The motion was carried.*

**Deputy Speaker :** I think, all the remaining Demands should be put together to the vote of the House.

**Voices :** Yes, yes, please.

**Deputy Speaker :** Question is—

That a Supplementary sum not exceeding Rs 1,55,79,760 be granted to the Governor to defray the charges that will come in course of payment for the year ending the 31st March, 1966, in respect of 28—EDUCATION.

That a Supplementary sum not exceeding Rs 14,89,000 be granted to the Governor to defray the charges that will come in course of payment for the year ending the 31st March, 1966, in respect of 30—PUBLIC HEALTH.

That a Supplementary sum not exceeding Rs 1,45,580 be granted to the Governor to defray the charges that will come in course of pavment for the year ending the 31st March, 1966, in respect of 42—MULTIPURPOSE RIVER SCHEMES.

That a Supplementary sum not exceeding Rs 22,49,100 be granted to the Governor to defray the charges that will come in course of payment, for the year ending the 31st March' 1966, in respect of 43—IRRIGATION NAVIGATION, EMBANKMENT AND DRAINAGE WORKS (COMMERCIAL).

That the Supplementary sum not exceeding Rs 25,52,340 be granted to the Governor to defray the charges that will come in course of payment for the year ending the 31st March, 1966, in respect of CHARGES ON IRRIGATION ESTABLISHMENT.

That a Supplementary sum not exceeding Rs 21,05,200 be granted to the Governor to defray the charges that will come in course of payment for the year ending the 31st March, 1966, in respect of 50—PUBLIC WORKS.

That a Supplementary sum not exceeding Rs 3,42,280 be granted to the Governor to defray the charges that will come in course of payment for the year ending the 31st March, 1966, in respect of 70—FORESTS.

That a Supplementary sum not exceeding Rs 57,36,110 be granted to the Governor to defray the charges that will come in course of payment for the year ending the 31st March, 1966, in respect of 71—MISCELLANEOUS.

That a Supplementary sum not exceeding Rs 91,58,700 be granted to the Governor to defray the charges that will come in course of payment for the year ending the 31st March, 1966, in respect of 78-A—EXPENDITURE CONNECTED WITH NATIONAL EMERGENCY.

That a Supplementary sum not exceeding Rs 1,92,26,790 be granted to the Governor to defray the charges that will come in course of payment for the year ending the 31st March, 1966, in respect of 99—CAPITAL OUTLAY ON IRRIGATION, NAVIGATION, EMBANKMENT AND DRAINAGE WORKS (COMMERCIAL).

That a Supplementary sum not exceeding Rs 62,000 be granted to the Governor to defray the charges that will come in course of payment for the year ending the 31st March, 1966, in respect of 120—PAYMENT OF COMMUTED VALUE OF PENSION.

That a Supplementary sum not exceeding Rs 2,63,56,560 be granted to the Governor to defray the charges that will come in course of payment for the year ending the 31st March, 1966, in respect of 124—CAPITAL OUTLAY ON SCHEMES OF GOVERNMENT TRADING.

That a Supplementary sum not exceeding Rs 17,56,140 be granted to the Governor to defray the charges that will come in course of payment for the year ending the 31st March, 1966, in respect of LOANS TO LOCAL FUNDS—PRIVATE PARTIES, ETC., AND LOANS TO GOVERNMENT SERVANTS.

That a Supplementary sum not exceeding Rs 10 be granted to the Governor to defray the charges that will come in course of payment for the year ending the 31st March, 1966, in respect of 31—AGRICULTURE.

That a Supplementary sum not exceeding Rs 10 be granted to the Governor to defray the charges that will come in course of payment for the year ending the 31st March, 1966, in respect of 103—CAPITAL OUTLAY ON PUBLIC WORKS.

*The motions were carried.*

**Deputy Speaker :** The House now stands adjourned till 9.30 A.M. on Tuesday.

(*The Sabha then adjourned till* 9.30 *a.m. on Tuesday, the* 1*st March*, 1966.)

8503PVS—384—29-7-66—C., P. & S. Pb., Chandigarh.

# APPENDIX

## TO PUNJAB VIDHAN SABHA DEBATES, VOLUME 1, NO. 9, DATED THE 28TH FEBRUARY, 1966

---

### JOINT SENIORITY LIST OF OFFICERS/OFFICIALS IN THE ANIMAL HUSBANDRY DEPARTMENT

**3206. Comrade Makhan Singh Tarsikka :** Will the Minister of State for Animal Husbandry and Agriculture be pleased to —

(a) lay on the Table of the House a joint seniority list of Class I, II and III Officers/Officials of the Animal Husbandry Department in the State showing their dates of birth and the dates of their joining the service in each case ;

(b) state whether Government has received representations from any of the above-mentioned employees regarding their supersessions during the year 1964-65 and 1965-66 ; if so, the details thereof ?

**Captain Rattan Singh :** (a) & (b). The time and labour involved in collecting the information will not be commensurate with any possible benefit to be obtained.

---

### Industrial Development of Amritsar

**3211. Comrade Makhan Singh Tarsikka :** Will the Chief Minister be pleased to state whether Government received during January/February, 1966, a memorandum from any industrialist of Amritsar regarding the Industrial development of Amritsar, if so, the details thereof and the details of the action taken thereon be laid on the Table of the House ?

**Shri Ram Kishan :** No. Representations received from the paints manufacturers and the rubber manufacturers were however sent to the Government of India with a request to help them in solving their problems.

2. The representatives of Art-Silk Weaving Industry of Amritsar asked the Industries Department to contact the producers of art-silk yarn and to arrange supplies at Ex-Mill rates. A team of officers consisting of the Industries and Supplies Commissioner, the Director of Industries and the Managing Director, Punjab State Small Industries Corporation, were able to secure through the Man-made Fibres Association an offer from the spinners to supply two lakh Kilograms. Art-Silk Yarn at Rs 6.80 per lb. against their ex-mill rate of Rs 6.86 per lb. But the Industry at Amritsar did not avail of this offer on the plea that according to them, yarn was available in the market at lower rates. This position has however been belied by the rising rates in the market which have already gone above Rs 7.00 per lb.

---

### Agricultural Development in the State

**3212. Comrade Makhan Singh Tarsikka :** Will the Minister for Home and Development be pleased to state —

(a) the details of the targets fixed for the agricultural development of the State in the last three five-year plans and the extent to which these targets have been achieved together with the details of their review reports ;

(b) the details of the expenditure incurred on the development of Agriculture in the State as mentioned in part (a) above to-

gether with the details of the benefits that have accrued to the State ?

**Sardar Darbara Singh :** (a) The targets fixed for the Agricultural Production during the First, Second and Third Plans period alongwith the achievements made thereunder are given below :—

**Physical Targets and achievements**

(Figures in '000' tons/bales)

| | *1st Plan* | | *2nd Plan* | | *3rd Plan* | |
|---|---|---|---|---|---|---|
| Commodity | Targets | Achievements | Targets | Achievements | Targets | Achievements up to 1964-65 |
| Foodgrains .. | 4,071 | 4,800 | 5,941 | 6,148 | 7,850 | 7,109 |
| Oilseeds .. | 115 | 150 | 185 | 206 | 300 | 309 |
| Sugarcane .. | 517 | 533 | 780 | 908 | 900 | 1,115 |
| Cotton .. | 540 | 533 | 1,050 | 802 | 1,200 | 1,080 |

In the above table, the achievements under the 3rd Plan are up to the year 1964-65. As regards production for 1965-66 the last year of the 3rd Plan, it may be stated that it is too early to make assessment of the production of Kharif and Rabi crops for the final year of the 3rd Plan, as the returns of crop cutting experiments based on random sampling method undertaken by the field agency are still being received and the dates of release of the final forecasts for the Kharif crops start from the 15th February onwards. For the Rabi crops, the crop cutting experiments are not yet available.

Details of the received reports are given at Annexure.

(b) The details of the outlays and expenditure incurred during the same periods mentioned in part (a) above are as under :—

**Financial aspects**

(Rs in lakhs)

| *Perid* | | *Outlay* | *Expenditure* |
|---|---|---|---|
| First Plan | .. | 604·39 | 611·59 |
| Second Plan | .. | 571·24 | 465·10 |
| Third Plan | .. | 1,567·00 | 1,904·74 (anticipated) |

The outlay and expenditure relate to sub-heads Agricultural Production, Minor Irrigation and Soil Conservation on Agricultural Lands.

Details of the benefits that accured to the State are given at Annexure.

## ANNEXURE

### Agricultural Development

Agriculture contributes a major share of the National income, The role that agriculture plays in the economic development of our country, therefore, needs no emphasis. Agriculture, not only provides the food requirements of the country, but also the raw material for a number of industries. The surplus arising in the agricultural sector is an important source for earning foreign exchange. Moreover, the development of agriculture is very essential for the much needed economic progress in the rural sector. Over 70 per cent of the population being dependent on agriculture, the improvement in their living standards can be achieved only when agricultural productivity is raised appreciably.

The total population of the State according to 1961 census is 2,03,06,812 out of which 79.9 per cent are ruralites and depend directly or indirectly on agriculture for their livelihood.

The total area of the State is 30238,000 acres and according to broad land/uses, it may be classified as follows :—

| | | (Area in 000 acres) year 1963-64 |
|---|---|---|
| (i) Forests | .. | 900 |
| (ii) Not available for cultivation | .. | 8,149 |
| (iii) Other uncultivable land excluding fallow land | .. | 1,270<br>928<br>(includes culturable waste |
| (iv) Fallow lands | .. | 1,187 |
| (v) Net area sown | .. | 18,803 |
| (vi) Total cropped area | .. | 24,085 |

There are 2.98 million agricultural holdings out of these 2.5 million holdings are of 10 acres or less and cover 6.9 million acres of cultivated area, 0.84 million holdings are above 10 acres and cover 12.3 million acres i.e., about 2/3rd of the total culitvated area.

### Review of First and Second Five Year Plan

The First Five Year Plan accorded a place of distinction to programmes for agricultural production throughout the country seeking to raise the standard of living of the masses of the people, specially in the rural areas. The total first plan provision for the Punjab and Pepsu State together was Rs 604.39 lakhs, against which the actual expenditure was Rs 611.59 lakhs. The details of the benefits realised against the targets fixed for the various agricultural commodities for the first plan were as follows :—

| Commodity | | Unit | Base year | Target | Production |
|---|---|---|---|---|---|
| Foodgrains | .. | 000 tons | 3,437 | 4,071 | 4,800 |
| Cotton | .. | 000 bales | 310 | 540 | 533 |
| Sugarcane (Gur) | .. | 000 tones | 440 | 517 | 533 |
| Oilseeds | .. | 000 tons | 110 | 115 | 150 |

Second Five-Year Plan also laid great emphasis on increasing agricultural .production specially, foodgrains. The total outlay in the second Five Year Plan in the agricultural sector was Rs 571.24 lakhs against which, Rs 465.10 lakhs were spent. The target fixed for the re-organised Punjab State and achievement for the second plan are as under :—

| Commodity | Unit | Base year | Target | Production |
|---|---|---|---|---|
| Foodgrains .. | 000 tons | 4,800 | 5,941 | 6,148 |
| Cotton | 000 bales | 533 | 1,050 | 802 |
| Sugarcane (Gur) .. | 000 tons | 533 | 780 | 998 |
| Oilseed .. | 000 tons | 150 | 185 | 206 |

**Benefits accrued**

It may be seen that during the period 1950-51 to 1960-61, the production of food-grains increased by about 76 per cent, that cotton increased by 260 per cent, that of sugarcane by 225 per cent and that of oilseeds increased by about 137 per cent.

The agricultural production by the end of the Second Plan was 76.55 per cent higher than in 1950-51, compared to the country as a whole where the production in the same period increased by 46.34 per cent.

**Progress during the 3rd Plan**

During the Third Plan period, the original financial outlay on Agricultural Production was of the order of Rs 8.73 crores against this the anticipated expenditure is expected at Rs 11.09 crores. The outlay on minor irrigation was Rs 6.48 crores and the expenditure is expected at Rs 7.03 crores.

No attention was paid to the Soil Conservation Programme during the First two Five Year Plans. A beginning has been made in Third Plan and a total anticipated expenditure of Rs 0.92 lakhs will he spent on this programme by this Department.

The agricultural production targets fixed for the Third Plan and achievements upto 1964-65 are given below :—

(Thousand tones/bales)

| Commodity | Targets 3rd Plan | Production up to 1964-65 |
|---|---|---|
| Foodgrains .. | 7,850 | 7,109 |
| Oilseeds .. | 300 | 309 |
| Sugarcane .. | 900 | 1,115 |
| Cotton .. | 1,200 | 1,080 |

In the above table, the achievement under 3rd Plan is up to the end of 1964-65. As regards production for 1965-66 the last year of 3rd Plan it mav be stated that it is too early to make assessment ofthe production of kharif and Rabi crops for the final year of the Third Plan as the returns of crop cutting experiments based on randum sampling method under taken by the field agency are still being received and the dates of release of the final forecasts for the kharif crops starts from 15th Februpry, onwards. For the Rabi crops, the crop cutting experiments are not yet available.

## Development of Agriculture in the State

**3213. Comrade Makhan Singh Tarsikka :** Will the Minister for Home and Development be pleased to state —

(a) the details of the programme chalked out by the Government for the development of agriculture in the State under the following heads in the Fourth Five-Year Plan :—

(1) Food Grains ; (2) Cotton (including American cotton) ; (3) Sugarcane; (4) Rice ; (5) Fruits ; (6) Vegetables; etc.

(b) whether the Government have requested the Union Government to take certain special measures and to provide special funds to the State during the Fourth Five-Year Plan so as to enable it to increase the production of foodgrains ; if so, the details thereof ?

**Sardar Darbara Singh :** (a) Details of the programme of production of (1) foodgrains, (2) cotton, (3) sugrarcane, (4) rice, (5) fruits, and (6) vegetables, etc., chalked out during the Fourth Five-Year Plan are given below :—

| Commodity | | Units | Targets fixed for the Fourth Plan |
|---|---|---|---|
| Foodgrains | .. | '000 tons | 8,950 |
| Cotton | .. | '000 bales | 1,500 |
| Sugarcane (gur) | .. | '000 tons | 1,450 |
| Rice | .. | '000 tons | 1,025 |
| Fruits | .. | acres (Addl.) | 80,000 |
| Vegetables | .. | Do | 50,000 |

(b) To increase the production of foodgrains the State Government have placed special emphasis on the adoption of the following measures :—

(1) Supply of improved seeds.

(2) Increased use of Fertilizers and Pesticides.

(3) Assured supply of Irrigation Facilities.

(4) Soil Conservation measures on Agricultural Lands.

The comparative figures of financial outlay for the 3rd and 4th Five-Year Plans under the sub-head "Agricultural Production Minor Irrigation and Soil Conservation" is as under :—

| | | Third Play Outlay (likely expenditure) (Rs in crores) | Fourth Plan Outlay (Rupees in crores) |
|---|---|---|---|
| (i) Agricultural Production | ... | 11·09 | 19·5 |
| (ii) Minor Irrigation | ... | 7·03 | 20·0 |
| (iii) Soil Conservation on Agricultural lands | | 0·92 | 9·38 |

The figures for the Fourth Five-Year Plan are tentative.

It will thus be seen that the increase under Minor Irrigation and Soil Conservation is an important and of special feature meant to increase Agricultural Production.

---

**Election of the Managing Committee of the Takhanwadh Cooperative Agricultural Society Ltd., Takhanwadh, tehsil Moga, district Ferozepore**

**3223. Comrade Gurbakhsh Singh :** Will the Minister for Irrigation and Power be pleased to state —

(a) whether it is a fact that the election of the Managing Committee of the Takhanwadh Cooperative Agricultural Society Ltd., Takhanwadh (tehsil Moga), district Ferozepore was held on 23rd May, 1965 ;

(b) whether it is also a fact that a member of the said Society lodged a complaint against the said election or sent a representation to the Assistant Registrar, Co-operative Societies, Moga, if so, the date when the said representation/complaint was received by the said Assistant Registrar, and the date on which he looked into the matter and ordered an enquiry ;

(c) whether it is also a fact that it was established in the said enquiry that the Secretary of the said Society made alterations in the proceedings of the meeting held on the 14th May, 1965 ;

(d) whether it is also a fact that the said Assistant Registrar, set aside the election referred to in part (a) above ;

(e) if the replies to parts (a), (b) and (c) and (d) above are in the affirmative, whether the responsibility for making alterations in the proceedings of the meetings has been fixed on some person ; if so, on whom and the details of the action, if any, taken against him ; if it has not been fixed so far the reasons therefor ;

(f) a copy of the complaint/representation mentioned in part (b) above be laid on the Table of the House ?

**Chaudhri Rizaq Ram :** (a) Yes.

(b) Yes. A complaint was received in the Office of Assistant Registrar, Cooperative Societies, Moga, on 27th May, 1965. He ordered for an enquiry on the same day, i.e., 27th May, 1965. The report after enquiry was received by the Assistant Registrar on 7th June, 1965.

(c) The enquiry officer had expressed the doubt that the agenda, for holding the general meeting of the society, fixed for 23rd May, 1965, was written in the resolution dated 14th May, 1965 and it was changed to 8th May, 1965. The enquiry Officer apprehended that the Secretary of the Society was responsible to effect this alteration.

(d) Yes.

(e) On the basis of the above-mentioned report, the Assistant Registrar, Moga, set aside the elections of the Managing Committee held on 23rd May, 1965 and ordered for fresh elections. The Secretary of the Society was apprehended to have made the alteration and accordingly Managing Committee of the society was adivsed to take necessary action against the Secretary who is the employee of the Society itself.

On a further enquiry, made by Inspector, Moga-I, on 18th January, 1966, as to who is actually responsible for making alteration in the resolution dated 8th May, 1965, it has been reported that the Managing Committee did not agree with the findings of the Enquiry Officer submitting the report to the Assistant Registrar, on 7th June, 1965 on the same subject relating to the change of date from 14th May, 1965 to 8th May, 1965. Accordingly the Managing Committee is not inclined to take any action against the Secretary for the alleged change of date from 14th May, 1965 to 8th May, 1965.

In view of the fact that the Managing Committee of the Society did not agree that there is any change in the date from 14th May, 1965 to 8th May, 1965 in the proceeding book of the society, no action could be taken against the Secretary of the society. However, the matter is still under consideration of the Government.

(f) Copies of complaints, dated 23rd May, 1965 and 12th July, 1965 are attached herewith.

ਸੇਵਾ ਵਿਖੇ,

ਅਸਿਸਟੈਂਟ ਰਜਿਸਟਰਾਰ,
ਕੋਆਪਰੇਟਿਵ ਸੋਸਾਇਟੀਜ਼, ਮੋਗਾ।

ਵਿਸ਼ਾ : ਦੀ ਤਖਾਣਵਧ ਐਗਰੀਕਲਚਰਲ ਸਰਵਿਸ ਸੋਸਾਇਟੀ ਲਿਮਟਿਡ ਦੀ ਚੋਣ ਵਿਚ ਆਡੀਟਰ ਵਲੋਂ ਧੱਕੇ ਸ਼ਾਹੀ।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਅੱਜ ਮਿਤੀ 23 ਮਈ, 1965 ਨੂੰ ਦੀ ਤਖਾਣਵਧ ਐਗਰੀਕਲਚਰ ਸਰਵਿਸ ਸੋਸਾਇਟੀ ਲਿਮਟਿਡ ਦਾ ਆਮ ਅਜਲਾਸ ਸ੍ਰ: ਜਰਨੈਲ ਸਿੰਘ, ਆਡੀਟਰ, ਕੋਆਪਰੇਟਿਵ ਸੋਸਾਇਟੀਜ਼ ਨੇ ਮੈਂਬਰਾਂ ਦੀਆਂ ਕਾਪੀਆਂ ਚੈਕ ਕਰਨ ਲਈ ਸੱਦਿਆ। ਕਾਪੀਆਂ ਚੈਕ ਕਰਦੇ ਗਏ ਤੇ ਚੈਕਿੰਗ ਲਈ ਅੰਗੂਠੇ ਲਗਾਏ ਗਏ। ਨਰਿੰਦਰ ਸਿਘ ਦੀ ਵਾਰੀ ਤੇ ਉਸ ਨੇ ਪੁਛਿਆ ਕਿ ਅੰਗੂਠੇ ਕਿਸ ਲਈ। ਉਸ ਤੋਂ ਪਤਾ ਲਗਾ ਕਿ ਚੋਣ ਤੇ ਚੈਕਿੰਗ ਦਾ ਅਜੰਡਾ ਹੈ। ਇਸ ਗਲ ਤੇ ਆਮ ਮੈਂਬਰਾਂ ਨੇ ਇਤਰਾਜ਼ ਕੀਤਾ ਕਿ ਚੋਣ ਦਾ ਨੋਟਿਸ ਨਹੀਂ ਇਸ ਲਈ ਚੋਣ ਨਹੀਂ ਹੋਣੀ ਚਾਹੀਦੀ। ਜਰਨੈਲ ਸਿੰਘ ਨੇ ਕਿਹਾ ਕਿ ਚੋਣ ਜ਼ਰੂਰ ਹੋਵੇਗੀ। ਕਿਉਂਕਿ ਕਾਰਵਾਈ ਪੂਰੀ ਹੈ। ਇਸ ਗੱਲ ਤੇ ਆਮ ਮੈਂਬਰ ਇਤਰਾਜ਼ ਕਰਦੇ ਬਾਹਰ ਆ ਗਏ। ਉਨ੍ਹਾਂ ਬਾਕੀ ਚੰਦ ਮੈਂਬਰਾਂ ਦੀ ਹਾਜ਼ਰੀ ਵਿਚ ਚੋਣ ਕਰਵਾ ਦਿਤੀ।

ਅਸੀਂ ਮੰਗ ਕਰਦੇ ਹਾਂ ਕਿ ਚੋਣ ਰਦ ਕਰ ਦਿਤੀ ਜਾਵੇ। ਚੋਣ ਕਰਾਉਣ ਲਈ ਤਾਰੀਖ ਨਿਯਤ ਕੀਤੀ ਜਾਵੇ। ਪਿਛਲੀ ਚੋਣ ਹੋਈ ਨੂੰ ਇਕ ਸਾਲ ਤੋਂ ਸਮਾਂ ਬਹੁਤਾ ਹੋ ਗਿਆ ਹੈ। ਸਾਨੂੰ ਸ਼ੰਕਾ ਹੈ ਕਿ ਗ਼ਲਤ ਮੈਂਬਰ ਭਰਤੀ ਕਰਨਗੇ। ਇਸ ਲਈ ਮੈਂਬਰਸ਼ਿਪ ਰਜਿਸਟਰ ਸੀਲ ਕੀਤਾ ਜਾਵੇ। ਜਿਨਾ ਚਿਰ ਤਕ ਸਾਡੀ ਚੋਣ ਨਹੀਂ ਹੁੰਦੀ ਸਾਡੀ ਨਵੀਂ ਮੈਂਬਰਸ਼ਿਪ ਬੰਦ ਕੀਤੀ ਜਾਵੇ।

ਅਸੀਂ ਹਾਂ ਆਪ ਦੇ ਵਫਾਦਾਰ,
(ਦਸਖਤ ਮੈਂਬਰਾਂ ਦੀ ਤਖਾਣਵਧ ਐਗਰੀਕਲਚਰਲ ਕੋਆਪਰੇਟਿਵ ਸੋਸਾਇਟੀ ਲਿਮਟਿਡ, ਤਹਿਸੀਲ ਮੋਗਾ।)

ਮਿਤੀ 23 ਮਈ, 1965

ਤਸਦੀਕ
ਮਹਿੰਗਾ ਸਿੰਘ,
ਵਾਸਤੇ ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ, ਮੋਗਾ।

ਸੇਵਾ ਵਿਖੇ,

ਐਸਿਸਟੈਂਟ ਰਜਿਸਟਰਾਰ,
ਕੋਆਪਰੇਟਿਵ ਸੋਸਾਇਟੀਜ਼, ਮੋਗਾ।

ਵਿਸ਼ਾ: ਦੀ ਤਖਾਣ ਵਧ ਕੋਆਪਰੇਟਿਵ ਐਗਰੀਕਲਚਰਲ ਸਰਵਿਸ ਸੋਸਾਇਟੀ ਲਿਮਟਿਡ, ਤਖਾਣਵਧ ਦੀ ਚੋਣ।

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਅਸੀਂ ਆਪ ਪਾਸ ਤਖਾਣਵਧ ਸੋਸਾਇਟੀ ਦੀ ਚੋਣ 23 ਮਈ, 1965 ਦੀ ਚੋਣ ਰਦ ਕਰਕੇ ਨਵੀਂ ਚੋਣ ਕਰਾਉਣ ਲਈ ਬੇਨਤੀ ਕੀਤੀ ਸੀ । ਕਿਉਂਕੇ ਸੋਸਾਇਟੀ ਦੀ ਚੋਣ ਨਾਜਾਇਜ ਢੰਗ ਨਾਲ ਕੀਤੀ ਗਈ ਸੀ। ਹੁਣ ਤਕ ਚੋਣ ਨਹੀਂ ਹੋਈ।

ਮੈਂ ਆਪ ਪਾਸ ਨਿਮ੍ਰਤਾ ਸਹਿਤ ਬੇਨਤੀ ਕਰਦਾ ਹਾਂ ਕਿ ਸੋਸਾਇਟੀ ਦੀ ਚੋਣ ਸ਼ੀਘਰ ਕਰਾਈ ਜਾਵੇ ਤਾਂ ਜੋ ਆਉਣ ਵਾਲੇ ਸਮੇਂ ਲਈ ਠੀਕ ਢੰਗ ਨਾਲ ਕੰਮ ਹੋ ਸਕੇ।

ਆਪ ਦਾ ਵਿਸ਼ਵਾਸ਼ਪਾਤ੍ਰਕ,

ਈਸ਼ਰ ਸਿੰਘ,
ਮੈਂਬਰ,
ਕੋਆਪਰੇਟਿਵ ਐਗਰੀਕਲਚਰਲ ਸਰਵਿਸ
ਸੋਸਾਇਟੀ ਲਿਮਟਿਡ ਤਖਾਣਵਧ

ਮਿਤੀ 12 ਜੁਲਾਈ, 1965

ਤਸਦੀਕ

ਮਹਿੰਗਾ ਸਿੰਘ

ਵਾਸਤੇ ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ, ਮੋਗਾ।

———

8503 PVS—384—30-7-66—C.P. and S. Pb., Chandigarh.

"C" 1966

Published under the authority of the Punjab Vidhan Sabha an printed by the Controller, Printing & Stationery, Punjab, Chandigarh.